ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਐਨ ਦੂਸਰਾ Ayan 2

# Sri Gur Partap Suraj Granth

ਕ੍ਰਿਤ:
ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'
By
Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥


## ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

## ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

## ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

## ਸੰਖੇਪ ਲਿੰਕ

## ਕੀ-ਸਟ੍ਰੋਕ ਸੂਚੀ

## ਤਤਕਰਾ ਐਨ ਦੂਸਰਾ

## ਐਨ ਦੂਸਰਾ

# ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।<br>
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ<br>
ਬਲਜਿੰਦਰ ਸਿੰਘ<br>
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

# ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

# ਸੰਖੇਪ ਲਿੰਕ

## ਐਨ ਦੂਸਰਾ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਐਨ ਦੂਜਾ ਉਪਰ ਕਲਿਕ ਕਰੋ ਜੀ)


੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੨ ੩੩ ੩੪ ੩੫ ੩੬

# ਕੀ-ਸਟ੍ਰੋਕ ਸੂਚੀ

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫੌਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

| | | | | | | | | | |
|---|---|---|---|---|---|---|---|---|---|
| ੳ | ਅ | ੲ | ਸ | ਹ | ਕ | ਖ | ਗ | ਘ | ਙ |
| A | a | e | s | h | k | K | g | G | Alt+ 249 |
| ਚ | ਛ | ਜ | ਝ | ਞ | ਟ | ਠ | ਡ | ਢ | ਣ |
| c | C | j | J | Alt+ 248 | t | T | f | F | N |
| ਤ | ਥ | ਦ | ਧ | ਨ | ਪ | ਫ | ਬ | ਭ | ਮ |
| q | Q | d | D | n | p | P | b | B | m |
| ਯ | ਰ | ਕ | ਵ | ੜ | ਸ਼ | ਖ਼ | ਗ਼ | ਜ਼ | ਫ਼ |
| X | r | k | v | V | S | Alt+ 222 | Alt+ 223 | Z | Alt+ 227 |
| ਲ਼ | ਨੂੰ | ਜ | ੍ਰ | ਾ | ਾਂ | ਿ | ੀ | ੁ | ੁ |
| Alt+ 253 | L | Alt+ 206 | Alt+ 236 | w | W | i | I | u | Alt+ 252 |
| ੂ | ੂ | ੑ | ੇ | ੈ | ੋ | ੌ | ਃ | ੰ | ੰ |
| U | Alt+ 193 | Alt+ 216 | y | Y | o | O | x | M | Alt+ 251 |
| ੁ | ੁ | ੍ | ੍ਚ | ੍ਹ | ੍ਧ | ੍ਰ | ੍ਤ | ੍ਵ | ੍ਯ |
| z | Alt+ | Alt+ 196 | Alt+ 180 | H | Alt+ 231 | Alt+ 195 | Alt+ 156 | Alt+ 205 | R |
| ੑ | ਼ | ਃ | | | | | | | |
| Alt+ 216 | Alt+ 230 | Alt+ 218 | | | | | | | |

# ਤਤਕਰਾ ਐਨ ਦੂਜਾ



| | ਦੂਜਾ ਐਨ |
|---|---|
| ੧ | ੧. [ਮੰਗਲ। ਬਹਾਦਰ ਸ਼ਾਹ ਦੀ ਚਤੌੜ ਤੇ ਚੜ੍ਹਾਈ]<br>੨. ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।<br>੨. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।<br>੩. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ।<br>[ਬਿਨਯ] |
| ੨ | ੨. [ਮਾਨ ਸਿੰਘ ਦਾ ਸ਼ਹੀਦ ਹੋਣਾ। ਬੁਰਹਾਨ ਪੁਰ ਪੁੱਜਣਾ] |
| ੩ | ੩. [ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ] |
| ੪ | ੪. [ਨਦੇੜ ਪਹੁੰਚੇ। ਆਪਣੀ ਜਗਾ ਦੇ ਚਿੰਨ੍ਹ ਦੱਸੇ] |
| ੫ | ੫. [ਜ਼ਮੀਨ ਮੁੱਲ ਖਰੀਦੀ। ਬੰਦਾ ਮਿਲਾਪ] |
| ੬ | ੬. [ਬੰਦੇ ਨੂੰ ਬਖਸ਼ਿਸ਼] |
| ੭ | ੭. [ਬੰਦੇ ਬਹਾਦਰ ਨੇ ਪੈਰ ਜਮਾਉਣੇ] |
| ੮ | ੮. [ਬੰਦੇ ਦੀ ਵਿਜਯ। ਦਲ ਵਧਣਾ। ਸਢੌਰਾ ਮਾਰਨਾ] |
| ੯ | ੯. [ਵਜ਼ੀਰ ਖ਼ਾਂ ਨਾਲ ਮੁਕਾਬਲਾ] |
| ੧੦ | ੧੦. [ਵਜ਼ੀਰ ਖ਼ਾਂ ਨੂੰ ਮਾਰਨਾ। ਸਰਹਿੰਦ ਨੂੰ ਉਜਾੜਨਾ] |
| ੧੧ | ੧੧. [ਪਹਾੜੀਆਂ ਤੇ ਚੜ੍ਹਾਈ] |
| ੧੨ | ੧੨. [ਬੰਦੇ ਦਾ ਹੋਰ ਹਾਲ] |
| ੧੩ | ੧੩. [ਬਹਾਦਰਸ਼ਾਹ ਨੇ ਮਾਫੀ ਮੰਗਣੀ। ਬੰਦੇ ਦਾ ਤੇਜ ਛੀਨ] |
| ੧੪ | ੧੪. [ਸ਼ਿਕਾਰ ਘਾਟ, ਨਗੀਨਾ ਘਾਟ ਆਦਿ ਕਥਾਵਾਂ] |
| ੧੫ | ੧੫. [ਰਾਮ ਕੌਰ ਜੀ ਦਾ ਪਿਛੇ ਮੁੜਨਾ। ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ] |
| ੧੬ | ੧੬. [ਹਿੰਦੂ ਤੁਰਕ ਮਤਿ ਦਾ ਮੁਕਾਬਲਾ। ਖਾਲਸਾ ਤੀਜਾ] |
| ੧੭ | ੧੭. [ਗੁਲ ਖ਼ਾਂ ਪਠਾਣ] |
| ੧੮ | ੧੮. [ਗੁਲ ਖ਼ਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ] |
| ੧੯ | ੧੯. [ਜ਼ਖਮ ਸੀਉਣੇ] |
| ੨੦ | ੨੦. [ਜ਼ਖਮ ਦੇ ਤੋਪੇ ਟੁੱਟੇ। ਜੱਗ ਕੀਤਾ] |
| ੨੧ | ੨੧. [ਜੋਤੀ ਜੋਤ ਸਮਾਉਣ ਦੀ ਤਿਆਰੀ। ਉਪਦੇਸ਼] |
| ੨੨ | ੨੨. [ਜੋਤੀ ਜੋਤ ਸਮਾਉਣ ਦੀ ਤਯਾਰੀ] |
| ੨੩ | ੨੩. [ਜੋਤੀ ਜੋਤ ਸਮਾਉਣ ਦੀ ਤਿਆਰੀ। ਸੰਗਤ ਨੂੰ ਉਪਦੇਸ਼] |
| ੨੪ | ੨੪. [ਜੋਤੀ ਜੋਤ ਸਮਾਉਣਾ] |
| ੨੫ | ੨੫. [ਇਕ ਸੰਤ ਨੂੰ ਦਰਸ਼ਨ। ਬਾਲੇ ਰਾਇ ਦੀ ਸਹਾਇਤਾ] |

| | |
|---|---|
| ੨੬ | ੨੬. [ਦੋਹਾਂ ਮਾਤਾ ਸਾਹਿਬਾਂ ਨੂੰ ਖਬਰ। ਬੰਦੇ ਦਾ ਘੇਰੇ ਵਿਚ ਆਉਣਾ] |
| ੨੭ | ੨੭. [ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ। ਬੰਦੇ ਦਾ ਅੰਤ] |
| ੨੮ | ੨੮. [ਅਜੀਤ ਸਿੰਘ ਪਾਲਕ ਪੁੱਤ੍ਰ] |
| ੨੯ | ੨੯. [ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ] |
| ੩੦ | ੩੦. [ਪਾਲਕ ਨੂੰ ਮਾਤਾ ਜੀ ਨੇ ਤਜਾਗਣਾ। ਬੇਨਵਾ ਮਾਰਨਾ] |
| ੩੧ | ੩੧. [ਦਿਵਾਨਿਆਂ ਦੀ ਪੁਕਾਰ। ਸ਼ਾਹੀ ਸੈਨਾਂ ਦਾ ਅਜੀਤ ਸਿੰਘ ਨੂੰ ਫੜਨ ਜਾਣਾ] |
| ੩੨ | ੩੨. [ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ। ਮਾਤਾ ਜੀ ਮਥਰਾ ਆਏ] |
| ੩੩ | ੩੩. [ਹਠੀ ਸਿੰਘ ਦੀ ਕਰਤੂਤ। ਮਾਤਾ ਜੀ ਫਿਰ ਦਿੱਲੀ ਆਏ] |
| ੩੪ | ੩੪. [ਮਾਤਾ ਜੀ ਦਾ ਗੁਰਪੁਰੀ ਪਯਾਨ] |
| ੩੫ | ੩੫. [ਗੁਲਾਬ ਰਾਇ, ਸ਼ਜਾਮ ਸਿੰਘ] |
| ੩੬ | ੩੬. [ਅੰਤਮ ਮੰਗਲ]<br>੧. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।<br>੨. ਕਥਾ ਮੰਗਲ।<br>੩. ਇਸ਼੍ਟ ਗੁਰੂ-ਗੁਰ ਅਵਤਾਰ-ਮੰਗਲ।<br>੪. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।<br>੫. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।<br>੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।<br>੭. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ-ਮੰਗਲ।<br>੮. ਇਸ਼੍ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।<br>੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ-ਮੰਗਲ।<br>੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।<br>੧੧. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।<br>੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।<br>੧੩. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।<br>੧੪. ਇਸ਼੍ਟ ਗੁਰੂ-ਦਸੋਂ ਗੁਰੂ ਸਾਹਿਬਾਂ ਦਾ-ਮੰਗਲ।<br>[ਭੂਮਿਕਾ ਤੇ ਅਰਦਾਸ] |

# ਦੂਜਾ ਅਯਨ ਚਲਿਆ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤੇ ॥

## ਅਥ ਉੱਤਰ ਐਨ[*] ਪ੍ਰਾਰੰਭਤੇ।

ਅਰਥ: ਹੁਣ ਉਤ੍ਰਾਯਣ ਅਰੰਭ ਕਰਦੇ ਹਾਂ।

### ੧. [ਮੰਗਲ। ਬਹਾਦਰ ਸ਼ਾਹ ਦੀ ਚਤੌੜ ਤੇ ਚੜ੍ਹਾਈ]

<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>2

੨. ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ: ਜਗਰਾਨੀ ਮਾਨੀ ਸੁਰਨਿ, ਸੁਖਦਾਨੀ ਨਿਜ ਦਾਸ।
ਪੂਰਨ ਕੀਨਸਿ ਗ੍ਰੰਥ ਕੋ, ਕਵਿ ਰਸਨਾ ਪਰ ਬਾਸ ॥੧॥

ਅਰਥ: (ਵਿਦਵਾਨ) ਜਗਤ ਦੀ ਰਾਣੀ, ਦੇਵਤਿਆਂ ਤੋਂ ਬੀਂ ਮਾਨਨੀਯ, ਆਪਣੇ ਦਾਸਾਂ ਨੂੰ (ਸੁਭ ਮਤੀ ਰੂਪੀ) ਸੁੱਖਾਂ ਦੀ ਦਾਤੀ (ਸਾਰਦਾ) ਨੇ ਕਵੀ ਦੀ ਰਸਨਾ ਪਰ ਬੈਠਕੇ ਗ੍ਰੰਥ ਨੂੰ ਪੂਰਨ ਕਰਵਾਇਆ ਹੈ।

ਭਾਵ: ਪੂਰਨ ਇਸ ਲਈ ਏਥੇ ਕਹਿ ਦਿੱਤਾ ਹੈ ਕਿ ਇਹ ਅੰਤਮ ਭਾਗ ਹੈ ਇਸ ਗ੍ਰੰਥ ਦਾ ਤੇ ਇਹ ਭਾਗ ਸਭ ਭਾਗਾਂ ਤੋਂ ਛੋਟਾ ਹੈ।

੨. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਸ਼੍ਰੀ ਨਾਨਕ, ਅੰਗਦ ਗੁਰੂ, ਅਮਰਦਾਸ ਪਦ ਬੰਦਿ।
ਰਾਮ ਦਾਸ, ਅਰਜਨ ਗੁਰੂ, ਬਰ ਸ਼੍ਰੀ ਹਰਿ ਗੋਬਿੰਦ ॥੨॥
ਹਰੀ ਰਾਇ, ਹਰਿ ਕ੍ਰਿਸ਼ਨ ਗੁਰ, ਤੇਗ ਬਹਾਦਰ ਚੰਦ।
ਦਸਵੇਂ ਗੋਬਿੰਦ ਸਿੰਘ ਗੁਰੂ, ਨਮੋ ਚਰਨ ਅਰਵਿੰਦ ॥੩॥

ਅਰਥ: ਸ਼੍ਰੀ (ਗੁਰੂ) ਨਾਨਕ (ਦੇਵ), (ਸ਼੍ਰੀ) ਗੁਰੂ ਅੰਗਦ (ਦੇਵ), (ਸ਼੍ਰੀ ਗੁਰੂ) ਅਮਰ ਦਾਸ, (ਸ਼੍ਰੀ ਗੁਰੂ) ਰਾਮਦਾਸ, (ਸ਼੍ਰੀ) ਗੁਰੂ ਅਰਜਨ (ਦੇਵ ਤੇ) ਸੁਹਣੇ ਸ਼੍ਰੀ ਗੁਰੂ ਹਰਿ ਗੋਬਿੰਦ ਜੀ (ਸਾਰੇ ਸਤਿਗੁਰਾਂ ਦੇ) ਚਰਨਾਂ ਤੇ ਨਮਸਕਾਰ ਕਰਦਾ ਹਾਂ ॥ ੨ ॥

ਤੇ (ਫੇਰ ਸ਼੍ਰੀ ਗੁਰੂ) ਹਰਿ ਰਾਇ ਜੀ, (ਗੁਰੂ) ਹਰਿ ਕ੍ਰਿਸ਼ਨ ਜੀ (ਸ਼੍ਰੀ) ਗੁਰੂ ਤੇਗ ਬਹਾਦਰ ਚੰਦ (ਵਤ ਸੀਤਲ ਪ੍ਰਕਾਸ਼ ਵਾਲੇ ਤੇ) ਦਸਵੇਂ (ਸਾਹਿਬ ਸ਼੍ਰੀ) ਗੁਰੂ ਗੋਬਿੰਦ ਸਿੰਘ (ਜੀ ਦੇ) ਚਰਨਾਂ ਕਵਲਾਂ ਤੇ ਨਮਸਕਾਰ ਕਰਦਾ ਹਾਂ।

੩. ਇਸ਼੍ਟ ਦੇਵ-ਸ਼੍ਰੀ ਅਕਾਲ ਪੁਰਖ-ਮੰਗਲ।

ਜਿਹ ਸੱਤਾ ਲਖਿਯਤਿ ਜਗਤ,
ਸੋ ਨ ਪਿਖ੍ਯੋ ਕਿਮ ਜਾਇ।
ਜਿਮ ਦ੍ਰਿਗ ਤੇ ਦਿਖਿਯਤਿ ਸਕਲ,
ਦ੍ਰਿਗ ਨਹਿੰ ਦਿਖੀ ਕਦਾਇ ॥੪॥

---

[*]ਜਦੋਂ ਸੂਰਜ ਉੱਤਰ ਨੂੰ ਜਾਂਦਾ ਪ੍ਰਤੀਤ ਦੇਵੇ, ਲਗਪਗ ੯-੧੦ ਪੋਹ ਤੋਂ ਲਗ ਪਗ ੯-੧੦ ਹਾੜ ਤੱਕ। ੨੩ ਦਸੰਬਰ ਤੋਂ ੨੧ ਜੂਨ ਤੱਕ। ਇਥੇ ਭਾਵ ਪੁਸਤਕ ਦੇ ਇਕ ਹਿੱਸੇ ਤੋਂ ਹੈ, ਜੋ ਸਾਰੇ ਗ੍ਰੰਥ ਦਾ ਅੰਤਮ ਭਾਗ ਹੈ।

ਅਰਥ: ਜਿਸ (ਅਕਾਲ ਪੁਰਖ) ਦੀ ਸੱਤਾ ਕਰਕੇ ਜਗਤ ਦਿੱਸਦਾ ਹੈ, ਉਹ ਕਿਵੇਂ ਵੀ ਦੇਖਿਆ ਨਹੀਂ ਜਾ ਸਕਦਾ, ਜਿਵੇਂ ਅੱਖਾਂ ਨਾਲ ਸਭ ਕੁਝ ਵੇਖ ਲਈਦਾ ਹੈ ਪਰ ਅੱਖਾਂ ਨਹੀਂ ਵੇਖ ਸਕਦੀਆਂ।

ਭਾਵ: ਇਥੇ ਕਵੀ ਜੀ ਪਰਮਾਤਮਾ ਦੇ ਸਾਡੇ ਆਪੇ ਨਾਲ ਹਾਲਤ ਫਾਇਲੀਅਤ ਦੇ ਤਅੱਲਕ ਦਾ ਰੂਪਕ ਬੰਨ੍ਹਦੇ ਹਨ। ਜਿਵੇਂ ਅੱਖਾਂ ਨਾਲ ਸਾਰਾ ਜਗਤ ਦਿੱਸਦਾ ਹੈ, ਅੱਖ ਦੇਖਣਹਾਰ ਹੁੰਦੀ ਹੈ ਜਗਤ ਦੀਸਣਹਾਰ ਹੁੰਦਾ ਹੈ। ਅੱਖ ਫਾਇਲ ਹੁੰਦੀ ਹੈ, ਜਗਤ ਮਫਊਲ। ਇਸੇ ਤਰ੍ਹਾਂ ਪਰਮਾਤਮਾ ਫਾਇਲ ਹੈ ਮਫਊਲ ਨਹੀਂ, ਇਸ ਕਰਕੇ ਉਸਦੀ ਸੱਤਾ ਨਾਲ ਅਸੀਂ ਜਗਤ ਦੇਖ ਰਹੇ ਹਾਂ ਪਰ ਉਸਨੂੰ ਨਹੀਂ ਦੇਖ ਸਕਦੇ ਕਿਉਂਕਿ ਉਹ ਦ੍ਰਿਸ਼ਟਾ (ਫਾਇਲ) ਹੈ, ਉਹ ਦ੍ਰਿਸ਼ਟਮਾਨ (ਮਫਊਲ) ਨਹੀਂ ਹੈ। ਜੇ ਕੋਈ ਸ਼ੰਕਾ ਕਰੇ ਕਿ ਸ਼ੀਸ਼ਾ ਸਾਮ੍ਹਣੇ ਰੱਖ ਕੇ ਅੱਖ ਦੇਖ ਲਈਦੀ ਹੈ ਤਾਂ ਠੀਕ ਨਹੀਂ ਕਿਉਂਕਿ ਅੱਖ ਤੋਂ ਮੁਰਾਦ ਏਥੇ ਦ੍ਰਿਸ਼ਟਿ ਸ਼ਕਤੀ ਦੀ ਹੈ, ਤੇ ਦ੍ਰਿਸ਼ਟਾਂਤ ਦਾ ਇਕ ਅੰਗ ਲੈਣਾ ਹੈ ਕਿ ਜਿਵੇਂ ਅੱਖ ਆਪਣੇ ਆਪ ਨੂੰ ਦੇਖਣਹਾਰ ਹੋਣ ਕਰਕੇ ਸ੍ਵੈ ਅਨੁਭਵ ਵਿਚ ਆਪੇ ਨੂੰ ਜਾਣਦੀ ਹੈ, ਤਿਵੇਂ ਪਰਮਾਤਮਾ ਨੂੰ ਬੀ ਸ੍ਵੈ ਅਨੁਭਵ ਵਿਚ ਅਸੀਂ ਅਨੁਭਵ ਕਰ ਸਕਦੇ ਹਾਂ ਉਸਨੂੰ ਦ੍ਰਿਸ਼ਟਮਾਨ ਬਣਾਕੇ ਨਹੀਂ ਵੇਖ ਸਕਦੇ।

ਧਜਾਨਾਨੰਦ ਜੋਗੀਨ ਮਹਿ,<br>
ਭੋਗੀ ਬਿਸ਼ਿਯਾਨੰਦ।<br>
ਰਮਜੋ ਏਕ ਪਰਮਾਤਮਾ,<br>
ਬਾਰ ਬਾਰ ਤਿਸ ਬੰਦਿ ॥੫॥

ਅਰਥ: ਧਜਾਨ ਅਨੰਦ ਵਿਚ ਮਗਨ ਜੋਗੀਆਂ ਵਿਖੇ ਤੇ ਵਿਸ਼ਿਆਨੰਦ ਵਿਚ (ਲੱਗੇ) ਭੋਗੀਆਂ ਵਿਖੇ ਜੋ ਇਕ ਪਰਮਾਤਮਾ ਵਜਾਪਕ ਹੈ ਤਿਸ ਨੂੰ (ਮੈਂ) ਬਾਰ ਬਾਰ ਬੰਦਨਾਂ ਕਰਦਾ ਹਾਂ।

ਭਾਵ: ਏਥੇ ਨਿਰਾਕਾਰ ਅਲੇਪ ਪਰਮਾਤਮਾ ਨੂੰ ਨਮਸਕਾਰ ਕਰ ਰਹੇ ਹਨ, ਜਿਵੇਂ ਚਾਨਣਾ ਜੋਗੀ ਤੇ ਭੋਗੀ ਦੁਹਾਂ ਲਈ ਚਾਨਣਾ ਹੈ, ਪਰ ਦੁਹਾਂ ਦੇ ਕਰਤੱਬ ਦਾ ਲੇਸ਼ ਚਾਨਣੇ ਨੂੰ ਨਹੀਂ ਲਗਦਾ ਤਿਵੇਂ ਨਿਰਾਕਾਰ ਪਰਮਾਤਮਾ ਸਮਾਨ ਸੱਤਾ ਕਰਕੇ ਸਭ ਵਿਚ ਵਜਾਪਕ ਹੈ। 'ਸਭ ਜੂਨਨ ਮੇਂ ਰਵ ਰਹਿਓ ਉਚ ਨੀਚ ਕੇ ਭੇਸ', ਫਿਰ ਸਭ ਦੇ ਕਰਤੱਵ ਤੋਂ ਅਲੇਪ ਹੈ, ਉਸ ਪਰਮਾਤਮਾਂ ਨੂੰ ਬੰਦਨਾਂ ਕਰਦੇ ਹਨ।

[ਬਿਨਯ]

ਸ਼ੇਸ਼ ਕਥਾ ਉਚਰੌਂ ਅਬੈ,<br>
ਜਿਮ ਬਿਕੁੰਠ ਗੁਰ ਜਾਇਂ।<br>
ਪਹੁੰਚਹਿ ਅਬਚਲ ਨਗਰ ਮਹਿਂ,<br>
ਸੁਨਿ ਸ਼੍ਰੋਤਾ ਚਿਤ ਲਾਇ ॥੬॥

ਅਰਥ: ਬਾਕੀ ਦੀ ਕਥਾ ਹੁਣ ਮੈਂ ਉਚਰਦਾ ਹਾਂ, ਜਿਵੇਂ (ਦਸਮ) ਗੁਰੂ ਜੀ ਬਿਕੁੰਠ ਨੂੰ ਜਾਣਗੇ। (ਪਹਿਲੋਂ) ਪਹੁੰਚਣਗੇ (ਜਿਵੇਂ) ਅਬਚਲਨਗਰ ਵਿਖੇ; ਹੇ ਸ਼੍ਰੋਤਾ! ਚਿਤ ਲਾਕੇ ਸੁਣੋ।

ਚੌਪਈ: ਬਰਖਾ ਬਰਖਤਿ ਬਿਤਜੋ ਚੁਮਾਸਾ।<br>
ਨਗਰ ਆਗਰੇ ਸ਼੍ਰੀ ਗੁਰ ਬਾਸਾ।<br>
ਸ਼ਾਹਬਹਾਦਰ ਭਾਖਿ ਪਠਾਯੋ।

‘ਰਜਪੂਤਨ ਪਰ ਚਾਹਤਿ ਜਾਯੋ ॥੭॥
ਆਦਿ ਉਦੈ ਪੁਰਿ ਜੋ ਰਣ ਗਾਢੇ।
ਮਿਲਹਿਂ ਆਨਿ ਜਿਮ, ਤਿਨ ਡਰ ਬਾਢੇ।
ਆਪ ਕ੍ਰਿਪਾ ਕਰਿ ਸੰਗ ਚਲੀਜੈ।
ਦੇਸ਼ ਬਿਦੇਸ਼ਨਿ ਦਰਸ਼ਨ ਕੀਜੈ’ ॥੮॥
ਸੁਨਿ ਸਤਿਗੁਰ ਆਇਸੁ ਫੁਰਮਾਈ
‘ਪੂਜ ਨੁਰਾਤੇ ਦੁਰਗਾ ਮਾਈ*।
ਕਰਹਿਂ ਦਸਹਿਰਾ ਰੀਤਿ ਭਲੇਰੀ।
ਪੁਨ ਹਮ ਚਢਹਿਂ ਲਖਹੁ ਨਹਿਂ ਦੇਰੀ ॥੯॥
ਇਤਨੇ ਗਮਨਹੁਂ ਆਪ ਅਗਾਰੀ।
ਦੇਹੁ ਤ੍ਰਾਸ ਰਜਪੂਤਨਿ ਭਾਰੀ+।
ਹਮਰੋ ਮੇਲ ਹੋਹਿ ਅਗਵਾਈ।
ਆਪ ਚਢਹੁ ਲੇ ਦਲ ਸਮੁਦਾਈ’ ॥੧੦॥
ਸ਼ਾਹੁ ਪਾਸ ਤਬਿ ਜਾਇ ਬਖਾਨਾ।
ਪਾਇ ਹੁਕਮ ਗੁਰ ਕੀਨਸਿ ਪਯਾਨਾ[1]।
ਰਣਸਿੰਘੇ ਗਨ ਪਟਹ ਨਗਾਰੇ।
ਸ਼ੁਤਰੀ ਆਦਿਕ ਬਾਦਿਤ ਭਾਰੇ ॥੧੧॥
ਏਕ ਬਾਰਿ ਬਾਜੇ ਸਮੁਦਾਏ।
ਸ਼ਾਹੁ ਬਹਾਦਰ ਚਢਯੋ ਰਿਸਾਏ।
ਸਨੇ ਸਨੇ ਮੰਜ਼ਲ ਕਰਿ ਨੇਰੇ।
-ਸਤਿਗੁਰ ਮਿਲੈਂ ਆਨਿ ਸੰਗ ਮੇਰੇ- ॥੧੨॥
ਰਜਪੂਤਨ ਕੋ ਤ੍ਰਾਸ ਉਪਾਯੋ।
ਹਿਤ ਮਿਲਿਬੇ ਬਹੁ ਸਾਜ ਬਨਾਯੋ।
ਇਤ ਸਤਿਗੁਰ ਪੂਜਤਿ ਨਵਰਾਤੇ*।

---

*ਇਹ ਪਿੱਛੋਂ ਸਿਖ ਦਰਬਾਰਾਂ ਵਿਚ ਹਿੰਦੂ ਅਹਿਲਕਾਰਾਂ ਦੇ ਵਾੜੇ ਰਿਵਾਜ ਹਨ ਗੁਰੂ ਜੀ ਨੇ ਦੁਰਗਾਂ ਨੂੰ ਆਪਣਾ ਇਸ਼ਟ ਜਾਣਕੇ ਪੂਜਨ ਕਦੇ ਨਹੀਂ ਕੀਤਾ। ਸਗੋਂ ਆਪ ਬ੍ਰਹਮਾ ਵਿਸ਼ਨੂੰ ਸ਼ਿਵ ਸ਼ਾਰਦਾ ਦੇ ਪੂਜਜ ਹਨ, ਤੇ ਕਵਿ ਜੀ ਐਸਾ ਉਹਨਾਂ ਨੂੰ ਵਰਣਨ ਆਪ ਕਰਦੇ ਆਏ ਹਨ; ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ ਤੇ ਪੜ੍ਹੋ ਪਿਛਲੇ ਐਨ ਦਾ ਅੰਸੂ ੧੨ ਅੰਕ ੧੩ ਤੋਂ ੧੬ ਤੱਕ ਤੇ ਇਸੇ ਐਨ ਦੇ ਅੰਸੂ ੨ ਦਾ ਅੰਕ ੨੦, ੨੧ ਤੇ ੨੨। ਸਾਹਿੱਤਜ ਜਿਸ ਵਿਚ ਦੇਵੀ ਦੇ ਬੀਰ ਰਸੀ ਕਰਤੱਬ ਹਨ ਉਹ ਪੰਥ ਵਿਚ ਬੀਰਰਸੀ ਉਤਸਾਹ ਭਰਨੇ ਲਈ ਤਜਾਰ ਹੋਇਆ ਸੀ ਤੇ ਇਸੇ ਮਨੋਰਥ ਲਈ ਉਹ ਵਰਤਣਾ ਚਾਹੀਏ।

+ਗੁਰੂ ਜੀ ਰਾਜਪੂਤਾਂ ਨੂੰ ਤ੍ਰਾਸ ਦੇਣ ਦਾ ਹੁਕਮ ਨਹੀਂ ਦੇ ਰਹੇ। ਸ਼ਾਹ ਦਾ ਜੋ ਆਪਣਾ ਮਨਸ਼ਾ ਹੈ ਉਹ ਦੁਹਰਾ ਰਹੇ ਹਨ ਤੇ ਤੂੰ ਜੋ ਆਪਣਾ ਕੰਮ ਕਰਨਾ ਹੈ ਚਲੋ ਕਰੋ, ਅਸੀਂ ਪਿਛੋਂ ਆਵਾਂਗੇ।

[1]ਸਤਿਗੁਰਾਂ ਦਾ ਹੁਕਮ ਪਾਕੇ (ਪਾਤਸ਼ਾਹ ਨੇ) ਕੂਚ ਕੀਤੀ।

*ਦੇਖੋ ਉਪਰ * ਦੇ ਨਿਸ਼ਾਨ ਵਾਲਾ ਫੁਟਨੋਟ।

ਚੰਦਨ ਧੂਪ ਫੂਲ ਬਹੁ ਭਾਂਤੇ ॥੧੩॥
ਦੁਰਗਾ ਪਾਠ ਅਨੇਕ ਕਰੰਤੇ।
ਸੌਂਜ ਸਕੇਲੀ ਹਮਨ ਹੁਵੰਤੇ।
ਦੀਪ ਸਮੂਹ ਘ੍ਰਿੱਤ ਕੇ ਬਾਰੇ।
ਸ਼ਸਤ੍ਰ ਸਕੇਲਿ ਅਨੇਕ ਪ੍ਰਕਾਰੇ ॥੧੪॥
ਖੰਡੇ ਖੜਗ ਪ੍ਰਚੰਡ ਦੁਧਾਰੇ।
ਸੈਫ਼, ਸਰੋਹੀ, ਜਮਧਰ ਭਾਰੇ।
ਤੋਮਰ, ਭਾਲੇ, ਸਾਂਗ ਸੁ ਢਾਲੇ।
ਧੋਪ[1] ਸੀਖਚੇ[2], ਚੱਕ੍ਰ ਕਰਾਲੇ ॥੧੫॥
ਬਿਛੂਏ, ਖੰਜਰ, ਖਪਰੇ ਬਾਨ।
ਤੁਪਕ, ਤਮਾਂਚੇ, ਧਨੁਖ ਮਹਾਨ।
ਮਹਾਂ ਸਿਲੇਖਾਨਾ[3] ਸਤਿਗੁਰ ਕੋ।
ਪੂਜਹਿਂ ਸਕਲ ਪ੍ਰੇਮ ਕਰਿ ਉਰ ਕੋ ॥੧੬॥
ਭੋਜਨ ਅਨਿਕ ਪ੍ਰਕਾਰ ਕਰਾਏ।
ਪੂਰੀ ਪੰਚਾਂਮ੍ਰਿਤ[4] ਬਰਤਾਏ।
ਜੈ ਜੈ ਸ਼ਬਦ ਉਚਾਰਨ ਕਰਿਤੇ।
ਬੰਦ ਗੌਰਜਾ ਕੋ ਮੁਦ ਧਰਤੇ[*] ॥੧੭॥
ਪੁਨਹਿ ਦੁਸਹਿਰਾ ਕੋ ਦਿਨ ਹੋਵਾ।
ਹਯ ਸ਼ਿੰਗਾਰਜੋ ਅੱਗ੍ਰ ਖਰੋਵਾ।
ਕਰਿ ਵਾਹਨ ਕੀ ਪੂਜਾ ਭਲੇ।
ਵਹਿਰ ਖੇਲਿਬੇ ਹਿਤ ਚਢਿ ਚਲੇ ॥੧੮॥
ਬਿਚਰਤਿ ਆਯੁਧ ਬਿੱਦਜਾ ਕਰਿਤੇ।
ਤੁਰੰਗ ਧਵਾਇ ਤੁਫੰਗ ਸੰਭਰਿਤੇ।
ਛੋਰਤਿ ਬਾਨ ਨਿਸ਼ਾਨਾ ਹਨਤੇ।

---

[1]ਤਲਵਾਰ ਜੋ ਪਤਲੀ ਤੇ ਸਿੱਧੀ ਹੋਵੇ [ਹਿੰਦੀ, ਧੋਪ। ਸੰਸ:, ਧ੍ਰੂਵਾ ਤੋਂ]।
[2]ਸੀਖ ਵਾਂਙੂ ਸਿੱਧੀ ਤਲਵਾਰ,
[ਫਾ:, ਸੀਖ਼ਚਹ]।
(ਅ) ਧੋਪ ਸੀਖਚਾ=ਸੀਖ ਵਰਗੀ ਸਿੱਧੀ ਧੋਪ।
[3]ਸ਼ਸਤ੍ਰਾਂ ਦਾ ਖ਼ਜ਼ਾਨਾ।
[ਫਾ:, ਸਿਲਹਖ਼ਾਨਾ]।
[4]ਪੂਰੀ ਕੜਾਹ।
[*]'ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ'।
ਪੁਨਾ:-'ਤੁਮਹਿ ਛਾਡਿ ਕੋਈ ਅਵਰ ਨਾ ਧਯਾਊਂ' ਇਹ ਪ੍ਰਤੱਗਯਾ ਪੂਰਬਕ ਵਾਕ ਆਖਣ ਵਾਲੇ ਪਾਰਬਤੀਆਂ ਨੂੰ ਕਦ ਧਿਆਉਂਦੇ ਹਨ?

ਤੋਮਰ ਦੀਹ ਭ੍ਰਮਾਵੈ ਤਨਿਤੇ ॥੧੯॥
ਖਗਪਤਿ[1+] ਦਰਸ਼ਨ ਕਰਿ ਮੁਰਿ ਆਏ।
ਜਥਾ ਜੋਗ ਉਤਸਾਹ ਬਨਾਏ।
ਇਸ ਪ੍ਰਕਾਰ ਕੇ ਕਰੇ ਬਿਲਾਸੇ।
ਬਾਗ ਅਜਾਇਬ ਸਾਹਿਬ ਬਾਸੇ ॥੨੦॥
ਦਿਵਸ ਤ੍ਰੌਦਸੀ ਕੋ ਪੁਨ ਆਯੋ।
'ਕੂਚ ਕਰੋ' ਸ੍ਰੀ ਮੁਖ ਫੁਰਮਾਯੋ।
ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਹੋਇ ਤਜਾਰ ਪ੍ਰਭੂ ਚਹਸਿ ਪਯਾਨਾ ॥੨੧॥
ਸੁਨਿ ਸੁਧਿ ਨਗਰ ਆਗਰੇ ਸੰਗਤਿ।
ਦਰਸ਼ਨ ਹਿਤ ਉਮਡੇ ਕਰਿ ਪੰਗਤਿ।
ਲੇ ਅਕੋਰ ਕਰ ਜੋਰਤਿ ਮਿਲੇ।
ਖੁਸ਼ੀ ਲਈ ਸਤਿਗੁਰ ਕੀ ਭਲੇ ॥੨੨॥
'ਦਰਸ਼ਨ ਤੇ ਨਿਹਾਲ ਹਮ ਭਏ।
ਜਨਮ ਮਰਨ ਤੇ ਪਾਪਨਿ ਛਏ[2]।
ਪੂਰਬ ਭਾਗ ਬਿਸ਼ੇਖੈ ਦੇਖੇ।
ਮਾਨੁਖ ਤਨ ਸਗਰੇ ਅਵਰੇਖੇ[3]' ॥੨੩॥
ਲਗੇ ਉਪਾਇਨ ਤੇ ਅੰਬਾਰ।
ਦੇ ਦਰਸ਼ਨ ਪ੍ਰਭੁ ਭੇ ਅਸਵਾਰ।
ਡੇਰਾ ਕਰਯੋ ਤਾਲ ਪਰ ਜਾਇ।
ਸੰਗ ਖਾਲਸਾ ਦਲ ਸਮੁਦਾਇ ॥੨੪॥
ਖਾਨ ਪਾਨ ਕਰਿ ਨਿਸਾ ਗੁਜ਼ਾਰੀ।
ਭਈ ਪ੍ਰਾਤਿ ਹੋਈ ਅਸਵਾਰੀ।
ਤੀਨ ਚਾਰ ਮੰਜ਼ਲ ਕਰਿ ਦੀਹਾ।
ਮਿਲੇ ਆਨਿ ਨੌਰੰਗ ਸੁਤ ਜੀਹਾ[4] ॥੨੫॥

---

[1]ਗਰੁੜ ਦਾ।
[+]ਗੁਰੂ ਜੀ ਖਗਪਤ ਦੇ ਅਸਵਾਰ ਬਾਬਤ ਕਹਿੰਦੇ ਹਨ 'ਕਿਸਨ ਬਿਸਨ ਕਬਹੂੰ ਨਹਿੰ ਧਿਆਊਂ' ਉਹਨਾਂ ਨੂੰ ਗਰੁੜਾਂ ਦੇ ਦਰਸ਼ਨ ਕਰਦੇ ਫਿਰਦੇ ਦੱਸਣਾ ਨਯੂਨ ਉਪਮਾ ਹੈ। ਇਹ ਰਿਵਾਜ ਛੋਟੇ ਦਰਜੇ ਦੇ ਅਨਪੜ੍ਹ ਹਿੰਦੂਆਂ ਦੇ ਹਨ। ਇਨ੍ਹਾਂ ਵਹਿਮਾਂ ਵਿਚ ਹੀ ਮੁੜ ਫਸਾਕੇ ਬ੍ਰਾਹਮਣੀ ਮਤ ਦੇ ਅਹਿਲਕਾਰਾਂ ਨੇ ਸਿੱਖ ਰਾਜੇ ਸਿੱਖ ਆਦਰਸ਼ਾਂ ਤੋਂ ਨੀਵੇਂ ਆਂਦੇ ਸਨ। ਐਸੇ ਖਿਆਲ ਆਖੇਪਕ ਜਾਪਦੇ ਹਨ।
[2]ਨਾਸ਼ ਹੋਏ।
[3]ਸਾਰਿਆਂ ਨੇ ਮਨੁਖ ਸ਼ਰੀਰ ਵਿਚ (ਆਪ ਜੀ ਦੇ) ਦਰਸ਼ਨ ਕੀਤੇ ਹਨ।
[4]ਜਿਸ ਥਾਂ ਤੇ, ਭਾਵ ਜਿੱਥੇ ਉਹ ਸੀ।

ਘੇਰ ਅਮੇਰ[੧] ਲੀਨ ਤਬਿ ਸਾਹੂ।
ਆਨਿ ਮਨਾਇ[੨*] ਅਪਨਿ ਤਿਨ ਪਾਹੂ।
ਗਏ ਜੋਧਪੁਰਿ ਕੋ ਪੁਨ ਡੇਰੇ।
ਮਿਲ੍ਯੋ ਅਜੀਤ ਸਿੰਘ[੩] ਬਲਿ ਹੇਰੇ ॥੨੬॥
ਹੁਤੋ ਸੰਗ ਭੀ ਦਈ ਅਕੋਰ।
ਦ੍ਵੈ ਕਰ ਜੋਰਿ ਗਰਬ ਕੋ ਛੋਰਿ।
ਚਲ੍ਯੋ ਸ਼ਾਹੁ ਲੇ ਲਸ਼ਕਰ ਭਾਰੀ।
ਮੇੜਤੇਸ਼[੪] ਮਿਲਿ ਪਰ੍ਯੋ ਅਗਾਰੀ ॥੨੭॥
ਬਹੁੜ ਚਿਤੌੜ ਦਿਸ਼ਾ ਚਢਿ ਚਾਲਾ।
ਪਰੀ ਧਾਂਕ ਤਿਸ ਦੇਸ਼ ਬਿਸਾਲਾ।
ਰਾਣੇ ਅਰੁ ਰਾਜੇ ਰਾਜਪੂਤ।
ਮਿਲੇ ਸਕਲ ਹੀ ਪਠਿ ਪਠਿ ਦੂਤ ॥੨੮॥
ਸਿੰਘ ਕਿਤੇਕ ਦੇਖਿਬੇ ਹੇਤੁ।
ਗਏ ਚਿਤੌੜ ਬਿਖੈ ਲਖਿ ਭੇਤ।
ਤ੍ਰਿਣ ਸ਼ੁਭ ਹੇਰੇ ਲਏ ਉਠਾਇ।
ਉਤ ਕੇ ਨਰ ਆਏ ਸਮੁਦਾਇ ॥੨੯॥
ਸੋ ਨਹਿਂ ਦੇਤਿ ਸਿੰਘ ਤ੍ਰਿਣ ਲੇਤਿ।
ਬਧ੍ਯੋ ਬਾਦ ਹ੍ਵੈਗੋ ਰਣ ਖੇਤ।
ਚਲੀ ਤੁਫੰਗਹਿਂ ਦੁਹਿਦਿਸ਼ਿ ਕੇਰੀ।
ਹਲਾਹਲੀ ਮਾਚੀ ਤਿਸ ਬੇਰੀ ॥੩੦॥
ਛੁਟੇ ਤੀਰ ਗੋਰੀ ਸਮੁਦਾਇ।
ਮਚ੍ਯੋ ਰੌਰ ਸੁਨਿ ਕੈ ਤਿਸ ਥਾਇਂ।
ਮਿਲਿ ਰਜਪੂਤ ਘਨੇ ਹੁਇ ਆਏ।
ਗ੍ਰਿਹ ਆਯੁਧ ਸਿੰਘਨਿ ਪਰ ਧਾਏ ॥੩੧॥
ਇਤਿ ਸਤਿਗੁਰ ਸੁਨਿ ਕੈ ਬਡ ਰੌਰਾ।
ਪਠ੍ਯੋ ਖਾਲਸਾ ਗਨ ਤਿਸ ਠੌਰਾ।

---

[੧]ਅੰਬੇਰ, ਅੰਬਰ। ਜੈ ਪੁਰ ਰਿਆਸਤ ਦੀ ਪਹਿਲੀ ਰਾਜਧਾਨੀ, ਜੋ ਜੈ ਪੁਰੋਂ ਉੱਤਰ ਰੁਖ ਪੱਜ ਸੱਤ ਮੀਲ ਤੇ ਹੈ।

[੨]ਆਪਣੀ ਆਨ ਮਨਾਕੇ।

[*]ਪਾ:-ਮਿਲਾਇ।

[੩]ਅਜੀਤ ਸਿੰਘ ਮਾਰਵਾੜ ਦਾ ਰਾਜਾ ਸੀ। ਮਾਰਵਾੜ ਜੋਧ ਪੁਰ ਰਿਆਸਤ ਦਾ ਨਾਮ ਹੈ।

[੪]ਮੇਰਤਾ ਨਗਰ ਦਾ ਰਾਜਾ। ਜੋਧ ਪੁਰ ਤੇ ਬੀਕਾਨੇਰ ਦੇ ਵਿਚਾਲੇ ਮੇਰਤਾ ਹੈ। (ਇਸ ਦੇ ਰਾਜਾ ਰਾਠੌਰ ਸਿੰਘ ਦੀ ਵਹੁਟੀ ਸੀ 'ਮੀਰਾਂ ਬਾਈ')

ਦੁਹਿ ਦਿਸ਼ਿ ਮਿਲੇ ਆਨਿ ਗਨ ਜੋਧਾ।
ਦੇਖਿ ਜੁੱਧਿ ਵਧਿ[1] ਉਪਜਯੋ ਕ੍ਰੋਧਾ।
ਤੜਾਭੜੀ ਤੁਪਕਨ ਕੀ ਮਾਚੀ।
ਲਗਹਿ ਅੰਗ ਸ਼੍ਰੋਣਤਿ ਰਜ ਰਾਚੀ।
ਫੂਟੇ ਮੂੰਡ ਰਿਦੇ ਗਿਰ ਪਰੇ[2]।
ਮਰਿ ਮਰਿ ਸੁਰਗ ਪਯਾਨੌਂ ਕਰੇ ॥੩੩॥
ਸਿੰਘ ਹੇਲ ਘਾਲਹਿਂ ਲੇਂ ਘਾਸ।
ਸੋ ਨਹਿਂ ਦੇਤਿ ਖਰੇ ਦਿਢ ਪਾਸ।
ਜਾਮ ਏਕ ਲੌਂ ਜੰਗ ਮਚਾਯੋ।
ਪੁੰਜ ਤੁਫੰਗਨਿ ਸ਼ਬਦ ਉਠਾਯੋ ॥੩੪॥
ਤਬਿ ਸਿੰਘਨ ਰੋਪਯੋ ਪਗ ਆਗੇ।
ਬ੍ਰਿੰਦ ਪਲੀਤੇ ਇਕਠੇ ਦਾਗੇ।
ਲਗੀ ਕਿਤਿਕ ਸ਼ੱਤ੍ਰਨਿ ਕੇ ਗੋਰੀ।
ਦੜ ਦੜ ਗਿਰੇ ਦੇਹਿ ਗਨ ਫੋਰੀ ॥੩੫॥
ਦੇਖਿ ਤ੍ਰਾਸ ਕਰਿ ਭਾਗ ਸਿਧਾਏ।
ਸਿੰਘ ਉਠਾਇ ਘਾਸ ਗਨ ਲਜਾਏ।
ਸ਼੍ਰੀ ਗੁਰ ਹੇਰਿ ਤਿਨਹੁ ਸਮਝਾਯੋ।
'ਬਿਨਾ ਕਹੇ ਕਿਮ ਜੰਗ ਮਚਾਯੋ ॥੩੬॥
ਗਏ ਬਿਲੋਕਨ ਥਾਨ ਚਿਤੌਰ।
ਬਿਨ ਮਰਜ਼ੀ ਹਮਰੀ ਕਿਯ ਰੌਰ।
ਨਹਿਂ ਆਗੇ ਤੁਮ ਕੀਜੈ ਐਸੇ।
ਬਿਚ ਬਿਦੇਸ਼ ਰਣ ਠਾਨਤਿ ਜੈਸੇ ॥੩੭॥
ਸੁਭਟ ਹਜ਼ਾਰਹੁ ਹੋਤਿ ਸਕੇਲਾ।
ਘੇਰ ਲੇਤਿ ਤੁਮਿ ਕੋ ਕਰਿ ਹੇਲਾ।
ਕੋ ਸਹਾਇ ਹੋ ਤਹਾਂ ਬਚਾਵਤਿ।
ਪਹਿਲੇ ਹੀ ਸੰਘਰ ਕਰਿ ਘਾਵਤਿ' ॥੩੮॥
ਇੱਤਜਾਦਿਕ ਸਮੁਝਾਇ ਟਿਕਾਏ।
ਕਿਸਹੂੰ ਨਰ ਤੇ ਗੁਰ ਸੁਨਿ ਪਾਏ।
'ਆਗੇ ਬਿਖਮ ਸਥਾਨ ਦੁਖਾਲਾ।
ਮਗ ਬਿਹੀਨ ਤਹਿਂ ਜਾਇ ਨ ਚਾਲਾ ॥੩੯॥

---

[1]ਯੁੱਧ ਵਧਿਆ ਦੇਖਕੇ।
[2]ਸਿਰ ਤੇ ਹਿਰਦੇ ਫੁੱਟਕੇ ਡਿਗ ਪਏ।

ਗਿਰ ਕਾਨਨ ਦੁਖਦਾਯਕ ਘਨੇ।
ਤਹਾਂ ਪਯਾਨ ਨ ਕਰੋਂ ਹੂੰ ਬਨੇ।'
ਤਬਿ ਸਤਿਗੁਰ ਉਤ ਤੇ ਹਟਿ ਪਰੇ।
ਜਿਤ ਮਗ ਸੁਨ੍ਯੋ ਹੁਤੋ ਸੁਖ ਕਰੇ ॥੪੦॥
ਤਿਤ ਹੀ ਦਿਸ਼ ਕੋ ਕੀਨ ਪਯਾਨਾ।
ਸਨੇ ਸਨੇ ਪਹੁੰਚੇ ਤਿਸ ਥਾਨਾ।
ਨਦੀ ਨਰਬਦਾ ਤਟ ਬਡ ਹੇਰਾ।
ਉਤਰ੍ਯੋ ਸ਼ਾਹੁ ਬਹਾਦਰ ਹੇਰਾ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਮਾਰਗ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

## ੨. [ਮਾਨ ਸਿੰਘ ਦਾ ਸ਼ਹੀਦ ਹੋਣਾ। ਬੁਰਹਾਨ ਪੁਰ ਪੁੱਜਣਾ]

੧<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩

ਦੋਹਰਾ: ਸਾਹਿਬ ਪਹੁਂਚੇ ਨਦੀ ਤਟ, ਸਿਵਰ ਕਰॺੋ ਸੁਭ ਥਾਨ।
ਸਿੰਘ ਰਹੇ ਪਾਛੇ ਕਿਤਿਕ, ਧਰੇ ਤੁਫੰਗ ਕਮਾਨ ॥੧॥

ਚੌਪਈ: ਘਾਸ ਲੇਨਿ ਕੇ ਹਿਤ ਬਿਰਮਾਏ।
ਰੋਕॺੋ ਜਾਇ ਭਾਰ ਬੰਧਵਾਏ।
ਉਤ ਤੇ ਕੁਛ ਦਲ ਸੁਭਟ ਘਨੇਰੇ।
ਹੁਤੇ ਸ਼ਾਹੁ ਕੇ ਪਿਖॺੋ ਬਡੇਰੇ ॥੨॥
ਕਹੇ ਸੁ 'ਹਮ ਲੀਨੇ ਤ੍ਰਿਣ ਘਨੇ।
ਤੁਮ ਕੈਸੇ ਮਾਲਕ ਅਬਿ ਬਨੇ।'
ਕਿਤਿਕ ਤੁਰਕ ਤਿਨ ਮਹਿਂ ਅਸ ਹੁਤੇ।
ਜਿਨ ਸਨਬੰਧੀ ਸਿੰਘਨਿ ਹਤੇ ॥੩॥
ਆਨੰਦਪੁਰਿ ਬਡ ਜੰਗ ਮਝਾਰਾ।
ਮਾਰੇ ਤਹਾਂ ਸ਼ੋਕ ਸੁਨਿ ਧਾਰਾ।
ਸਿਮਰਨ ਕਰॺੋ ਬੈਰ ਪਸ਼ਚਾਤੀ।
ਹੋਤਿ ਭਏ ਆਯੁਧ ਕੇ ਘਾਤੀ ॥੪॥
ਇਤ ਸਿੰਘਨ ਭੀ ਤੁਪਕ ਚਲਾਈ।
ਨਾਹਕ ਹੀ ਬਜਿ ਪਰੀ ਲਰਾਈ।
ਸ਼੍ਰੀ ਗੁਰ ਡੇਰਾ ਕਰਿ ਸ਼ੁਭ ਥਾਏਂ।
ਹੇਤੁ ਸੁਚੇਤੇ ਉਤ ਹੀ ਆਏ ॥੫॥
ਲਰਹਿਂ ਸਿੰਘ ਸੁਨਿ ਕੈ ਪ੍ਰਭੁ ਕਾਨ।
ਮਾਨ ਸਿੰਘ ਭੇਜॺੋ ਤਿਸ ਥਾਨ।
'ਦੋਨਹੁਂ ਦਿਸ਼ਿ ਸਮੁਝਾਇ ਹਟਾਵੋ।
ਕॺੋਂ ਨਾਹਕ ਲਰਿ ਪ੍ਰਾਨ ਗੁਵਾਵੋ ॥੬॥
ਅਲਪ ਬਾਤ ਪਰ ਇਤਿਕ ਬਖੇਰਾ।
ਨਹਿਂ ਕੀਜੈ ਦੀਰਘ ਭਟ ਭੇਰਾ।'
ਮਾਨ ਸਿੰਘ ਹਯ ਗਯੋ ਧਵਾਇ।
ਕਹਿ ਦੋਨਹੁਂ ਦਿਸ਼ਿ ਦਏ ਹਟਾਏ ॥੭॥
'ਗੁਰੂ ਸ਼ਾਹੁ ਕੋ ਮੇਲ ਬਿਸਾਲਾ।
ਕਿਸ ਅਲੰਬ ਤੁਮ ਸੰਘਰ ਘਾਲਾ।
ਮਰੇ ਪਰੇ ਦੁਹਿਦਿਸ਼ਿ ਕੇ ਯੋਧਾ।
ਘਾਸ ਹੇਤੁ ਕॺੋਂ ਕੀਨਸਿ ਕ੍ਰੋਧਾ' ॥੮॥

ਇਮ ਸਮੁਝਾਏ ਸ਼ਾਂਤਿ ਵਰਤਾਈ।
ਫਿਰਜੋ ਬੀਚ ਕਰਿ ਬੀਚ ਤਥਾਈ[1]।
ਇਕ ਤੁਰਕਨਿ ਕੇ ਭਟ ਮਤਿਮੰਦ।
ਤਿਨ ਕਰਿ ਤਜਾਰ ਤੁਫੰਗ ਬਿਲੰਦ ॥੯॥
ਮਾਨ ਸਿੰਘ ਕੋ ਤਾਕਿ ਚਲਾਈ।
ਔਚਕ ਲਗੀ ਗਿਰਜੋ ਛਿਤ ਜਾਈ।
ਦੇਖਤਿ ਸਿੰਘਨਿ ਕ੍ਰੋਧ ਵਧਾਯੋ।
ਭਰੀ ਤੁਫੰਗਨ ਜੰਗ ਮਚਾਯੋ ॥੧੦॥
ਹੇਲਾ ਘਾਲਿ ਸ਼ੱਤ੍ਰੂ ਗਨ ਮਾਰੇ।
ਗਿਰੇ ਹਯਨਿ ਤੇ ਮਨਹੁਂ ਮੁਨਾਰੇ।
ਔਚਕ ਹਤਿ ਅਚਰਜ ਬਡ ਕਿਯੋ।
ਕਹੌਂ ਕਹਾਂ ਦੀਰਘ ਰਣ ਭਯੋ ॥੧੧॥
ਕੇਤਿਕ ਤੁਰਕ ਮਰਾਇ ਪਲਾਏ।
ਸਿੰਘ ਘਾਸ ਲੇ ਕਰਿ ਸਭਿ ਆਏ।
ਮਾਨ ਸਿੰਘ ਕੋ ਮਰਨੋਂ ਸੁਨਜੋਂ।
ਬਹੁ ਅਫਸੋਸ ਗੁਰੂ ਮਨ ਗਿਨਜੋ ॥੧੨॥
'ਕਹਾਂ ਕਰੀ ਮਤਿਮੰਦਨ ਬਾਤ।
ਫਿਰਤ ਹਟਾਵਤਿ, ਕੀਨਸਿ ਘਾਤ।
ਮਹਾਂ ਸੂਰਮਾ ਅਰੁ ਬੁਧਿਵਾਨ।
ਕਹਾਂ ਹੋਇ ਸੋ ਪ੍ਰਾਪਤਿ ਪਾਨ ॥੧੩॥
ਕੌਨ ਕੌਨ ਗੁਨ ਸਿਮਰੈਂ ਤਾਂਹੀ।
ਸਭਿ ਕਾਰਜ ਮਹਿਂ ਸ਼ੁਭ ਮਤਿ ਜਾਂਹੀ।
ਪੁਰਿ ਅਨੰਦ ਚਮਕੌਰ ਮਝਾਰਾ।
ਲਰਿ ਕਰਿ ਨਿਕਸਜੋ ਸੰਗ ਜੁਝਾਰਾ ॥੧੪॥
ਐਸੋ ਬੀਰ ਕਹਾਂ ਅਬਿ ਪਾਊਂ।
ਵਿਰਲੇ ਹੋਤਿ, ਨਹੀਂ ਸਭਿ ਥਾਊਂ।'
ਸਰਬ ਪ੍ਰਸੰਗ ਸ਼ਾਹੁ ਜਬਿ ਸੁਨਜੋਂ।
ਰਹਜੋ ਬਿਸੂਰਤ ਮਾਥੋ ਧੁਨਜੋਂ ॥੧੫॥
ਹੁਕਮ ਕਰਜੋ 'ਸਭਿ ਕੋ ਗਹਿ ਲੀਜੈ।
ਖ਼ਤਾਵੰਦ ਗੁਰ ਕੋ ਅਬਿ ਦੀਜੈ।
ਜਿਮ ਚਾਹੈਂ ਤਿਮ ਪਲਟਾ ਲੈ ਹੈਂ।

[1] ਓਥੇ ਵਿੱਚ ਫਿਰਕੇ ਵਿਚੋਲਗੀ ਕਰਦਾ ਰਿਹਾ।

ਪ੍ਰਥਮ ਬੈਰ ਮੂਰਖ ਸਿਮਰੈ ਹੈਂ' ॥੧੬॥
ਚਢੀ ਸੈਨ ਸਭਿ ਕੋ ਗਹਿ ਲਜਾਈ।
ਖਰੇ ਕਰੇ ਹਜ਼ਰਤ ਅਗਵਾਈ।
ਤਿਨ ਸਭਿਹਿਨ ਕੋ ਲੈ ਕੇ ਸਾਥ।
ਆਯੋ ਜਹਿਂ ਬੈਠੇ ਜਗਨਾਥ ॥੧੭॥
ਨਮੋ ਕਰਤਿ ਥਿਰ ਹੋਯਹੁ ਪਾਸ।
ਸਕਲ ਬਾਰਤਾ ਕਰੀ ਪ੍ਰਕਾਸ਼।
'ਗੁਨਹਿਗਾਰ ਗਨ ਇਹੀ ਤੁਮਾਰੇ।
ਹੁਕਮ ਕਰੋ ਜਿਮ ਤਿਮ ਦਜੋਂ ਮਾਰੇ ॥੧੮॥
ਕੈ ਸਲਿਤਾ ਮਹਿਂ ਸਭਿਨਿ ਡੁਬਾਇ।
ਕੈ ਮੁਹਿ ਤੋਪਨ ਕੇ ਉਡਿਵਾਇ।
ਇਨ ਮੂੜਨਿ ਪ੍ਰਤਾਪ ਨਹਿਂ ਜਾਨਾ।
ਦਈ ਮੋਹਿ ਤੁਮ ਸਲਤਨ ਦਾਨਾ ॥੧੯॥
ਗਨ ਗਜ ਬਾਜੀ ਆਦਿ ਸਮਾਜ।
ਮੋ ਕੋ ਦਿਯੋ ਗ਼ਰੀਬ ਨਿਵਾਜ!'
ਸੁਨਿ ਪ੍ਰਭੁ ਕਹਜੋ 'ਕਹਿਰ ਇਨ ਧਰਜੋ।
ਹੇਤੁ ਹਟਾਵਨ ਪਠਿਬੋ ਕਰਜੋ ॥੨੦॥
ਦੁਹਿਦਿਸ਼ਿ ਤੇ ਸਮੁਝਾਇ ਮਿਟਾਏ।
ਭਯੋ ਸ਼ੰਕ ਬਿਨ ਇਤ ਉਤ ਜਾਏ।
ਸੁਧਿ ਬਿਨ ਇਕ ਮੂਰਖ ਤਕਿ ਗੋਰੀ।
ਹਤੀ ਨੇਰ ਹੁਇ ਛਾਤੀ ਫੋਰੀ ॥੨੧॥
ਐਸੋ ਕਰਮ ਕੁਮਤਿ ਧਰਿ ਕਰਜੋ।
ਬੀਰ ਅਮੋਲਕ ਪ੍ਰਾਨਨਿ ਹਰਜੋ।
ਗਨ ਸ਼ੱਤ੍ਰੁਨਿ ਸਨ ਏਕ ਲਰੰਤਾ।
ਸੁਮਤਿਵੰਦ ਬਹੁ ਧੀਰਜਵੰਤਾ ॥੨੨॥
ਪ੍ਰਥਮ ਬੈਰ ਸਿਮਰਜੋ ਮਤਿਮੰਦੇ।
ਨਹਿਂ ਜਾਨਜੋਂ ਇਨ ਅਪਨਿ ਨਿਕੰਦੇ[1]।'
ਕਹਿ ਇੱਤਜਾਦਿ ਕ੍ਰਿਪਾ ਪ੍ਰਭੁ ਕੀਨੀ।
'ਤਜਾਗ ਦੇਹੁ[2] ਇਨ,' ਆਇਸੁ ਦੀਨੀ ॥੨੩॥
'ਕਰਹਿਂ ਸੰਘਾਰ ਹਾਥ ਨਹਿਂ ਆਵੈ।

---

[1]ਇਸਨੇ ਜਾਣਿਆ ਨਹੀਂ (ਕਿ ਇਹ ਇਸ ਨੇ) ਆਪਣਾ ਨਾਸ਼ ਕੀਤਾ ਹੈ।
[2]ਛੱਡ ਦਿਓ।

ਅਪਨੋ ਕਿਯੋ ਆਪ ਹੀ ਪਾਵੈ।'
ਪਕਰੇ ਹੁਤੇ ਪਾਇ ਬਡ ਤ੍ਰਾਸਾ।
ਜਾਨੈ -ਨਿਸ਼ਚੈ ਹੋਇ ਬਿਨਾਸ਼ਾ- ॥੨੪॥
ਗੁਰਬਾਣੀ ਸੁਨਿ ਸੁਧਾ ਸਮਾਨਾ।
ਲਖੀ ਕਿ -ਦੀਨ ਪ੍ਰਾਨ ਕੋ ਦਾਨਾ-।
'ਧੰਨ ਗੁਰੂ! ਤੁਮਰੀ ਬਡਿਆਈ।
ਅਸ ਅਪਰਾਧੀ ਦਏ ਛੁਡਾਈ' ॥੨੫॥
ਸ਼ਾਹੁ ਬਹਾਦਰ ਬਿਨਤੀ ਕਰਿ ਕਰਿ।
ਅਧਿਕ ਦੀਨਤਾ ਨਿਜ ਮਹਿਂ ਧਰਿ ਧਰਿ।
ਸਤਿਗੁਰ ਕੋ ਰਿਝਾਇ ਬਹੁ ਲੀਨੋ।
ਕਰਿ ਬੰਦਨ ਪਗ ਉਠਿਬੋ ਕੀਨੋ ॥੨੬॥
ਨਿਜ ਡੇਰੇ ਮਹਿਂ ਪਹੁਂਚਯੋ ਜਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਭਾਤ ਕੂਚ ਕਰਿ ਡੇਰੇ।
ਚਲਯੋ ਬਹਾਦਰ ਸ਼ਾਹੁ ਅਗੇਰੇ ॥੨੭॥
ਮਿਲੇ ਰਾਵ ਰਾਣੇ ਸਮੁਦਾਈ।
ਭਯੋ ਤੇਜ ਦਿਨ ਪ੍ਰਤਿ ਅਧਿਕਾਈ।
ਦੇਖਤਿ ਲਸ਼ਕਰ ਸਿੰਘ ਸਮਾਨਾ।
ਹ੍ਵੈ ਨ ਮਵਾਸੀ ਤ੍ਰਾਸ ਮਹਾਨਾ ॥੨੮॥
ਸਲਿਤਾ ਤਪਤੀ ਤਰਨਿ ਕੁਮਾਰੀ[1]।
ਮਗ ਉਲੰਘਿ ਪਹੁਂਚਯੋ ਦਲ ਭਾਰੀ।
ਉਤਰਯੋ ਸ਼ਾਹੁ ਤੀਰ ਤਿਸ ਕੇਰੇ।
ਬਿਮਲ ਨੀਰ ਸੁੰਦਰ ਕੋ ਹੇਰੇ ॥੨੯॥
ਚੱਕ੍ਰਵਾਕ[2], ਕਾਰਿੰਡਵ[3] ਘਨੇ।
ਤਟ ਸ਼ਬਦਾਇਮਾਨ ਖਗ ਭਨੇ[4]।
ਕੂਰਮ, ਮੀਨ ਬ੍ਰਿੰਦ ਜਲਜੰਤਾ।
ਸੁੰਦਰ ਦੇਸ਼ ਜਹਾਂ ਸੁਖਵੰਤਾ ॥੩੦॥
ਚਲਿ ਆਏ ਸਤਿਗੁਰ ਭਗਵਾਨ।

---

[1]ਤਾਪਤੀ ਨਾਮੇ ਨਦੀ ਤੋਂ ਮੁਰਾਦ ਹੈ ਜੋ ਸੂਰਜ ਦੀ ਪੁੱਤ੍ਰੀ, ਉਸਦੀ ਇਸਤ੍ਰੀ ਛਾਇਆ ਤੋਂ ਜੰਮੀ, ਮੰਨੀ ਜਾਂਦੀ ਹੈ। ਇਹ ਸਤਪੁੜਾ ਪਹਾੜਾਂ ਵਿਚੋਂ ਨਿਕਲਕੇ ਅਰਬ ਸਮੁੰਦਰ ਵਿਚ ਡਿਗਦੀ ਹੈ।
[2]ਚਕਵਾ ਚਕਵੀ।
[3]ਵੱਡੀਆਂ ਬੱਤਕਾਂ।
[4]ਕਿਨਾਰਾ ਸ਼ਬਦ ਵਾਲਾ ਹੋ ਰਿਹਾ ਹੈ ਪੰਛੀਆਂ ਦੇ ਬੋਲਣ ਨਾਲ।

ਹੇਰਤਿ ਉਤਰੇ ਪੁਰਿ ਬੁਰਹਾਨ।
ਤਹਿਂ ਕੀ ਸੰਗਤਿ ਸਦਨ ਸੁਧਾਰਾ।
ਗੁਰ ਕੇ ਹੇਤੁ ਮਨੋਰਥ ਧਾਰਾ ॥੩੧॥
ਕਰਹਿਂ ਬਸਾਵਨ ਇਸ ਕੇ ਮਾਂਹਿ।
ਸਭਿ ਸੰਗਤਿ ਪੁਨਿ ਦਰਸ਼ਨ ਜਾਹਿਂ।'
ਸੰਮਤ ਆਗੇ ਸਦਨ ਬਨਾਏ।
ਧਰੀ ਕਾਮਨਾ -ਬਸਿ ਹੈਂ ਆਏ- ॥੩੨॥
ਸੰਗਤਿ ਕੀ ਪੂਰਨ ਅਭਿਲਾਖਾ।
ਪਹੁੰਚੇ ਗੁਰੂ ਸਕਲ ਮਗ ਨਾਖਾ[1]।
ਸੰਗਤ ਕੇ ਮੁਖਿ ਸਿਖ ਚਲਿ ਆਏ।
ਲੇ ਗਮਨੇ ਹ੍ਵੈ ਕਰਿ ਅਗਵਾਏ ॥੩੩॥
ਹਾਥ ਜੋਰਿ ਉਤਰਾਇ ਬਡੇਰਾ।
ਸੰਗਤਿ ਆਨਿ ਦਰਸ ਕੋ ਹੇਰਾ।
ਅਨਿਕ ਅਕੋਰਨ ਅਰਪਿ ਅਗਾਰੀ।
ਦਰਬ ਬਿਭੂਖਨ ਪਟ ਮੁਲ ਭਾਰੀ ॥੩੪॥
ਬਹੁ ਪਕਵਾਨ ਤਿਹਾਵਲ ਆਏ।
ਕਰਿ ਅਰਦਾਸ ਅਖਿਲ ਬਰਤਾਏ।
ਹੇਤ ਦੇਗ਼ ਕੇ ਚਾਵਰ ਚੂਨ।
ਘ੍ਰਿਤ ਮਿਸ਼ਟਾਨ ਆਨਿ ਸਭਿਹੂੰਨਿ[2] ॥੩੫॥
ਕੀਨੀ ਬਿਬਿਧਿ ਬਿਧਿਨਿ ਕੀ ਸੇਵਾ।
ਕਰੇ ਪ੍ਰਸੰਨ ਭਲੇ ਗੁਰਦੇਵਾ।
ਖੁਸ਼ੀ ਕਰੀ ਸਭਿ ਪਰ ਹਰਖਾਏ।
ਪੁਰੀ ਕਾਮਨਾ ਸਿਖ ਸਮੁਦਾਏ ॥੩੬॥
ਤਪਤੀ ਨਦੀ ਤੀਰ ਪਰ ਡੇਰਾ।
ਊਚ ਦਮਦਮਾ ਸੁੰਦਰ ਹੇਰਾ।
ਤਹਾਂ ਬਾਸ ਪ੍ਰਭੁ ਨਿਸਾ ਬਿਤਾਈ।
ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥੩੭॥
ਬਸਤ੍ਰ ਸ਼ਸਤ੍ਰ ਸਜਿ ਕੈ ਬਿਧਿ ਨਾਨਾ।
ਜ਼ੇਵਰ ਜਬਰ ਜ਼ੇਬ ਜਿਨ ਜਾਨਾ।
ਸਭਾ ਖਾਲਸੇ ਕੀ ਦਿਸ਼ਿ ਚਾਰੀ।

---

[1]ਲੰਘਕੇ।
[2]ਸਾਰੇ ਲਿਆਏ।

ਮਿਲੇ ਹਜ਼ਾਰਹੁਂ ਨਰ ਅਰੁ ਨਾਰੀ ॥੩੮॥
ਦਰਸ਼ਨ ਕਰਤਿ ਹੋਤਿ ਬਲਿਹਾਰੀ।
ਸੁਨਹਿਂ ਬਾਕ ਗੁਰ ਕੇ ਸੁਖਕਾਰੀ।
ਇਸ ਪ੍ਰਕਾਰ ਕੇਤਿਕ ਦਿਨ ਡੇਰਾ।
ਬਸੇ ਦੇਸ਼ ਬਹੁ ਸੁੰਦਰ ਹੇਰਾ ॥੩੯॥
ਬਾਪੀ ਕੂਪ ਤਰੋਵਰ ਭਾਰੇ।
ਸੂਰਜ ਦੁਹਿਤਾ ਤੀਰ ਉਦਾਰੇ।
ਚਢਿ ਕਰਿ ਵਿਚਰਹਿਂ, ਇਕ ਸਮ ਅਵਨੀ।
ਹਰਿਤ ਦੂਰਬਾ ਤੇ ਦੁਤਿ ਰਵਨੀ[1] ॥੪੦॥
ਸ਼ਾਹੁ ਬਹਾਦਰ ਚਢਿ ਪ੍ਰਸਥਾਨਾ।
ਦੇਸ਼ਨ ਸਭਨਿ ਮਨਾਵਤਿ ਆਨਾ।
ਕੇਤਿਕ ਦਯੋਸ ਪ੍ਰਭੂ ਤਹਿਂ ਰਹੇ।
ਕਵਿ ਸੰਤੋਖ ਸਿੰਘ ਜਸੁ ਕੋ ਕਹੇ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੁਰਹਾਨ ਪੁਰ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

---
[1]ਹਰੇ ਹਰੇ ਘਾਸ ਨਾਲ ਸ਼ੋਭਾ ਰਮਣੀਕ ਹੋ ਰਹੀ ਹੈ।

## ੩. [ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ]

੨<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੪

ਦੋਹਰਾ: ਸ਼ਾਹੁ ਬਹਾਦਰ ਚਢਿ ਗਯੋ, ਦੱਛਨ ਦੇਸ਼ ਮਝਾਰ।
ਜਹਾਂ ਜੰਗ ਨੌਰੰਗ ਕਰਿ, ਲੇ ਧਨ ਦੇਸ਼ ਉਦਾਰ[1] ॥੧॥
ਚੌਪਈ: ਪਿਖਿ ਸਿੱਖਨਿ ਕੋ ਭਾਉ ਮਹਾਨਾ।
ਹਿਤ ਰਾਖਨ ਬਹੁ ਬਾਰਿ ਬਖਾਨਾ।
ਤਿਨ ਕੀ ਸੁਨਿ ਕੈ ਸ਼੍ਰੀ ਪ੍ਰਭੁ ਬਿਨਤੀ।
ਪੁਰਿ ਬੁਰਹਾਨ ਬਸੇ ਤਜਿ ਗਿਨਤੀ ॥੨॥
ਦਿਨ ਪ੍ਰਤਿ ਸੇਵਾ ਕਰੈਂ ਘਨੇਰੀ।
ਦਰਸ਼ਨ ਪਿਖਹਿੰ ਜਾਹਿੰ ਜੁਗ ਬੇਰੀ[2]।
ਬਡੀ ਆਰਬਲ ਸਾਧੂ ਏਕ।
ਬਸਹਿ ਨਗਰ ਮਹਿਂ ਸਹਿਤ ਬਿਬੇਕ ॥੩॥
ਗੁਰ ਆਗਵਨ ਸੁਨੵੋਂ ਤਿਨ ਕਾਨ।
ਅੰਮ੍ਰਿਤ ਦਯੋ ਮਨਹੁਂ ਕਿਨ ਆਨਿ।
ਤੁਰਤ ਉਠੵੋ ਦਰਸ਼ਨ ਕੋ ਗਯੋ।
ਨਦੀ ਤੀਰ ਗੁਰ ਥਿਰ ਜਹਿਂ ਭਯੋ ॥੪॥
ਸਭਾ ਮਝਾਰ ਸੁਹਾਵਤਿ ਐਸੇ।
ਕਰਿ ਸ਼ਿੰਗਾਰ ਧਨਾਧਿਪ[3] ਜੈਸੇ।
ਹੇਰਿ ਦੂਰ ਤੇ ਪ੍ਰੇਮ ਪ੍ਰਫੂਲਾ।
ਮਨਹੁਂ ਅਮਲ ਤੇ ਅਮਲੀ ਝੂਲਾ[4] ॥੫॥
ਰਿਦੈ ਅਨੰਦ ਉਮੰਗਤਿ ਜੋਵਾ।
ਰੋਮੰਚਤਿ ਸਾਧੂ ਤਨ ਹੋਵਾ।
ਨੀਠ ਨੀਠ ਪਾਇਨਿ ਕਹੁ ਡਾਲਤਿ[5]।
ਡਗਮਗਾਤਿ, ਡੋਲਤਿ, ਦ੍ਰਿਗ ਚਾਲਤਿ[6] ॥੬॥
ਬੰਦਨ ਹੇਰਿ ਦੂਰ ਹੀ ਰਹੵੋ[7]। '
ਪਰੵੋ ਪ੍ਰਿਥੀ ਪਰ ਜਨੁ ਪਗ ਗਹੵੋ।

---

[1]ਜਿੱਥੇ ਔਰੰਗਜ਼ੇਬ ਨੇ ਜੰਗ ਕਰਕੇ ਬਹੁਤ ਧਨ ਵਾਲਾ ਦੇਸ਼ ਲੈ ਲਿਆ ਸੀ। (ਅ) ਦੇਸ਼ ਤੋਂ ਬਹੁਤ ਧਨ ਲਿਆ ਸੀ।
[2]ਦੋ ਵੇਰੀ ਜਾਕੇ।
[3]ਕੁਬੇਰ।
[4]ਝੂੰਮ ਪਿਆ।
[5]ਮਸਾਂ ਮਸਾਂ ਪੈਰਾਂ ਨੂੰ (ਅੱਗੇ) ਧਰਦਾ ਹੈ।
[6]ਨੈਣ ਚਲਦੇ ਹਨ ਭਾਵ ਅੱਥਰੂ ਵਗਦੇ ਹਨ।
[7]ਦੂਰੋਂ ਹੀ ਦੇਖਕੇ ਬੰਦਨਾਂ ਵਿਚ ਪੈ ਗਿਆ।

ਪ੍ਰੇਮ ਅਧਿਕਤਾ ਤਿਸ ਗੁਰ ਹੇਰੀ।
ਤੂਰਨ ਉਠਤਿ ਭਏ ਤਿਸ ਬੇਰੀ ॥੭॥
ਗਹਿ ਭੁਜ ਬਲ ਤੇ ਤੁਰਤ ਉਠਾਯੋ।
ਅਧਿਕ ਸਖਾ ਲਖਿ ਗਰੇ ਲਗਾਯੋ।
ਲਜਾਇ ਸਭਾ ਮਹਿਂ ਢਿਗ ਬੈਠਾਰਾ।
ਕਰਿ ਆਦਰ ਕੋ ਮ੍ਰਿਦੁਲ ਉਚਾਰਾ ॥੮॥
'ਕੁਸ਼ਲ ਸ਼ਰੀਰ ਆਪ ਕੇ ਅਹੇ ?
ਪ੍ਰੇਮਾ ਭਗਤਿ ਰਿਦਾ ਦਿਢ ਲਹੇ।
ਕਾਮ ਕ੍ਰੋਧ ਤੇ ਆਦਿ ਬਿਕਾਰਾ।
ਬਿਨਸ ਗਏ ਕੈ ਨਹਿਂ ਦੁਖਕਾਰਾ?' ॥੯॥
ਕੇਤਿਕ ਚਿਰ ਮਹਿਂ ਧੀਰਜ ਧਾਰੀ।
ਨੀਕੀ ਸ਼੍ਰੀ ਮੁਖ ਪ੍ਰਭਾ ਨਿਹਾਰੀ।
ਹਾਥ ਜੋਰਿ ਬੋਲਯੋ 'ਸੁਨਿ ਸ੍ਵਾਮੀ!
ਸਭਿ ਜਾਨਤਿ ਤੁਮ ਅੰਤਰਜਾਮੀ ॥੧੦॥
ਕ੍ਰਿਪਾ ਆਪ ਕੀ ਜਿਸ ਪਰ ਹੋਵੈ।
ਜੜ੍ਹ ਬਿਕਾਰ ਕੀ ਹਉਮੈਂ ਖੋਵੈ।
ਤਨ ਹੰਤਾ ਗਾਢੀ ਹੁਇ ਜਾਵਦਿ[1]।
ਕਾਮ ਕ੍ਰੋਧ ਨਹਿਂ ਬਿਨਸਹਿ ਤਾਵਦਿ[2] ॥੧੧॥
ਇਸ ਦੁਬਿਧਾ ਘਰ ਬਹੁਤੇ ਗਾਲੇ।
ਭਗਤ ਆਪ ਕੇ ਰਹੇ ਸੁਖਾਲੇ[*]।
ਲਾਗਹਿ ਮਿਸ਼ਟ ਈਸ਼ ਕੋ ਭਾਨਾ।
ਲਿਵ ਲਾਗੇ ਸਤਿਨਾਮ ਮਹਾਨਾ ॥੧੨॥
ਤਨ ਹੰਤਾ ਕੋ ਛੋਰਨਿ ਕਰੈ।
ਬਹੁਰ ਪ੍ਰਮੇਸ਼ੁਰ ਕਰੁਨਾ ਧਰੈ।
ਉਚਿਤ ਸ਼੍ਰੇਯ ਕੇ ਤਬਿ ਹੁਇ ਜੀਵੰ।
ਪ੍ਰਭੂ ਕੋ ਪ੍ਰੇਮ ਸੁਧਾ ਨਿਤ ਪੀਵੰ ॥੧੩॥
ਸਕਲ ਬਿਕਾਰਨ ਕੋ ਹੁਇ ਨਾਸ਼।
ਸਾਸ ਸਾਸ ਜਪੁ ਪ੍ਰਭੁ ਲਖਿ ਪਾਸ।

---

[1]ਜਦ ਤਕ।
[2]ਤਦ ਤਕ।
[*]ਗੁਰਬਾਣੀ ਵਿਚ ਤੁਕ ਐਉਂ ਹੈ:-"ਦੂਜੈ ਭਾਇ ਬਹੁਰੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥ " [ਭੈਰਉ ਕਬੀਰ ਜੀ।

ਪਟਣੇ ਸ਼ਹਿਰ ਜਨਮ ਜਬਿ ਭਯੋ।
ਬ੍ਰਹਮਪੁੱਤ੍ਰ ਨਦਿ ਢਿਗ ਸੁਨਿ ਲਯੋ ॥੧੪॥
ਤਬਿ ਸ਼੍ਰੀ ਤੇਗ ਬਹਾਦਰ ਪਾਸ[1]।
ਦਰਸ਼ਨ ਕਰਤਿ ਹੁਤੋ ਸੁਖ ਰਾਸ।
ਲਖਿ ਭੂਪਤਿ ਕੋ ਭਾਵ ਬਿਸਾਲਾ।
ਦੇਨੇ ਬਿਜੈ ਹੁਤੇ ਤਿਸ ਨਾਲਾ ॥੧੫॥
ਜਨਮ ਆਪ ਕੋ ਸੁਨਿ ਹਰਖਾਏ।
ਸ਼ੁਤਰੀ ਦੁੰਦਭਿ ਬਹੁ ਬਜਵਾਏ।
ਤੁਪਕ ਤੋਪ ਲਸ਼ਕਰ ਮਹਿਂ ਸਾਰੀ।
ਭਈ ਸ਼ਲਖ ਛੂਟੀ ਇਕ ਬਾਰੀ ॥੧੬॥
ਤੁਰਹੀ ਰਣਸਿੰਘੇ ਡਫ ਢੋਲਾ।
ਬਾਜੇ ਪਟਹ ਭਯੋ ਬਡ ਰੌਲਾ।
ਸ਼੍ਰੀ ਗੁਰੂ ਤੇਗ਼ ਬਹਾਦਰ ਭਾਰੀ।
ਉਤਸਵ ਕਰਜੋ ਮਹਾਂ ਤਿਸ ਬਾਰੀ ॥੧੭॥
ਆਏ ਮੰਗਤ ਜਨ ਸਮੁਦਾਏ।
ਗਯੋ ਨ ਛੂਛੋ ਸਭਿ ਧਨ ਪਾਏ।
ਨ੍ਰਿਪ ਜੁਤਿ ਸਭ ਲਸ਼ਕਰ ਉਤਸਾਹਾ।
ਦਯੋ ਦਾਨ ਜਸ ਜਸ ਜਿਸ ਪਾਹਾ ॥੧੮॥
ਤਬਿ ਮੈਂ ਬੂਝੇ ਪਿਤਾ ਤੁਹਾਰੇ।
-ਕਸ ਸਾਹਿਬਜ਼ਾਦੇ ਗੁਨ ਭਾਰੇ?
ਜਿਸ ਜਨਮਤਿ ਬਹੁ ਮੰਗਲ ਹੋਵਾ।
ਯਾਂ ਤੇ ਮੈਂ ਬਾਂਛਤਿ ਮੁਖ ਜੋਵਾ[2]- ॥੧੯॥
ਸੁਨਿ ਕੈ ਗੁਰੂ ਬ੍ਰਿਤੰਤ ਉਚਾਰਾ।
-ਈਸ਼ੁਰ ਆਇਸੁ ਤੇ ਅਵਤਾਰਾ।
ਰੋਮ ਰੋਮ ਪ੍ਰਤਿ ਬਿਸ਼ਨੁ ਮਹੇਸ਼ਾ।
ਕਰਤਾ ਪੁਰਖ ਕ੍ਰਿਪਾਲ ਬਿਸ਼ੇਸ਼ਾ ॥੨੦॥
ਜੋਗ ਸਾਧਨਾ ਬਹੁ ਬਿਧਿ ਸਾਧੇ।
ਧਰਿ ਇਮ ਧਜਾਨ ਸੁ ਪ੍ਰਭੂ ਅਰਾਧੇ।
ਹ੍ਵੈ ਪ੍ਰਸੰਨ ਇਹ ਪੁਰਸ਼ ਪਠਾਯੋ।
ਚਿਰੰਕਾਲ ਤੇ ਇਕ ਸੁਤ ਪਾਯੋ ॥੨੧॥

---

[1]ਮੈਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਸ ਸਾਂ।
[2]ਇਸ ਤੇ ਮੈਂ (ਸਾਹਿਬਜ਼ਾਦੇ ਦਾ) ਦਰਸ਼ਨ ਕਰਿਆ ਚਾਹੁੰਦਾ ਹਾਂ।

ਪਾਛਲ ਹਮਹੁਂ ਆਰਬਲ ਆਇ।
ਸੰਮਤ ਚਾਲਿਸ ਤੇ ਅਧਿਕਾਇ।
ਬਲੀ ਪੁਰਖ ਲੀਨਸਿ ਅਵਤਾਰ।
ਕਾਰਜ ਬਡੇ ਲੇਹਿ ਇਹ ਸਾਰ ॥੨੨॥
ਹਿੰਦ ਪਨੇ ਕੀ ਰਾਖਹਿ ਲਾਜ।
ਨਾਸ਼ਹਿ ਤੁਰਕਨਿ ਰਾਜ ਸਮਾਜ।
ਪੰਥ ਤੀਸਰੋ ਕਰਹਿ ਉਪਾਵਨਿ।
ਸੰਤ ਉਬਾਰ ਦੁਸ਼ਟ ਗਨ ਘਾਵਨ ॥੨੩॥
ਮੱਦ੍ਰ ਦੇਸ਼ ਮਹਿਂ ਜੰਗ ਅਖਾੜੇ।
ਲਾਖਹੁਂ ਮਾਰਹਿ ਪਵਹਿਂ ਪਵਾੜੇ।
ਤੁਰਕ ਪਤੀ ਕੋ ਕਰਿ ਸੰਘਾਰ।
ਦੱਖਣ ਆਇ ਅੰਤ ਕੀ ਬਾਰ ॥੨੪॥
ਸੁਨਹੁ ਸਾਧ ਤੁਹਿ ਬੈਸ ਬਡੇਰੀ।
ਟਿਕਹੁ ਕਿਤਹਿ ਤਬਿ ਲੀਜਹਿ ਹੇਰੀ-।
ਇਹ ਸਭਿ ਸੁਨਿ ਕੈ ਤੁਮ ਪਿਤ ਪਾਸ।
ਇਮ ਪੁਰਿ ਬਸਜੋ ਦਰਸ ਕਰਿ ਆਸ ॥੨੫॥
ਸਿਮਰਤਿ ਰਹਜੋ ਪ੍ਰਤੀਖਨ ਧਾਰਿ।
ਅਬਿ ਤੁਮ ਆਏ ਕਰੁਨਾ ਧਾਰਿ।
ਸਭਿ ਕਾਰਜ ਕਰਿ ਲੀਨ ਸੁਖਾਰੇ।
ਆਏ ਇਤਹੁਂ ਅੰਤ ਕੀ ਵਾਰੇ ॥੨੬॥
ਮਮ ਸਮ ਕੀ ਪੂਰਵਨ ਕਰਿ ਆਸਾ।
ਅਨਿਕ ਭਾਂਤਿ ਪਿਖਿ ਜਗਤ ਤਮਾਸ਼ਾ।
ਦਰਸ਼ਨ ਕਰਿ ਨਿਹਾਲ ਮੈਂ ਹੋਯੋ।
ਤਪ ਜਪ ਅਪਨਿ ਕ੍ਰਿਤਾਰਥ ਜੋਯੋ ॥੨੭॥
ਪੂਰਹੁ ਕਾਮਨਾ ਏਕ ਹਮਾਰੀ।
ਕਰੌਂ ਅਹਾਰ ਸੁ ਹੇਤੁ ਤੁਮਾਰੀ।
ਅਚੀਅਹਿ ਪ੍ਰਾਤ ਸਿੰਘ ਲੇ ਸਾਥ।'
ਦੇਖਿ ਭਾਵਨਾ ਮਨ ਕੀ ਨਾਥ ॥੨੮॥
ਸੁਨਤਿ ਸਾਧ ਕੇ ਬਚ ਹਰਖਾਏ।
'ਤੁਮ ਸਾਧਨ ਪਰਲੋਕ ਕਮਾਏ।
ਮਾਨੁਖ ਜਨਮ ਕ੍ਰਿਤਾਰਥ ਕੀਨੋ।
ਫੇਰ ਨ ਫੇਰਾ ਹੁਇ ਜਗ ਚੀਨੋ ॥੨੯॥

ਤਜਿ ਬਿਕਾਰ ਉੱਜਲ ਮਨ ਕਿਯੋ।
ਪੁਨ ਸਤਿਗੁਰ ਰੰਗ ਦਿਢ ਦਿਯੋ।
ਉਤਰਹਿ ਨਹਿਂ ਜੁ ਰੰਗ ਬਹੁ ਗਾਢੇ।
ਹ੍ਵੈ ਨ ਪੁਰਤਾਨ, ਦਿਨ ਦਿਨ ਬਾਢੇ ॥੩੦॥
ਪ੍ਰਭੁ ਬਸਿ ਕਰਜੋ ਪ੍ਰੇਮ ਤੇ ਜਿਨ੍ਹੈ।
ਤਿਨ ਕੋ ਕਹਜੋ ਨ ਕਜੋਂ ਹਮ ਮਨੈ।
ਯਾਂ ਤੇ ਨਿਤ ਆਇਸੁ ਅਨੁਸਾਰੀ।
ਕਜੋਂ ਨ ਆਇਂ ਤੁਮ ਸਦਨ ਮਝਾਰੀ' ॥੩੧॥
ਇੱਤਜਾਦਿਕ ਬਚ ਕਹਿ ਸੁਨਿ ਕਰਿ ਕੈ।
ਗਯੋ ਸੰਤ ਉਰ ਆਨੰਦ ਧਰਿ ਕੈ।
ਘਰ ਮਹਿਂ ਜਾਇ ਤਜਾਰ ਕਰਿ ਤੂਰਨ।
ਨਾਨਾ ਸੌਂਜਨ ਭੋਜਨ ਪੂਰਨ ॥੩੨॥
ਸੂਪਕਾਰ ਬਹੁ ਚਤੁਰ ਲਗਾਏ।
ਖਟ ਰਸ ਸ੍ਵਾਦ ਅਨੇਕ ਬਨਾਏ।
ਦਧੀ ਦੁਗਧ ਮਿਸ਼ਟਾਨ ਘਨੇਰੇ।
ਤੁਰਸ਼ਾਈ ਜੁਤਿ ਅਸਨ ਬਡੇਰੇ ॥੩੩॥
ਡਾਲਿ ਮਸਾਲੇ ਜਾਲ ਬਿਸਾਲੇ।
ਸ੍ਵਾਦ ਸੁਗੰਧਤਿ ਬਹੁ ਰਸ ਨਾਲੇ।
ਜਾਮ ਦਿਵਸ ਜਬਿ ਸੂਰਜ ਆਯੋ।
ਹੇਤੁ ਹਕਾਰਨਿ ਸਾਧ ਸਿਧਾਯੋ ॥੩੪॥
ਕਰਿ ਬੰਦਨ ਕੋ ਤੁਰੰਗ ਚਢਾਏ।
ਸੰਗ ਖਾਲਸਾ ਚਲਿ ਸਮੁਦਾਏ।
ਅਪਰ ਚਲੇ ਸਿਖ ਸੰਗਤਿ ਸਾਰੇ।
ਧਾਰਿ ਕਾਮਨਾ ਸਾਧ ਹਕਾਰੇ ॥੩੫॥
ਅਧਿਕ ਭੀਰ ਗੁਰ ਕੇ ਸੰਗ ਹੋਈ।
ਪੁਰਿ ਜਨ ਸਿੰਘ ਚਲੇ ਸਭਿ ਕੋਈ।
ਸਤਿਸੰਗਤਿ ਭਾ ਮੇਲ ਬਿਸਾਲਾ।
ਪਹੁੰਚੇ ਜਾਇ ਸਾਧ ਕੀ ਸ਼ਾਲਾ ॥੩੬॥
ਅਨਿਕ ਪੰਕਤਾਂ ਕਰਿ ਬੈਠਾਈ।
ਚੌਂਕੀ ਬੀਚ ਬਿਸਾਲ ਡਸਾਈ।
ਛਾਦੀ ਬਿਸਦ ਬਸਤ੍ਰ ਕੇ ਸਾਥ।
ਸਾਦਰ ਤਹਿਂ ਬੈਠਾਰੇ ਨਾਥ ॥੩੭॥

ਥਾਲ ਬਿਸਾਲ ਪਰੋਸਿ ਉਤਾਲਾ।
ਆਦਿ ਤਿਹਾਵਲ ਜਿਨ ਰਸ ਜਾਲਾ।
ਧਰਜੋ ਪ੍ਰਭੂ ਕੇ ਆਨਿ ਅਗਾਰੀ।
ਸੀਤ ਸੁਗੰਧਤਿ ਦੇ ਕਰਿ ਬਾਰੀ ॥੩੮॥
ਸਭਿ ਪੰਕਤਿ ਕੋ ਪਰੁਸਨਿਹਾਰੇ।
ਤੂਰਨ ਦਏ ਪਰੋਸਿ ਅਹਾਰੇ।
ਅਚਵਨਿ ਲਗੇ ਕੌਰ ਮੁਖ ਪਾਏ।
ਸ਼੍ਰੀ ਗੁਰ ਸ੍ਵਾਦਲ ਅਚਿ ਤ੍ਰਿਪਤਾਏ ॥੩੯॥
ਕਰਜੋ ਸਰਾਹਨ ਬਿਬਿਧ ਅਹਾਰਾ।
ਸਭਿ ਤ੍ਰਿਪਤੇ ਲੇ ਸ੍ਵਾਦ ਉਦਾਰਾ।
ਪੁਰਿ ਜਨ ਭਨਹਿਂ 'ਪ੍ਰਥਮ ਕਈ ਬਾਰ।
ਭਏ ਅਹਾਰ ਨ ਸ੍ਵਾਦ ਉਦਾਰ ॥੪੦॥
ਧੰਨ ਸਾਧ ਜਿਨ ਕਿਯ ਅਸ ਮੇਲ।
ਕਰਜੋ ਅਸਨਿ ਬਹੁ ਸ੍ਵਾਦਨਿ ਮੇਲਿ।'
ਚੁਰਾ ਕਰੇ ਪ੍ਰਭੁ ਕੇ ਢਿਗ ਆਯੋ[1]।
ਦੀਨ ਹੋਇ ਪਾਇਨਿ ਲਪਟਾਯੋ ॥੪੧॥
ਖੁਸ਼ੀ ਕਰੀ ਉਪਜਜੋ ਬ੍ਰਹਮ ਗਜਾਨ।
ਏਕ ਆਤਮਾ ਪਿਖਜੋ ਜਹਾਨ।
ਉਠੇ ਪ੍ਰਭੁ ਡੇਰੇ ਮਹਿਂ ਆਇ।
ਥਿਰਿ ਪ੍ਰਯੰਕ ਪਰ ਹੁਇ ਸੁਖ ਪਾਇ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਾਧ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

[1](ਗੁਰੂ ਸਾਹਿਬ) ਚੁਲਾ ਕਰ ਚੁੱਕੇ ਤਾਂ ਪਾਸ ਆਇਆ ਤੇ.......।

## ੪. [ਨਦੇੜ ਪਹੁੰਚੇ। ਆਪਣੀ ਜਗਾ ਦੇ ਚਿੰਨ੍ਹ ਦੱਸੇ]

੩<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੫

ਦੋਹਰਾ: ਬੀਤੀ ਰਾਤ ਪ੍ਰਭਾਤਿ ਭੀ,
ਤਬਿ ਕਾਸਦ ਦੁਇ ਆਇ।
ਲਿਖਾ ਬਹਾਦਰ ਸ਼ਾਹੁ ਨੇ,
ਗੁਰ ਕੈ ਨਿਕਟ ਪਠਾਇ ॥੧॥

ਬੈਂਤ: ਲਿਖ੍ਯੋ ਸ਼ੌਕ ਨਾਮਾ[1] 'ਦਿਜੈ ਦਰਸ ਆਈ।
ਮਹਾਂ ਪੀਰ ਮੇਰੇ ! ਇਹੀ ਬਾਤ ਭਾਈ।
ਤੁਮਾਰੀ ਮਿਹਰ ਤੇ ਮਹਾਂ ਤੇਜ ਹੋਵਾ।
ਜਹਾਂਨੈ ਕਿ ਮਯਾਨੇ ਮਨਿੰਦੈ ਨ ਦੋਵਾ[2] ॥੨॥
ਕਰੋ ਰੰਕ ਰਾਵੰ ਨ ਲਾਗੈ ਅਵਾਰਾ।
ਇਲਾਹੀ ਫਜ਼ਲ ਸੋ ਤੁਮਹਿਂ ਫ਼ਜ਼ਲ ਧਾਰਾ[3]।
ਬਡੀ ਬੇਰ ਬੀਤੀ ਪਿਛਾਰੀ ਰਹੇ ਹੋ।
ਕਹੂੰ ਸੰਗਤੀ ਸਿੱਖ ਪ੍ਰੇਮੰ ਲਹੇ ਹੋ ॥੩॥
ਕਿ ਤਾਲਬ[4] ਪਿਖੋਂ ਮੈਂ ਦਿਦਾਰੰ ਤੁਮਾਰਾ।
ਨਹੀਂ ਦੇਰਿ ਕੀਜੈ ਲਖੌਂ ਪ੍ਰੇਮ ਪਜਾਰਾ[5]।'
ਸੁਨਾ ਸ਼੍ਰੀ ਗੁਰੂ ਫੇਰ ਤਜਾਰੀ ਕਰਾਈ।
ਪਰੇ ਜ਼ੀਨ ਘੋਰਾਨ ਪੈ ਬੇਗਵਾਈ[6] ॥੪॥

ਚੌਪਈ: ਸਿਖ ਸੰਗਤਿ ਤੇ ਰੁਖਸਦ ਹ੍ਵੈਂ ਕੈ।
ਅਪਨੇ ਜਾਨਿ ਖੁਸ਼ੀ ਬਹੁ ਦੈ ਕੈ।
ਹਯ[7] ਅਰੋਹਿ ਕਰਿ ਮਾਰਗ ਪਜਾਨੇ।
ਸੰਗ ਖਾਲਸਾ ਚਲੇ ਸੁਜਾਨੇ ॥੫॥
ਪੰਥ ਉਲੰਘਤਿ ਪਹੁੰਚੇ ਜਾਇ।
ਜਹਾਂ ਹੁਤੇ ਲਸ਼ਕਰ ਸਮੁਦਾਇ।
ਆਗੇ ਸ਼ਾਹੁ ਚਢ੍ਯੋ ਬਡ ਘੋਰੇ।
ਜਾਤਿ ਕਹੂੰ ਸੰਗ ਮਾਨਵ ਥੋਰੇ ॥੬॥

---

[1]ਪ੍ਰੇਮ ਨਾਲ ਲਿਖਿਆ ਖਤ, ਪ੍ਰੇਮ ਪੱਤ੍ਰ।
[2](ਆਪ ਦੇ) ਮਾਨਿੰਦ (ਵਰਗਾ) ਜਹਾਨ ਵਿਚ ਦੂਸਰਾ (ਕੋਈ) ਨਹੀਂ ਹੈ।
[3](ਜੋ) ਤੁਸਾਂ ਫਜ਼ਲ ਕੀਤਾ ਸੋ ਰੱਬ ਨੇ ਫਜ਼ਲ ਕੀਤਾ। [ਅ਼:, ਇਲਾਹੀ=ਰੱਬ। ਫਜ਼ਲ=ਕ੍ਰਿਪਾ]।
[4]ਮੈਂ ਚਾਹਵਾਨ ਹਾਂ ਕਿ......।
[5]ਪਿਆਰ ਤੇ ਪ੍ਰੇਮ ਨੂੰ ਲਖ ਲਓ।
(ਅ) ਪਿਆਰੇ ਦੇ ਪ੍ਰੇਮ ਨੂੰ ਲਖ ਕੇ (ਹੁਣ) ਦੇਰ ਨਾ ਕਰੋ।
[6]ਛੇਤੀ। (ਅ) ਤੇਜ਼।
[7]ਘੋੜੇ।

ਔਚਕ ਇਤ ਸਤਿਗੁਰ ਅਸਵਾਰੀ।
ਭਈ ਰੋਬਰੋਕਾਰ ਅਗਾਰੀ[1]।
ਦਰਸ਼ਨ ਪਰਸੇ ਸੀਸ ਨਿਵਾਯੋ।
ਬਿਨੈ ਬਖਾਨਤਿ ਪ੍ਰੇਮ ਬਢਾਯੋ ॥੭॥
ਗੁਰ ਸੂਰਜ ਕੋ ਦਰਸ਼ਨ ਹੇਰੇ।
ਬਿਗਸੇ ਦ੍ਰਿਗ ਅਰਬਿੰਦ ਬਡੇਰੇ।
-ਭਲੀ ਬਾਤ ਹੋਈ ਪ੍ਰਭੁ ਆਏ।
ਲਖਿ ਮੁਰੀਦ ਸਮ ਦਰਸ ਦਿਖਾਏ- ॥੮॥
'ਸ਼੍ਰੀ ਗੁਰ! ਬਹੁਤੇ ਦਿਵਸ ਬਿਤਾਏ।
ਇਤ ਮੈਂ ਤੁਮਰੀ ਦਿਸ਼ਿ ਮਨ ਲਾਏ।
ਭਲੋ ਸਥਲ ਪਿਖਿ ਕੀਜੈ ਡੇਰਾ।
ਕਰਜੋ ਨਿਹਾਲ ਆਪਨੋ ਚੇਰਾ' ॥੯॥
ਸੁਨਿ ਸਤਿਗੁਰ ਸਭਿ ਬਾਤ ਬਖਾਨੀ।
'ਪੁਰਿ ਮਹਿਂ ਸੰਗਤਿ ਹੁਤੀ ਮਹਾਨੀ।
ਕਰਿ ਕਰਿ ਪ੍ਰੇਮ ਦਿਵਸ ਪ੍ਰਤਿ ਰਾਖੇ।
ਹਮ ਬਹੁ ਬਾਰਿ ਚਲਨ ਕੋ ਭਾਖੇ ॥੧੦॥
ਹੁਤੋ ਸਾਧ ਪ੍ਰੇਮੀ ਤਨ ਮਨ ਤੇ।
ਕਰਜੋ ਭਾਉ ਤਿਨ ਰਖੇ ਚਢਨ ਤੇ।'
ਇਮ ਕਹਿ ਖੁਸ਼ੀ ਸ਼ਾਹੁ ਕੋ ਦੀਨਿ।
ਹੇਰਿ ਸਥਲ ਸ਼ੁਭ ਡੇਰਾ ਕੀਨਿ ॥੧੧॥
ਖਾਨ ਪਾਨ ਕਰਿ ਬਿਬਿਧ ਬਨਾਈ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਭਈ ਪ੍ਰਭਾਤਿ ਕੂਚ ਕਰਿ ਚਲੇ।
ਦੱਖਣ ਦੇਸ਼ ਬਿਲੋਕਤਿ ਭਲੇ ॥੧੨॥
ਨਰ ਨਾਰੀ ਗਨ ਸ਼ਜਾਮ ਵਰਨ ਕੇ।
ਇਕ ਸਾਰੀ[2] ਲੇ ਊਪਰ ਤਨ ਕੇ।
ਬਸਨ ਬਿਭੂਖਨ ਬੋਲਨਿ ਬੇਸ।
ਰੀਤਿ ਔਰ ਕੇ ਪਿਖਤਿ ਸੁ ਦੇਸ਼[3] ॥੧੩॥
ਪੂਨਾ ਨਗਰ ਨਾਗਪੁਰਿ ਕੇਰੇ।

---

[1]ਅੱਗੇ ਸਾਮ੍ਹਣੇ ਹੋਈ [ਫਾ:, ਰੂਬਕਾਰ=ਸਾਮ੍ਹਣੇ]।
[2]ਸਾੜੀ=ਇਕ ਪ੍ਰਕਾਰ ਦੀ ਧੋਤੀ ਜੋ ਤੇੜ ਤੇ ਉਪਰ ਨੂੰ ਕੱਜ ਲੈਂਦੀ ਹੈ। [ਸੰਸ:, ਸ਼ਾਟੀ]।
[3]ਉਸ ਦੇਸ਼ ਵਿਚ ਹੋਰ ਤਰ੍ਹਾਂ ਦੇ ਲੋਕੀਂ ਦਿੱਸਦੇ ਹਨ।

ਮਿਲੇ ਆਨਿ ਦੇ ਭੇਟ ਅਗੇਰੇ।
ਇੱਤਯਾਦਿਕ ਜੇਤੇ ਤਹਿਂ ਰਾਜੇ।
ਲਸ਼ਕਰ ਹੇਰੇ ਡਰ ਉਪਰਾਜੇ ॥੧੪॥
ਮਿਲਹਿਂ ਸ਼ਾਹੁ ਅਪਨਪੌ ਜਨਾਇ[1]।
ਗਜ ਬਾਜੀ ਧਨ ਬਹੁ ਅਰਪਾਇ।
ਗਿਰਵਰ ਕਾਨਨ ਉਲੰਘਤਿ ਗਏ।
ਪੁਰਿਨਿ ਗ੍ਰਾਮ ਅਵਿਲੋਕਤਿ ਭਏ ॥੧੫॥
ਕਿਸ ਕਿਸ ਕੀ ਗਨਨਾ ਕਰਿ ਕਹੀਏ।
ਰਚਨਾ ਚਾਰੁ ਚਿੱਤ੍ਰ[2] ਜਿਨ ਲਹੀਏ।
ਬਾਪੀ ਕੂਪ ਬਾਗ਼ ਫੁਲਵਾਰੀ।
ਨਾਲਕੇਲ ਕੇਲਾ ਰੁ ਸੁਪਾਰੀ ॥੧੬॥
ਬਿਸਮਤਿ ਨਗਰ ਬਿਲੋਕਿ ਬਿਸਾਲਾ।
ਤਿਸ ਕੇ ਨਿਕਟ ਸਿਵਰ ਕੋ ਘਾਲਾ।
ਆਠ ਦਿਵਸ ਤਹਿਂ ਕੀਨ ਮੁਕਾਮੂ।
ਸੰਗਤਿ ਗੁਰ ਕੋ ਪਿਖਹਿ ਤਮਾਮੂ ॥੧੭॥
ਅਨਿਕ ਅਕੋਰਨ ਕੋ ਅਰਪੰਤੇ।
ਚਰਨ ਕਮਲ ਪਰ ਸੀਸ ਧਰੰਤੇ।
ਦੂਰ ਕਿ ਨੇਰ ਸੁਨਹਿਂ ਗੁਰ ਆਏ।
ਸਿਖ ਜੋ ਹੁਤੇ ਆਨਿ ਦਰਸਾਏ ॥੧੮॥
ਸ਼ਾਹੁ ਬਹਾਦਰ ਲੈ ਲੈ ਦਰਬ।
ਮਹਿਪਾਲਕ ਬਸਿ ਕਰਿ ਕੈ ਸਰਬ।
ਕਰਤਿ ਕੂਚ ਪੁਨ ਗਮਨਹਿ ਡੇਰਾ।
ਉਤਰਹਿ ਨਿਸ ਕੋ, ਚਲਹਿ ਸੁਬੇਰਾ[3] ॥੧੯॥
ਇਸ ਪ੍ਰਕਾਰ ਕੇਤਿਕ ਦਿਨ ਚਲੇ।
ਨਦੀ ਗੁਦਾਵਰਿ ਕੇ ਤਟ ਭਲੇ।
ਤਹਾਂ ਜਾਇ ਪਹੁਚੇ ਦਲ ਭਾਰੇ।
ਕਰੇ ਸਿਵਰ ਸਭਿਹੂੰਨਿ ਕਿਨਾਰੇ ॥੨੦॥
ਨਗਰ ਨਦੇੜ ਬਸੰਤਿ ਬਿਸਾਲਾ।
ਜਿਸ ਮਹਿਂ ਰਹੈ ਧਨੀ ਨਰ ਜਾਲਾ।

---

[1]ਆਪਣਾ ਨਾਮ (ਆਦਿਕ) ਦੱਸਕੇ।
[2]ਸੁੰਦਰ ਤੇ ਵਚਿੱਤ੍ਰ ਦਿੱਸਦੀ ਹੈ।
[3]ਸਵੇਰੇ।

ਆਦਿ ਪੁਰੀ ਸਤਿਜੁਗ ਤੇ ਬਸੀ।
ਦਰਬ ਅਧਿਕ ਤੇ ਦੀਰਘ ਲਸੀ ॥੨੧॥
ਤਾਨੇ ਸ਼ਾਹ ਮਾਰਿ ਕਰਿ ਜੋਰਾ[੧]।
ਪੀਛੇ ਤਹਾਂ ਜੁ ਸੂਬਾ ਛੋਰਾ।
ਸੁਨਜੋ ਸ਼ਾਹੁ ਕੋ ਆਵਨ ਜਬੈ।
ਮਿਲਿਬੇ ਹੇਤ ਤਜਾਰ ਹੁਇ ਤਬੈ ॥੨੨॥
ਮ੍ਰਿਤਕ ਨੁਰੰਗੇ ਕੀ ਬਡ ਮਾਇਆ।
ਸੋ ਲੇ ਕਰਿ ਤੂਰਨ ਹੀ ਆਇਆ।
ਦੇ ਕਰਿ ਮਿਲਜੋ ਸ਼ਾਹੁ ਕੇ ਸਾਥ।
ਸੁਨਿ ਸੁਨਿ ਅਪਰ ਆਇੰ ਪੁਰਿ ਨਾਥ[੨] ॥੨੩॥
ਬਿਦਤ[*] ਹੈਦਰਾਬਾਦ ਉਦਾਰਾ।
ਮੁੰਗੀ ਪਟਣ[੩] ਆਦਿ ਧਨ ਭਾਰਾ।
ਦੇ ਕਰਿ ਮਿਲੇ ਬਹਾਦਰਸ਼ਾਹੂ।
ਉਤਰਿ ਪਰੇ ਲਸ਼ਕਰ ਕੇ ਮਾਂਹੂ[੪] ॥੨੪॥
ਅਪਰ ਕਹਾਂ ਲਗਿ ਦੇਸ਼ ਰੁ ਨਗਰੀ।
ਗਿਨ ਕਰਿ ਕਥਾ ਸੁਨਾਯਹਿ ਸਗਰੀ।
ਦੂਰ ਨਿਕਟ ਜਹਿਂ ਕਹਿਂ ਤੇ ਆਏ।
ਦੇ ਦੇ ਦਰਬ ਮਿਲੇ ਸਮੁਦਾਏ ॥੨੫॥
ਗੁਰ ਪ੍ਰਤਾਪ ਕਰਿ ਪਿਤ ਕੇ ਘਨੋ।
ਸ਼ਾਹੁ ਬਹਾਦਰ ਜਗ ਮਹਿਂ ਭਨੋ।
ਅਰਜੋ ਨ ਕੋਈ ਮਿਲੇ ਅਗਾਰੀ।
ਦੇ ਕਰਿ ਭੇਟ ਅਨੇਕ ਪ੍ਰਕਾਰੀ ॥੨੬॥
ਨਗਰ ਨਦੇੜ ਵਹਿਰ ਕੀ ਥਾਈਂ।
ਉਤਰੇ ਸਤਿਗੁਰ ਸੋ ਅਪਨਾਈ[੫]।
ਅਹੈ ਪੁਰਾਤਨਿ ਭੂਮ ਹਮਾਰੀ।
ਅਪਰ ਮਾਲਕੀ ਸਕਲ ਬਿਦਾਰੀ[੬] ॥੨੭॥

---

[੧]ਜ਼ੋਰ ਨਾਲ।
[੨]ਪੁਰੀਆਂ ਦੇ ਰਾਜੇ।
[*]ਪਾ:-ਬਿਦਰ।
[੩]ਮੁੰਗਾ ਪਟਮ ਮਰਦਾਸ ਹਾਤੇ ਦਾ ਇਕ ਨਗਰ ਹੈ।
[੪](ਸੂਬੇ) ਲਸ਼ਕਰ ਵਿਚ ਉਤਰ ਪਏ।
[੫]ਆਪਣੀ ਕਰ ਲਈ (ਅ) ਆਪਣੀ ਜਾਣਕੇ।
[੬]ਦੂਸਰੇ ਦੀ ਮਾਲਕੀ ਦੂਰ ਕੀਤੀ ਭਾਵ ਆਪਣੀ ਜਾਣਕੇ ਡੇਰਾ ਕਰ ਲਿਆ।

ਹੁਤੋ ਮੁਗ਼ਲ ਪੁਰਿ ਮਹਿਂ ਸੋ ਬਸੈ[੧]।
ਥਲ ਪੁਸ਼ਤੈਨੀ ਤਿਸ ਕੋ ਲਸੈ[੨]।
ਸੁਨਿ ਗੁਰ ਡੇਰੇ ਕੋ ਕਿਯ ਝਗਰਾ।
'ਇਸ ਕੋ[੩] ਜਾਨਤਿ ਹੈ ਪੁਰਿ ਸਗਰਾ ॥੨੮॥
ਅਬਿ ਜੇ ਬਲ ਕਰਿ ਲੈ ਹੈ ਛੀਨ।
ਸੁਤ ਪੋਤੇ ਅਪਨੀ ਲੇਂ ਚੀਨ।'
ਇੱਤਯਾਦਿਕ ਝਗਰਾ ਬਹੁ ਕਯੋ।
ਸ਼ਾਹੁ ਬਹਾਦਰ ਲਗਿ ਚਲਿ ਗਯੋ ॥੨੯॥
ਸ੍ਰੀ ਪ੍ਰਭੂ ਕਹਿਂ 'ਹਮਰੋ ਇਸਥਾਨ।
ਇਸ ਕੋ ਮਾਲਕ ਅਹੈ ਨ ਆਨ।'
ਮੁਗ਼ਲ ਭਨੈ 'ਪੁਸ਼ਤੈਨੀ ਮੇਰਾ।
ਨਹੀਂ ਦੁਰਜੋ, ਪੁਰਿ ਲਖਹਿ ਬਡੇਰਾ' ॥੩੦॥
ਸੰਸੈ ਭਯੋ ਸ਼ਾਹੁ ਕੋ ਆਇ-।
ਸ੍ਰੀ ਗੁਰ ਕੂਰ ਨ ਕਹੈਂ ਕਦਾਇ।
ਚਿਂਰਕਾਲ ਕੋ ਅਹੈ ਹਮਾਰੋ।
ਨਗਰ ਸ਼ਾਹਦੀ ਮੁਗ਼ਲ ਉਚਾਰੋ- ॥੩੧॥
ਸ੍ਰੀ ਗੁਰ ਸੋਂ ਕਹਿ ਬਿਨੈ ਪਠਾਈ।
'ਸਭਿ ਰਾਵਰ ਕੀ ਜੇਤਿਕ ਥਾਂਈ।
ਜੇ ਇਸ ਕੀ ਅਭਿਲਾਖਾ ਧਰੋ।
ਕੋ ਇਕ ਪਤਾ ਦਿਖਾਵਨਿ ਕਰੋ ॥੩੨॥
ਹੋਇ ਆਪ ਕੀ ਤੌਂ ਥਿਰ ਸਾਚੀ।
ਪੁਨ ਕੋ ਕਰਹਿ ਨ ਬਾਦ ਉਬਾਚੀ।
ਜੇ ਬਲ ਕਰਿ ਛੀਨਹੁ ਇਸ ਕੇਰੀ।
ਮੈਂ ਝਿਰਕੌਂ ਬਰਜੌਂ ਇਸ ਬੇਰੀ ॥੩੩॥
ਜੀਵਤਿ ਰਹੈ ਅਹੈ ਥਲ ਜਾਵਦ।
ਕੋ ਨਹਿਂ ਝਗਰਿ ਸਕੈਗੋ ਤਾਵਦ।
ਪੁਨ ਪਾਛੇ ਉਠਿ ਪਰਿ ਹੈ ਬਾਦ।
ਯਾਂ ਤੇ ਜਾਨਹੁ ਬੇ ਬੁਨਿਯਾਦ[੪] ॥੩੪॥

---

[੧]ਇਕ ਮੁਗ਼ਲ ਨਗਰ ਵਿਚ ਵੱਸਦਾ ਸੀ।
[੨]ਪੁਸ਼ਤਾਂ ਤੋਂ ਥਾਂ ਤਿਸ ਦਾ ਸੀ।
[੩]ਇਸ ਗੱਲ ਨੂੰ।
[੪](ਹੁਣ ਦਾ ਕਬਜ਼ਾ) ਬੇ ਬੁਨਯਾਦ ਹੋ ਜਾਏਗਾ। (ਅ) ਮੇਰਾ ਹੁਕਮ ਬਿਰਥਾ ਹੋ ਜਾਏਗਾ।

ਜਥਾ ਨਗਰ ਕੋ ਮੁਗ਼ਲ ਉਗਾਹਿ।
ਕਰਹਿ ਬਤਾਵਨ -ਹੈ ਇਸ ਪਾਹਿ-।
ਤੈਸੇ ਤੁਮ ਕਿਛ ਪਤਾ ਬਤਾਵਹੁ।
ਜੁਤਿ ਬੁਨਿਯਾਦ ਧਰਾ ਕਹੁ ਪਾਵਹੁ ॥੩੫॥
ਬਹੁਰ ਨ ਲਾਗੂ ਹੋਵਨਿ ਕੌਨ।
ਦੇਖਿ ਉਗਾਹੀ ਧਾਰੈਂ ਮੌਨ।'
ਬਾਤ ਯਥਾਰਥ ਜਬਹਿ ਸੁਨਾਈ।
ਮਾਨੀ ਸਤਿਗੁਰ ਤਬਹਿ ਅਲਾਈ ॥੩੬॥
'ਮੁਗ਼ਲ ਨਗਰ ਕੇ ਮੁਖਿ[1] ਲੇ ਆਵੈ।
ਕਾਜ਼ੀ ਮੁਫਤੀ[2] ਸਕਲ ਮਿਲਾਵੈ।
ਤੁਮ ਅਪਨੇ ਉਮਰਾਵ ਪਠਾਵਹੁ।
ਝਗਰਾ ਧਰ ਕੋ ਅਖਿਲ ਮਿਟਾਵਹੁ ॥੩੭॥
ਜਥਾ ਜੋਗ ਜਿਸ ਕੀ ਹੁਇ ਦੀਜੈ।
ਕਹੈ ਜੁ ਕੂਰ ਹਟਾਵਨਿ ਕੀਜੈ।'
ਬਾਕ ਯਥਾਰਥ ਸੁਨਿ ਗੁਰ ਕੇਰੇ।
ਇਕਠੇ ਕੀਨੇ ਮਨੁਜ ਘਨੇਰੇ ॥੩੮॥
ਨਰ, ਪੁਰਿ ਕੇ ਪਰਧਾਨ ਪਠਾਏ।
ਸ਼ਾਹੁ ਨਿਕਟਵਰਤੀ ਸਮੁਦਾਏ।
ਇਕਠੇ ਹੋਇ ਹਜ਼ਾਰਹੁੰ ਆਏ।
ਕਰਿ ਕਰਿ ਸ਼ਾਹੁ ਤਗੀਦ ਪਠਾਏ ॥੩੯॥
ਬੈਠੇ ਆਇ ਅਖਿਲ ਗੁਰ ਪਾਸਾ।
ਪ੍ਰਥਮ ਮੁਗ਼ਲ ਨੇ ਬਾਦ ਪ੍ਰਕਾਸ਼ਾ।
'ਪੁਸ਼ਤੈਨੀ ਇਹ ਥਾਨ ਹਮਾਰਾ।
ਜਾਨਤਿ ਗਿਰਦਨਵਾ[3] ਇਤ ਸਾਰਾ ॥੪੦॥
ਬੂਝਿ ਲੇਹੁ ਸਭਿ ਕੋ ਇਸ ਠੌਰੀ।
ਜੋ ਛੀਨਤਿ ਕਰਿ ਸੀਨੇ ਜ਼ੋਰੀ।
ਤੌਂ ਮੇਰੇ ਕੁਛ ਬਸ ਨ ਬਸਾਇ।
ਮਾਲਕ ਸ਼ਾਹੁ ਸਕਲ ਹੀ ਥਾਂਇ' ॥੪੧॥
ਸਭਿ ਮਹਿਂ ਤਬਿ ਸ਼੍ਰੀ ਗੁਰੂ ਬਖਾਨਾ।

[1]ਮੁਖੀਏ।
[2]ਫਤਵਾ ਦੇਣ ਵਾਲਾ। ਕਾਜ਼ੀ ਦਾ ਫਤਵਾ ਜਾਰੀ ਕਰਨ ਵਾਲਾ।
[3]ਭਾਵ ਆਲੇ ਦੁਆਲੇ ਦੇ ਵੱਸਣ ਵਾਲੇ।

'ਲਾਖਹੁਂ ਬਰਖਨ ਕੋ ਇਹ ਥਾਨਾ।
ਰਹੇ ਸੰਭਾਲਤਿ ਅਹੈ ਹਮਾਰਾ।
ਜਬਿ ਕਿਤਹੂੰ ਕਰਿ ਗਏ ਕਿਨਾਰਾ ॥੪੨॥
ਲੇ ਕਰਿ ਅਪਰ ਸੁ ਮਾਲਿਕ ਬਨਜੋਂ।
ਆਸ਼੍ਰਮ ਬਡੋ ਪੁਰਾਤਨ ਬਨਜੋਂ।
ਨਿਸ਼ਚੇ ਨਹੀਂ ਕਹੇ ਪਰ ਆਵੈ।
ਤੌ ਹਮ ਸਭਿ ਕੌ ਚਿੰਨ੍ਹ ਦਿਖਾਵੈਂ ॥੪੩॥
ਜਹਿਂ ਡੇਰਾ ਤਹਿ ਖੋਦਨ ਲਾਏ।
ਕੇਤਿਕ ਨੀਚੇ ਥਲ ਖੁਨਵਾਏ।
ਨਿਕਸਜੋ ਤਹਾਂ ਭਸਮ ਕੋ ਢੇਰਾ।
ਜਹਿਂ ਆਸਨ ਥੋ ਪਰਜੋ ਬਡੇਰਾ ॥੪੪॥
ਪੁਨ ਪ੍ਰਭੁ ਭਨਜੋਂ 'ਔਰ ਖਨਿ ਲੀਜੈ।
ਕਰਮੰਡਲ, ਮਾਲਾ ਦਿਖਰੀਜੈ।
ਦੁਸ਼ਟ ਦਮਨ ਜਿਸ ਤਨ ਮਹਿਂ ਨਾਮੂ।
ਕਰੇ ਤੀਬ੍ਰ ਤਪ ਤਬਿ ਅਭਿਰਾਮੂ ॥੪੫॥
ਬਰਖ ਹਜ਼ਾਰਹੁਂ ਇਸ ਥਲ ਬਸਿ ਕੈ।
ਸੰਕਟ ਸਹੇ ਸਕਲ ਤਨ ਕਸਿ ਕੈ।'
ਪੁਨ ਕੁਛ ਖੋਦੀ ਅਪਰ ਅਗਾਰੀ।
ਮਾਲਾ ਪ੍ਰਭੁ ਕੀ ਤਬਹਿ ਨਿਹਾਰੀ ॥੪੬॥
ਤਪ ਪ੍ਰਭਾਵ ਤੇ ਆਸਨ ਪਰਜੋ।
ਹੋਇ ਪੁਰਾਤਨ[1] ਨਾਂਹਿਨ ਗਰਜੋ।
ਕਰਮੰਡਲ ਤੂੰਬੇ ਕੋ ਹੇਰਾ।
ਤਿਮ ਹੀ ਪਰਜੋ ਮਹਾਂ ਤਪ ਕੇਰਾ ॥੪੭॥
ਬਿਸਮ ਰਹੇ ਪਿਖਿ ਕੈ ਸਮੁਦਾਈ।
'ਧੰਨ ਧੰਨ ਗੁਰ ਸਭਿਨਿ ਅਲਾਈ।
ਪ੍ਰੀਤ ਪ੍ਰਤੀਤ ਭਈ ਸਭਿ ਕੇਰੀ।
ਨਮੋ ਕਰੀ ਪਦ ਪਰ ਤਿਸ ਬੇਰੀ ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਚਿੰਨ੍ਹ ਦਿਖਾਵਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

---
[1]ਪੁਰਾਣਾ ਹੋਣ ਤੇ ਬੀ।

## ੫. [ਜ਼ਮੀਨ ਮੁੱਲ ਖਰੀਦੀ। ਬੰਦਾ ਮਿਲਾਪ]

੪<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੬

ਦੋਹਰਾ: ਸ਼੍ਰੀ ਗੁਰ ਪਤਾ ਦਿਖਾਇ ਕਰਿ, ਸਭਿ ਕੋ ਦਯੋ ਸੁਨਾਇ।
'ਇਕ ਜੋਜਨ ਲਗਿ ਭੂਮਕਾ, ਤਪਹਿਂ ਤਪੀ ਸਮੁਦਾਇ ॥੧॥
ਚੌਪਈ: ਸਿਖ ਹਮਰੇ ਕੀਰਨ[1] ਇਸ ਥਾਨ।
ਇਸ ਥਲ ਆਸ਼੍ਰਮ ਹੁਤੋ ਮਹਾਨ।
ਜਹਾਂ ਖਨਜੋ ਗੁਨ ਭਸਮ ਨਿਹਾਰੀ।
ਹਮ ਬੈਠੇ ਆਸਨ ਥਿਰ ਕਾਰੀ ॥੨॥
ਸਭਿ ਕੋ ਪਤਾ ਦਿਖਾਵਨ ਠਾਨਾ।
ਅਬਿ ਤੋ ਹਮਰੋ ਭਯੋ ਸਥਾਨਾ।
ਤਊ ਮੋਲ ਇਸ ਦੇਤਿ ਮੁਗ਼ਲ ਕੋ।
ਲੇ ਕਰਿ ਦਾਵਾ ਹਰਹਿ ਸਥਲ ਕੋ' ॥੩॥
ਕਰੀ ਬਿਛਾਵਨਿ ਗਨ ਦੀਨਾਰ।
ਜਹਿਂ ਲਗਿ ਹੈ ਅਬਿ ਲੌ ਦਰਬਾਰ।
ਮੁਗਲ ਹਰਖ ਕਰਿ ਮੁਹਰ ਸੁ ਲੀਨੀ।
ਬਾਕ ਨ ਫੁਰਜੋ ਮੌਨ ਮੁਖ ਕੀਨੀ[*] ॥੪॥
ਬੈਖਤ[2] ਤਿਸ ਕਰ ਤੇ ਲਿਖਵਾਯੋ।
ਰਾਜ਼ੀ ਨਾਮਾ ਸਕਲ ਸੁਨਾਯੋ।
ਸਭਿ ਕੀ ਊਪਰ ਪਰੀ ਉਗਾਹੀ।
'ਇਸ ਕੋ ਬੰਸ ਨ ਬਾਦ ਉਠਾਹੀ' ॥੫॥
ਜਥਾ ਜੋਗ ਕਰਿ ਸਭਿ ਚਲਿ ਗਏ।
ਸ਼ਾਹੁ ਸਮੀਪ ਬਖਾਨਤਿ ਭਏ।
ਸੁਨਿ ਪ੍ਰਸੰਗ ਆਨੰਦ ਬਿਸਮਾਯੋ।
ਅਪਨ ਕਾਗਦ ਲਿਖਜੋ ਪਠਾਯੋ ॥੬॥
ਇਕ ਜੋ ਜਨ ਲਗਿ ਗੁਰੂ ਸਥਾਨਾ।
ਕੋ ਨ ਕਰੈ ਦਾਵਾ ਲਿਹੁ ਜਾਨਾ।

---

[1]ਪੂਰਨ ਸੀ।

[*]ਬੈਨਾਮਾ।

[2]ਆਪਣਾ ਦਾਅਵਾ ਸਬੂਤਾਂ ਨਾਲ ਸਹੀ ਕਰਕੇ ਫਿਰ ਦੇਖੋ ਸਤਿਗੁਰੂ ਜੀ ਜ਼ਮੀਨ ਦੀ ਕੀਮਤ ਦੇਕੇ ਲੈਂਦੇ ਹਨ ਐਸੇ ਵਾਕੀਆਤ ਹਨ ਜਿਨ੍ਹਾਂ ਤੋਂ ਸਤਿਗੁਰੂ ਜੀ ਦੀ ਸ਼ੁਭ ਆਚਰਨ (ਇਖਲਾਕ) ਦੀ ਮਹਾਨ ਉੱਚਤਾ ਪ੍ਰਗਟ ਹੁੰਦੀ ਹੈ। ਜੇ ਕਦੇ ਘਾਹ ਦਾਣੇ ਤੋਂ ਸਿੱਖਾਂ ਦੇ ਜੁੱਧ ਜੰਗ ਲੁੱਟਣ ਦੇ ਪ੍ਰਸੰਗ ਆਉਂਦੇ ਹਨ ਤਾਂ ਸਮਝ ਲੈਣਾ ਚਾਹੀਏ ਕਿ ਕਦੇ ਨਿਰਦੋਸ਼ਿਆਂ ਨਾਲ ਓਹ ਜੁੱਧ ਨਹੀਂ ਹੋਏ। ਪਹਿਲਾਂ ਕੀਮਤ ਦੇਂਦੇ ਹਨ, ਨਾ ਮਿਲੇ ਤਾਂ ਫੇਰ ਜ਼ੋਰ ਦਿਖਾਲਦੇ ਹਨ। ਜਗਤ ਦੀਆਂ ਫੌਜਾਂ ਵਿਚ ਹੁਣ ਤੱਕ ਇਹੀ ਰਿਵਾਜ ਦਰੁਸਤ ਮੰਨੀਂ ਦਾ ਹੈ।

ਸਗਰੇ ਨਗਰ ਪ੍ਰਗਟ ਭੀ ਗਾਥਾ।
'ਭੂਮਿ ਮੋਲ ਲੀਨਸਿ ਗੁਰ ਨਾਥਾ' ॥੭॥
ਡੇਰਾ ਭਲੀ ਪ੍ਰਕਾਰ ਜਮਾਯੋ।
ਇਕ ਦਿਨ ਪ੍ਰਭੁ ਅਖੇਰ ਮਨ ਭਾਯੋ।
ਕਿਤਿਕ ਦੂਰ ਚਢਿ ਗਏ ਅਖੇਰਾ।
ਆਸ਼੍ਰਮ ਪਿਖ੍ਯੋ ਬਿਰਾਗੀ ਕੇਰਾ ॥੮॥
ਗਯੋ ਸਾਧ ਕਿਤ ਅਪਰ ਸਥਾਨਾ।
ਹੇਰਿ ਛਾਂਗ ਤਿਸ ਪੁਸ਼ਟ ਮਹਾਨਾ।
ਕਰਿ ਝਟਕਾ ਰਿੰਧਵਾਇ ਸੁ ਖਾਯਾ।
ਬੈਠੇ ਰਹੇ ਸਘਨ ਤਰੁ ਛਾਯਾ ॥੯॥
ਕਿਤਿਕ ਸਮੇਂ ਮਹਿਂ ਅੰਤਰ ਗਏ।
ਸੁੰਦਰ ਥਲ ਅਵਿਲੋਕਤਿ ਭਏ।
ਏਕ ਬਿਸਾਲ ਪ੍ਰਯੰਕ ਡਸਾਯੋ।
ਆਸਤਰਨ ਸਿਤ ਤੇ ਸ਼ੁਭ ਛਾਯੋ ॥੧੦॥
ਤਿਸ ਪਰ ਬੈਠੇ ਜਾਇ ਗੁਸਾਈਂ।
ਕੇਤਿਕ ਸਮੋਂ ਬਿਤਜ੍ਯੋ ਤਿਸ ਥਾਈਂ।
ਇਕ ਚੇਲਾ ਅਵਿਲੋਕਿ ਪਲਾਯੋ।
ਜਹਾਂ ਸਾਧ ਤਹਿਂ ਜਾਇ ਸੁਨਾਯੋ ॥੧੧॥
'ਇਹਾਂ ਵਹਿਰ ਬੈਠੇ ਕਿਸ ਭਾਂਤਿ?
ਡੇਰੇ ਬਿਖੇ ਭਯੋ ਉਤਪਾਤ।
ਕੋ ਇਕ ਪੁਰਖ ਤੇਜ ਬਡ ਧਾਰੀ।
ਪ੍ਰਥਮ ਛਾਂਗ ਹਤਿ ਕੀਨ ਅਹਾਰੀ ॥੧੨॥
ਤਿਹ ਬਿਲੋਕਿ ਹਮ ਤੂਸ਼ਨ ਰਹੇ।
ਕੀਨਸਿ ਖਾਨਿ ਤ੍ਰਾਸ ਨਹਿਂ ਲਹੇ।
ਪੁਨ ਸਥਾਨ ਅੰਤਰ ਗਮਨਾਯੋ।
ਹਮ ਲੇ ਕਰਿ ਤੁਮ ਨਾਮ ਹਟਾਯੋ ॥੧੩॥
ਬਰਜ੍ਯੋ ਰਹ੍ਯੋ ਨ, ਪਹੁੰਚ੍ਯੋ ਤਹਾਂ।
ਬਿਸਦ ਸੇਜ ਰਾਵਰ ਕੀ ਜਹਾਂ।
ਮਾਨੀ ਸ਼ੰਕ ਨ ਮਨ ਮਹਿਂ ਕੈਸੇ।
ਤਿਸ ਪ੍ਰਯੰਕ ਕੇ ਊਪਰ ਬੈਸੇ' ॥੧੪॥
ਮਾਧੋਦਾਸ ਸੁਨਤਿ ਰਿਸ ਠਾਨੀ।
'ਕੋ ਐਸੋ ਜਗ ਪੁਰਖ ਗੁਮਾਨੀ।

ਇਕ ਤੌਂ ਨਹੀਂ ਸਾਧੁ ਲਖਿ ਟਰਜੋ।
ਦੁਤੀਏ ਮੈਂ ਅਜ਼ਮਤਿ ਕਰਿ ਭਰਜੋ ॥੧੫॥
ਤ੍ਰਿਤੀਏ ਨਹੀਂ ਸਾਧ ਅਸ ਕੋਈ।
ਗ੍ਰਿਹਸਤੀ ਅਹੈ ਸ਼ਸਤ੍ਰ ਧਰਿ ਸੋਈ।'
ਪਠਜੋ ਬੀਰ[1] ਇਕ 'ਦੇਹੁ ਸਜ਼ਾਇ।
ਸਿਹਜਾ ਤੇ ਮਾਰਹੁ ਉਲਟਾਇ ॥੧੬॥
ਜਿਸ ਤੇ ਪ੍ਰਾਨ ਸਹਤ ਨਹਿਂ ਰਹੈ।
ਆਗੇ ਪਿਖਿ ਸਗਰੇ ਡਰ ਲਹੈਂ।
ਸਾਧ ਅਵੱਗਜਾ ਕਰੈ ਨ ਕੋਈ।
ਜਿਸ ਕੀਨੀ ਸਹਿ ਸੰਕਟ ਸੋਈ' ॥੧੭॥
ਸੁਨਤਿ ਬੀਰ ਤੂਰਨ ਹੀ ਧਾਯੋ।
ਜਯੋਂ ਧਨੁ ਤੇ ਕਿਨ ਬਾਨ ਚਲਾਯੋ।
ਆਇ ਉਠਾਵਨ ਲਾਗਸਿ ਪਾਵਾ।
ਕਰਜੋ ਓਜ ਨਹਿਂ ਤਊ ਉਠਾਵਾ ॥੧੮॥
ਦੁਤਿਯ ਬੀਰ ਤਬਿ ਸਾਧ ਪਠਾਯੋ।
ਚਾਹਤਿ ਹੈ ਪਰਯੰਕ ਉਠਾਯੋ।
ਦੋਨਹੁਂ ਪਾਵੈਂ ਪਰ ਦ੍ਵੈ ਤੀਰ।
ਗੁਰੂ ਖੁਭਾਇ ਧਰੇ ਜੁਤਿ ਧੀਰ ॥੧੯॥
ਬੀਰਨ ਮਹਿਂ ਏਤਿਕ ਬਲ ਕਹਾਂ।
ਖਾਟ ਉਠਾਇ ਸੁ ਪਲਟਹਿਂ ਤਹਾਂ।
ਜਾਨੀ ਸਾਧ -ਨ ਜੁਗ ਤੇ ਹਾਲਾ[2]।
ਹ੍ਵੈ ਹੈ ਕੋਊ ਪੁਰਖ ਬਿਸਾਲਾ- ॥੨੦॥
ਤ੍ਰਿਤੀ ਪਠਜੋ, ਪੁਨ ਚਾਰਹੁਂ ਆਏ।
ਲਾਇ ਰਹੇ ਬਲ ਨਹਿਂ ਉਲਟਾਏ।
ਚਾਰਹੁਂ ਪਾਵੋਂ ਪਰ ਸਰ ਚਾਰ।
ਕਰੇ ਟਿਕਾਵਨਿ ਭਾਰ ਉਦਾਰ ॥੨੧॥
ਜਬਿ ਨਹਿਂ ਉਲਟਜੋ ਬੀਰਨ ਜਾਨੀ।
ਤਰੇ ਧਸਾਵਨ* ਲਗੇ ਮਹਾਨੀ।
ਜਬਿ ਚਾਰਹੁਂ ਰਿਸ ਤੇ ਬਲ ਕੀਨਿ।

---

[1]ਗੁਪਤ ਵਜਕਤੀ ਤੋਂ ਮੁਰਾਦ ਹੈ, ਮੁਅੱਕਲ।
[2]ਸਾਧ ਨੇ ਜਾਣ ਲਿਆ ਕਿ ਦੁਹਾਂ ਤੋਂ ਨਹੀਂ ਹਿੱਲਿਆ।
*ਪਾ:-ਧਵਾਸਨ।

ਹਲੀ ਖਾਟ, ਚਾਲੀ, ਤਰ, ਚੀਨ[੧] ॥੨੨॥
ਪਾਵੇ ਲਗੇ ਧਸਨ ਜਬਿ ਹੇਰੇ।
ਸ਼੍ਰੀ ਸਤਿਗੁਰ ਬੋਲੇ ਤਿਸ ਬੇਰੇ।
'ਕਾਸ਼ਟ! ਕੁਛ ਹਮ ਸੋਂ ਨਹਿਂ ਬੈਰਾ।
ਧਰਨੀ ਧਸਤਿ, ਨ ਰਹਿਤ ਉਚੇਰਾ?' ॥੨੩॥
ਹਾਥ ਪਾਇ ਕਰਿ[੨] ਖਾਟ ਟਿਕਾਈ।
ਭਈ ਅਕਾਰਥ ਅਜ਼ਮਤਿ ਲਾਈ[੩]।
ਅਪਨੇ ਤੇ ਬਹੁ ਬਡੇ ਬਿਚਾਰਾ।
ਮਾਧੋ ਦਾਸ ਖੋਇ ਅਹੰਕਾਰਾ ॥੨੪॥
ਹ੍ਵੈ ਕਰਿ ਦੀਨ ਤਬੈ ਚਲਿ ਆਯੋ।
ਸ਼੍ਰੀ ਗੁਰ ਬੈਠੇ ਦਰਸ਼ਨ ਪਾਯੋ।
ਬੰਦਨ ਕਰੀ ਰਹਜੋ ਕਰ ਜੋਰਿ।
ਅਵਿਲੋਕਤਿ ਸ਼੍ਰੀ ਮੁਖ ਕੀ ਓਰ ॥੨੫॥
ਬੂਝਜੋ ਪ੍ਰਭੂ 'ਕੌਨ ਤੂੰ ਅਹੈਂ?
ਇਸ ਥਲ ਮਹਿਂ ਕੈਸੇ ਕਰਿ ਰਹੈਂ?'
[੪]'ਇਹ ਮਮ ਗੁਰ ਕੋ ਆਸ਼੍ਰਮ ਭਾਰੀ।
ਚਿਰੰਕਾਲ ਤਪ ਕੀਨਿ ਅਚਾਰੀ ॥੨੬॥
ਤਿਸ ਪੀਛੇ ਮੈਂ ਇਸ ਥਲ ਬਾਸਾ।
ਰਹੌਂ ਏਕ[੫] ਭਾਵਹਿ ਤਪ ਰਾਸਾ।'
ਸੁਨਿ ਗੁਰ ਭਨਜੋਂ 'ਤੋਹਿ ਗੁਰ ਕਹਾਂ।
ਮਰਿ ਕਰਿ ਪਹੁੰਚਜੋ ਜਾਨਹਿਂ ਤਹਾਂ ॥੨੭॥
ਜਿਸ ਭਰਵਾਸ਼ੇ ਆਸ਼੍ਰਮ ਰਹੈਂ।
ਤਿਸ ਕੋ ਲਖਹਿਂ ਕਿ ਨਹਿਂ, ਕਿਤ ਅਹੈ?'
ਸੁਨਤਿ ਦੀਨਿ ਹੁਇ ਸਾਧ ਬਖਾਨਾ।
'ਸ਼ਕਤਿ ਨ ਏਤੀ, ਮੈਂ ਨਹਿਂ ਜਾਨਾ ॥੨੮॥
ਜੇ ਕਰਿ ਤੁਮ ਮਹਿਂ ਸ਼ਕਤਿ ਇਤੀਕ।
ਲੋਕ ਪ੍ਰਲੋਕ ਲਖਹੁ ਬਿਧਿ ਨੀਕ।
ਤੌ ਮਮ ਗੁਰ ਕੌ ਦੇਹੁ ਦਿਖਾਈ।

---

[੧]ਖਾਟ ਹਿੱਲਕੇ ਹੇਠ ਨੂੰ ਚਲਦੀ ਜਾਣੀ (ਗੁਰੂ ਜੀ ਨੇ)।
[੨](ਦੋਵੇਂ) ਹੱਥ ਪਾਕੇ।
[੩](ਸਾਧੂ ਦੀ) ਅਜ਼ਮਤ ਲਾਈ ਐਵੇਂ ਗਈ।
[੪]ਸਾਧ ਨੇ ਉਤਰ ਦਿੱਤਾ।
[੫]ਇਕੱਲਾ।

ਪੁਨ ਨਿਸ਼ਚਾ ਨਿਹਚਲ ਟਿਕਿ ਜਾਈ' ॥੨੯॥
ਤਬਿ ਗੁਰ ਭਨਜੋਂ 'ਤਰੋਵਰ ਖਰਜੋ।
ਤਿਸ ਕੇ ਫਲ ਕੀੜਾ ਹੁਇ ਪਰਜੋ।
ਜੇ ਕਰਿ ਪਤਾ ਚਾਹਤਿ ਅਬਿ ਲਜਾਵਹੁ।
ਕਰਿ ਹਮ ਢਿਗ ਲੇ ਨਾਮ ਬੁਲਾਵਹੁ' ॥੩੦॥
ਸੁਨਿ ਸਾਧੂ ਨੇ ਸੋ ਫਲ ਦੇਖਾ।
ਹੈ ਪਰਪੱਕਜ ਲਾਲ ਅਵਰੇਖਾ।
ਗੁਰ ਕੇ ਕਹੋ ਤੋਰ ਕਰਿ ਲਜਾਵਾ।
ਨਿਕਟ ਲਜਾਇ ਕੀੜਾ ਦ੍ਰਿਸ਼ਟਾਵਾ ॥੩੧॥
ਧੁਨਿ ਊਚੀ ਲੇ ਨਾਮ ਗੁਹਾਰਾ।
ਕੀਰੇ 'ਕਿਰਰ ਕਿਰਰ' ਉੱਚਾਰਾ।
ਜਾਨਿ ਲੀਨਿ -ਨਿਸ਼ਚੇ ਗੁਰ ਮੇਰੋ।
ਕਹਾਂ ਭਈ ਗਤਿ!- ਬਿਸਮ ਬਡੇਰੋ ॥੩੨॥
ਸ਼੍ਰੀ ਗੁਰ ਭਨਜੋਂ 'ਚਿੰਤ ਕਜਾ ਕੀਜੈ।
ਸ਼ੇਸ਼ ਕਰਮ ਇਸ ਕੋ[1] ਲਖਿ ਲੀਜੈ।
ਇਹ ਤਨ ਤਜਿ ਅਬਿ ਸ਼ੁਭ ਗਤਿ ਪਾਵੈ।
ਬਹੁਰ ਨਹੀਂ ਅਪਗਤਿ ਅਸ ਜਾਵੈ' ॥੩੩॥
ਹੁਤੋ ਹਾਥ ਮਹਿਂ ਫਲ ਮ੍ਰਿਤੁ ਭਯੋ।
ਤਿਸ ਤੇ ਨਿਕਸਿ ਧਰਾ ਗਿਰ ਗਯੋ।
ਕਹਜੋ[2] 'ਪ੍ਰਭੂ! ਤੁਮ ਕਰੁਨਾ ਕਰੀਯਹਿ।
ਮੋਰ ਕਰਮ[3] ਪਰ ਦ੍ਰਿਸ਼ਟਿ ਨ ਧਰੀਅਹਿ ॥੩੪॥
ਅਪਨੀ ਸੇਵਾ ਮੁਹਿ ਫੁਰਮਾਵਹੁ।
ਪਗ ਪੰਕਜ ਪਰ ਮੋਹਿ ਲਗਾਵਹੁ।
ਰਾਖੁ ਲੇਹੁ ਸ਼ਰਨਾਗਤਿ ਪਰਜੋ।'
ਦੇਨਿ ਦੇਖਿ ਪ੍ਰਭੁ ਬਿਗਸਿ ਉਚਰਜੋ ॥੩੫॥
'ਹਮ ਕੋ ਹੁਕਮ ਅਹੈ ਕਰਤਾਰਾ।
-ਬਿਦਤਾਵਹੁ ਜਗ ਪੰਥ ਕਰਾਰਾ।
ਤੁਰਕ ਤੇਜ ਕੋ ਕਰੌਂ ਬਿਨਾਸ਼ਾ।
ਜੋ ਅਬਿ ਪਸਰਿ ਰਹਜੋ ਚਹੁੰ ਪਾਸਾ- ॥੩੬॥

---
[1]ਇਸ ਦਾ (ਇਕੋ) ਕਰਮ (ਭੋਗਣਾ) ਬਾਕੀ ਸੀ।
[2](ਸਾਧ ਨੇ) ਕਿਹਾ।
[3]ਬੀਰਾਂ ਦਾ ਭੇਜਣਾ ਰੂਪੀ (ਬੇਅਦਬੀ ਦਾ) ਕਰਮ।

ਤੂੰ ਬਤਾਉ ਕਹੁ ਕੈਸੇ ਕਰਨਾ।
ਮਿਲਹੁ ਕਿ ਨਹੀਂ ਸ਼ਤ੍ਰੂ ਗਨ ਹਰਨਾ?'
ਬੋਲਜੋ ਸਾਧ 'ਆਪ ਹੋ ਮਾਲਕ।
ਤੁਮਰਾ ਬੰਦਾ ਕਰੌਂ ਨ ਆਲਕ[1] ॥੩੭॥
ਹੁਇ ਰਾਵਰਿ ਆਇਸੁ ਅਨੁਸਾਰੀ।
ਕਰੌਂ ਜੰਗ ਭੰਗੌਂ ਰਿਪੁ ਭਾਰੀ।
ਤੁਮ ਸਹਾਇਤਾ ਲੈ ਖਰ ਖੰਡਾ।
ਕਰੌਂ ਘਮੰਡ[2] ਪ੍ਰਚੰਡ ਖੰਡ ਖੰਡਾ' ॥੩੮॥
ਹਸਿ ਬੋਲੇ 'ਹਮ ਦੀਨਾ ਹੁਕਮ।
ਬਾਲੂ ਮੱਧ ਨਿਕਾਸਾ ਰੁਕਮ[3]।
ਦੇਸ਼ ਪੰਜਾਬ ਜਾਹੁ ਮਮ ਬਦਲਾ[4]।
*ਬਿਮੁਖ ਹੁਏ ਮੇਰੇ ਮਨ ਰਦਲਾ[5] ॥੩੯॥
ਪੰਥ ਤੇਜ ਤੇਰੇ ਹੀ ਦੀਨਾ[6]।
ਸਭਿਨਿ ਬਿਖੈ ਤੋ ਕੋ ਮੁਖਿ ਕੀਨਾ।
ਅਪਨਿ ਆਪ ਤੇ ਭਾਖਜੋ ਬੰਦਾ।
ਇਹ ਬਿਦਤੈ ਜਗ ਨਾਮ ਬਿਲੰਦਾ ॥੪੦॥
ਨਹਿੰ ਠਹਿਰਹਿ ਰਿਪੁ ਤੋਹਿ ਅਗਾਰੀ।
ਹੁਇ ਸੰਘਰ ਘਮਸਾਨ ਉਦਾਰੀ।
ਲਰੈਂ ਅਰੈਂ ਲਾਖਹੁੰ ਹੀ ਮਰੈਂ।
ਬਚੈਂ ਸੁ ਜੀਵ ਭਾਜ ਜੋ ਪਰੈਂ' ॥੪੧॥
ਸੁਨਿ ਗੁਰਵਾਕ ਭਯੋ ਮਨ ਗਾਢੋ।
ਹਾਥ ਜੋਰਿ ਸਨਮੁਖ ਰਹਿ ਠਾਢੋ।
ਕਰਨ ਜੰਗ ਕੋ ਭਾ ਅਨੁਸਾਰੀ।
ਕ੍ਰਿਪਾ ਦ੍ਰਿਸ਼ਟਿ ਸਤਿਗੁਰੂ ਨਿਹਾਰੀ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਪੰਚਮੋਂ ਅੰਸੂ ॥੫॥

---

[1] ਆਲਸ।
[2] ਯੁੱਧ।
[3] ਰੇਤ ਵਿਚੋਂ ਸੋਨਾ ਕਢਿਆ ਹੈ।
[4] ਪੰਜਾਬ ਦੇਸ਼ ਵਿਚ ਮੇਰੀ ਥਾਵੇਂ ਜਾਵੋ।
*ਇਹ ਤੁਕਾਂ ਸੌ ਸਾਖੀ ਦੀ ੫੭ਵੀਂ ਸਾਖੀ ਦੀਆਂ ਹਨ। ਇਸੇ ਕਰਕੇ ਸਿਥਲ ਜੇਹੀਆਂ ਹਨ, ਕਵੀ ਜੀ ਦੀ ਰਚਨਾਂ ਤੁੱਲ ਨਹੀਂ ਹਨ।
[5] ਹੇ ਮੇਰੇ ਬੰਦੇ! ਜੋ ਬੇਮੁਖ ਹੋਏ ਹਨ ਉਨ੍ਹਾਂ ਨੂੰ ਰੱਦ ਕਰ [ਮਨ=ਮਨੁਜ, ਬੰਦਾ]।
[6] ਤੇਜਵਾਲਾ ਪੰਥ ਤੇਰੇ ਹੱਥ ਦਿੱਤਾ ਹੈ।

## ੬. [ਬੰਦੇ ਨੂੰ ਬਖਸ਼ਿਸ਼]

੫<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੭

ਦੋਹਰਾ: ਸ਼੍ਰੀ ਗੁਰ ਨਿਕਟਿ ਬਿਠਾਇ ਕਰਿ,
ਗਰ ਤੇ ਖੜਗ ਉਤਾਰਿ।
ਦੇਨਿ ਲਗੇ ਯੁਤ ਤੇਜ ਕੇ,
ਕਰਨ ਹੇਤ ਸਰਦਾਰ[1] ॥੧॥

ਚੌਪਈ: ਦਯਾ ਸਿੰਘ ਅਰੁ ਧਰਮ ਸਿੰਘ ਪੁਨ।
ਇਨ ਤੇ ਆਦਿ ਖਾਲਸਾ ਢਿਗ ਗੁਨ।
ਦੇਖਤਿ ਹਾਥ ਜੋਰਿ ਹੁਇ ਖਰੇ।
'ਸ਼੍ਰੀ ਗੁਰ ਅਧਿਕ ਕ੍ਰਿਪਾ ਕਰਿ ਢਰੇ ॥੨॥
ਜੇ ਕਰਿ ਖੜਗ ਦੇਹੁ ਇਨ ਧਰੇ।
ਪੰਥ ਆਪ ਕੋ ਕਜਾ ਤਬਿ ਕਰੇ।
ਰਹੇ ਆਦਿ ਤੇ ਸੰਗ ਤੁਮਾਰੇ।
ਸਹੇ ਕਸ਼ਟ ਬਹੁ ਮਰੇ ਹਜ਼ਾਰੇ ॥੩॥
ਸਰਬ ਅਕਾਰਥ ਸਿੰਘਨ ਕੇਰਾ।
ਦਿਯੋ ਜਵਾਬ ਆਪ ਇਸ ਬੇਰਾ।
ਸੇਵਾ ਕਰਨੀ ਬਿਨੈ ਉਚਾਰੇਂ।
ਇਸ ਤੇ ਬਿਨ ਕਜਾ ਬਸੀ ਹਮਾਰੇ ॥੪॥
ਜੇ ਕਰਿ ਘਾਲ ਅਕਾਰਥ ਖੋਵਹੁ।
ਸਹੀ ਆਪਨੇ ਸਿਖ ਕਰ ਜੋਵਹੁ[2]।
ਸਭਿ ਕੋ ਦਿਹੁ ਜਵਾਬ ਇਸ ਕਾਲਾ।
ਕਜਾ ਕਰਿ ਸਕੈ ਖਾਲਸਾ ਜਾਲਾ' ॥੫॥
ਇਮ ਕਹਿ ਸਭਿ ਕੇ ਦ੍ਰਿਗ ਭਰਿ ਆਏ।
ਰੁਦਤਿ ਅਧਿਕ ਉਰ ਚਿੰਤ ਉਪਾਏ।
'ਦਿਯੋ ਚਹਤਿ, ਦੀਜੈ ਇਸ ਤੀਰ।
ਖੜਗ ਖਾਲਸੇ ਕੇ ਰਹਿ ਤੀਰ' ॥੬॥
ਸੁਨਿ ਪਿਖਿ ਕੈ ਗੁਰ ਕ੍ਰਿਪਾ ਉਪਾਈ।
'ਕਯੋਂ ਤੁਮ ਸੰਸੈ ਰਿਦੈ ਉਠਾਈ[3]।
[4]ਜਾਨਹੁ ਰਿਦੈ ਕਮਾਇਕ ਮੇਰਾ।

---

[1]ਭਾਵ ਜਥੇਦਾਰ ਬਨਾਉਣ ਲੱਗੇ ਹਨ, ਗੁਰਜਾਈ ਨਹੀਂ ਦੇਣ ਲੱਗੇ।
[2]ਜਿਧਰ ਕਿਧਰ ਆਪਣੇ ਸਿੱਖ ਜੋ ਦੇਖਦੇ ਹੋ।
[3]ਇਸ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਜੀ ਗੱਦੀ ਨਹੀਂ ਸਨ ਦੇਣ ਲੱਗੇ।

ਭੋਗੇ ਪੁੱਤ੍ਰ ਖਾਲਸਾ ਮੇਰਾ ॥੭ ॥ {ਵਿਸ਼ੇਸ਼ ਟੂਕ}

ਰਿਪੁ ਕੰਟਕ ਇਹ ਬੀਨ ਮਿਟਾਵੈ।
ਬਿਚਰਤਿ ਸਿੰਘ ਅਨਿਕ ਸੁਖ ਪਾਵੈਂ।
ਰਾਜ ਦੇਸ਼ ਕੋ ਅਹੈ ਤੁਮਾਰੋ।
ਸੋ ਨਹਿਂ ਟਰਹਿ ਕਿਸੂ ਤੇ ਟਾਰੋ ॥੮॥
ਇਹੁ ਚਿੰਤਾ ਤੁਮ ਦੇਹੁ ਮਿਟਾਈ।
ਰਾਜ ਤੇਜ ਤੁਮ ਤੇ ਨਹਿਂ ਜਾਈ।
ਹਰਖ ਧਰਹੁ ਚਿਤ ਚਾਹਤਿ ਜੈਸੇ।
ਬੰਦੇ ਕੋ ਬਖਸ਼ਹਿਂ ਸਰ ਤੈਸੇ' ॥੯॥

ਇਮ ਕਹਿ ਗਰੇ ਖੜਗ ਕੋ ਧਾਰਾ।
ਸਿੰਘਨਿ ਕੋ ਸਤਿਕਾਰਿ ਬਿਠਾਰਾ।

ਬਿਚ ਨਿਖੰਗ ਤੇ ਪਾਂਚਹੁਂ ਤੀਰ।
ਦੇਤਿ ਭਏ ਬੰਦੇ ਕੋ ਤੀਰ ॥੧੦॥
ਸ਼੍ਰੀ ਮੁਖ ਕਹਯੋ 'ਜਤੀ ਰਹਿਂ ਜਾਵਤਿ।
ਰਹੈ ਤੇਜ ਤੇਰੋ ਵਧਿ ਤਾਵਤਿ।
ਬ੍ਰਹਮਚਰਜ ਤੇ ਮੁਖ ਨਹਿਂ ਮੁਰੈ।
ਬ੍ਰਹਮਚਰਜ ਤੇ ਰਿਪੁ ਨਹਿਂ ਅਰੈ ॥੧੧॥
ਬ੍ਰਹਮਚਰਜ ਤੇ ਤੇਜ ਸਵਾਯਾ।
ਬ੍ਰਹਮਚਰਜ ਤੇ ਸਭਿ ਕਿਛ ਪਾਯਾ।
ਬੰਦਾ ਭਯੋ ਜਿ ਬੰਦੀ ਬਜਾਹੈ[2]।
ਤਬਿ ਇਨ ਸਰਨਿ[3] ਤੇਜ ਘਟ ਜਾਹੈ ॥੧੨॥
ਜਮਨਾ ਪਾਰ ਜਾਇ ਸਭਿ ਠੌਰਾ।
ਹਨਹੁ ਦੁਸ਼ਟ ਘਾਲਹੁ ਬਡ ਰੌਰਾ।
ਪਰੈ ਬੂੜੀਏ[4] ਥੇ ਕੁਛ ਜਾਇ।
ਥਿਰਹੁ ਹੇਰਿ ਕੋ ਊਚੀ ਥਾਇਂ ॥੧੩॥
ਪਠਹਿਂ ਹੁਕਮਨਾਮਾ ਹਮ ਪਾਛੈ।
ਮਿਲਹਿਂ ਸਿੰਘ ਪੰਚਹੁਂ ਜਬਿ ਆਛੈ।
ਤਬਿ ਲੂਟਨ ਲਾਗਹੁ ਸਭਿ ਦੇਸ਼ਾ।

---

[1]ਹਿਰਦੇ ਵਿਚ ਜਾਣ ਲਓ ਕਿ ਇਹ ਮੇਰਾ ਕਾਰਿੰਦਾ ਹੈ ਤੇ ਖਾਲਸਾ ਮੇਰਾ ਪੁੱਤ੍ਰ ਹੈ ਜੋ (ਸੁਖ) ਭੋਗੇਗਾ। [ਕਮਾਇਕ=ਕਮਾਈ ਕਰਨ ਵਾਲਾ, ਕਾਰਿੰਦਾ]।
[2]ਬੰਦਾ ਹੋਕੇ ਜੇ ਬਾਂਦੀ (ਇਸਤ੍ਰੀ) ਵਿਆਹੇਗਾ।
[3]ਇਨ੍ਹਾਂ ਤੀਰਾਂ ਦੀ।
[4]ਬੂੜੀਏ ਪਿੰਡ ਤੋਂ ਪਰੇ।

ਹਤਹੁ ਜਿ ਲਰਨੇ ਆਇ ਵਿਸ਼ੇਸ਼ਾ* ॥੧੪॥
ਪ੍ਰਥਮ ਦੌਰਿ ਜਿਸ ਠੌਰ ਸਢੌਰਾ।
ਕਰਹੁ ਕਤਲ ਘਾਲਹੁ ਬਡ ਰੌਰਾ।
ਪੁਨ ਤੁਰਕਨ ਕੇ ਪੁਰਿ ਸਭਿ ਮਾਰੋ।
ਲੂਟਿ ਕੂਟਿ ਕਰਿ ਦੁਸ਼ਟ ਸੰਘਾਰੋ ॥੧੫॥
ਜਬਿ ਦਲ ਵਧਹਿ ਸਿਰੰਦ ਸਿਧਾਰਹੁ।
ਤਹਾਂ ਵਜ਼ੀਦ ਖਾਨ ਸਿਰਦਾਰਹੁ।
ਸਾਹਿਬਜ਼ਾਦੇ ਜਿਨ ਮਰਵਾਏ।
ਲਰਤਿ ਆਪ ਲਿਹੁ ਤਿਸ ਕੋ ਘਾਏ ॥੧੬॥
ਨਿਜ ਕਰ ਤੇ ਸਿਰ ਛੇਦਨਿ ਕਰੋ।
ਪੁਰਿ ਸਿਰੰਦ ਬਿਧ੍ਵੰਸ ਪ੍ਰਹਰੋ[1]।
ਸਾਧੂ ਮੂਲਾ ਹੈ ਜਿਸ ਨਾਮ।
ਬਸੈ, ਨ ਲੂਟਹੁ, ਨਗਰ ਸੁਨਾਮ[2] ॥੧੭॥
ਅਪਰ ਦੇਸ਼ ਮਹਿਂ ਘਾਲਹੁ ਰੌਰਾ।
ਲੂਟਿ ਕੂਟਿ ਲੀਜੈ ਸਭਿ ਠੌਰਾ।
ਪੁਨਹਿ ਪਹਾਰਨਿ ਬਿਖੈ ਪ੍ਰਵੇਸ਼ਹੁ।
ਰਾਜੇ ਰਾਣੇ ਰਾਵ ਬਿਸ਼ੇਸ਼ਹੁ ॥੧੮॥
ਗਨ ਮੀਏਂ ਬਿਧ੍ਵੰਸਨ ਕਰਿ ਕੈ।
ਸਭਿ ਧਾਰਨ[3] ਕੇ ਬਿਖੈ ਬਿਚਰਿ ਕੈ।
ਖੋਜਿ ਖੋਜਿ ਦ੍ਰੋਹੀ ਗੁਰ ਘਰ ਕੇ।
ਅੰਤਕ ਧਾਮ ਪਠਾਵਨਿ ਕਰਿਕੇ ॥੧੯॥
ਲਿਹੁ ਬਦਲਾ ਜਿਮ ਜਾਨਹਿ ਦੇਸ਼।
ਜਹਿਂ ਕਹਿਂ ਧੂੰਮ ਮਚਾਇ ਵਿਸ਼ੇਸ਼।
ਬੁੱਧੂ ਸ਼ਾਹ ਅਧਿਕ ਦਰਵੇਸ਼।
ਹਮ ਸੋਂ ਮੇਲ ਕਰਜੋ ਸ਼ੁਭ ਵੇਸ਼ ॥੨੦॥
ਬਸਤਿ ਹੁਤੋ ਬਿਚ ਸ਼ਹਿਰ ਸਢੌਰੇ।
ਮਿਲਜੋ ਪਾਂਵਟਾ ਮਹਿਂ ਰਣ ਠੌਰੇ।
ਨਰ ਗਨ ਲੇ ਕਰਿ ਲਰਜੋ ਘਨੇਰੇ।

---

*ਭੰਗੂ ਜੀ ਨੇ ਇਸ ਵੇਲੇ ਦੀ ਆਗਿਆ ਇਹ ਦੱਸੀ ਹੈ ਕਿ 'ਦੋਖੀਆਂ ਨੂੰ ਦੰਡ ਦੇਣਾ।' ਸਭ ਦੇਸ਼ ਲੁੱਟਣ ਦਾ ਹੁਕਮ ਨਹੀਂ ਦੱਸਿਆ ਨੇ।
[1]ਮਾਰਕੇ ਨਾਸ਼ ਕਰੋ।
[2]ਸੁਨਾਮ ਨਗਰ ਜੋ ਰਿਆਸਤ ਪਟਿਆਲਾ ਵਿਚ ਹੈ।
[3]ਪਹਾੜਾਂ ਦੀਆਂ ਧਾਰਾਂ।

ਬਿਜੈ ਲਈ ਰਿਪੁ ਹਤੇ ਬਡੇਰੇ ॥੨੧॥
ਤਿਸ ਕੇ ਸਾਥ ਬਾਦ ਕਰਿ ਭਾਰੇ[1]।
ਤੁਰਕੇਸ਼ੁਰ ਕੇ ਨਿਕਟ ਉਚਾਰੇ।
ਸਹਤ ਮੁਰੀਦ ਕਤਲ ਕਰਿਵਾਯੋ।
ਇਕ ਲਰਕਾ ਬਚਿ ਅਨਤ ਸਿਧਾਯੋ ॥੨੨॥
ਇਸ ਕਾਰਨ ਤੇ ਸ਼ਹਿਰ ਸਢੌਰੇ।
ਨਰ ਬਹੁ ਖੋਟੇ ਦੁਰਮਤਿ ਬੌਰੇ।
ਪ੍ਰਥਮ ਬਿਨਾਸ਼ ਕਰਹੁ ਤਿਨ ਕੇਰਾ।
ਪੁਨ ਲੇ ਕਰਿ ਦਲ ਚਲਹੁ ਅਗੇਰਾ' ॥੨੩॥
ਸੀਖਯਾ ਸਕਲ ਸੁਨੀ ਜਬਿ ਬੰਦੇ।
ਬੂਝਨਿ ਲਗਯੋ ਜੁਗਮ ਕਰ ਬੰਦੇ।
ਜਾਇ ਤਹਾਂ ਏਕਲ ਕਯਾ ਕਰਿਹੂੰ।
ਲਾਖਹੁੰ ਸੰਗ ਜੰਗ ਕਿਮ ਭਿਰਿਹੂੰ ? ॥੨੪॥
ਜਿਮ ਪਲਟਾ ਲੈ ਹੌਂ ਰਿਪੁ ਘਾਇ।
ਜਥਾ ਲਾਜ ਮਮ ਜਗੁ ਰਹਿ ਜਾਇ।
ਕਰਨਿ ਉਚਿਤ ਪ੍ਰਭੁ ਇਸ ਬਿਧਿ ਕਾਜ।
ਪ੍ਰਗਟੈ ਨਾਮ ਗ਼ਰੀਬ ਨਿਵਾਜ' ॥੨੫॥
ਸਤਿਗੁਰ ਭਨਯੋਂ 'ਸੈਨ ਭੰਡਾਰਾ।
ਹੋਨਿ ਅਕਾਲੀ ਲਾਖ ਹਜ਼ਾਰਾ[2]।
ਸੋ ਦੇ ਕਰਿ ਕੀਨੇ ਅਨੁਸਾਰੀ।
ਹੋਹਿ ਸੰਗ ਤੁਮ ਲਸ਼ਕਰ ਭਾਰੀ ॥੨੬॥
ਜੇ ਪ੍ਰਤੀਤ ਨਹਿਂ ਮੂੰਦਹੁ ਨੈਨੰ।
ਲਿਹੁ ਬਿਲੋਕਿ ਚਿਤ ਮਹਿਂ ਧਰਿ ਚੈਨੰ।'
ਸੁਨਤਿ ਬਿਲੋਚਨ ਮੂੰਦੇ ਜਬੈ।
ਦਿਖੇ ਗਗਨ ਮਹਿਂ ਲਾਖਹੁੰ ਤਬੈ ॥੨੭॥
ਪੰਥ ਅਨੇਕ ਆਹਿਂ, ਨਹਿਂ ਪਾਰਾ।
ਭਈ ਭੀਰ ਦਲ ਸਿੰਘਨਿ ਭਾਰਾ।
ਤੁਪਕ ਧਨੁਖ ਸਰ ਧਾਰਨ ਹਾਰੇ।
ਰਿਪੁ ਹਤਿਬੇ ਰਣ ਬਿਖੈ ਕਰਾਰੇ ॥੨੮॥
ਪ੍ਰਭੁ ਕੀ ਪ੍ਰਭੁਤਾ ਪਿਖੀ ਬਿਸਾਲਾ।

---

[1](ਸਢੌਰੇ ਦੇ ਕਾਜ਼ੀਆਂ ਤੇ ਖੋਟੇ ਲੋਕਾਂ ਨੇ) ਉਸ (ਬੁੱਧੂ ਸ਼ਾਹ) ਨਾਲ ਭਾਰੇ ਝਗੜੇ ਕਰਕੇ.....।
[2]ਗੁਪਤ ਸੂਰਮਿਆਂ ਤੋਂ ਮੁਰਾਦ ਹੈ।

ਪਰਜੋ ਚਰਨ ਪਰ ਧਰਿ ਕਰਿ ਭਾਲਾ।
‘ਅਪਨੋ ਮਤਿ ਚਲਾਇਹੌਂ ਜਬੈ।
ਪੰਥ ਆਪ ਕੋ ਬਿਗਰੈ ਤਬੈ ॥੨੯॥
ਕੌਨ ਜੁਗਤ ਮਹਿਂ ਰਹੌਂ ਬਤਾਵਹੁ।
ਮਿਲਨ ਖਾਲਸਾ ਜਿਮ ਫੁਰਮਾਵਹੁ[*]।’
ਸ੍ਰੀ ਗੁਰੂ ਉਚਰਜੋ ‘ਪੰਥ ਹਮਾਰਾ।
ਕਿਸ ਪ੍ਰਕਾਰ ਨਹਿਂ ਬਿਗਰਨਹਾਰਾ ॥੩੦॥
[੧]ਜੇ ਤੁਧ ਸਾਥ ਖਾਲਸਾ ਖਾਲਸ।
ਬਖਸ਼ੀ ਖੁਸ਼ੀ ਹਮਹੁਂ ਇਹ ਲਾਲਸ[੧]।
ਆਪਾ ਜਬਹਿ ਤੋਹਿ ਨਹਿਂ ਹੂਵਾ।
ਜਗ ਮਹਿਂ ਤੋਹ ਸਮਾਨ ਨ ਦੂਵਾ ॥੩੧॥
ਜੇ ਲੰਗੋਟਬੰਦ[੨] ਨਹਿਂ ਰਹੈ।
ਸਿੰਘਨਿ ਸੰਗ ਦ੍ਵੈਸ਼ਤਾ ਲਹੈਂ।
ਜਿਮ ਕੰਚਨ ਬਹੁ ਪਰੈ ਕੁਠਾਲੀ।
ਗਲਹਿ ਅਗਨਿ ਤੇ ਤਾਉ ਉਤਾਲੀ ॥੩੨॥
ਤਥਾ ਦਸ਼ਾ ਤੇਰੀ ਹ੍ਵੈ ਜੈ ਹੈ।
ਪ੍ਰਭੁਤਾ ਪਾਇ ਜਬਹਿ ਗਰਬੈ ਹੈ।
ਦੁਇ ਸਾਹਿਬਜ਼ਾਦੇ ਬਲਵੰਤੇ।
ਇਕ ਤੇਹਣ ਭੱਲਾ ਬੁਧਵੰਤੇ ॥੩੩॥
ਤੇਰੇ ਸੰਗ ਕਰੇ ਰਖਵਾਰੇ।

---

[*]ਕਵੀ ਜੀ ਸੌ ਸਾਖੀ ਦਾ ਅਨੁਵਾਦ ਯਾ ਉਸਦਾ ਉਤਾਰਾ ਕਰ ਰਹੇ ਹਨ। ਏਥੇ ਆਪ ਉਸਦੀ ਇਕ ਸਤਰ ਦਾ ਚਾਰ ਸਤਰਾਂ ਵਿਚ ਤਰਜਮਾ ਕਰਦੇ ਹਨ, ਜੋ ਇਕ ਖਿੱਚ ਹੈ। ਅਸਲ ਪਾਠ ਐਉਂ ਹੈ, ਜਦੋਂ ਗੁਪਤ ਸੈਨਾ ਬੰਦਾ ਦੇਖ ਚੁੱਕਾ ਤਾਂ:-‘ਚਰਨ ਪਰਾ ਦਿਖ ਪੂਛਨ ਲਾਗਾ। ਕੈਸੀ ਜੁਗਤ ਬਤਾਵਹੁ ਰਾਗਾ’। ਕਵੀ ਜੀ ਉਪਰਲੇ ੨੮, ੨੯ ਅੰਕ ਵਿਚ ਇਨ੍ਹਾਂ ਤੁਕਾਂ ਦਾ ਅਰਥ ਕਰਦੇ ਹਨ। ਪਰ ਮੂਲ ਵਿਚ ਦਾ ਲੇਖ ਏਨੀ ਗੱਲ ਦਸਦਾ ਹੈ ਕਿ ‘ਕੈਸੀ ਜੁਗਤ ਬਤਾਵਹੁ ਰਾਗਾ’। (ਹੇ ਗੁਰੂ ਜੀ) ਉਹ ਕੇਹੀ ਜੁਗਤ ਹੈ ਕਿ (ਮੈਂ ਖਾਲਸੇ ਨਾਲ) ਪਿਆਰ ਵਿਚ ਰਹਾਂ ਇਸ ਲਈ ਅੰਕ ੨੮, ੨੯ ਦੀਆਂ ਚਾਰ ਸਤਰਾਂ ਦਾ ਅਰਥ ਕੇਵਲ ਇੰਨਾਂ ਹੀ ਸਮਝਣਾ ਚਾਹੀਏ ਤੇ ਵਿਸ਼ੇਸ਼ ਨਿਰਾਰਥਕ ਸਮਝਣਾ ਚਾਹੀਏ। ਹੋ ਸਕਦਾ ਹੈ ਕਿ ਇਹ ਅੰਕ ਆਖੇਪਕ ਹੋਵੇ। ਫਿਰ ਅਗਲੇ ਜਵਾਬ ਵਿਚ ਬੀ ਜੋ ਗੁਰੂ ਜੀ ਨੇ ਦਿੱਤਾ ਹੈ, ਸੌ ਸਾਖੀ ਵਿਚ ਪੰਥ ਦੇ ਵਿਗੜਨ ਦਾ ਜ਼ਿਕਰ ਨਹੀਂ। ਓਥੇ ਬੰਦੇ ਦੇ ਉਪ੍ਰੋਕਤ ਪ੍ਰਸ਼ਨ ਦੇ ਜਵਾਬ ਵਿਚ ਗੁਰੂ ਜੀ ਫੁਰਮਾਉਂਦੇ ਹਨ:-‘ਬਹੁਤ ਕਹੀ ਗੁਰ ਸਿੱਖਨ ਰਾਖੋ। ਤੁਰਕਨ ਖੇਦ ਮਾਰ ਕਰ ਨਾਖੋ। ਸੁਨ ਬੰਦੇ! ਤੁਮ ਖਾਲਸਾ ਪੰਥ। ਮਿਲੇ ਖਾਲਸਾ ਪਾਹੁਲ ਸੰਥ। ਜੇ ਤੋ ਕੌ ਖਾਲਸਾ ਸਾਲਸ। ਤਬ ਹਮ ਖੁਸ਼ੀ ਬਖਸ਼ੀ ਸਭ ਲਾਲਸ। ਆਪਾ ਜਬ ਹੀ ਤੋਹਿ ਨ ਹੂਆ। ਤੇਜ ਸਮਾਨ ਹੋਇ ਨਾ ਬੀਆ’। ਇਸ ਵਿਚ ਆਪਣੇ ਮਤ ਚਲਾਉਣ ਦਾ ਕੋਈ ਜ਼ਿਕਰ ਨਹੀਂ।

[੧]ਤੇ ਤੇਰੇ ਨਾਲ ਖਾਲਸਾ ਮਿੱਤ੍ਰ ਹੋਇਗਾ ਤਦ ਅਸੀਂ ਖੁਸ਼ੀ ਬਖਸ਼ੀ ਹੈ ਕਿ ਤੇਰੀਆਂ ਲਾਲਸਾਂ ਪੂਰਣ ਹੋਣਗੀਆਂ। ਸੌ ਸਾਖੀ ਦਾ ਪਾਠ ਹੈ:-‘ਜੇ ਤੋ ਕੌ ਖਾਲਸਾ ਸਾਲਸ। ਤਬ ਹਮ ਖੁਸ਼ੀ ਬਖਸ਼ੀ ਸਭ ਲਾਲਸ’।

[੨]ਜਤੀ, ਭਾਵ ਅਵਿਵਾਹਤਿ।

ਜਹਿਂ ਤਹਿਂ ਰੱਛਜਾ ਕਰਹਿਂ ਉਦਾਰੇ।
ਉਪਜਹਿਂ ਉਰ ਬਿਕਾਰ ਬਰਜੈ ਹੈਂ[1]।
ਰਣ ਮਹਿਂ ਸ਼ੱਤ੍ਰੁਨਿ ਤੇ ਰਖਿ ਲੈਹੈਂ ॥੩੪॥
ਸਾਵਧਾਨ ਹੋਵਹੁ ਧਰਿ ਧੀਰਾ।
ਲਿਹੁ ਪਲਟਾ ਸਾਂਭਹੁ ਪੰਚ ਤੀਰਾ।
ਬਾਬਾ ਇਹ ਬਿਨੋਦ ਸਿੰਘ ਭਾਰੀ।
ਤਿਨ ਸੁਤ ਕਾਹਨ ਸਿੰਘ ਬਲ ਧਾਰੀ ॥੩੫॥
ਬਾਜ ਸਿੰਘ ਤੀਸਰ ਹੁਇ ਸੰਗ।
ਹਮ ਕਰ ਤੇ ਅੰਮ੍ਰਿਤ ਲੇ ਅੰਗ[2]।
ਰਿਦੇ ਸ਼ੁੱਧ ਘਾਲਹਿਂ ਘਮਸਾਨਾ।
ਤੁਮ ਸਹਾਇਤਾ ਕਰਹਿਂ ਮਹਾਨਾ' ॥੩੬ ॥ {ਵਿਸ਼ੇਸ਼ ਟੂਕ}
ਸੁਨਿ ਬੰਦਾ ਮਨ ਭਯੋ ਅਨੰਦ।
ਬੰਦਹਿ ਪਗ ਪੰਕਜ ਕਰ ਬੰਦਿ।
'ਤੁਮ ਸਹਾਇ ਤੇ ਕਰਹੁਂ ਬਿਨਾਸ਼ਾ।
ਤੁਰਕ ਤੇਜ ਹਾਨਹੁਂ ਚਹੁਂ ਪਾਸਾ' ॥੩੭॥
ਕਰਿ ਬਖਸ਼ਿਸ਼ ਕੋ ਗੁਰ ਚਢਿ ਆਏ।
ਅਵਿਚਲ ਨਗਰ ਸਿਵਰ ਜਿਸ ਥਾਏਂ।
ਸਾਹਿਬਜ਼ਾਦੇ ਕੀਨਸਿ ਤਜਾਰ।
'ਗਮਨੋ ਰਨ ਕੋ ਜਮਨਾ ਪਾਰ' ॥੩੮॥
ਪੰਚ ਸਿੰਘ ਹੋਏ ਸਭਿ ਤਜਾਰ।
ਬਸਤ੍ਰ ਸ਼ਸਤ੍ਰ ਸਭਿ ਕਰਿ ਸੰਭਾਰ।
ਹਯ ਅਰੋਹ ਕਰਿ ਪੰਥ ਪਯਾਨਏ।
ਬੰਦਿ ਚਰਨ ਗੁਰ ਕੋ ਧਰਿ ਧਜਾਨੇ ॥੩੯॥
ਪਲਟਾ ਲੇਨਿ ਤੁਰਕ ਗਨ ਮਾਰਨ।
ਸ਼੍ਰੀ ਸਤਿਗੁਰ ਕੋ ਕਾਜ ਸੁਧਾਰਨ।
ਆਦਿ ਵਜੀਦਖਾਨ ਅਰਿ ਭਾਰੇ।
ਲੂਟਨ ਪੁਰਿ ਸਿਰੁੰਦ ਤਿਸ ਮਾਰੇ ॥੪੦॥
ਨਾਨਾ ਦੇਸ਼ ਨਗਰ ਅਰੁ ਗ੍ਰਾਮੂ।
ਉਲੰਘਤਿ ਪਹੁਂਚੇ ਪੰਥ ਤਮਾਮੂ।

---

[1]ਤੈਨੂੰ ਰੋਕਣਗੇ ਜਦ ਤੇਰੇ ਦਿਲ ਵਿਚ ਵਿਕਾਰ ਉਪਜੇਗਾ।
[2]ਸਾਡੇ ਹੱਥੋਂ ਅੰਮ੍ਰਿਤ ਲੈਕੇ ਅੰਗੀਕਾਰ ਕੀਤਾ ਹੈ। [ਸੰਸ:, ਅੰਗ=ਅੰਗੀਕਾਰ ਦਾ ਸੰਖੇਪ। (ਅ) ਹਾਂ, ਠੀਕ, (ੲ) ਪਿਆਰੇ !]

ਥੋਰੇ ਹੀ ਦਿਵਸਨਿ ਮਹਿਂ ਆਏ।
ਜਮਨਾ ਪਾਰ ਪਰੇ ਹਰਖਾਏ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਖਸਟਮੋਂ ਅੰਸੂ ॥੬॥

ਵਿਸ਼ੇਸ਼ ਟੂਕ:- ਕੈਸਾ ਅਚਰਜ ਖਾਲਸੇ ਨਾਲ ਪ੍ਰੇਮ ਹੈ। ਕੈਸਾ ਉੱਚਾ ਗੁਰੂ-ਬਿਰਦ ਹੈ। ਅਸਲ ਗੱਲ ਇਸ ਵੇਲੇ ਖਾਲਸੇ ਦੇ ਘਬਰਾ ਦੀ ਇਹ ਜਾਪਦੀ ਹੈ ਕਿ ਸਤਿਗੁਰਾਂ ਨੇ ਜਦੋਂ ਅੰਮ੍ਰਿਤ ਛਕਾਕੇ ਪੰਜਾਂ ਪਿਆਰਿਆਂ ਤੋਂ ਆਪ ਛਕਿਆ ਤਾਂ 'ਖਾਲਸਾ' ਗੁਰੂ ਸਥਾਨੀ ਹੋ ਗਿਆ, ਫੇਰ ਚਮਕੌਰ ਵਿਚ ਇਹੋ ਗੱਲ ਦੁਹਰਾਈ। ਤਲਵਾਰ ਬੰਦੇ ਨੂੰ ਦੇਣ ਵੇਲੇ ਖਾਲਸੇ ਨੇ ਜਾਤਾ ਕਿ ਇਸ ਨੂੰ ਗੁਰਜਾਈ ਮਿਲਣ ਲੱਗੀ ਹੈ ਤੇ ਇਹ ਕਲਗ਼ੀਧਰ ਅਸਥਾਨੀ ਹੋ ਜਾਏਗਾ। ਇਸ ਕਰਕੇ ਖੜਗ ਦੇਣੀ ਨਹੀਂ ਸਨ ਚਾਹੁੰਦੇ। ਪਿਛਲੇ ਸਤਿਗੁਰਾਂ ਦੇ ਸਮਿਆਂ ਤੋਂ ਗੱਦੀ ਦੇਣ ਵੇਲੇ ਪੰਜ ਪੈਸੇ ਨਰੇਲ ਦੇ ਨਾਲ ਖੜਗ ਬੀ ਅਰਪਨ ਹੁੰਦੀ ਸੀ। ਇਸ ਕਰਕੇ ਖਾਲਸੇ ਨੇ ਜਾਤਾ ਕਿ ਖੜਗ ਖਾਲਸੇ ਦਾ ਹੱਕ ਹੈ, ਇਹ ਜੇ ਜਥੇਦਾਰ ਥਾਪਣਾ ਹੈ ਤਾਂ ਤੀਰ ਇਸ ਨੂੰ ਦਿਓ, ਖੜਗ ਲੈਕੇ ਕਦੇ ਦਾਅਵੇਦਾਰ ਗੱਦੀ ਦਾ ਨਾ ਹੋ ਜਾਵੇ। ਸਤਿਗੁਰ ਗੱਦੀ ਦੇਣ ਨਹੀਂ ਸਨ ਲੱਗੇ ਪਰ ਖਾਲਸੇ ਦਾ ਇਹ ਭਾਵ ਸਮਝਕੇ ਸਤਿਗੁਰਾਂ ਨੇ ਬੰਦੇ ਨੂੰ ਤੀਰ ਦਿੱਤੇ। ਖੜਗ ਖਾਲਸੇ ਜੋਗੀ ਹੀ ਰਹੀ ਜੋ ਗੁਰੱਤ੍ਵ ਦੀ ਨਿਸ਼ਾਨੀ ਸੀ। ਖਾਲਸਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਥਾਪਿਆ, ਇਸੇ ਕਰਕੇ ਪੁਰਾਤਨ ਸਮਿਆਂ ਤੋਂ ਜਦ ਸੂਰਮੇ ਸਿੱਖ ਦੀਵਾਨ ਵਿਚ ਆਉਂਦੇ ਹਨ ਤਦ ਖੜਗ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਧਰ ਦਿੰਦੇ ਹਨ, ਜਿਸ ਦਾ ਭਾਵ ਇਹ ਹੁੰਦਾ ਹੈ ਕਿ ਖਾਲਸਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਹੈ ਤੇ ਆਪ ਦੀ ਤਾਬਿਆ ਗੁਰੂ ਹੈ।

ਇਸ ਵੇਲੇ ਸਤਿਗੁਰਾਂ ਨੇ ਜੋ ਲਫਜ਼ ਕਹੇ ਹਨ ਨਿਰਸੰਸੇ ਕਰ ਦਿੰਦੇ ਹਨ ਕਿ ਬੰਦੇ ਨੂੰ ਆਪ ਨੇ ਆਪਣਾ ਕਰਿੰਦਾ ਥਾਪਿਆ ਹੈ, ਭਾਵ ਰਾਜਸੀ (ਪੁਲੀਟੀਕਲ) ਕੰਮ ਕਰਨ ਦਾ ਕੇਵਲ ਅਗੁਵਾਨੀ ਯਾ ਜਥੇਦਾਰ ਅਤੇ ਪੁੱਤ੍ਰ ਪਦ ਖਾਲਸੇ ਨੂੰ ਦਿੱਤਾ ਹੈ। ਸੋ ਗੱਦੀ ਨਸ਼ੀਨ ਤਾਂ ਗੁਰੂ ਖਾਲਸਾ ਹੈ ਤੇ ਜੰਗੀ ਕੰਮ ਕਰਨ ਵਾਲਾ ਗੁਰੂ ਕਾ ਕਾਰਿੰਦਾ ਬੰਦਾ ਹੈ। ਇਸ ਗੱਲ ਦੇ ਪੂਰਨ ਲਈ ਸਤਿਗੁਰਾਂ ਨੇ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਤੇ ਭਾਈ ਬਾਜ ਸਿੰਘ ਤਿੰਨ ਸਿੰਘ ਨਾਲ ਦਿੱਤੇ, ਗੋਯਾ ਬੰਦੇ ਨੂੰ ਸੁਤੰਤ੍ਰ ਜਥੇਦਾਰ ਬੀ ਨਹੀਂ ਥਾਪਿਆ। ਜਥੇਦਾਰ ਇਕ ਸਿਖ ਦਾਨਿਆਂ ਤੇ ਵਡਕਿਆਂ ਦੀ ਸਭਾ ਦੇ ਮਾਤਹਿਤ ਰੱਖਿਆ, ਜਿਵੇਂ ਅੱਜ ਕੱਲ 'ਗਵਰਨਰ ਇਨ ਕੌਂਸਲ' ਹੁੰਦਾ ਹੈ। ਭੰਗੂ ਰਤਨ ਸਿੰਘ ਜੀ ਇਹ ਲਿਖਦੇ ਹਨ ਕਿ ਤੁਰਨ ਵੇਲੇ ਖਾਲਸੇ ਨੇ ਕਿਹਾ ਕਿ 'ਜੋ ਬੰਦਾ ਪਤਸ਼ਾਹੀ ਚਾਹੈ। ਤਬ ਹਮ ਨ ਇਨ ਕੇ ਨਾਲ ਰਾਹੈ। ' ਤਦ ਸਤਿਗੁਰਾਂ ਨੇ ਬੰਦੇ ਨੂੰ ਕਿਹਾ ਕਿ 'ਜੌ ਤੂੰ ਸਿੰਘਨ ਖੁਸ਼ ਰਖੈਂ ਤੌ ਰਹੈਂ ਸਦਾ ਤੂੰ ਸੁੱਖ। ਜੇ ਤੂੰ ਸਿੰਘਨ ਦੁਖ ਦਿਵੈਂ ਤੌ ਤੂੰ ਪਾਵੈਂ ਦੁੱਖ।' ਬੰਦੇ ਨੇ ਇਹ ਗੱਲ ਮੰਨੀ। ਇਸ ਤੋਂ ਸਾਬਤ ਹੋਇਆ ਕਿ ਬੰਦਾ ਮੁਖੀਆ ਤੇ ਆਗੂ ਥਾਪਿਆ ਸੀ, ਖੁਦਮੁਖਤਜਾਰ ਨਹੀਂ। ਖਾਲਸੇ ਦੀ

ਪੰਚਾਇਤ ਦੇ ਵਿਚ ਉਹ ਪੰਚ ਸੀ। ਜਦ ਬੰਦੇ ਰਿਧ ਸਿਧ ਮੰਗੀ ਤਾਂ ਗੁਰੂ ਜੀ ਨੇ ਕਿਹਾ

'ਪੰਚ ਸਿੰਘ ਲੈ ਕੇ ਤੂੰ ਸਾਥ।
ਕਰ ਅਰਦਾਸ ਪੂਰੀ ਹੋਇ ਆਸ।'

ਗੁ: ਪ੍ਰ: ਸੂ: ਵਿਚ ਨਾਲ ਦੇ ਸਿੰਘਾਂ ਦੇ ਤ੍ਰੈ ਨਾਮ ਹਨ, ਪਰ ਪਤਾ ਚਲਦਾ ਹੈ ਕਿ ਬੰਦੇ ਨੂੰ ਸਲਾਹ ਦੇਣ ਵਾਲੇ ਪੰਜ ਸਿੰਘ ਸਨ। ਹੋਰਨਾਂ ਦੋਹਾਂ ਦੇ ਨਾਮ ਬਿਜੈ ਸਿੰਘ ਤੇ ਰਾਮ ਸਿੰਘ ਤਵਾ: ਖਾ: ਨੇ ਲਿਖੇ ਹਨ ਪਰ ਭੰਗੂ ਜੀ ਨੇ, ਜੋ ਪੁਰਾਤਨ ਹਨ, ਲਿਖਿਆ ਹੈ ਕਿ ਬੰਦੇ ਦੇ ਨਾਲ ਮਾਝੇ ਦੇ ਸਿੰਘ ਰਲਾਏ, ਤੇ ਅੱਗੇ ਨਾਮ ਦਿੱਤੇ ਹਨ, ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਦਇਆ ਸਿੰਘ, ਰਣ ਸਿੰਘ, ਬਾਜ ਸਿੰਘ ਤੇ ਥਲਮੀਰ ਸਿੰਘ। ਉਨ੍ਹਾਂ ਨੇ ਲਿਖਿਆ ਹੈ:- 'ਤਬ ਸਤਿਗੁਰ ਸਿੰਘ ਮਝੈਲ ਰਲਾਏ। ਬਾਬੇ ਬਿਨੋਦ ਸਿੰਘ ਔ ਕਾਹਨ ਸਿੰਘ ਚੜਾਏ। ਦਯਾ ਸਿੰਘ ਔ ਰਣ ਸਿੰਘ ਭਲੇ। ਭਏ ਹਜ਼ੂਰ ਭੁਜੰਗੀ ਸੰਗ ਬੰਦੇ ਘਲੇ ॥ ੨੨ ॥ ਔ ਬਾਜ ਸਿੰਘ ਥਲਮੀਰ ਪੁਰ ਪੱਟੀ ਵਾਰੋ। ਸਤਿਗੁਰ ਕਰ ਦਏ ਸੰਗ ਭਾਈ ਚਾਰੋ। ਔਰ ਚੜ੍ਹਾਏ ਸਿੰਘ ਬਡ ਸਿਦਕ ਬਾਰੇ। ਰਹਿਤ ਹਜ਼ੂਰ ਥੇ ਗੁਰੂ ਪਿਆਰੇ ॥ ੨੩ ॥' ਤੇ ਨਾਲ ਲਿਖਦੇ ਹਨ ਕਿ ਮਝੈਲ ਸਿੰਘਾਂ ਵਲ ਖਤ ਲਿਖ ਦਿੱਤੇ ਕਿ ਖਤ ਵੇਖਦੇ ਸਾਰ ਬੰਦੇ ਪਾਸ ਆ ਜਾਓ। ਤਵਾ: ਖਾ: ਨੇ ਬੰਦੇ ਦੇ ਨਾਲ ਆਏ ੨੫ ਸਿੰਘ ਦੱਸੇ ਹਨ, ਜਿਨ੍ਹਾਂ ਵਿਚੋਂ ਪੰਜ ਮੁਖੀਏ ਕੀਤੇ ਬੰਦੇ ਦੇ ਸਲਾਹਕਾਰ।

ਵਿਸ਼ੇਸ਼ ਟੂਕ:- ਬੰਦੇ ਦੇ ਅੰਮ੍ਰਿਤ ਛਕਣ ਦਾ ਏਥੇ ਸਪਸ਼ਟ ਜ਼ਿਕਰ ਨਹੀਂ ਹੈ ਪਰ ਸਾਰੀ ਗੱਲ ਬਾਤ ਇਹ ਦੱਸ ਰਹੀ ਹੈ ਕਿ ਓਹ ਪੂਰਨ ਗੁਰ ਸਿੱਖ ਹੋ ਗਿਆ ਹੈ ਤੇ ਨਿਜ ਨੂੰ ਗੁਰੂ ਕਾ ਬੰਦਾ ਸ੍ਵੀਕਾਰ ਕਰ ਚੁੱਕਾ ਹੈ। ਉਸ ਵੇਲੇ ਪੰਥ ਵਿਚ 'ਸਿੰਘ' ਸਜੇ ਬਿਨਾਂ ਮੁਖੀਆ ਹੋਣਾ ਕਠਨ ਸੀ। ਜਦੋਂ ਡੱਲੇ, ਦਾਨੇ ਤੇ ਦਿਆਲਦਾਸ ਦੀਆਂ ਸਾਖੀਆਂ ਪੜ੍ਹੀਏ ਤੇ ਮਾਲਵੇ ਵਿਚ ਅੰਮ੍ਰਿਤ ਪ੍ਰਚਾਰ ਦੇ ਹੋਰ ਹਾਲ ਵਾਚੀਏ ਤਾਂ ਅਗ਼ਲਬ ਨਹੀਂ ਭਾਸਦਾ ਕਿ ਬੰਦੇ ਨੂੰ ਸਿੰਘ ਨਾ ਸਾਜਿਆ ਹੋਵੇ। ਜੇ ਇਸ ਵਿਸ਼ੇ ਤੇ ਹੋਰ ਖੋਜ ਕਰੀਏ ਤਾਂ ਅਜੇ ਹੋਰ ਕੁਛ ਲੱਭਣਾ ਮੁਮਕਿਨ ਹੈ, ਪਰ ਜੋ ਹੁਣ ਤੱਕ ਦੇ ਸਾਨੂੰ ਮਿਲੇ ਪੁਸਤਕ ਹਨ ਉਨ੍ਹਾਂ ਵਿਚੋਂ ਖੋਜ ਇਸ ਪ੍ਰਕਾਰ ਚਲਦੀ ਹੈ:-੧. ਉੱਨੀ ਸੌ ਪੰਜ ਦੇ ਲਿਖੇ ਸੌ ਸਾਖੀ ਦੇ ਨੁਸਖ਼ਿਆਂ ਵਿਚ ਗੁਰੂ ਜੀ ਆਖਦੇ ਹਨ:-

'ਸੁਨ ਬੰਦੇ ਤੁਮ ਖਾਲਿਸਾ ਪੰਥ। ਮਿਲੇ ਖਾਲਸਾ ਪਾਹਿਲ ਸੰਥ' ॥੩੨॥

ਹੇ ਬੰਦੇ ! ਖਾਲਸਾ ਪੰਥ ਨਾਲ ਤੁਸੀਂ ਖਾਲਿਸਾ ਦੀ ਪਾਹੁਲ ਦੀ ਸਾਂਝ ਨਾਲ ਮਿਲੇ ਹੋ।

੨. ਰਤਨ ਸਿੰਘ ਜੀ ਭੰਗੂ ਆਪਣੇ ਪੰਥ ਪ੍ਰਕਾਸ਼ ਵਿਚ (ਜੋ ਬੜਾ ਮੁਸਤਨਿਦ ਮੰਨਿਆਂ ਜਾਂਦਾ ਹੈ) ਲਿਖਦੇ ਹਨ:

ਤਬ ਉਨ ਕਹਿਓ 'ਮੈਂ ਬੰਦਾ ਤੋਰਾ। ਮੈਂ ਤੋਹਿ ਸਿੱਖ ਗੁਰੂ ਤੂੰ ਮੋਰਾ'।

ਫੇਰ ਗੁਰੂ ਜੀ ਉਸਨੂੰ ਸਿੱਖੀ ਦੀਆਂ ਕਠਨਾਈਆਂ ਦੱਸਦੇ ਹਨ ਤੇ ਭੰਗੂ ਜੀ ਲਿਖਦੇ ਹਨ ਕਿ:-

'ਜੋ ਆਖੀ ਸਤਿਗੁਰ ਉਸੇ ਸੋ ਉਨ ਲੀਨੀ ਮਾਨ।
ਧਰਯੋ ਸੁ ਬੰਦਾ ਨਾਮ ਤਿਸ ਤਿਨ ਕਰ ਲੀਓ ਪ੍ਰਮਾਨ।'

ਫਿਰ ਇਕ ਥਾਂ ਆਪ ਲਿਖਦੇ ਹਨ:-

'ਹਮਨੇ ਖਾਲਸੇ ਤੂੰ ਬੀ ਰਲਾਯਾ।
ਤੈਂ ਬੀ ਖਾਲਸਿਓਂ ਵੰਡਾ ਪਾਯਾ'।

ਜਦੋਂ ਬੰਦਾ ਪੰਜਾਬ ਨੂੰ ਜਾ ਰਿਹਾ ਸੀ ਤਾਂ ਉਸਦੀ ਨਿੱਤ ਕ੍ਰਿਆ ਇਹ ਦੱਸਦੇ ਹਨ:-

'ਬੰਦਾ ਖਾਲਿਸੈ ਦੀਵਾਨ ਲਗਾਵੈ। ਅਕਾਲ ਉਸਤਤ ਵਾਰ ਚੰਡੀ ਪੜਾਵੈ।
ਅਕਾਲ ਅਕਾਲ ਕਾ ਜਾਪ ਜਪਾਵੈ। ਵਾਹਿਗੁਰੂ ਵਾਹਿਗੁਰੂ ਸਦਾ ਮੁਖ ਗਾਵੈ' ॥੫॥

ਪੁਨਾ: ਜੇਕਰ ਕੋਈ ਦੁਖੀਆ ਆਵੈ। ਕਰ ਅਰਦਾਸ ਤਿਸ ਦੂਖ ਮਿਟਾਵੈ। ਵਾਹਿਗੁਰੂ ਕਾ ਜਾਪ ਜਪਾਵੈ।'

ਸੋ ਇਨ੍ਹਾਂ ਸਾਰੇ ਪ੍ਰਮਾਣਾਂ ਤੋਂ ਬੰਦਾ ਪੂਰਾ ਸਿੰਘ ਸਾਬਤ ਹੋ ਗਿਆ।

੩. ਬਾਹਰਲੀ ਉਗਾਹੀ ਲੱਭੀਏ ਤਾਂ ਉਮਦਹ-ਤੁੱ-ਤ੍ਵਾਰੀਖ ਵਿਚ ਕੁਛ ਸਫੇ ਉਸਦੇ ਮੁਸੱਨਫ ਨੇ ਕਿਸੇ ਹੋਰ ਮੁਅੱਰਖ ਦੇ ਹੂਬਹੂ ਛਾਪੇ ਹਨ। ਇਹ ਕਿਸੇ ਫਾਰਸੀ ਨੁਸਖੇ ਦੀ ਨਕਲ ਹੈ ਜਿਸਦਾ ਮੁਸੱਨਫ ਨੂੰ ਪਤਾ ਨਹੀਂ ਪਰ ਇਤਿਹਾਸ ਖੋਜੀ ਸ੍ਰੀ ਕਰਮ ਸਿੰਘ ਨੇ ਪਤਾ ਲਾਇਆ ਸੀ ਕਿ ਇਸ ਦੇ ਲਿਖਣ ਵਾਲਾ ਅਹਿਮਦਸ਼ਾਹ ਬਟਾਲਵੀ ਸੀ। ਸੌ ਕੁ ਬਰਸ ਉਮਦਹ-ਤੁੱ-ਤ੍ਵਾਰੀਖ ਦੇ ਲੇਖਕ ਨੂੰ ਲਿਖਿਆਂ ਹੋ ਗਿਆ ਹੈ। ਇਹ ਲਿੱਖਤ ਅਹਿਮਦਸ਼ਾਹ ਵਾਲੀ ਉਸ ਦੇ ਸੰਚੇ ਕੀਤੇ ਨੁਸਖਿਆਂ ਵਿਚ ਸੀ ਤਾਂ ਉਸ ਤੋਂ ਪਹਿਲੇ ਦੀ ਹੋਈ। ਇਸਦਾ ਲੇਖਕ ਲਿਖਦਾ ਹੈ ਕਿ ਜਦੋਂ ਬੰਦਾ ਉਨ੍ਹਾਂ ਦਾ ਆਤਮ ਬਲ ਦੇਖ ਚੁੱਕਾ, ਤਦੋਂ:-

ਆਂ ਗ਼ਾਹ ਬਰਖਾਸਤ ਵ ਬਇਜਜ਼ ਮੋਅਤਰਿਫ ਆਮਦ ਵ ਗੁਫਤ 'ਤੂੰ ਕੀਸਤੀ?' ਗੁਰੂ ਗੁਫਤ 'ਆਂ ਚਿਹ ਤੂੰ ਮੇ ਦਾਨੀ।' ਗੁਫਤ 'ਚਿਹ ਮੇ ਦਾਨਮ?' ਗੁਫ਼ਤ 'ਦਰ ਦਿਲੇ ਖੁਦ ਖਿਆਲ ਕੁਨ।' ਗੁਫਤ 'ਤੂੰ ਗੁਰ ਗੋਬਿੰਦ ਸਿੰਘ ਹਸਤੀ?' ਗੁਫਤ 'ਆਰੇ।' ਗੁਫਤ 'ਬਰਾਏ ਚਿਹ ਆਮਦੀ?' ਗਾਫਤ 'ਆਮਦਹ ਅਮ ਤਾ ਤੁਰਾ ਮੁਰੀਦੇ ਖੁਦ ਬਿਕੁਨਮ।' ਬੰਦਹ ਗੁਫਤ 'ਕਬੂਲ ਕਰਦਮ?' ਪਸ ਹਮਾਂ ਗਾਹ ਓਰਾ ਪਾਹਲ ਦਾਦਹ ਸਿੰਘ ਕਰਦ।

ਤਰਜਮਾ: ਉਸ ਵੇਲੇ (ਬੰਦਹ) ਉਠਿਆ ਅਤੇ ਨਿੰਮ੍ਰਤਾ ਨਾਲ ਮੰਨ ਗਿਆ, ਤੇ ਕਿਹਾ 'ਤੂੰ ਕੌਣ ਹੈਂ?' ਗੁਰੂ ਜੀ ਨੇ ਕਿਹਾ 'ਜੋ ਕੁਝ ਤੂੰ ਜਾਣਦਾ ਹੈਂ' (ਬੰਦੇ ਨੇ) ਕਿਹਾ 'ਤੂੰ ਕਿਉਂ ਆਯਾ ਹੈਂ?' (ਗੁਰੂ ਜੀ ਨੇ) ਕਿਹਾ 'ਮੈਂ ਆਇਆ ਹਾਂ ਤਾਂ ਜੋ ਤੈਨੂੰ ਆਪਣਾ ਸਿੱਖ ਬਣਾਵਾਂ।' ਬੰਦੇ ਨੇ ਕਿਹਾ 'ਮੈਂ ਕਬੂਲ ਕਰਦਾ ਹਾਂ' ਸੋਉਸ ਵੇਲੇ ਉਸਨੂੰ ਪਾਹੁਲ ਦੇ ਕੇ ਸਿੰਘ ਕੀਤਾ।

੪. 'ਇਬਰਤ ਨਾਮਾ ਅਲੀਉਦੀਨ ਮੁਫਤੀ' ਜੋ ੧੮੫੪ ਈ: ਵਿਚ ਲਿਖਿਆ ਗਿਆ, ਉਸ ਵਿਚ ਇਹ ਇਬਾਰਤ ਹੈ:-

'ਬੰਦਾ ਬ ਇਸਤਮਾਇ਼ ਈਂ ਮਾਅ਼ਨੀ ਅਜ਼ ਦਿਲੋ ਜਾਂ ਇਰਾਦਤਮੰਦ ਸ਼ੁਦ,
ਵ ਪਾਹੁਲ ਗ੍ਰਿਫਤਹ ਮੁਸਤਇਦ ਹੰਗਾਮਾ ਵ ਮੁਹਾਰਬਾ ਗਰਦੀਦ। '

ਅਰਥਾਤ: ਬੰਦਾ ਇਹ ਕੁਝ ਸੁਣਕੇ ਦਿਲ ਤੇ ਜਾਨ ਤੋਂ ਸਿੱਖ ਹੋ ਗਿਆ ਤੇ ਪਾਹੁਲ ਲੈ ਕੇ ਜੰਗ ਤੇ ਲੜਾਈ ਲਈ ਤਿਆਰ ਹੋ ਗਿਆ।

੫. ਸ: ਮੁਹੰਮਦਲਤੀਫ ਆਪਣੀ ਲਿਖੀ 'ਹਿਸਟਰੀ ਆਫ ਦੀ ਪੰਜਾਬ' ਵਿਚ ਲਿਖਦਾ ਹੈ:-

Govind and Banda soon become intimate friends, and the former by his persuasive eloquence and religious zeal, made such a

deep impression on the mind of Banda that he was initiated into the Pahal, and became a disciple of the Guru.

[Page 274.

ਜਿਸਦਾ ਭਾਵ ਇਹ ਹੈ, ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬੰਦੇ ਦਾ ਬੜਾ ਪਿਆਰ ਹੋ ਗਿਆ, ਗੁਰੂ ਜੀ ਦੀ ਸਿੱਖਜਾ ਦਾ ਬੰਦੇ ਦੇ ਦਿਲ ਤੇ ਬੜਾ ਡੂੰਘਾ ਅਸਰ ਹੋਇਆ, ਐਥੋਂ ਤੱਕ ਕਿ ਉਸ ਨੇ ਪਾਹੁਲ ਲੈ ਲਈ ਤੇ ਗੁਰੂ ਜੀ ਦਾ ਸਿੱਖ ਬਣ ਗਿਆ।

੬. 'ਕੱਨ੍ਹਯਾ ਲਾਲ' ਆਪਣੀ 'ਤਾਰੀਖੇ ਪੰਜਾਬ' ਦੇ ਪੰਨਾ ੫੬ ਪਰ ਲਿਖਦਾ ਹੈ:-

'(ਬੰਦਾ) ਗੁਰੂ ਗੋਬਿੰਦ ਸਿੰਘ ਕਾ ਚੇਲਾ ਬਨ ਗਿਆ ਔਰ ਪਾਹੁਲ ਲੇ ਕਰ ਗੁਰੂ ਕਾ ਸਿੱਖ ਹੂਆ। '

੭. ਮੈਕਗ੍ਰੇਗਰ (੧੮੪੬ ਈ:) ਆਪਣੀ 'ਹਿਸਟ੍ਰੀ ਆਫ ਦੀ ਸਿੱਖਸ' ਦੇ ਪੰਨਾ ੧੦੬ ਤੇ ਲਿਖਦਾ ਹੈ:-

Bunda immediately consented, received the Pahooldee, and became a Sikh.

ਅਰਥਾਤ ਬੰਦੇ ਨੇ ਓਸੇ ਵੇਲੇ ਮੰਨਕੇ ਪਾਹੁਲ ਲੀਤੀ ਤੇ ਸਿੱਖ ਬਣ ਗਿਆ।

੮. ਮੈਕਾਲਫ ਆਪਣੀ ਪੁਸਤਕ 'ਸਿੱਖ ਰਿਲੀਜਨ' ਜਿਲਦ ੫ ਵਿਚ ਲਿਖਦਾ ਹੈ:-

The Guru instructed Banda in the tenets of his religion and in due time baptized him according to the new rites. On that occasion Banda received the name Gurbakhsh Singh. [Page 238

ਅਰਥਾਤ: ਗੁਰੂ ਜੀ ਨੇ ਬੰਦੇ ਨੂੰ ਆਪਣੇ ਮਤ ਦਾ ਉਪਦੇਸ਼ ਦਿੱਤਾ ਤੇ ਮੁਨਾਸਬ ਸਮੇਂ ਤੇ ਉਸ ਨੂੰ ਨਵੀਆਂ ਰਸਮਾਂ ਅਨੁਸਾਰ ਅੰਮ੍ਰਿਤ ਛਕਾਇਆ, ਉਸ ਸਮੇਂ ਬੰਦੇ ਨੇ ਗੁਰਬਖਸ਼ ਸਿੰਘ ਨਾਮ ਪ੍ਰਾਪਤ ਕੀਤਾ।

੯. 'ਸੀ. ਐਚ. ਪੇਨ' (C. H. Payne) ਆਪਣੀ 'ਏ ਸ਼ਾਰਟ ਹਿਸਟਰੀ ਆਫ ਦੀ ਸਿੱਖਜ' ਵਿਚ ਐਉਂ ਲਿਖਦਾ ਹੈ:-

Here he spent much of his time in the company of Bairagi hermit, afterwards knows as Banda, the "Slave, " whom he converted to his own faith and baptized, and to whom he became so much attached that he nominated him his successor, not as Guru but as commander of the forces of the Khalsa. (Page 43)

ਅਰਥ: ਏਥੇ (ਨਾਦੇੜ ਵਿਚ) ਉਸ (ਗੁਰੂ ਗੋਬਿੰਦ ਸਿੰਘ ਨੇ) ਇਕ ਬੈਰਾਗੀ ਸਾਧੂ ਜੋ ਪਿਛੋਂ 'ਬੰਦੇ' ਦੇ ਨਾਮ ਨਾਲ ਪ੍ਰਸਿੱਧ ਹੋਯਾ, ਦੇ ਨਾਲ ਬਹੁਤ ਸਮਾਂ ਬਿਤੀਤ ਕੀਤਾ। ਜਿਸ ਨੂੰ ਕਿ ਉਸ ਨੇ ਆਪਣੇ ਮਤ ਵਿਚ ਲਿਆਂਦਾ ਤੇ ਅੰਮ੍ਰਿਤ ਛਕਾਇਆ। ਤੇ ਉਸ ਨਾਲ ਉਨ੍ਹਾਂ ਦਾ ਇਤਨਾ ਤਅੱਲਕ ਵਧਿਆ ਇਕ ਉਸ ਨੂੰ ਆਪਣੀ ਥਾਵੇਂ, ਗੁਰੂ ਨਹੀਂ, ਪਰ ਖਾਲਸੇ ਦੀ ਫੌਜ ਦਾ ਕਮਾਂਡਰ (ਜਥੇਦਾਰ) ਥਾਪਿਆ।

੧੦. ਖਾਲਸਾ ਤ੍ਵਾਰੀਖ ਵਿਚ ਲਿਖਿਆ ਹੈ ਕਿ:-

ਗੁਰੂ ਜੀ ਨੇ ਉਸ ਨੂੰ ਅਤਿਰਥ ਸੂਰਬੀਰ ਸਮਝਕੇ ਗੁਰੂ ਘਰ ਦਾ ਸਿੱਖ ਬਣਾ ਕਰ ਉਸ ਦਾ ਨਾਮ ਬੰਦਾ ਸਿੰਘ ਰੱਖ ਦਿੱਤਾ। [ਪੰਨਾ ੨੧੬੪

ਇਨ੍ਹਾਂ ਦੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਦ ਬੰਦਾ ਗੁਰੂ ਜੀ ਦੀ ਸ਼ਰਨ ਲੱਗਾ:-

'ਤਬ ਗੁਰ ਨਿਜ ਕਰ ਤਾਹਿ ਸਿਰ ਧਰ ਕਰ ਕਰਜੋ ਨਿਹਾਲ ॥

ਸੱਤਿਨਾਮ ਉਪਦੇਸ਼ ਦੇ ਕੀਨੋ ਸਿੱਖ ਬਿਸਾਲ' ॥

੧੧. ਲਾਲਾ ਗੋਕੁਲ ਚੰਦ ਜੀ ਨਾਰੰਗ ਆਪਣੀ ਪੁਸਤਕ 'ਸਿੱਖੋਂ ਕਾ ਪ੍ਰੀਵਰਤਨ' ਵਿੱਚ ਲਿਖਦੇ ਹਨ:-'ਗੁਰੂ ਕੇ ਹਿਰਦੇ ਗ੍ਰਾਹੀ ਵਕੱਤ੍ਰਤ ਤਥਾ ਉਨਕੇ ਧਾਰਮਿਕ ਉਤਸਾਹ ਨੇ ਮਾਧੋ ਦਾਸ ਦੇ ਹਿਰਦੇ ਪਰ ਕੈਸਾ ਗਹਿਰਾ ਪ੍ਰਭਾਵ ਡਾਲਾ ਕਿ ਵੁਹ ਗੁਰੂ ਕਾ ਸ਼ਿਖਯ ਹੋ ਗਿਆ।' [੨੫੭

ਫਿਰ ਇਸੇ ਹੀ ਲੇਖਕ ਨੇ ਆਪਣੀ ਪੁਸਤਕ ਦੇ ਪੰਨਾ ੨੪੨ ਪਰ ਛੱਜਾ ਸਿੰਘ ਦਾ ਬਾਬੇ ਬੰਦੇ ਦੇ ਹੱਥੋਂ ਪਾਹੁਲ ਲੈਣਾ ਲਿਖਿਆ ਹੈ। ਜੇ ਬੰਦਾ 'ਸਿੰਘ' ਨਾਂ ਹੁੰਦਾ ਤਾਂ ਕੀਕੂੰ ਪਾਹੁਲ ਦੇਕੇ ਕਿਸੇ ਨੂੰ 'ਛੱਜਾ ਸਿੰਘ' ਬਣਾਉਂਦਾ? ਬੇਅੰਮ੍ਰਿਤੀਏ ਤੋਂ ਅੰਮ੍ਰਿਤ ਕੌਣ ਛਕ ਸਕਦਾ ਸੀ। ਛੱਜਾ ਸਿੰਘ ਪੰਜਵੜੀਆ ਭੰਗੀ ਮਿਸਲ ਦਾ ਇਕ ਪ੍ਰਸਿੱਧ ਯੋਧਾ ਤੇ ਸਰਦਾਰ ਹੋਇਆ ਹੈ।

੧੨. ਰਾਧਾ ਮੋਹਨ ਗੋਕਲ ਜੀ ਆਪਣੇ ਰਚਿਤ ਗ੍ਰੰਥ 'ਗੁਰੂ ਗੋਬਿੰਦ ਸਿੰਘ' ਦੇ ਪੰਨਾ ੮੯ ਵਿਚ ਲਿਖਦੇ ਹਨ:-

'ਯਹਾਂ ਪਰ ਗੁਰੂ ਮਹਾਂਰਾਜ ਨੇ ਏਕ ਸਾਧੂ ਕੋ ਸਿੱਖ ਧਰਮ ਮੇਂ ਦੀਖਯਤ ਕਿਯਾ ਔਰ ਇਸ ਕਾ ਨਾਮ ਬੰਦਾ ਸਿੰਘ ਰਖਾ।'

੧੩. ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ:- 'ਮਾਧੋ ਦਾਸ ਚਰਨਾਂ ਤੇ ਢਹਿ ਪਿਆ ਅਰ ਆਪਣੇ ਤਾਈਂ ਸਤਿਗੁਰੂ ਦਾ ਬੰਦਾ ਕਹਿਕੇ ਸਿੱਖ ਬਨਿਆ। ਕਲਗੀਧਰ ਨੇ ਇਸ ਨੂੰ ਅੰਮ੍ਰਿਤ ਛਕਾਕੇ ਨਾਉਂ ਗੁਰਬਖਸ਼ ਸਿੰਘ ਰਖਿਆ, ਪਰ ਪੰਥ ਵਿਚ ਪ੍ਰਸਿੱਧ ਨਾਮ 'ਬੰਦਾ' ਹੀ ਰਿਹਾ।'

੧੪. ਬਾਬਾ ਬੰਦਾ ਜੀ ਦੀ ਗੱਦੀ ਦੇ ਗੱਦੀ ਨਸ਼ੀਨ ਜੋ ਉਸ ਦੀ ਬੰਸ ਦੇ ਹਨ ਸਾਰੇ ਸਿੰਘ ਹੋਏ ਹਨ। ਯਥਾ:-

ਬੰਦਾ-ਬੰਦੇ ਤੋਂ ਬਾਦ ਰਣਜੀਤ ਸਿੰਘ, ਫੇਰ ਜੋਰਾਵਰ ਸਿੰਘ, ਫੇਰ ਅਰਜਨ ਸਿੰਘ, ਫੇਰ ਖੜਗ ਸਿੰਘ, ਫੇਰ ਦਯਾ ਸਿੰਘ, ਫੇਰ ਅਤਰ ਸਿੰਘ ਆਦਿ ਆਪ ਦੀ ਸੰਤਾਨ ਵਿਚੋਂ ਆਪ ਦੇ ਗੱਦੀ ਨਸ਼ੀਨ ਹੋਏ। ਬਾਵਜੂਦ ਤੱਤ ਖਾਲਸੇ ਤੋਂ ਕੁਛ ਵਿੱਥ ਵਾਲੀ ਗੱਲ ਹੋ ਜਾਣ ਦੇ ਬੰਦੇ ਦੀ ਸੰਤਾਨ ਤੇ ਗੱਦੀ ਨਸ਼ੀਨਾਂ ਦਾ ਹੁਣ ਤੱਕ ਅੰਮ੍ਰਿਤਧਾਰੀ ਹੋਣਾ ਬੰਦੇ ਦੇ ਸਿੰਘ ਹੋਣ ਵੱਲ ਦਲੀਲ ਨੂੰ ਝੁਕਾਉਂਦਾ ਹੈ। ਮੌਜੂਦਾ ਗੱਦੀ ਨਸ਼ੀਨ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਜੀ ਨੇ ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ ਤੇ ਅੰਤ ਤੱਕ ਸੱਚੇ ਸਿੰਘ ਤੇ ਗੁਰੂ ਕੇ ਸੇਵਕ ਰਹੇ ਹਨ।

## ੭. [ਬੰਦੇ ਬਹਾਦਰ ਨੇ ਪੈਰ ਜਮਾਉਣੇ]

੬<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੮

ਦੋਹਰਾ: ਬੰਦਾ ਬਖਸ਼ੀ ਖਾਲਸਾ[1],
ਚਲਾ ਤੇਜ ਦਿਖਰਾਇ।
ਅਜ਼ਮਤ ਬਲ ਤੇ ਪਹੁੰਚਿਗਾ,
ਸਿੰਘਨ ਤੇ ਅਗਵਾਇ ॥੧॥

ਚੌਪਈ: ਜਹਿਂ ਤੀਰਥ ਹੈ ਮੁਚਨ ਕਪਾਲ[2]।
ਤਹਿਂ ਤੇ ਪੰਚ ਕੋਸ ਥਲ ਭਾਲਿ।
ਟੇਹਾ ਗ੍ਰਾਮ ਥੇਹ ਬਡ ਊਚੋ।
ਬੰਦਾ ਤਿਸ ਥਲ ਜਾਇ ਪਹੂਚੋ[*] ॥੨॥
ਸਿੰਘਨ ਹਿਤ ਪ੍ਰਤੀਖਬੇ ਬੈਸਾ।
-ਪਿਖਹੁਂ ਹੁਕਮ ਗੁਰ ਲਜਾਵਹਿਂ ਕੈਸਾ-।
ਇਤ ਬਿਨੋਦ ਸਿੰਘ ਬਾਬਾ ਆਏ।
ਪੰਚੇ ਸਿੰਘ ਸੰਗ ਮਹਿਂ ਲਜਾਏ[+] ॥੩॥

---

[1]ਖਾਲਸੇ ਦਾ ਫੌਜੀ ਜਰਨੈਲ। [ਫਾ:, ਬਖ਼ਸ਼ੀ=ਫੌਜਾਂ ਦਾ ਜਥੇਦਾਰ, ਸੈਨਾਪਤ, ਕਮਾਂਡਰ]। ਅਸਲ ਵਿਚ ਬਖ਼ਸ਼ੀ ਤਨਖਾਹ ਦੇਣ ਵਾਲਾ ਹੁੰਦਾ ਸੀ, ਪਰ ਮੁਸਲਮਾਨੀ ਫੌਜਾਂ ਵਿਚ ਕਮਾਂਡਰ ਤੇ ਤਨਖਾਹ ਦਾਤਾ ਇਕੋ ਹੋ ਜਾਣ ਕਰਕੇ ਇਸਦਾ ਅਰਥ ਸੈਨਾਪਤ ਹੋ ਗਿਆ ਸੀ]।

[2]ਕਮਾਲਮੋਚਨ।

[*]ਬੰਦਾ ਏਥੇ ਪਹਿਲੋਂ ਨਹੀਂ ਪਹੁੰਚਾ ਓਹ ਕੈਂਥਲ ਪਰਗਨੇ ਤੋਂ ਸਮਾਣਾ ਆਦਿ ਕਈ ਮੱਲਾਂ ਮਾਰਕੇ ਕਪਾਲ ਮੋਚਨ ਦੇ ਲਾਗੇ ਗਿਆ ਸੀ। ਦੇਖੋ ਟੂਕ [++] ਸਫਾ ੬੨੫੪ ਦੀ।

[+]ਮਹਿਮਾਂ ਪ੍ਰਕਾਸ਼, ਪੰਥ ਪ੍ਰਕਾਸ਼ ਰਤਨ ਸਿੰਘ ਜੀ ਭੰਗੂ ਕ੍ਰਿਤ ਤੇ ਗੁਰੂ ਪ੍ਰਤਾਪ ਸੂਰਜ ਆਦਿ ਲਿਖਤਾਂ ਨੇ ਬੰਦੇ ਨੂੰ ਸਤਿਗੁਰਾਂ ਨੇ ਆਪ ਟੋਰਿਆ ਲਿਖਿਆ ਹੈ। ਰਤਨ ਸਿੰਘ ਜੀ ਦੇ ਲਿਖੇ ਨੂੰ ਇਤਿਹਾਸਕਾਰਾਂ ਨੇ ਬੜੀ ਗੌਰਵਤਾ ਦਿੱਤੀ ਹੈ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਲਿਖੀ ਹੈ ਕੱਤਕ ਸੁਦੀ ੫ ਸੰਮਤ ੧੭੬੫। ਬੰਦੇ ਦੇ ਸਰਹਿੰਦ ਮਾਰਨ ਦੀ ਤਾਰੀਖ ਜੇਠ ਸੁਦੀ ੧੪ ਸੰਮਤ ੧੭੬੭ ਸਹੀ ਹੋਈ ਹੈ। ਇਹ ਡੇਢ ਕੁ ਸਾਲ ਬਣਦਾ ਹੈ, ਇਸ ਤੋਂ ਸੰਸਾ ਕੀਤਾ ਜਾ ਸਕਦਾ ਹੈ ਕਿ ਸ਼ਾਇਦ ਬੰਦਾ ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਵਣ ਤੋਂ ਮਗਰੋਂ ਟੁਰਿਆ ਹੋਵੇ। ਸਫਰ ਕਰਨੇ, ਬਚਵੇਂ ਚਲਣਾ, ਆਪਣੇ ਖਰਚ ਖਬਲ ਸੰਭਾਲਣੇ, ਪੰਥ ਵਿਚ ਖਬਰਾਂ ਘੱਲਣੀਆਂ, ਜਵਾਬ ਉਡੀਕਣੇ, ਫੇਰ ਪ੍ਰਗਟ ਹੋਕੇ ਕੰਮ ਕਰਨਾ। ਛੋਟੇ ਛੋਟੇ ਮਾਅਰਕੇ: ਸਾਮਣਾ, ਘੁੜਾਮ, ਸ਼ਾਹਆਬਾਦ, ਮੁਸਤਫਾਬਾਦ, ਕਪੂਰੀ, ਸਢੌਰਾ, ਬਨੂੜ, ਛਤ ਥਾਵਾਂ ਮਾਰਕੇ ਸਰਹਿੰਦ ਮਾਰਨੀ ਏਹ ਸਾਰੇ ਕੰਮ ਇਸ ਅਰਸੇ ਵਿਚ ਹੋਏ। ਸੋ ਇੰਨਾਂ ਸਮਾਂ ਲੱਗ ਜਾਣਾ ਕੁਛ ਅਚਰਜ ਨਹੀਂ। ਪੁਰਾਤਨ ਦੋਵੇਂ ਲੇਖਕ ਸਹਿਮਤ ਹਨ ਕਿ ਬੰਦੇ ਨੂੰ ਗੁਰੂ ਜੀ ਨੇ ਆਪ ਟੋਰਿਆ। ਬੰਦੇ ਨੇ ਰਸਤੇ ਵਿਚ ਥਾਂ ਥਾਂ ਡੇਰਾ ਲਾਕੇ ਪ੍ਰਚਾਰ ਬੀ ਕੀਤਾ ਹੈ। ਪਰਜਾ ਦੀ ਰਾਖੀ ਦੇ ਨਿੱਕੇ ਨਿੱਕੇ ਮਾਅਰਕੇ ਬੀ ਮਾਰੇ ਹਨ ਤੇ ਅਜ਼ਮਤਾਂ ਬੀ ਦੱਸੀਆਂ ਹਨ, ਜਿਸ ਤੋਂ ਲੋਕਾਂ ਦੇ ਵਹੀਰ ਆਉਣ ਲੱਗ ਪਏ ਤੇ ਮਨੁੱਖ ਤੇ ਮਾਯਾ ਬੀ ਮਿਲੀ। ਭੰਗੂ ਜੀ ਰਸਤੇ ਦਾ ਹਾਲ ਐਉਂ ਦੱਸਦੇ ਹਨ:-

"ਯੌਂ ਕਰ ਬੰਦੈ ਭਈ ਪ੍ਰਤੀਤ ॥ ਤਬ ਬੰਦਾ ਭਯੋ ਨਿਸ਼ਚਲ ਚੀਤ ॥
ਪੂਤ ਮੰਗੈ ਤਿਸ ਦ੍ਵਾਏ ਪੂਤ ॥ ਦੂੱਧ ਮੰਗੇ ਦੇ ਦੂੱਧ ਬਹੂਤ ॥ ੮ ॥
ਜੇ ਕਰ ਕੋਈ ਦੁਖੀਆ ਆਵੈ ॥ ਕਰ ਅਰਦਾਸ ਤਿਸ ਦਖ ਮਿਟਾਵੈ ॥
ਵਾਹਿਗੁਰੂ ਕਾ ਜਾਪ ਜਪਾਵੈ ॥ ਜੋ ਮਾਂਗੈ ਤਿਸ ਸੋਊ ਦਿਵਾਵੈ ॥ ੯ ॥
ਐਸੀ ਜਗ ਮੈਂ ਪਰ ਗਈ ਧਾਂਕ ॥ ਆਇ ਮਿਲੈ ਰਾਣਾ ਔ ਰਾਂਕ ॥
ਦੂਰਹਿ ਤੇ ਜੋ ਨਿੰਦਤ ਆਵੈ ॥ ਹੋਇ ਨੇੜ ਬਹੁ ਚਰਨੀ ਪਾਵੈ ॥ ੧੦ ॥"

ਜਮਨਾ ਨਿਕਟ ਉਚ ਥਲ ਹੇਰੇ।
ਖੋਜਹਿਂ ਬੰਦੇ ਕੋ ਫਿਰਿ ਫੇਰੇ।
ਟੇਹੇ ਗ੍ਰਾਮ ਥੇਹ ਪਰ ਆਏ।
ਬੈਠਯੋ ਤਹਾਂ ਦੇਖਿ ਹਰਖਾਏ ॥੪॥
ਫਤੇ ਗੁਰੂ ਜੀ ਕੀ ਕਹਿ ਬੈਸੇ।
ਹੁਕਮ ਗੁਰੂ ਕੋ ਪਠਿ ਕਰਿ ਤੈਸੇ।
ਕਿਤਿਕ ਸਮੇਂ ਲੌਂ ਜਬਿ ਥਿਰ ਰਹੇ।
ਸਿੰਘਨ ਤਬਹਿ ਬਾਕ ਇਮ ਕਹੇ ॥੫॥
'ਹਮ ਮਾਰਗ ਮਹਿਂ ਚਲਿ ਕਰਿ ਆਏ।
ਤੁਮ ਥਿਰ ਪ੍ਰਥਮ ਰਹੇ ਇਸ ਥਾਏਂ।
ਹਮ ਅਭਿਲਾਖਹਿਂ ਦੇਹੁ ਅਹਾਰਾ।
ਜਿਸ ਤੇ ਛੁਧਾ ਕਰਹਿਂ ਨਿਰਵਾਰਾ' ॥੬॥
ਸੁਨਿ ਬੰਦੇ ਸਭਿ ਸੰਗ ਬਖਾਨੀ।
'ਮੈਂ ਕੁਛ ਜਮਾ ਨ ਪ੍ਰਥਮੈ ਠਾਠੀ।
ਅਹੌਂ ਇਕਾਕੀ ਸੌਂਜ ਨ ਕੋਈ।
ਬਾਸਨ ਬਸਨ ਅਸਨ ਨਹਿਂ ਜੋਈ[1] ॥੭॥
ਜਿਸ ਹਿਤ ਸਤਿਗੁਰ ਇਤੈ ਪਠਾਏ।
ਸੋ ਉੱਦਮ ਕੀਜਹਿ ਲਿਹੁ ਖਾਏ।'
ਇਮ ਆਪਸ ਮਹਿਂ ਕਰਤ ਬਖਾਨਾ।
ਤਿਸ ਛਿਨ ਅਸਨ ਇਸਤ੍ਰੀਅਨਿ ਆਨਾ ॥੮॥
ਰਾਹਕ ਕਾਰ ਕਰਤਿ ਕ੍ਰਿਖਿ ਕੇਰੀ।
ਤਿਨ ਹਿਤ ਲੀਏ ਜਾਤ ਤਿਸ ਹੇਰੀ।
ਬੰਦਾ ਕਹੈ 'ਸੁਨਹੁ ਸਿਖ ਭਾਈ!
ਇਹ ਗੁਰ ਪਠਯੋ ਛੀਨਿ ਲਿਹੁ ਖਾਈ ॥੯॥
ਪ੍ਰਥਮ ਸ਼ਗੁਨ ਭੋਜਨ ਕਹੁ ਆਛੇ।
ਅਪਰ ਵਸਤੁ ਲੂਟਹਿਂ ਸਭਿ ਪਾਛੇ।'
ਸੁਨਿ ਕੈ ਛੁਧਤਿ ਉਠੇ ਤਤਕਾਲਾ।
ਸਰਬ ਰੋਟਿਕਾ ਛੀਨਿ ਉਤਾਲਾ ॥੧੦॥
ਜਲ ਪਰ ਬੈਠਿ ਅਚਨ ਸੋ ਕਰੀ।
ਛੁਧਾ ਅਧਿਕ ਥੀ ਸਭਿ ਪਰਹਰੀ।
ਇਸਤ੍ਰੀ ਅਧਿਕ ਪਾਇ ਕਰਿ ਰੌਰਾ।

[1] ਭਾਂਡੇ ਬਸਤ੍ਰ ਭੋਜਨ ਨਹੀਂ ਦੇਖੇ।

ਗਈ ਪੁਕਾਰਤਿ ਪਤਿ ਜਿਸ ਠੌਰਾ* ॥੧੧॥
'ਮਾਰਗ ਮਹਿਂ ਬੈਠੇ ਬਟਪਾਰ।
ਹਮ ਤੇ ਲੀਨਸਿ ਛੀਨ ਅਹਾਰ।
ਊਚੇ ਬਹੁ ਪੁਕਾਰ ਕਰਿ ਹਾਰੀ।
ਨਹਿਂ ਮਾਨਹਿਂ ਕੁਛ ਨ੍ਰਿਭੈ ਸੁ ਭਾਰੀ' ॥੧੨॥
ਰਾਹਿਕ ਦਸਕ ਗ੍ਰਾਮ ਮਹਿਂ ਸਾਰੇ।
ਹੁਤੇ ਅਲਪ ਹੀ ਬਸਨੇ ਹਾਰੇ।
ਲਿਏ ਲਸ਼ਟਕਾ ਰਿਦੈ ਰਿਸਾਏ।
ਮਾਰਨ ਕਾਰਨ ਤੂਰਨ ਧਾਏ ॥੧੩॥
ਦੌਰਤਿ ਆਵਤਿ ਦੂਰਹਿਂ ਜੋਏ।
ਸਾਵਧਾਨ ਆਗੇ ਸਿਖ ਹੋਏ।
ਮਿਲਿ ਕਰਿ ਤਿਨਹੁਂ ਪ੍ਰਹਾਰ ਚਲਾਏ।
ਮਾਰਿ ਮਾਰਿ ਕਰਿ ਚਹੁਂਦਿਸ਼ਿ ਆਏ ॥੧੪॥
ਲਸ਼ਟ ਪ੍ਰਹਾਰ ਸਹਾਰ ਸੰਭਾਰੇ।
ਖੈਂਚਿ ਖੜਗ ਤਤਛਿਨ ਕਟਿ ਡਾਰੇ।
ਭਾਜਨ ਦਏ ਨ ਕਿਸੂ ਸਥਾਨ।
ਪਹੁਂਚਿ ਪਹੁਂਚਿ ਢਿਗ ਕੀਨਸਿ ਹਾਨ ॥੧੫॥
ਬਹੁਰ ਗ੍ਰਾਮ ਕੇ ਬੀਚ ਸਿਧਾਰੇ।
ਛੀਨਿ ਲੀਨਿ ਸਭਿ ਵਸਤੁ ਸੰਭਾਰੇ।
ਜਬਹਿ ਦੌਰ ਕਰਿ ਲੂਟ ਮਚਾਈ।
ਆਨਿ ਮਿਲੇ ਕੇਤਿਕ ਨਰ ਧਾਈ ॥੧੬॥
ਹੇਤ ਲੁਟਿਬੇ ਮਿਲਿ ਸਮੁਦਾਯਾ।
ਸੋ ਦਿਨ ਤਿਸ ਹੀ ਗ੍ਰਾਮ ਬਿਤਾਯਾ।
ਨਿਸ ਮਹਿਂ ਮਤਾ ਕੀਨਿ ਮਿਲਿ ਸਾਰੇ।
-ਅਬਿ ਨਹਿਂ ਬੈਠਨ ਬਨਹਿ ਸੁਖਾਰੇ ॥੧੭॥
ਉਠਹੁ ਪ੍ਰਾਤਿ ਕੋ ਲੂਟ ਮਚਾਵਹੁ।
ਨਿਕਟਿ ਗ੍ਰਾਮ ਲਘੁ ਲਘੁ ਦਰਸਾਵਹੁ।
ਜੋ ਅਰ ਪਰਹਿ ਕਟਾ ਕਰਿ ਦੀਜੈ।
ਵਸਤੁ ਦਰਬ ਆਦਿਕ ਸਭਿ ਲੀਜੈ ॥੧੮॥
ਚਹੈ ਜਿ ਲੂਟਨ[1] ਸੋ ਨਰ ਜਹਿਂ ਜਹਿਂ।

---

*ਇਹ ਵਾਰਤਾ ਨਹੀਂ ਹੋਈ। ਵਿਸਥਾਰ ਲਈ ਦੇਖੋ {ਵਿਸ਼ੇਸ਼ ਟੂਕ}

[1]ਜੋ ਲੁਟਣਾ ਚਾਹੇ।

ਮਾਨਵ ਜਾਇ ਬੁਲਾਵਹਿਂ ਤਹਿਂ ਤਹਿਂ-।
ਕਿਤਿਕ ਸਥਲ ਨਰ ਤਬਹਿ ਪਠਾਏ।
ਜਾਮਨਿ ਬੀਚ ਹਕਾਰਿ ਮਿਲਾਏ ॥੧੯॥
ਸਭਿ ਕੋ ਬੰਦੇ ਧੀਰਜ ਦੀਨ।
'ਹਤਹੁ ਕਿ ਲੂਟਹੁ ਤ੍ਰਾਸ ਬਿਹੀਨ।
ਮਿਲੈਂ ਸ਼ੱਤ੍ਰੁ ਗਨ ਮੈਂ ਰਖਵਾਰੋ।
ਖਰੇ ਇਕਾਂਕੀ ਪੁੰਜ ਸੰਘਾਰੋਂ' ॥੨੦॥
ਮਸਲਤਿ ਇਮ ਕਰਿ ਰਹੇ ਸੁਚੇਤ।
ਜਾਗ੍ਰਤ ਭਏ ਕਰਨਿ ਰਨ ਖੇਤ।
ਚਾਰ ਘਰੀ ਕੇ ਅੰਮ੍ਰਿਤ ਵੇਲੇ।
ਸੌਚ ਸ਼ਨਾਨੇ ਆਯੁਧ ਲੇ ਲੇ ॥੨੧॥
ਅਲਪ ਗ੍ਰਾਮ ਨਰ ਸੁਪਤਿ ਨਿਸ਼ੰਕ।
ਔਚਕ ਪਰੇ ਜਾਇ ਇਕ ਅੰਕ[1]।
ਤ੍ਰਾਸਤਿ ਲੇ ਨਿਜ ਪ੍ਰਾਨ ਪਲਾਏ।
ਸੋ ਬਚ ਰਹੇ, ਅਰੇ ਸਭਿ ਘਾਏ ॥੨੨॥
ਵਸਤੁ ਧਨਾਦਿ ਲੂਟ ਕਰਿ ਭਲੇ।
ਭਏ ਸਨੱਧ ਲਰਨ ਕੌ ਖਲੇ।
ਨਿਕਟ ਨਿਕਟ ਕੇ ਗ੍ਰਾਮ ਦੁ ਤੀਨ[2]।
ਲਏ ਲੂਟ ਧਨੁ ਵਸਤੂ ਪੀਨ ॥੨੩॥
ਅਸ ਰੌਰੇ ਕਹੁ ਹੇਰਿ ਲੁਟੇਰੇ।
ਸੁਨਿ ਸੁਨਿ ਆਨਿ ਮਿਲੇ ਚਹੁਂ ਫੇਰੇ।
ਸੰਧਯਾ ਤੀਕ ਤੀਨ ਸੌ ਭਏ।
ਖਾਨ ਪਾਨ ਆਛੇ ਕਰਿ ਲਏ ॥੨੪॥
ਕਰੈਂ ਹਰਖ ਧਰਿ ਮਾਰ ਬਕਾਰਾ।
'ਛੀਨਹੁਂ ਦੇਸ਼ਨ ਤੁਰਕ ਸੰਘਾਰਾ।
ਆਯੁਧ ਲੂਟਿ ਲੂਟਿ ਧਨ[*] ਭਾਰੇ।
ਅਲਪ ਬਡੇ ਹਯ ਕਿਤਿਕ ਸੰਭਾਰੇ ॥੨੫॥
ਤੀਨ ਦਿਵਸ ਇਮ ਧੂਮ ਉਤਾਰੀ।
ਪਰਯੋ ਦੇਸ਼ ਮਹਿਂ ਰੌਰਾ ਭਰੀ।

---

[1]ਇੱਕੇ ਵੇਰੀਂ।
[2]ਦੋ ਤਿੰਨ।
[*]ਪਾ:-ਕਰਿ।

ਪੁਰਿ ਗ੍ਰਾਮਨਿ ਮਹਿਂ ਨਰ ਸਵਧਾਨੇ।
ਗਹਿ ਗਹਿ ਸ਼ਸਤ੍ਰ ਖਰੇ ਡਰ ਮਾਨੇ ॥੨੬॥
[+]ਮੁਸਤਾਬਾਦ ਨਗਰ ਢਿਗ ਭਾਰਾ।
ਤਹਾਂ ਸਥਿਰ ਭਟ ਦੌਨ ਹਜ਼ਾਰਾ।
ਮਰੇ ਲੁਟੇ ਜਿਨ ਕੇ ਨਹਿਂ ਗਏ।
ਊਚ ਪੁਕਾਰ ਪੁਕਾਰਤਿ ਭਏ ॥੨੭॥
'ਤੁਮ ਮਾਲਕ ਬੈਠੇ ਸੁਖ ਸੰਗ।
ਗ੍ਰਾਮ ਲੁਟੇ ਉਜਰੇ ਡਰ ਜੰਗ।' {ਵਿਸ਼ੇਸ਼ ਟੂਕ}
ਸੁਨਿ ਬੂਝਯੋ 'ਅਸ ਆਯਹੁ ਕੌਨ?
ਜਿਨ ਬਿਨ ਤ੍ਰਾਸ ਉਜਾਰੇ ਭੌਨ' ॥੨੮॥
ਕਹੈ ਸੁ 'ਕੁਛ ਨਹਿਂ ਜਾਨਯੋ ਜਾਈ।
ਦਿਨ ਪ੍ਰਤਿ ਹੋਤਿ ਜਾਤ ਸਮੁਦਾਈ।'
ਤਹਾਂ ਤੁਰਕਪਤਿ ਹੋਯਸਿ ਤਯਾਰ।
ਜ਼ੀਨ ਤੁਰੰਗਨਿ ਤੂਰਨ ਡਾਰਿ ॥੨੯॥
ਦ੍ਵੈ ਹਜ਼ਾਰ ਚਢਿ ਕਰਿ ਅਸਵਾਰ।
ਦੋਇ ਤੋਪ ਲੇ ਸੰਗ ਜੁਝਾਰ।
ਲੂਟਿ ਕੂਟਿ ਜਹਿਂ ਕੀਨਸਿ ਡੇਰਾ।
ਸੁਨਿ ਤਿਤ ਗਮਨਯੋਂ ਕ੍ਰੋਧ ਬਡੇਰਾ ॥੩੦॥
ਸਨੇ ਸਨੇ ਗਮਨਯੋਂ ਕੁਛ ਡਰਿ ਕੈ।
ਪਹੁੰਚਯੋ ਆਨਿ ਤਹਾਂ ਚਲਿ ਕਰਿ ਕੈ।
ਦੇਖਿ ਦੂਰ ਤੇ ਤੋਪ ਚਲਾਈ।
ਗਨ ਦੁੰਦਭਿ ਦਲ ਬਿਖੇ ਬਜਾਈ ॥੩੧॥
ਡਰੇ ਬਿਲੋਕਤਿ ਪੁੰਜ ਲੁਟੇਰੇ।
-ਲਰਹਿ ਕੌਨ ਇਨ ਕੇਰ ਅਗੇਰੇ।
ਚਮੂੰ ਅਧਿਕ ਜਿਮ ਆਟੇ ਲੌਨ।
ਧਰਿ ਪ੍ਰਾਕ੍ਰਮ ਲਰਿ ਗਨਿ ਹੈ ਕੌਨ[1]- ॥੩੨॥
ਹੇਤੁ ਪਲਾਵਨ ਕੇ ਹੁਇ ਤਯਾਰੇ।
ਪਿਖਿ ਬੰਦੇ ਸਭਿ ਸੰਗ ਉਚਾਰੇ।
'ਤ੍ਰਾਸਹੁ ਮਤਿ ਹੁਜਹੁ ਸਵਧਾਨਾ।

---

[+]ਇਹ ਮੁਸਤਫਾਵਾਦ ਤੋਂ ਬੰਦੇ ਦਾ ਕੰਮ ਸ਼ੁਰੂ ਨਹੀਂ ਹੋਇਆ ਸਗੋਂ ਕੈਂਥਲ ਦੇ ਪਰਗਨੇ ਤੋਂ, ਵਿਸਥਾਰ ਸਹਿਤ ਦੇਖਣ {ਵਿਸ਼ੇਸ਼ ਟੂਕ} ਉਪਰ ਕਲਿਕ ਕਰੋ।
[1]ਅਸੀਂ ਬਲ ਧਾਰਕੇ ਲੜੀਏ ਤਾਂ ਕਿਸ ਗਿਣਤੀ ਵਿਚ ਹਾਂ।

ਸਭਿ ਕੇ ਮੈਂ ਬਚਾਇ ਹੌਂ ਪ੍ਰਾਨਾ ॥੩੩॥
ਜਬਿ ਉਚਰੌਂ ਹੇਲਾ ਅਬਿ ਘਾਲਹੁ।
ਲੂਟਿ ਚਮੂੰ ਹਯ ਸ਼ਸਤ੍ਰ ਸੰਭਾਲਹੁ।
ਸਾਰ ਬੰਦ[੧*] ਕਰਿ ਹੌਂ ਇਕ ਬਾਰੀ।
ਤੁਮ ਸੁਖੇਨ ਰਿਪੁ ਲੀਜਹੁ ਮਾਰੀ ॥੩੪॥
ਦੇਖਹੁ ਪਤਾ ਜਿ ਨਹੀਂ ਪ੍ਰਤੀਤ।
ਪੁਨਹਿ ਪ੍ਰਹਾਰ ਕਰਹੁ ਲਿਹੁ ਜੀਤ।'
ਇਮ ਕਹਿ ਸਭਿ ਕੇ ਅੱਗ੍ਰ ਸਿਧਾਰਾ।
ਕਿਤਿਕ ਦੂਰ ਥਿਰ ਹੋਹਿ ਨਿਹਾਰਾ ॥੩੫॥
ਲੇ ਗੁਰ ਤੀਰ ਲਕੀਰ ਨਿਕਾਰੀ।
'ਗੋਰੀ ਗੋਰ ਨ ਉਲੰਘਿ ਅਗਾਰੀ।'
ਇਮ ਕਹਿ ਖਰੋ ਭਯੋ ਰਿਪੁ ਸੌਹੇਂ।
ਰਿਸ ਤੇ ਕਰੀ ਬੱਕ੍ਰ ਜੁਗ ਭੌਹੇਂ ॥੩੬॥
ਲਾਲ ਬਿਲੋਚਨ ਤਾੜੇ ਅਰੀ।
ਜਿਸ ਕਰਿ ਤਿਨ ਤੇ ਕਛੂ ਨ ਸਰੀ।
ਤੁਪਤ ਤੋਪ ਤੇ ਗੋਰਾ ਗੋਰੀ।
ਕਰਹਿਂ ਪ੍ਰਹਾਰ ਬ੍ਰਿੰਦ ਇਨ ਓਰੀ ॥੩੭॥
ਉਲੰਘੇ ਨਹੀਂ ਲਕੀਰ ਅਗਾਰੀ।
ਤਿਹ ਲੌ ਪਹੁੰਚਹਿ ਨਹਿਂ[+] ਬਲ ਭਾਰੀ।
ਖਰੇ ਸੁਖੇਨ ਨ ਕਿਸ ਕੇ ਲਾਗੇ।
ਸਨੇ ਸਨੇ ਆਵਤਿ ਰਿਪੁ ਆਗੇ ॥੩੮॥
ਪਿਖਿ ਬੰਦੇ ਕੋ ਪ੍ਰਾਕ੍ਰਮ ਐਸੇ।
ਹਰਖੇ ਲੋਗ ਤਜਜੋ ਡਰ ਤੈਸੇ।
ਸਾਵਧਾਨ ਹੁਇ ਸ਼ਸਤ੍ਰ ਸੰਭਾਲੇ।
ਤੋਮਰ ਤੀਰ ਤੁਫੰਗ ਬਿਸਾਲੇ ॥੩੯॥
ਕਿਨਹੂੰ ਖੜਗ ਸਿਪਰ ਹੀ ਧਾਰੀ।
ਭੇ ਸਨਮੁਖ ਕਰਿ ਮਾਰੋ ਮਾਰੀ।
ਸਭਿ ਕੇ ਆਗੇ ਬੰਦਾ ਭਯੋ।
ਅਪਨਿ ਚਮੂੰ ਕੋ ਉਤਸਵ ਦਯੋ ॥੪੦॥

---

[੧]ਰੂਹਾਨੀ ਤਾਕਤ ਨਾਲ ਵੈਰੀ ਦੇ ਸ਼ਸਤ੍ਰਾਂ ਨੂੰ ਬੰਨ੍ਹ ਦੇਣਾ ਕਿ ਉਨ੍ਹਾਂ ਦਾ ਪ੍ਰਹਾਰ ਆਪਣੀ ਸੈਨਾਂ ਨੂੰ ਨਾ ਲੱਗੇ।
[*]ਪਾ:-ਸਾਹ ਬੰਦ।
[+]ਪਾ:-ਪਹੁੰਚਿ ਹਟਹਿਂ।

ਇਮ ਗਮਨਤਿ ਜਬਿ ਹੋਇਸਿ ਨੇਰ।
ਭਏ ਦਲੇਰ ਰਹਯੋ ਭਟ ਭੇਰ।
ਜਬਿ ਕੇਤਿਕ ਤੁਪਕੈ ਚਲਿਵਾਈ।
ਲਗੀ ਤੁਰਕ, ਗਿਰਿ ਗੇ ਰਣ ਥਾਂਈਂ ॥੪੧॥
ਇਹ ਬਚ ਰਹੇ, ਲਗਹਿਂ ਨਹਿ ਘਾਵਾ।
ਗਿਰੇ ਬ੍ਰਿੰਦ ਰਿਪੁ ਹ੍ਵੈ ਨ ਬਚਾਵਾ।
ਕਿਤਿਕ ਤੁਰੰਗ ਛੁਟੇ ਗਹਿ ਲੀਨ।
ਚਢਿ ਊਪਰ ਬਿਚਰੇ ਰਣ ਕੀਨ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥੭॥

ਵਿਸ਼ੇਸ਼ ਟੂਕ:- ਇਹ ਪ੍ਰਸੰਗ ਕਵੀ ਜੀ ਤੱਕ ਸਹੀ ਨਹੀਂ ਪੁੱਜਾ, ਬੰਦੇ ਦੇ ਸਰਹੰਦ ਤੱਕ ਪੁੱਜਣ ਦੇ ਸਹੀ ਹਾਲਾਤ ਸ੍ਰੀ ਭੰਗੂ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿਚ ਐਉਂ ਲਿਖੇ ਹਨ ਕਿ ਜਦ ਬੰਦਾ ਗੁਰੂ ਜੀ ਤੋਂ ਸ਼ੁਭ ਸਿੱਖਯਾ ਪ੍ਰਾਪਤ ਕਰ, ਮਾਝੇ ਮਾਲਵੇ ਦੇ ਸਿੰਘਾਂ ਵੱਲ ਸਤਿਗੁਰਾਂ ਦੇ ਪਰਵਾਨੇ ਤੇ ਸਿੰਘਾਂ ਦੀ ਇਕ ਕੌਂਸਲ ਨਾਲ ਲੈਕੇ ਪੰਜਾਬ ਵੱਲ ਟੁਰ ਪਿਆ ਤਾਂ ਰਸਤੇ ਵਿਚ ਉਸਨੂੰ ਖਰਚ ਦੀ ਤੰਗੀ ਵਾਪਰੀ। ਗੁਰੂ ਹੁਕਮ ਮੂਜਬ ਪੰਜ ਸਿੰਘਾਂ ਨੂੰ ਇਸ ਔਕੜ ਦੇ ਦੂਰ ਹੋਣ ਲਈ ਅਰਦਾਸਾ ਕਰਨ ਲਈ ਕਿਹਾ, ਸਿੰਘਾਂ ਅਰਦਾਸਾ ਸੋਧਿਆ, ਵਿਚ ਬੰਦਾ ਬੀ ਸ਼ਾਮਲ ਸੀ। ਇਕ ਲੁਬਾਣਾ ਸਿੰਘ ਆਇਆ, ਜਿਸਨੇ ਕਈ ਹਜ਼ਾਰ ਦਸਵੰਧ ਵਜੋਂ ਭੇਟ ਕੀਤੀ। ਬੰਦੇ ਦੀ ਪ੍ਰੀਤੀ ਇਸ ਘਟਨਾ ਨੇ ਗੁਰੂ ਚਰਨਾਂ ਨਾਲ ਹੋਰ ਬੀ ਵਧਾ ਦਿੱਤੀ। ਰਾਹ ਵਿਚ ਦੀਵਾਨ ਕਰਦਾ, ਨਾਮ ਦਾਨ ਦੇਂਦਾ, ਦੁੱਧ ਵਾਲੇ ਨੂੰ ਦੁੱਧ, ਪੁੱਤ ਵਾਲੇ ਨੂੰ ਪੁੱਤ ਤੇ ਲੋੜਵੰਦਾਂ ਦੀਆਂ ਆਸਾਂ ਪੂਰਨ ਕਰਦਾ ਪੰਜਾਬ ਵੱਲ ਟੁਰਦਾ ਰਿਹਾ। ਜਿਸ ਪਿੰਡ ਉਤਾਰਾ ਕਰਦਾ ਸੰਗਤਾਂ ਧਨ ਅਰਪਦੀਆਂ, ਤੇ ਲੋੜੀਂਦਾ ਸਮਾਨ ਹਾਜ਼ਰ ਕਰਦੀਆਂ ਸਨ। ਇਹਨਾਂ ਦਿਨਾਂ ਵਿਚ ਜੋ ਸਵਾਲੀ ਆਇਆ ਖਾਲੀ ਨਹੀਂ ਗਿਆ, ਲੋੜਵੰਦਾਂ ਦੀਆਂ ਝੋਲੀਆਂ ਭਰੀਆਂ। ਭਾਈ ਰਤਨ ਸਿੰਘ ਜੀ ਲਿਖਦੇ ਹਨ ਕਿ ਜਿਸ ਆਦਮੀ ਨੇ ਦੀਵੇ ਵਿਚ ਤੇਲ ਪਾਇਆ, ਬੈਠਣ ਵਾਲੀ ਥਾਂ ਤੇ ਝਾੜੂ ਦਿੱਤਾ ਜਾਂ ਪੀਣ ਲਈ ਪਾਣੀ ਦਾ ਘੜਾ ਆਂਦਾ ਕਿਸੇ ਨੂੰ ਵੀ ਇਕ ਅਸ਼ਰਫੀ ਤੋਂ ਘੱਟ ਬੰਦਾ ਨਹੀਂ ਦੇਂਦਾ ਸੀ। ਬੰਦੇ ਦੇ ਇਸ ਤਰ੍ਹਾਂ ਦੇ ਸਲੂਕ ਨੂੰ ਵੇਖਕੇ ਦੂਰ ਨੇੜੇ ਤੋਂ ਵਹੀਰਾਂ ਇਹਦੇ ਗਿਰਦ ਇਕੱਠੀਆਂ ਹੋਣ ਲੱਗੀਆਂ ਤੇ ਉਹਦੀ ਦਾਨ ਸ਼ੀਲਤਾ ਤੇ ਵਰਦਾਨਾਂ ਦੇ ਪੂਰਾ ਹੋਣ ਨੇ ਉਸ ਨੂੰ ਸਰਬਪ੍ਰਿਯ ਬਣਾ ਦਿੱਤਾ। ਬੰਦੇ ਦੇ ਪਾਸ ਧਨ ਦੀ ਬਹੁਲਤਾ ਦਾ ਹਾਲ ਸੁਣ ਇਕ ਵੇਰ ਡਾਕੂ ਆ ਗਏ, ਸਿੰਘਾਂ ਨੇ ਫੜਕੇ ਉਨ੍ਹਾਂ ਦੀ ਚੰਗੀ ਤਰ੍ਹਾਂ ਸੋਧ ਕੀਤੀ। ਇੰਜ ਪੰਧ ਮੁਕਾਕੇ ਬਾਂਗਰ ਦੇ ਇਲਾਕੇ (ਕਰਨਾਲ ਤੇ ਹਿਸਾਰ ਦੇ ਲਾਗੇ) ਪੁੱਜੇ, ਇਸ ਇਲਾਕੇ ਵਿਚ ਇਕ ਗਿਰਾਂ ਨੂੰ ਲੁੱਟਣ ਲਈ ਧਾੜ ਆਈ ਹੋਈ ਸੀ। ਲੋਕੀਂ ਪਿੰਡੋਂ ਨੱਸ ਟੁਰੇ ਸਨ ਪਰ ਬੰਦੇ ਨੇ ਡਾਕੂਆਂ ਨੂੰ ਮਾਰ ਕੇ ਨਸਾ ਦਿੱਤਾ ਤੇ ਪਿੰਡ ਦੇ ਲੋਕ ਫਿਰ ਪਿੰਡ ਵਸਾਏ।

ਇਸ ਤਰ੍ਹਾਂ ਅਨਾਥ ਗਰੀਬ ਤੇ ਸਹਾਇਹੀਨਾ ਦੀ ਮਦਦ ਵਿਚ ਬੰਦੇ ਨੇ ਕਈ ਪਿੰਡ ਡਾਕੂਆਂ ਤੋਂ ਬਚਾਏ। ਇਸ ਤਰ੍ਹਾਂ ਦੇ ਸ਼ੁਭ ਕਾਰਜ ਕਰਦਾ ਬੰਦਾ ਦਿਨ ਬਦਿਨ ਪ੍ਰਸਿੱਧ ਹੁੰਦਾ ਗਿਆ ਤੇ ਨਾਲ ਲੋਕੀਂ ਰਲਦੇ ਗਏ ਤੇ ਪਰਜਾ ਪਿਆਰ ਕਰਨ ਲੱਗ ਪਈ। ਬੰਦੇ ਨੇ ਲੋਕਾਂ ਨੂੰ ਕਹਿ ਦਿੱਤਾ ਕਿ ਸਰਕਾਰੀ ਮਾਮਲਾ ਨਾ ਦਿਓ, ਉਹ ਤੁਹਾਡੀ ਰੱਛਾ ਨਹੀਂ ਕਰਦੇ। ਮੈਂ ਤੁਹਾਡੀ ਰੱਛਸਾ ਕਰਾਂਗਾ ਤੇ ਸਾਨੂੰ ਕੇਵਲ ਦੁੱਧ ਦਹੀਂ ਦਿਆ ਕਰੋ, ਅਸੀਂ ਹੋਰ 'ਕਰ' ਨਹੀਂ ਲੈਂਦੇ। ਜਦੋਂ ਸਰਕਾਰੀ ਮਾਮਲਾ ਬੰਦ ਹੋਇਆ ਤੇ ਚੌਧਰੀ ਤੰਗ ਪਏ, ਫੇਰ ਅਲਾਕੇ ਦੇ ਚੌਧਰੀ ਰਲਕੇ ਆਪਣੇ ਹਾਕਮ ਕੈਂਥਲ ਦੇ ਫੌਜਦਾਰ ਪਾਸ ਗਏ। ਜਿਸ ਤੇ ਕੈਂਥਲ ਦਾ ਫੌਜਦਾਰ, ਜੋ ਇਕ ਹਿੰਦੂ ਸੀ, ਬੰਦੇ ਤੇ ਚੜ੍ਹ ਆਇਆ, ਉਸ ਨੇ ਆਕੇ ਬੰਦੇ ਨੂੰ ਬਡੇ ਕੌੜੇ ਵਾਕ ਕਹੇ। ਪਹਿਲਾਂ ਤਾਂ ਬੰਦਾ ਉਹਦੇ ਬੋਲ ਕਬੋਲ ਜਿਗਰੇ ਨਾਲ ਸੁਣਦਾ ਤੇ ਸਹਾਰਦਾ ਰਿਹਾ, ਪਰ ਜਦ ਉਹ ਹੱਦੋਂ ਹੀ ਟੱਪਣ ਲਗਾ ਤਦ ਬੰਦੇ ਦੇ ਕਹਿਣ ਤੇ ਸਿੰਘਾਂ ਨੇ ਉਹਨੂੰ ਫੜ ਲਿਆ, ਤੇ ਉਹਦੇ ਸਾਥੀਆਂ ਨੂੰ ਮਾਰ ਕੇ ਨਸਾ ਦਿੱਤਾ। ਇਸ ਖੱਤਰੀ ਫੌਜਦਾਰ ਨੂੰ ਬੰਦੇ ਨੇ ਤਰਸਵਾਨ ਹੋਕੇ ਛੱਡ ਦਿੱਤਾ ਤੇ ਇਲਾਕੇ ਦਾ ਫੌਜਦਾਰ ਬਣਾ ਦਿੱਤਾ। ਇਥੋਂ ਉਠਕੇ ਬੰਦਾ ਸੇਹਰ ਖੰਡੇ ਪੁੱਜਾ, ਜੋ ਥਾਂ ਖਖਰੋਡ ਪਰਗਣੇ ਵਿਚ ਹੈ। ਦਿੱਲੀ ਤੋਂ ੨੫ ਮੀਲ ਉੱਤਰ ਪੱਛਮ, ਰੁਹਤਕ ਤੋਂ ੨੧ ਮੀਲ ਪੂਰਬ, ਸਾਂਪਲੇ ਤੇ ਸੋਨੀਪਤ ਦੇ ਵਿਚਕਾਰ ਤੇ ਤਸੀਲ ਸਾਂਪਲੇ ਦਾ ਪਿੰਡ ਹੈ, ਇਸ ਤੋਂ ਚਾਰ ਕੋਹ ਤੇ ਉੱਤਰ ਵਾਲੇ ਪਾਸੇ ਨੂੰ 'ਖੰਡਾ' ਪਿੰਡ ਹੈ ਜਿਸਦੇ ਲਾਗੇ ਹੀ 'ਸੇਹਿਰੀ' ਗਾਉਂ ਹੈ। ਸ਼ਾਇਦ ਇਸੇ ਤੋਂ 'ਸੇਹਰੀ ਖੰਡਾ' ਨਾਮ ਪਿਆ ਹੈ। * 'ਸੇਹਰੀ ਖੰਡੇ' ਬੰਦੇ ਨੇ ਕੁਛ ਸਮਾਂ ਡੇਰਾ ਰੱਖਿਆ, ਮਾਝੇ ਦੇ ਸਿੰਘ ਤੇ ਹੋਰ ਸਿੱਖਾਂ ਦੇ ਨਾਮ ਚਿੱਠੀਆਂ ਭੇਜੀਆਂ, ਗੁਰੂ ਜੀ ਦੇ ਹੁਕਮ ਵਿਚ ਪੰਜਾਬ ਨੂੰ ਆਪਣੇ ਆਉਣ ਤੇ ਜ਼ਾਲਮਾਂ ਦੀ ਸੋਧ ਕਰਨ ਦੇ ਪ੍ਰੋਗਰਾਮ ਦੀ ਖਬਰ ਭੇਜੀ। ਇਹ ਹਾਲਾਤ ਦੱਸਦੇ ਹਨ ਕਿ ਕਲਗ਼ੀਧਰ ਜੀ ਤੋਂ ਵਿਦਾ ਹੋਕੇ ਬਾਂਗਰ ਪੁੱਜਣ ਸਮੇਂ ਤੱਕ ਬੰਦੇ ਦਾ ਆਮ ਲੋਕਾਂ ਨਾਲ ਸਲੂਕ ਤਰਸਵਾਨਾਂ ਤੇ ਦੁਖੀਆਂ ਅਨਾਥਾਂ ਦਾ ਰਖਵਾਲਾ ਹੋਣ ਵਾਲਾ ਸੀ, ਉਸ ਨੇ ਕਿਸੇ ਇਸਤ੍ਰੀ ਦੀਆਂ ਰੋਟੀਆਂ ਕੀ ਖੋਹਣੀਆਂ ਸਨ, ਉਹ ਗ਼ਰੀਬਾਂ ਤੇ ਅਨਾਥਾਂ ਨੂੰ ਖੁੱਲੇ ਦਿਲ ਮਾਇਆ ਦੇ ਗੱਫੇ ਦੇਕੇ ਨਿਹਾਲ ਕਰਦਾ ਰਿਹਾ ਸੀ। ਹਾਂ ਇਸ ਵਿਚ ਸ਼ੁਭਾ ਨਹੀਂ ਕਿ ਓਹ ਪਿੰਡ ਲੁੱਟਣ ਵਾਲੀਆਂ ਵਾਹਰਾਂ ਦੀ ਖੂਬ ਖ਼ਬਰ ਲੈਂਦਾ ਰਿਹਾ ਤੇ ਐਉਂ ਹੀ ਓਹ ਪਰਜਾ ਵਿਚ ਹਾਕਮਾਂ ਨਾਲੋਂ ਵਧੇਰੇ ਪਿਆਰਾ ਹੋ ਗਿਆ ਤੇ ਲੋਕੀਂ ਵੀ ਉਸ ਦੇ ਵੱਲ ਹੋ ਗਏ। ਐਉਂ ਬੰਦੇ ਨਾਲ ਲੋਕੀਂ ਰਲਣ ਲੱਗ ਪਏ, ਤੇ ਬੰਦਾ ਮਾਲਵੇ ਮਾਝੇ ਦੇ ਸਿੰਘਾਂ ਦੀ ਉਡੀਕ ਲਈ ਲੋੜੀਂਦਾ ਸਮਾਂ ਆਪਣੇ ਆਪ ਨੂੰ ਪ੍ਰਜਾ ਦਾ ਪ੍ਰਿਯ ਬਨਾਉਣ ਵਿਚ ਲਾਉਂਦਾ ਰਿਹਾ।

---

*ਸ੍ਰੀ ਰਤਨ ਸਿੰਘ ਭੰਗੂ ਜੀ ਲਿਖਦੇ ਹਨ:-ਸੇਹਰ ਖੰਡੇ ਰਾਹ ਪੁਛ ਲਯੋ। ਖਖਰੇਡ ਪਰਗਣੇ ਮੇਂ ਨੌਂ ਭਯੋ। ਦਿਲੀ ਤੋਂ ਵੀਹ ਤੀਹ ਕੁ ਕੋਸ।

## ੮. [ਬੰਦੇ ਦੀ ਵਿਜਯ। ਦਲ ਵਧਣਾ। ਸਢੌਰਾ ਮਾਰਨਾ]

੭<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੯

ਦੋਹਰਾ: ਭਯੋ ਨੇਰ ਭਟ ਭੇਰ ਕੋ, ਬੰਦਾ ਚਮੂੰ ਅਨੰਦ[1]।
ਛੀਨ ਤੁਰੰਗਮ ਬਹੁ ਚਢੇ, ਬਾਢੀ ਚੌਂਪ ਬਿਲੰਦ ॥੧॥

ਚੌਪਈ: ਬਹੁ ਕੋਪਜੋ ਮੁਖ ਹੁਕਮ ਬਖਾਨਾ।
'ਹੇਲ ਕਰਹੁ ਮੇਲਹੁ ਘਮਸਾਨਾ।
ਸ਼ਸਤ੍ਰ ਤੁਰੰਗਮ ਤੋਪ ਸਮੇਤ।
ਛੀਨ ਲੇਹੁ ਇਨ ਤੇ ਰਣ ਖੇਤ' ॥੨॥
ਇਮ ਕਹਿ ਗੁਰ ਕੋ ਬਾਨ ਸੰਭਾਰਾ।
ਜੋਰਿ ਪਨਚ ਮਹਿਂ ਐਂਚਿ ਉਚਾਰਾ।
'ਹਤਹੁ ਤੁਰਕ ਗਨ ਜਾਨਿ ਨ ਦੀਜੈ।
ਸਰਬ ਸਮਾਜ ਛੀਨਿ ਕਰਿ ਲੀਜੈ' ॥੩॥
ਤਬਿ ਅਕਾਸ਼ ਕੋ ਦਲ ਚਲਿ ਆਯੋ।
ਹਤਿ ਅਜ਼ਗੈਬਹਿ ਜੰਗ ਮਚਾਯੋ।
ਆਗੇ ਪਾਛੇ ਆਯੁਧ ਚਲੇ।
ਪਰੀ ਮਾਰ ਸ਼ੱਤ੍ਰ ਗਨ ਹਲੇ ॥੪॥
ਦਈ ਪੀਠ, ਤਜਿ ਤੋਪ ਪਧਾਰੇ।
ਤਬਿ ਬੰਦੇ ਨਿਜ ਭਟ ਲਲਕਾਰੇ।
'ਹਯ ਆਯੁਧ ਕਜੋਂ ਤੋਪ ਨ ਲੇਤੇ।
ਨਹਿਂ ਰਿਪੁ ਠਹਿਰੇ ਭਾਜ ਚਲੇ ਤੇ' ॥੫॥
ਨਰ ਗ੍ਰਾਮਨਿ ਕੇ ਪਿਖਿਨਿ ਤਮਾਸ਼ਾ।
ਖਰੇ ਸੈਂਕਰੇ ਚਾਰਹੁੰ ਪਾਸਾ।
ਪਿਖੇ ਪਲਾਵਤਿ ਭੀਰੁ ਅਧੀਰ।
ਸਕੇ ਚਲਾਇ ਨ ਤੁਰਕ ਰੁ ਤੀਰ ॥੬॥
ਲੂਟਨ ਲਗੇ ਤੁਰੰਗਮ ਲਏ।
ਬਸਤ੍ਰ ਸ਼ਸਤ੍ਰ ਛੋਰਤਿ ਨਹਿਂ ਭਏ।
ਪਰੀ ਲੋਥ ਪਰ ਲੋਥ ਘਨੇਰੀ।
ਚਲਹਿ ਤੀਰ ਤਰਵਾਰ ਬਡੇਰੀ ॥੭॥
ਕਟਿ ਕਟਿ ਗਿਰੇ ਨ ਭਾਜਨ ਪਾਏ।
ਚਹੂੰ ਓਰ ਲੋਕਨ ਮਿਲਿ ਘਾਏ।
ਪਸਰਜੋ ਸ਼੍ਰੋਣਤਿ ਛਿਤ ਰੰਗੀਨ।

---

[1]ਬੰਦਾ (ਆਪਣੀ) ਸੈਨਾ (ਨੂੰ ਦੇਖਕੇ) ਅਨੰਦ ਹੋਇਆ। (ਅ) ਬੰਦਾ ਤੇ ਉਸ ਦੀ ਫੌਜ ਖੁਸ਼ ਹੋਏ।

ਕਟੇ ਕਰਾਹੈਂ ਕੇਤਿਕ ਦੀਨ[1] ॥੮॥
ਰਹੀ ਸੰਭਾਲ ਨ, ਲਸ਼ਕਰ ਮਾਰਾ।
ਕਹਿਂ ਲਗ ਬਰਨੌਂ ਜੰਗ ਅਖਾਰਾ।
ਗਏ ਪਲਾਇਕ[2] ਭਏ ਸੰਘਾਰਾ।
ਤਬਹਿ ਪਨਚ ਤੇ ਤੀਰ ਨਿਕਾਰਾ ॥੯॥
ਥਿਰਯੋ ਸਥਾਨ ਆਪਨੇ ਬੰਦਾ।
ਲਯੋ ਲੂਟ ਦਲ ਤੁਰਕ ਬਿਲੰਦਾ।
ਸ਼ਸਤ੍ਰ ਹਜ਼ਾਰਹੁਂ ਬਡੇ ਤੁਰੰਗ।
ਲੇਕਰ ਸਗਰੇ ਹਰਖਤਿ ਅੰਗ ॥੧੦॥
ਜਿਤ ਕਿਤ ਤੇ ਮਿਲਿਗੇ ਨਰ ਆਇ।
ਬਿਨਾ ਚਾਕਰੀ ਲੂਟਨ ਚਾਇ।
ਆਯੁਧ ਧਰਨਹਾਰ[3] ਸਭਿ ਆਏ।
ਮਿਲਿ ਬੰਦੇ ਢਿਗ ਭੇ ਸਮੁਦਾਏ ॥੧੧॥
ਮੁਸਤਾਬਾਦ[4] ਜਾਇ ਪੁਰਿ ਮਾਰਾ।
ਲੂਟਯੋ ਖੋਜਿ ਖੋਜਿ ਕਰਿ ਸਾਰਾ।
ਅਧਿਕ ਦਰਬ ਵਸਤੂ ਸਮੁਦਾਯਾ।
ਲੇ ਲੋਕਨਿ ਚਿਤ ਚਾਉ ਵਧਾਯਾ ॥੧੨॥
ਕੇਤਿਕ ਧਨੀ ਭਏ ਨਰ ਮਹਾਂ।
ਲੂਟਹਿਂ ਗ੍ਰਾਮ ਜਾਇ ਜਹਿਂ ਜਹਿਂ ਕਹਾਂ।
ਸੌ ਦੋ ਸੈ ਮਿਲਿ ਮਿਲਿ ਚਢਿ ਜਾਤੇ।
ਲੂਟ ਕੂਟ ਪੁਨ ਜਾਇ ਸਮਾਤੇ[5] ॥੧੩॥
ਪਰਯੋ ਰੌਰ ਭਾਰੀ ਵਿਚ ਦੇਸ਼।
ਭਾਗ ਚਲੇ ਨਰ ਨਾਰਿ ਵਿਸ਼ੇਸ਼।
ਬੰਦੇ ਸੰਗ ਮਹਾਂ ਦਲ ਭਯੋ।
ਲੂਟਨ ਕੋ ਅਲੰਬ ਇਕ ਲਯੋ ॥੧੪॥
ਕਈ ਹਜ਼ਾਰ ਚਮੂੰ ਹੁਇ ਗਈ।
ਜਿਤ ਕਿਤ ਧੂਮ ਧਾਮ ਪ੍ਰਗਟਈ।

---

[1]ਕੱਟੇ ਹੋਏ ਕਈ ਵਿਲਪ ਰਹੇ ਹਨ।
[2]ਇਕ ਭੱਜ ਗਏ।
[3]ਸ਼ਸਤ੍ਰ ਚਲਾਉਣ ਵਾਲੇ।
[4]ਮੁਸਤਫਾਬਾਦ ਅੰਬਾਲੇ ਦੇ ਜ਼ਿਲੇ ਵਿਚ ਹੈ, ਅੰਬਾਲਾ ਛਾਉਣੀ ਤੋਂ ਚੌਥਾ ਸਟੇਸ਼ਨ ਹੈ। ਕਪਾਲ ਮੋਚਨ ਇਸ ਤੋਂ ਨੇੜੇ ਹੈ।
[5]ਬੰਦੇ ਦੇ ਦਲ ਵਿਚ ਜਾ ਸਮਾਂਵਦੇ ਹਨ।

ਗੁਰ ਕੋ ਕਹਜੋ ਸਿਮਰਿ ਕਰਿ ਬੰਦਾ।
ਨਿਕਟ ਸਢੌਰਾ ਦੁਸ਼ਟ ਬਿਲੰਦਾ ॥੧੫ ॥ {ਵਿਸ਼ੇਸ਼ ਟੂਕ}
ਤਿਸ ਮਾਰਨ ਕੋ ਚਿਤ ਉਮਗਾਯੋ।
ਕਰਜੋ ਕੂਚ ਨਿਜ ਹੁਕਮ ਅਲਾਯੋ।
'ਗੁਰ ਦ੍ਰੋਹੀ ਇਹ ਨਗਰ ਕੁਚਾਲਾ।
ਬੁੱਧੂ ਸ਼ਾਹ ਜੁ ਸਾਧੁ ਬਿਸਾਲਾ ॥੧੬॥
ਗੁਰ ਪੱਖੀ ਲਖਿ ਕੁਟੰਬ ਸਮੇਤ।
ਕਤਲ ਕਰਜੋ ਤਿਹ ਸਕਲ ਨਿਕੇਤ।
ਸੋ ਪਲਟਾ ਪੂਰਬ ਹੀ ਲੀਜੈ।
ਹੇਲਾ ਘਾਲਿ ਕਤਲ ਕਰਿ ਦੀਜੈ' ॥੧੭॥
ਦਲ ਮਹਿਂ ਭੇ ਦੁੰਦਭਿ ਸਮੁਦਾਏ।
ਕਰਜੋ ਹੁਕਮ 'ਗਹਿ ਡੰਕ ਬਜਾਏ।'
ਸਾਵਧਾਨ ਸਗਰੇ ਜਬਿ ਭਏ।
ਚਢੇ ਤੁਰੰਗਨ ਆਯੁਧ ਲਏ ॥੧੮॥
ਬੰਦਾ ਹੋਇਸਿ ਹਯ ਅਸਵਾਰ।
ਬਾਬੇ ਜੁਗਮ ਸੰਗ ਮਹਿਂ ਧਾਰਿ।
ਜਾਇ ਸਢੌਰੇ ਕਹੁ ਤਬਿ ਘੇਰਾ।
ਤੁਪਕ ਤੋਪ ਚਾਲੀ ਤਿਸ ਬੇਰਾ ॥੧੯॥
ਪਹਿਲੇ ਵਹਿਰ ਨਿਕਸਿ ਕਰਿ ਲਰੇ।
ਸੱਯਦ ਖਾਨ ਮੁਗ਼ਲ ਗਨ ਅਰੇ।
ਕੜਾਕੜੀ ਮਾਚਜੋ ਘਮਸਾਨਾ।
ਗੋਰੀ ਚਲੀ ਧਨੁਖ ਤੇ ਬਾਨਾ ॥੨੦॥
ਪੁਨ ਚਹੂੰ ਓਰ ਘਾਲਿ ਕਰਿ ਜ਼ੋਰ।
ਦਏ ਤੁਰਕ ਗਨ ਕੋ ਮੁਖ ਮੋਰਿ।
ਬਾਹਰ ਠਹਿਰ ਨ ਸਕੇ ਲਰਾਈ।
ਬਰੇ ਦੁਰਗ ਮਹਿਂ ਹ੍ਵੈ ਸਮੁਦਾਈ ॥੨੧॥
ਪਾਕੀ ਕੰਧ ਸਥਾਨ ਉਤੰਗ।
ਬਡੋ ਮਵਾਸੀ ਹੋਹਿ ਨ ਭੰਗ।
ਤਿਸ ਕੋ ਲਾਇ ਮੋਰਚੇ ਥਿਰੇ।
ਗੋਰਾ ਚਲਨਿ ਸ਼ੁਰੂ ਗਨ ਕਰੇ ॥੨੨॥

'ਸ਼ਾਹਿ ਕੁਮੈਤ*' ਪੀਰ ਇਕ ਤਹਾਂ।
ਜਿਸ ਕੀ ਕਬਰ ਸਕੰਚਨ ਮਹਾਂ।
ਚਾਮੀਕਰ ਭੀਤਰ ਬਹੁ ਲਾਗਾ।
ਬਹੁ ਊਚੋ ਜਗ ਮਹਿਂ ਜਿਹ ਜਾਗਾ ॥੨੩॥
ਪਾਹਨ ਦੁਰਗ ਬੀਚ ਤੇ ਮਾਰੈਂ।
ਦਲ ਪਰ ਬਰਖੈਂ ਭਟਨ ਪ੍ਰਹਾਰੈਂ।
ਨਿਤ ਪ੍ਰਤਿ ਜੁੱਧ ਹੋਤਿ ਬਹੁਤੇਰਾ।
ਹੇਲਾ ਘਾਲਿ ਘਾਲਿ ਭਟ ਭੇਰਾ ॥੨੪॥
ਅਰਯੋ ਦੁਰਗ ਟੂਟਯੋ ਜਬਿ ਨਾਂਹੀ।
ਬੰਦੇ ਜਤਨ ਬਿਚਾਰਯੋ ਤਾਂਹੀ।
ਵਹਿਰ ਬਡੋ ਦਮਦਮਾ ਉਸਾਰਾ।
ਤੂਰਨ ਲਾਗੇ ਮਨੁਜ ਹਜ਼ਾਰਾ ॥੨੫॥
ਦਿਨ ਪ੍ਰਤਿ ਦਲ ਬ੍ਰਿੱਧੈ ਬਡ ਐਸੇ।
ਹੋਇ ਸਵਾਯਾ ਡਯੋਢਾ ਜੈਸੇ।
ਦੂਰ ਦੂਰ ਲਗਿ ਲੂਟਨਿ ਧਾਵੈਂ।
ਗਨ ਧਨ ਧਾਨ ਪੁਰਿਨਿ ਤੇ ਲਯਾਵੈਂ ॥੨੬॥
ਭਾ ਉਤੰਗ ਦਮਦਮਾ ਉਚੇਰਾ।
ਚਢਿ ਬੰਦਾ ਊਪਰ ਤਿਸ ਬੇਰਾ।
ਦ੍ਰਿਸ਼ਟਿ ਦੁਰਗ ਕੇ ਬਿਖੈ ਲਗਾਈ।
ਸਤਿਗੁਰ ਸਰ ਐਂਚਯੋ ਸਮੁਹਾਈ ॥੨੭॥
ਹੁਕਮ ਦਯੋ ਦਲ ਕੋ 'ਹੁਇ ਹੇਲਾ।'
ਸੁਨਿ ਚਹੁਂ ਦਿਸ਼ਾ ਸ਼ੋਰ ਬਡ ਮੇਲਾ।
ਧਾਇ ਧਾਇ ਗਢ ਕੋ ਲਗਿ ਗਏ।
ਤਤਛਿਨ ਸੁਭਟ ਅਰੂਢਤਿ ਭਏ ॥੨੮॥
ਉਮਡ ਪਰਯੋ ਦਲ ਬੀਚ ਪ੍ਰਵੇਸ਼ੇ।
ਬਜਯੋ ਖੜਗ ਰਿਪੁ ਕਦਨ ਬਿਸ਼ੇਸ਼ੇ।
ਤਛਾ ਮੁੱਛ ਕਰਿ ਅੰਗ ਘਨੇਰੇ।
ਬਿਥਰੀ ਲੋਥ ਪੋਥ ਗਨ ਹੇਰੇ ॥੨੯॥
ਏਕ ਬਾਰ ਹੀ ਸਕਲ ਬਿਨਾਸ਼ੇ।

*ਸ਼ਾਯਦ ਕਵੀ ਜੀ ਦਾ ਭਾਵ 'ਕੁਤਬੁਲ ਅਕਤਾਬ' ਦੀ ਖਾਨਕਾਹ ਤੋਂ ਹੈ। ਪ੍ਰੰਤੂ ਇਹ ਖਾਨਕਾਹ ਤੇ 'ਗੰਜੇ ਇਲਮ' ਬੰਦੇ ਨੇ ਢਾਹੀਆਂ ਨਹੀ, ਹੁਣ ਤੱਕ ਸਲਾਮਤ ਹਨ। ਪਹਿਲੀ ਦੀ ਛਤ ਧੁਆਂਖੀ ਹੋਈ ਦੱਸਦੀ ਹੈ ਕਿ ਇਸ ਨੂੰ ਅੱਗ ਲੱਗੀ ਹੈ, ਪਰ ਚੂਨੇ ਦੀ ਹੋਣ ਕਰਕੇ ਧੁਆਂਖੀ ਹੋਈ ਹੈ ਸੜੀ ਨਹੀਂ।

ਢਾਹਿ ਮਦਾਨ ਕੀਨਿ ਚਹੁੰ ਪਾਸੇ।
ਬਹੁਰ ਨਗਰ ਮਹਿਂ ਦਲ ਬਰਿ ਗਯੋ।
ਜੋ ਦੇਖਯੋ ਤੂਰਨ ਕਟਿ ਦਯੋ ॥੩੦॥
ਮੁਗ਼ਲ ਪਠਾਨ ਨ ਸੱਯਦ ਛੋਰਾ।
ਸ਼ੇਖ ਮਰੇ ਥਲ ਦੀਖਤਿ ਘੋਰਾ।
ਲੂਟਯੋ ਬਰੇ ਸਦਨ ਮਹਿਂ ਜਾਈ।
ਤੁਰਕਾਨੀ ਆਨੀ ਸਮੁਦਾਈ ॥੩੧॥
ਨੀਚ ਜਾਤਿ ਕੇਤਿਕ ਕਰ ਲਈ[1]।
ਭੋਗੀ ਪਕਰਿ ਨ ਜਾਨੈ ਦਈ।
ਕੇਤੀ ਦਲ ਮਹਿਂ ਤਜਾਗੀ ਲਜਾਇ।
ਸੁਥਨੀ ਮਹਿਂ ਮੂਖਕ ਪ੍ਰਵਿਸ਼ਾਇ[*] ॥੩੨॥
ਊਪਰ ਬਾਂਧੇ ਕਸ ਕਰਿ ਨੀਬੀ।
ਉਛਰੀ ਫਿਰਤ ਉਤਹਿ ਇਤ ਬੀਬੀ।
ਤਰੇ ਪਉਂਚੇ ਬੰਧਨ ਕਰੇ।
ਨਹਿਂ ਮੂਖਕ ਨਿਕਸੇ ਬਿਚ ਬਰੇ ॥੩੩॥
ਸਯਦਾਨੀ, ਮੁਗ਼ਲਾਨਿ, ਪਠਾਨੀ।
ਕਜਾ ਤਿਨ ਕੀ ਗਤਿ ਕਰਹਿਂ ਬਖਾਨੀ।
ਜੋ ਕਬਿ ਨਰ ਨ ਹੇਰਨੇ ਪਾਈ।
ਭਈ ਦਸ਼ਾ ਅਸ ਤਹਾਂ ਭ੍ਰਮਾਈ ॥੩੪॥
ਘੋਰ ਪਾਪ ਕੋ ਫਲ ਬਿਦਤਯੋ।
ਨਾਸ਼ ਨਗਰ ਕੋ ਹੋਵਤਿ ਭਯੋ।
ਨਰ ਮਰਿ ਗਏ ਲਈ ਗਹਿ ਨਾਰੀ।
ਹੋਯਹੁ ਕਾਲ ਭਯੰਕਰ ਭਾਰੀ ॥੩੫॥

---

[1]ਨੀਵੀਆਂ ਜਾਤੀਆਂ (ਦੇ ਲੁਟੇਰਿਆਂ) ਨੇ (ਜੋ ਲੁੱਟ ਦੀ ਖਾਤਰ ਨਾਲ ਰਲੇ ਸਨ) ਕਿੰਨੀਆਂ ਕੁ ਕਰ ਲੀਤੀਆਂ।

[*]ਅੱਗੇ ਅੰਸੂ ੧੦ ਦੇ ਅੰਕ ੧੯ ਵਿਚ ਬੀ ਇਹੋ ਕਿਹਾ ਹੈ। ਇਹ ਇਸਤ੍ਰੀਆਂ ਨੀਚ ਜਾਤਾਂ ਦੇ ਲੁਟੇਰੇ ਲੋਕਾਂ ਫੜੀਆਂ ਹਨ, ਸਿੰਘ ਧਰਮ ਧਾਰੀਆਂ ਨੂੰ ਤਾਂ ਆਗਜਾ ਹੀ ਨਹੀਂ ਹੈ ਦੇਖੋ ਪਿਛੇ ਰੁਤ ੬ ਅੰਸੂ ੨੦ ਦਾ ਅੰਕ ੧੭ ਤੋਂ ੨੦ ਤਕ। ਭੰਗੂ ਜੀ ਨੇ ਸਢੌਰੇ ਮਾਰਨ ਦੇ ਪ੍ਰਸੰਗ ਵਿਚ ਇਹ ਚੂਹੇ ਸੁੱਥਣਾਂ ਦਾ ਪ੍ਰਸੰਗ ਨਹੀਂ ਦਿੱਤਾ। ਇਹ ਗੱਲਾਂ ਠੀਕ ਨਹੀਂ ਜਾਪਦੀਆਂ। ਇਕ ਗੱਲ ਇਹ ਬੀ ਹੈ ਕਿ ਸਢੌਰੇ ਦੇ ਸੱਯਦਾਂ ਸ਼ੇਖਾਂ ਮੁਗ਼ਲਾਂ ਤੋਂ ਪ੍ਰਜਾ ਅਤਿ ਤੰਗ ਸੀ, ਲੋਕ ਬਦਲੇ ਲੈਣ ਦੇ ਭੁੱਖੇ ਸਨ। ਭਾਈ ਕਰਮ ਸਿੰਘ ਜੀ ਲਿਖਦੇ ਹਨ ਕਿ ਬੰਦੇ ਨੂੰ ਕਤਲਗੜੀ ਦੀ ਕਤਲ ਤੇ ਹੋਰ ਗੱਲਾਂ ਦਾ ਦੋਸ਼ ਕੋਈ ਨਹੀਂ, ਇਹ ਤਾਂ ਭੜਥੂ ਤੱਤੇ ਤੇ ਮਜ਼ਲੂਮਾਂ ਨੇ ਹੀ ਉੱਠਕੇ ਬਦਲੇ ਲੈ ਲਏ ਸਨ। ਭੰਗੂ ਜੀ ਹਿੰਦੂਆਂ ਦੀ ਰੱਖਜਾ ਬਾਬਤ ਐਉਂ ਲਿਖਦੇ ਹਨ:-

‘ਹਿੰਦੂਅਨ ਕੇ ਘਰ ਲੀਨੇ ਰਾਖ। ਮੁਸਲਮਾਨ ਕਈ ਕਤਲੋ ਆਖ।
ਬੋਦੀ ਵਾਲੇ ਨਾਹਿ ਸਤਾਯੋ। ਬਿਨ ਬੋਦੀ ਤਿਸ ਮਾਰਿ ਗਵਾਯੋ।
ਜੋ ਹਿੰਦੂਅਨ ਘਰ ਜਾਇ ਛਿਪੇ ਤੇਊ ਲਏ ਉਬਾਰ।

ਪੁਨ ਬੰਦੇ ਚਿਤ ਬੀਚ ਬਿਚਾਰੀ।
-ਨਹੀਂ ਪੀਰ ਕੀ ਕਬਰ ਬਿਦਾਰੀ।
ਹਿੰਦੁ ਮ੍ਰਿਤਕ ਜਿਸ ਆਗੇ ਜਾਇ।
ਨਹੀਂ ਅਗਨ ਮਹਿਂ ਜਰਹਿ ਕਦਾਇ+ ॥੩੬॥
ਇਸ ਕੋ ਛੋਰਨ ਨਾਂਹਿਨ ਆਛੋ।
ਰੁਚਿਰ ਮਸੀਤ ਬਿਦਾਰਨ ਬਾਂਛੋਂ-।
ਗਯੋ ਆਪ ਤਹਿਂ ਜਿਸ ਥਲ ਖਰੀ।
ਕੰਚਨ ਲਿਪਤ ਅਨਿਕ ਬਿਧਿ ਕਰੀ ॥੩੭॥
ਜਾਨਿ ਸੁ ਬੰਦੇ ਕੋ ਆਗਵਨੂ।
ਡਗਮਗ ਕੰਪੀ ਕਬਰ ਸ ਭਵਨੂ।
ਗੁਰ ਸਰ ਕੀ ਤਬਿ ਨੋਕ ਧਸਾਈ।
ਰਿਸ ਕਰਿ ਸਭਿ ਮਹਿਂ ਊਚ ਅਲਾਈ ॥੩੮॥
'ਅਬਿ ਗੀਦੀ ਕੰਬੇ ਕਜ਼ਾ ਹੋਇ।
ਸਮੋ ਹਮਾਰੋ ਪਲਟਾ ਸੋਇ[1]।'
ਠਹਿਰ ਗਈ ਕੰਪਨ ਤੇ ਫੇਰ।
ਹੇਤੁ ਬਿਦਾਰਨ ਲਗੇ ਘਨੇਰ ॥੩੯॥
ਸਰਬ ਕਬਰ ਜਬਿ ਤਿਹ ਖਨਵਾਈ।
ਹਾਡ ਤਰੇ ਤੇ ਲੀਏ ਕਢਾਈ।
ਕਾਸ਼ਟ ਬਿਖੈ ਅਗਨਿ ਤੇ ਜਾਰੇ।
ਲਗੇ ਮਸੀਤ ਬਿਦਾਰਤਿ ਸਾਰੇ ॥੪੦॥
ਢਾਹਿ ਕੀਨਿ ਮੈਦਾਨ ਸਥਾਨ।
ਜੁਤਿ ਅਜ਼ਮਤ ਕੇ ਕੀਨਿ ਵਿਰਾਨ।
ਗੁਰੂ ਕਹਜੋ ਪਲਟਾ ਸੋ ਲੀਨਿ[2]।
ਸਹਿਤ ਪੀਰ ਪੁਰਿ ਨਰ ਤੇ ਹੀਨ[3] ॥੪੧॥
ਕਈ ਹਜ਼ਾਰ ਜੁਰਜੋ ਦਲ ਆਇ।
ਸ਼ਸਤ੍ਰ ਤੁਰੰਗ ਤੋਪ ਸਮੁਦਾਇ।
ਪਰੀ ਧਾਂਕ ਕੰਪਜੋ ਤੁਰਕਾਨਾ।
ਸੁਨਿ ਸੁਨਿ ਸਭਿ ਕੇ ਧੀਰਜ ਹਾਨਾ ॥੪੨॥

---

+ਰਵਾਯਤ ਹੈ ਕਿ ਜੇ ਹਿੰਦੂ ਮੁਰਦਾ ਇਸ ਕਬਰ ਅੱਗੋਂ ਲੰਘ ਜਾਂਦਾ ਸੀ ਤਾਂ ਉਹ ਸੜਦਾ ਨਹੀਂ ਸੀ; ਇਹ ਵਹਿਮ ਸੀ ਯਾ ਮੁਸਲਮਾਨ ਜਬਰੀ ਉਸਨੂੰ ਸਾੜਨ ਨਹੀਂ ਸਨ ਦੇਂਦੇ।
[1]ਭਾਵ ਉਸ ਬਦਲੇ ਲੈਣ ਦਾ ਹੈ।
[2]ਗੁਰੂ ਜੀ ਦੇ ਕਹੇ ਅਨੁਸਾਰ ਇਹ ਬਦਲਾ ਲੀਤਾ।
[3]ਨਗਰ ਪੀਰ ਤੇ ਪੁਰਸ਼ਾਂ ਤੋਂ ਰਹਿਤ ਕਰ ਦਿੱਤਾ।

'ਕੋ ਇਹ ਭਯੋ ਨ ਜਾਨਜੋਂ ਜਾਈ।
ਨਹਿਂ ਕਿਸ ਥਲ ਕੋ ਰਾਜਾ ਰਾਈ।
ਔਚਕ ਪ੍ਰਗਟਜੋ ਦੇਸ਼ ਬਿਨਾਸ਼ਾ।
ਕਜਾ ਸੁਧ, ਆਗੇ ਕਰਹਿ ਬਿਲਾਸਾ[1]' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਢੌਰਾ ਮਾਰਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

ਵਿਸ਼ੇਸ਼ ਟੂਕ:- ਕਵੀ ਜੀ ਨੂੰ ਮੁਸਤਫਾਬਾਦ ਪਰ ਹੀ ਪਹਿਲਾ ਹੱਲਾ ਬੋਲਣ ਦੀ ਖਬਰ ਗ਼ਲਤ ਮਿਲੀ ਹੈ। ਅਸਲ ਵਾਕਿਆਤ ਐਉਂ ਹਨ:-ਬੰਦਾ ਸਿਹਰ ਖੰਡੇ (ਖਰਖੌਂਡੇ) ਅੱਪੜਕੇ ਉਡੀਕ ਵਿਚ ਲੱਗਾ ਕਿ ਮਾਝੇ ਮਾਲਵੇ ਦੇ ਸਿੰਘ ਆ ਮਿਲਣ ਤਾਂ ਲੜਾਂ। ਨਿਰੇ ਲੁੱਟ ਦੇ ਪ੍ਰੇਮੀਆਂ ਯਾਂ ਆਮ ਛੇੜਾਂ ਨਾਲ ਸਰਹਿੰਦ ਮਾਰ ਲੈਣੀ, ਬੰਦਾ ਜਾਣਦਾ ਸੀ ਕਿ, ਸੁਖੱਲੀ ਨਹੀਂ। ਇਹ ਲੋਕ ਤਾਂ ਮੁਸ਼ਕਲ ਪਈ ਤੇ ਪਹਿਲਾਂ ਭੱਜ ਜਾਣਗੇ। ਇਸ ਲਈ ਓਹ ਜਥਿਆਂ ਦੀ ਉਡੀਕ ਵਿਚ ਲੱਗਾ। ਗੁਰੂ ਜੀ ਨੇ ਟੁਰਨ ਵੇਲੇ ਬੰਦੇ ਨੂੰ ਕਿਹਾ ਸੀ ਕਿ ਮਾਝੇ ਦੇ ਸਿੰਘ ਬੜੇ ਤਕੜੇ ਤੇ ਭਰੋਸੇ ਵਾਲੇ ਮੇਰਾ ਰੂਪ ਹਨ, (ਦੇਖੋ ਭੰਗੂ ਜੀ ਦਾ ਪੰਥ ਪ੍ਰਕਾਸ਼) ਓਨ੍ਹਾਂ ਨੂੰ ਨਾਲ ਜ਼ਰੂਰ ਲੈਣਾ। ਬੰਦਾ ਬੀ ਜਾਣਦਾ ਸੀ ਕਿ ਮਾਝਾ ਬੜਾ ਹਠੀਲਾ ਤੇ ਅੜਨ ਵਾਲਾ ਹੈ। ਮਾਲਵਾ ਨੇੜੇ ਹੈ ਤੇ ਮਾਲਵੇ ਦੇ ਸੁਹਣੇ ਲੜਾਕੇ ਜੁਆਨ ਸਿੰਘ ਪਹਿਲਾਂ ਅੱਪੜਨਗੇ। ਸੋ ਪਹਿਲਾਂ ਤਾਂ ਸਰਹਿੰਦੋਂ ਉਪਰ ਸਲੋਦ ਇਲਾਕੇ ਦੇ ਸਿੰਘ ਅੱਪੜੇ, ਇਨ੍ਹਾਂ ਦੇ ਆਗੂ ਆਲੀ ਸਿੰਘ ਮਾਲੀ ਸਿੰਘ ਸਨ। ਸ਼੍ਰੋਤ ਹੈ ਕਿ ਗੁਰੂ ਜੀ ਦੇ ਹੱਥੋਂ ਬਾਬਾ ਮਾਲੀ ਸਿੰਘ ਨੇ ਅੰਮ੍ਰਿਤ ਛਕਿਆ ਹੋਇਆ ਸੀ। ਏਹ ਦੋਵੇਂ ਸਰਹਿੰਦ ਦੇ ਫੌਜਦਾਰ ਪਾਸ ਨੌਕਰ ਸਨ। ਵਜ਼ੀਰ ਖਾਂ ਨੇ ਬੰਦਾ ਆਇਆ ਸੁਣਕੇ ਏਹ ਕੈਦ ਕੀਤੇ, ਪਰ ਏਹ ਕੈਦੋਂ ਨਿਕਲਕੇ ਆਪਣਾ ਜਥਾ ਲੈ ਕੇ ਬੰਦੇ ਨੂੰ ਜਾ ਮਿਲੇ। ਸਨ ਤਾਂ ਏਹ ਸਿੰਘ ਵੀਹਾਂ ਕੁ ਤੋਂ ਹੇਠਾਂ, ਪਰ ਸਨ ਪੱਕੇ ਸਿੰਘ ਤੇ ਹਠੀਲੇ ਰਾਠ। ਹੁਣ ਮਾਲਵੇ ਤੋਂ ਜਥੇ ਬੀ ਅੱਪੜਨ ਲੱਗ ਪਏ। ਭਾਈ ਰੂਪੇ ਕੇ ਦੇ ਧਰਮ ਸਿੰਘ ਆਦਿਕ ਸੱਜਣ ਬੀ ਜਥਾ ਲੈਕੇ ਅੱਪੜ ਪਏ। ਭਾਈ ਭਗਤੂ ਤੇ ਭਾਈ ਫਤੇ ਸਿੰਘ ਜੀ ਜਥਾ ਲੈ ਕੇ ਪੁੱਜੇ। ਮਰ੍ਹਾਜ ਤੋਂ ਬੀ ਤਕੜਾ ਜਥਾ ਪੁੱਜਾ। ਜਿਥੇ ਕੋਈ ਸਿਰ ਕੱਢ ਚਾਰ ਆਦਮੀ ਲੈਕੇ ਟੁਰਿਆ ਰਾਹ ਵਿਚ ਹੋਰ ਉਸ ਨਾਲ ਰਲਦੇ ਗਏ, ਪਰ ਮਾਝੇ ਵਾਲੇ ਜਥੇ ਅਜੇ ਨਹੀਂ ਅੱਪੜੇ ਸਨ ਤੇ ਬੰਦਾ ਉਨ੍ਹਾਂ ਦੇ ਅੱਪੜੇ ਬਿਨ ਸਰਹਿੰਦ ਤੇ ਪੈਣਾ ਨਹੀਂ ਸੀ ਚਾਹੁੰਦਾ। ਮਾਝੇ ਵਾਲੇ ਸਿੰਘ ਰਸਤੇ ਵਿਚ ਬੜੇ ਔਖੇ ਹੋਏ। ਪੰਜਾਬ ਦੇ ਹਾਕਮਾਂ ਨੂੰ ਬੰਦੇ ਦੇ ਆਉਣ ਤੇ ਉਸ ਪਾਸ ਭੀੜ ਭਾੜ ਜਮਾਂ ਹੋਣ ਦਾ ਪਤਾ ਲੱਗ ਗਿਆ ਸੀ। ਪੰਜਾਬ ਦੇ ਰਾਹਾਂ ਤੇ ਪਹਿਰੇ ਤੇ ਪੱਤਣਾਂ ਤੇ ਰੋਕਾਂ ਲਾਈਆਂ ਗਈਆਂ ਸਨ। ਸੋ ਮਝੈਲ ਸਿੰਘ ਯਕੇ ਦੁੱਕੇ ਥੋੜੇ ਥੋੜੇ ਹੋਕੇ ਭੇਸ ਵਟਾ ਵਟਾਕੇ ਟਾਂਡਿਆਂ ਨਾਲ ਵਪਾਰੀ ਬਣ ਬਣਕੇ ਪਹਾੜਾਂ ਵੱਲ ਨੂੰ ਜਾਕੇ ਹੇਠਾਂ ਉਤਰਕੇ ਕੀਰਤਪੁਰ ਇਕੱਠੇ ਹੋ ਰਹੇ ਸੇ, ਅਤੇ ਖਰਚ ਮੁੱਕਣ ਕਰਕੇ ਓਥੇ ਠਹਿਰੇ ਖੜੇ ਸਨ। ਪਰ ਬੰਦੇ ਨਾਲ ਖ਼ਬਰ ਸੁਰਤ ਜਾਰੀ ਸੀ ਤੇ ਧਾਵੇ ਦੇ ਦਾਉ ਘਾਉ ਮਝੈਲਾਂ ਨਾਲ ਬੰਦੇ ਨੇ

[1]ਕੀ ਪਤਾ ਅੱਗੇ ਕੀ ਕੌਤਕ ਕਰੇਗਾ।

ਗਿਣ ਗਠ ਲਏ ਸਨ। ਬੰਦਾ ਹਾਲੇ ਮਾਲਵੇ ਤੇ ਮੈਨਦਾਬ ਦੇ ਸਿੰਘ ਤੇ ਹੋਰ ਭੀੜ ਕੱਠੀ ਕਰਕੇ ਸੋਨੀਪਤ, ਕੈਥਲ ਹੁੰਦਾ ਹੋਯਾ, ਪਹਿਲਾਂ ਸਮਾਣੇ ਵੱਲ ਵਧਿਆ*। ਇਥੋਂ ਦੇ ਜਲਾਦਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ ਤੇ ਏਥੋਂ ਦੇ ਹੀ ਸਨ ਪਠਾਣ ਜਿਨ੍ਹਾਂ ਸਾਹਿਬਜ਼ਾਦੇ ਮਾਰਨ ਲਈ ਸਰਹਿੰਦ ਅਵਾਜ਼ ਉਠਾਈ ਤੇ ਉਨ੍ਹਾਂ ਨੇ ਹੀ ਆਪ ਦੀ ਕੀਮਤੀ ਜਿੰਦ ਸਮਾਪਤ ਕੀਤੀ ਸੀ। ਬੰਦਾ ਹੁਣ ਉਠ ਪਿਆ। ਇਧਰ ਉਧਰ ਫਿਰਦਾ ਸਮਾਣੇ ਤੇ ਅਚਾਨਕ ਆ ਪਿਆ ਤੇ ਇਸ ਨੂੰ ਫਤੇ ਕਰਕੇ ਖੂਬ ਦੰਡ ਦਿੱਤਾ। ਸਰਹਿੰਦ ਹੁਣ ਨੇੜੇ ਸੀ, ਪਰ ਬੰਦਾ ਮਝੈਲਾਂ ਦੀ ਉਡੀਕ ਵਿਚ ਸੀ, ਇਸ ਕਰਕੇ ਏਥੋਂ ਰਤਾਕੁ ਦੱਖਣ ਰੁਖ਼ ਚਾਲੇ ਪਾਕੇ ਪੂਰਬ ਰੁਖ ਹੋ ਪਿਆ। ਪਹਿਲਾਂ ਘੁੜਾਮ ਮਾਰੀ, ਫੇਰ ਸ਼ਾਹਬਾਦ ਮਾਰਿਆ, ਥਾਨੇਸਰ ਵੱਲ ਨਹੀਂ ਗਿਆ, ਪਰ ਉਤਰ ਪੂਰਬ ਹੋਕੇ ਮੁਸਤਫਾਬਾਦ ਪਹੁੰਚਾ। ਇਸ ਨੂੰ ਵਰਾਨ ਕਰਕੇ ਸਢੌਰੇ ਵੱਲ ਉੱਤਰ ਨੂੰ ਹੋ ਟੁਰਿਆ। ਬੰਦੇ ਦਾ ਮਤਲਬ ਇਹ ਸੀ ਕਿ ਇਹਨਾਂ ਮਾਰਾਂ ਨਾਲ ਜੰਗ ਦੇ ਖਰਚ ਵਾਸਤੇ ਪਦਾਰਥ ਹੁੰਦਾ ਜਾਏ, ਫੌਜ ਦੇ ਹੌਂਸਲੇ ਵਧਦੇ ਜਾਣ, ਦੁਸ਼ਮਨ ਤੇ ਡਰ ਬੈਠਦਾ ਜਾਏ, ਤੇ ਮਾਝੇ ਦੇ ਸਿੰਘਾਂ ਨੂੰ ਜੋ ਹਜ਼ਾਰ ਕੁ ਦੇ ਲਗਪਗ ਯਾ ਵਧੀਕ ਕੀਰਤਪੁਰ ਹਨ, ਨਾਲ ਮਿਲਾ ਲਿਆ ਜਾਏ, ਫੇਰ ਸਰਹਿੰਦ ਮਾਰੀ ਜਾਏ। ਸਢੌਰਾ ਬਹੁਤ ਪੁਰਾਣਾ ਟਿਕਾਣਾ ਹੈ, ਬੋਧੀਆਂ ਵੇਲੇ ਉਹਨਾਂ ਦਾ ਧਰਮ ਅਸਥਾਨ ਸੀ, ਇਸ ਦਾ ਨਾਮ ਤਦੋਂ ਸਾਧਾਵਰ ਸੀ, ਜਿਸ ਤੋਂ ਵਿਗੜਕੇ ਸਾਧੂਵਾੜਾ ਤੇ ਫੇਰ ਸਢੌਰਾ ਪਦ ਬਣਿਆ ਸੀ। ਇਸ ਸਮੇਂ ਸਢੌਰਾ ਮੁਸਲਮਾਨਾਂ ਦਾ ਭਾਰਾ ਅੱਡਾ ਸੀ। ਬੁੱਧੂ ਸ਼ਾਹ ਬੀ ਏਥੋਂ ਦਾ ਸੀ, ਜਿਸ ਦਾ ਅਸਲ ਨਾਮ ਸ਼ਾਹ ਬਦੁਰਉੱਦੀਨ ਸੀ। ਬੁੱਧੂ ਸ਼ਾਹ ਨੂੰ ਸਢੌਰੇ ਦੇ ਹਾਕਮ ਨੇ ਕਤਲ ਕੀਤਾ ਸੀ, ਇਸ ਕਰਕੇ ਬੰਦਾ ਸਢੌਰੇ ਵੱਲ ਵਧਿਆ। ਪਰ ਸਢੌਰੇ ਤੋਂ ਪਹਿਲਾਂ ਬੰਦਾ ਕਪੂਰੀ ਤੇ ਪਿਆ। ਇਥੋਂ ਦੇ ਸਿਰਕਰਦੇ ਕੁਦਮੁੱਦੀਨ ਨੇ ਇਲਾਕੇ ਦੀ ਕੋਈ ਸੁੰਦਰ ਇਸਤ੍ਰੀ ਬੇਪਤੀ ਕੀਤੇ ਬਿਨਾਂ ਨਹੀਂ ਛੱਡੀ ਸੀ। ਪਰਜਾ ਕੁਰਲਾ ਰਹੀ ਸੀ। ਸੋ ਸਢੌਰੇ ਤੋਂ ਪਹਿਲਾਂ ਬੰਦੇ ਨੇ ਇਸ ਨੂੰ ਸੋਧਿਆ। ਮਗਰੋਂ ਸਢੌਰੇ ਨੂੰ ਛੇਤੀ ਹੀ ਫਤੇ ਕਰ ਲਿਆ। ਸਢੌਰਾ ਮਾਰਕੇ ਫੇਰ ਛਤਬਨੂੜ ਵੱਲ ਰੁਖ ਕੀਤਾ ਤੇ ਕੀਰਤਪੁਰ ਕਾਸਦ ਦੁੜਾ ਦਿੱਤਾ ਕਿ ਸਾਨੂੰ ਹੁਣ ਆ ਮਿਲੋ। ਬੰਦੇ ਦਾ ਖਰਖੌਡੇ ਤੋਂ ਸਰਹਿੰਦ ਤੱਕ ਦਾ ਫਤੇ-ਸਫਰ ਅੱਗੇ ਵੱਖਰੇ ਦਿੱਤੇ ਨਕਸ਼ੇ ਤੋਂ ਸਾਫ ਸਮਝ ਪੈ ਜਾਏਗਾ।

*ਸਨਾਮ ਲੁਟਣੀ ਗੁਰੂ ਜੀ ਨੇ ਵਰਜੀ ਸੀ ਸੋ ਬੰਦੇ ਨਹੀਂ ਲੁੱਟੀ ਸਿੱਧਾ ਸਮਾਣੇ ਵੱਲ ਹੀ ਗਿਆ।

## ੯. [ਵਜ਼ੀਰ ਖ਼ਾਂ ਨਾਲ ਮੁਕਾਬਲਾ]

੮<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੦

ਦੋਹਰਾ: ਇਸ ਬਿਧਿ ਕਰਜੋ ਉਜਾਰ ਪੁਰਿ, ਤੁਰਕਾਨਾ ਸੰਘਾਰਿ।
ਭਯੋ ਮਹਾਂ ਦਲ ਆਨਿ ਤਬਿ, ਕੀਨਹੁ ਕੂਚ ਬਿਚਾਰ ॥੧॥
ਚੌਪਈ: ਸ਼ਹਿਰ ਸਮਾਣਾ[1]* ਬ੍ਰਿੰਦ ਪਠਾਨ।
ਜੋ ਸਿਵਕਾ ਪਰ ਕਰਹਿਂ ਪਯਾਨ।
ਨਿਜ ਨਿਜ ਰਖੀ ਬਾਹਨੀ ਪਾਸ।
ਬਿਬਿਧ ਬਿਧਿਨ ਬਹੁ ਬਿਲਸ ਬਿਲਾਸ ॥੨॥
ਸੁਨਿ ਕੈ ਧਨ ਗਨ ਅਰੁ ਤੁਰਕਾਨਾ।
ਨਿਜ ਦਲ ਜੋਰਿ ਕੀਨਿ ਪ੍ਰਸਥਾਨਾ।
ਦੁੰਜਭਿ ਪੁੰਜ ਬਜਾਵਤਿ ਚਾਲੇ।
ਇਤ ਉਤ ਲੂਟਤਿ ਜਾਤਿ ਉਤਾਲੇ ॥੩॥
ਉਡੀ ਗਰਦ ਛਾਦਜੋ ਅਸਮਾਨਾ।
ਤੋਪ ਤੁਪਕ ਗਨ ਸ਼ਬਦ ਮਹਾਨਾ।
ਰੌਰਾ ਪਰਜੋ ਦੇਸ਼ ਭਯ ਮਾਨੋ।
ਭਾਜ ਚਲੇ ਜਿਮ ਪਾਤ ਪੁਰਾਨੇ ॥੪॥
ਕਰੇ ਕੂਚ ਦਰ ਕੂਚ ਸਿਧਾਰੇ।
ਤੁਰਤ ਪਠਾਨ ਆਨਿ ਲਲਕਾਰੇ।
'ਜਜੋਂ ਕਜੋਂ ਕਰਿ ਮੈਂ ਸਰਬ ਸੰਘਰਿਹੌਂ।
ਕਹਾਂ ਪਲਾਵੋ ਘੇਰਤਿ ਧਰਿ ਹੌਂ' ॥੫॥
ਸਹਿ ਨ ਸਕੇ ਸਭਿ ਚਢੇ ਪਠਾਨ।
ਲਸ਼ਕਰ ਅਪਨੋ ਜੋਰਿ ਮਹਾਨ।
ਰਣ ਮੁਕਾਬਲਾ ਸਨਮੁਖ ਹੋਵਾ।
ਦੁਇਦਿਸ਼ਿ ਜੰਗ ਘਨੋ ਹੁਇ ਜੋਵਾ ॥੬॥
ਤੋਪ ਤੁਫੰਗੈਂ ਛੂਟਨਿ ਲਾਗੀ।
ਕੜਕੀ ਮਨਹੁਂ ਕਾਲਕਾ ਜਾਗੀ।
ਬਰਖਹਿਂ ਗੋਰਾ ਅਰੁ ਗਨ ਗੋਰੀ।
ਧੂਮ ਧਾਮ ਪਸਰੀ ਚਹੁਂ ਓਰੀ ॥੭॥
ਧੁਖਹਿਂ ਪਲੀਤੇ ਉਠਹਿਂ ਅਵਾਜਾ।

---

[1]ਨਾਮ ਸ਼ਹਿਰ ਦਾ, ਇਹ ਰਿਆਸਤ ਪਟਿਆਲੇ ਵਿਚ ਹੈ।

*ਇਹ ਮੁਸਤਫਾਬਾਦ ਤੇ ਸਢੌਰੇ ਤੋਂ ਪਹਿਲੋਂ ਫਤੇ ਹੋ ਚੁੱਕਾ ਸੀ। ਕਵੀ ਜੀ ਪਾਸ ਜੰਗਾਂ ਦੀ ਤਰਤੀਬ ਠੀਕ ਨਹੀਂ ਅੱਪੜੀ। ਠੀਕ ਤਰਤੀਬ ਅਸੀਂ ਪਿੱਛੇ ਦੇ ਚੁੱਕੇ ਹਾਂ ਤੇ ਪਿੱਛੇ ਦਿੱਤੇ ਨਕਸ਼ੇ ਤੋਂ ਸਫੁਟ ਦਿੱਸ ਰਹੀ ਹੈ।

ਭੈਰਵ ਭੈਰਵ ਹੁਇ ਕਰਿ ਗਾਜਾ[੧]।
ਭੂਤ ਪ੍ਰੇਤ ਨਾਚਤਿ ਅਰੁ ਗਾਵਤਿ।
ਰੁਧਰ ਪਿਯਤਿ ਜੋਗਨਿ ਕਿਲਕਾਵਤਿ ॥੮॥
ਐਸੋ ਪਰਜੋ ਅਧਿਕ ਘਮਸਾਨਾ।
ਲੋਥ ਪੋਥਨਾ ਭਈ ਮਹਾਨਾ।
ਚੀਕਤਿ ਚੁੰਚ ਚਾਂਵਡਾ[੨] ਭਰਿ ਭਰਿ।
ਬਾਇਸ ਖਾਇੰ ਮਾਸ ਮਦ ਭਰਿ ਕਰਿ ॥੯॥
ਕੂਕ ਕੂਕ ਕੂਕਰ ਗੋਮਾਇ।
ਸ਼੍ਰੋਣਤ ਆਮਿਖ ਕੋ ਬਹੁ ਖਾਇੰ।
ਭਯੋ ਭਯੰਕਰ ਭੀਰੂ ਭੂਰ[੩]।
ਛੋਰਿ ਛੋਰਿ ਕਰਿ ਸਰਬ ਗ਼ਰੂਰ ॥੧੦॥
ਕਹਿੰ ਲਗ ਬਰਨੌਂ ਜੰਗ ਬਿਸਾਲਾ।
ਮਾਰੇ ਪਰੇ ਪਠਾਨ ਕਰਾਲਾ।
ਅਰਹਿ ਲਰਾਈ ਹੇਰਹਿ ਬੰਦਾ[੪]।
ਗੁਰ ਸਰ ਕੋ ਸੰਭਾਰਿ ਬਿਲੰਦਾ ॥੧੧॥
ਰਿਪੁ ਲਸ਼ਕਰ ਕੇ ਐਂਚਹਿ ਸਨਮੁਖ।
ਬਿਨਾ ਪ੍ਰਹਾਰ ਹੋਤਿ ਗਨ ਬੇਮੁਖ[੫]।
ਇਸੀ ਰੀਤਿ ਦੁਰਗ ਜੁ ਅਰਿ ਜਾਇ।
ਤਹਿੰ ਸਰ ਐਂਚਹਿ ਦ੍ਰਿਸ਼ਟਿ ਲਗਾਇ ॥੧੨॥
ਛੂਟਿ ਜਾਇ, ਨਹਿੰ ਰਹੈ ਮਵਾਸੀ।
ਜੇ ਲਸ਼ਕਰ ਅਰਿ ਹੋਹਿ ਬਿਨਾਸ਼ੀ[੬]।
ਸਰ ਮਹਿੰ ਕਰਾਮਾਤ ਇਸ ਭਾਂਤਿ।
ਨਹਿੰ ਠਹਿਰਨਿ ਸ਼ੱਤ੍ਰੂ ਹੁਇ ਘਾਤ ॥੧੩॥
ਲੂਟ ਕੂਟ ਕਰਿ ਸ਼ਹਿਰ ਸਮਾਨਾ।
ਬਲੀ ਪਠਾਨਨ ਕੋ ਕਰਿ ਹਾਨਾ।
ਤੁਰਕਾਨੀ ਬਹੁ ਗਹਿ ਗਹਿ ਆਨੀ।

---

[੧]ਭੈਰੋਂ ਭਜਾਨਕ ਹੋਕੇ ਗੱਜਿਆ।
(ਅ) ਭੈਰੋਂ ਭੈਦਾਇਕ ਸ਼ਬਦ ਨਾਲ ਗੱਜਿਆ।
[੨]ਗਿੱਧਾਂ।
[੩]ਕਾਇਰਾਂ ਲਈ (ਸਮਾਂ) ਬਹੁਤ ਹੀ ਭਜਾਨਕ ਹੋ ਗਿਆ।
[੪]ਜਦੋਂ ਬੰਦਾ ਦੇਖੇ ਕਿ ਲੜਾਈ ਵਿਚ ਅੜ ਪੈ ਗਈ ਹੈ।
[੫]ਗੁਰੂ ਤੋਂ ਬੇਮੁਖਾਂ ਸਮੂਹਾਂ ਦਾ ਬਿਨਾ ਮਾਰੇ (ਨਾਸ਼) ਹੁੰਦਾ ਹੈ।
[੬]ਜੋ ਲਸ਼ਕਰ ਅੜਦਾ ਹੈ ਨਾਸ਼ ਹੋ ਜਾਂਦਾ ਹੈ।

ਨੀਚਨ ਭੋਗੀ ਰਾਖਨਿ ਠਾਨੀ* ॥੧੪॥
ਪਸਰਜੋ ਦਲ ਲੂਟਜੋ ਸਭਿ ਦੇਸ਼।
ਜੰਗਲ ਭਰ ਜਾਂਗੁਲਕ ਵਿਸ਼ੇਸ਼[1]।
ਸਭਿ ਪੁਆਧ ਕੋ ਲੂਟਿ ਉਜਾਰਾ।
ਠੌਰ ਠੌਰ ਰੌਰਾ ਪਰਿ ਭਾਰਾ ॥੧੫॥
ਗੁਰ ਬਰਜਜੋ ਮਾਰੀ ਨ ਸੁਨਾਮ।
ਰਹੈ ਸਾਧ ਮੂਲਾ ਜਿਸ ਨਾਮ।
ਦੇਸ਼ ਬਿਦੇਸ਼ ਬਿਖੈ ਸਮੁਦਾਏ।
ਹੁਤੇ ਸਿੰਘ ਜੋ ਸੁਨਿ ਸੁਨਿ ਆਏ ॥੧੬॥
-ਭਯੋ ਹਮਨ ਕੋ[2] ਦਲ ਬਲ ਭਾਰਾ।
ਮਾਰ ਲੂਟ ਬਿਨ ਅਵਰ ਨ ਕਾਰਾ।
ਫਿਟਕੀ ਪੁਰੀ ਸਿਰ੍ਹੰਦ ਬਿਸਾਲੀ।
ਤਿਸ ਕੋ ਮਾਰਨ ਚਹੈਂ ਉਤਾਲੀ- ॥੧੭॥
ਬਸਹਿਂ ਬਜ਼ੀਦਖਾਨ ਜਹਿਂ ਪਾਪੀ।
ਸਾਹਿਬਜ਼ਾਦਨਿ ਕੋ ਸੰਤਾਪੀ।
ਹਿਤ ਹਤਿਬੇ ਨਿਜ ਹਾਥਨਿ ਲਾਲਸ[3]।
ਬੰਦਾ ਭਯੋ ਸੁਚੇਤ ਅਨਾਲਸ[4] ॥੧੮॥
ਨਿਸ ਦਿਨ ਉੱਦਮ ਕਰਤੋ ਰਹੈ।
ਗੁਰ ਕੋ ਪਲਟਾ ਲੈਬੋ ਚਹੈ।
ਤ੍ਰਾਸ ਮਾਨਿ ਕਰਿ ਪੁਰਿ ਜਨ ਸਾਰੇ।
ਨਿਜ ਸੂਬੇ ਕੇ ਨਿਕਟ ਸਿਧਾਰੇ ॥੧੯॥
ਪਰਜੋ ਫਤੂਰ ਦੇਸ਼ ਮਹਿਂ ਭਾਰਾ।
ਗੁਰ ਸੁਤ ਹੁਤੇ ਨ ਤਨਕ ਬਿਚਾਰਾ।
ਤਿਸ ਅਘ ਕੋ ਫਲ ਅਬਿ ਪ੍ਰਗਟਾਯੋ।

---

*ਇਸ ਤੋਂ ਭਾਵ ਇਹ ਹੈ ਕਿ ਗੁਰੂ ਕਾ ਹੁਕਮ ਕਿ ਤੁਰਕਾਨੀਆਂ ਨਹੀਂ ਭੋਗਣੀਆਂ ਸਿੰਘ ਪਾਲ ਰਹੇ ਹਨ, ਨੀਚਾਂ ਲੁਟੇਰਿਆਂ ਨੇ ਜੋ ਨਾਲ ਸਨ ਭੋਗੀਆਂ। ਚੰਗਾ ਹੁੰਦਾ ਕਿ ਬੰਦਾ ਇਹ ਬੀ ਰੋਕਦਾ ਪਰ ਇਸ ਵੇਲੇ ਲੁਟੇਰੇ ਤੇ ਨੀਚਾਂ ਦੀ ਧਾੜ ਨਾਲ ਬਹੁਤੀ ਸੀ ਤੇ ਬੰਦੇ ਵਲੋਂ ਹੁਕਮ ਤੋਂ ਬਿਨਾਂ ਇਹ ਸਖਤੀਆਂ ਵਰਤ ਲੈਂਦੇ ਸਨ। ਦੂਸਰੇ ਉਸੇ ਇਲਾਕੇ ਦੇ ਮਜ਼ਲੂਮ ਉਠ ਪੈਂਦੇ ਤੇ ਆਪਣੇ ਜ਼ਾਲਮਾਂ ਤੋਂ ਬਦਲੇ ਲੈਣ ਲਈ ਦਿਲਾਂ ਦੇ ਗੱਚ ਕੱਢਦੇ।

[1]ਜੰਗਲ ਸਾਰਾ (ਪਰ) ਛੋਟਾ ਜੰਗਲ ਵਿਸ਼ੇਸ਼ ਕਰਕੇ। ਜੰਗਲ ਤੋਂ ਮੁਰਾਦ ਮਾਲਵੇ ਦੀ ਹੁੰਦੀ ਹੈ, ਤੇ ਜਾਪਦਾ ਹੈ ਕਿ ਸਮਾਣੇ ਦੇ ਇਲਾਕੇ ਨੂੰ 'ਜਾਂਗੁਲਕ' ਕਹਿ ਰਹੇ ਹਨ। ਜਾਂਗੁਲਕ ਦਾ ਅਰਥ ਜਾਂਗਲੀ ਬੀ ਕਰਦੇ ਹਨ। ਕਈ ਗਿਆਨੀ ਤੁਕ ਦਾ ਅਰਥ ਕਰਦੇ ਹਨ, ਜੰਗਲ ਦੀ ਜਾਗਾ ਵਿਸ਼ੇਸ਼ ਕਰਕੇ ਗੋਲੀਆਂ ਨਾਲ ਭਰ ਦਿੱਤੀ।

[2]ਸਾਡਾ (ਖਾਲਸੇ) ਦਾ।

[3]ਅਪਣੇ ਹੱਥੀਂ ਉਸਨੂੰ ਮਾਰਨ ਦੀ ਚਾਹਨਾ ਹੈ (ਇਸ ਲਈ)।

[4]ਸਾਵਧਾਨ।

ਲਾਖਹੁਂ ਲੋਕਨ ਬਹੁ ਦੁਖ ਪਾਯੋ ॥੨੦॥
ਸਾਵਧਾਨ ਹੁਇ ਰੋਕਿ ਅਗਾਰੀ।
ਲਸ਼ਕਰ ਕਰੋ ਬਟੋਰਨਿ ਭਾਰੀ।
ਲਰੇ ਘਨੇ ਪਰ ਅਰੇ ਨ ਕੋਈ।
ਗੁਰ ਦਲ ਪ੍ਰਬਲ ਭਯੋ ਅਤਿ ਸੋਈ' ॥੨੧॥
ਸੁਨਤਿ ਵਜ਼ੀਦ ਖਾਨ ਹੰਕਾਰੀ।
ਪੁਰਿ ਜਨ ਸਨ ਬਹੁ ਧੀਰ ਉਚਾਰੀ।
'ਜਬਿ ਲੌਂ ਮੇਰੇ ਹਾਥ ਨ ਹੇਰੇ।
ਤਬਿ ਲੌਂ ਸੈਨਾ ਮਿਲੀ ਬਡੇਰੇ ॥੨੨॥
ਹਤੌਂ ਜਾਇ ਜਬਿ ਏਕ ਲਰਾਈ।
ਮਿਲੇ ਜਿ ਨਰ ਨਹਿਂ ਪਰਹਿਂ ਦਿਖਾਈ।
ਏਕ ਏਕ ਕਰਿ ਮਾਰਿ ਬਿਦਾਰੌਂ।
ਅਰੈ ਕੌਨ ਅਸ ਨਹੀਂ ਨਿਹਾਰੌਂ' ॥੨੩॥
ਇਮ ਕਹਿ ਨਿਜ ਕਰਿਵਾਯਸਿ ਤਜਾਰੀ।
ਹਯਨਿ ਹਜ਼ਾਰਹੁਂ ਪਾਖਰ[1] ਡਾਰੀ।
ਲਵਪੁਰਿ ਆਦਿ ਜਿ ਲਸ਼ਕਰ ਅਹੇ।
ਸਕਲ ਬਟੋਰਿ ਅਨਾਵਨ ਚਹੇ ॥੨੪॥
ਦੁਂਦਭਿ ਬਜਤਿ ਸੈਂਕਰੇ ਆਏ।
ਜਿਮ ਜਲਨਿਧਿ ਕੋ ਜਲ ਫੈਲਾਏ।
ਪੁਰਿ ਸਿਰ੍ਹੰਦ ਕੇ ਚਹੁਂ ਦਿਸ਼ਿ ਡੇਰੇ।
ਗਜ ਬਾਜੀ ਜੁਤਿ ਸੁਭਟ ਘਨੇਰੇ ॥੨੫॥
ਬੰਦੇ ਕੀ ਸੁਧਿ ਲੈ ਕਰਿ ਚਢ੍ਯੋ।
ਚਮੂੰ ਬਿਲੋਕਿ ਗਰਬ ਉਰ ਬਢ੍ਯੋ।
ਅਲਪ ਮਜ਼ਲ ਤੇ ਚਲਤਿ ਅਗਾਰੀ।
ਸੁਨਤਿ ਹਤਸੁ ਤੁਰਕਾਨਾ ਭਾਰੀ[2] ॥੨੬॥
ਇਤ ਉਤ ਲੂਟ ਕੂਟ ਬਹੁ ਦੇਸ਼।
ਪੁਰਿ ਗ੍ਰਾਮਨਿ ਚਲਿ ਨਵੇਂ ਹਮੇਸ਼।
ਕਿਤਹੁਂ ਉਜਾਰਤਿ ਕਿਤ ਅਪਨਾਵੈ।
ਅੰਨ ਬਸਨ ਬਾਸਨਿ ਧਨ ਲਜਾਵੈਂ ॥੨੭॥
ਉਤਰਹਿ ਨਹੀਂ ਕਹੂੰ ਬਿਨ ਜੰਗ।

---

[1]ਕਾਠੀਆਂ।
[2]ਤੁਰਕਾਂ ਦਾ ਭਾਰੀ ਮਾਰਿਆ ਜਾਣਾ ਸੁਣਿਆਂ।

ਆਯੁਧ ਧਰੇ ਰਹੈਂ ਸਰਬੰਗ।
ਬੰਦੇ ਸੁਨਯੋਂ ਸਿਰੁੰਦ ਪਤਿ ਆਯੋ।
ਲਸ਼ਕਰ ਲੈ ਤਹਿਂ ਤੇ ਨਿਕਸਾਯੋ ॥੨੮॥
ਹਿਤ ਮਾਰਨ ਕਰਿ ਚੌਂਪ ਬਿਸਾਲਾ।
ਚਢਿ ਇਤ ਤੇ ਪੁਰਿ ਲੂਟਿ ਅੰਬਾਲਾ।
ਦੀਰਘ ਅਲਪ ਗ੍ਰਾਮ ਕੈ ਨਗਰੀ।
ਛੀਨੇ ਬਸਤੁ ਉਜਾਰਹਿ ਸਗਰੀ ॥੨੯॥
ਸਮੁਖ ਤੁਰਕ ਕੇ ਕੂਚ ਕਰੰਤੇ।
ਚਾਹਤਿ ਲਰਿਬੋ ਸ਼ਸਤ੍ਰ ਧਰੰਤੇ।
ਛਤ ਬਾਨੂੜ ਨਗਰ ਜਿਸ ਥਾਨਾ। {ਵਿਸ਼ੇਸ਼ ਟੂਕ}
ਤਹਿ ਮੁਕਾਬਲਾ ਦੋਨਹੁ ਠਾਨਾ ॥੩੦॥
ਇਤ ਗੁਰ ਦਲ ਉਤ ਲਸ਼ਕਰ ਆਵਾ।
ਲਾਖਹੁਂ ਸੁਭਟਨ ਲਰਿਬੇ ਚਾਵਾ।
ਬੰਦਾ ਅਰੁ ਵਜ਼ੀਰ ਖਾਂ ਦੋਊ।
ਜੈ ਅਭਿਲਾਖੀ ਹ੍ਵੈ ਕਰਿ ਸੋਊ ॥੩੧॥
ਨਿਸ ਮਹਿਂ ਬਯੋਂਤ ਲਰਨ ਕੋ ਕਰਿ ਕੈ।
ਮਿਸਲ ਮਿਸਲ ਮਹਿਂ ਉਤਸਵ ਧਰਿ ਕੈ।
ਬਹੁ ਬਰੂਦ ਗੋਰੀ ਬਰਤਾਈ।
ਆਪੋ ਅਪਨੀ ਕਰਿ ਤਕਰਾਈ ॥੩੨॥
ਪ੍ਰਾਤਿ ਹੋਤਿ ਰਣ ਚਾਹਤਿ ਕਰਯੋ।
ਦੋਊ ਦਿਸ਼ਿਨਿ ਕ੍ਰੋਧ ਕੋ ਧਰਯੋ।
ਹੁਕਮ ਕੀਨਿ 'ਧੌਂਸੇ ਧੁੰਕਾਰੇ।'
ਗੋਮੁਖ ਪਟਹ ਢੋਲ ਢਮਕਾਰੇ ॥੩੩॥
ਤੋਪ ਪੁੰਜ ਕੀ ਸ਼ਲਖ ਚਲਾਈ।
ਸੈਨ ਓਰੜੀ ਛਿਤ ਕੰਪਾਈ।
ਪਰ੍ਹੇ ਦੂਰ ਲਗਿ ਬੰਧਨ ਕਰੇ[1]।
ਤਜਾਰ ਤੁਫੰਗ ਬਾਨ ਧਨੁ ਧਰੇ ॥੩੪॥
ਪਰਯੋ ਨੇਰ ਹੋਯਸਿ ਭਟ ਭੇਰ।
ਛੂਟੇ ਗੋਰੀ ਗੋਰ ਬਡੇਰ।
ਤੜਭੜ ਸ਼ਲਖ ਅਵਾਜ਼ ਬਿਸਾਲੇ।
ਫੂਟੇ ਬੀਰਨਿ ਅੰਗ ਉਤਾਲੇ ॥੩੫॥

---
[1]ਦੂਰ ਤੱਕ ਕਤਾਰਾਂ ਬੰਨ੍ਹਣੀਆਂ ਕੀਤੀਆਂ।

ਹਯਨ ਧਵਾਇ ਪ੍ਰਹਾਰੈਂ ਸੂਰੇ।
ਲਾਲ ਬਦਨ ਕਰਿ ਕ੍ਰੂਰ ਗਰੂਰੇ।
ਕੇਤਿਕ ਤੋਮਰ ਮਾਰਿ ਪਰੋਏ।
ਕੇਤਿਕ ਮਰੇ ਖੇਤ ਰਣ ਸੋਏ ॥੩੬॥
ਕਹੀ ਬਾਤ ਕੁਛ ਸੁਨਿਯ ਨ ਕਾਨਾ।
ਦਿਖੀਯਤਿ ਨਹੀਂ ਸਮੀਪ ਸਥਾਨਾ।
ਹੇਲ ਮੇਲਿ ਦੁਇ ਦਿਸ਼ਿ ਲਰ ਪਰੇ।
ਕਾਢਿ ਖੜਗ ਅਰਿ ਕਾਟਨ ਕਰੇ ॥੩੭॥
ਹਥਾਵੱਥ ਹ੍ਵੈਗੀ ਇਕ ਬਾਰਾ।
ਘਾਵ ਪਰਸਪਰ ਕਰਹਿਂ ਪ੍ਰਹਾਰਾ।
ਸਿਪਰ ਸੰਭਾਰ ਨ ਗਿਨਤੀ ਰਹੀ।
ਕਰਾਚੋਲ ਧਾਰਾ ਇਮ ਬਹੀ ॥੩੮॥
ਤੋਪਨ ਤੇ ਮਰਿ ਗਏ ਹਜ਼ਾਰੋਂ।
ਜੰਗ ਤੁਫੰਗਨ ਸੰਗ ਪ੍ਰਹਾਰੋ।
ਨੇਜ਼ੇ ਭਾਲੇ ਸਾਂਗ ਪਰੋਵਨ।
ਜਮਧਰ ਖੜਗ ਖਾਇ ਕਰਿ ਸੋਵਨ ॥੩੯॥
ਛੂਛੇ ਅਨਿਕ ਤੁਰੰਗਮ ਡੋਲੈਂ।
ਮਾਰਿ ਮਾਰਿ ਕੇਤਿਕ ਭਟ ਬੋਲੈਂ।
ਲੋਥ ਪੋਥਨਾ ਰਣ ਥਲ ਹੋਈ।
ਸ਼੍ਰੋਣਿਤ ਲਿਪਤਿ ਫਿਰਤਿ ਨਰ ਕੋਈ ॥੪੦॥
ਅਰਣ ਬਰਣ ਕੀ ਧਰਣਿ ਕਰਾਲਾ।
ਨਾਚੈਂ ਭੂਤ, ਪ੍ਰੇਤ, ਬੈਤਾਲਾ।
ਕਹੂੰ ਰੁੰਡ ਕਟਿ ਮੁੰਡ ਪਰੇ ਹੈਂ।
ਹਾਥ ਪਾਂਵ ਕਟਿ ਧਰਾ ਗਿਰੇ ਹੈਂ ॥੪੧॥
ਕਹੌਂ ਕਹਾਂ ਲਗਿ ਜੁੱਧ ਅਖਾਰਾ।
ਬਰਨਨ ਕਰਿ ਹੌਂ ਜੇ ਬਿਸਥਾਰਾ।
ਗ੍ਰੰਥ ਬਿਸਾਲ ਇਸੀ ਕੋ ਹੋਇ।
ਲਾਖਹੁੰ ਮਾਰਨ ਮਰਨੋ ਜਾਇ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਨੌਮੋ ਅੰਸੂ ॥੯॥

ਵਿਸ਼ੇਸ਼ ਟੂਕ:- ਇਹ ਜੰਗ ਛਤ ਬਨੂੜ ਨਹੀਂ ਹੋਇਆ, ਸਰਹਿੰਦ ਤੋਂ ੧੨ ਕੁ ਕੋਹ ਦੀ ਵਿਥ ਤੇ ਚਪੜ ਚਿੜੀ ਪਾਸ ਹੋਇਆ ਹੈ। ਸ਼੍ਰੀ ਭੰਗੂ ਜੀ ਨੇ ਲਿਖਿਆ ਹੈ:-
ਇਤੀ ਬਜੀਦਾ ਮਾਰਯੋ ਜੇਠ ਸੁਦੀ ਕੇ ਮਾਂਹਿ।

ਸਤ੍ਰਹ ਸੈ ਸਤਾਹਠੇ ਚਪੜ ਚਿੜੀ ਕੇ ਪਾਹਿ।

ਤ੍ਰਯਾਕਲਾਂ ਵਿਚੋਂ ਪੀਰ ਮੁਹੰਮਦ ਅਹਸਨ ਈਜ਼ਾਦ ਨੇ ਆਪਣੇ ਸ਼ਾਹਨਾਮੇ ਵਿਚ ਜੋ ਉਸ ਨੇ ਫੁਰਖ਼ਸੀਅਰ ਦੇ ਹੁਕਮ ਨਾਲ ਲਿਖਿਆ ਸੀ, ਜੰਗ ਦੇ ਮੁਕਾਮ ਦਾ ਨਾਮ ਚਪੜ ਚਿੜੀ ਹੀ ਦਿੱਤਾ ਹੈ। 'ਚਪਾ ਚਿੜੀ' ਨਾਮ ਦਾ ਇਕ ਪਿੰਡ ਖਰੜ ਨਗਰ ਦੇ ਲਾਗਵਾਰ ਹੈ। ਕਵੀ ਜੀ ਨੂੰ ਚਪੜ ਚਿੜੀ ਦੇ ਜੰਗ ਦਾ ਪਤਾ ਤਾਂ ਮਿਲਿਆ ਹੈ, ਪਰ ਉਨ੍ਹਾਂ ਨੇ ਉਸ ਨੂੰ ਵੱਖਰਾ ਜੰਗ ਸਮਝਿਆ ਹੈ, ਦੇਖੋ ਇਸੇ ਐਨ ਦਾ ਅੰਸੂ ੧੧ ਦਾ ਅੰਕ ੨੪।

ਛਤ ਬਨੂੜ ਦੇ ਜੁੱਧ ਦਾ ਠੀਕ ਹਾਲ ਇਉਂ ਹੈ ਕਿ ਸਢੌਰਾ ਮਾਰਦਿਆਂ ਬੰਦੇ ਨੇ ਕੀਰਤਪੁਰ ਮਝੈਲਾਂ ਵਲ ਕਾਸਦ ਘੱਲ ਦਿੱਤੇ ਕਿ ਅਸੀਂ ਛਤ ਬਨੂੜ ਵੱਲ ਆ ਰਹੇ ਹਾਂ ਤੁਸੀਂ ਖਰੜ ਵੱਲ ਉਤਰ ਆਓ। ਮਝੈਲ ਸਿੰਘ ਝੱਟ ਟੁਰ ਪਏ ਤੇ ਰੋਪੜ ਅੱਪੜੇ, ਵਜ਼ੀਦ ਖ਼ਾਂ ਉਧਰ ਬੰਦੇ ਦੇ ਚੱਕਰ ਖਾਕੇ ਵਧਣ ਤੋਂ ਤਾੜ ਗਿਆ ਸੀ ਕਿ ਇਸ ਨੇ ਮਝੈਲਾਂ ਨੂੰ ਨਾਲ ਮੇਲਣਾ ਹੈ, ਸੋ ਕੀਰਤਪੁਰੋਂ ਮਝੈਲ ਸਿੰਘ ਹਿਲੇ ਸੁਣਦੇ ਸਾਰ ਉਸ ਨੇ ਮਲੇਰਕੋਟਲੀਏ ਸਰਦਾਰਾਂ ਨੂੰ ਫੌਜ ਨਾਲ ਟੋਰਿਆ ਕਿ ਮਝੈਲਾਂ ਨੂੰ ਬੰਦੇ ਨੂੰ ਮਿਲਣ ਤੋਂ ਪਹਿਲਾਂ ਮਾਰ ਲਓ, ਫੇਰ ਬੰਦੇ ਨੂੰ ਹੱਥੋਂ ਹੱਥੀਂ ਮਾਰ ਲਵਾਂਗੇ। ਮਲੇਰਕੋਟਲੇ ਦੇ ਸਰਦਾਰ ਸ਼ੇਰ ਮੁਹੰਮਦ ਖ਼ਾਂ ਇਸ ਦਾ ਭਰਾ ਖਿਜ਼ਰ ਖ਼ਾਂ, ਚਾਚੇ ਦੇ ਪੁਤ ਨਸਤਰ ਖ਼ਾਂ ਤੇ ਵਲੀ ਮੁਹੰਮਦ ਖ਼ਾਂ ਇਸ ਚੜ੍ਹਾਈ ਵਿਚ ਸ਼ਾਮਲ ਸਨ। ਇਨ੍ਹਾਂ ਪਿਛਲਿਆਂ ਦਾ ਭਿਰਾਉ ਨਾਹਰ ਖ਼ਾਂ ਸੀ ਜੋ ਚਮਕੌਰ ਦੇ ਘੇਰੇ ਵੇਲੇ ਦਸਮ ਗੁਰਾਂ ਨੇ ਤੀਰ ਨਾਲ ਮਾਰਿਆ ਸੀ ਤੇ ਖਿਜ਼ਰ ਖਾਂ ਉਹ ਸੀ ਜੋ ਕੰਧ ਓਹਲੇ ਲੁਕਕੇ ਬਚ ਗਿਆ ਸੀ, ਏਸੇ ਨੂੰ ਗੁਰੂ ਜੀ ਨੇ ਖ੍ਵਾਜਾ ਮਰਦੂਦ ਲਿਖਿਆ ਹੈ। ਸੋ ਇਨ੍ਹਾਂ ਮਲੇਰੀ ਸਰਦਾਰਾਂ ਦੀ ਖਾਲਸੇ ਨਾਲ ਰੋਪੜ ਪਾਸ ਲੜਾਈ ਹੋਈ। ਸਾਰਾ ਦਿਨ ਜੰਗ ਹੋਇਆ ਪਰ ਹਾਰ ਜਿੱਤ ਨਾ ਹੋਈ। ਸਿੰਘਾਂ ਦਾ ਦਾਰੂ ਸਿੱਕਾ ਥੁੜਨ ਲੱਗ ਪਿਆ। ਅਗਲੇ ਦਿਨ ਖਿਜ਼ਰ ਖ਼ਾਂ ਚੌਂਪ ਚੜ੍ਹਿਆ, ਸਵੇਰੇ ਹੀ ਸਿੰਘਾਂ ਨੂੰ ਮਾਰਨ ਲਈ ਅੱਗੇ ਵਧਿਆ, ਪਰ ਇਕ ਸਿੰਘ ਦੀ ਗੋਲੀ ਨਾਲ ਮਰ ਗਿਆ। ਸਰਦਾਰ ਢੱਠਾ ਤਾਂ ਫੌਜ ਉਠ ਨੱਠੀ। ਬਾਕੀ ਸਰਦਾਰ ਸ਼ੇਰ ਖ਼ਾਂ ਆਦਿ ਗੁੱਸਾ ਕਰਕੇ ਖਿਜ਼ਰ ਦੀ ਲੋਥ ਲੈਣ ਅੱਗੇ ਵਧੇ, ਪਰ ਭੂਹੇ ਹੋਏ ਮਝੈਲ ਐਸੇ ਅੜੇ ਕਿ ਨਸਤਰ ਖ਼ਾਂ ਤੇ ਵਲੀ ਮੁਹੰਮਦ ਦੋ ਸਰਦਾਰ ਹੋਰ ਮਾਰ ਲਏ ਅਤੇ ਸ਼ੇਰ ਮੁਹੰਮਦ ਜ਼ਖਮੀ ਹੋ ਗਿਆ। ਸੋ ਇਹ ਪਠਾਣ ਤਾਂ ਹਾਰ ਖਾਕੇ ਮੁਰਦੇ ਤੇ ਜ਼ਖਮੀ ਸਰਦਾਰ ਚੁੱਕਕੇ ਸਰਹਿੰਦ ਨੂੰ ਮੁੜੇ। ਉਧਰ ਸਿੰਘ ਮੈਦਾਨ ਮਾਰਕੇ ਬੰਦੇ ਵਲ ਵਧੇ। ਬੰਦੇ ਨੇ ਇੰਨੇ ਚਿਰ ਵਿਚ ਬਨੂੜ ਦਾ ਪਰਗਨਾ ਮਾਰ ਲਿਆ ਸੀ ਕਿ ਇੰਨੇ ਨੂੰ ਰੋਪੜ ਦਾ ਬਿਜੈਮਾਨ ਮਝੈਲ ਖਾਲਸਾ ਅੱਪੜ ਪਿਆ। ਬੰਦਾ ਦੋ ਕੋਹ ਤੱਕ ਅਗੇਰੇ ਵਧਕੇ ਅਗਵਾਨੀ ਕਰਕੇ ਵੀਰਾਂ ਨੂੰ ਲੈਣ ਗਿਆ। ਫੇਰ ਦੋਹਾਂ ਜਥਿਆਂ ਨੇ ਮਿਲਕੇ ਖੁਸ਼ੀਆਂ ਮਨਾਈਆਂ, ਆਨੰਦ ਦੇ ਜੈਕਾਰੇ ਗੱਜੇ। ਕੜਾਹ ਪ੍ਰਸ਼ਾਦ ਵਰਤਾਏ ਗਏ। ਹੁਣ ਦੋਹਾਂ ਜਥਿਆਂ ਨੇ ਰਲਕੇ 'ਛਤ' ਨੂੰ ਮਾਰ ਲਿਆ। ਏਥੋਂ ਫੇਰ ਰਲਕੇ ਵਿਉਂਤਾਂ ਵਿਚਾਰਕੇ ਸਰਹਿੰਦ ਵਲ ਤਿਆਰੇ ਕੀਤੇ। ਉਧਰ ਨਵਾਬ ਨੇ ਜਦ ਸੁਣਿਆ ਕਿ ਸਢੌਰਾ ਮਾਰਿਆ ਗਿਆ ਹੈ ਤਾਂ (ਭੰਗੂ ਜੀ ਲਿਖਦੇ ਹਨ ਕਿ) ਹਜ਼ਾਰਕੁ ਆਦਮੀ ਆਪਣਾ ਕੁਛ ਰੁਪੱਯਾ ਦੇਕੇ ਤੇ ਇਨਾਮਾਂ ਦੇ ਕਰਾਰ ਕਰਕੇ ਟੋਰਿਆ ਕਿ ਬੰਦੇ ਨਾਲ ਜਾ ਮਿਲੋ ਤੇ ਉਸ ਨੂੰ ਕਿਸੇ ਛਲ ਨਾਲ ਮਾਰ ਦਿਓ।

ਇਨ੍ਹਾਂ ਦੇ ਜਥੇਦਾਰ ਨੇ ਬੰਦੇ ਪਾਸ ਜਾ ਦੁਖ ਰੋਣੀ ਰੋਈ ਕਿ ਮੇਰੇ ਤੇ ਵਜ਼ੀਰ ਖਾਂ ਨੇ ਜ਼ੁਲਮ ਕੀਤੇ ਹਨ ਤੇ ਮੈਂ ਉਸ ਪਾਸੋਂ ਬਦਲਾ ਲੈਣ ਲਈ ਸ਼ਰਨ ਆਇਆ ਹਾਂ, ਮੈਨੂੰ ਨਾਲ ਰੱਖੋ ਤੇ ਮੈਂ ਬੜੀ ਮਦਦ ਕਰਾਂਗਾ ਤੇ ਸਰਹਿੰਦ ਮਾਰਕੇ ਬਦਲਾ ਕੱਢਾਂਗਾ। ਬੰਦੇ ਨੇ ਮਾਇਆ ਦੇਕੇ ਉਸ ਨੂੰ ਪਾਸ ਰੱਖ ਲਿਆ। ਮਾਇਆ ਬੀ ਦਿੱਤੀ, ਨਿਮਕ ਹਲਾਲ ਰਹਿਣ ਦੀ ਸਹੁੰ ਬੀ ਚਵਾਈ, ਪਰ ਬੰਦਾ ਇਨ੍ਹਾਂ ਵਲੋਂ ਚੌਕਸ ਰਿਹਾ ਜਾਪਦਾ ਹੈ। ਹੁਣ ਏਥੋਂ ਸਾਰਾ ਖਾਲਸਾ ਕੱਠਾ ਹੋਕੇ ਸਰਹਿੰਦ ਮਾਰਨ ਨੂੰ ਚੜ੍ਹ ਪਿਆ ਤੇ ਸਰਹਿੰਦੋਂ ਬਾਰਾਂ ਕੁ ਕੋਹ ਦੀ ਵਿੱਥ ਪਰ ਖਰੜ ਦੇ ਲਾਗ ਵਾਰ ਚਪੜ ਚਿੜੀ ਦੇ ਟਿਕਾਣੇ ਪਾਸ ਲੜਾਈ ਹੋਈ।

## ੧੦. [ਵਜ਼ੀਰ ਖ਼ਾਂ ਨੂੰ ਮਾਰਨਾ। ਸਰਹਿੰਦ ਨੂੰ ਉਜਾੜਨਾ]

੯<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੧

ਦੋਹਰਾ: ਬਰਜੇ ਜੋਧਾ ਆਪਨੇ,
ਬੰਦੇ ਪ੍ਰਥਮ ਬਖਾਨਿ।
'ਨਹਿਂ ਕੋ ਹਤੈ ਵਜ਼ੀਦ ਕੋ,
ਮੈਂ ਮਾਰੌਂ ਨਿਜ ਪਾਨਿ' ॥੧॥
ਚੌਪਈ: ਇਮ ਕਹਿ ਪੂਰਬ ਸਕਲ ਹਟਾਏ।
ਲਰਤਜੋਂ ਮਰੇ ਸੁਭਟ ਸਮੁਦਾਏ।
ਤਬਿ ਬੰਦੇ ਨਿਜ ਹਯ ਫੰਧਾਯੋ।
ਖ਼ਾਂ ਵਜ਼ੀਦ ਕੇ ਸਨਮੁਖ ਆਯੋ ॥੨॥
'ਸੁਨਿ ਸਾਹਿਬਜ਼ਾਦਨ ਕੇ ਦ੍ਰੋਹੀ!
ਸਲਤਨ ਸਕਲ ਬਿਨਾਸ਼ੀ ਤੋਹੀ।
ਮਹਾਂ ਅਧਮ ਕ੍ਰਿਤ ਪਾਪ ਬਿਸਾਲਾ।
ਤਿਸ ਕੋ ਫਲ ਪ੍ਰਾਪਤਿ ਇਸ ਕਾਲਾ ॥੩॥
ਲਸ਼ਕਰ ਦੇਸ਼ ਨਗਰ ਕੇ ਸਾਥ।
ਹੋਹਿ ਬਿਨਾਸ਼ ਮਾਨ ਮਮ ਹਾਥ[1]।
ਗੁਰ ਕੋ ਅਦਬ ਨ ਤੈਂ ਕੁਛ ਰਾਖਾ।'
ਸੁਨਤਿ ਵਜ਼ੀਦਖਾਨ ਤਬਿ ਭਾਖਾ ॥੪॥
'ਮੇਰੇ ਸੁਭਟਨ ਕੋ ਕਜਾ ਹੋਵਾ।
ਸ਼ੱਤ੍ਰੁ ਸਮੀਪ ਖਰੋ ਰਨ ਜੋਵਾ।
ਸਭਿ ਦਲ ਕੋ ਇਹ ਰਿਪੁ ਸਰਦਾਰ।
ਤਜੋ ਤੁਫੰਗ ਕਜੋਂ ਨ ਲਿਹੁ ਮਾਰ ॥੫॥
ਬਰਛੀ ਖੜਗ ਪ੍ਰਹਾਰਨ ਬ੍ਰਿੰਦ।
ਕਰਿ ਲੀਜੈ ਇਹੁ ਤੁਰਤ ਨਿਕੰਦ।'
ਇਮ ਸੁਨਿ ਹੇਲ ਕਰੇ ਗਨ ਧਾਏ।
ਗੋਰੀ ਤੀਰ ਸਭਿਨਿ ਬਰਖਾਏ ॥੬॥
ਇਤ ਤੇ ਸਨਮੁੱਖ ਬੰਦਾ ਭਯੋ।
ਸਰ ਧਰਿ ਧਨੁ ਪਰ ਐਂਚਨ ਕਯੋ।
ਦੁਇ ਦਿਸ਼ਿ ਤੇ ਗਨ ਛੁਟੀ ਤੁਫੰਗੈਂ।
ਗਿਰੇ ਹਜ਼ਾਰਹੁੰ ਤੁਰਕ ਤੁਰੰਗੈਂ ॥੭॥
ਹੇਲ ਦੁਦਿਸ਼ਿਨਿ ਘਾਲਿ ਘਮਸਾਨਾ।

[1] ਮੰਨ (ਕਿ ਹੁਣ) ਮੇਰੇ ਹੱਥੀਂ ਨਾਸ਼ ਹੋਵੇਗਾ।

ਸ੍ਰੀ ਗੁਰ ਸਰ ਐਂਚਯੋਂ ਬਲਵਾਨਾ[1]।
ਕਿਸ ਮਹਿਂ ਸ਼ਕਤਿ ਰਹੈ ਦਿਢ ਆਗੇ।
ਬੇਮੁਖ ਹੋਇ ਜੰਗ ਤਜਿ ਭਾਗੇ ॥੮॥
ਪਿਖਿ ਲਸਕਰ ਕੀ ਦਸ਼ਾ ਪਲਾਵਨ।
ਚਹੇ ਵਜ਼ੀਦੇ ਪ੍ਰਾਨ ਬਚਾਵਨ[2]।
ਤਬਿ ਬੰਦੇ ਚਿਤ ਬਿਖੈ ਬਿਚਾਰਾ।
-ਹਤੌਂ ਕੁਮੌਤ ਅਘੀ ਇਹ ਭਾਰਾ ॥੯॥
ਜੌ ਆਯੁਧ ਤੇ ਕਰੌਂ ਪ੍ਰਹਾਰਾ।
ਸ਼ੁਭ ਗਤਿ ਪ੍ਰਾਪਤ ਹੋਹਿ ਸੁਖਾਰਾ।
ਉਚਿਤ ਨਰਕ ਮਹਿਂ ਲਹੈ ਸਜ਼ਾਇ-।
ਇਮ ਚਿਤਵਤਿ ਢਿਗ ਪਹੁੰਚਯੋ ਜਾਇ ॥੧੦॥
ਬਲ ਤੇ ਪਕਰਿ ਟਾਂਗ ਰਿਪੁ ਕੇਰੀ।
ਤਰੇ ਗੇਰਿ ਲੀਨਸਿ ਤਿਸ ਬੇਰੀ।
ਘੋਰਾ ਬਲੀ ਫੇਰ ਤਿਸ ਊਪਰਿ।
ਪ੍ਰਾਨ ਨਿਕਾਸੇ ਤਤਛਿਨ ਭੂ ਪਰਿ ॥੧੧॥
ਕਾਇਰ ਹੋਇ ਮਰਯੋ ਬਡ ਪਾਪੀ[*]।
ਸਾਹਿਬਜ਼ਾਦਨ ਕੋ ਸੰਤਾਪੀ।
ਜਬਹਿ ਵਜ਼ੀਦਾ ਕਿਤਹੁਂ ਨ ਹੇਰਾ।
ਭਾਜਯੋ ਲਸ਼ਕਰ ਤ੍ਰਾਸ ਬਡੇਰਾ ॥੧੨॥
ਬੰਦੇ ਕੀ ਸੈਨਾ ਪਸ਼ਚਾਤੀ।
ਲੂਟਿ ਕੂਟਿ ਤੁਰਕਾਨੇ ਘਾਤੀ।
ਹਯ ਸੁ ਹਜ਼ਾਰਹੁਂ ਦਲ ਮਹਿਂ ਆਏ।

---

[1]ਸ੍ਰੀ ਗੁਰੂ ਜੀ ਦਾ (ਬਖਸ਼ਿਆ) ਬਲਵਾਨ ਤੀਰ ਖਿੱਚਿਆ ਅਥਵਾ ਬਲਵਾਨ (ਬੰਦੇ ਨੇ)।
[2]ਲਸ਼ਕਰ ਦੀ ਭਾਜੜ ਵਾਲੀ ਸੂਰਤ ਵੇਖਕੇ ਵਜੀਦੇ ਨੇ ਪ੍ਰਾਣ ਬਚਾਉਣੇ ਚਾਹੇ।
[*]ਮਹਿੰਮਾ ਪ੍ਰਕਾਸ਼ ਨੇ ਵਜ਼ੀਦੇ ਦੀ ਮੌਤ ਬੰਦੇ ਦੇ ਹੱਥੋਂ ਗੁਰੂ ਜੀ ਦੇ ਤੀਰ ਨਾਲ ਹੋਈ ਲਿਖੀ ਹੈ। ਰਤਨ ਸਿੰਘ ਜੀ ਪਤਾ ਨਹੀਂ ਲਿਖਦੇ ਕਿ ਵਜ਼ੀਰ ਖ਼ਾਂ ਕਿਸ ਦੇ ਹੱਥੋਂ ਮੋਇਆ। 'ਤਰੀਂ ਬਜੀਦਾ ਸਸਕਤ ਪਾਯੋ' ਇਤਨਾ ਹੀ ਲਿਖਦੇ ਹਨ, ਹੋਰਨਾਂ ਨੇ ਬੀ ਪੂਰਾ ਪਤਾ ਨਹੀਂ ਦਿੱਤਾ। ਫੁਰਖ਼ਸੀਅਰ ਦੇ ਮੁਅੱਰਖ ਮੀਰ ਮੁਹੰਮਦ ਅਹਸਨ ਨੇ ਸ਼ਾਹਨਾਮੇ ਵਿਚ ਐਉਂ ਦਿੱਤਾ ਹੈ:-ਵਜ਼ੀਰ ਖ਼ਾਂ ਬਾਜ਼ ਸਿੰਘ ਦੇ ਟਾਕਰੇ ਤੇ ਆ ਗਿਆ, ਤੇ ਬਰਛੀ ਮਾਰੀਓ ਸੁ। ਸਿੱਖ ਨੇ ਬਰਛੀ ਫੜਕੇ ਖੁਹ ਲਈ ਤੇ ਉਹੋ ਵਜ਼ੀਰ ਖ਼ਾਂ ਨੂੰ ਮਾਰੀ ਜੋ ਵਜ਼ੀਰ ਖ਼ਾਂ ਦੇ ਘੋੜੇ ਦੇ ਮੱਥੇ ਵਿਚ ਲੱਗੀ। ਵਜ਼ੀਰ ਖ਼ਾਂ ਨੇ ਫੇਰ ਕਮਾਨ ਖਿੱਚੀ ਤੇ ਬਾਜ਼ ਸਿੰਘ ਦੀ ਬਾਂਹ ਤੇ ਤੀਰ ਮਾਰਿਆ ਤੇ ਤਲਵਾਰ ਸੂਤਕੇ ਉਸ ਨੂੰ ਪਾਰ ਬੁਲਾਉਣ ਦਾ ਜਤਨ ਕੀਤਾ। ਕੋਲ ਹੀ ਫਤੇ ਸਿੰਘ ਹੈਸੀ, ਉਸ ਨੇ ਵਜ਼ੀਰ ਖ਼ਾਂ ਨੂੰ ਐਸੀ ਤਲਵਾਰ ਮਾਰੀ ਕਿ ਮੋਢੇ ਤੋਂ ਕਮਰ ਤੱਕ ਉਤਰ ਗਈ। ਭੰਗੂ ਜੀ ਨੇ ਇਹ ਬੀ ਲਿਖਿਆ ਹੈ ਕਿ ਬੰਦੇ ਨੇ ਲੋਥ ਨੂੰ ਵਹਿੜਕਿਆਂ ਮਗਰ ਬੰਨ੍ਹ ਕੇ ਘਿਸਟਵਾਇਆ ਤੇ ਫੇਰ ਦੱਬਿਆ ਨਹੀਂ, ਮੁਸਲਮਾਨੀ ਖਿਆਲ ਦੇ ਵਿਰੁੱਧ ਉਸ ਦੀ ਲੋਥ ਨੂੰ ਅਗਨੀ ਭੇਟ ਕੀਤਾ। ਸ: ਕਰਮ ਸਿੰਘ ਜੀ ਲਿਖਦੇ ਹਨ ਕਿ ਇਸ ਦੀ ਲੋਥ ਟੰਗਾ ਦਿੱਤੀ ਜੋ ਇੱਲਾਂ ਕਾਂ ਖਾਣ।

ਸ਼ਸਤ੍ਰਨਿ ਕੀ ਕੋ ਗਿਨਤੀ ਪਾਏ ॥੧੩॥
ਲੂਟਿ ਬਜ਼ਾਰ[1] ਲੀਨਿ ਤਿਸ ਬੇਰੇ।
ਤੰਬੂ, ਤੋਪ, ਦੁਰਦ[2], ਬਹੁਤੇਰੇ।
ਗ੍ਰਾਮ ਨਗਰ ਕੇ ਨਰ ਭਟ ਭਾਰੀ।
ਜਹਿਂ ਕਹਿਂ ਕੇ ਨਿਤ ਮਿਲੇ ਹਜ਼ਾਰੇ ॥੧੪॥
ਫਿਟਕੀ ਪੁਰੀ[3] ਭਗੈਲ ਪਲਾਏ।
ਠਹਿਰ ਨਹੀਂ ਕਿਤ ਪਾਇ ਜਮਾਏ।
ਪਾਛੇ ਦਲ ਬੰਦੇ ਕੋ ਭਯੋ।
ਲੂਟਤਿ ਮਾਰਤਿ ਧਾਵਤਿ ਗਯੋ ॥੧੫॥
ਲਾਖਹੁਂ ਸੁਭਟ ਲੁਟਿਬੇ ਹੇਤੁ।
ਚਲੇ ਚੌਂਪ ਕਰਿ ਭਏ ਸੁਚੇਤ।
ਰਾਤ ਦਿਵਸ ਕੇ ਦੌਰਨ ਕਰਿ ਕੈ।
ਪਹੁੰਚੇ ਨਿਕਟ ਸ਼ੱਤ੍ਰ ਗਨ ਦਰਿ ਕੈ ॥੧੬॥
ਪੁਰਿ ਜਨ ਕਹਾਂ ਪਲਾਇਂ ਬਿਚਾਰੇ।
ਦਰਬ ਕਰੋਰਹੁਂ ਵਸਤੁ ਉਦਾਰੇ।
ਲਸ਼ਕਰ ਪ੍ਰਬਲ ਵਹਿਰ ਹੀ ਮਾਰਜੋ।
ਬਚੇ ਅਰੇ ਤਹਿਂ ਤੁਰਤ ਬਿਦਾਰਜੋ ॥੧੭॥
ਬਰੇ ਨਗਰ ਮਹਿਂ ਲੂਟ ਮਚਾਈ।
ਕੰਚਨ ਰਜਤ ਲੀਨਿ ਸਮੁਦਾਈ।
ਬਡੇ ਬਜ਼ਾਰਨ ਕੋ ਬਹੁ ਲੂਟਾ।
ਅਰੇ ਅੱਗ੍ਰ ਸੋ ਤਤਛਿਨ ਕੂਟਾ ॥੧੮॥
ਬਹੁਤ ਸਦਨ ਮਹਿਂ ਸੁਭਟ ਪ੍ਰਵੇਸ਼ੇ।
ਲੂਟਤਿ ਵਸਤੂ ਦਰਬ ਵਿਸ਼ੇਸ਼ੇ।
ਮੁਗ਼ਲਾਨੀ, ਸਯਦਾਨਿ, ਪਠਾਨੀ।
ਗਹਿ ਲੀਨੀ ਨੀਚਨ ਰਤਿ ਮਾਨੀ[4] ॥੧੯॥
ਇਕ ਖੱਤ੍ਰੀ ਜਿਸ ਕਰਮ ਚੰਡਾਰ।
ਝੂਠਾਨੰਦ ਮਹਾਂ ਬੁਰਿਆਰ।
ਸਾਹਿਬਜ਼ਾਦੇ ਜਿਨ ਮਰਿਵਾਏ।

---

[1]ਲਸ਼ਕਰ ਦੇ ਬਜ਼ਾਰ ਤੋਂ ਮੁਰਾਦ ਹੈ।
[2]ਹਾਥੀ।
[3]ਭਾਵ ਸਰਹਿੰਦ।
[4]ਨੀਚਾਂ ਨੇ ਫੜਕੇ ਭੋਗੀਆਂ।

ਕਰਿਬੇ ਸਾਕ ਦ੍ਵੈਸ਼ ਉਪਜਾਏ ॥੨੦॥
ਸਿੰਘਨ ਤਿਸ ਕੀ ਬਾਤ ਬਿਚਾਰੀ।
ਬੂਝਿ ਸਦਨ ਗਹਿ ਲੀਨਿ ਕੁਚਾਰੀ।
ਬੀਧ ਨਾਕ ਮਹਿਂ ਛੇਦ ਕਰਾਯੋ।
ਲੋਹ ਕੜਾ ਵਿਚ ਤਿਸ ਕੇ ਪਾਯੋ ॥੨੧॥
ਸਦਨ ਸਿਰ੍ਹੰਦ ਨਗਰ ਕੇ ਸਾਰੇ।
ਲੂਟਿ ਕੂਟਿ ਕਰਿ ਦੀਨ ਉਜਾਰੇ।
ਮਨ ਭਾਵਤਿ ਭਟ ਗਹਿ ਗਹਿ ਨਾਰੀ।
ਨਿਜ ਡੇਰਨਿ ਮਹਿਂ ਆਨਿ ਉਤਾਰੀ ॥੨੨॥
ਤ੍ਰਿਪਤੇ ਲੂਟਿ ਅਧਿਕ ਧਨ ਪਾਯੋ।
ਨਿਕਸੇ ਵਹਿਰ ਸਿਵਰ ਕੋ ਛਾਯੋ।
ਪਰਜੋ ਦੂਰ ਲਗਿ ਹੋਤਿ ਪੁਕਾਰੀ।
ਸੰਕਟ ਅਧਿਕ ਰੁਦਤਿ ਨਰ ਨਾਰੀ ॥੨੩॥
-ਤੁਰਕ ਵਜ਼ੀਦਖਾਨ ਤੇ ਆਦਿ-।
ਗਾਰੀ ਦੇਤਿ -ਗਈ ਬੁਨਿਯਾਦ।
ਸ਼੍ਰੀ ਗੁਰ ਕੇ ਸੁਤ ਬਾਲਕ ਮਾਰੇ।
ਸੋ ਅਬਿ ਪਾਪ ਪ੍ਰਗਟ ਦੁਖ ਭਾਰੇ- ॥੨੪॥
ਪੁਰਿ ਜਨ ਦੀਨ ਹੋਹਿ ਘਿਘਿਆਏ।
ਸਭਿ ਕਿਛ ਤਜਾਗਤਿ ਤੁਰਤ ਪਲਾਏ।
ਤ੍ਰਸਤਿ ਕਹੈਂ 'ਬਚ ਰਹੈਂ ਜਿ ਪ੍ਰਾਨ।
ਕਹੂੰ ਪਹੁੰਚਿ ਕਰਿ ਲੇਂ ਗੁਜ਼ਰਾਨ' ॥੨੫॥
ਕਹੌਂ ਕਹਾਂ ਲਗਿ ਪੁਰਿ ਜਨ ਦਸ਼ਾ।
ਸਭਿ ਕਿਛ ਤਜਾਗ ਭਗੇ ਚਹੁੰ ਦਿਸ਼ਾ।
ਦਰਬ ਕਰੋਰਹੁੰ ਦਲ ਮਹਿਂ ਆਯੋ।
ਵਸਤੁਨਿ ਕੋ ਸੰਚੈ ਸਭਿ ਪਾਯੋ ॥੨੬॥
ਬਡੇ ਬਡੇ ਉਮਰਾਵ ਪ੍ਰਹਾਰੇ।
ਜੇ ਸਿਵਕਾ ਗਜ ਪਰ ਅਸਵਾਰੇ।
ਖੋਜੇ ਕਹੂੰ ਨ ਪਾਯਤਿ ਸੋਇ।
ਤਿਨ ਕੇ ਸਦਨ ਬਰੇ ਸਭਿ ਕੋਇ ॥੨੭॥
ਸਕਲ ਪਦਾਰਥ ਲੂਟਤਿ ਲਜਾਏ।
ਤਿਨ ਕੀ ਤ੍ਰਿਯਾ ਗਹੀ ਸਮੁਦਾਏ।
ਰੰਕ ਲੋਕ ਮਿਲਿ ਲਾਲਚ ਪਾਗੇ।

ਧਨੀ ਸਦਨ ਸਭਿ ਖੋਦਨ ਲਾਗੇ ॥੨੮॥
ਗਾਡਯੋ ਦਰਬ ਨਿਕਾਸਿ ਵਿਸ਼ੇਖਾ।
ਘਰਨ ਬਿਦਾਰਨ ਲਗੇ ਅਸ਼ੇਖਾ।
ਦੁਰਗ ਆਦਿ ਮੈਂ ਜੇਤਿਕ ਮਾਇਆ।
ਖੋਦਤ ਖੋਜਤ ਨਿਕਸਤਿ ਆਇਆ ॥੨੯॥
ਦਰਬ ਕਰੋਰਹੁਂ ਬੰਦੇ ਲੀਨ।
ਆਦਿ ਵਜੀਦੇ ਸੰਚ ਜੁ ਕੀਨ।
ਬਡੇ ਧਨਾਢਿ ਜਹਾਂ ਨਰ ਗਨ ਹੈਂ।
ਛੀਨ ਲੀਨਿ ਤਿਨ ਜੇਤਿਕ ਧਨ ਹੈ ॥੩੦॥
ਪੁਰਿ ਜਨ ਕੋ ਬਡ ਤ੍ਰਾਸ ਉਪੰਨੇ।
ਭਰੇ ਸਦਨ ਵਸਤੂ ਤਜਿ, ਭੰਨੇ[1]।
ਪ੍ਰਾਨ ਬਚਾਵਨਿ ਕੋ ਇਹ ਚਾਹਾ।
ਅਪਰ ਸਰਬ ਕੁਛ ਤਹਾਂ ਲੁਟਾਹਾ ॥੩੧॥
ਸੰਕਟ ਪਰਮ ਸਭਿਨਿ ਕੇ ਭਏ।
ਜੇ ਕੁਛ ਅਰੇ ਮਾਰ ਕਰਿ ਲਏ।
ਗੁਰ ਸੁਤ ਹਤੇ ਪਾਪ ਫਲ ਭਾਰੇ।
ਪਰੇ ਪੁਰੀ ਪਰ, ਕੌਨ ਉਬਾਰੇ ॥੩੨॥
ਕੇਤਿਕ ਦਿਨ ਡੇਰਾ ਤਹਿਂ ਰਾਖਾ।
'ਘਰ ਢਾਹਹੁ' ਇਮ ਹੁਕਮ ਸੁ ਭਾਖਾ।
'ਜੜ੍ਹਾਂ ਪੁਰੀ ਕੀ ਸਤੁਦ੍ਰਵ ਪਾਵਹੁ।'
ਗੁਰੂ ਸ੍ਰਾਪ ਕੋ ਅਬਿ ਸਫਲਾਵਹੁ ॥੩੩॥
ਜੋ ਇਸ ਪੁਰਿ ਘਰ ਢਾਹਤਿ ਰਹੈ।
ਸੋ ਜਬਿ ਕਬਿ ਧਨ ਕੋ ਬਹੁ ਲਹੈ।'
ਦਲ ਕੇ ਲੋਕ ਅਪਰ ਨਰ ਰੰਕੇ।
ਲਗੇ ਬਿਦਾਰਨ, ਘਰ ਬਰ ਬੰਕੇ ॥੩੪॥
ਬਡੇ ਪੌਰ ਚੌਪਖੀ[2] ਅਟਾਰੀ।
ਛੱਜੇ ਛਾਤ ਰਾਂਵਟੀ[3] ਭਾਰੀ।
ਰੁਚਿਰ ਦਰੀਚੀ ਚੂਨਾ ਖਚੇ।

---

[1]ਭੱਜ ਗਏ।
[2]ਚਾਰ ਛੱਤੀ।
[3]ਬਾਰਾਂਦਰੀ, ਕੋਈ ਨਿੱਕਾ ਜਿਹਾ ਕਮਰਾ ਯਾ ਥਾਂ। ਧੁਰ ਉਪਰਲਾ ਕਮਰਾ, ਮਮਟੀ, ਖਸ ਦੀ ਟੱਟੀ ਦੀ ਰਾਂਵਟੀ। ਬਾਜੇ ਵੇਲੇ ਛੌਲਦਾਰੀ ਨੂੰ ਬੀ ਕਹਿੰਦੇ ਹਨ।

ਅਨਿਕ ਰੀਤਿ ਕੇ ਦਰ ਗਨ[1] ਰਚੇ ॥੩੫॥
ਕੇਤਿਕ ਕੰਚਨ ਲਿਪਤਿ ਸੁਹਾਏ।
ਚਿੱਤ੍ਰ ਬਚਿੱਤ੍ਰ ਰਚੇ ਸਮੁਦਾਏ।
ਸੁੰਦਰ ਬੈਠਕ ਤਨੇ ਬਿਤਾਨਾ।
ਅਚਰਜ ਭੌਨ ਰਚੇ ਬਿਧਿ ਨਾਨਾ ॥੩੬॥
ਅਮਰਾਵਤਿ[2] ਕੇ ਸਮਸਰ ਪਰੀ।
ਢਾਹਿ ਫੋਰਿ ਕਰਿ ਦੀਨੀ ਬਰੀ।
ਖੋਦਤਿ ਨਿਕਸਤਿ ਦਰਬ ਮਹਾਨਾ।
ਯਾਂ ਤੇ ਕੀਨ ਬਿਦਾਰ ਮਦਾਨਾ* ॥੩੭॥
ਗੁਰ ਸੁਤ ਅਘ ਤੇ ਅਸ ਗਤਿ ਹੋਈ।
ਮਨਹੁਂ ਇਹਾ ਨਹਿਂ ਬਾਸਜੋ ਕੋਈ।
ਬੰਦੇ ਸੋ ਖੱਤ੍ਰੀ ਮੰਗਵਾਯੋ।
ਲੋਹ ਕੜੇ ਸੋਂ ਨਾਕ ਬਿਧਾਯੋ ॥੩੮॥
ਬਡੋ ਜੇਵੜੋ ਬੰਧਨ ਕੀਨ।
ਐਂਚਿ ਚੰਡਾਲ ਹਵਾਲੇ ਦੀਨ।
'ਦਲ ਕੋ ਜੋ ਬਜਾਰ ਹੈ ਸਾਰਾ।
ਲੇ ਇਸ ਫੇਰਹੁ ਸਕਲ ਮਝਾਰਾ ॥੩੯॥
ਇਕ ਬਿਰਾਟਕਾ ਹਾਟ ਮੰਗਾਵਹੁ।
ਪਨਹੀ ਪੰਚ ਸੀਸ ਪਰ ਲਾਵਹੁ।
ਇਸ ਬਿਧਿ ਫੇਰੇ ਸਦਾ ਫਿਰਾਵਹੁ।
ਮਾਰਿ ਮਾਰਿ ਕਰਿ ਪ੍ਰਾਨ ਗਵਾਵਹੁ' ॥੪੦॥
ਸੁਨਿ ਕਰਿ ਹੁਕਮ ਫੇਰ ਤਿਸ ਰੀਤਿ।
ਮਾਰ ਹੋਤਿ ਜੂਤਨ ਕੀ ਨੀਤ।

---

[1]ਸਮੂਹ ਦਰਵਾਜੇ।
[2]ਇੰਦਰਪੁਰੀ।
*ਸ: ਕਰਮ ਸਿੰਘ ਜੀ ਆਪਣੇ ਮਗਰਲੇ ਲੇਖ ਵਿਚ ਲਿਖਦੇ ਹਨ ਕਿ ਇਸ ਵੇਲੇ ਸਰਹਿੰਦ ਫਤੇ ਹੋ ਗਈ ਤਾਂ ਸ਼ਹਿਰ ਵਾਲਿਆਂ ਨੇ ਇਕ ਭਾਰੀ ਰਕਮ ਬੰਦੇ ਦੇ ਪੇਸ਼ ਕੀਤੀ ਤੇ ਸ਼ਹਿਰ ਨੂੰ ਇੱਟ ਨਾਲ ਇੱਟ ਖੜਕਾਕੇ, ਬੇ-ਚਰਾਗ ਕਰਨੋਂ ਬਚਾ ਲਿਆ। ਭੁੰਜਗੀਆਂ ਨੇ ਉਸੇ ਵੇਲੇ ਕਹਿ ਦਿੱਤਾ ਕਿ ਬੰਦਾ ਲਾਲਚ ਵਿਚ ਆ ਗਿਆ ਤੇ ਸਤਿਗੁਰੂ ਜੀ ਦੇ ਹੁਕਮ ਨੂੰ ਨਹੀਂ ਪਾਲ ਰਿਹਾ। ਸਰਹਿੰਦ ਨੂੰ ਫਿਰ ਸਿੱਖਾਂ ਨੇ ੧੮੨੦ ਵਿਚ ਬੇ-ਚਰਾਗ ਕੀਤਾ, ਭਾਵ ਢਾਹਿਆ।

ਮੁਹੰਮਦ ਲਤੀਫ ਨੇ ਆਪਣੀ ਹਿਸਟਰੀ ਵਿਚ ਬਹੁਤ ਵਧਾ ਵਧਾਕੇ ਸਰਹਿੰਦ ਪਰ ਹੋਈਆਂ ਸਖਤੀਆਂ ਲਿਖੀਆਂ ਹਨ। ਪਰ ਗੋਕਲ ਚੰਦ ਨਾਰੰਗ ਨੇ ਆਪਣੇ 'ਸਿੱਖੋਂ ਕਾ ਪ੍ਰੀਵਰਤਨ' ਵਿਚ ਓਹ ਸਾਰੀਆਂ ਸ੍ਵੀਕਾਰ ਨਹੀਂ ਕੀਤੀਆਂ। ਸ: ਕਰਮ ਸਿੰਘ ਜੀ ਲਿਖਦੇ ਹਨ ਕਿ ਸਖਤੀਆਂ ਦੇ ਜ਼ਿੰਮੇਵਾਰ ਆਮ ਲੁਟੇਰੇ ਤੇ ਹਾਕਮਾਂ ਤੋਂ ਸਤੇ ਹੋਏ ਮਜ਼ਲੂਮ ਲੋਕੀਂ ਸਨ।

ਇਮ ਗੁਰ ਦ੍ਰੋਹੀ ਮਾਰਜੋ ਮਰਜੋ।
ਸੰਕਟ ਭੋਗਿ ਨਰਕ ਮਹਿਂ ਪਰਜੋ ॥੪੧॥
ਅਸ਼ਟ ਬਰਸ ਕੀ ਕੰਨਜਾ ਯਾਂ ਕੀ।
ਗਲ ਮਹਿਂ ਪਕਰੀ ਸੁਨਿ ਸੁਧ ਤਾਂ ਕੀ।
ਕੇਤਿਕ ਦਯਾ ਸਹਤ ਨਰ ਹੋਇ।
ਬੰਦੇ ਨਿਕਟ ਸੁਨਾਵਤਿ ਸੋਇ ॥੪੨॥
'ਇਸ ਕੋ ਕਹਾਂ ਦੋਸ਼ ਅਘ ਮਾਂਹੀ।
ਜਿਸ ਕੋ ਅਬਿ ਲਗਿ ਸੁਧਿ ਕਿਛੁ ਨਾਂਹੀ।
ਤਜਿਬੇ ਉਚਿਤ ਜਾਨਿ ਕਰਿ ਤਾਂਹਿ।
ਦੇਹੁ ਛੁਰਾਇ ਗਹੈ ਕੋ ਨਾਂਹਿ' ॥੪੩॥
ਸੁਨਿ ਬੰਦੇ ਬਡ ਕ੍ਰੋਧ ਉਪਾਯੋ।
'ਇਹ ਤੁਮ ਨੇ ਕਜਾ ਹਮਹਿਂ ਸੁਨਾਯੋ।
ਸ਼ੀਰ ਖੋਜ ਜੋ ਸਾਹਿਬਜ਼ਾਦੇ।
ਜਿਨ ਕੋ ਸੁਧਿ ਨਹਿਂ ਮਿਲਨ ਕਿ ਬਾਦੇ[1] ॥੪੪॥
ਤਿਨ ਕੋ ਦੋਸ਼ ਕਹਾਂ ਇਨ ਜਾਨੇ।
ਸਭਾ ਹਜ਼ਾਰਨਿ ਕੀ ਨਰ ਸਜਾਨੇ।
ਨਹਿਂ ਮਤਿਮੰਦਨਿ ਕਛੂ ਬਿਚਾਰੇ।
ਖੱਤ੍ਰੀ ਕਹੇ ਸੁਨਿਤ[2] ਸੋ ਮਾਰੇ ॥੪੫॥
ਝੂਠਾਨੰਦ ਨੰਦਨੀ ਜੋਇ।
ਯਾਂ ਤੇ ਉਚਿਤ ਨ ਤਜਾਗਨਿ ਸੋਇ।
ਮਮ ਹਦੂਰ ਤਿਸ ਕੋ ਲੇ ਆਵਹੁ।
ਚੰਡਾਲਨ ਕੇ ਹਾਥ ਗਹਾਵਹੁ ॥੪੬॥
ਸੋ ਅਪਨੇ ਮਹਿਂ ਲੇਹਿਂ ਮਿਲਾਈ।
ਪਾਪੀ ਕੇ ਬਨਿ ਜਾਹਿਂ ਜਮਾਈ।'
ਇਮ ਕਹਿ ਤੁਰਤ ਹਕਾਰਨਿ ਕਰੀ।
ਹੁਕਮ ਚੰਡਾਲਨ ਸੋਂ ਕਰਿ, ਧਰੀ[3] ॥੪੭॥
ਲੇ ਕਰਿ ਅਪਨੇ ਧਾਮ ਸਿਧਾਰੇ।
ਇਮ ਪਾਪੀ ਨਰ ਚੁਨਿ ਚੁਨਿ ਮਾਰੇ।
ਜੇ ਜੇ ਗੁਰਨਿੰਦਕ ਪੁਰਿ ਮਾਂਹੀ।

---

[1]ਮਿਲਨ ਅਥਵਾ ਜੰਗ ਕਰਨ ਦੀ।
[2]ਖੱਤ੍ਰੀ ਦੇ ਕਹਿਣੇ ਨੂੰ ਸੁਣਕੇ।
[3]ਚੰਡਾਲਾਂ ਨੂੰ ਹੁਕਮ ਦਿੱਤਾ ਕਿ ਲੈ ਜਾਓ।

ਕਰੇ ਸੁਨਾਵਨਿ ਬੰਦੇ ਪਾਹੀ ॥੪੮॥
ਖੋਜਿ ਖੋਜਿ ਕਰਿ ਸੋ ਮੰਗਵਾਏ।
ਹਾਥ ਪਾਵ ਕੈ ਨਾਕ ਕਟਾਏ।
ਕੇਤਿਕ ਕੇ ਕਰਿ ਕਰਿ ਮੁਖ ਕਾਰੇ।
ਗਧੇ ਚਢਾਇ ਵਹਿਰ ਨਿਕਾਰੇ ॥੪੯॥
ਕੇਤਿਕ ਪਕਰਿ ਕੂਪ ਮਹਿਂ ਡਾਰੇ।
ਸਭਿ ਕੁਮ੍ਰਿਤੁ ਮਹਿਂ ਕਰਿ ਕਰਿ ਮਾਰੇ।
ਪਾਪ ਸਮੈਂ ਕੋ ਕਰਿ ਕਰਿ ਯਾਦ।
ਚੁਨਿ ਚੁਨਿ ਹਨਿ ਕਰਿ ਬਿਨ ਬੁਨਿਯਾਦ ॥੫੦॥
ਇਮ ਸਿਰ੍ਹੰਦ ਕੋ ਮਾਰਿ ਉਜਾਰਾ।
ਦਰਬ ਕਰੋਰਹੁਂ ਖੋਦਿ ਨਿਕਾਰਾ।
ਨਿੰਦਕ ਦ੍ਰੋਹੀ ਗੁਰ ਕੇ ਹਤੋ।
ਲੇ ਪਲਟਾ ਬੋਲੇ ਕਰਿ ਫਤੇ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

## ੧੧. [ਪਹਾੜੀਆਂ ਤੇ ਚੜ੍ਹਾਈ]

੧੦<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੨

ਦੋਹਰਾ: ਇਮ ਉਜਾਰਿ ਸਿਰਹੰਦ ਕੋ, ਗੁਰ ਨਿੰਦਕ ਚੁਨਿ ਮਾਰਿ।
ਪੁਨ ਅਰੂਢ ਆਗੇ ਚਲ੍ਯੋ, ਚਮੂੰ ਭਈ ਬਿਸ਼ੁਮਾਰ ॥੧॥
ਚੌਪਈ: ਜਹਿਂ ਕਹਿਂ ਤੇ ਭਟ[1] ਗਨ ਚਲਿ ਆਵਹਿਂ।
ਆਪੋ ਅਪਨੇ ਜਥੇ ਬਨਾਵਹਿਂ।
ਹਯ ਹਾਥੀ ਦੁੰਦਭਿ ਬਹੁ ਭਏ।
ਲੂਟਹਿਂ ਮੁਲਖ ਜਿਤੇ ਕਿਤ[2] ਗਏ ॥੨॥
ਸਤੁਦ੍ਰਵ ਕੇ ਪੂਰਬ ਦਿਸ਼ਿ ਦੇਸ਼।
ਲੂਟਿ ਉਜਾਰ੍ਯੋ ਚਮੂੰ ਵਿਸ਼ੇਸ਼।
ਭੀਮ ਚੰਦ ਸੈਲਿੰਦ੍ਰ ਬਿਸਾਲਾ।
ਗੁਰ ਕੋ ਦ੍ਰੋਹੀ ਲਰ੍ਯੋ ਬਿਸਾਲਾ[3] ॥੩॥
ਪ੍ਰਥਮ ਅਨੰਦਪੁਰੇ ਕੋ ਆਵਾ[4]।
ਸਤਿਗੁਰ ਥਲ ਕੋ ਸੀਸ ਨਿਵਾਵਾ।
ਦਰਸ਼ਨ ਕਰਿ ਕਰਿ ਹਰਖ੍ਯੋ ਤਹਾਂ।
ਕਰੇ ਬਿਸਾਲ ਪਰਮ ਗੁਰ ਜਹਾਂ ॥੪॥
ਜਿਸ ਪ੍ਰਕਾਰ ਭੇ ਜੁੱਧ ਬਿਸਾਲਾ।
ਸੋ ਦੇ ਕਾਨ ਸੁਨੇ ਤਿਸ ਕਾਲਾ।
ਖੋਟ ਗਿਰੇਸ਼ੁਨਿ ਕੋ ਬਹੁ ਜਾਨਾ।
ਬੀਚ ਪਹਾਰਨਿ ਕੀਨਿ ਪਯਾਨਾ ॥੫॥
ਭੀਮ ਚੰਦ ਕੀ ਬਡ ਰਜਧਾਨੀ।
ਲੂਟਿ ਮਾਰਿ ਕਰਿ ਦੀਨਿ ਵਿਰਾਨੀ।
ਮੀਏਂ ਰਾਜੇ ਘਾਵ ਘਨੇਰੇ।
ਭਾਜਿ ਮਿਲੇ ਇਕ ਥਲ ਤਿਸ ਬੇਰੇ ॥੬॥
ਤਿਨ ਕੀ ਸੁਧਿ ਬੰਦੇ ਸੁਨਿ ਲੀਨਿ।
ਜਹਾਂ ਗਿਰਿੰਦ੍ਰ ਇਕੱਤ੍ਰ ਪ੍ਰਬੀਨ।
ਗੁਰ ਕੋ ਬੈਰ ਲੈਨ ਕੋ ਕਾਜਾ।
ਔਚਕ ਹੀ ਚਢਿਬੋ ਤਬਿ ਸਾਜਾ ॥੭॥
ਸੁਧ ਬਿਹੀਨ ਪਹੁਂਚ੍ਯੋ ਤਹਿਂ ਜਾਈ।

---

[1]ਅਰਥਾਤ ਸਿੱਖ ਸੂਰਮੇ।
[2]ਜਿਥੇ ਕਿਥੇ।
[3]ਜੋ ਬਹੁਤ ਲੜਦਾ ਰਿਹਾ ਸੀ।
[4](ਬੰਦਾ) ਆਇਆ।

ਘੇਰ ਲੀਨ ਤਿਨ ਕੋ ਚਹੁੰ ਘਾਈ।
ਮਿਲਿ ਕਰਿ ਸਗਰੇ ਅਚਹਿਂ ਅਹਾਰਾ।
ਗੁਰ ਦ੍ਰੋਹੀ ਜਿਨ ਅਘ ਕਿਯ ਭਾਰਾ ॥੮॥
ਜਾਇ ਅਚਾਨਕ ਪਕਰੇ ਸਭਿ ਹੀ।
ਮੁੰਡੀਆ ਨਾਂਗੇ ਬੈਠੇ ਤਬਿ ਹੀ।
ਗਿਨਤੀ ਮਹਿਂ ਬਾਈ ਸੈ ਗਿਨੇ।
ਮੀਏਂ ਰਾਜੇ ਰਾਵ ਜਿ ਭਨੇ ॥੯॥
ਪਕਰਿ ਨਾਕ ਸਭਿ ਕੇ ਕਟਿਵਾਏ।
ਜੀਵਤਿ ਕੂਪ ਬਿਖੈ ਗਹਿ ਪਾਏ।
ਮੁਖ ਲੌ ਭਰਜੋ ਮਰੋ ਬਿਚ ਸੋਈ।
ਗੁਰ ਦ੍ਰੋਹੀ ਅਘ ਫਲ ਅਸ ਹੋਈ* ॥੧੦॥
ਪਰਬਤ ਅਪਰ ਸੁਨੇ ਜਹਿਂ ਜਹਾਂ।
ਪਹੁੰਚਿ ਪਹੁੰਚਿ ਮਾਰੇ ਸਭਿ ਤਹਾਂ।
ਬਾਈਧਾਰਨਿ ਕੇ ਭਟ ਰਾਜੇ।
ਗਹਿ ਗਹਿ ਮਾਰੇ ਜਹਿਂ ਜਹਿਂ ਭਾਜੇ ॥੧੧॥
ਤਬਿ ਚੰਬਜਾਲ ਗਿਰੇਸ਼ੁਰ ਤ੍ਰਾਸਾ।
ਦੇਖਜੋ ਸਭਿ ਕੋ ਕਰਤਿ ਬਿਨਾਸ਼ਾ।
ਹੁਤੀ ਸੁੰਦਰੀ ਦੁਹਿਤਾ ਤਿਸ ਕੀ*।
ਚੰਦ ਮੁਖੀ ਕਟ ਛੀਨੀ ਜਿਸ ਕੀ ॥੧੨॥
ਕਮਲ ਪਾਂਖਰੀ ਆਂਖ ਬਿਸਾਲੀ।
ਮਨਹੁਂ ਕਾਮ ਨੇ ਸੂਰਤ ਢਾਲੀ।
ਉੱਨਤ ਕੁਚਾ ਪੀਨ ਮ੍ਰਿਦੁ ਬੋਲ।
ਮੁਕਰ ਬਦਨ[1] ਜੁਗ ਲਸਤਿ ਕਪੋਲ ॥੧੩॥
ਨਿਜ ਪੁੱਤ੍ਰੀ ਕੋ ਅਧਿਕ ਸ਼ਿੰਗਾਰੇ।
ਕੌਨ ਕੌਨ ਛਬਿ ਕਰੌਂ ਉਚਾਰੇ।
ਜਿਸ ਕੋ ਹੇਰਤਿ ਬਿਰਮਹਿਂ ਜੋਗੀ।
ਗਿਨਤੀ ਕਹਾਂ ਜਿ ਲੰਪਟ ਭੋਗੀ ॥੧੪॥

---

*ਅਸਲ ਵਿਚ ਇਥੇ ਜੰਗ ਤਾਂ ਹੋਇਆ ਸੀ ਪਰ ਸਿੰਘਾਂ ਨੇ ਜਾਂਦਿਆਂ ਹੀ ਦਰਵਾਜ਼ੇ ਤੋੜ ਲਏ, ਤੇਰਾ ਚੌਦਾਂ ਸੌ ਆਦਮੀ ਪਹਾੜੀਆਂ ਦਾ ਇਸ ਜੰਗ ਵਿਚ ਹੱਲੇ ਵਿਚ ਮਾਰਿਆ ਗਿਆ। ਜਿਨ੍ਹਾਂ ਦੀਆਂ ਲੋਥਾਂ ਨੂੰ ਟੋਏ ਖੱਟਕੇ ਦੱਬ ਦਿੱਤਾ। ਨੱਕ ਕੰਨ ਵੱਢਣ ਤੇ ਜੀਉਂਦੇ ਖੂਹ ਵਿਚ ਪਾਉਣ ਦੀ ਗੱਲ ਠੀਕ ਨਹੀਂ।

*ਇਹ ਏਥੇ ਦੀ ਰਾਜ ਕੰਨਜਾ ਪਦਮਾ ਨਹੀਂ ਹੈ ਜੋ ਸਤਿਗੁਰਾਂ ਨੂੰ ਮਿਲੀ ਸੀ, ਸੋ ਗੁਰੂ ਗੁਰੂ ਜਪਦੀ ਤਦੋਂ ਹੀ ਪ੍ਰਲੋਕ ਜਾ ਬਸੀ ਸੀ। ਇਹ ਕੋਈ ਹੋਰ ਬੀਬੀ ਹੈ।

[1]ਸ਼ੀਸ਼ੇ ਵਰਗਾ ਮੁਖ।

ਕਜਰਾਰੇ ਮ੍ਰਿਗ ਨੈਨ ਸਵਾਰੇ।
ਹਾਥ ਕਮਲ ਮਹਿੰਦੀ ਅਰੁਨਾਰੇ[੧]।
ਤਿਸ ਕੋ ਡੋਰੇ ਮਹਿਂ ਬੈਠਾਇ।
ਸੰਗ ਸਖੀ ਗਨ ਬਯ ਤਰੁਨਾਇ ॥੧੫॥
ਸੋ ਬੰਦੇ ਕੇ ਨਿਕਟਿ ਪਠਾਈ।
ਨਿਸਾ ਪਰੀ ਸਮ ਪਰੀ[੨] ਸੁ ਆਈ।
ਜਬਿ ਸੁੰਦਰ ਤਿਸ ਤਨ ਕੋ ਜੋਵਾ।
ਗੁਰ ਬਚ ਬਿਸਰਿ ਮਦਨ ਬਸਿ ਹੋਵਾ ॥੧੬॥
ਭਯੋ ਬਿਬਸ ਧੀਰਜ ਕੋ ਛੋਰਾ।
ਹੁਤੋ ਲੰਗੋਟ ਬੰਦ ਸੋ ਤੋਰਾ।
ਮਰਨ ਆਪਨੋ ਭੀ ਤਬਿ ਭੂਲਾ।
ਚਢਿ ਮਨਮਥ ਹਿੰਡੋਲੇ ਝੂਲਾ[੩] ॥੧੭॥
ਬਰੀ, ਕਰੀ ਤ੍ਰਿਯ[੪+], ਰਹਯੋ ਨ ਗਯੋ।
ਕਾਮ ਨਦੀ ਮਹਿਂ ਬੂਡਤਿ ਭਯੋ।
ਸਭਿ ਬਸਿ ਕੀਨੇ ਪਰਬਤ ਬਾਸੀ।
ਲਰਯੋ ਅਰਯੋ ਸੋ ਭਯੋ ਬਿਨਾਸ਼ੀ ॥੧੮॥
ਤੋਰਿ ਮਵਾਸ ਗਿਰੇਸ਼ੁਰ ਸਾਰੇ।
ਹਟਯੋ ਬਹੁਰ ਦਲ ਲੈ ਨਿਜ ਨਾਰੇ।
ਸੈਲ ਸਮੂਹਨਿ ਕੀ ਕਰਿ ਸੈਲ।
ਨਿਕਸਯੋ ਵਹਿਰ ਧਰੇ ਬਹੁ ਐਲ[੫] ॥੧੯॥
ਸਤੁੱਦ੍ਰਵ ਸਲਿਤਾ ਉਤਰਯੋ ਪਾਰ।
ਪ੍ਰਵਿਸ਼ਯੋ ਦ੍ਵਾਬੇ ਦੇਸ਼ ਮਝਾਰ।
ਨਗਰ ਗ੍ਰਾਮ ਲੂਟਤਿ ਅਰੁ ਮਾਰਤਿ।
ਘਾਲਤਿ ਧੂਮ ਸ ਜ਼ੋਰ ਪਧਾਰਤਿ ॥੨੦॥
ਪੁਰੀ ਜਲੰਧਰ ਜੋ ਤੁਰਕਾਨਾ।
ਲੂਟਿ ਕੂਟਿ ਕੀਨੇ ਸਭਿ ਹਾਨਾ।
ਅਪਰ ਸ਼ਹਿਰ ਜੇਤਿਕ ਤਹਿਂ ਭਾਰੇ।

---

[੧]ਮਹਿੰਦੀ ਕਰਕੇ ਲਾਲ।
[੨]ਪਰੀ ਵਾਂਝ।
[੩]ਕਾਮ ਦੇ ਪੰਘੂੜੇ ਤੇ ਚੜ੍ਹਕੇ ਝੂਟਿਆ।
[੪]ਵਿਆਹੀ ਤੇ (ਆਪਣੀ) ਇਸਤ੍ਰੀ ਬਣਾ ਲਈ।
[+]ਦੇਖੋ ਜੇ ਬੰਦੇ ਨੇ ਜਤੀ ਹੋਣਾ ਛੱਡਿਆ ਹੈ ਤਾਂ ਵਿਆਹ ਕੀਤੇ ਬਿਨਾਂ ਇਸਤ੍ਰੀ ਨਹੀਂ ਲਈ।
[੫]ਬਹੁਤ ਰੌਲਾ ਪਾਕੇ। (ਅ) ਖੁਸ਼ੀ ਧਾਰਕੇ।

ਸਕਲ ਚਮੂੰ ਨੇ ਛੀਨਿ ਉਜਾਰੇ ॥੨੧॥
ਜੋ ਸੈਨਾ ਤੁਰਕਨਿ ਕੀ ਆਵੇ।
ਸੰਘਰ ਘਾਲਿ ਤੁਰਤ ਬਿਨਸਾਵੈ।
ਪੁਨ ਮਾਝੇ ਬਡ ਦੇਸ਼ ਪਧਾਰਾ।
ਦੌਰਿ ਦੂਰ ਤੇ ਬਡ ਪੁਰਿ ਮਾਰਾ ॥੨੨॥
ਨਾਮ ਬਟਾਲਾ[++] ਜਿਸ ਕੋ ਕਹੈਂ।
ਛੀਨ ਲੀਨਿ ਜੇਤਿਕ ਧਨ ਅਹੈ।
ਲਵਪੁਰਿ ਆਦਿਕ ਬਡੇ ਸਥਾਨਾ।
ਜਹਾਂ ਬਿਸਾਲ ਜੋਰ ਤੁਰਕਾਨਾ ॥੨੩॥
ਇਕਠੇ ਹੋਇ ਸੁ ਲਾਖਹੁਂ ਲਸ਼ਕਰਿ।
ਲਰਿਬੇ ਹੇਤੁ ਸਮੁਖ ਭੇ ਬਲ ਧਰਿ।
ਚਪਾ ਚਿੜੀ[*] ਨੱਗਰ ਜਿਹ ਥਾਨਾ।
ਤਹਿਂ ਮੁਕਾਬਲਾ ਭਯੋ ਮਹਾਨਾ ॥੨੪॥
ਕਹੌਂ ਕਹਾਂ ਲਗਿ ਮਚੀ ਲਰਾਈ।
ਤੁਰਕਾਨਾ ਮਾਰਜੋ ਸਮੁਦਾਈ।
ਲਰੇ ਆਨੰਦ ਪੁਰੇ ਜੋ ਜਾਇ।
ਸੋ ਸੰਘਰ ਕਰਿ ਲੀਨੇ ਘਾਇ ॥੨੫॥
ਜ਼ਬਰਦਸਤ[+] ਸੂਬਾ ਬਡ ਭਾਰਾ।
ਲਰਿ ਬੰਦੇ ਤਤਛਿਨ ਸੰਘਾਰਾ।
ਅਪਰ ਸੈਨ ਕੇ ਜੋ ਉਮਰਾਵਾ।
ਘੇਰਿ ਘੇਰਿ ਮਾਰੇ ਕਰਿ ਘਾਵ ॥੨੬॥
ਕਹੂੰ ਨ ਬਿਜੈ ਪਾਇ ਤੁਰਕਾਨਾ।
ਜਹਿਂ ਕਹਿਂ ਲਰੇ ਤਹਾਂ ਤਹਿਂ ਹਾਨਾ।

---

[++]ਵਟਾਲਾ ਬੀ ਇਕ ਮੁਸਲਮਾਨੀ ਕੇਂਦ੍ਰ ਸੀ। ਬੰਦੇ ਦੀ ਲੁੱਟ, ਮਾਰ ਕੁੱਟ ਸਭ ਤੁਰਕਾਂ ਨਾਲ ਸੀ। ਖਾਲਸੇ ਦਲਾਂ ਨੂੰ ਹੁਕਮ ਸੀ ਕਿ ਜੇ ਕੋਈ ਬੋਦੀ ਜੰਞੂ ਦਿਖਾਵੇ ਉਸ ਨੂੰ ਨਾਂ ਹੀ ਮਾਰਨਾ ਤੇ ਨਾਂ ਹੀ ਲੁੱਟਣਾ।

[*]ਕਵੀ ਜੀ ਨੂੰ ਚਪੜ ਚਿੜੀ ਭਾਰੀ ਜੁੱਧ ਦੀ ਸੂੰਹ ਤਾਂ ਮਿਲੀ ਹੈ ਪਰ ਵੇਰਵਾ ਨਹੀਂ ਮਿਲਿਆ ਕਿ ਇਸੇ ਥਾਂ ਤੇ ਹੀ ਸਰਹਿੰਦ ਦਾ ਜੁੱਧ ਹੋਇਆ ਸੀ ਜੈਸਾ ਕਿ ਪਿਛੇ ਦੱਸ ਆਏ ਹਾਂ ਕਿ ਦੇਖੋ ਪੰਨਾ ੬੨੬੫ ਦੀ ਟੂਕ।

[+]ਪਹਿਲੇ ਨਾਮ ਜ਼ਬਰਦਸਤ ਆਇਆ ਸੀ, ਫੇਰ ਜ਼ੇਰਦਸਤ ਲਿਖਦੇ ਰਹੇ ਹਨ, ਹੁਣ ਫੇਰ ਜ਼ਬਰਦਸਤ ਆਇਆ ਹੈ। ਕਵੀ ਜੀ ਨੂੰ ਸੁਧਾਈ ਦਾ ਸਮਾਂ ਨਹੀਂ ਮਿਲਿਆ ਗ੍ਰੰਥ ਸੰਪੂਰਨ ਕਰਕੇ ਛੇਤੀ ਹੀ ਚੜ੍ਹਾਈ ਕਰ ਗਏ ਸਨ। ਜੰਗ ਅਨੰਦਪੁਰ ਦੇ ਸਮੇਂ ਜ਼ਬਰਦਸਤ ਖ਼ਾਂ ਲਾਹੌਰ ਦਾ ਸੂਬਾ ਨਹੀਂ ਸੀ ਪਰ ਫੌਜਦਾਰ ਸੀ। ਇਸ ਨੂੰ ਸੂਬੇਦਾਰੀ ਜਹਾਂਦਾਰ ਪਾਤਸ਼ਾਹ ਦੇ ਸਮੇਂ ੧੧੨੪ ਹਿ: ਦੇ ਅਰੰਭ ਵਿਚ ਮਿਲੀ ਸੀ, ਪਰ ਏਹ ਥੋੜੇ ਚਿਰ ਬਾਦ ਮਰ ਗਿਆ। ਫਰੁਖਸੀਅਰ ਨੇ ਅਬਦੁੱਸਮੱਦ ਨੂੰ ਮੁਹੱਰਮ ੧੧੨੫ ਹਿਜਰੀ (ਫਰਵਰੀ ੧੭੧੩ ਈ: ਯਾ ੧੭੭੦ ਬਿ:) ਵਿਚ ਲਾਹੌਰ ਦਾ ਜਥੇਦਾਰ ਥਾਪਿਆ। ਉਂਵ ਜੰਗ ਅਨੰਦਪੁਰ ਵਿਚ ਇਹ ਸ਼ਾਮਲ ਸੀ। ਬਹਾਦਰ ਸ਼ਾਹ ਦੇ ਵੇਲੇ ਜ਼ਬਰਦਸਤ ਖ਼ਾਂ ਜੀਉਂਦਾ ਸੀ।

ਗੁਰ ਤੀਰਥ ਕੋ ਅਧਿਕ ਪ੍ਰਤਾਪੂ।
ਲਾਖਹੁੰ ਦੁਸ਼ਟਨ ਕੋ ਸੰਤਾਪੂ ॥੨੭॥
ਕਹੌਂ ਕਹਾਂ ਲਗਿ ਰਿਪੁ ਗਨ ਮਾਰੇ।
ਲਰਿ ਲਰਿ ਸਨਮੁਖ ਮਾਰਿ ਨਿਵਾਰੇ।
ਦੇਸ਼ਨਿ ਬਿਖੈ ਅਮਲ[1] ਨਿਜ ਕਰਜੋ।
ਭਈ ਪ੍ਰਜਾ ਹਾਲਾ ਗਨ ਭਰਜੋ ॥੨੮॥
ਇਤਨੇ ਮਹਿਂ ਦਿੱਲੀ ਤੇ ਲਸ਼ਕਰ।
ਆਏ ਲਾਖਹੁੰ ਸ਼ੋਰ ਮਹਾਂ ਧਰਿ।
ਸੁਨਿ ਬੰਦਾ ਸਨਮੁਖ ਹੀ ਗਯੋ।
ਸਤੁੱਦ੍ਰਵ ਸਲਿਤਾ ਉਲੰਘਤਿ ਭਯੋ ॥੨੯॥
ਲੁਦਵਣ ਨਗਰ ਮਾਰਿ ਕਰਿ ਲਰਜੋ।
ਤੁਰਕਨਿ ਸੰਗ ਜੰਗ ਬਡ ਕਰਜੋ।
ਤੁਪਕ ਤੋਪ ਜੰਜੈਲ ਚਲਾਵੈ।
ਤੀਰ ਤਬਰ ਤੋਮਰ ਸੁ ਭ੍ਰਮਾਵੈ ॥੩੦॥
ਭਯੋ ਭੇੜ ਓੜਕ ਕੋ ਭਾਰਾ।
ਸੋ ਲਸ਼ਕਰ ਭੀ ਲਰਿ ਕਰਿ ਮਾਰਾ।
ਤਿਸੀ ਦੇਸ਼ ਕੇ ਪੁਰਿ ਗਨ ਗ੍ਰਾਮੂ।
ਲੂਟੇ ਕੂਟਿ ਉਜਾਰੇ ਧਾਮੂ ॥੩੧॥
ਪੁਨ ਦ੍ਵਾਬੇ ਮਹਿਂ ਭਯੋ ਪ੍ਰਵੇਸ਼।
ਛੀਨਤਿ ਧਨ ਰਿਪੁ ਹਤੇ ਅਸ਼ੇਸ਼।
ਨਗਰ ਦੱਖਣੀ ਕੋ ਤਬਿ ਮਾਰਜੋ।
ਫਿਰੇ ਮਹਾਂਦਲ ਸਕਲ ਉਜਾਰਜੋ ॥੩੨॥
ਪੁਨ ਗੁਰਦਾਸ ਪੁਰੇ ਕੋ ਲੂਟਾ।
ਸਨਮੁਖ ਲਰਜੋ ਲੀਨ ਸੋ ਕੂਟਾ।
ਇਸ ਬਿਧਿ ਸਗਰੋ ਕਥਾ ਪ੍ਰਸੰਗ।
ਰਾਮ ਕੁਇਰ ਕਹਿ ਸ਼੍ਰੋਤਨ ਸੰਗ ॥੩੩॥
ਬਡੇ ਜੁੱਧ ਕਰਿ ਦੁਰਜਨ ਘਾਏ।
ਹਮ[2] ਭੀ ਤਬਿ ਮਿਲਨੇ ਹਿਤ ਆਏ।
ਬਹੁ ਲੋਕਨਿ ਬਿਰਤੰਤ ਹਮਾਰਾ।
ਬੰਦੇ ਕੋ ਸੁਨਾਇ ਕਰਿ ਸਾਰਾ ॥੩੪॥

---

[1]ਹਕੂਮਤ।
[2](ਸਾਹਿਬ ਰਾਮ ਕੌਰ ਜੀ ਕਹਿੰਦੇ ਹਨ ਕਿ) ਅਸੀਂ ਬੀ ਤਦੋਂ ਬੰਦੇ ਨੂੰ ਆਕੇ ਮਿਲੇ।

ਸਾਦਰ ਮੇਲ ਭਯੋ ਹਰਖਾਏ।
ਰਾਖਯੋ ਸੰਗ ਹਮੈਂ ਤਿਸ ਥਾਏਂ।
ਸਾਧੇ ਦੇਸ਼ ਮਵਾਸੀ ਸਾਰੇ।
ਚਹਯੋ ਸੁਧਾਸਰ ਪੁਨ ਦੀਦਾਰੇ* ॥੩੫॥
ਘਟਾ ਮਨਿੰਦ ਬਿਲੰਦ ਚਮੂੰ ਅਤਿ।
ਸਿੰਘ ਹਜ਼ਾਰਹੁਂ ਮਿਲੇ ਹਰਖ ਚਿਤ।
ਦੁੰਦਭਿ ਬਜੇ ਹਜ਼ਾਰਹੁਂ ਆਗੇ।
ਦੂਰ ਦੂਰ ਕੇ ਨਰ ਗਨ ਭਾਗੇ ॥੩੬॥
ਦਿੱਲੀ ਮਹਿਂ ਦਬਕਾ ਬਹੁ ਪਰਯੋ।
ਜਿਤ ਕਿਤ ਦੇਸ਼ ਤ੍ਰਾਸ ਮਹਿਂ ਭਰਯੋ।
ਛੋਰਿ ਛੋਰਿ ਧਾਮਨ ਕੋ ਭਾਗੇ।
ਅਰੈਂ ਨ ਲਰੈਂ ਤੁਰਕ ਰਣ ਤਜਾਗੇ ॥੩੭॥
ਦਿੱਲੀ ਮਹਿਂ ਨਿਤ ਅਤਿ ਤਕਰਾਈ।
ਕਰਿ ਕਰਿ ਬੈਠਤਿ ਅਰਿ ਸਮੁਦਾਈ।
ਪਰੀ ਧਾਂਕ ਬਡ ਧੂਮ ਉਤਾਰੀ।
ਸਭਿ ਤੁਰਕਾਨੇ ਮਹਿਂ ਡਰ ਭਾਰੀ ॥੩੮॥
ਕਬਿ ਕਬਿ ਸੂਬੇ ਹ੍ਵੈ ਇਕ ਥਾਂਈ।
ਲਸ਼ਕਰ ਮੇਲਿ ਮੇਲਿ ਸਮੁਦਾਈ।
ਸਨਮੁਖ ਅਰਿ ਅਰਿ ਲਰਿ ਲਰਿ ਮਾਰੈਂ।
ਮਾਰ ਖਾਇ ਕੋ ਤ੍ਰਾਸ ਪਧਾਰੈਂ ॥੩੯॥
ਲਾਖਹੁਂ ਲਸ਼ਕਰ ਲੀਨੇ ਘਾਇ।
ਲਰਯੋ ਸੋ ਕਯੋਂਹੂੰ ਹ੍ਵੈ ਨ ਬਚਾਇ।
ਸ਼ੋਰ ਜ਼ੋਰ ਕੋ ਘਾਲਿ ਬਿਸਾਲਾ।
ਪੁਨ ਭਾਜਹਿਂ ਹ੍ਵੈ ਕਾਲ ਦੁਖਾਲਾ ॥੪੦॥
ਕਈ ਬਾਰ ਤੁਰਕਾਨਾ ਮਿਲਿ ਮਿਲਿ।
ਭੇ ਸਨਮੁਖ ਰਣ ਕੇ ਰਿਸ ਪਿਲਿ ਪਿਲਿ।
ਲਰੇ ਬੀਰ ਛਿਦ ਤਨ ਹ੍ਵੈ ਤਿਲ ਤਿਲ।
ਬਿਜੈ ਲੇਨਿ ਹਿਤ ਆਗੇ ਠਿਲਿ ਠਿਲਿ ॥੪੧॥
ਇਮ ਬੰਦੇ ਦੇਸ਼ਨ ਜੈ ਪਾਈ।
ਸਭਿ ਪਰ ਅਪਨਿ ਅਮਲ ਠਹਿਰਾਈ।

*ਇਹ ਮੇਲ ਸੌ ਸਾਖੀ ਨੇ ਦੱਸਿਆ ਹੈ, ਕਾਸ਼! ਇਸ ਮੇਲ ਦਾ ਸੰਮਤ ਬੀ ਦੱਸਿਆ ਹੁੰਦਾ ਤਾਂ ਕਈ ਭੁਲੇਵੇ ਬੰਦੇ ਸਿੰਘ ਦੇ ਦੌਰੇ ਦੇ ਨਿਕਲ ਜਾਂਦੇ।

ਜਹਿਂ ਕਹਿਂ ਪਠਏ ਠਾਨੇਦਾਰ।
ਨਜ਼ਾਂਇ ਨਿਬੇਰਨਿ ਕੀ ਕਰਿ ਕਾਰ ॥੪੨॥
ਕਰੈਂ ਹੁਕਮ, ਹਾਲਾ ਧਨੁ ਲੇਤ।
ਬੰਦੇ ਨਿਕਟ ਪੁਚਾਇ ਸੁ ਦੇਤ।
ਦਿੱਲੀ ਮਹਿਂ ਮਿਲਿ ਕਰਿ ਤੁਰਕਾਨਾ।
ਭਏ ਮਵਾਸੀ ਡਰ ਬਹੁ ਮਾਨਾ ॥੪੩॥
ਬਹੁ ਬਰੂਦ ਸੋਂ ਗੋਰਾ ਗੋਰੀ।
ਕੋਟ ਸੁਧਾਰਯੋ ਪੁਰਿ ਚਹੁੰ ਓਰੀ।
ਤੋਪ ਸੁਧਾਰਿ ਧੀਰ ਬਹੁ ਥਾਨਾ।
'ਹਨੈਂ ਇਹਾਂ ਮਿਲਿ' ਕਰੈਂ ਬਖਾਨਾ ॥੪੪ ॥ {ਵਿਸ਼ੇਸ਼ ਟੂਕ}

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋਂ ਅੰਸੂ ॥੧੧॥

ਵਿਸ਼ੇਸ਼ ਟੂਕ:- ਅਸਲ ਵਿਚ ਕਵੀ ਜੀ ਨੂੰ ਸਵਿਸਥਾਰ ਤੇ ਸਿਲਸਿਲੇਵਰ ਹਾਲ ਬੰਦੇ ਦਾ ਨਹੀਂ ਮਿਲਿਆ, ਸਾਡੇ ਲਈ ਬੀ ਏਥੇ ਟੂਕਾਂ ਵਿਚ ਵਿਸਥਾਰ ਕਰਨਾ ਕਠਨ ਹੈ ਪਰ ਸਰਹਿੰਦ ਦੀ ਫਤੇ ਦੇ ਬਾਦ ਯੁੱਧਾਂ ਦੀ ਲੜੀ ਤੇ ਮੋਟੇ ਮੋਟੇ ਹਾਲ ਸੰਖੇਪ ਮਾਤ੍ਰ ਐਉਂ ਹਨ:-

ਸਰਹਿੰਦ ਫਤੇ ਕਰਕੇ ਬੰਦੇ ਨੇ ਬਾਜ਼ ਸਿੰਘ ਨੂੰ, ਜੋ ਅੰਤ ਤੀਕ ਉਸ ਦਾ ਸੱਚਾ ਮਿੱਤ੍ਰ ਰਿਹਾ ਤੇ ਦਿੱਲੀ ਜਾਕੇ ਨਾਲ ਸ਼ਹੀਦ ਹੋਇਆ, ਸਰਹਿੰਦ ਦਾ ਫੌਜਦਾਰ ਥਾਪਿਆ, ਆਲੀ ਸਿੰਘ ਉਸ ਦਾ ਨਾਇਬ ਹੋਇਆ। ਸਮਾਣੇ ਦਾ ਇਲਾਕਾ ਫਤਹ ਸਿੰਘ ਭਾਈ ਕਿਆਂ ਦੇ ਨੂੰ ਦਿੱਤਾ ਤੇ ਨਵਾਬੀ ਦਾ ਖਿਤਾਬ ਦਿੱਤਾ। ਥਨੇਸਰ ਦਾ ਇਲਾਕਾ ਬਾਬਾ ਬਿਨੋਦ ਸਿੰਘ ਤੇ ਰਾਮ ਸਿੰਘ, ਜੋ ਬਾਜ਼ ਸਿੰਘ ਦਾ ਭਰਾ ਸੀ, ਦੇ ਸਪੁਰਦ ਹੋਇਆ।

ਹੁਣ ਮਨਸੂਰ ਪੁਰ, ਤੇ ਕੈਂਥਲ ਆਦਿਕ ਬੀ ਸਾਧੇ। ਫੇਰ ਬੰਦਾ ਮਲੇਰਕੋਟਲੇ ਗਿਆ। ਉਥੇ ਇਕ ਕਿਸ਼ਨ ਦਾਸ ਬਾਣੀਏਂ ਨੇ ਕੁਛ ਭੇਟਾ ਦੇਕੇ ਸ਼ਹਿਰ ਬਚਾ ਲਿਆ। ਇਹ ਕਿਸ਼ਨ ਦਾਸ ਬੰਦੇ ਦਾ ਪੁਰਾਣਾ ਮੇਲੀ ਸੀ।

ਇਸ ਤੋਂ ਮਗਰੋਂ ਬੰਦਾ ਸਹਾਰਨਪੁਰ ਦੇ ਇਲਾਕੇ ਵਿਚ ਉਨਾਰਸਾ ਪਿੰਡ ਵਿਖੇ ਸਿੱਖਾਂ ਤੇ ਹਿੰਦੂਆਂ ਨੂੰ ਤਕਲੀਫ ਵਿਚ ਸੁਣਕੇ ਸਹਾਰਨਪੁਰ ਪੁੱਜਾ, ਹਾਕਮ ਸਿੱਖਾਂ ਦੀ ਅਵਾਈ ਸੁਣਕੇ ਦਿੱਲੀ ਨੱਸ ਗਿਆ, ਬਿਨਾਂ ਕਿਸੇ ਜੰਗ ਦੇ ਸਹਾਰਨਪੁਰ ਤੇ ਬੰਦੇ ਦਾ ਕਬਜ਼ਾ ਹੋ ਗਿਆ। ਇਥੋਂ ਇਕ ਦਸਤਾ ਭੇਜਕੇ ਬੇਹਟ ਪਿੰਡ ਨੂੰ ਅਧੀਨ ਕੀਤਾ। ਸਹਾਰਨਪੁਰ ਤੋਂ ਜਲਾਲਾਬਾਦ ਤੇ ਚੜ੍ਹਾਈ ਕੀਤੀ, ਰਾਹ ਵਿਚ ਅੰਬੇਹਟ ਤੇ ਧਾਵਾ ਕਰਕੇ ਸਰ ਕੀਤਾ। ਰਾਹ ਵਿਚ ਨਨੌਤਾ ਪਿੰਡ ਆਇਆ ਸਾਵਨ ਵਦੀ ੧੧ ਸੰ: ੧੭੬੭ ਬਿ: ਨੂੰ ਇਹ ਇਕ ਹੱਲੇ ਵਿਚ ਹੀ ਅਧੀਨ ਕਰ ਲਿਆ। ਇਥੋਂ ਸਿੰਘਾਂ ਜਲਾਲਾਬਾਦ ਨੂੰ ਘੇਰਾ ਜਾ ਪਾਇਆ। ਲਾਗੇ ਦੇ ਪਿੰਡਾਂ ਦੀ ਸੋਧ ਕੀਤੀ। ਜਲਾਲਾਬਾਦ ਦਾ ਮੋਰਚਾ ਛੱਡਕੇ ਕਰਨਾਲ ਜਾ ਪੁੱਜੇ। ਇਧਰ ਦਾ ਫੌਜਦਾਰ ਸਾਹਮਣੇ ਹੋਇਆ ਪਰ ਮਾਮੂਲੀ ਜਿਹੀ ਝੜਪ ਵਿਚ ਹੀ ਨੱਸ ਗਿਆ ਤੇ ਸਿੱਖਾਂ ਨੇ

ਪਾਣੀਪਤ ਤੀਕ ਆਪਣਾ ਸਿੱਕਾ ਜਮਾ ਲਿਆ, ਉਸ ਵੇਲੇ ਕਿਸੇ ਨੂੰ ਹਿੰਮਤ ਸਿੰਘਾਂ ਦੇ ਸਾਹਮਣੇ ਆਉਣ ਦੀ ਨਹੀਂ ਸੀ। ਪਾਣੀਪਤ ਤੋਂ ਸਿੱਖ ਸਰਹਿੰਦ ਵੱਲ ਵਾਪਸ ਮੁੜੇ।

ਇਧਰ ਦੀਆਂ ਖਬਰਾਂ ਸੁਣਕੇ ਘਰੀਂ ਰਹੇ ਮਾਝੇ ਦੇ ਤੇ ਹੋਰ ਸਿੰਘ ਇਕੱਠੇ ਹੋਕੇ ਰਿਆੜਕੀ ਨੂੰ ਤੁਰ ਪਏ ਤੇ ਇਲਾਕੇ ਫਤੇ ਕਰਨ ਲਗੇ, ਪਠਾਣਕੋਟ ਤੱਕ ਫਤੇ ਕਰਕੇ ਲਾਹੌਰ ਦੇ ਸ਼ਾਲਾਮਾਰ ਤਕ ਅੱਪੜੇ। ਲਾਹੌਰ ਦਾ ਹਾਕਮ ਅਸਲਮਖ਼ਾਂ ਦਬਕ ਗਿਆ। ਪਿੰਡਾਂ ਦੇ ਮੌਲਵੀ ਨੱਸ ਕੇ ਲਾਹੌਰ ਆ ਗਏ ਤੇ ਰੌਲਾ ਪਾਕੇ ਸਿੱਖਾਂ ਦੇ ਵਿਰੁੱਧ ਹੈਦਰੀ ਝੰਡਾ ਖੜਾ ਕਰ ਦਿੱਤਾ, ਇਹਨਾਂ ਦੇ ਖਾਲਸੇ ਨਾਲ ਟਾਕਰੇ ਹੋਏ ਤੇ ਅੰਤ ਸਿੰਘਾਂ ਨੇ ਇਹਨਾਂ ਦਾ ਮੂੰਹ ਤੋੜ ਦਿੱਤਾ। [ਮੁਹੰਮਦ ਕਾਸਮ

ਉੱਧਰ ਦਵਾਬੇ ਵਿਚ ਬੀ ਸਿੰਘ ਉਠ ਪਏ, ਬੰਦੇ ਨੇ ਕੁਛ ਕੁਮਕ ਇਹਨਾਂ ਨੂੰ ਘੱਲੀ ਸੀ। ਪਹਿਲਾ ਹੱਲਾ ਰਾਹੋਂ ਤੇ ਬੋਲਿਆ। ਇਥੇ ਇਨਾਯਤ ਖ਼ਾਂ ਇਕ ਧਾੜਵੀ ਸੀ ਜਿਸ ਤੋਂ ਹਾਕਮ ਵੀ ਡਰਦੇ ਸਨ। ਪਹਿਲਾਂ ਖਾਲਸੇ ਨੇ ਇਸ ਨੂੰ ਲੁੱਟ ਕੁੱਟ ਲਿਆ। ਅਜੇ ਸਿੰਘ ਏਧਰ ਹੀ ਸਨ ਕਿ ਸੁਲਤਾਨ ਪੁਰ ਦਾ ਹਾਕਮ ਸ਼ਮਸ ਖ਼ਾਂ, ਜੋ ਦਵਾਬੇ ਦਾ ਫੌਜਦਾਰ ਸੀ, ਭਾਰੀ ਲਸ਼ਕਰ ਲੈਕੇ ਆ ਪਿਆ। ਇਸ ਦੇ ਨਾਲ ਫੌਜ ਤੇ ਮੁਸਲਮਾਨੀ ਮੁਲਖੱਜਾ ਦੀਨ ਦਾ ਜੰਗ ਕਰਨ ਆਇਆ ਸੀ। ਖਫੀ ਖ਼ਾਂ ਲਿਖਦਾ ਹੈ ਕਿ ੨੦ ਹਜ਼ਾਰ ਸਿਪਾਹੀ ਸੀ ਤੇ ਮੁਲਖੱਜਾ ਡੇਢ ਕੁ ਲੱਖ ਸੀ, ਪਰ ਏਹ ਗਿਣਤੀ ਵਧਾਕੇ ਲਿਖੀ ਜਾਪਦੀ ਹੈ। ਤਦ ਬੀ ਬਹੁਤ ਭਾਰੀ ਭੀੜ ਆਈ ਸੀ। ਜੰਗ ਬੜਾ ਹੋਇਆ, ਛੇੜਾਂ ਦੇ ਆਦਮੀ ਬੜੇ ਮਰੇ, ਪਰ ਗਿਣਤੀ ਬਹੁਤੀ ਹੋਣ ਕਰਕੇ ਸਿੰਘ ਰਾਹੋਂ ਦੇ ਕਿਲੇ ਜਾ ਵੜੇ ਤੇ ਅੰਦਰੋਂ ਲਗੇ ਵੈਰੀ ਨੂੰ ਫੁੰਡਣ, ਇਉਂ ਰਾਤ ਪੈ ਗਈ। ਰਾਤ ਨੂੰ ਖਾਲਸਾ ਕਿਲੇ ਵਿਚੋਂ ਚੁੱਪ ਚੁਪਾਤਾ ਨਿਕਲ ਗਿਆ। ਸ਼ਮਸ ਖ਼ਾਂ ਖਹਿੜਾ ਛੁੱਟਾ ਸਮਝਕੇ ਸੁਲਤਾਨ ਪੁਰ ਚਲਾ ਗਿਆ ਤੇ ਸਿੰਘਾਂ ਨੇ ਰਾਹੋਂ ਫੇਰ ਆ ਮੱਲੀ। ਏਥੋਂ ਉਠਕੇ ਜਲੰਧਰ ਹੁਸ਼ਿਆਰਪੁਰ ਆਦਿ ਟਿਕਾਣੇ ਮੱਲ ਲਏ। ਸੁਲਤਾਨਪੁਰ ਨੂੰ ਘੇਰੇ ਪਾਉਂਦੇ ਪਰ ਇਲਾਕਾ ਲੁੱਟ ਪੁੱਟਕੇ ਫਿਰ ਛੋੜਕੇ ਮੁੜ ਜਾਂਦੇ।

ਇਸੀ ਤਰ੍ਹਾਂ ਸਿੰਘਾਂ ਨੇ ਬਿਲਾਸਪੁਰ ਮਾਰ ਲਿਆ ਸੀ ਜਿਸ ਦਾ ਜ਼ਿਕਰ ਇਸ ਅੰਸੂ ਵਿਚ ਆ ਚੁਕਾ ਹੈ। ਕਵੀ ਜੀ ਲਿਖਦੇ ਹਨ ਕਿ ਬੰਦਾ ਏਥੇ ਨਾਲ ਸੀ, ਕਈਆਂ ਦਾ ਖਿਆਲ ਹੈ ਕਿ ਨਹੀਂ ਸੀ।

ਉਧਰ ਬਹਾਦਰ ਸ਼ਾਹ ਦੱਖਣ ਤੋਂ ਵਿਹਲਾ ਹੋ ਰਾਜਪੂਤ ਰਾਜਿਆਂ ਨੂੰ ਸਿੱਧਿਆਂ ਕਰਨ ਆ ਪਹੁੰਚਾ ਸੀ ਕਿ ਉਸ ਨੂੰ ਪੰਜਾਬ ਦੇ ਹਾਲਾਤ ਅੱਪੜੇ, ਸੋ ਉਹ ਬੰਦੇ ਨੂੰ ਸੋਧਣ ਸਿੱਧਾ ਪੰਜਾਬ ਨੂੰ ਆਇਆ। ਪਾਤਸ਼ਾਹ ਦਾ ਲਸ਼ਕਰ, ਜੋ ਉਸ ਤੋਂ ਅੱਗੇ ਆ ਰਿਹਾ ਸੀ, ਕੱਤਕ ੧੭੩੭ ਵਿਚ ਅਮੀਨਗੜ ਅੱਪੜਿਆ ਤੇ ਏਥੇ ਸਿੰਘਾਂ ਨਾਲ ਜੰਗ ਛਿੜ ਗਿਆ। ਏਥੇ ਕਿੰਨਾ ਚਿਰ ਜੰਗ ਰਿਹਾ, ਸਿੰਘ ਜਾਨਾਂ ਤੋੜ ਤੋੜ ਲੜੇ। ਪਾਤਸ਼ਾਹੀ ਸੈਨਾ ਦਾ ਬੜਾ ਹਾਨ ਹੋਇਆ, ਪਰ ਅੰਤ ਮੈਦਾਨ ਉਹਨਾਂ ਦੇ ਹੱਥ ਰਿਹਾ। ਏਥੇ ਲਸ਼ਕਰ ਨੇ ਫੇਰ ਅੱਗੇ ਵਧਕੇ ਸਰਹਿੰਦ ਮੋੜ ਲਿਆ ਤੇ ਸਢੌਰੇ ਪਾਤਸ਼ਾਹ ਬੀ ਇਸ ਨੂੰ ਆ ਮਿਲਿਆ।

ਸਰਹਿੰਦ ਮਾਰਕੇ ਬੰਦਾ ਮੁਖਲਸ ਗੜ੍ਹ (ਲੋਹਗੜ੍ਹ) ਠਹਿਰਿਆ ਹੋਇਆ ਸੀ, ਗਰਮੀਆਂ ਦੇ ਦਿਨ ਇਸ ਨੇ ਉਥੇ ਹੀ ਕੱਟੇ। ਸਰਹਿੰਦ ਮਾਰਨ ਪਿਛੋਂ ਬਹੁਤੀਆਂ ਲੜਾਈਆਂ ਵਿਚ ਬੰਦਾ ਆਪ ਸ਼ਾਮਲ ਨਹੀਂ ਹੋਇਆ।

ਸਢੌਰੇ ਤੋਂ ਪੰਜ ਛੀ ਕੋਹ ਦੀ ਵਾਟ ਤੇ ਲੋਹਗੜ੍ਹ ਵਿਚ ਬੰਦਾ ਬੈਠਾ ਸੀ, ਸ਼ਾਹੀ ਫੌਜ ਨੇ ਦੋ ਮਹੀਨੇ ਇਸ ਕਿਲੇ ਦੇ ਪਾਸੀਂ ਘੇਰਾ ਪਾਈ ਰਖਿਆ, ਅੰਤ ਨੂੰ ਬੰਦਾ ਸ਼ਾਹੀ ਲਸ਼ਕਰ ਵਿਚੋਂ ਇਉਂ ਸਾਫ ਨਿਕਲਿਆ ਜਿਵੇਂ ਮੱਖਣ ਵਿਚੋਂ ਵਾਲ ਨਿਕਲਦਾ ਹੈ। ਇਥੋਂ ਬੰਦਾ ਨਾਹਨ ਰਿਆਸਤ ਵਿਚ ਜਾ ਟਿਕਿਆ। ਸ਼ਾਹੀ ਸੈਨਾ ਅਜੇ ਸਢੌਰੇ ਸੀ ਕਿ ਬੰਦਾ ਪਠਾਣਕੋਟ ਆ ਗਿਆ। ਰਾਏਪੁਰ ਦੇ ਲਾਗੇ ਸ਼ਮਸ਼ਖ਼ਾਂ ਫੌਜ ਸਮੇਤ ਜਾ ਡੱਟਿਆ। ਸਿੰਘ ਮੌਕੇ ਦੀ ਤਾੜ ਵਿਚ ਪਿਛੇ ਹਟੇ, ਸ਼ਮਸ਼ ਖਾਂ ਅੱਗੇ ਵਧਿਆ, ਸਿੰਘਾਂ ਨੇ ਇਕ ਦਿਨ ਅਚਣਚੇਤ ਹਮਲਾ ਕਰਕੇ ਸ਼ਮਸ਼ ਖਾਂ ਮਾਰ ਲਿਆ ਤੇ ਕੁਤਬ ਖਾਂ ਜ਼ਖਮੀ ਹੋ ਗਿਆ। ਇਸ ਤੋਂ ਪਿਛੋਂ ਕਿੰਨਾ ਚਿਰ ਬੰਦਾ ਤੇ ਤੁਰਕਾਨੀ ਦਲ ਇਕ ਦੂਜੇ ਤੋਂ ਦਾਉ ਬਚਾਉਂਦੇ ਰਹੇ, ਬੰਦਾ ਪਹਾੜੀਂ ਰਿਹਾ। ੧੭੭੦ ਵਿਚ ਬੰਦਾ ਫੇਰ ਪਹਾੜਾਂ ਤੋਂ ਉਤਰਿਆ। ਵਟਾਲੇ ਤੇ ਕਲਾਨੌਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਤੇ ਫਿਰ ਕੁਝ ਦਿਨਾਂ ਲਈ ਬੰਦਾ ਪਹਾੜਾਂ ਤੇ ਚਲਾ ਗਿਆ। ਫਿਰ ੧੭੭੨ ਵਿਚ ਪਹਾੜਾਂ ਤੋਂ ਉਤਰ ਕਲਾਨੌਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ, ਕਲਾਨੌਰ ਤੋਂ ਚੱਲ ਕੇ ਬੰਦੇ ਨੇ ਅਚੱਲ ਆ ਡੇਰੇ ਲਾਏ ਤੇ ਉਥੋਂ ਉਠਕੇ ਵਟਾਲੇ ਤੇ ਕਬਜ਼ਾ ਕਰ ਲਿਆ। ਤੁਰਕਾਨੀ ਦਲ ਫਿਰ ਇਕੱਠਾ ਹੋਣ ਲੱਗਾ, ਬੰਦਾ ਮਿਰਜ਼ਾ ਜਾਨ ਪਿੰਡ ਵਿਚ ਇਕ ਗੜ੍ਹੀ ਬਨਾਉਣ ਲੱਗਾ, ਅਜੇ ਗੜ੍ਹੀ ਤਿਆਰ ਨਹੀਂ ਹੋਈ ਸੀ ਕਿ ਬੰਦੇ ਨੂੰ ਵੈਰੀ ਆ ਘੇਰਨ ਲੱਗੇ। ਬੰਦਾ ਗੁਰਦਾਸ ਪੁਰ ਆ ਵੜਿਆ ਤੇ ਇਕ ਹਵੇਲੀ ਵਿਚ ਜੋ ਗੜ੍ਹੀ ਵਰਗੀ ਹੀ ਸੀ, ਡੇਰੇ ਲਾ ਲਏ। ਤੁਰਕਾਨੀ ਫੌਜ ਪਿਛੇ ਹੀ ਸੀ, ਉਸ ਨੇ ਗੜ੍ਹੀ ਗਿਰਦੇ ਘੇਰਾ ਘੱਤ ਲਿਆ ਤੇ ਇਹ ਕੋਈ ਛੇ ਮਹੀਨੇ ਰਿਹਾ। ਜਦ ਬੰਦੇ ਪਾਸ ੨੦੦ ਸਿੰਘ ਰਹਿ ਗਏ ਅੰਨ ਮੁੱਕ ਗਿਆ ਤੁਰਕਾਂ ਨੇ ਕਹਿ ਘੱਲਿਆ ਕਿ ਤੁਸੀਂ ਗੜ੍ਹੀ ਛੱਡ ਜਾਓ ਤਾਂ ਤੁਸਾਂ ਨੂੰ ਅਸੀਂ ਕੁਛ ਨਹੀਂ ਕਹਾਂਗੇ। ਪਰ ਜਦ ਬੰਦਾ ਉਹਨਾਂ ਦੀ ਸਹੁੰ ਤੇ ਭਰੋਸਾ ਕਰਕੇ ਬਾਹਰ ਆਇਆ ਤਾਂ ਉਹਨਾਂ ਸਹੁੰ ਭੰਨ ਕੇ ਉਸ ਨੂੰ ਫੜ ਲਿਆ। ਦੋ ਸੌ ਸਿੰਘ ਨਾਲ ਸਨ। ਸਭ ਜ਼ੰਜੀਰਾਂ ਨਾਲ ਜਕੜੇ ਗਏ। ਏਹ ਥੋੜੇ ਸਮਝ ਕੇ ਰਾਹ ਜਾਂਦੇ ਸਿੱਖ ਫੜ ਫੜ ਕੇ ਲਾਹੌਰ ਤਾਈਂ ਸੱਤ ਅੱਠ ਸੌ ਕਰ ਲਏ, ਜੋ ਦਿੱਲੀ ਲਿਜਾਕੇ ਸ਼ਹੀਦ ਕੀਤੇ ਗਏ। ਗੜ੍ਹੀ ਵਿਚ ਦੇ ਜ਼ਖਮੀ ਸਿੱਖ ਤੁਰਕਾਂ ਨੇ ਬੜੀ ਬੁਰੀ ਤਰ੍ਹਾਂ ਕੋਹੇ। ਮੁਰਦਿਆਂ ਦੇ ਪੇਟ ਤੱਕ ਚੀਰੇ ਬੀ ਲਿਖਿਆ ਹੈ।

## ੧੨. [ਬੰਦੇ ਦਾ ਹੋਰ ਹਾਲ]

੧੧<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੩

ਦੋਹਰਾ: ਸਾਧਜੋ ਸਗਰੇ ਦੇਸ਼ ਕੋ,
ਜੋ ਪੰਜਾਬ ਬਿਸਾਲ।
ਪਲਟਾ ਲੇ ਗੁਰ ਸੁਤਨਿ ਕੋ,
ਦ੍ਰੋਹੀ ਹਤੇ ਕਰਾਲ ॥੧॥
ਚੌਪਈ: ਸ਼੍ਰੀ ਬਿਨੋਦ ਸਿੰਘ ਤੇਹਨ ਬਾਬਾ।
ਸੰਗੀ ਬੰਦੇ ਕੋ ਰਿਪੁ ਦਾਬਾ[1]।
ਹੇਤੁ ਸਹਾਇਕ ਸਤਿਗੁਰ ਦਯੋ।
ਜਥਾ ਜੋਗ ਉਪਦੇਸ਼ਨਿ ਕਯੋ ॥੨॥
ਜਹਿ ਕਹਿਂ ਕਰੀ ਸਹਾਇ ਬਿਸਾਲਾ।
ਮਸਲਤ ਦੇਤਿ ਬਤਾਇ ਰਸਾਲਾ।
ਜਬਹਿ ਬਜਾਹ ਬੰਦੇ ਕਰਵਾਯੋ।
ਕਹਿ ਕਹਿ ਗੁਰ ਬਚ ਬਹੁਤ ਹਟਾਯੋ ॥੩॥
ਬਰਜਜੋ ਰਹਜੋ ਨ, ਸੁੰਦਰਿ ਹੇਰੀ।
ਕਰੀ ਮੌਨ ਤਿਸੁ ਕਹਜੋ ਨ ਫੇਰੀ।
ਤਿਸੀ ਰੀਤਿ ਇਕ ਡੋਰਾ ਆਨ।
ਲੇ ਕਰਿ ਪਹੁੰਚਜੋ ਰਿਪੁ ਡਰ ਮਾਨਿ ॥੪॥
ਤਿਸ ਭੀ ਬਜਾਹਿ ਕਰਨ ਲਲਚਾਵਾ।
ਸ਼੍ਰੀ ਬਿਨੋਦ ਸਿੰਘ ਝਿੜਕਿ ਹਟਾਵਾ।
ਭਯੋ ਗਰਬ ਸੋ ਨਾਹਿਨ ਮਾਨੈ।
-ਕਰੌਂ ਭਾਰਜਾ- ਲਾਲਚ ਠਾਨੈ ॥੫॥
ਬੇਮੁਖ ਲਖਿ ਕਰਿ ਬਾਬੇ ਤਬੈ।
ਬੈਠੇ ਹੁਤੇ ਬਿਲੋਕਤਿ ਸਬੈ।
ਹਤਿਬੇ ਹੇਤ ਕ੍ਰੋਧ ਕੇ ਸਾਥ।
ਧਰਜੋ ਖੜਗ ਕਬਜ਼ੇ ਪਰ ਹਾਥ ॥੬॥
ਮਾਰਜੋ ਚਹੈ ਜਾਨਿ ਹੰਕਾਰੀ।
-ਕਜਾ ਮੂਰਖ ਇਨ ਮਨ ਮਹਿਂ ਧਾਰੀ-।
ਤਬਿ ਲੌ ਕਾਹਨ ਸਿੰਘ ਸੁਤ ਆਯੋ।
ਹਾਥ ਜੋਰਿ ਬਚ ਕਹਜੋ ਹਟਾਯੋ ॥੭॥
'ਇਸਹਿ ਨ ਮਾਰਹੁ ਉਚਿਤ ਨ ਹਮੈਂ।

---
[1]ਸ਼ੱਤ੍ਰੂਆਂ ਨੂੰ ਦਬਾਵਣ ਵਾਲਾ।

ਘਟਹਿ ਤੇਜ ਪੂਜਯੋ ਅਬਿ ਸਮੈ[1]।
ਸਤਿਗੁਰ ਹਿਤ ਸਹਾਇ ਸੰਗ ਕੀਨੇ।
ਸਾਹਿਬਜ਼ਾਦਨਿ ਪਲਟਾ ਲੀਨੇ ॥੮॥
ਅਪਨੋ ਹਾਥ ਜਿ ਛੋਡਹੁ ਯਾਂ ਪਰ[2]।
ਭਲੀ ਨ ਬਾਤ ਬਿਚਾਰ ਲਿਹੋ ਉਰ।
ਗੁਰ ਕੀ ਆਗਯਾ ਹੋਵਤਿ ਭੰਗ।
ਨਿਫਲਹਿ ਬਲ ਕੀਨੇ ਬਿਚ ਜੰਗ[3]' ॥੯॥
ਕਹੈਂ ਬਿਨੋਦ ਸਿੰਘ ਕਰਿ ਰੋਸ[*]।
'ਦੇਖਹੁ ਕਹਾਂ ਕਰਹਿ ਬਹੁ ਦੋਸ਼।
ਇਸ ਕੋ ਮਾਰਨ ਹੀ ਬਨਿ ਆਵੈ।
ਗੁਰ ਕੋ ਕਹਿਬੋ ਸਕਲ ਮਿਟਾਵੈ ॥੧੦॥
ਏ ਕਾਫਰ ਬੇਮੁਖ ਅਤਿ ਭਯੋ।
ਦੁਤੀ ਬਯਾਹ ਕਰਿਬੇ ਲਲਚਯੋ।
ਕਹੈ ਕੁਲੀਨ ਤ੍ਰਿਯਾ ਕੋ ਬਯਾਹੌਂ।
ਔਰ ਪੁੱਤ੍ਰ ਤਿਸ ਤੇ ਉਪਜਾਹੌਂ ॥੧੧॥
ਕਰਤਿ ਢੀਠਤਾ ਮਨਮੁਖ ਹੋਯੋ।
ਬਸ ਮਨਮਥ ਕੇ ਜਤ ਸਤ ਖੋਯੋ।'
ਕਾਹਨ ਸਿੰਘ ਕਰਿ ਪਿਤ ਸੋਂ ਬਿਨਤੀ।
ਬਰਜਨ ਕਰਯੋ ਤਜੀ ਰਿਸ ਗਿਨਤੀ[*] ॥੧੨॥
ਇਸ ਪ੍ਰਕਾਰ ਹੀ ਭਯੋ ਬਖੇਰਾ।
ਚਲੇ ਸੁਧਾਸਰ ਕੋ ਤਬਿ ਡੇਰਾ।
ਦਰਸ਼ਨ ਕਰਨ ਹੇਤੁ ਸਭਿ ਗਏ।
ਲਾਖਹੁੰ ਦਲ ਉਤਰਤਿ ਭਟ ਭਏ ॥੧੩॥
ਸਿੰਘ ਹਜ਼ਾਰਹੁੰ ਸੰਗੀ ਬੀਰ।
ਧਰਹਿਂ ਤੁਫੰਗਨ ਤੋਮਰ ਤੀਰ।

---

[1]ਤੇਜ ਘਟ ਜਾਏਗਾ ਹੁਣ ਸਮਾਂ ਪੁੱਜ ਗਿਆ ਹੈ।
[2]ਭਾਵ ਜੇ ਮਾਰ ਦਿਆਂਗੇ ਤਾਂ।
[3]ਜੋ ਅਸਾਂ ਜੰਗ ਵਿੱਚ ਬਲ ਕੀਤਾ ਹੈ ਸੋ ਨਿਫਲ ਹੋ ਜਾਏਗਾ।
[*]ਪਾ:-ਜੋਸ਼।
[*]ਮਹਿੰਮਾ ਪ੍ਰਕਾਸ਼ ਨੇ ਇਸ ਪ੍ਰਸੰਗ ਵਿਚ ਇਹ ਝਗੜਾ ਗੁਰਦਾਸ ਪੁਰ ਦੀ ਹਵੇਲੀ ਵਿਚ ਹੋਇਆ ਲਿਖਿਆ ਹੈ ਤੇ ਬਾਬਾ ਕਾਹਨ ਸਿੰਘ ਦੇ ਪਿਤਾ ਨੂੰ ਸਮਝਾਉਣ ਤੇ ਬਾਬਾ ਬਿਨੋਦ ਸਿੰਘ ਜੀ ਨੇ ਲੜਾਈ ਨਾ ਕੀਤੀ, ਪਰ ਕਿਲਾ ਛੋੜਕੇ ਚਲੇ ਆਏ ਤੇ ਸੂਰਬੀਰ ਬਾਬਾ ਜੀ ਤੁਰਕੀ ਘੇਰੇ ਵਿਚੋਂ ਸਹੀ ਸਲਾਮਤ ਨਿਕਲ ਆਏ। ਗ਼ਾਲਬਨ ਝਗੜਾ ਕਿਲੇ ਵਿਚੋਂ ਲੜਦੇ ਮਾਰਦੇ ਨਿਕਲ ਚੱਲਣ ਯਾ ਤੁਰਕਾਂ ਦੀ ਸਹੁੰ ਤੇ ਇਤਬਾਰ ਕਰਨ ਤੇ ਸੀ, ਪਰ ਮਹਿੰਮਾ ਪ੍ਰਕਾਸ਼ ਨੇ ਝਗੜਾ ਦੂਜੇ ਵਿਆਹ ਤੋਂ ਹੋਇਆ ਲਿਖਿਆ ਹੈ, ਜੋ ਅਗ਼ਲਬ ਨਹੀਂ।

ਸਭਿਨਿ ਸ਼ਨਾਨ ਜਾਇ ਕਰਿ ਕਰਜੋ।
ਹਰਿਮੰਦਰ ਦਰਸੇ ਮੁਦ ਭਰਜੋ ॥੧੪॥
ਸਭਿ ਕੇ ਅੱਗ੍ਰ ਬੈਠਿ ਤਿਸ ਥਾਇਂ।
ਚਹੈ ਕਿ 'ਮੋ ਪਰ ਚਮਰ ਫਿਰਾਇ।
ਸਭਿ ਮਹਿਂ ਮੁਖਿ ਸਿਖ ਹੌਂ ਮੈਂ ਗੁਰ ਕੋ।
ਪੂਰਨ ਕਰਜੋ ਮਨੋਰਥ ਉਰ ਕੋ[1] ॥੧੫॥
ਸਭਿ ਕੋ ਕਰਜੋ ਮੋਹਿ ਅਗਵਾਨੀ।
ਮੇਰੀ ਘਾਲ ਗੁਰੂ ਉਰ ਭਾਨੀ।
ਯਾਂ ਤੇ ਸਭਿ ਸਨ[2] ਚਹੌਂ ਗੁਰਾਈ।
ਮੁਖਤਾ ਪੰਥ ਭਲੇ ਬਨਿ ਆਈ ॥੧੬॥
ਗੁਰਤਾ ਕੋ ਲੱਛਨ ਮੁਝ ਦੇਹਿ।
ਸਕਲ ਖਾਲਸਾ ਦਰਸ਼ਨ ਲੇਹਿ[3]।'
ਇਹ ਜਬਿ ਕਹੀ ਲਹੀ ਸਭਿ ਪੰਥਾ[4]।
ਕਰੀ ਤਰਕ, 'ਨਹਿਂ ਮਾਨਹਿਂ ਸੰਥਾ[5] ॥੧੭॥
ਨਹੀਂ ਖਾਲਸੇ ਸੋਂ ਇਸ ਮੇਲ।
ਗੁਰ ਬਿਨ ਅਪਰ ਚਲਾਯੋ ਗੈਲ।
ਖੰਡੇ ਕਾ ਅੰਮ੍ਰਿਤ ਨਹਿਂ ਲੀਨ[+]।
ਰਹਤਿ ਨਹੀਂ ਇਨ ਧਰੀ ਪ੍ਰਬੀਨ ॥੧੮॥
ਜੇ ਹਮ ਤੇ ਇਹ ਚਹੈ ਬਡਾਈ।
ਧਰੇ ਮਾਸ ਮਦ[*] ਅੱਗ੍ਰ ਬਨਾਈ।
ਸ਼ਜਾਮ ਬਸਤ੍ਰ ਜੁਤਿ ਅੰਗੀਕਾਰਹੁ।
ਪੁਨ ਮਿਲਿਬੇ ਹਿਤ ਬਾਕ ਉਚਾਰਹੁ' ॥੧੯॥
ਸਕਲ ਖਾਲਸੇ ਜਬਿ ਇਮ ਕੀਨਾ।

---

[1]ਗੁਰੂ ਜੀ ਦਾ ਮਨੋਰਥ ਮੈਂ ਪੂਰਾ ਕੀਤਾ ਹੈ।
[2]ਸਾਰਿਆਂ ਪਾਸੋਂ।
[3]ਭਾਵ ਮੇਰਾ ਮਤ ਧਾਰਨ ਕਰੇ।
[4]ਸਾਰੇ ਪੰਥ ਨੇ ਸਮਝ ਲਈ।
[5]ਬੰਦੇ ਨਾਲ ਮਿਲਣਾ ਅਸੀਂ ਨਹੀਂ ਮੰਨਦੇ।
[+]ਗੋਕਲ ਚੰਦ ਨਾਰੰਗ ਸਫੇ ੨੪੨ ਤੇ ਲਿਖਦਾ ਹੈ ਕਿ 'ਭੰਗੀ ਮਿਸਲ ਦਾ ਸੰਸਥਾਪਿਕ ਅੰਮ੍ਰਿਤਸਰ ਕੇ ਸਮੀਪ ਪੰਜਵੜ ਕਾ ਰਹਿਨੇ ਵਾਲਾ ਏਕ ਛਜਾ ਸਿੰਘ ਨਾਮ ਕਾ ਜਾਟ ਉਸ ਕਾ ਪਾਹੁਲ ਸੰਸਕਾਰ ਸ੍ਵਯੰ ਬੰਦਾ ਜੈਸੇ ਮਹਾਂ ਪੁਰਖ ਕੇ ਹਾਥੋਂ ਸੇ ਹੂਆ ਥਾ'।

ਸੋ ਬੰਦੇ ਨੇ ਅੰਮ੍ਰਿਤ ਨਹੀਂ ਛਕਿਆ ਸੀ ਤਾਂ ਛੱਜਾ ਸਿੰਘ ਜੈਸੇ ਸੂਰਬੀਰ ਨੇ ਉਸ ਤੋਂ ਕਿਵੇਂ ਅੰਮ੍ਰਿਤ ਛਕਿਆ ਸੀ? ਵਿਸ਼ੇਸ਼ ਲਈ ਦੇਖੋ ਪਿਛਲੇ ਅੰਸੂ ੬ ਦੇ ਅੰਕ ੩੬ ਦੀ ਹੇਠਲੀ ਟੂਕ।
[*]ਸ਼ਰਾਬ ਤਾਂ ਅਜੇ ਖਾਲਸੇ ਵਿਚ ਸ਼ੁਰੂ ਨਹੀਂ ਸੀ ਹੋਈ।

ਧਰਮ ਬੈਸ਼ਨੋ[੧] ਅਪਨੋ ਚੀਨਾ।
ਅੰਗੀਕਾਰ ਨਹੀਂ ਕਿਯ ਤੀਨੋ[੨]।
ਸਿੰਘਨ ਸੰਗ ਸਪਰਧਾ ਭੀਨੋ ॥੨੦॥
ਦ੍ਵੈਸ਼ ਭਾਵ ਦੋਨਹੁੰ ਮਹਿਂ ਜਾਗਾ।
ਡੇਰਾ ਪ੍ਰਿਥਕ ਉਤਰਿਬੇ ਲਾਗਾ।
ਗ੍ਰਾਮ ਅਨਿਕ ਮਹਿਂ ਸਿੰਘ ਪ੍ਰਵੇਸ਼ੇ।
ਤਿਸ ਤੇ ਸੰਗ ਮਿਲਹਿਂ ਨਹਿਂ ਕੈਸੇ ॥੨੧॥
ਕੇਤਿਕ ਸਿੰਘਨਿ ਮਸਲਤ ਧਾਰੀ।
ਗਮਨੇ ਗੁਰ ਢਿਗ ਕਰਤਿ ਪੁਕਾਰੀ[+]।
'ਭਯੋ ਮੂਢ ਕੇ ਗਰਬ ਮਹਾਨਾ।
ਚਾਹਤਿ ਬੈਠਸਿ ਗੁਰੂ ਸਥਾਨਾ[++]' ॥੨੨॥
ਇਤਨੇ ਮਹਿਂ ਲਸ਼ਕਰ ਬਹੁ ਆਏ।
ਭਯੋ ਇਕਾਕੀ ਜੰਗ ਮਚਾਏ।
ਸਤਾ ਤੀਰਨ ਮਹਿਂ ਨਹਿਂ ਰਹੀ।
ਸਿੰਘ ਘਨੇ ਦਲ ਜਾਨਹਿਂ ਸਹੀ ॥੨੩॥
ਇਮ ਬੰਦੇ ਕੋ ਭਯੋ ਪ੍ਰਸੰਗ।
ਨਿਤ ਪ੍ਰਤਿ ਹੋਤਿ ਘਨੇਰੇ ਜੰਗ।
ਅਬਿ ਗੁਰ ਕਥਾ ਸੁਨਹੁਂ ਜਿਮ ਭਈ।
ਅਬਿਚਲ ਨਗਰ ਸਥਿਰਤਾ ਕਈ ॥੨੪॥
ਕਬਹਿ ਅਰੂਢਿ ਅਖੇਰ ਸਿਧਾਵੈਂ।
ਬਿਚਰਹਿਂ ਬਨ ਮਹਿਂ ਪੁਨ ਚਲਿ ਆਵੈਂ।
ਧਰਹਿਂ ਭਾਉ ਕੋ ਪਰਹਿਂ ਜੁ ਸ਼ਰਨੀ।
ਤਿਸਹਿ ਤਰਾਇੰ ਜਥਾ ਨਦ ਤਰਨੀ[੩] ॥੨੫॥
ਸ਼ਾਹ ਬਹਾਦਰ ਦੱਖਣ ਦੇਸ਼।
ਫਿਰ ਕਰਿ ਸਾਧਜੋ ਸਕਲ ਵਿਸ਼ੇਸ਼।
'ਦੇਸ਼ ਪੰਜਾਬ ਗਰਦ ਕਰਿ ਦੀਨਿ।
ਸੂਬੇ ਕਿਤਿਕ ਮਾਰ ਕਰਿ ਲੀਨਿ[¶] ॥੨੬॥

---

[੧]ਇਸ ਤੋਂ ਭਾਵ ਮਜ਼ਹਬ ਵੈਸ਼ਨੋ ਨਹੀਂ, ਪਰ ਮਾਸ ਨਾ ਖਾਣੇ ਦਾ ਖਯਾਲ। ਇਹ ਅਰਥ ਇੰਨਾ ਆਮ ਹੈ ਕਿ ਲੋਕੀਂ ਸਬਜ਼ੀ ਵਾਲੇ ਭੋਜਨ ਨੂੰ ਵੈਸ਼ਨੋ ਭੋਜਨ ਕਹਿੰਦੇ ਹਨ।
[੨]ਮਦ ਮਾਸ ਤੇ ਕਾਲਾ ਬਸਤ੍ਰ।
[+]ਕਵੀ ਜੀ ਨੂੰ ਪਤਾ ਨਹੀਂ ਲੱਗਾ ਕਿ ਗੁਰੂ ਜੀ ਇਸ ਵੇਲੇ ਸੱਚਖੰਡ ਪਯਾਨਾ ਕਰ ਚੁੱਕੇ ਸਨ।
[++]ਕਵੀ ਜੀ ਨੇ ਇਹ ਸੌ ਸਾਖੀ ਤੋਂ ਲਏ ਜਾਪਦੇ ਹਨ।
[੩]ਨਦੀ ਤੋਂ ਬੇੜੀ।

ਲਾਖਹੁਂ ਲਸ਼ਕਰ ਲਰਿ ਲਰਿ ਹਨੇ।
ਜਨਨੀ ਮਨਹੁ ਨਹੀਂ ਕਬਿ ਜਨੇ।
ਸਤਿਗੁਰ ਐਸੋ ਸਿੱਖ ਪਠਾਯੋ।
ਦੇਸ਼ ਉਜਾਰਯੋ ਧੂਲ ਮਿਲਾਯੋ' ॥੨੭॥
ਇੱਤਯਾਦਿਕ ਸੁਧ ਸ਼ਾਹ ਸਮੀਪ।
ਪਹੁਂਚਹਿ ਨਿਤ[¶¶] 'ਮਾਰਹਿ ਅਵਨੀਪ।
ਸੂਬਾ ਖਾਨ ਵਜੀਦ ਸੰਘਾਰਯੋ।
ਜ਼ਬਰਦਸਤ[¶¶¶] ਦੂਜਾ ਲਰਿ ਮਾਰਯੋ ॥੨੮॥
ਸੱਯਦ ਖਾਨ ਮੁਗ਼ਲ ਗਨ ਭਾਰੇ।
ਕੌਨ ਗਨੇ ਸੰਘਰ ਮਹਿਂ ਮਾਰੇ।'
ਦਿੱਲੀ ਮਹਿਂ ਦੁਬਕਾ[੧] ਬਹੁ ਪਰਯੋ।
'ਲੂਟਹਿਂ ਆਨਿ' ਸਭਿਨਿ ਉਰ ਡਰਯੋ ॥੨੯॥
ਪ੍ਰਥਮ ਸ਼ਾਹੁ ਬਹੁ ਸੁਭਟ ਪਠਾਏ।
'ਲਰਿ ਕਰਿ ਮਾਰਹੁ' ਜਤਨ ਬਤਾਏ।
ਪੁਨ ਪੁਨ ਸੁਧ ਇਸ ਬਿਧਿ ਕੀ ਗਈ।
'ਚਮੂੰ ਗਨੀ ਤੁਮਰੀ ਹਤਿ ਲਈ ॥੩੦॥
ਮਹਾਂ ਪ੍ਰਬਲ ਇਹ ਜਾਇ ਨ ਮਾਰਯੋ।
ਲਸ਼ਕਰ ਪਤਿਸ਼ਾਹੀ ਲਰਿ ਹਾਰਯੋ।'
ਸੁਨਿ ਸੁਨਿ ਸੁਧ ਕੋ ਸ਼ਾਹੁ ਹਿਰਾਨਾ।
ਜਾਨੀ -ਗੁਰ ਕੀ ਬਖਸ਼ ਮਹਾਨਾ ॥੩੧॥
ਅਪਰ ਜਤਨ ਤਿਸ ਕੋ ਨਹਿਂ ਕੋਈ।
ਗੁਰ ਢਿਗ ਜਾਉਂ ਹਟਾਵੈਂ ਸੋਈ-।
ਇਮ ਬਿਚਾਰਿ ਕਰਿ ਕੂਚ ਬਡੇਰੇ।
ਪਹੁਂਚਯੋ ਆਨਿ ਪ੍ਰਭੂ ਕੇ ਨੇਰੇ ॥੩੨॥
ਪਠੇ ਵਕੀਲ ਬਿਸਾਲ ਮੁਸਾਹਿਬ।
ਆਨਿ ਕਰਯੋ ਡੇਰਾ ਜਾਹਿਂ ਸਾਹਿਬ।
ਮਿਲਿਬੇ ਕਾਰਨ ਚਾਹਤਿ ਰਹੇ।

---

[¶]ਪਾ:-ਮਾਰ ਥਲ ਕੀਨ।
[¶¶]ਪਾਤਸ਼ਾਹ ਦੱਖਣ ਨਹੀਂ, ਪਰ ਰਾਜਪੂਤਾਨੇ ਵਿਚ ਆ ਗਿਆ ਹੋਇਆ ਸੀ। ਉਸ ਨੂੰ ਬੰਦੇ ਦੇ ਮਾਅਰਕਿਆਂ ਦੀ ਖਬਰ ਅਜਮੇਰ ਸ਼ਹਿਰ ਵਿਚ ੨੩ ਜੇਠ ੧੭੬੭ (ਰਬੀਅਉਲ ਸਾਨੀ ਸਨ ੧੧੨੨ ਹਿਜਰੀ) ਨੂੰ ਅੱਪੜੀ। ਜਿਸ ਵੇਲੇ ਗੁਰੂ ਸਾਹਿਬ ਜੀ ਡੇਢ ਸਾਲ ਤੋਂ ਵਧੀਕ ਚਿਰ ਦੇ ਸਚੱਖੰਡ ਪਿਆਨਾ ਕਰ ਚੁੱਕੇ ਸੇ।
[¶¶¶] ਜ਼ਬਰਦਸਤ ਖ਼ਾਂ ਅਜੇ ਜੀਉਂਦਾ ਸੀ। ਦੇਖੋ ਪੰਨਾ ੬੨੭੪ ਦੀ ਟੂਕ +ਨਿਸ਼ਾਨ ਵਾਲੀ।
[੧]ਦਬਾਉ।

ਸ੍ਰੀ ਸਤਿਗੁਰ ਨਹਿਂ ਕਯੋਹੂੰ ਕਹੇ ॥੩੩॥
'ਹਮ ਸੋਂ ਅਹਿਦ ਕਰਯੋ ਫਿਰਿ ਗਯੋ।
ਏਕ ਸ੍ਵਾਲ ਕੋ ਦੇਤਿ ਨ ਭਯੋ।
ਤਹਿ ਹਮ[1] ਅਪਨੋ ਸਿੱਖ ਪਠਾਯੋ।
ਹਤਿ ਦ੍ਰੋਹੀ ਨਿਜ ਪਲਟਾ ਪਾਯੋ ॥੩੪॥
ਕਰਯੋ ਫ੍ਰੇਬ ਹਮ ਦਿਯੋ ਜਵਾਬ।
-ਬਿਗਰਹਿ ਸਲਤਨ ਕਰਹਿ ਸ਼ਿਤਾਬ[2]।
ਮੇਰੋ ਜੋਰ ਪਰਹਿ ਜਬਿ ਭਾਰਾ-।
ਤਬਿ ਚਾਹਯੋ ਦੇ ਸ੍ਵਾਲ ਹਮਾਰਾ ॥੩੫॥
ਸਮੁਝਿ ਸ਼ਾਹੁ ਕੀ ਟਾਲ[3] ਬਿਸਾਲਾ।
ਨਿਜ ਸੇਵਕ ਉਤ ਪਠਯੋ ਕਰਾਲਾ।
ਗੁਰ ਦ੍ਰੋਹੀ ਸਭਿਹਿਨਿ ਕੋ ਮਾਰੈ।
ਤੇਜ ਬਿਲੰਦ ਦੇਸ਼ ਬਿਸਤਾਰੈ' ॥੩੬॥
ਇਮ ਕਹਿ ਤਿਨ ਢਿਗ ਸਿੰਘ ਪਠਾਯੋ।
ਗੁਰ ਕੋ ਕਹਿਬੋ ਸਕਲ ਸੁਨਾਯੋ।
ਸੁਨਯੋਂ ਵਕੀਲ ਮੁਸਾਹਿਬ ਜਬੈ।
ਆਸ਼ੈ ਜਾਨ ਲੀਨਿ ਮਨ ਸਬੈ ॥੩੭॥
[4]ਪੁਨ ਕਹਿ ਪਠਯੋ 'ਦਯਾ ਸਿੰਘ ਸੰਗ।
ਹਮ ਸੋ ਦੀਜੈ, ਕਹੈ ਪ੍ਰਸੰਗ।
[5]ਜਿਸ ਤੇ ਸ਼ਾਹੁ ਸੁਨੈ ਮਨ ਭਾਵੈ।
ਉਚਿਤ ਜਾਨਿ ਕਰਿ ਜਤਨ ਬਨਾਵੈ[6]' ॥੩੮॥
ਸੁਨਿ ਕਰਿ ਸਤਿਗੁਰ ਤਿਨ ਬਚ ਦੀਨ[6]।
ਭੇਜਯੋ ਦਯਾ ਸਿੰਘ ਸੰਗ ਕੀਨਿ।
ਚੜ੍ਹਿ ਕਰਿ ਸ਼ਾਹੁ ਸਮੀਪ ਸਿਧਾਏ।
ਉਤਰਿ ਜਾਮਨੀ ਤਹਾਂ ਬਿਤਾਏ ॥੩੯॥
ਭਈ ਪ੍ਰਭਾਤਿ ਹਕਾਰਨਿ ਕੀਨੇ।

---

[1]ਸਾਨੂੰ।
[2]ਛੇਤੀ ਕੀਤਿਆਂ ਸਲਤਨਤ ਬਿਗੜ ਜਾਏਗੀ।
[3]ਸ਼ਾਹ ਦਾ ਟਾਲਾ ਸਮਝਕੇ।
[4]ਫਿਰ ਕਹਿ ਭੇਜਿਆ (ਸ਼ਾਹ ਦੇ ਮੁਸਾਹਬਾਂ ਨੇ ਕਿ) ਭਾਈ ਦਯਾ ਸਿੰਘ ਜੀ ਨੂੰ ਸਾਡੇ ਨਾਲ ਭੇਜੇ ਜੋ (ਸ਼ਾਹ ਨੂੰ ਇਹ ਸਾਰਾ) ਪ੍ਰਸੰਗ ਸੁਣਾਵੇ।
[5]ਜਿਸ ਤੋਂ ਸੁਣਕੇ ਸ਼ਾਹ ਨੂੰ ਜੋ ਚੰਗੀ ਲਗੇ ਯੋਗ ਜਾਣਕੇ ਕੋਈ ਉਪਾਉ ਬਣਾਵੇ (ਬੰਦੇ ਨੂੰ ਰੋਕਣ ਦਾ)।
[6]ਉਨ੍ਹਾਂ ਦੇ ਨਿੰਮ੍ਰਤਾ ਦੇ ਬਚਨ ਸੁਣਕੇ।

ਸਰਬ ਬ੍ਰਿਤਾਂਤ ਸ਼ਹੁ ਕਹਿ ਦੀਨੇ।
'ਏਕ ਸ੍ਵਾਲ ਦੈਬੇ ਕੀ ਟਾਲ।
ਕੀਨੀ ਤਬਿ ਫਰੇਬ ਕੇ ਨਾਲ ॥੪੦॥
ਸ਼੍ਰੀ ਪ੍ਰਭੁ ਪਲਟਾ ਚਹਯੋ ਜ਼ਰੂਰ।
ਪਠਿ ਦੀਨੋ ਨਿਜ ਸੇਵਕ ਸੂਰ।
ਪਾਇ ਧੂਮ ਦ੍ਰੋਹੀ ਸਭਿ ਮਾਰੇ।
ਕਿਮ ਬਚ ਸਕਹਿਂ ਕਰੇ ਅਘ ਭਾਰੇ ॥੪੧॥
ਆਦਿ ਸਿਰ੍ਹੰਦ ਸੁ ਨਗਰ ਉਜਾਰੇ।
ਦੇਸ਼ ਪੰਜਾਬ ਰੌਰ ਕੋ ਡਾਰੇ।
ਗਮਨਹੁ ਤੁਮ ਸਤਿਗੁਰ ਹਦੂਰ।
ਕਰਹੁ ਅਰਜ਼ ਜਿਮ ਬਨੀ ਜ਼ਰੂਰ ॥੪੨॥
ਛਿਮਾ ਧਰਹਿਂ ਬਖਸ਼ਹਿਂ ਤੁਮ ਤਾਈਂ।
ਦੇਸ਼ ਉਜਾਰਤਿ ਮਿਟਹਿਂ ਤਦਾਈਂ।'
ਇਮ ਕਹਿ ਦਯਾ ਸਿੰਘ ਮਨ ਭਾਯੋ।
ਸੰਗ ਆਪਨੈ ਸ਼ਾਹੁ ਚਢਾਯੋ ॥੪੩॥
ਅਬਚਲ ਨਗਰ ਸਮੀਪੀ ਡੇਰੇ।
ਉਤਰੇ ਕਹਿ ਕਹਿ ਪਰੇ ਘਨੇਰੇ।
ਤੰਬੂ, ਸ਼ਮਿਯਾਨੇ ਗਨ ਤਾਨੇ।
ਦ੍ਰਿਸ਼ਟੀ ਪਰੇ ਦੂਰ ਲਗ ਜਾਨੇ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤ੍ਰ ਐਨੇ 'ਸ਼ਾਹ' ਪ੍ਰਸੰਗ ਬਰਨਨੰ ਨਾਮ ਦਵਾਦਸ਼ਮੋਂ ਅੰਸੂ ॥੧੨॥

## ੧੩. [ਬਹਾਦਰਸ਼ਾਹ ਨੇ ਮਾਫੀ ਮੰਗਣੀ। ਬੰਦੇ ਦਾ ਤੇਜ ਛੀਨ]

੧੨<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੪

ਦੋਹਰਾ: ਉਤਰਿ ਬਿਤਾਈ ਜਾਮਨੀ, ਪ੍ਰਾਤਿ ਭਈ ਜਬਿ ਆਇ।
ਗੁਰਜਦਾਰ ਪਠਏ ਤਬੈ[1], ਦਯਾ ਸਿੰਘ ਬੁਲਿਵਾਇ ॥੧॥

ਚੌਪਈ: 'ਗੁਰ ਦਰਸ਼ਨ ਕੋ ਭੇਤ ਬਤਾਵਹੁ[2]।
ਕਬਿ ਪਹੁੰਚਹਿਂ ਮਨ ਕੋਪ ਮਿਟਾਵਹੁ।
ਨਹਿਂ ਚਾਹਤਿ ਗੁਰ ਮੇਲ ਹਮਾਰਾ।
ਜਾਨਜੋਂ ਪੂਰਬ ਕੂਰ ਉਚਾਰਾ ॥੨॥
ਅਬਿ ਕਰਿ ਬਿਨਤੀ ਮੈਂ ਬਖਸ਼ਾਵੌਂ।
ਰਿਸ ਮਿਟਾਇ ਕਰਿ ਰਿਦੇ ਰਿਝਾਵੌਂ।'
ਸੁਨਿ ਕਰਿ ਦਯਾ ਸਿੰਘ ਤਬਿ ਕਹਜੋ।
'ਆਛੇ ਏਕ ਸਮੋਂ ਮੈਂ ਲਹਜੋ ॥੩॥
ਕੇਤਿਕ ਦਿਨ ਤੇ ਇਮ ਕ੍ਰਿਤ ਠਾਨੈਂ।
ਪ੍ਰਾਤਿ ਹੋਤਿ ਤਟ ਨਦੀ ਪਯਾਨੈਂ।
ਕਰੈ ਸ਼ਨਾਨ ਖਰੇ ਹੁਇ ਰਹੈਂ।
ਤਪ ਕੋ ਤਾਪਤਿ ਵਾਕ ਨ ਕਹੈਂ ॥੪॥
ਤਹਾਂ ਅਚਾਨਕ ਦਰਸ਼ਨ ਕਰ ਕੈ।
ਪ੍ਰਭੁ ਰਿਝਾਵੈਂ ਬਿਨੈ ਉਚਰਿ ਕੈ।
ਤਿਸ ਪਰਹਰਹਿ ਕਰਹਿਂ ਰਿਸ ਬਰਜਨ[3]।
ਹੋਹਿ ਅਰਾਮ ਤਮਾਮ ਸਿ ਪੁਰਿ ਜਨ[4*]' ॥੫॥
ਦਯਾ ਸਿੰਘ ਕੀ ਮਸਲਤ ਸੁਨਿ ਕਰਿ।
ਮਾਨੀ ਭਲੇ ਬਿਲਮ ਕੋ ਪਰਿਹਰਿ।
ਤਯਾਰ ਭਯੋ ਗੋਦਾਵਰਿ ਤੀਰ।
ਦਰਸ਼ਨ ਹੇਰਨਿ ਸਤਿਗੁਰ ਧੀਰ ॥੬॥
ਲੇ ਕਰਿ ਸੰਗ ਭਲੇ ਨਰ ਥੋਰੇ।
ਜਹਿਂ ਥਿਰ ਗੁਰ ਗਮਨਜੋਂ ਤਿਤ ਓਰੇ।
ਕਰਿ ਸ਼ਨਾਨ ਗੋਦਾਵਰਿ ਕੂਲ।
ਖਰੇ ਪ੍ਰਭੁ ਤਪ ਕੇ ਅਨੁਕੂਲ ॥੭॥

---

[1](ਬਹਾਦਰਸ਼ਾਹ ਨੇ) ਚੋਬਦਾਰ ਭੇਜਕੇ।
[2](ਹੇ ਭਾਈ ਦਯਾ ਸਿੰਘ ਜੀ!) ਗੁਰੂ ਜੀ ਦੇ ਦਰਸ਼ਨ ਦਾ ਭੇਤ ਦੱਸੋ (ਕਿ ਕਿਵੇਂ ਹੋ ਸਕਦੇ ਹਨ?)।
[3]ਤਿਸ ਕਰਹਿਂ ਬਰਜਨ (ਕਿ) ਰਿਸ ਪਰਹਰਿ=ਉਸ ਨੂੰ ਵਰਜ ਦੇਣਗੇ ਕਿ ਓਹ ਗੁੱਸਾ ਤਿਆਗ ਦੇਵੇ।
[4]ਪੁਰਿ (ਸਰਹਿੰਦ) ਦੇ ਲੋਕਾਂ ਨੂੰ।
[*]ਪਾ:-ਪਰਜਨ।

ਤਜੀ ਦੂਰ ਤੇ ਨਿਜ ਅਸਵਾਰੀ।
ਚਰਨ ਨਗਨ ਗਮਨਜੋਂ ਅਗਵਾਰੀ।
ਦਯਾ ਸਿੰਘ ਕੋ ਸੰਗ ਮਿਲਾਯੋ।
ਅਪਰ ਸਾਥ ਸਗਰੋ ਠਹਿਰਾਯੋ ॥੮॥
ਮੰਦ ਮੰਦ ਚਲਿ ਪਹੁੰਚਜੋ ਜਾਈ।
ਖਰੋ ਭਯੋ ਪ੍ਰਭੁ ਕੇ ਅਗਵਾਈ।
ਹੀਰਾ ਇਕ ਅਧਿਕ ਦਿਪਤਾਵੈ।
ਖਰਚੇ ਕਈ ਲਾਖ ਧਨ ਪਾਵੈ ॥੯॥
ਤਾਨੇ ਸ਼ਾਹ ਧਰੇ ਸਿਰ ਜੋਊ।
ਮਾਰਿ ਨੁਰੰਗੇ ਲੀਨਹੁ ਸੋਊ।
ਜਬਰ ਜ਼ਿਬਾਇਸ਼[1] ਜ਼ਾਹਰ ਜਾਂਹੂ।
ਸੋ ਨਿਜ ਕਰ ਪਰ ਧਰਿ ਕਰਿ ਸ਼ਾਹੂ ॥੧੦॥
ਆਗੇ ਖਰੋ ਗੁਰੂ ਕੇ ਹੋਵਾ।
ਰੁਖ ਕਰਿ ਜਬਹਿ ਪ੍ਰਭੁ ਢਿਗ ਜੋਵਾ।
ਤਿਸ ਕਰ ਪਰ ਤੇ ਗਹਿ ਕਰਿ ਹਾਥ।
ਸਲਿਤਾ ਬਿਖੈ ਬਗਾਯੋ ਨਾਥ ॥੧੧॥
ਹੇਰਿ ਬਹਾਦਰ ਸ਼ਾਹੁ ਹਿਰਾਨਾ[2]।
ਕਰਿ ਬੰਦਨ ਕਰ ਬੰਦਿ ਬਖਾਨਾ।
'ਛਿਮਹੁ ਪ੍ਰਭੂ ! ਅਬਿ ਕ੍ਰਿਪਾ ਕਰੀਜੈ।
ਬਖਸ਼ਹੁ ਜਾਨਿ ਆਪਨੋ ਲੀਜੈ ॥੧੨॥
ਲਖਿ ਕਾਸ਼ਟ ਅਪਨੋ ਪ੍ਰਿਤਪਾਰਜੋ।
ਜਲ ਨ ਡਬੋਵਹਿ ਊਪਰ ਤਾਰਜੋ।
ਹੈ ਬਡਿਅਨਿ ਕੀ ਅਸ ਬਡਿਆਈ।
ਤਰੀ ਅਲੰਬ ਜਿਸ, ਦੇਹ ਤਰਾਈ[3] ॥੧੩॥
ਮੈਂ ਭੂਲਜੋ ਤੁਮ ਬਖਸ਼ਨਹਾਰੇ।
ਬੋਲਜੋ ਕ੍ਰੂਰ ਤ੍ਰਾਸ ਉਰ ਧਾਰੇ।
ਬਿਗਰੈਂ ਸੂਬੇ ਹੋਹਿਂ ਮਵਾਸੀ।
ਪੁਨ ਗਨ ਪਰੀ ਸ਼ਰ੍ਹਾ ਦਿਢ ਫਾਸ਼ੀ ॥੧੪॥
ਇੱਤਜਾਦਿਕ ਜੇ ਬਿਘਨ ਬਿਸਾਲਾ।

---
[1] ਡਾਢੀ ਸ਼ੋਭਾ।
[2] ਹੈਰਾਨ ਹੋਇਆ।
[3] ਬੇੜੀ ਜਿਸ (ਜਲ ਦੇ) ਆਸਰੇ ਹੈ (ਜਲ ਉਸ ਨੂੰ) ਤਾਰ ਦੇਂਦਾ ਹੈ।

ਇਨ ਬਚਾਇ[1] ਪੁਰਵਤਿ ਤੁਮ ਸ੍ਵਾਲਾ।
ਪਲਟਾ ਸਭਿ ਤੇ ਮੈਂ ਲੇ ਦੇਤਿ।
ਮਾਰਤਿ ਗੁਰ ਦ੍ਰੋਹੀ ਜਗ ਜੇਤ ॥੧੫॥
ਤੁਮ ਸਮਰਥ ਸਭਿ ਬਿਧਿ ਬਲ ਧਰੇ।
ਚਹਹੁ ਜਥਾ ਤਤਛਿਨ ਲਿਹੁ ਕਰੇ।
ਦੈਬੇ ਹੇਤੁ ਮੋਹਿ ਬਡਿਆਈ।
ਜਾਚਜੋ ਏਕ ਸ੍ਵਾਲ ਗੋਸਾਈਂ ॥੧੬॥
ਡਰਤਜੋਂ ਮੁਝ ਤੇ ਨਹਿਂ ਬਨਿ ਆਯੋ।
ਨਿਜ ਸਿਖ ਪਠਿ ਪਲਟਾ ਤੁਮ ਪਾਯੋ।
ਅਬਿ ਕਰੁਨਾ ਕਰਿ ਦੇਹੁ ਹਟਾਇ।
ਸਭਿ ਦ੍ਰੋਹੀ ਲੀਨੇ ਤਿਨ ਘਾਇ' ॥੧੭॥
ਮੌਨ ਧਰੇ ਪ੍ਰਭੁ ਸੁਨਤੇ ਰਹੇ।
ਪੁਨ ਪ੍ਰਸੰਨ ਹ੍ਵੈ ਕਰਿ ਬਚ ਕਹੇ।
'ਤੁਝ ਪ੍ਰਤਿ ਕਹਿਨ ਹੁਤੋ ਹਮ ਜੋਇ।
ਕਹਿ ਦੀਨੋ ਅਬਿ ਆਪਹੁ ਸੋਇ ॥੧੮॥
ਅਪਨੋ ਕਹਜੋ ਕਰਜੋ ਨਹਿਂ ਸਾਚਾ।
ਸ਼ਰ੍ਹਾਵਾਨ ਤੇ ਚਿਤ ਡਰ ਰਾਚਾ।
ਸਲਤਨ ਤੁਮਰੀ ਸ਼੍ਰਾਪਤਿ ਅਹੈ।
ਨਹੀਂ ਸਥਿਰਤਾ ਆਗੈ ਰਹੈ[2] ॥੧੯॥
ਸ਼ਰਨ ਪਰਜੋ ਤੋ ਕੋ ਹਮ ਜਾਨਾ।
ਜਬਿ ਲੌ ਜਿਯਹਿ ਦਿਯੋ ਇਹ ਦਾਨਾ।
ਤੁਮ ਪਿਤ ਬਡ ਅਪਰਾਧ ਕਮਾਏ।
ਰਾਜ ਤੇਜ ਤੁਰਕਾਨ ਗਵਾਏ ॥੨੦॥
ਨਹੀਂ ਬਹੋਰ ਸਕੈ ਅਬਿ ਕੋਈ।
ਈਸ਼ੁਰ ਕੀ ਇੱਛਾ ਅਸ ਹੋਈ।
ਅਬਿ ਭੀ ਉਤਰ ਸਕਜੋ ਨਹਿਂ ਪੂਰਾ।
ਤ੍ਰਸਤਿ ਬਹੁਤ ਬਿਧਿ ਹੋਯਸ ਕੂਰਾ' ॥੨੧॥
ਸੁਨਤਿ ਬਹਾਦਰ ਸ਼ਾਹੁ ਲਜਾਯੋ।
'ਪ੍ਰਭੁ ਜੀ ਦੀਜੈ ਰੌਰ ਹਟਾਯੋ।
ਜਬਿ ਲੌ ਸਲਤਨ ਮੁਝ ਪ੍ਰਤਿ ਦੀਨਿ।

---

[1]ਇਨ੍ਹਾਂ ਗੱਲਾਂ ਤੋਂ ਬਚਾਕੇ।
[2]ਅੱਗੇ ਪਾਤਸ਼ਾਹੀ ਨਹੀਂ ਠਹਿਰੇਗੀ।

ਕਰਹੁ ਕ੍ਰਿਪਾ ਹੁਇ ਸੰਕਟ ਹੀਨ ॥੨੨॥
ਦਿਨ ਪ੍ਰਤਿ ਲਿਖਯੋ ਆਇ ਅਹਿਵਾਲ।
ਪਰੀ ਸਰਬ ਦੇਸ਼ਨ ਚਲ ਚਾਲ[1]।
ਨਹਿਂ ਦਿੱਲੀ ਲਗਿ ਕਰਹਿਂ ਅਰਾਮੂ।
ਅਤਿ ਚਿੰਤਾ ਸੁਪਤੈਂ ਨ ਤਮਾਮੂ ॥੨੩॥
ਏਤੀ ਬਾਤ ਕਰਤਿ ਥੇ ਖਰੇ।
ਪਹੁੰਚੇ ਪੰਚ ਸਿੰਘ ਰਿਸ ਭਰੇ।
ਚਰਨ ਸਰੋਜਨ ਕੋ ਲਪਟਾਏ।
ਗੁਰ ਬੂਝੇ 'ਕਿਤ ਤੇ ਤੁਮ ਆਏ?' ॥੨੪॥
ਸੁਨਿ ਤਿਨ ਸਰਬ ਬ੍ਰਿਤੰਤ ਬਖਾਨਾ।
'ਗਰਬਜੋ ਬੰਦਾ ਰਿਦੈ ਮਹਾਨਾ।
ਸਿੰਘਨ ਕੀ ਸਹਾਇਤਾ ਪਾਇ।
ਦੇਸ਼ ਪੰਜਾਬ ਸੁ ਜੀਤਜੋ ਜਾਇ ॥੨੫॥
ਗੁਰ ਕੇ ਕਾਰਜ ਸਕਲ ਸਵਾਰੇ।
ਜੋ ਦ੍ਰੋਹੀ ਸੇ ਚੁਨਿ ਚੁਨਿ ਮਾਰੇ।
ਮਾਰਿ ਵਜ਼ੀਦਾ ਧੂਲ ਮਿਲਾਯੋ।
ਪੁਰਿ ਸਿਰ੍ਹੰਦ ਲੂਟਜੋ ਮਨ ਭਾਯੋ ॥੨੬॥
ਆਦਿ ਸਢੌਰਾ ਕਤਲ ਕਰੇ ਹੈਂ।
ਤੁਰਕ ਸਿੰਘ ਕਰਿ ਜੋਰ ਲਰੇ ਹੈਂ।
ਭਏ ਅਨਿਕ ਹੀ ਜੰਗ ਅਖਾੜੇ।
ਹਤਿ ਤੁਰਕਾਨਾ ਸਤਰ ਉਘਾੜੇ[2] ॥੨੭॥
ਮਹਾਂ ਰੌਰ ਮਾਚਜੋ ਤਿਸ ਦੇਸ਼।
ਕਰੇ ਮਾਰਿ ਕੈ ਬਿਜੈ ਅਸ਼ੇਸ਼।
ਭਯੋ ਪ੍ਰਤਾਪ ਅਮਲ ਠਹਿਰਾਯੋ।
ਜਿਤ ਕਿਤ ਤੇ ਹਾਲਾ ਗਨ ਆਯੋ ॥੨੮॥
ਸੁਧਾ ਸਰੋਵਰ ਪੁਨ ਚਲਿ ਗਏ।
ਮੱਜਨ ਕਰੇ ਕਲੁਖਤਿ ਹਏ।
ਸੁੰਦਰ ਹਰਿਮੰਦਰ ਕੇ ਅੰਦਰ।
ਦਰਸ਼ਨ ਕਰਜੋ ਥਿਰੇ ਸ਼ੁਭ ਨੰਦਰ[3] ॥੨੯॥

---
[1]ਹਲਚਲ।
[2]ਪੜਦੇ ਨੰਗੇ ਕੀਤੇ।
[3]ਅੰਦਰ ਸ਼ੋਭਦੇ ਹਨ।

ਤਹਿਂ ਗਰਬਤਿ ਚਾਹਤਿ ਬਡਿਆਈ।
ਪਾਸ ਖਾਲਸੇ ਤੇ ਗੁਰਿਆਈ।
ਚਮੂੰ ਪਦਾਰਥ ਦਰਬ ਬਿਸਾਲਾ।
ਨਿਜ ਢਿਗ ਜਾਨ੍ਯੋ ਚਲ੍ਯੋ ਕੁਚਾਲਾ ॥੩੦॥
ਸਿੰਘ ਮਿਲੇ ਮਸਲਤ ਕਰਿ ਸਬੈ।
ਕਰ੍ਯੋ ਅਨਾਦਰ ਤਿਸ ਕੋ ਤਬੈ।
ਨਹੀਂ ਮੇਲ ਤੁਝ ਸੰਗ ਹਮਾਰੋ।
ਪੰਥ ਗੁਰੂ ਕੋ ਅਪਰ ਅਚਾਰੋ[1] ॥੩੧॥
ਸ਼੍ਯਾਮ ਬਰਨ ਮਦ ਆਮਿਖ ਲ੍ਯਾਏ।
ਨਾਕ ਦਬਾਯੋ ਨਹਿਂ ਮਨ ਭਾਏ।
ਏਵ ਬੋਲ ਕਰਿ ਭਏ ਨਿਰਾਲੇ।
ਨਿਜ ਨਿਜ ਗ੍ਰਾਮਨਿ ਬਰੇ ਸੁਖਾਲੇ ॥੩੨॥
ਬ੍ਰਹਮਚਰਜ ਤਿਸ ਨਾਂਹਿਨ ਰਾਖ੍ਯੋ।
ਕਰ੍ਯੋ ਬ੍ਯਾਹ ਬਿਸ਼੍ਯਾਨੰਦ ਕਾਂਖ੍ਯੋ।
ਸ਼੍ਰੀ ਬਿਨੋਦ ਸਿੰਘ ਝਿਰਕਨ ਕਰ੍ਯੋ।
ਸੁਤ ਉਪਜਾਯੋ ਨਾਂਹਿਨ ਡਰ੍ਯੋ ॥੩੩॥
ਅਬਿ ਤਿਸ ਕੀ ਚਹਿ ਗਲੀ ਕੁਠਾਲੀ[2]।
ਬਚਨ ਆਪ ਕੋ ਜਾਇ ਨ ਖਾਲੀ।
[3]ਪ੍ਰਿਥਕ ਭਏ ਸੁਨਿ ਕ੍ਰੋਧ ਨ ਧਰੇ।
ਨਹੀਂ ਖਾਲਸੇ ਸ੍ਰਾਪਤਿ ਕਰੇ ॥੩੪॥
ਯਾਂ ਤੇ ਸੁਧ ਹਿਤ ਹਮੈਂ ਪਠਾਯੋ।
ਬਿਗਰ ਗਯੋ ਜਿਮ ਸਰਬ ਸੁਨਾਯੋ।'
ਸੁਨਿ ਕੈ ਗੁਰੂ ਸ਼ਾਹੁ ਸੋ ਕਹ੍ਯੋਂ।
'ਸੋ ਅਬਿ ਤੇਜ ਹੀਨ ਹੀ ਰਹ੍ਯੋ ॥੩੫॥
ਨਹਿਂ ਚਿੰਤਾ ਧਰਿ, ਪੁਜ੍ਯੋ ਸਮੋਂ ਤਿਹ।
ਭਯੋ ਬਿਕਾਰੀ ਗਰਬ ਵਧ੍ਯੋ ਜਿਹ।
ਹਟਿ ਜੈਹੈ ਅਬਿ ਬਿਨਾ ਹਟਾਏ।
ਹਮਨੇ ਪਲਟਾ ਲੀਨਸਿ ਪਾਏ ॥੩੬॥

---

[1]ਗੁਰੂ ਪੰਥ ਦਾ ਹੋਰ ਹੀ ਆਚਾਰ ਹੈ (ਕਿ ਉਹ ਦਸਮੇ ਗੁਰੂ ਤੋਂ ਬਾਦ ਕਿਸੇ ਨੂੰ ਗੁਰੂ ਨਹੀਂ ਮੰਨ ਸਕਦੇ)।
[2]ਕੁਠਾਲੀ ਗਲਣ ਵਾਲੀ ਹੈ।
[3](ਬਾਬਾ ਬਿਨੋਦ ਸਿੰਘ ਜੀ) ਜੁਦਾ ਹੋ ਗਏ, ਭਾਵ ਚਲੇ ਗਏ; (ਇਹ ਗੱਲ) ਸੁਣਕੇ ਖਾਲਸੇ ਨੇ ਨਾ ਕ੍ਰੋਧ ਕੀਤਾ ਹੈ ਤੇ ਨਾ ਬੰਦੇ ਨੂੰ ਸਰਾਪ ਦਿੱਤਾ ਹੈ।

ਕਾਰਨ ਇਤਿਕ ਹੁਤੋ ਅਬਿ ਗਯੋ।
ਗਲਨ ਕੁਠਾਲਿ ਸਮੋਂ ਅਬਿ ਭਯੋ।'
ਪੁਨ ਸਿੰਘਨ ਸਨ ਗੁਰੂ ਉਚਾਰਾ।
'ਮੋਹਿ ਪੰਥ ਨਹਿਂ ਕਾਚ* ਅਚਾਰਾ[1] ॥੩੭॥
ਨਹਿਂ ਬਿਗਰੇ, ਕੋ ਸਕੈ ਬਿਗਾਰੇ[2]।
ਰਹਹੁ ਦੇਸ਼ ਤਿਸ ਬਨਹੁ ਜੁਝਾਰੇ।
ਬੇਮੁਖ ਕੋ ਤਜਿ ਦੀਜੈ ਸੰਗ।
ਆਪ ਸ਼ਿਰੋਮਣਿ ਬਨਹੁਂ ਨਿਸੰਗ ॥੩੮॥
ਸੰਮਤ ਕਿਤਿਕ ਸਮਾ ਜਬਿ ਆਵੈ।
ਰਾਜ ਖਾਲਸੇ ਕੋ ਹੁਇ ਜਾਵੈ।
ਅਵਨੀ ਕੇ ਮਾਲਿਕ ਬਨਿ ਜੈ ਹੈਂ।
ਮਾਰਤਿ ਮਰਤਿ ਤਬਹਿ ਬਿਦਤੈ ਹੈਂ' ॥੩੯॥
ਇਮ ਸਤਿਗੁਰ ਸ਼੍ਰੀ ਬਚਨ ਉਚਾਰੇ।
ਸੁਨਿ ਕੈ ਭਏ ਅਨੰਦਤਿ ਸਾਰੇ।
ਸ਼ਾਹੁ ਬਹਾਦਰ ਸੀਸ ਨਿਵਾਇ।
ਡੇਰੇ ਗਮਨਜੋ ਸਹਿਜ ਸੁਭਾਇ ॥੪੦॥
ਜਹਿਂ ਕਹਿਂ ਲਿਖਿ ਭੇਜੇ ਪਰਵਾਨੇ।
'ਲਸ਼ਕਰ ਚੜ੍ਹੇ ਮਹਿਦ ਮਹੀਯਾਨੇ।
ਤੇਜ ਹੀਨ ਰਿਪੁ ਹੋਯਸਿ ਮਾਰਹੁ।
ਜਾਨਿ ਨ ਦੀਜੈ ਬਹੁ ਪਰਵਾਰਹੁ[3] ॥੪੧॥
ਸਰਬ ਭੇਤ ਸ਼੍ਰੀ ਗੁਰੂ ਸੁਨਾਯੋ।
ਗਹਿ ਲੀਜੈ ਕਰਿ ਬਿਬਿਧਿ ਉਪਾਯੋ।'
ਸ਼੍ਰੀ ਪ੍ਰਭੁ ਪਹੁਂਚੇ ਅਪਨਿ ਸਥਾਨਾ।
ਅਬਿ ਲੌ ਹੀਰਾ ਘਾਟ ਬਖਾਨਾ ॥੪੨॥
ਹੀਰਾ ਗੁਰੂ ਬਗਾਵਨਿ ਕਰਜੋ।
ਨਾਮ ਗੁਦਾਵਰਿ ਤਟ ਕੋ ਪਰਜੋ।
ਗੇਰਤਿ ਹੇਰਤਿ ਬਿਸਮਜੋ ਸ਼ਾਹੂ।
ਹੁਤੋ ਬਿਕੀਮਤ ਗਾ ਜਲ ਮਾਂਹੂ[4] ॥੪੩॥

---

*ਪਾ:-ਕਾਜ।
[1]ਮੇਰੇ ਪੰਥ ਦਾ ਕੱਚਾ ਪਿੱਲਾ ਆਚਾਰ ਨਹੀਂ।
[2]ਨਾ (ਆਪ) ਬਿਗਾੜੇਗਾ ਤੇ ਨਾਂ ਕੋਈ ਬਿਗਾੜ ਸਕਦਾ ਹੈ।
[3]ਘੇਰ ਲਓ।
[4]ਪਾਣੀ ਵਿਚ ਜਾ ਪਿਆ।

ਕੇਤਿਕ ਦਿਨ ਪ੍ਰਭੁ ਪਾਸ ਬਿਤਾਏ।
ਸਿੰਘ ਪੰਜਾਬ ਦੇਸ਼ ਚਲਿ ਆਏ।
ਗੁਰ ਕੀ ਕਹਿਵਤ ਸਕਲ ਸੁਨਾਈ।
ਸ਼ਾਂਤਿ ਖਾਲਸੇ ਕੇ ਚਿਤ ਆਈ[+] ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤ੍ਰ ਐਨੇ 'ਬਹਾਦਰਸ਼ਾਹ' ਪ੍ਰਸੰਗ ਬਰਨਨੰ ਨਾਮ ਤੌਦ੍ਰਸਮੋਂ ਅੰਸੂ ॥੧੩॥

---

[+]ਏਹ ਸਮਾਚਾਰ ਕਵੀ ਜੀ ਤੱਕ ਠੀਕ ਨਹੀਂ ਅੱਪੜੇ। ਕਵੀ ਜੀ ਗੁ: ਪ੍ਰ: ਸੂ: ਮੁਕਾਉਂਦੇ ਸਾਰ ਹੀ ਚੜ੍ਹ ਗਏ ਹਨ। ਪੁਸਤਕ ਸੋਧਣ ਦਾ ਸਮਾਂ ਆਪ ਨੂੰ ਨਹੀਂ ਲੱਝਾ ਤੇ ਨਾ ਤਾਰੀਖਾਂ ਦੀ ਖੋਜ ਆਪ ਤੋਂ ਹੋਈ ਜਾਪਦੀ ਹੈ। ਤਾਰੀਖੀ ਖੋਜ ਦਾ ਨਿਚੋੜ ਇਹ ਹੈ:-ਤਾਰਾ ਆਜ਼ਮ ਦਾ ਜੰਗ ਜੇਠ ਸੰਮਤ ੧੭੬੪ ਵਿਚ ਹੋਇਆ, ਉਸ ਤੋਂ ਬਾਦ ਗੁਰੂ ਜੀ ਨਾਦੇੜ ਅੱਪੜੇ। ਕੱਤਕ ਸੰਮਤ ੧੭੬੫ ਵਿਚ ਗੁਰੂ ਜੀ ਨਾਦੇੜ ਵਿਚ ਜੋਤੀ ਜੋਤ ਸਮਾਏ ਲਿਖੇ ਹਨ। ਬੰਦੇ ਦੇ ਸਰਹਿੰਦ ਵਾਲੀ ਲੜਾਈ (ਚਪੜ ਚਿੜੀ) ਫਤੇ ਕਰਨ ਦੀ ਤਰੀਕ ਹੈ ੧੫ ਜੇਠ ੧੭੬੭। ਇਸ ਵੇਲੇ ਗੁਰੂ ਜੀ ਨੂੰ ਜੋਤੀ ਜੋਤ ਸਮਾਇਆਂ ਇਕ ਸਾਲ ਸੱਤ ਕੁ ਮਹੀਨੇ ਹੋ ਚੁਕੇ ਸਨ। ਪਾਤਸ਼ਾਹ ਸਰਹਿੰਦ ਫਤੇ ਹੋਣ ਵੇਲੇ ਅਜਮੇਰ ਸੀ ਤੇ ਉਸ ਨੂੰ ਇਹ ਖ਼ਬਰ ੨੩ ਜੇਠ ੧੭੬੭ ਨੂੰ ਪਹੁੰਚੀ।

## ੧੪. [ਸ਼ਿਕਾਰ ਘਾਟ, ਨਗੀਨਾ ਘਾਟ ਆਦਿ ਕਥਾਵਾਂ]

੧੩<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੫

ਦੋਹਰਾ: ਇਤ ਸੈਨਾ ਲਾਖਹੁਂ ਮਿਲੀ, ਬੰਦੇ ਕੇ ਪਸ਼ਚਾਤ।
ਹਟੇ ਸਿੰਘ ਅਰੁ ਤੇਜ ਬਿਨ[1], ਹੋਤਿ ਭਟਨਜ ਕੋ ਘਾਤ ॥੧॥
ਚੌਪਈ: ਠਹਿਰ ਨ ਸਕੈ ਜੰਗ ਕੋ ਠਾਂਨਤਿ।
ਲਰਤਿ ਸੁ ਕਬੈ ਪਲਾਇ ਪਯਾਨਤਿ।
ਸਨੇ ਸਨੇ ਹਾਰਤਿ ਚਲਿ ਗਯੋ।
ਜਾਇ ਗਿਰਨਿ ਮਹਿਂ ਪ੍ਰਾਪਤਿ ਭਯੋ ॥੨॥
ਦੁਰਗ ਲੋਹਗੜ੍ਹ[2] ਰਚਯੋ ਬਨਾਇ।
ਲਰਤਿ ਰਖੇ ਲਸ਼ਕਰ ਅਟਕਾਇ।
ਤਹਿਂ ਪ੍ਰਵੇਸ਼ ਹੁਇ ਜੁੱਧ ਮਚਾਵੈ।
ਸੁਭਟ ਹਜ਼ਾਰਹੁਂ ਸੰਘਰ ਘਾਵਹਿ ॥੩॥
ਘੇਰਾ ਪਰਯੋ ਚਹੂੰ ਦਿਸ਼ਿ ਮਾਂਹੀ।
ਐਬੇ ਜੈਬੇ ਮਾਰਗ ਨਾਂਹੀ।
ਇਤੈ ਪ੍ਰਸੰਗ ਭਯੋ ਇਸ ਰੀਤਿ।
ਉਤ ਗੁਰ ਕਥਾ ਸੁਨਹੁਂ ਧਰਿ ਪ੍ਰੀਤਿ ॥੪॥
ਪਰਯੋ ਸ਼ਾਹੁ ਕੋ ਸਿਵਰ ਸਮੀਪ।
ਸੰਗ ਹਜ਼ਾਰਹੁਂ ਜਿਸ ਅਵਨੀਪ।
ਚਢਹਿਂ ਅਖੇਰ ਪ੍ਰਭੁ ਬਹੁ ਬਾਰੀ।
ਜਾਂਹਿ ਗੁਦਾਵਰਿ ਸਰਿਤਾ ਪਾਰੀ ॥੫॥
ਨਾਮ ਸ਼ਿਕਾਰ ਘਾਟ ਤਹਿਂ ਭਯੋ।
ਐਬੇ ਜੈਬੇ ਕੋ ਮਗ ਥਯੋ।
ਬਿਚਰਹਿਂ ਬਨ ਮਹਿਂ ਗਨ ਮ੍ਰਿਗ ਘਾਵੈਂ।
ਛੱਤ੍ਰੀ ਧਰਮ ਭਲੇ ਨਿਬਹਾਵੈਂ ॥੬॥
ਤੀਰਨ ਕੀ ਤਰੀਫ ਸੁਨਿ ਕਾਨ।
ਆਵਤਿ ਸੱਯਦ, ਮੁਗ਼ਲ, ਪਠਾਨ।
ਪੁਰਿ ਅਨੰਦ ਚਮਕੌਰ ਮਝਾਰੇ।
ਬੀਰ ਹਜ਼ਾਰਹੁਂ ਜਿਨ ਤੇ ਮਾਰੇ ॥੭॥
ਇਕ ਸਰ ਗਨ ਨਰ ਤੇ ਪਰਿ ਪਾਰ[3]।

---

[1](ਬੰਦਾ) ਤੇਜ ਬਿਨਾਂ ਹੋ ਗਿਆ।

[2]ਇਹ ਮੁਖਲਸਗੜ੍ਹ ਨੂੰ ਬੰਦੇ ਨੇ ਆਪਣਾ ਟਿਕਾਣਾ ਬਣਾਕੇ ਲੋਹਗੜ ਨਾਮ ਧਰਿਆ ਸੀ ਤੇ ਇਸ ਨੂੰ ਪੱਕਾ ਕਰ ਲਿਆ ਸੀ।

[3]ਇਕ ਬਾਣ ਬਹੁਤ ਪੁਰਸ਼ਾਂ ਤੋਂ ਪਾਰ ਪੈ ਜਾਂਦਾ ਹੈ।

ਤੁਰਤ ਮਰਤਿ ਨਹਿਂ ਜਾਚਤਿ ਬਾਰ।
[1]ਲਗਤ ਹੁਤੇ ਤਬਿ ਚਲਤਿ ਨਿਹਾਰੇ।
ਨਹੀਂ ਚਲਾਵਤਿ ਪਿਖੇ ਉਦਾਰੇ ॥੮॥
ਸੋ ਭਟ ਆਵਤਿ ਬਿਨੈ ਸੁਨਾਵੈਂ।
'ਹਮਰੇ ਹੇਰਤਿ ਅਬਹਿ ਚਲਾਵੈਂ।'
ਸੁਨਿ ਅਰਜ਼ੀ ਮਰਜ਼ੀ ਤਿਨ ਜਾਨਿ।
ਐਂਚਿ ਸਰਾਸਨ ਛੋਰਹਿਂ ਬਾਨ ॥੯॥
[2]ਚੁਟਕੀ ਚਾਂਪਨਿ ਮੁਸ਼ਟ ਗ੍ਰਹਨ ਕੋ।
ਨਵਟੰਕਨ ਧਨੁ ਤਾਨ ਕਰਨ ਕੋ[੫]।
[3]ਲਾਘਵਤਾ ਧਰਿ ਤਾਕ ਨਿਸ਼ਾਨਾ।
ਤਜਨਿ ਅਚੂਕ ਪ੍ਰਹਾਰਨਿ ਬਾਨਾ[੬] ॥੧੦॥
ਇੱਤਯਾਦਿਕ ਧਨੁ ਵਿੱਦਯਾ ਭਾਰੀ।
ਰੀਝਹਿਂ ਭਟ ਜਬਿ ਕਰਤਿ ਨਿਹਾਰੀ।
'ਧੰਨ ਧੰਨ' ਕਰਿ ਬੰਦਨ ਠਾਨਤਿ।
ਜਾਹਿਂ ਸਿਵਰ ਮਹਿਂ, ਅਪਰ ਬਖਾਨਤਿ ॥੧੧॥
ਮਹਿਮਾ ਇਮ ਪਸਰੀ ਸਭਿ ਬਿਖੈ।
ਪਿਖੈਂ ਘਨੋ, ਸੁਨਿ ਸੁਨਿ ਕਵਿ ਲਿਖੈ।
        ਇਕ ਦਿਨ ਥਿਰ ਗੋਦਾਵਰਿ ਤੀਰ।
        ਬੈਠੇ ਪ੍ਰਭੁ ਨਰਨ ਕੀ ਭੀਰ ॥੧੨॥
ਏਕ ਸਿੱਖ ਆਯੋ ਤਿਹ ਸਮੋਂ।
ਭੇਟ ਨਗੀਨਾ ਧਰਿ ਕਿਯ ਨਮੋਂ।
ਅਵਲੋਕਯੋ ਲੇ ਕਰਿ ਨਿਜ ਹਾਥ।
ਗੇਰਿ ਗੁਦਾਵਰਿ ਮੈਂ ਦਿਯ ਨਾਥ ॥੧੩॥
ਬਿਸਮਯੋ ਸਿਖ ਮਨ ਚਿਤਵਨਿ ਠਾਨੀ।
-ਕੀਮਤਿ ਨਹੀਂ ਗੁਰੂ ਇਸ ਜਾਨੀ।
ਹਲਕੋ ਜਾਨਿ ਗੁਦਾਵਰਿ ਗੇਰਾ।
ਕਹਿਨੋ ਬਨੈ ਕਹਾਂ ਅਬਿ ਮੇਰਾ- ॥੧੪॥
ਪਸ਼ਚਾਤਾਪ ਕਰਤਿ ਚਿਤ ਲਹਯੋ।

---

[1]ਜਦ ਬਾਨ ਲਗਦੇ ਹੁੰਦੇ ਸਨ (ਜੰਗ ਵਿਚ) ਉਸ ਵੇਲੇ ਚਲਦੇ ਦੇਖੀਦੇ ਸਨ (ਪਰ ਸ਼੍ਰੀ ਗੁਰੂ ਜੀ) ਬਾਣ ਚਲਾਂਵਦੇ ਨਹੀਂ ਦੇਖੇ ਜਾਂਦੇ ਸਨ।
[2](ਹੱਥ ਵਿਚ) ਧਨੁਖ ਦੀ ਮੁੱਠ ਫੜਨੀ ਤੇ ਚੁਟਕੀ (ਨਾਲ) ਨੌ ਟੰਕਾਂ ਦੇ ਧਨੁਖ ਨੂੰ ਖਿੱਚਣਾ।
[3]ਫੁਰਤੀ ਨਾਲ ਨਿਸ਼ਾਨਾ ਤੱਕਕੇ ਤੀਰ ਦਾ ਛੱਡਣਾ, ਅਚੂਕ ਜਾਕੇ ਵੱਜਣਾ (ਨਿਸ਼ਾਨੇ ਤੇ)।

ਕ੍ਰਿਪਾ ਨਿਧਾਨ ਤਾਂਹਿ ਸੋਂ ਕਹਯੋ।
'ਜੇ ਬਹੁ ਕੀਮਤ ਕੇਰ ਨਗੀਨਾ।
ਨਿਕਟ ਨਿਹਾਰਿ ਨਿਕਾਰ ਪ੍ਰਬੀਨਾ! ॥੧੫॥
ਉੱਤਮ ਹੁਤੋ ਹਮਹਿਂ ਨਹੀਂ ਜਾਨਾ।
ਬਹੁਤ ਮੋਲ ਕੋ ਤੈਂ ਨ ਬਖਾਨਾ।'
ਇਮ ਸੁਨਿ ਸਿੱਖ ਉਤਾਇਲ ਕੀਨਿ।
ਬਰਜੋ ਗੁਦਾਵਰਿ ਹ੍ਵੈ ਪਟ ਹੀਨ ॥੧੬॥
ਜਲ ਅੰਤਰ ਜਬਿ ਦ੍ਰਿਸ਼ਟਿ ਲਗਾਈ।
ਪਿਖੇ ਨਗੀਨ ਪਰੇ ਸਮੁਦਾਈ।
ਗਨ ਹੀਰਨਿ ਕੇ ਗੰਜ ਲਗਾਏ।
ਲਖੀ ਪ੍ਰਭੂ ਮਾਇਆ ਬਿਸਮਾਏ ॥੧੭॥
ਕਹਾਂ ਨਗੀਨੇ ਕੇਰ ਗੁਮਾਨਾ।
ਜਬਰ ਜਵਾਹਰ ਜ਼ਾਹਰ ਨਾਨਾ।
ਸਭਿ ਤਜਿ ਸ਼ੀਘ੍ਰ ਨਿਕਸਿ ਕਰਿ ਆਯੋ।
ਪਗ ਪੰਕਜ ਸ਼੍ਰੀ ਗੁਰ ਲਪਟਾਯੋ ॥੧੮॥
'ਮੈਂ ਅਜਾਨ ਮਹਿਮਾ ਨਹੀਂ ਜਾਨੀਂ।
ਤੀਨ ਲੋਕ ਮਾਲਿਕ ਗੁਨ ਖਾਨੀ।
ਬਖਸ਼ਹੁ ਭੂਲ ਸੁ ਬਖਸ਼ਨ ਹਾਰੇ!
ਮੁਸਕਾਵਤਿ ਸ਼੍ਰੀ ਮੁਖਹੁਂ ਉਚਾਰੇ ॥੧੯॥
'ਹਰਿ ਹਰਿ ਸਿਮਰੋ ਨਿਸ਼ਚਾ ਧਰਯੋ।'
ਨਾਮ 'ਨਗੀਨਾ ਘਾਟ' ਸੁ ਪਰਯੋ।
ਇਮ ਬਿਲਾਸ ਪ੍ਰਭੂ ਕਰਤਿ ਅਨੇਕ।
ਪੁਨ ਦਿਵਾਨ ਮੈਂ ਥਿਰਿ ਦਿਨ ਏਕ ॥੨੦॥
ਧਨੀ ਪਠਾਨ ਆਇ ਤਿਹ ਸਮੋ।
ਬੈਠਯੋ ਹਾਥ ਜੋਰਿ ਕਰਿ ਨਮੋ।
ਦਸਤਾਵੇਜ਼[1] ਖਾਸ ਪ੍ਰਭੂ ਕੇਰੀ।
ਸੋ ਨਿਕਾਸਿ ਕਰਿ ਧਰੀ ਅਗੇਰੀ ॥੨੧॥
'ਲਿਖਤ ਸਹੰਸ੍ਰ ਇਕਾਦਸ਼ ਜਾਨੋ[2]।
ਮੋਲ ਤੁਰੰਗਮ ਕੋ ਪਹਿਚਾਨੋ।
ਰਾਵਰਿ ਸੰਗ ਜੰਗ ਬਹੁ ਪਰੇ।

---

[1]ਹੱਥ ਦੀ ਲਿਖਤ।
[2]੧੨੦੦੦।

ਹਮ ਨਹਿਂ ਆਏ, ਲੇਨਿ ਨ ਕਰੇ ॥੨੨॥
ਬੀਤਯੋ ਚਿਰੰਕਾਲ ਇਮ ਨਾਥ।
ਪਰੀ ਨਿਸ਼ਾਨੀ ਰਾਵਰਿ ਹਾਥ।
ਲਏ ਅਨੰਦ ਪੁਰੀ ਮਹਿਂ ਬਾਜ[1]।
ਤਬਿ ਤੇ ਮੈਂ ਦਿਖਰਾਈ ਆਜ ॥੨੩॥
ਲੇਨ ਉਮੈਦਵਾਰ ਧਨ ਕੇਰਾ।
ਪੂਰਬ ਭਯੋ ਨ ਆਵਨ ਮੇਰਾ।'
ਸੁਨਿ ਸ਼੍ਰੀ ਮੁਖ ਤੇ ਤਿਸੇ ਉਚਾਰਾ।
'ਨਿਸ਼ਚੈ ਲੈਨੋ ਦਰਬ ਉਦਾਰਾ ॥੨੪॥
ਮੋਲ ਹਯਨਿ ਕੋ ਹੈ ਹਮ ਯਾਦ।
ਤਊ ਕੀਨਿ ਤੈਨੇ ਪਰਮਾਦ[2]।
ਲੈਬੇ ਹੇਤੁ ਨਹੀਂ ਕਿਤ ਆਯੋ।
ਅਪਰ ਅਪਰ ਕਾਰਜ ਬਿਰਮਾਯੋ ॥੨੫॥
ਅਬਿ ਭੀ ਜੇ ਲਿਖ ਦੇਂ ਇਕ ਥਾਏਂ[3]।
ਪ੍ਰਾਪਤਿ ਦਰਬ ਹੋਇ ਤਹਿਂ ਜਾਏ।
ਜੇ ਨਿਸ਼ਚਾ ਧਰਨੋਂ ਉਰ ਭਾਰੀ।
ਹਮ ਤੇ ਸੰਮਤ ਤੀਸ ਪਿਛਾਰੀ ॥੨੬॥
ਬਿਦਤਹਿਂ ਤਬਹਿ ਨਿਸ਼ਾਨ ਨਗਾਰੇ।
ਪੰਥ ਖਾਲਸੇ ਕੋ ਬਲ ਭਾਰੇ।
ਅਵਨੀ ਰਾਜ ਲੇਹਿਂਗੇ ਲਰਿ ਕੈ।
ਸ਼ੱਤ੍ਰੂ ਸੰਗ ਸੰਘਰ ਮਹਿਂ ਭਰਿ ਕੈ ॥੨੭॥
ਤਬਿ ਸਿੰਘਨਿ ਮਹਿਂ ਜੋ ਸਿਰਦਾਰ।
ਦੇਗ਼ ਤੇਗ਼ ਕੋ ਧਨੀ ਉਦਾਰ।
ਤਿਸ ਕੋ ਲਿਖਤਿ ਇਹੀ ਦਿਖਰਾਵੋ।
ਬਜਾਜ ਸਮੇਤ ਦਰਬ ਕੋ ਪਾਵੋ' ॥੨੮॥
ਸੁਨਿ ਕਰਿ ਜੋਰਿ ਪਠਾਨ ਬਖਾਨੈ।
'ਬਜਾਜ ਲੈਨਿ ਹਮ ਹੈ ਨ ਇਮਾਨੈ।
ਰਾਵਰਿ ਆਇਸੁ ਨਹੀਂ ਬਹੋਰੈਂ।
ਮੋਲ ਹਯਨਿ ਕੋ ਸੋ ਹਮ ਲੋਰੈਂ' ॥੨੯॥

---
[1]ਘੋੜੇ।
[2]ਆਲਸ।
[3]ਇਕ ਥਾਂ ਤੇ।

ਭਏ ਪ੍ਰਸੰਨ ਭਨੀ ਪੁਨ ਬਾਨੀ।
'ਸਾਧ! ਸਾਧ![1] ਇਮਾਨ ਮਹਾਨੀ।
ਇਹ ਕਾਗਦ ਜੋ ਲਿਖ੍ਯੋ ਹਮਾਰਾ।
ਮਾਨਹਿਂ ਸਭਿ ਸਿੰਘਨਿ ਸਰਦਾਰਾ ॥੩੦॥
ਦੁਗਨ ਚਗੁਨਾ ਦਸ ਗੁਨ ਧਨ ਕੋ।
ਲੈ ਹੈਂ ਤਬਹਿ ਰਖੋ ਥਿਰ ਮਨ ਕੋ।
ਤੁਵ ਸੰਤਤ ਕੋ ਮਹਿਦ ਗੁਜ਼ਾਰਾ।
ਹੁਇ ਹੈ ਬਿਨ ਸੰਸੈ ਸੁਖ ਭਾਰਾ' ॥੩੧॥
ਸੁਨਤਿ ਖਾਨ ਪਗ ਟੇਕ੍ਯੋ ਮਾਥਾ।
ਰੁਖਸਦ ਭਯੋ ਜੋਰਿ ਕਰਿ ਹਾਥਾ।
ਜਬੈ ਖਾਲਸਾ ਬਿਦਤ੍ਯੋ ਭਾਰੀ।
ਭਯੋ ਰਾਜ ਲੀਨੇ ਰਿਪੁ ਮਾਰੀ ॥੩੨॥
ਤਬਿ ਸਰਦਾਰਨਿ ਕੇ ਢਿਗ ਗਯੋ।
ਧਨ ਗਨ ਸੁਖ ਸੋਂ ਪ੍ਰਾਪਤਿ ਭਯੋ।
ਸੰਤਤਿ ਧਨੀ ਬਿਸਾਲ ਭਏ ਹੈਂ।
ਆਦਰ ਸਿੰਘਨ ਸਭਿਨਿ ਦਏ ਹੈਂ ॥੩੩॥
ਇਸ ਬਿਧਿ ਸਤਿਗੁਰੂ ਦਿਵਸ ਬਿਤਾਏ।
ਚਲਨ ਬਿਕੁੰਠ ਸਮੋਂ ਨਿਯਰਾਏ।
ਆਵਤਿ ਸਾਧ ਜਮਾਤ ਉਦਾਸੀ।
ਦਰਸ਼ਨ ਕਰ ਬੰਦੇ ਰਹਿ ਪਾਸੀ ॥੩੪॥
ਲੇਹਿਂ ਤਿਹਾਵਲ ਰਸਤ ਹਮੇਸ਼।
ਸਿਮਰਹਿਂ ਸਤਿਗੁਰ ਕੋ ਉਪਦੇਸ਼।
ਦੇਗ਼ ਹੋਤਿ ਬਰਤੈ ਜਿਸ ਬਾਰੀ।
ਤਾਂਹਿ ਸਮੈਂ ਰੌਰਾ ਪਰਿ ਭਾਰੀ ॥੩੫॥
ਇਕ ਦਿਨ ਸ਼ਾਹੁ ਬਹਾਦਰ ਸੁਨ੍ਯੋਂ।
ਅਪਨੇ ਉਮਰਾਵਨਿ ਮਹਿਂ ਭਨ੍ਯੋਂ।
'ਯਹਿ ਸੁਨਿਯਤਿ ਕੈਸੋ ਬਡ ਰੌਰਾ।
ਲਖੀਅਤਿ ਗੁਰੂ ਸਿਵਰ ਕੀ ਠੌਰਾ' ॥੩੬॥
ਸੁਧਿ ਹਿਤ ਮਾਨਵ ਸ਼ੀਘ੍ਰ ਪਠਾਯੋ।
ਸੁਨਿ ਕਾਰਨਿ ਕੋ ਹਟਿ ਕਰਿ ਆਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।

---

[1] ਸ਼ਾਬਾਸ਼ ਸ਼ਾਬਾਸ਼।

'ਬਰਤਹਿ ਦੇਗ਼ ਗੁਰੂ ਕੀ ਭਾਰੀ ॥੩੭॥
ਲੇਤਿ ਸੁ ਦੇਤਿ ਖਾਲਸਾ ਬ੍ਰਿੰਦ।
ਬੋਲਤਿ ਆਪਸ ਬਿਖੈ ਬਿਲੰਦ।
ਕੋ ਜਾਚਤਿ ਠਹਿਰਾਵਤਿ ਕੋਈ।
ਕੋ ਬਰਜਤਿ ਕੋ ਰਿਸ ਮਹਿਂ ਹੋਈ' ॥੩੮॥
ਸੁਨਿ ਬ੍ਰਿਤੰਤ ਕੋ ਸ਼ਾਹੁ ਬਿਚਾਰਾ।
-ਛੁਧਾ ਸਹਿਤ ਰਹਿ ਪੰਥ ਉਦਾਰਾ।
ਅਲਪ ਆਮਦਨ ਹੈ ਇਸ ਦੇਸ਼।
ਅਚਨ ਹਾਰ ਨਰ ਮਿਲੇ ਵਿਸ਼ੇਸ਼ ॥੩੯॥
ਦਰਬ ਰੋਜ਼ ਕੋ[1] ਕਛੁ ਕਰ ਦੀਨੋ।
ਲੰਗਰ ਹੇਤੁ ਸੁਨਵਾਨ ਕੀਨੋ।
ਲੈ ਲੈ ਰਸਦ ਖਰੀਦਿ ਬਿਸਾਲਾ।
ਬਨੈ ਤਿਹਾਵਲ ਕਰਜੋ ਕ੍ਰਿਪਾਲਾ ॥੪੦॥
ਬਰਤਨ ਲਾਗਿ ਮਚਜੋ ਬਡ ਰੌਰਾ।
ਸੁਨਿਯਤਿ ਦੂਰ ਦੂਰ ਕੀ ਠੌਰਾ।
ਆਇ ਨਿਤਾਪ੍ਰਤਿ ਦਰਬ ਘਨੇਰਾ।
ਹੋਤਿ ਕੁਲਾਹਲ ਤਥਾ ਬਡੇਰਾ ॥੪੧॥
ਦਿਨ ਆਠਕ ਮਹਿਂ ਪੁਨ ਸੁਨਿ ਸ਼ਾਹੂ।
ਜਾਨਜੋ ਖਰਚ ਬਢਜੋ ਗੁਰ ਪਾਹੂ।
ਦਰਬ ਪ੍ਰਥਮ ਤੇ ਘਨੋ ਪਠਾਯੋ।
'ਲੰਗਰ ਕਰੋ ਜਿਤਿਕ ਮਨ ਭਾਯੋ' ॥੪੨॥
ਅਧਿਕ ਦਰਬ ਕੋ ਪਠਵਤਿ ਜਯੋਂ ਜਯੋਂ।
ਰੌਰਾ ਵਧਤ ਦੇਗ਼ ਮਹਿਂ ਤਯੋਂ ਤਯੋਂ।
ਦਯਾ ਸਿੰਘ ਪਹੁੰਚਜੋ ਕਿਸ ਕਾਰਨ।
ਏ ਪ੍ਰਸੰਗ ਸਭਿ ਕੀਨਿ ਉਚਰਾਨ ॥੪੩॥
'ਛੁਧਤ ਰਹਤਿ ਲਖਿ ਦਰਬ ਪਠਾਵੋਂ।
ਤਯੋਂ ਤਯੋਂ ਅਧਿਕ ਰੌਰ ਸੁਨਿ ਪਾਵੋਂ।
ਇਹ ਕਾਰਨ ਕਜਾ ਦੇਹੁ ਬਤਾਈ।'
ਦਯਾ ਸਿੰਘ ਤਬਿ ਕਹਜੋ ਸੁਨਾਈ ॥੪੪॥
'ਪੰਥ ਖਾਲਸੇ ਮਹਿਂ ਬਡ ਰੌਰਾ।
ਕਰਜੋ ਬਚਨ ਸੋਢੀ ਸਿਰਮੌਰਾ।

---

[1](ਲੰਗਰ ਲਈ) ਰੋਜ਼ ਦਾ ਧਨ।

ਕਯੋਂਹੂੰ ਮਿਟਤਿ ਨਹੀਂ ਅਬਿ ਸੋਈ।
ਬਰਤਹਿ ਕਛੂ, ਸ਼ੋਰ ਬਡ ਹੋਈ' ॥੪੫॥
ਬਿਸਮਯੋ ਸੁਨਤਿ ਬਹਾਦਰ ਸ਼ਾਹੂ।
ਜਾਨਯੋਂ ਦਲ ਦੀਰਘ ਗੁਰ ਪਾਹੂ।
ਰਹਯੋ ਪੁਚਾਵਤਿ ਦਰਬ ਘਨੇਰਾ।
ਲੰਗਰ ਬਰਤਹਿ ਬਡਹੁੰ ਬਡੇਰਾ ॥੪੬ ॥ {ਵਿਸ਼ੇਸ਼ ਟੂਕ}

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਸ਼੍ਰੀ ਗੁਰ ਦੇਗ' ਪ੍ਰਸੰਗ ਬਰਨਨੰ ਨਾਮ ਚੌਦਸਮੋਂ ਅੰਸੂ ॥੧੪॥

ਵਿਸ਼ੇਸ਼ ਟੂਕ:- ਅੰਕ ੪੬ ਤੇ ਇਹ ਅੰਸੂ ਮੁੱਕ ਜਾਂਦਾ ਹੈ। ਪਰ ਛਾਪੇ ਦੇ ਨੁਸਖੇ ਵਿਚ ਇਸ ਤੋਂ ਅੱਗੇ ੯ ਛੰਦ ਹੋਰ ਹਨ ਜਿਨ੍ਹਾਂ ਦਾ ਪਾਠ ਇਹ ਹੈ:-

ਇਕ ਦਿਨ ਦਯਾ ਸਿੰਘ ਜੀ ਆਏ।
ਸ਼੍ਰੀ ਗੁਰੂ ਪਾਸ ਬੈਠ ਸੁਖ ਪਾਏ।
ਕੰਬਨੀ ਚਢੀ ਸ੍ਰੀਰ ਮੈਂ ਸੋਈ।
ਜਾਨਯੋਂ ਅੰਤ ਸਮਾ ਤਨ ਹੋਈ ॥੪੭॥
ਸ਼੍ਰੀ ਗੁਰੂ ਕੋ ਕਰ ਬੰਦਨ ਤਬੈ।
ਗੋਦਾਵਰ ਮੱਜਨ ਕਿਯ ਤਬੈ।
ਜਪੁਜੀ ਪਾਠਿ ਕੀਨਿ ਤਿਹ ਸਮੈਂ।
ਦੇਹ ਤਜੀ ਪੰਜਭੂਤਕ ਛਿਨ ਮੈਂ ॥੪੮॥
ਮਾਰੂ ਪੜ੍ਹਨੇ ਲਗੇ ਰਬਾਬੀ।
ਸ਼੍ਰੀ ਗੁਰੂ ਪੂਛਯੋ 'ਕੌਣ ਸਬਾਬੀ?'
ਹਾਥ ਜੋੜ ਸਿੱਖ ਅਰਜ਼ ਗੁਜ਼ਾਰੀ।
'ਦਯਾ ਸਿੰਘ ਤਨਿ ਤਜਿ ਬਿਨ ਬਾਰੀ' ॥੪੯॥
ਸ਼੍ਰੀ ਗੁਰ ਕਹਯੋ ਕੌਨ ਹੈ ਕਾਰਨ?
ਹਮਰੇ ਬਿਨਾਂ ਮਿਲੇ ਜਿ ਪਧਾਰਨ।
ਜਾਵਹੁ ਸਿੱਖਹੁ! ਕਹੋ ਸੁਨਾਈ।
ਸੰਦੇਸਾ ਹਮਰੋ ਲਿਯੋ ਜਾਈ' ॥੫੦॥

ਦੋਹਰਾ: ਚਿਤਾ ਮਾਂਹਿ ਥੋ ਤਨ ਧਰਯੋ,
ਤਬ ਸਿੰਘ ਹੁਕਮ ਸੁਨਾਇ।
ਉਠਯੋ ਦਯਾ ਸਿੰਘ ਆਇਓ,
ਰਹੇ ਲੋਕ ਬਿਸਮਾਇ ॥੫੧॥
ਕਰਿ ਬੰਦਨ ਐਸੇ ਕਹੀ,
ਸੱਚ ਖੰਡ ਕੇ ਪੌਰ।

ਲੰਘਤ ਥਾ ਤਵ ਹੁਕਮ ਸੁਨਿ,
ਹਟ ਆਯੋ ਇਸ ਠੌਰ ॥੫੨॥

ਸੋਰਠਾ: ਸ੍ਰੀ ਗੁਰ ਕਹ੍ਯੋ ਸੁਨਾਯ ਮਮ ਆਯਸ ਬਿਨ ਜੋ ਗਯੋ।
ਯਾਤੇ ਲੀਯੋ ਬੁਲਾਯੋ ਲੈ ਸੰਦੇਸ ਜਾਵੌਂ ਅਬੈ ॥੫੩॥

ਸ੍ਰੀ ਮੁਖਵਾਕ ॥
ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ।
ਤੁਧ ਬਿਨ ਰੋਗ ਰਜਾਈਆ ਦਾ ਓਢਣ ਨਾਗ ਨਿਵਾਸਾ ਦੇ ਰਹਿਣਾ ॥੧॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗ[1] ਕਸਾਈਆ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਿਰ ਚੰਗਾ ਭੱਠਿ ਖੇੜਿਆਂ ਦਾ ਰਹਿਣਾ ॥੨॥੧॥

ਦੋਹਰਾ: ਸੁਨ ਸੰਦੇਸ ਕਰਿ ਬੰਦਨਾ ਸਿੱਖ ਗਯੋ ਸਚ ਥਾਨ।
ਤਬ ਪ੍ਰਭੁ ਭਏ ਉਦਾਸ ਮਨ ਚਹੈਂ ਪ੍ਰਲੋਕ ਪਯਾਨ ॥੫੪॥

ਪਰ ਇਹ ਵਾਧੂ ਪਾਠ ਅੰਕ ੪੯ ਤੋਂ ਮਗਰਲਾ ਸਾਨੂੰ ਮਿਲੇ ਲਿਖਤੀ ਨੁਸਖਿਆਂ ਵਿਚ ਦੇਖਣੇ ਵਿਚ ਕਿਤੇ ਨਹੀਂ ਆਇਆ। ਇਹ ਪ੍ਰਸੰਗ ਪੁਰਾਤਨ ਰਵਾਇਤਾਂ ਵਿਚ ਹੈ ਤਾਂ ਸਹੀ, ਪਰ ਇਥੇ ਕਿਸੇ ਨੇ ਮਗਰੋਂ ਪਾਇਆ ਜਾਪਦਾ ਹੈ, ਕਵੀ ਜੀ ਦਾ ਰਚਿਤ ਨਹੀਂ ਜਾਪਦਾ। ਸਭ ਤੋਂ ਪੁਰਾਣੇ ਡਿੱਠੇ ੧੯੧੨ ਦੇ ਨੁਸਖੇ ਵਿਚ ਬੀ ਇਹ ਪਾਠ ਨਹੀਂ ਹੈ ਤੇ ੧੯੧੯ ਵਾਲੇ ਨੁਸਖੇ ਵਿਚ ਬੀ ਨਹੀਂ ਹੈ। ਇਸ ਤੋਂ ਬੀ ਅਨੁਮਾਨ ਹੁੰਦਾ ਹੈ ਕਿ ਗ੍ਰੰਥ ਵਿਚ ਆਖੇਪਕ ਰਲਦੇ ਗਏ ਹਨ, ਚਾਹੇ ਗ੍ਰੰਥ ਰਚੇ ਨੂੰ ਸਮਾਂ ਥੋੜਾ ਬੀਤਿਆ ਹੈ। ਇਹ ਪ੍ਰਸੰਗ ਨਿਰਸੰਸੇ ਆਖੇਪਕ ਐਉਂ ਸਿੱਧ ਹੋ ਜਾਂਦਾ ਹੈ ਕਿ ਇਸੇ ਅਯਨ ਦੇ ਅੰਸੂ ੨੦ ਦੇ ਅੰਕ ੩੨ ਵਿਚ ਦਯਾ ਸਿੰਘ ਜੀ ਕਵੀ ਜੀ ਨੇ ਜੀਉਂਦੇ ਦੱਸੇ ਹਨ। ਪਰ ਆਖੇਪ ਵਾਲੇ ਛਾਪੇ ਦੇ ਨੁਸਖੇ ਵਿਚ ੨੦ ਅੰਸੂ ਵਿਚ ਪਾਠ ਜੋਧਾ ਸਿੰਘ ਬਦਲਾਇਆ ਹੋਇਆ ਹੈ। ਇਕ ਹੋਰ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਵਾਧੂ ਪਾਠ ਵਿਚ ਛੰਦਾਂ ਦੇ ਅੰਕ ਨਹੀਂ ਹਨ, ਇਹ ਆਖੇਪਕਾਰ ਤੋਂ ਰਹਿ ਗਏ ਹਨ। ਉਂਞ ਇਸ ਪ੍ਰਸੰਗ ਦੇ ਦੇਣ ਵਿਚ ਕਿਸੇ ਨੂੰ ਕੋਈ ਲਾਭ ਨਹੀਂ ਸੀ। ਗ਼ਾਲਬਨ ਦਸਮ ਗ੍ਰੰਥ ਦੇ ਗਿਆਨੀਆਂ ਵਿਚ ਜੋ ਇਤਿਹਾਸਕ ਉਥਾਨਕਾ 'ਮਿਤ੍ਰ ਪਿਆਰੇ' ਵਾਲੇ ਛੰਦ ਦੀ ਪਰਵਿਰਤ ਹੈ, ਉਹ ਕਿਸੇ ਪ੍ਰੇਮੀ ਨੇ ਇਸ ਗ੍ਰੰਥ ਨੂੰ ਭੂਸ਼ਿਤ ਕਰਨ ਵਾਸਤੇ ਸ਼ੁਭ ਭਾਵਨਾ ਨਾਲ ਪਾਈ ਹੈ।

---

[1]ਬਿੰਗ=ਸਾਕੀ ਦੇ ਵਿਯੋਗ ਵਾਕ, ਅਰਥਾਤ ਕਾਵਯ ਰਸ ਭਰੇ ਵਾਕ ਕਸਾਈਆਂ ਦੇ ਬਿੰਗ ਤੁਲ ਹਨ। ਬਿੰਗ ਕਹਿੰਦੇ ਹਨ ਬਕਰੇ ਨੂੰ ਕੁਹਣਾ ਤੇ ਦੱਬਕੇ ਰੱਖਣਾ। ਬਿੰਗ ਪਦ ਸ਼ਲੇਖ ਹੈ। ਇਉਂ ਬੀ ਅਰਥ ਹੈ ਕਿ ਸਰਾਹੀ ਤੇ ਪਜਾਲੇ ਨਾਲ ਜੋ ਖਾਣਾ ਹੁੰਦਾ ਹੈ ਉਹ ਬਿੰਗ ਤੁਲ ਦੁਖਦਾਈ ਹੈ। ਬਿੰਗ ਦਾ ਅਰਥ ਛੁਰਾ ਬੀ ਲਾਉਂਦੇ ਹਨ ਪਰ ਉਹ ਢੁੱਕਦਾ ਨਹੀਂ ਹੈ।

## ੧੫. [ਰਾਮ ਕੌਰ ਜੀ ਦਾ ਪਿਛੇ ਮੁੜਨਾ। ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ]

੧੪<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੬

ਦੋਹਰਾ: ਗਮਨ ਕਰਨ ਬੈਕੁੰਠ ਕੋ, ਲਖ੍ਯੋ ਸਮਾ ਨਿਯਰਾਇ।
ਸਾਹਿਬ ਦੇਵੀ ਨਿਕਟ ਰਹਿ, ਇਹ ਗੁਰ ਸਹਿ ਨ ਸਕਾਇਂ ॥੧॥
ਚੌਪਈ: ਰਾਮਕੁਇਰ ਭਾਈ ਕਹਿ ਕਥਾ।
ਸੁਨਿ ਸ਼੍ਰੋਤਾ! ਬੀਤੀ ਸ਼ੁਭ ਜਥਾ।
ਅਬਚਲ ਨਗਰ ਜਾਤਿ ਮਗ ਮਾਂਹੀ।
ਮੈਂ ਭੀ ਸੰਗ ਤਜ੍ਯੋ ਤਹਿਂ ਨਾਂਹੀ ॥੨॥
ਮਮ ਮਾਤਾ ਪੀਛੇ ਤੇ ਧਾਈ।
ਕੇਤਿਕ ਦੂਰ ਮਿਲੀ ਤਹਿਂ ਆਈ।
ਕਰਿ ਬੰਦਨ[1] ਕੋ ਅਰਜ਼ ਗੁਜ਼ਾਰੀ।
'ਏਕ ਪੁੱਤ੍ਰ ਹੈ ਮੋਹਿ ਅਗਾਰੀ[2] ॥੩॥
ਦੱਖਿਣ ਦੇਸ਼ ਦੂਰ ਹੈ ਜਾਨਾ।
ਪਿਖਨ ਕਹਾਂ, ਸੁਧ ਸੁਨਿਯ ਨ ਕਾਨਾ।
ਜਾਨਿ ਦੀਨ ਮੁਝ ਕੌ ਦੁਖ ਪਰੈ[3]।
ਪੁੱਤ੍ਰ ਬਿਰਹਿ ਤੇ ਨਹਿਂ ਕਿਮ ਸਰੈ ॥੪॥
ਕ੍ਰਿਪਾ ਸਿੰਧੁ ਇਹੁ ਕ੍ਰਿਪਾ ਕਰੀਜੈ।
ਮੇਰੋ ਪੁੱਤ੍ਰ ਸੰਗ ਮੁਝ ਦੀਜੈ।'
ਇੱਤਜਾਦਿਕ ਮਾਤਾ ਤੇ ਸੁਨੇ।
ਸੁਤ ਸਨੇਹ ਤੇ ਸੰਕਟ ਗੁਨੇ ॥੫॥
ਮੁਝ ਸੋਂ ਕਹ੍ਯੋ 'ਜਾਹੁ ਤੁਮ ਭਾਈ!
ਜਨਨੀ ਹੇਤੁ ਲੈਨ ਕੇ ਆਈ।
ਮਾਰਗ ਦੂਰ ਉਲੰਘਤਿ ਧਾਈ।
ਅਬਿ ਕੈਸੇ ਏਕਲਿ ਫਿਰਿ ਜਾਈ ॥੬॥
ਇਕ ਪੁੱਤ੍ਰਾ ਬ੍ਰਿਹੁ ਨਹੀਂ ਸਹਾਰੈ।
ਨਾਂਹਿ ਤ ਹਮਰੇ ਸੰਗ ਸਿਧਾਰੈਂ।'
ਸੁਨਿ ਮੈਂ ਗੁਰ ਕੇ ਖਰੋ ਅਗਾਰੀ।
ਭਯੋ ਦੀਨ ਇਮ ਬਿਨੈ ਉਚਾਰੀ ॥੭॥
'ਮੇਰੋ ਨੇਮ ਹੋਇ ਨਿਰਬਾਹੂ।

---

[1]ਸ੍ਰੀ ਗੁਰੂ ਜੀ ਨੂੰ ਨਮਸਕਾਰ ਕਰਕੇ।
[2]ਅੱਗੇ ਮੇਰਾ ਇਕ ਹੀ ਪੁੱਤ੍ਰ ਹੈ। (ਅ) ਭਾਵ ਮੇਰੀਆਂ (ਅੱਖਾਂ) ਅੱਗੇ ਇਕੋ ਹੀ ਪੁੱਤ੍ਰ ਹੈ।
[3](ਪੁੱਤ੍ਰ ਨੂੰ) ਜਾਣ ਦਿੱਤਿਆਂ ਮੈਨੂੰ ਦੁਖ ਸਹਿਣਾ ਪਵੇਗਾ। (ਅ) ਮੈ ਗ੍ਰੀਬ ਹਾਂ, ਜਾਣ ਲਓ ਕਿ (ਪੁੱਤ੍ਰ ਦੇ ਵਿਯੋਗ ਦਾ) ਦੁੱਖ ਮੈਨੂੰ ਪਏਗਾ।

ਰਹਨਿ ਹਮੇਸ਼ ਆਪ ਕੇ ਪਾਹੂ।
ਦਰਸ਼ਨ ਕਰੌਂ ਤ ਅਚੌਂ ਅਹਾਰਾ।
ਬਿਨ ਹੇਰੇ ਰਹਿਂ ਹੌਂ ਨਿਰਹਾਰਾ ॥੮॥
ਤੁਮ ਬਿਛਰੇ ਜਬਿ ਅੰਨ ਨ ਖੈਹੋਂ।
ਕਿਹ ਬਿਧਿ ਇਹ ਸਰੀਰ ਨਿਰਬੈਹੋਂ।
ਪ੍ਰਥਮ ਕਰਹੁ ਕੋ ਅਸ ਉਪਚਾਰਾ।
ਬਹੁਰ ਹਟਾਵਹੁ ਦੇਸ਼ ਮਝਾਰਾ' ॥੯॥
ਸੁਨਿ ਸਤਿਗੁਰ ਨੇ ਰਿਦੇ ਬਿਚਾਰੀ।
ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਚਢਹੁ ਅਖੇਰ ਹੇਤੁ ਜਬਿ ਬਾਹਰ।
ਹਮਰੋ ਦਰਸ਼ਨ ਪਿਖਿ ਤਹਿ ਜ਼ਾਹਰ ॥੧੦॥
ਜਬਿ ਚਾਹੋ ਤਬਿ ਨਿਕਸਿ ਪਧਾਰਹੁ।
ਕਾਨਨ ਮਹਿਂ ਹਮ ਦਰਸ ਨਿਹਾਰਹੁ।'
ਇਮ ਮੁਝ ਸੋਂ ਕਹਿ ਕੀਨਸਿ ਤਜਾਰੀ।
ਸਾਹਿਬ ਦੇਵੀ ਸਾਥ ਉਚਾਰੀ ॥੧੧॥
'ਤੁਮ ਭੀ ਹਟਿ ਦਿੱਲੀ ਪੁਰਿ ਜਾਹੂ।
ਬਸਹੁ ਸਪਤਨੀ[੧] ਕੇ ਨਿਤ ਪਾਹੂ।
ਸਭਿ ਸੰਗਤਿ ਤੁਮ ਸੇਵ ਕਮਾਵੈ।
ਹਮ ਸਮ ਦੁਹੂੰਅਨਿ ਦਰਸ਼ਨ ਪਾਵੈ[੨]' ॥੧੨॥
ਇੱਤਜਾਦਿਕ ਬਹੁਤੀ ਸਮੁਝਾਈ।
ਤਜਜੋ ਨ ਸੰਗ ਬਿਸਾਲ ਹਟਾਈ।
ਦਰਸ਼ਨ ਕਰਿ ਅਹਾਰ ਸੋ ਖਾਈ।
ਮੋਹਿ ਸਮਾਨ ਨੇਮ ਨਿਬਹਾਈ ॥੧੩॥
ਮਾਤ ਸੰਗ ਮੈਂ[੩] ਹੁਇ ਹਟ ਪਰਜੋ।
ਆਵਨ ਮੱਦ੍ਰ ਦੇਸ਼ ਮਹਿਂ ਕਰਜੋ।
ਨਿਤ ਅਖੇਰ ਹਿਤ ਗਮਨੌਂ ਬਾਹਰ।
ਦਰਸ਼ਨ ਗੁਰ ਦਰਸਹੁਂ ਤਬਿ ਜ਼ਾਹਰ ॥੧੪॥
ਅਬਚਲ ਨਗਰ ਗਏ ਗੁਰ ਰਹੇ।
ਸਮਾ ਅੰਤ ਤਨ ਕੋ ਤਬਿ ਲਹੇ।

---

[੧]ਭਾਵ ਸੁੰਦਰੀ ਜੀ ਪਾਸ।
[੨]ਸਾਡੇ ਵਾਂਙ ਦੋਹਾਂ (ਮਹਿਲਾਂ) ਦਾ ਦਰਸ਼ਨ (ਸੰਗਤ) ਪਾਵੇਗੀ।
[੩]ਮੈਂ (ਆਪਣੀ) ਮਾਤਾ ਨਾਲ।

-ਸੰਗ ਸਤੀ ਹੁਇ ਸਾਹਿਬ ਦੇਵੀ-।
ਚਿਤ ਮਹਿਂ ਚਿਤਵਤਿ ਭੇ ਪ੍ਰਭੁ ਏਵੀ ॥੧੫॥
ਅਪਨੇ ਤੇ ਤਬਿ ਚਹਤਿ ਬਿਛੋਰੀ।
ਪਠਨ ਹੇਤੁ ਦਿੱਲੀ ਪੁਰਿ ਓਰੀ।
ਕਹ੍ਯੋ 'ਜਾਹੁ ਅਬਿ ਦੇਰ ਨ ਲਾਉ।
ਬਸਹੁ ਸਪਤਨੀ ਹੈ ਜਿਸ ਥਾਉਂ' ॥੧੬॥
ਸੁਨਿ ਸਾਹਿਬ ਦੇਵੀ ਕਰ ਜੋਰੇ।
'ਦੀਨਮਨਾ ਹੁਇ ਚਰਨ ਨਿਹੋਰੇ।
ਤੁਮ ਬਿਨ ਮੋਰ ਅਲੰਬ ਨ ਕੋਈ।
ਦੇਖਿ ਅਚੌਂ ਜਲ ਭੋਜਨ ਦੋਈ ॥੧੮॥
ਬਿਛੁਰੇ ਤੇ ਦਰਸ਼ਨ ਕਿਮ ਹੋਇ।
ਸਹੌਂ ਕਸ਼ਟ ਪ੍ਰਾਨਨ ਕੋ ਖਾਇ।
ਕੌਨ ਗਤੀ ਪ੍ਰਭੁ ਹੋਇ ਹਮਾਰੀ।
ਬਨਿ ਲਚਾਰ ਮਰਿ ਰਹਉਂ ਬਿਚਾਰੀ' ॥੧੮॥
ਖੜਗ ਆਦਿ ਖਟ ਆਯੁਧ ਧਰੇ।
ਖਸ਼ਟਮ ਗੁਰੂ ਸਜਾਵਨ ਕਰੇ।
ਸ਼੍ਰੀ ਗੋਬਿੰਦ ਸਿੰਘ ਨਿਕਟ ਮੰਗਾਏ।
ਸਾਹਿਬ ਦੇਵੀ ਸਉਂਪਿ ਅਲਾਏ ॥੧੯॥
'ਦਰਸ਼ਨ ਕਰੈਂ ਹਮਾਰੇ ਯਥਾ।
ਇਨ ਕੋ ਅਵਲੋਕਨ ਲਖਿ ਤਥਾ।
ਕਰਹੁ ਪ੍ਰਾਤਿ ਕੋ ਜਬਿ ਇਸ਼ਨਾਨਾ।
ਦਰਸ਼ਨ ਕਰਹੁ ਧਯਾਨ ਮਮ ਠਾਨਾ ॥੨੦॥
ਇਮ ਨਿਬਹੈਗੋ ਨੇਮ ਤੁਹਾਰਾ।
ਲੇ ਕਰਿ ਪਹੁੰਚਹੁ ਪੁਰੀ ਮਝਾਰਾ।'
ਇੱਤਯਾਦਿਕ ਕਹਿ ਬਹੁ ਸਮੁਝਾਈ।
ਕੀਨੇ ਦਾਸ ਸੰਗ ਸਮੁਦਾਈ ॥੨੧॥
ਭਈ ਬਿਬਸ ਬਿਛਰੀ ਪਤਿ ਸਾਥ।
ਪਤਿਬਰਤਾ ਚਿਤਵਤਿ ਤਨੁ ਨਾਥ।
-ਆਗਯਾ ਮੇਟੀ ਜਾਇ ਨ ਕੋਈ।
ਪੁਨਿ ਬਿਕੁੰਠ ਕੋ ਚਲਿਬੋ ਹੋਈ ॥੨੨॥
ਸੰਗ ਸਤੀ ਕੋ ਹੋਵਨ ਮੇਰੋ।
ਨਹਿਂ ਚਾਹਿਤ ਨੀਕੀ ਬਿਧਿ ਹੇਰੋਂ।

ਯਾਂ ਤੇ ਚਿੰਤ ਸ਼ੋਕ ਕੀ ਅਗਨਿ।
ਕੇਤਿਕ ਦਿਨ ਮਹਿਂ ਰਹੌਂ ਨਿਮਗਨ ॥੨੩॥
ਤਨ ਸੁਕਾਇ ਪਿੰਜਰ ਕਰਿ ਦੇਊਂ।
ਮਰੌਂ ਅੰਤ ਕੋ ਬਹੁ ਦੁਖ ਹੋਊ-।
ਇਮ ਬਿਚਾਰ ਹੁਇ ਸੰਕਟ ਸਾਥ।
ਤਜਾਗ ਨ ਸਕਹਿ ਪਰਮ ਪ੍ਰਿਯ ਨਾਥ ॥੨੪॥
ਦੀਨ ਮਨਾ ਬੰਦੇ ਜੁਗ ਹਾਥ।
ਅੱਸ਼੍ਰ ਬਿਮੋਚਤਿ ਪਗ ਧਰਿ ਮਾਥ।
ਕਰਜੋ ਗਮਨ ਕੋ ਬੇਬਸ ਹੋਈ।
ਹੇਰਿ ਹੇਰਿ ਪਤਿ ਕੋ ਬਹੁ ਰੋਈ ॥੨੫॥
ਦਾਸ ਪਾਸ ਆਯੁਧ ਉਠਵਾਏ।
ਨਿਜ ਆਗੇ ਕਹਿ ਕਰਿ ਚਲਿਵਾਏ।
ਚਢਿ ਡੋਰੇ ਗਮਨੀ ਮਗ ਮਾਂਹੂ।
ਮਨ ਤੇ ਰਹਜੋ ਨਾਥ ਕੇ ਪਾਹੂ ॥੨੬॥
ਜਿਯਤ ਮੇਲ ਕੀ ਆਸ ਚੁਕਾਈ।
ਇਨ ਦੇਹਿਨਿ ਕੀ ਇਹੀ ਬਡਾਈ।
ਜੇ ਸਮ ਬ੍ਰਿਤਿ ਰਾਖੈਂ ਸੋ ਧੀਰ।
ਅੰਤਵੰਤ ਹੈਂ ਸਕਲ ਸਰੀਰ ॥੨੭॥
ਮਿਲਿਨਿ ਸੁ ਬਿਛੁਰਨਿ ਜਨਮ ਰੁ ਮਰਨਾ।
ਬਾਲਕ ਬਿਰਧ ਹੋਇ ਕੈ ਤਰੁਨਾ।
ਨਹੀਂ ਅਵਸਥਾ ਥਿਰਹਿ ਕਦਾਈ।
ਜਲ ਸਲਿਤਾ ਜਿਮ ਨਿਤ ਬਹਿ ਜਾਈ ॥੨੮॥
ਬਨਜੋਂ ਜਗਤ ਸਭਿ ਝੂਠ ਪਸਾਰਾ।
ਜੋ ਬਿਦਤਹਿ ਸੋ ਨਹੀਂ ਨਿਹਾਰਾ-।
ਇਮ ਚਿਤਵਤਿ ਮਾਰਗ ਮੋ ਆਈ।
ਸਨੇ ਸਨੇ ਦਿੱਲੀ ਨਿਯਰਾਈ ॥੨੯॥
ਸੁਧਿ ਸੁਨਿ ਕੈ ਮਾਤਹਿ ਆਗਵਨੂ।
ਸੰਗਤਿ ਗਈ ਅੱਗ੍ਰ ਤਜਿ ਭਵਨੂ।
ਨਮੋ ਕਰੀ ਸਭਿ ਨੇ ਕਰ ਜੋਰਿ।
ਦੇ ਕਰਿ ਨਾਨਾ ਭਾਂਤਿ ਅਕੋਰ ॥੩੦॥
ਸਨਮਾਨਤਿ ਪੁਰਿ ਮਹਿਂ ਲੈ ਆਏ।
ਸੀਸ ਸੁੰਦਰੀ ਅੱਗ੍ਰ ਨਿਵਾਏ।

ਮਿਲੀ ਸਪਤਨੀ ਆਪਸ ਮਾਂਹੀ।
ਸਿਮਰਤਿ ਪਤਿ ਸੁਤ ਰੁਦਨ ਕਰਾਹੀਂ ॥੩੧॥
'ਦੈਵ ਕਰੀ ਗਤਿ ਕਹਾਂ ਹਮਾਰੀ।
ਅੰਤ ਸਮੈਂ ਗੁਰ ਬ੍ਰਿਹੁ ਮਹਿਂ ਡਾਰੀ।
ਅਤਿ ਕਠੋਰ ਧਿਕ ਰਿਦੇ ਹਮਾਰੇ।
ਸੁਤਿ ਪਤਿ ਬਿਛਰੇ, ਭੇ ਤਨ ਧਾਰੇ[1] ॥੩੨॥
ਮਿਲੀ ਪਰਸਪਰ ਦੋਨਹੁਂ ਰੋਈ।
ਤ੍ਰਿਯ ਸਿੱਖਨਿ ਕੀ ਗਤਿ ਤਸ[*] ਹੋਈ[2]।
ਬਿਨੈ ਸਮੇਤ ਪ੍ਰਬੋਧਤਿ ਘਨੀ।
'ਗੁਰ ਪਤਨੀ ਤੁਮ ਨਹਿਂ ਇਮ ਬਨੀ ॥੩੩॥
ਸੇਵਾ ਕਰਹਿਂ ਸਰਬ ਹਮ ਦਾਸੀ।
ਨਿਸ ਬਾਸੁਰ ਪਰਚਹਿਂ ਰਹਿਂ ਪਾਸੀ।'
ਇੱਤਯਾਦਿਕ ਬਹੁ ਭਾਖਨਿ ਕਰਯੋ।
ਮਾਤ ਸੁੰਦਰੀ ਧੀਰਜ ਧਰਯੋ ॥੩੪॥
ਮੰਜੀ ਪਰ ਬਿਛਾਵਨੋ ਛਾਏ।
ਸੋ ਆਯੁਧ ਕਰਿ ਨਮੋ ਟਿਕਾਏ।
ਦੋਨੋ ਸੌਂਤ ਪ੍ਰਭਾਤਿ ਸ਼ਨਾਨੈਂ।
ਗੁਰ ਸਰੂਪ ਕਰਿ ਤਿਨ ਕੌ ਮਾਨੈਂ ॥੩੫॥
ਪੁਸ਼ਪ ਧੂਪ ਚੰਦਨ ਚਰਚਾਵੈਂ।
ਦਰਸ਼ਨ ਕਰਿ ਭੋਜਨ ਕੋ ਖਾਵੈਂ।
ਸਿਖ ਸੰਗਤਿ ਕਿਤ ਤੇ ਚਲਿ ਆਵੈ।
ਗੁਰ ਸਮਾਨ ਅਵਿਲੋਕ ਮਨਾਵੈ ॥੩੬॥
ਅਰਪਤਿ ਗਨ ਉਪਹਾਰ ਅਛੇਰੇ।
ਨਿਤ ਪ੍ਰਤਿ ਪੂਜਾ ਹੋਤਿ ਬਡੇਰੇ।
ਮਹਿਮਾਂ ਸ਼ਸਤ੍ਰਨਿ ਕੀ ਬਹੁ ਭਈ।
ਧਰੀ ਕਾਮਨਾ ਸੋ ਸਿਖ ਲਈ ॥੩੭॥
ਸਾਹਿਬ ਦੇਵੀ ਸਦਾ ਸਚਿੰਤ।
ਸੌਂਤ ਸੁੰਦਰੀ ਨਿਕਟ ਬਸੰਤਿ।
ਗੁਰ ਸ਼ਰੀਰ ਕੋ ਚਿਤਵਨ ਕਰਤੀ।

---

[1]ਪਤੀ ਤੇ ਪੁੱਤ੍ਰਾਂ ਤੋਂ ਵਿਛੜਿਆਂ ਹੋਇਆਂ ਵੀ ਅਸਾਂ (ਅਜੇ) ਤਨ ਧਾਰਿਆ ਹੋਇਆ ਹੈ।
[*]ਪਾ:-ਗਨ ਤਹਿ।
[2]ਸਿੱਖਾਂ ਦੀਆਂ ਇਸਤ੍ਰੀਆਂ ਦੀ ਬੀ ਤਿਵੇਂ ਗਤ ਹੋਈ, ਭਾਵ ਸਾਰੀਆਂ ਰੋਣ ਲੱਗੀਆਂ।

ਨਿਸ ਦਿਨ ਧਯਾਨ ਰਿਦੇ ਪਤਿ ਧਰਤੀ ॥੩੮॥
ਦੁਰਬਲ ਤਨ ਜਿਸ ਕੋ ਹੁਇ ਗਯੋ।
ਸ਼ੋਕ ਪਰਾਇਨ ਚਿਤ ਨਿਤ ਥਯੋ।
ਪੀਤ ਬਦਨ ਆਂਸੂ ਦ੍ਰਿਗ ਗੇਰਤਿ।
ਨਹੀਂ ਸਮੀਪ ਕੰਤ ਕੌ ਹੇਰਤਿ ॥੩੯॥
ਸ਼ਸਤ੍ਰ ਦਰਸ ਕੈ ਭੋਜਨ ਖਾਵੈ।
ਅਲਪ ਅਹਾਰ ਕਛੂ ਨਹਿਂ ਭਾਵੈ।
ਇਮ ਅਪਨੀ ਬਯ ਸਕਲ ਬਤਾਈ।
ਪ੍ਰਿਯ ਪਤਿ ਮਹਿਂ ਚਿਤ ਬ੍ਰਿੱਤਿ ਲਗਾਈ ॥੪੦॥
ਮਾਤ ਸੁੰਦਰੀ ਸਭਿ ਬਿਵਹਾਰ।
ਲੇਨਿ ਦੇਨਿ ਕੀ ਜੇਤਿਕ ਕਾਰ।
ਸੁਤ ਕੇ ਸਮ ਅਜੀਤ ਸਿੰਘ ਪਾਰੈ।
ਬਹੁ ਸਨੇਹ ਕਰਿ ਭੋਜਨ ਖ੍ਵਾਰੇ ॥੪੧॥
ਨਾਨਾ ਬਿਧਿ ਕੇ ਬਸਤ੍ਰ ਬਨਾਵੈ।
ਨਿਕਟ ਬਿਠਾਇ ਹੇਰਿ ਪਹਿਰਾਵੈ।
ਹੇਮ ਬਿਭੂਖਨ ਬਹੁ ਘਰਿਵਾਏ।
ਲੇ ਮੁਕਤਾ ਕਾਨਨ ਮਹਿਂ ਪਾਏ ॥੪੨॥
ਪਰਚੈ ਤਿਹ ਸੋਂ ਕਰਤਿ ਸਨੇਹੂ।
ਸੂਰਤਿ ਜਨੁ ਅਜੀਤ ਸਿੰਘ ਏਹੂ।
ਮੋਲ ਤੁਰੰਗਮ ਚੰਚਲ ਲੀਨਿ।
ਬਹੁ ਧਨ ਦੇ ਕਰਵਾਇਸ ਜ਼ੀਨ ॥੪੩॥
ਹਯ ਚਢਾਇ ਕਰਿ ਪੁਰਿ ਮਹਿਂ ਫੇਰਹਿ।
ਗੁਰੂ ਪੁੱਤ੍ਰ ਕਹਿ ਸਗਰੇ ਹੇਰਹਿ।
ਇਸ ਪ੍ਰਕਾਰ ਦਿੱਲੀ ਪੁਰਿ ਕਥਾ।
ਸ਼੍ਰੋਤਾ ਸੁਨਹੁਂ ਪ੍ਰੀਤਿ ਧਰਿ ਤਥਾ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਮਾਤਾ ਸਾਹਿਬ ਦੇਵੀ ਸੁੰਦਰੀ' ਪ੍ਰਸੰਗ ਬਰਨਨੰ ਨਾਮ ਪੰਚਦਸਮੋਂ ਅੰਸੂ ॥੧੫॥

## ੧੬. [ਹਿੰਦੂ ਤੁਰਕ ਮਤਿ ਦਾ ਮੁਕਾਬਲਾ। ਖਾਲਸਾ ਤੀਜਾ]

੧੫<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੭

ਦੋਹਰਾ: ਗਾਥਾ ਅਬਚਲ ਨਗਰ ਕੀ, ਸੁਨਹੁਂ ਸਿੱਖ ਮਨ ਲਾਇ।
ਸਿੰਘ ਨਿਕਟ ਪ੍ਰਭੁ ਕੇ ਰਹੈਂ, ਇਕ ਆਵੈਂ ਇਕ ਜਾਇ ॥੧॥

ਸੈਯਾ: ਸ਼ਾਹਿ ਬਹਾਦਰ ਏਕ ਦਿਨਾ ਢਿਗ
ਆਇ ਬਿਦਾ ਹਿਤ ਸ਼੍ਰੀ ਗੁਰ ਪਾਸੀ।
ਸੰਗ ਸਮੂਹ ਲੀਏ ਉਮਰਾਵ
ਬਡੇ ਉਲਮਾਉ ਮੁਲਾਨਨਿ ਰਾਸੀ।
ਜ਼ੇਵਰ ਜ਼ੇਬ ਜਵਾਹਰ ਜ਼ਾਹਰ
ਯੌਂ ਝਮਕੇਂ, ਉਡ ਜੈਸੇ ਅਕਾਸ਼ੀ।
ਸੂਖਮ ਪੋਸ਼ਿਸ਼ ਪਾਇ ਸ਼ਰੀਰਹਿਂ
ਬੀਰ ਸਧੀਰਜ ਬੁੱਧਿ ਪ੍ਰਕਾਸ਼ੀ ॥੨॥
ਹਾਥਨਿ ਬੰਦਿ ਕਰੀ ਅਭਿਬੰਦਨ
ਨੌਰੰਗ ਨੰਦਨ ਬੈਠਿ ਗਯੋ।
ਕੈ ਸਨਮਾਨ ਬਖਾਨਤਿ ਸ਼੍ਰੀ ਗੁਰ
'ਸ਼ਾਹੁ ਕਹੋ ਸ਼ੁਭ ਰਾਜ ਥਯੋ?
ਸਾਧ ਮਵਾਸ ਲਏ ਸਭਿ, ਕੈ ਨਹਿਂ[1],
ਦੱਛਿਣ ਆਇਸੁ ਮਾਨ ਭਯੋ[2]?
ਕੌਨ ਮਨੋਰਥ ਔਰ ਰਿਦੇ ਅਬਿ,
ਤੋਰ ਪਿਤਾ ਸਮ ਜ਼ੇਰ ਕਯੋ' ॥੩॥
'ਸ਼੍ਰੀ ਗੁਰ ਰਾਵਰ ਕੀ ਕਰੁਨਾ ਮੁਹਿ,
ਦਾਤ ਦਈ ਪਤਿਸ਼ਾਹਤਿ ਸਾਰੀ।
ਕੌਨ ਸਕੈ ਅਰ[3], ਮਾਰ ਲੀਏ ਅਰਿ,
ਸੈਨ ਫਿਰੈ ਜਿਤ ਹੂੰ ਕਿਤ ਭਾਰੀ।
ਦੱਛਿਨ ਦੇਸ਼ ਅਸ਼ੇਸ਼ ਲਿਯੋ,
ਬਸ ਹੌਂ ਦਿਨ ਕੇਤਿਕ ਔਰ ਅਗਾਰੀ।
ਫੇਰ ਚਲੌਂ ਦਿੱਲੀ ਪੁਰਿ ਕੋ
ਤਹਿਂ ਬੈਠਿ ਸਭੈ ਸੁਧਿ ਲੈ ਹੌਂ ਸੰਭਾਰੀ ॥੪॥
ਹੈਦਰਾਬਾਦ ਕੋ ਜਾਉਂ ਅਬੈ,

---
[1]ਆਕੀ ਥਾਂ ਸਾਧ ਲਏ ਹਨ ਕਿ ਨਹੀਂ?
[2]ਭਾਵ ਦੱਖਣ ਵਿਚ (ਲੋਕ) ਆਗਿਆ ਮੰਨਣ ਲੱਗੇ ਹਨ ਕਿ ਨਹੀਂ?
[3]ਅੜ।

ਹਿਤ ਹੋਨਿ ਬਿਦਾ ਤੁਮ ਤੀਰ ਅਯੋ।
ਕੂਚ ਕਰੌਂ ਪੁਨ ਦੇਸ਼ ਪੰਜਾਬ ਕੋ
ਕਾਰਜ ਸਾਰੋ ਸੁਧਾਰ ਲਯੋ।
*ਸ਼੍ਰੀ ਪ੍ਰਭੁ[1]! ਬੂਝਤਿ ਹੌਂ, ਮਤ ਹਿੰਦ ਕੌ
ਕਾਚੌ ਅਹੈ ਇਹ ਕੈਸੋ ਕਿਯੌ?
ਪਾਥਰ ਕੋ ਘਰ ਮੂਰਤਿ ਕੋ
ਕਰਿ ਚਿੱਤ੍ਰ ਕਿਧੋਂ ਲਿਖਿ ਭੀਤ ਦਿਯੋ ॥੫॥
ਪੂਜਤਿ ਹੈਂ ਤਿਹ ਸੀਸ ਨਿਵਾਵਤਿ
ਭੋਜਨ ਕੋ ਧਰਿ ਦੇਤਿ ਅਗਾਰੀ।
ਕਾਰਜ ਕੌਨ ਭਯੋ ਤਿਸ ਤੇ
ਜੁਊ ਆਪ ਰਚੀ[2] ਬਹੁ ਭਾਂਤ ਸੁਧਾਰੀ।
ਸੀਂਚਤਿ ਹਾਥਨ ਤੇ ਛਿਤਿ ਪੈ,
ਕਿਮ ਜਾਇ ਬਡੇਰਨ ਪੈ ਚਲਿ ਬਾਰੀ[3]।
ਸ਼੍ਰਾਧ ਕਰੈਂ ਪਿੱਤ੍ਰਨਿ ਕੇ ਹੇਤੁ
ਅਚਾਵਤਿ ਹੈਂ ਦਿਜ ਪੁੰਜ ਅਹਾਰੀ ॥੬॥
ਤੀਸਰੇ ਔਰ ਸੁਨੋ ਗੁਰ ਸਾਹਿਬ!
ਹਿੰਦੁਨਿ ਕੋ ਮਤਿ ਹੈ ਜਿਮ ਕਾਚਾ।
ਮੇਵਾ ਅਮੇਜ਼ਿ[4] ਕੈ ਖੰਡ ਔ ਘੀਉ ਮੈਂ
ਜੌਂ ਤਿਲ ਡਾਲਤਿ, ਏਕ ਜਯੋਂ ਰਾਚਾ[5]।
ਆਗ ਮਹਿਂ ਪਾਇ ਕੈ ਸ੍ਵਾਹ ਕਰੈਂ
ਤਿਹ ਲੇਂ ਫਲ ਫੇਰ ਮੁਨੀਨ ਉਬਾਚਾ।
ਕੌਤਕ ਹੋਵਤਿ ਹੈ ਹਮਰੇ ਉਰ
ਕੂਰ ਹੀ ਕੋ ਏਹ ਮਾਨਤਿ ਸਾਚਾ' ॥੭॥
ਸ਼੍ਰੀ ਗੁਰ ਉੱਤਰ ਦੇਤਿ ਭਏ
'ਮਤ ਹਿੰਦੁਨ ਕੇ ਸਭਿ ਕਰਮ ਕਮਾਵੈਂ[6]।
ਖੇਤ ਕੀ ਸੇਵ ਕ੍ਰਿਸਾਨ ਕਰੈ

---

*ਸੌ ਸਾਖੀ ਦੀ ੯੪ਵੀਂ ਸਾਖੀ ਚੱਲੀ ਹੈ।
[1]ਹੇ ਗੁਰੂ ਜੀ।
[2]ਜੋ ਮੂਰਤ ਆਪ ਬਣਾਈ।
[3]ਬਡਿਆਂ (ਪਿੱਤਰਾਂ) ਪਾਸ ਕਿਵੇਂ ਜਲ ਜਾ ਸਕਦਾ ਹੈ?
[4]ਮੇਵਾ ਮਿਲਾਕੇ।
[5]ਭਾਵ ਇਕ ਮਿਕ ਕਰਦੇ ਹਨ।
[6]ਹਿੰਦੂਆਂ ਦੇ ਸਾਰੇ ਮਤ 'ਕਰਮ' ਕਮਾਉਂਦੇ ਹਨ, (ਜਿਵੇਂ)।

ਬਹੁ ਅੰਨ ਪਕੈ ਸੁਖ ਸੋਂ ਘਰ ਖਾਵੈ।
ਧੇਨੁ ਕੀ ਸੇਵ ਕਰੈ ਹਿਤ ਸੋਂ
ਦਿਨ ਕੇਤਿਕ ਮੈਂ ਪੈ ਸ੍ਵਾਦਲ ਪਾਵੈ।
ਭੂਪਤਿ ਸੇਵਤਿ ਲੇ ਧਨ ਕੋ
ਬਹੁ ਸੇਵਨ ਤੇ ਸਭਿਹੂੰ ਬਨਿ ਆਵੈ[੧] ॥੮॥
ਇਸ਼ਟ ਅਰੋਪਿ ਕੈ ਸੂਰਤ ਮਹਿਂ
ਉਰ ਧਜਾਨ ਧਰੈ ਮਨ ਪ੍ਰੇਮ ਲਗਾਵੈ।
ਪਾਵਤਿ ਹੈ ਧਰਿ ਕਾਮਨ ਕੋ,
ਚਿਤ ਕੋ ਨਿਸ਼ਚਾ ਨਹਿਂ ਕਜੋਂ ਸਫਲਾਵੈ[੨*]।
[੩]ਆਸਤ ਨਾਸਤ ਦੋਇ ਰਚੇ ਨਰ
ਸ਼੍ਰੀ ਪਰਮੇਸ਼ੁਰ ਕੋ ਚਿਤ ਭਾਵੈ।
ਆਸਤਿ ਤੇ ਗਨ ਹਿੰਦੁ ਭਏ
ਤੁਰਕੇਸ਼ ਭਿ ਨਾਸਤ ਤੇ ਬਨਿ ਆਵੈ[੪] ॥੯॥
ਮੂਲ ਤਰੋਵਰੁ ਕੇ ਜਲ ਸੰਚਤ
ਊਪਰ ਤੇ ਲੁਨੀਏ ਫਰ ਤਾਸਾ[੪]।
ਤਜੋਂ ਚਿਤ ਜਾਨਹੁ ਭੂਤਲ ਕੀ ਕ੍ਰਿਤ,
ਲੇਤਿ ਸਭੈ ਫ਼ਲ ਜਾਇ ਅਕਾਸ਼ਾ[੫]।
ਕਾਚੋ ਮਤੋ ਅਪਨੋ ਤੁਮ ਦੇਖਹੁ,
ਮਾਨਤਿ ਹੋ ਕਬਰੈਂ, ਜਿਨ ਨਾਸ਼ਾ[੬]।
ਕਜੋ ਤਿਨ ਤੇ ਕਹੁ ਕਾਜ ਸਰੈ,
ਮ੍ਰਿਤਕਾ ਮਿਲਿ ਗੇ ਤਨ, ਕਜਾ ਧਰਿ ਆਸਾ? ॥੧੦॥
ਦੋਹਰਾ: ਕਰਹੁ ਬੰਦਗੀ ਰੋਜ਼ ਤੁਮ,
ਬੰਦਾ ਬਨਿ ਕਰਿ ਆਪ।
ਦੇਖਜੋ ਸੁਨਜੋਂ ਨ ਰਬ ਕਿਤੇ,

---

[੧]ਭਾਵ ਖੇਤ ਦੀ ਸੇਵਾ ਨਾਲ ਅੰਨ, ਗਾਂ ਦੀ ਨਾਲ ਦੁੱਧ, ਰਾਜਾ ਦੀ ਸੇਵਾ ਨਾਲ ਧਨ ਮਿਲਦਾ ਹੈ।
[੨]ਭਾਵ ਹੈ ਕਿ ਚਿਤ ਦਾ ਨਿਸ਼ਚਾ ਸਫਲਦਾ ਹੈ।
[*]ਹਿੰਦੂਆਂ ਦਾ ਨਿਸ਼ਚਾ ਦੱਸ ਰਹੇ ਹਨ, ਆਪਣੀ ਵਲੋਂ ਨਹੀਂ ਕਹਿ ਰਹੇ; ਅੱਗੇ ਜਾਕੇ ਖੁੱਲ੍ਹ ਜਾਏਗਾ ਸਾਰਾ। ਦੇਖੋ ਅੰਕ ੧੪, ੧੫, ੧੬, ੧੭।
[੩]ਸੰਸਕ੍ਰਿਤ ਵਾਲੇ ਆਸਤਿਕ ਉਸ ਨੂੰ ਕਹਿੰਦੇ ਹਨ ਕਿ ਜੋ ਈਸ਼੍ਵਰ, ਵੇਦ, ਪ੍ਰਲੋਕ ਤੇ ਹਿੰਦੂ ਮ੍ਰਯਾਦਾ ਨੂੰ ਮੰਨਦਾ ਹੋਵੇ। ਹਿੰਦੂਆਂ ਨੂੰ ਆਸਤ ਇਸੇ ਕਰਕੇ ਕਿਹਾ ਹੈ। ਮੁਸਲਮਾਨਾਂ ਨੂੰ ਨਾਸਤਿਕ ਇਸ ਵਾਸਤੇ ਕਿਹਾ ਹੈ ਕਿ ਉਹ ਈਸ਼੍ਵਰ ਤੇ ਪ੍ਰਲੋਕ ਤਾਂ ਮੰਨਦੇ ਹਨ ਪਰ ਵੇਦ ਤੇ ਵੇਦਸ਼ਾਸਤ੍ਰੋਕਤ ਮ੍ਰਿਯਾਦਾ ਨੂੰ ਨਹੀਂ ਮੰਨਦੇ।
[੪]ਜਿਵੇਂ ਜਲ ਤਾਂ ਹੇਠਾਂ ਜੜ੍ਹਾਂ ਨੂੰ ਸਿੰਜੀਦਾ ਹੈ ਪਰ ਇਸ ਦਾ ਫਲ ਉਪਰ ਸ਼ਾਖਾਂ ਤੋਂ ਲਈਦਾ ਹੈ।
[੫]ਤਿਵੇਂ ਸਮਝੋ ਚਿਤ ਵਿਚ ਕਿ ਪ੍ਰਿਥਵੀ ਤੇ ਕੀਤੇ ਕਰਮਾਂ ਦਾ ਫਲ ਆਕਾਸ਼ (=ਪ੍ਰਲੋਕ) ਵਿਚ ਮਿਲਦਾ ਹੈ।
[੬]ਭਾਵ ਮੁਸਲਮਾਨ ਦੇ ਮਤ ਦਾ ਕੱਚਾਪਨ ਦੇਖੋ ਕਿ ਤੁਸੀਂ ਕਬਰਾਂ ਨੂੰ ਮੰਨਦੇ ਹੋ ਜੋ ਵਿਨਾਸ਼ੀ ਹਨ।

ਕਰਹੁ ਨਿਵਾਜ ਕਲਾਪ ॥੧੧॥
ਰੂਪ ਨ ਰੰਗ ਨ ਠੌਰ ਕਿਤ,
ਪਾਕ ਅੱਲਾਹਿ ਅਪਾਜ[1]।
ਸਿਜਦਾ ਕਰਹੁ, ਦਰੂਦ ਦਿਹੁ,
ਰੋਜਾ ਕੂਰ[2] ਨਿਵਾਜ਼ ॥੧੨॥
[3]ਕਹਿਨਾ ਕਜਾ ਅਰੁ ਹਿਰਸ ਕਜਾ,
ਬਾਦ ਜਾਤਿ ਬਕਬਾਦ[10]।
ਨੀਕੀ ਕਰਨੀ ਜਿਨ ਕਰੀ,
ਕਰਜੋ ਖੁਦਾਇ ਸੁ ਯਾਦ ॥੧੩॥
ਚੌਪਈ: ਪੀਰ ਪੈਕੰਬਰ ਜਾਨਿ ਸਜੂਦ।
ਦੇਤ ਫਾਇਤਾ ਬਹੁਰ ਦਰੂਦ[4]।
ਰੋਜ਼ਾ ਬਾਂਗ ਨਿਵਾਜ ਸੁਜਾਨ।
ਮੁਸਲਮਾਨ ਇਨ ਕਰਹਿ ਪ੍ਰਮਾਨ ॥੧੪॥
ਤ੍ਰੈ ਸੰਧਜਾ ਕਰਨੀ ਧਰਿ ਪ੍ਰੀਤ।
ਦੇਵਲ ਪਾਹਿਨ ਪੂਜਨ ਰੀਤਿ[5]।
ਇੱਤਜਾਦਿਕ ਹਿੰਦੁਨਿ ਪਰਵਾਨਾ।
ਹਮ ਦੋਨਹੁੰ ਕੋ ਜਾਨਿ ਸਮਾਨਾ[6] ॥੧੫॥
ਤਜਾਗਨ ਕਰੇ ਭਾਉ ਲਖਿ ਬੀਜਾ[7]।
ਉਤਪਤਿ ਕਰਜੋ ਖਾਲਸਾ ਤੀਜਾ।
ਝੂਠੇ ਲਖਿ ਦੋਨਹੁੰ ਹਮ ਛੋਰੇ।
ਪੰਥ ਅਕਾਲ ਪੁਰਖ ਕੋ ਲੋਰੇ ॥੧੬॥
ਬਾਦ ਪੱਖ ਕੋ ਸਕਲ ਬਿਨਾਸ਼ਾ।
ਧਰੀ ਅਕਾਲ ਪੁਰਖ ਕੀ ਆਸਾ।

---

[1]ਪਾਜ ਰਹਿਤ, ਅਸਲ।
[2](ਸਭ) ਝੂਠੇ ਹਨ।
[3](ਉਤੋਂ) ਕੀਹ ਕਹਿਣਾ (ਭਾਵ ਕਹਿਣਾ ਕਿ ਰੱਬ ਹੈ ਫਿਰ ਸਿਜਦੇ ਕਰੋ, ਦਰੂਦ ਦਿਓ, ਰੋਜ਼ੇ ਰੱਖੋ, ਨਿਮਾਜ਼ ਪੜ੍ਹੋ) ਤੇ ਫੇਰ ਹਿਰਸ (ਹੋਣੀ) (ਐਉਂ ਸਭ ਕੁਛ) ਬਕਵਾਸ ਹੈ ਤੇ ਬਿਅਰਥ ਜਾਂਦਾ ਹੈ।
[4](ਮੁਸਲਮਾਨ) ਪੀਰ ਪਿਕੰਬਰਾਂ ਨੂੰ ਸਜਦੇ ਕਰਦੇ ਹਨ, ਭਾਵ ਮੱਥੇ ਟੇਕਦੇ ਹਨ, ਫਾਤਿਹਾ ਪੜ੍ਹਦੇ ਤੇ ਦਰੂਦ ਦਿੰਦੇ ਹਨ। [ਅ:, ਫ਼ਾਤਿਹਾ=ਹੱਥ ਜੋੜਕੇ ਦੁਆ ਮੰਗਣੀ। ਅ:, ਦਰੂਦ=ਮੁਰਦਿਆਂ ਨਮਿੱਤ ਰੋਟੀਆਂ ਦੇਣੀਆਂ ਤੇ ਦਰੂਦ ਪੜ੍ਹਨਾ (ਲੁਗਤਾਂ ਵਿਚ ਦਰੂਦ ਦੇ ਅਰਥ-ਰੱਬ ਵਲੋਂ ਰਹਿਮ, ਫਰਿਸ਼ਤਿਆਂ ਵਲੋਂ ਦੁਆ, ਜਾਨਵਰਾਂ ਵਲੋਂ ਤਸਬੀਹ ਬੀ ਹੈਨ]।
[5]ਤ੍ਰੈ ਵੇਰ ਸੰਧਿਆ ਕਰਨੀ, ਮੰਦਰ ਤੇ ਪੱਥਰ ਪੂਜਣੇ (ਹਿੰਦੂਆਂ ਦੀ) ਰੀਤੀ ਹੈ।
[6]ਅਸਾਂ ਦੋਹਾਂ ਨੂੰ ਇਕੋ ਜਿਹਾ ਜਾਣਿਆ ਹੈ।
[7]ਦੂਜਾ ਭਾਉ ਜਾਣਕੇ ਦੋਵੇਂ ਛੱਡ ਦਿੱਤੇ ਹਨ।

ਜਨਮਜੋ ਅਬੈ ਖਾਲਸਾ ਨਯੋ।
ਬਾਲਕ ਕੇ ਮਨਿੰਦ ਜਗ ਥਿਯੋ ॥੧੭॥
ਜੁਵਾ ਹੋਇ ਜਬਿ ਜ਼ੋਰ ਸੰਭਾਰੇ।
ਕਬਰ ਮੜੀ ਕੌ ਫੋੜਿ ਉਖਾਰੇ।
ਦੇਵਲ ਬੁਤ ਪ੍ਰਸਤੀ ਨਹਿਂ ਜਾਨੈ।
ਏਕ ਅਕਾਲ ਅਕਾਲ ਬਖਾਨੈ ॥੧੮॥
ਬਸਜੋ ਬਿਦੇਸ਼[1] ਜੁ ਬਾਪ ਤੁਹਾਰਾ।
ਪਰੇਸ਼ਾਨ ਬਿਨ ਖਰਚ ਲਚਾਰਾ।
ਬਿਚ ਦਰਗਾਹਿ ਬਿਖਰਚ ਖੁਆਰੀ[2]।
ਹਿੰਦੁਨਿ ਕੇ ਦੈਂ ਖਰਚ ਪਿਛਾਰੀ[3] ॥੧੯॥
ਦੀਰਘ ਸ੍ਵਾਸ ਭਰੇ ਦੁਖ ਪਾਵੈ।
ਪਦਰ ਤੁਹਾਰ ਬਹੁਤ ਬਿਲਲਾਵੈ।
ਹੋਇ ਬਿਖਰਚ ਕਹਾਇ ਗੁਲਾਮ[4]।
ਕਰੈ ਬਿਖਰਚ ਬੁਰੇ ਬਹੁ ਕਾਮ[5] ॥੨੦॥
ਬਨੈ ਚੋਰ ਬਟਪਾਰੀ ਕਰੈ।
ਹਾਥਨਿ ਖਰਚ ਨ ਮਾਂਗੈ ਪਰੈ[6]।
ਹੇਰਿ ਲੇਹੁ ਜਗ ਕੋ ਬਿਉਹਾਰਾ।
ਤਿਮ ਆਗੇ ਲਖਿ ਬਨਜ ਕਰਾਰਾ' ॥੨੧॥
ਸੁਨਿ ਕਰਿ ਸ਼ਾਹੁ ਬਹਾਦਰ ਤਬੈ।
ਬੋਲਜੋ ਗਯੋ ਨ, ਹੇਰਤਿ ਸਭੈ[7*]।

---

[1]ਭਾਵ ਪ੍ਰਲੋਕ ਵਿਚ ਜਾ ਬਸਿਆ ਹੈ।
[2]ਖਰਚ ਤੋਂ ਬਿਨਾ ਖੁਆਰੀ ਹੁੰਦੀ ਹੈ।
[3]ਹਿੰਦੂਆਂ ਵਿਚ (ਪਿੱਤ੍ਰਾਂ ਨੂੰ) ਖਰਚ ਪਿਛੋਂ ਦਿੰਦੇ ਹਨ।
[4]ਖਰਚੋਂ ਤੰਗ ਹੋ ਕੇ (ਆਦਮੀ ਨੌਕਰੀ ਕਰਦਾ ਤੇ) ਗੁਲਾਮ ਸਦਾਉਂਦਾ ਹੈ।
[5]ਬਿਖਰਚ ਹੋਕੇ ਇਨਸਾਨ ਬੜੇ ਬੁਰੇ ਕੰਮ ਕਰਦਾ ਹੈ।
[6]ਹੱਥਾਂ ਵਿਚ ਮੰਗਿਆ ਹੋਇਆ ਬੀ ਖਰਚ ਹੱਥ ਨਹੀਂ ਲੱਗਦਾ।
[7]ਸਭ ਦੇ ਦੇਖਦਿਆਂ।
[*]ਸੌ ਸਾਖੀ ਵਿਚ ਲਿਖਿਆ ਹੈ ਕਿ ਇਹ ਉਪਰਲੀ ਗੱਲ ਗੁਰੂ ਜੀ ਵਲੋਂ ਬਹਾਦਰਸ਼ਾਹ ਨੂੰ ਲਿਖੀ ਗਈ।
ਯਥਾ:-
ਗਯਾ ਲਿਖਾ, ਅਜ਼ਮਤ ਕਰੀ, ਅਰਜ਼ੀ ਲਿਖੀ ਅਧੀਨ।
ਕਦਮਪਲੋਸੀ ਬਹੁਤ ਪੀਰ ਤੁਮਰੀ ਸੇਵਾ ਚੀਨ।

ਅਰਥਾਤ-ਜਦੋਂ ਇਹ ਜਵਾਬ ਪਾਤਸ਼ਾਹ ਪਾਸ ਗਿਆ ਤਾਂ ਉਸ ਨੇ ਇਸ ਲਿਖੇ ਦੀ ਬਹੁਤ ਇੱਜ਼ਤ ਕੀਤੀ ਤੇ ਨਿੰਮ੍ਰ ਹੋਕੇ ਫੇਰ ਗੁਰੂ ਜੀ ਵਲ ਅਰਜ਼ੀ ਲਿਖੀ ਕਿ ਹੇ ਪੀਰ ਜੀ ਮੇਰੀ ਵਲੋਂ ਚਰਨ ਚੁੰਮਣੇ ਦੀ ਸੇਵਾ ਬਹੁਤ ਬਹੁਤ ਕਬੂਲ ਕਰਨੀ।
[ਕਦਮ ਬੋਸੀ ਨੂੰ ਲੇਖਕ ਨੇ-ਕਦਮ ਪਲੋਸੀ-ਲਿਖਿਆ ਹੈ]।

ਉੱਤਰ ਜਾਨਿ ਕਛੁਕ ਮੁਸਕਾਨਜੋ।
ਗੁਰ ਬੋਲਨ ਮਹਿਂ ਸਮਰਥ ਮਾਨਜੋ ॥੨੨॥
ਅਪਰ ਮੁਲਾਨੇ ਅਰੁ ਉਲਮਾਊ।
ਸੂਬੇ ਕਿਤਿਕ ਥਿਰੇ ਉਮਰਾਊ।
ਸੁਮਤਿ ਪ੍ਰਬੀਨ ਆਨ ਮਨ ਮੌਨੇ[1]।
ਗੁਰ ਸਨਮੁਖਿ ਨਹਿਂ ਬੋਲਜੋ ਕੌਨੇ ॥੨੩॥
-ਸਭਾ ਬੀਚ ਜੇ ਆਇ ਨ ਬਾਤ।
ਹੋਤਿ ਅਨਾਦਰ ਮ੍ਰਿਤੁ ਜਿਸ ਭਾਂਤ।
ਪ੍ਰਸ਼ਨ ਕਰਹਿਂ ਉੱਤਰ ਦੇਂ ਤੂਰਨ।
ਸਰਬ ਕਲਾ ਸਮਰਥ ਗੁਰ ਪੂਰਨ- ॥੨੪॥
ਸਮੁਝਿ ਸਮੁਝਿ ਇੱਤਜਾਦਿਕ ਮਨ ਮੈਂ।
ਕੋ ਨਹਿਂ ਬੋਲਜੋ ਕੁਛ ਤਿਸ ਛਿਨ ਮੈਂ।
ਪੁਨ ਬੰਦੇ ਕੀ ਬੂਝੀ ਗਾਥਾ।
ਲਾਖਹੁਂ ਕਰੇ ਜਿਨਹਿਂ ਬਿਨ ਮਾਥਾ[2] ॥੨੫॥
ਸ੍ਰੀ ਪ੍ਰਭੁ ! ਅਬਿ ਕੀਜੈ ਉਤ ਸ਼ਾਂਤੀ।
ਦ੍ਵੈਸ਼ੀ ਭਏ ਆਪ ਕੇ ਘਾਤੀ[3]।
ਆਦਿ ਵਜ਼ੀਦੇ ਖੋਜ ਨ ਪਾਏ।
ਜ਼ਬਰਦਸਤ ਸੇ ਸਕਲ ਖਪਾਏ ॥੨੬॥
ਖੱਤ੍ਰੀ ਝੂਠਾਨੰਦ ਪ੍ਰਹਾਰਾ।
ਸੈਲ ਦਸ਼ ਸਭਿ ਮਾਰਿ ਉਜਾਰਾ।
ਦਿਨ ਪ੍ਰਤਿ ਸੁਧਿ ਪਹੁਂਚਤਿ ਮੁਝ ਪਾਸੀ।
ਸਭਿ ਪੰਜਾਬ ਬਿਸਾਲ ਬਿਨਾਸ਼ੀ' ॥੨੭॥
ਸ੍ਰੀ ਮੁਖ ਤੇ ਫੁਰਮਾਵਨ ਕਰਜੋ।
'ਬਜਾਹ ਭਏ ਤੇ ਤੇਜ ਪ੍ਰਹਰਜੋ[4]।
ਬਹੁਰ ਖਾਲਸਾ ਹੋਇ ਨਿਆਰਾ।
ਹੇਤੁ ਨਾਸ਼ ਕੋ ਭਾ ਹੰਕਾਰਾ ॥੨੮॥
ਪ੍ਰਾਪਤਿ ਪਲਟੇ ਸਕਲ ਹਮਾਰੇ।
ਗਿਰਪਤਿ ਦੁਸ਼ਟ ਅਨਿਸ਼ਟ[5] ਪ੍ਰਹਾਰੇ।

---

[1]ਹੋਰ ਸਾਰੇ ਚੁੱਪ ਰਹੇ।
[2]ਸਿਰ ਬਿਨਾਂ ਭਾਵ ਮਾਰੇ।
[3]ਆਪ ਦੇ ਦ੍ਵੈਸ਼ੀ ਮਾਰੇ ਗਏ ਹਨ।
[4]ਭਾਵ ਬੰਦੇ ਦਾ ਨਾਸ਼ ਵਿਆਹ ਕਰਨ ਨਾਲ ਹੋਵੇਗਾ।
[5]ਉਪੱਦ੍ਰਵ ਕਰਨ ਵਾਲੇ।

ਪੁਰਿ ਸਿਰੰਦ ਕੋ ਮਾਰਿ ਉਜਾਰਾ।
ਅਬਿ ਨਿਕਸੈ ਕਰਿ ਜੰਗ ਅਖਾਰਾ* ॥੨੯॥
ਲਸ਼ਕਰ ਤੇ ਸੋ ਗਯੋ ਪਲਾਈ।
ਦੁਰਗ ਬਿਖੈ ਘੇਰੋ ਪਰਿ ਜਾਈ।
ਤੋਹਿ ਬੈਸ ਲਗਿ ਸਲਤਨ ਸਾਰੀ।
ਬਨੀ ਰਹੈ ਹਮ ਜਥਾ ਉਚਾਰੀ ॥੩੦॥
ਪਾਛੇ ਘਨੇ ਉਠਹਿਂ ਉਤਪਾਤਾ।
ਉਜਰਹਿ ਦੇਸ਼ ਹੋਹਿਂ ਨਰ ਘਾਤਾ।
ਜਿਨ ਕੌ ਕੋਇ ਨ ਸਕਹਿ ਮਿਟਾਈ।
ਐਸੇ ਪਰਹਿ ਰੌਰ ਸਮੁਦਾਈ ॥੩੧॥
ਤੋਹਿ ਬਾਪ ਕਿਯ ਪਾਪ ਕਲਾਪੇ।
ਤਿਸ ਕਰਿ ਕੁਲ ਤੇ ਸਲਤਨ ਖਾਪੇ।
ਅਵਨੀ ਪਤਿ ਹ੍ਵੈਂ ਅਨਿਕ ਪ੍ਰਕਾਰੇ।
ਅਰਨਿ ਲਰਨਿ ਅਰੁ ਅਰਿਨਿ ਪ੍ਰਹਾਰੇ[1]' ॥੩੨॥
ਸੁਨਿ ਕਰਿ ਸ਼ਾਹੁ ਬਹਾਦਰ ਹਰਖ੍ਯੋ।
-ਮੋਹਿ ਰਾਜ ਥਿਰ ਹੁਇ- ਉਰ ਪਰਖ੍ਯੋ।
ਪਾਛੇ ਕੀ ਪਾਛੇ ਹੁਇ ਜੈਸੇ।
ਕਰਹਿਂ ਖ਼ੁਦਾਇ ਲਖਹਿ ਕੋ ਕੈਸੇ ॥੩੩॥
'ਸ਼੍ਰੀ ਸਤਿਗੁਰ! ਤੁਮ ਮੋਹਿ ਸਹਾਇਕ।
ਭੂਤ ਭਵਿੱਖ ਵਿਘਨ ਕੇ ਘਾਇਕ।
ਸ਼ਰਨ ਪਰੇ ਕੀ ਪਤਿ ਮਮ ਰਾਖੀ।
ਭਈ ਸਾਚ ਜਿਮ ਰਾਵਰ ਭਾਖੀ ॥੩੪॥
ਦਿਹੁ ਆਇਸੁ ਅਬਿ ਕਰੌਂ ਚਢਾਈ।
ਦਰਸ਼ਨ ਕਰੌਂ ਬਹੁਰ ਮੈਂ ਆਈ।'
ਸ਼੍ਰੀ ਮੁਖ ਤੇ ਮੁਸਕਤਿ ਫੁਰਮਾਯੋ।
'ਦਰਸ਼ਨ ਹੋਇ ਰਹੇ ਜਿਮ ਭਾਯੋ[2] ॥੩੫॥
ਗਮਨਹੁ ਬਿਚਰਹੁ ਦੱਖਿਣ ਦੇਸ਼।
ਕਰਿ ਲੀਜੈ ਅਨੁਸਾਰਿ ਅਸ਼ੇਸ਼।

---

*ਪਿਛੇ ਸਿੱਧ ਕਰ ਆਏ ਹਾਂ ਕਿ ਗੁਰੂ ਜੀ ਸਿਰੰਦ ਮਾਰਨ ਵੇਲੇ ਸਚਖੰਡ ਪਯਾਨ ਕਰ ਚੁੱਕੇ ਸੇ।
[1]ਅੜਕੇ ਲੜਨਗੇ ਅਤੇ ਸ਼ੱਤ੍ਰੂਆਂ ਨੂੰ ਮਾਰਨਗੇ।
[2]ਦਰਸ਼ਨ ਹੋ ਰਹੇ ਹਨ (ਅੱਗੋਂ) ਜਿਵੇਂ (ਸਾਈਂ ਨੂੰ) ਭਾਵੇਗਾ। (ਅ) ਜਿਵੇਂ (ਤੇਰਾ) ਪ੍ਰੇਮ ਹੋਏਗਾ ਦਰਸ਼ਨ ਹੋ ਰਹਿਣਗੇ।

ਪੁਨ ਦਿੱਲੀ ਕੇ ਤਖਤ ਸੁਹਾਵਹੁ।
ਆਰਬਲਾ ਲਗਿ ਰਾਜ ਕਮਾਵਹੁ' ॥੩੬॥
ਉਠਯੋ ਬੰਦਨਾ ਕਰਿ ਤਬਿ ਸ਼ਾਹੂ।
ਸਿਰੋਪਾਉ ਦੀਨਾ ਗੁਰ ਤਾਹੂ।
ਅਪਰ ਨਮੋ ਕਰਿ ਸੰਗ ਸਿਧਾਰੇ।
ਸਿਫਤ ਉਚਰਿਤੇ ਸਿਵਰ ਪਧਾਰੇ ॥੩੭॥
ਨਿਸ ਬਿਤਾਇ ਪ੍ਰਾਤੀ ਚਢਿ ਗਯੋ।
ਦੱਖਣ ਦੇਸ਼ ਬਿਚਰਤੋ ਭਯੋ।
ਅਬਚਲ ਨਗਰ ਗੁਰੂ ਥਿਰ ਰਹੇ।
ਕਰਨਿ ਪਜਾਨ ਬੈਕੁੰਠੇ ਚਹੇ ॥੩੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸ਼ਾਹੁ' ਪ੍ਰਸੰਗ ਬਰਨਨੰ ਨਾਮ ਖੋੜਸਮੋਂ ਅੰਸੂ ॥੧੬॥

## ੧੭. [ਗੁਲ ਖ਼ਾਂ ਪਠਾਣ]

੧੬<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੮

ਦੋਹਰਾ: ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਦੋਇ ਸਮੈਂ ਮਹਿਂ ਖਾਲਸਾ ਆਵੈ ਦਰਸ਼ਨ ਪਾਇ ॥੧॥
ਚੌਪਈ: ਚਹੁਂਦਿਸ਼ਿ ਲਗਹਿ ਦਿਵਾਨ ਬਿਸਾਲਾ।
ਗੁਰਬਾਣੀ ਧੁਨਿ ਸੁਨਤਿ ਰਸਾਲਾ।
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ।
ਸ਼੍ਰੀ ਗੋਬਿੰਦ ਸਿੰਘ ਬੀਚ ਸੁਹਾਵਹਿਂ ॥੨॥
ਜਿਮ ਜੱਛਨ ਮਹਿਂ ਥਿਰੇ ਕੁਬੇਰ।
ਦੇਤਿ ਕਾਮਨਾ ਸਭਿਨਿ ਬਡੇਰ।
ਕਿਧੌਂ ਦੇਵਤਾ ਬ੍ਰਿੰਦਨਿ ਬਿਖੈ।
ਰਾਜ ਸਚੀ* ਜੁਤ ਸੁਰਪਤਿ ਪਿਖੈ[1] ॥੩॥
ਮੁਨਿਨ ਸਭਾ ਮਹਿਂ ਕੈ ਰਘੁਬੀਰਾ।
ਧਰਿ ਕਟ ਖੜਗ ਹਾਥ ਧਨੁ ਤੀਰਾ।
ਕੈ ਜਾਵਦ ਪੁੰਜਨਿ ਕੇ ਸਹਤ।
ਥਿਰੇ ਸ਼ਜਾਮਘਨ ਸੁੰਦਰ ਮਹਤ ॥੪॥
ਕ੍ਰਿਪਾ ਕਟਾਛਨਿ ਤੇ ਅਵਿਲੋਕ।
ਕਰਤਿ ਛਿਨਕ ਮਹਿਂ ਦਾਸ ਅਸ਼ੋਕ।
ਸ਼ੁਭ ਉਪਦੇਸ਼ ਦੇਤਿ ਸਭਿ ਕਾਹੂੰ।
ਜਥਾ ਕਪਲਮੁਨਿ ਨਿਜ ਸਿਖ ਮਾਹੂੰ ॥੫॥
ਬ੍ਰਹਮ ਗਜਾਨ ਕੋ ਕਰਤਿ ਉਚਾਰਨ।
ਜਿਮ ਚਤੁਰਾਨਨ ਕੈਵਲ ਕਾਰਨ।
ਜਹਿਂ ਕਹਿਂ ਸੇਵਕ ਹੋਤਿ ਸਹਾਈ।
ਜਿਮ ਪਦਮਾਪਤਿ ਤੂਰਨ ਧਾਈ ॥੬॥
ਅਨੰਦਾਤਮ ਮਹਿਂ ਨਿਸ਼ਚਾ ਨਿਸ ਦਿਨ।
ਜਥਾ ਅਡੋਲ ਸ਼ੰਭੁ ਕੋ ਦਿਢ ਮਨ।
ਕਵਿਤਾ ਕਰਨਿ ਚਹਤਿ ਸਮ ਬਜਾਸਾ।
ਰਚੇ ਗ੍ਰੰਥ ਬਰਨੇ ਇਤਿਹਾਸਾ ॥੭॥
ਧਨੁ ਬਿੱਦਜਾ ਮਹਿਂ ਪ੍ਰੀਤਿ ਨਿਬਾਹੀ।

---

*ਪਾ:-ਰਾਜ ਸਿਰੀ=ਰਾਜ ਸ਼੍ਰੀ=ਰਾਜ ਸ਼ੋਭਾ। ਪਰ ਕਵੀ ਜੀ ਨੇ ਇਹ ਪਦ ਇੰਦ੍ਰਾਣੀ ਦੇ ਅਰਥਾਂ ਵਿਚ ਵਰਤਿਆ ਹੈ, ਜੈਸੇ:-'ਰਾਜਸਿਰੀ ਪੁਰਹੂਤ ਖੁਜੰਤੀ'। ਦੇਖੋ ਰਾਸ ੧ ਅੰਸੂ ੩੬, ਅੰਕ ੧੦।

[1]ਇੰਦ੍ਰਾਣੀ ਸਹਿਤ ਰਾਜਾ ਇੰਦ੍ਰ ਦਿੱਸਦੇ ਹਨ। [ਸੰਸ:, ਸ਼ਚੀ=ਇੰਦ੍ਰ ਦੀ ਇਸਤ੍ਰੀ]।

ਜਿਮ ਅਰਜਨ ਸਗਰੀ ਬਯ ਮਾਂਹੀ।
ਦਏ ਕਵਿਨਿ ਕੋ ਦਾਨ ਘਨੇਰੇ।
ਮੁਕਤਾ ਹੀਰੇ ਚੀਰ ਅਛੇਰੇ ॥੮॥
ਬਾਵਨ ਕਵਿ ਸਮੀਪ ਹੀ ਰਹੈਂ।
ਪਾਯੋ ਦਰਬ ਜਿਤਿਕ ਚਿਤ ਚਹੈਂ।
ਭਾਰਥ ਆਦਿਕ ਗ੍ਰਿੰਥ ਬਨਾਏ।
ਛੰਦ ਬੰਦ ਗੁਨੀਅਨਿ ਮਨ ਭਾਏ ॥੯॥
ਜਥਾ ਬਿੱਕ੍ਰਮਾਜੀਤ ਉਦਾਰਾ।
ਦਿਯੋ ਦਾਨ ਤਿਮ ਜਸੁ ਬਿਸਤਾਰਾ।
ਸਤਿਗੁਰੂ ਕੇ ਗੁਨ ਕਵਿਨਿ ਬਖਾਨੇ।
ਸ਼ੇਸ਼ ਸ਼ਾਰਦਾ ਲਖਿ ਸੁਕਚਾਨੇ ॥੧੦॥
ਲੀਲਾ ਕਰੀ ਮਾਨਵੀ ਜੈਸੇ।
ਕੁਛਕੁ ਕਰੀ ਬਰਨਨ ਮੈਂ ਤੈਸੇ।
ਮਿਸਰੀ ਗਿਰਿ[1] ਪਪੀਲਕਾ ਪਾਵੈ।
ਜਿਤਿਕ ਸ਼ਕਤਿ ਕੋ ਬਦਨ ਉਠਾਵੈ ॥੧੧॥
ਇਕ ਦਿਨ ਬੈਠੇ ਸਹਜ ਸੁਭਾਇ।
ਚਹੁੰ ਦਿਸ਼ਿ ਬਿਖੈ ਸਿੰਘ ਸਮੁਦਾਇ।
ਪੁੱਤ੍ਰ ਪਠਾਨ ਤਬੈ ਚਲਿ ਆਯੋ।
ਕਰਿ ਸਲਾਮ ਕੋ ਸੀਸ ਨਿਵਾਯੋ ॥੧੨॥
ਸ਼ਮਸ਼ ਨਹੀਂ ਜਿਸ ਮੁਖ ਪਰ ਆਈ।
ਭਰੀ ਨਹੀਂ ਬਹੁ ਤਨ ਤਰੁਨਾਈ।
ਅਦਬ ਸਾਥ ਆਗੇ ਰਹਿ ਖਰਜੋ।
ਸ਼੍ਰੀ ਮੁਖ ਤੇ ਕਹਿ ਬੂਝਨਿ ਕਰਜੋ ॥੧੩॥
'ਕੌਨ ਮਰਦ ਕੀਨੋ ਕਿਮ ਆਵਨ?
ਕੌਨ ਨਾਮ ਹੈ ਕਰਹੁ ਬਤਾਵਨ?
ਕੌਨ ਦੇਸ਼ ਕਿਸ ਪੁਰਿ ਘਰ ਤੋਰੇ?
ਕੌਨ ਮਨੋਰਥ ਕੋ ਉਰ ਲੋਰੇ ॥੧੪॥
ਕੌਨ ਨਾਮ ਹੈ ਪਿਤਾ ਪਿਤਾਮਾ?
ਕਹੁ ਪ੍ਰਸੰਗ ਕੈਸੇ ਤਜਿ ਧਾਮਾ'?
ਸੁਨਿ ਪਠਾਨ ਕੇ ਪੂਤ ਉਚਾਰਾ।
'ਹੁਤੋ ਪੈਦ ਖ਼ਾਂ ਦਾਦ ਹਮਾਰਾ ॥੧੫॥

[1]ਮਿਸਰੀ ਦਾ ਪਹਾੜ।

ਨਾਮ ਪਦਰ ਕੋ ਸੰਧੇਖਾਨਾ।
ਗੁਲਖ਼ਾਂ ਮੇਰੋ ਨਾਮ ਬਖਾਨਾ।
ਮਰਦ ਪਠਾਨ ਆਪ ਪਹਿਚਾਨੋ।
ਦੇਸ਼ ਨਗਰ ਘਰ ਦੂਰ ਮਹਾਨੋ ॥੧੬॥
ਦ੍ਵਾਬੇ ਬੀਚ ਜਲੰਧਰ ਜ਼ਾਹਿਰ।
ਛੋਟਾ ਮੀਰ ਗ੍ਰਾਮ ਤਿਸ ਠਾਹਰ।
ਚਿਰੰਕਾਲ ਚਾਕਰ ਪਤਿਸ਼ਾਹੀ।
ਲੇ ਕਰਿ ਦਰਬ ਗੁਜ਼ਰ ਨਿਰਬਾਹੀ ॥੧੭॥
ਜਨਨੀ ਕਹਿ ਕਰਿ ਮੋਹਿ ਸਿਖਾਯੋ।
ਸਭਿ ਰਾਵਰ ਕੋ ਭੇਦ ਬਤਾਯੋ।
ਦਿਲ ਜਮਾਲ ਭਾ ਦਰਸ਼ਨ ਕਰਿਬੇ[1]।
ਸਰਬ ਗੁਨਾਹਿ ਸ਼ੀਘ੍ਰ ਪਰਿਹਰਿਬੇ ॥੧੮॥
ਭਯੋ ਪਾਕ ਮੈਂ ਲਹਯੋ ਦਿਦਾਰਾ।
ਤੁਮ ਪੀਰਨ ਕੇ ਪੀਰ ਉਦਾਰਾ।'
ਸੁਨਿ ਸਤਿਗੁਰੂ ਖਾਨ ਸਨਮਾਨਾ।
ਕਹਯੋ ਸਮੀਪ ਬਿਠਾਵਨਿ ਠਾਨਾ ॥੧੯॥
'ਆਵਨ ਕਰਹੁ ਹਮੇਸ਼ ਇਥਾਈਂ।
ਦਰਸ਼ਹੁ ਪਰਚਹੁ ਜਿਮ ਉਰ ਭਾਈ।'
ਬੈਠਯੋ ਚਤੁਰ ਘਟੀ ਲਗਿ ਖਾਨ।
ਬਹੁਰ ਉਠਯੋ ਧਰਿ ਮਸਤਕ ਪਾਨ ॥੨੦॥
ਝੁਕਿ ਸਲਾਮ ਕੀਨੀ ਹੁਇ ਖਰੇ।
ਗੁਰਨਿ ਬਿਲੋਕਯੋ ਕਰੁਨਾ ਧਰੇ।
ਪੰਚ ਅਸ਼ਰਫੀ ਬਖਸ਼ਨ ਕੀਨਿ।
ਲੇ ਕਰਿ ਗੁਲਖਾਂ ਹਰਖਯੋ ਪੀਨ ॥੨੧॥
ਪੁਨ ਚਲਿ ਗਯੋ ਆਪਨੇ ਥਾਨਾ।
ਜਨਨੀ ਸੰਗ ਪ੍ਰਸੰਗ ਬਖਾਨਾ।
'ਮਿਹਰਬਾਨਗੀ ਕਰੀ ਕ੍ਰਿਪਾਲਾ।
ਬਖਸ਼ਯੋ ਆਵਤਿ ਦਰਬ ਬਿਸਾਲਾ ॥੨੨॥
ਹੁਕਮ ਕਰਯੋ ਇਮ ਆਉ ਹਮੇਸ਼ੂ।'
ਸੁਨਿ ਮਾਤਾ ਤਿਹ ਹਰਖ ਵਿਸ਼ੇਸ਼ੂ।
ਦਿਵਸ ਆਗਲੇ ਪੁਨ ਚਲਿ ਗਯੋ।

[1](ਆਪ ਦੇ) ਜਮਾਲ ਦੇ ਦਰਸ਼ਨ ਕਰਨ ਨੂੰ ਦਿਲ ਕੀਤਾ।

ਝੁਕਿ ਸਲਾਮ ਕੋ ਠਾਨਤਿ ਭਯੋ ॥੨੩॥
ਸਤਿਗੁਰ ਸਾਦਰ ਨਿਕਟਿ ਬਿਠਾਯੋ।
ਥਿਰਯੋ ਘਰੀ ਸ੍ਰੀ ਬੰਦਨ ਅਲਾਯੋ।
'ਚੌਪਰ ਖੇਲ ਲਖਹਿਂ ਕੈ ਨਾਂਹੀ।'
ਸੁਨਿ ਕੈ ਕਹ੍ਯੋ 'ਆਇ ਮਮ ਪਾਹੀ[1]' ॥੨੪॥
ਕੋਸ਼ ਬਿਖੈ ਤੇ ਕਹਿ ਅਨਵਾਯੋ।
ਤਿਸ ਨਿਜ ਮਹਿਂ[2] ਸੋ ਖੇਲ ਬਿਛਾਯੋ।
ਡਲ ਕੰਚਨ ਕੇ ਚੂੰਨੀ ਜਰੇ।
ਤਿਮ ਹੀ ਨਰਦ ਜਗਮਗਾ ਕਰੇ ॥੨੫॥
ਚਲੇ ਦਾਵ ਡਲ ਕੋ ਛਿਤ ਮੇਲਿ[3]।
ਪਰਚੇ ਇਕ ਦੁਇ ਬਾਜੀ ਖੇਲ।
ਬਹੁਰ ਬਾਰਤਾ ਗੁਰੂ ਚਲਾਈ।
'ਕਬਿ ਤੇ ਕਰੀ ਚਾਕਰੀ ਪਾਈ ॥੨੬॥
ਸ਼ਾਹੁ ਨਿਕਟ ਕਬਿ ਕੇ ਤੁਮ ਰਹੇ।
ਕਿਤਿਕ ਦਰਬ ਕੋ ਤਹਿਂ ਤੇ ਲਹੇ।'
ਸੁਨਿ ਕਰ ਜੋਰਿ ਪਠਾਨ ਬਖਾਨੀ।
'ਚਿਰੰਕਾਲ ਕੀ ਲਗੀ ਮਹਾਨੀ ॥੨੭॥
ਮਮ ਜਨਨੀ ਸਭਿ ਭਨ੍ਯੋਂ ਪ੍ਰਸੰਗ।
ਸੋ ਮੈਂ ਕਹੌਂ ਆਪ ਕੇ ਸੰਗ।
ਸ਼ਾਹੁ ਸਮੀਪ ਮਿਲ੍ਯੋ ਮਮ ਦਾਦਾ।
ਕਿਸ ਕਾਰਨ ਤੇ ਗੁਰ ਸੰਗ ਬਾਦਾ ॥੨੮॥
ਮਰ੍ਯੋ ਜੁੱਧ ਮਹਿਂ ਸੋ ਤਤਕਾਲਾ।
ਪਿਤਾ ਰਹ੍ਯੋ ਧਨ ਲਹ੍ਯੋ ਬਿਸਾਲਾ।
ਕਰਤਿ ਚਾਕਰੀ ਹਜ਼ਰਤ ਕੇਰੀ।
ਸ਼ਾਹੁ ਜਹਾਂ ਪੁਨ ਅਵਿਰੰਗ ਨੇਰੀ ॥੨੯॥
ਪੂਰਨ ਬਯ ਤੇ ਪਿਤ ਮਰਿ ਗਯੋ।
ਮੈਂ ਚਾਕਰ ਪੁਨ ਤਿਮ ਹੀ ਭਯੋ।
ਲਗ੍ਯੋ ਪ੍ਰਥਮ ਦਰਮਾਹੋਂ ਜੇਤਾ।
ਲੇਤੇ ਰਹੇ ਸਦਾ ਹਮ ਤੇਤਾ' ॥੩੦॥

---

[1]ਮੈਨੂੰ ਆਉਂਦੀ ਹੈ।
[2]ਤਿਸ (ਪਠਾਣ ਤੇ) ਆਪਣੇ ਵਿਚਕਾਰ।
[3]ਜ਼ਮੀਨ ਤੇ ਸੁਟਿਆ।

ਕਿਤਿਕ ਸਮੈਂ ਇਸ ਕਹਤਿ ਬਿਤਾਯੋ।
ਉਠਿ ਸਲਾਮ ਹਿਤ ਸੀਸ ਝੁਕਾਯੋ।
ਪੰਚ ਰੁਪੱਯੇ ਪ੍ਰਭੁ ਦਿਵਾਏ।
ਲੇ ਇਨਾਮ ਗਮਨਜੋਂ ਹਰਖਾਏ ॥੩੧॥
ਸਿੰਘਨਿ ਪਰਖ੍ਯੋ ਗੁਰ ਕੋ ਖ੍ਯਾਲੂ।
ਬਾਤ ਬਿਪਰਜੈ ਕਰਤਿ ਬਿਸਾਲੂ।
ਹਾਥ ਜੋਰਿ ਤਬਿ ਅਰਜ਼ ਗੁਜ਼ਾਰੀ।
'-ਤੁਰਕ ਲਖਹੁ ਰਿਪੁ- ਤੁਮਹਿਂ ਉਚਾਰੀ[1] ॥੩੨॥
ਆਇਸੁ ਅਚਲ[2] ਆਪ ਕੀ ਅਹੈ।
ਜਥਾ ਬਾਯੁ ਤੇ ਭੂਧਰ ਰਹੇ[3]।
ਅਬਿ ਇਹ ਖਾਨ ਆਪ ਸਨਮਾਨਾ।
ਨਿਕਟ ਬਿਠਾਰਿ ਸਨੇਹ ਮਹਾਨਾ ॥੩੩॥
ਚੌਪਰ ਖੇਲਤਿ ਦੇਤਿ ਇਨਾਮੂ।
ਰੁਖ ਕਰਿ ਮਾਨਹੁਂ ਤਾਂਹਿ ਸਲਾਮੂ।
ਸੰਸੈ ਸਭਿ ਸਿੰਘਨ ਕੈ ਹੋਵਾ।
ਨਯੋ ਸੁਭਾਵ ਆਪ ਕੋ ਜੋਵਾ' ॥੩੪॥
ਸ਼੍ਰੀ ਮੁਖ ਹਸੇ ਤਬਹਿ ਗੁਨਖਾਨੀ।
ਸਾਦਰ ਸਭਿ ਸਨ ਕੀਨਿ ਬਖਾਨੀ।
'ਸੁਨਹੁ ਖਾਲਸਾ ਕਾਮ ਹਮਾਰਾ।
ਪਰਜੋ ਇਸੀ ਕੇ ਹਾਥ ਉਦਾਰਾ ॥੩੫॥
ਇਸ ਕੋ ਦਦਾ ਸੂਰਮਾ ਬਲੀ।
ਗੁਰ ਨਿਜ ਢਿਗ ਰਾਖ੍ਯੋ ਬਿਧਿ ਭਲੀ।
ਦਈ ਜੰਗ ਕੀ ਅਧਿਕ ਬਡਾਈ।
ਤਿਸ ਹੀ ਪਰ ਸ਼ਮਸ਼ੇਰ ਚਲਾਈ ॥੩੬॥
ਯਾਂ ਤੇ ਉਪਜੀ ਮਨ ਹਮ ਕਰੁਨਾ।
ਲਰਕਾ ਭਯੋ ਸਨੇਹੈ ਕਰਨਾ[4]।'
ਇਮ ਕਹਿ ਸਿੰਘਨ ਕੋ ਸੰਤੋਸ਼ਾ।
ਦਾਸਨ ਕੇ ਭਰੋਸ ਬਿਨ ਦੋਸ਼ਾ[5] ॥੩੭॥

---

[1]ਆਪ ਨੇ ਉਚਾਰਿਆ ਹੈ ਕਿ ਤੁਰਕ ਨੂੰ ਵੈਰੀ ਜਾਣੋ।
[2]ਅਟੱਲ।
[3]ਜਿਵੇਂ ਵਾਯੂ ਨਾਲ ਪਹਾੜ ਚਲਾਇਮਾਨ ਨਹੀਂ ਹੋ ਸਕਦਾ।
[4](ਪੈਂਦੇ ਦੀ ਕੁਲ ਵਿਚ) ਲੜਕਾ (ਪੈਦਾ) ਹੋਇਆ ਹੈ; ਪਿਆਰ ਕਰਨਾ ਚਾਹੀਦਾ ਹੈ।
[5]ਬਿਨ ਦੋਸ਼ (ਭਾਵ ਗੁਰੂ) ਜੀ ਨੇ ਦਾਸਾਂ ਨੂੰ ਭਰੋਸਾ ਦਿੱਤਾ।

ਲਖੇ ਨ ਜਾਹਿਂ ਚਰਿਤ ਜਿਨ ਰੂਰੇ।
ਦੁਖ ਦਾਰਿਦ ਹਰਤਾ ਗੁਰ ਪੂਰੇ।
ਨਿਸਾ ਪਰੀ ਕਿਯ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ ॥੩੮॥
ਬਡੀ ਪ੍ਰਾਤਿ ਤੇ ਸੌਚ ਸ਼ਨਾਨੇ।
ਅਨੰਦਾਤਮ ਮਹਿਂ ਲਾਇਸਿ ਧਜਾਨੇ।
ਦਿਨਕਰ ਉਦੈ ਭਯੋ ਨਭ ਜਬੈ।
ਕਮਲ ਬਿਲੋਚਨ ਬਿਕਸੇ ਤਬੈ ॥੩੯॥
ਸ਼ਸਤ੍ਰ ਬਸਤ੍ਰ ਕੋ ਅੰਗ ਸਜਾਇ।
ਬੈਠਹਿਂ ਬੀਚ ਖਾਲਸੇ ਆਇ।
ਸਵਾਜਾਮ ਦਿਨ ਚਢੇ ਅਹਾਰਾ।
ਅਚਹਿਂ ਪ੍ਰਭੂ ਗਨ ਸਿੰਘ ਮਝਾਰਾ ॥੪੦॥
ਢਰੇ ਦੁਪਹਿਰੇ ਕਰਤਿ ਅਰਾਮੂ।
ਸੁੱਖਾ ਛਕਹਿਂ ਤ੍ਰਿੱਤੀਏ ਜਾਮੂ।
ਸੰਗ ਅਫੀਮ ਖਾਇਂ ਤਿਸ ਬੇਰ।
ਸ਼ੌਚ ਸ਼ਨਾਨ ਕਰਤਿ ਹੈਂ ਫੇਰ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਪਠਾਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥੧੭॥

## ੧੮. [ਗੁਲ ਖ਼ਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ]

੧੭<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੧੯

ਦੋਹਰਾ: ਪੁਰਿ ਪਾਲੀ[1] ਮਹਿਂ ਬਸਤ ਦ੍ਵੈ, ਗੁਰ ਕੇ ਸਿੱਖ ਸੁਜਾਨ।
ਦਰਸ਼ਨ ਗੁਰ ਅਭਿਲਾਖਤੇ, ਧਾਰਤਿ ਪ੍ਰੇਮ ਮਹਾਨ ॥੧॥
ਚੌਪਈ: ਸੋ ਚਲਿ ਕਰਿ ਸ਼੍ਰੀ ਪ੍ਰਭੁ ਢਿਗ ਆਏ।
ਦ੍ਵੈ ਜਮਧਰ ਅਕੋਰ ਕਹੁ ਲ੍ਯਾਏ।
ਕੰਚਨ ਲਿਪਤਿ ਚਾਰੁ ਚਮਕੰਤੀ।
ਉੱਤਮ ਲੋਹ ਫੁਲਾਦਿਨਿਵੰਤੀ ॥੨॥
ਤੀਛਨ ਭੀਛਨ ਕਰੀ ਨਿਰੀਛਨ[2]।
ਭਏ ਪ੍ਰਸੰਨ ਕ੍ਰਿਪਾ ਧਰਿ ਈਛਨ[3]।
ਪੂਰੀ ਕਾਮਨਾ ਸਿੱਖਨਿ ਕੇਰੀ।
ਤਿਨ ਊਪਰ ਕਰਿ ਖੁਸ਼ੀ ਬਡੇਰੀ ॥੩॥
ਇਤਨੇ ਮਹਿਂ ਪਠਾਨ ਚਲਿ ਆਯੋ।
ਥਿਰ ਹੁਇ ਸਨਮੁਖ ਸੀਸ ਝੁਕਾਯੋ।
ਸਾਦਰ ਨਿਕਟ ਬਿਠਾਵਨ ਕੀਨਾ।
ਜਮਧਰ ਤਿਸ ਕੇ ਕਰ ਮਹਿਂ ਦੀਨਾ ॥੪॥
'ਗੁਲ ਖ਼ਾਂ! ਦੇਖਿ ਵਾਰ ਕੈ ਕਰੈ[4]।
ਨਿਜ ਸ਼ੱਤ੍ਰੂ ਕੇ ਪ੍ਰਾਨਨ ਹਰੈਂ।
[2]ਲਗੇ ਘਾਵ ਕੇ ਸਨਮੁਖ ਹੋਇ।
ਵਾਰ ਕਰਹਿ ਕੈਧੋ ਨਹਿਂ ਸੋਇ[5]' ॥੫॥
ਸੁਨਿ ਪਠਾਨ ਇਮ ਬਾਕ ਬਖਾਨਾ।
'ਅਸ ਜਮਧਰ ਜੇ ਹੁਇ ਮਮ ਪਾਨਾ।
ਬਲ ਤੇ ਕਰੌਂ ਵਾਰ ਇਕ ਐਸੇ।
ਉਕਸਨ ਦੇਉਂ ਨਹੀਂ ਰਿਪੁ ਕੈਸੇ ॥੬॥
ਉੱਤਮ ਲੋਹਾ ਲਖਿਯਤਿ ਖਰ ਹੈ।
ਨਹੀਂ ਧਾਰ ਪਰ ਠਹਿਰਤਿ ਕਰ ਹੈ।

---

[1]ਇਕ ਨਗਰ ਹੈ ਜੋਧ ਪੁਰੋਂ ਅੱਗੇ, ਉਜੈਨ ਤੋਂ ਦੋ ਢਾਈ ਸੌ ਮੀਲ ਉਰੇ, ਨਾਦੇੜ ਤੋਂ ਲਗਪਗ ੫੦੦ ਮੀਲ ਉੱਤਰ ਨੂੰ।
[2]ਦੇਖਣਾ ਕੀਤੀ।
[3]ਪ੍ਰਸੰਨ ਹੋਏ ਤੇ ਨੇਤ੍ਰਾਂ ਵਿਚ ਕਿਰਪਾ ਧਾਰਨ ਕੀਤੀ।
[4]ਗੁਲ ਖਾਂ! ਦੇਖਕੇ (ਦੱਸ ਤਾਂ ਸਹੀ ਕਿ) ਕਿੰਨੇ ਵਾਰ (ਇਸ ਨਾਲ) ਕੀਤਿਆਂ.....।
[5](ਜੇ ਵੈਰੀ ਨੂੰ ਇਸਦਾ) ਜ਼ਖਮ ਲਗ ਜਾਵੇ (ਤਾਂ ਕੀ) ਉਹ ਸਾਹਮਣੇ ਹੋਕੇ (ਉਲਟਵਾਂ) ਵਾਰ ਕਰ ਸਕਦਾ ਹੈ ਕਿ ਨਹੀਂ (ਭਾਵ ਇਸ ਦਾ ਜ਼ਖਮ ਖਾਕੇ ਵਾਰ ਕਰਨ ਦੀ ਤਾਕਤ ਉਸ ਵਿਚ ਰਹੇਗੀ ਕਿ ਮਰ ਹੀ ਜਾਵੇਗਾ?)।

ਇਸ ਤੇ ਵਾਰ ਬਹੁਤ ਕਜਾ ਕਰੈ।
ਲਗੈ ਏਕ ਤੇ ਸ਼ੱਤ੍ਰੂ ਮਰੈ' ॥੭॥
ਜਮਧਰ ਤਿਮ ਹੀ ਨਿਕਟ ਰਖਾਯੋ।
ਹਿਤ ਖੇਲਨ ਚੌਂਪਰ ਅਨੁਵਾਯੋ।
ਲਾਗੇ ਡਲ ਆਪਸ ਮਹਿਂ ਗੇਰਨ।
ਇਤੈ ਉਤੈ ਨਰਦਨ ਕੋ ਫੇਰਨਿ ॥੮॥
ਪਰਹਿ ਦਾਵ ਕੋ ਨਰਦ ਉਠਾਵੈ।
ਮਾਰਤਿ ਮੁਖ ਤੇ ਬਾਕ ਅਲਾਵੈ।
'ਪਿਤਾ ਪਿਤਾਮਾ ਪਲਟਾ ਲੇਯ ਨ।
ਥ੍ਰੂਕ ਜਨਮ ਤਿਸ ਕੇ ਸੁਤ ਗੇਯ ਨ[1] ॥੯॥
ਹਾਥ ਸ਼ਸਤ੍ਰ ਸ਼ੱਤ੍ਰੂ ਢਿਗ ਹੋਇ।
ਮਾਰਹਿ ਨਹਿਂ ਕਪੂਤ ਹੈ ਸੋਇ।'
ਇਮ ਸੁਨਿ ਖਾਨ ਬਿਮਨ[2]* ਹ੍ਵੈ ਰਹਯੋ।
-ਮੋਹਿ ਸੁਨਾਇ ਰਿਸਾਵਤਿ[3]- ਲਹਯੋ ॥੧੦॥
-ਇਨਹੁ ਪਿਤਾਮੇ ਮੋਰ ਪਿਤਾਮਾ।
ਰਣ ਮਹਿਂ ਮਾਰਿ ਪਠਯੋ ਜਮ ਧਾਮਾ।
ਸੋ ਸਿਮਰਤਿ ਅਰੁ ਮੋਹਿ ਸੁਨਾਵੈ।
ਕਜਾ ਕਾਰਨ ਕੁਛ ਲਖਯੋ ਨ ਜਾਵੈ ॥੧੧॥
ਜਥਾ ਜੋਗ ਭਾਖਹਿਂ ਬਚ ਭਲਾ।
ਹੋਇ ਕਪੂਤ ਜੋ ਲਏ ਨ ਬਦਲਾ-।
ਇੱਤਯਾਦਿਕ ਬਿਚਾਰ ਬਹੁ ਰਹਯੋ।
ਨਹਿਂ ਮਾਰਨ ਕੋ ਨਿਸ਼ਚੈ ਲਹਯੋ ॥੧੨॥
ਇਕ ਦੁਇ ਬਾਜੀ ਖੇਲ ਹਟਾਈ।
ਪੁਨ ਚੌਪਰ ਕੋ ਦੀਨਿ ਉਠਾਈ।
'ਹਾਥ ਸ਼ਸਤ੍ਰ ਸ਼ੱਤ੍ਰੂ ਹੁਇ ਪਾਸੀ।
ਹੁਇ ਕਪੂਤ ਕਰਿ ਸਕਹਿ ਨ ਨਾਸ਼ੀ ॥੧੩॥
ਜੇ ਕੁਲੀਨ, ਟਾਰਤਿ ਨਹਿਂ ਕਾਲਾ[4]।
ਮਾਰ ਲੇਤਿ ਹੈਂ ਕਰਤਿ ਉਤਾਲਾ।'

---

[1]ਉਸ ਨੂੰ ਪੁੱਤ੍ਰ ਨਾ ਜਾਣੀਏ।
[2]ਉਦਾਸ।
*ਪਾ:-ਬਿਸਮ।
[3]ਮੈਨੂੰ ਸੁਣਾ ਕੇ ਗੁੱਸਾ ਦਿਵਾਉਣਾ ਚਾਹੁੰਦੇ ਹਨ।
[4]ਓਹ ਸਮਾਂ ਨਹੀਂ ਟਾਲਦੇ।

ਸੁਨਿ ਪਠਾਨ ਕੈ ਕੋਪ ਘਨੇਰੇ।
ਜਥਾ ਸਰਪ ਸੁਪਤੇ ਕਹੁ ਛੇਰੇ ॥੧੪॥
ਜਿਮ ਗਜ ਖੂਨੀ ਤੋਮਰ ਪ੍ਰੇਰੇ।
ਕੰਕਰ[1] ਸੋਂ ਜਿਮ ਕੇਹਰਿ ਛੇਰਹਿ।
ਤਿਮ ਪਠਾਨ ਲੇ ਦੀਰਘ ਸ੍ਵਾਸਾ।
ਸੋਚਤਿ ਰਹਜੋ ਤਊ ਗੁਰ ਪਾਸਾ ॥੧੫॥
ਜਾਨਾ ਸਮਾ ਜਾਨਿ ਕੋ ਧਾਮੂ।
ਉਠਜੋ ਕੋਪ ਦ੍ਰਿਗ ਕੀਨਿ ਸਲਾਮੂ।
ਸਮੁਖ ਨ ਦੇਖਿ ਸਕੈ ਮਨ ਫਿਰਜੋ।
ਤਬੈ ਇਨਾਮ ਦਿਵਾਵਨਿ ਕਰਜੋ ॥੧੬॥
ਪੰਜ ਰਜਤਪਣ ਲੇ ਚਲਿ ਆਯੋ।
ਚਿਤ ਚਿੰਤਾ ਬਡ ਨਦੀ ਬਹਾਯੋ।
ਬੈਠਜੋ ਜਨਨੀ ਕੇ ਢਿਗ ਜਾਯੋ।
ਨਹਿਂ ਬੋਲਤਿ ਮਨ, ਮਨਹੁਂ ਹਰਾਯੋ ॥੧੭॥
ਬੂਝਤਿ 'ਹੇ ਸੁਤ ਕਜੋਂ ਅਨਮਨੋਂ।
ਕਹਾਂ ਬਿਗਾਰਜੋ ਕਾਰਜ ਘਨੋ।
ਨਹੀਂ ਬਦਨ ਪੂਰਬ ਸਮ ਹੇਰੋਂ।
ਚਿੰਤਾ ਬਸੀ ਕਹਾਂ ਚਿਤ ਤੇਰੋ' ॥੧੮॥

ਸੁਨਿ ਮਾਤਾ ਤੇ ਸਰਬ ਬ੍ਰਿਤੰਤ।
ਕਰਜੋ ਸੁਨਾਵਨ ਅਪਨਿ ਮਤੰਤ।

'ਹਮ ਪਠਾਨ ਕੇ ਪੂਤ ਗੁਸੈਲੇ[2]।
ਸ਼੍ਰੀ ਗੁਰ ਪੂਰਬ ਬਾਤ[*] ਚਿਤੈਲੇ ॥੧੯॥
ਬੈਨ ਬਾਨ ਤੇ ਬੀਧਨ ਕੀਨਾ।
ਛੇਕ ਕਰੇਜੇ ਮਹਿਂ ਕਰਿ ਦੀਨਾ।
ਘਾਤ ਕਰਤਿ ਮੈਂ ਸੋਚਤਿ ਰਹਜੋ।
ਕਈ ਬਾਰ ਮੋ ਸੋਂ ਅਸ ਕਹਜੋ' ॥੨੦॥
ਸੁਨਤਿ ਪਠਾਨੀ ਸੁਤ ਕੋ ਬਰਜਜੋ।
ਮਾਰਨ ਮਰਨੇ ਤੇ ਚਿਤ ਲਰਜ਼ਜੋ[3]।

---

[1]ਰੋੜੇ ਯਾ ਵੱਟੇ ਨਾਲ।
[2]ਗੁੱਸੇ ਵਾਲੇ।
[*]ਪਾ:-ਬੈਰ।
[3]ਕੰਬਿਆ।

'ਗੁਰ ਕੋ ਕਹਿਨ ਦੇਹੁ ਜਿਮ ਕਹੇ।
ਸਦਾ ਪਾਲਤੇ ਹਮ ਕੋ ਰਹੇ ॥੨੧॥
ਸੁਨਿ ਕੈ ਰਿਸਹੁ ਨ, ਮ੍ਰਿਦੁ ਬਚ ਕਹੋ।
ਗੁਰ ਸੋਂ ਸੰਧਿ ਸਦਾ ਸੁਖ ਲਹੋ।
ਅਲਪ ਬੈਸ ਤੂੰ ਤਰੁਨ ਨ ਭਯੋ।
ਚਹੁ ਜੀਵਨ ਅਪਨੋ ਹਿਤ ਲਯੋ ॥੨੨॥
ਜੋ ਸ਼੍ਰੀ ਗੁਰ ਕੇ ਤੀਰ ਬਿਗਾਰੈ।
ਸਿੰਘ ਅਨੇਕ ਤੁਰਤ ਹੀ ਮਾਰੈਂ।
ਤੁਝ ਕੋ ਦੇਤਿ ਦਰਬ ਹਿਤ ਕਰੈਂ।
ਹਸਤ ਹੋਇੰ, ਕੁਛ ਕੋਪ ਨ ਧਰੈਂ[1]' ॥੨੩॥
ਇੱਤਜਾਦਿਕ ਬਹੁਤੋ ਸਮੁਝਾਯੋ।
ਤਊ ਨ ਤਿਸ ਨੇ ਮਨ ਠਹਿਰਾਯੋ।
ਚਿਤਵਤਿ ਚਿਤ ਸੁਪਤਜੋ ਪਰਿ ਰਾਤੀ।
ਚਿਤ ਮਹਿਂ ਰੜਕਤਿ ਉਠਤਜੋ ਪ੍ਰਾਤੀ ॥੨੪॥
-ਥੂਕ ਜਨਮ ਭਾਖਜੋ ਬਹ ਬਾਰੀ।
ਹੋਤਿ ਕੁਪੂਤ ਸੁਨਾਇ ਉਚਾਰੀ-।
ਖਾਨ ਪਾਨ ਕਰਿ ਦਿਵਸ ਗੁਜ਼ਾਰਾ।
ਢਰਜੋ ਦੁਪਹਿਰੋ ਸਮੋਂ ਨਿਹਾਰਾ ॥੨੫॥
ਏਕ ਜਾਮ ਦਿਨ ਤੇ ਚਲਿ ਗਯੋ।
ਕਰਿ ਸਲਾਮ ਕੋ ਹੇਰਤਿ ਭਯੋ।
ਭਾਵੀ ਪ੍ਰੇਰਜੋ ਦਰਸ਼ਨ ਕੀਨ।
ਸ਼੍ਰੀ ਪ੍ਰਭੁ ਕਹਿ ਕੈ ਆਦਰ ਦੀਨ ॥੨੬॥
ਨਿਕਟ ਬਿਠਾਇ ਸਰਾਹਨਿ ਲਾਗੇ।
'ਖਾਨਨਿ ਬੰਸ ਨ ਤਜਿ ਰਨ ਭਾਗੇ।
ਲਰਤੇ ਕਰਿ ਹੈਂ ਪ੍ਰਾਨ ਨ ਪਜਾਰੇ।
ਕਟੁ ਬਾਕਨ ਕੋ ਨਹੀਂ ਸਹਾਰੇ ॥੨੭॥
ਕਬਹੁਂ ਸਮਾ ਔਚਕ ਬਨਿ ਜਾਵੈ।
ਸ਼ਸਤ੍ਰ[2] ਸਭਾ ਮਹਿਂ ਰਿਪੁ ਕੋ ਘਾਵੈ।'
ਐਸੀ ਬਾਤਨ ਤੇ ਬਿਰਮਾਇ।
ਪੁਨ ਚੌਪਰ ਕੋ ਦਈ ਵਿਛਾਇ ॥੨੮॥

---

[1]ਭਾਵ ਹੱਸਦੇ ਹੋਣਗੇ ਗੁੱਸੇ ਨਾਲ ਨਹੀਂ ਕਹਿੰਦੇ ਹੋਣੇ।
[2]ਸ਼ਸਤ੍ਰ ਨਾਲ।

ਖੇਲਤਿ ਬਾਜੀ ਨਰਦ ਪ੍ਰਹਾਰੈਂ।
ਕਟੁ ਬਾਕਨ ਤੇ ਤਰਕ ਉਚਾਰੈਂ।
'ਪਿਤਾ ਪਤਾਮੇ ਲੇਇ ਨ ਬਦਲਾ।
ਧ੍ਰਿਕ ਜਨਮ ਤਿਹ ਕਾਯਰ ਦਿਲਾ ॥੨੯॥
ਡਰਹਿ ਮਰਣ ਤੇ ਲਾਨਤਿ ਥੀਂਦੀ।
ਕਯੋਂ ਜਮਨਯੋ ਜਨਨੀ ਤੇ ਗੀਦੀ।
ਨਹੀਂ ਸੂਰਮੇ ਕੋ ਸੁਤਿ ਸੋਈ।
ਦਿਲ ਗੀਦੀ ਤੇ ਪਰਖਨਿ ਹੋਈ ॥੩੦॥
ਕਰਹਿ ਪ੍ਰਾਨ ਪ੍ਰਿਯ ਮਾਰਨ ਮਰੈ।
ਧ੍ਰਿਕ ਜਨਮ ਕਯੋਂ ਆਯੁਧ ਧਰੈ।'
ਇਮ ਛੇਰਤਿ ਬਹੁ ਜਿਮ ਗਜ ਖੂਨੀ।
ਜਾਗਤਿ ਰਿਸ ਮਨ ਦੂਨ ਚਊਨੀ[1] ॥੩੧॥
ਦੋ ਘਟਕਾ ਜਬਿਹੂੰ ਦਿਨ ਰਹਯੋ।
ਚੌਪਰ ਤਜਯੋ ਥਿਰਨ ਕੋ ਚਹਯੋ।
ਗੁਲ ਖਾਂ ਸੁਨਿ ਸੁਨਿ ਧੀਰਜ ਛੋਰੈ।
ਤਕਹਿ ਮਾਰਿਬੇ ਗੁਰ ਕੀ ਓਰੈ ॥੩੨॥
ਜਕ ਤਕ[2] ਕਰਿ ਤਿਨ ਖੜਗ ਸੰਭਾਰਯੋ[*]।
ਮਾਰਨ ਕੋ ਮਨ ਬਯੋਂਤ ਬਿਚਾਰਯੋ।
ਹੇਰਿ ਸਿੰਘ ਗਨ ਇਤ ਉਤ ਤਾਕੈ।
-ਹਤੌਂ ਆਜ ਜਬਿ ਹੋਇੰ ਇਕਾਂਕੈ- ॥੩੩॥
ਪਠਿ ਸੋਦਰ ਅਰਦਾਸ ਉਚਾਰੀ।
ਸਭਿਨਿ ਗੁਰੂ ਕੋ ਬੰਦਨ ਧਾਰੀ।
ਰੁਖ ਲਖਿ ਕੈ ਨਿਜ ਨਿਜ ਥਲ ਗਏ।
ਉਠਤਿ ਪਠਾਨ ਬਿਠਾਵਤਿ ਭਏ ॥੩੪॥
ਥਿਰੇ ਪ੍ਰਯੰਕ ਊਪਰੇ ਫੇਰ।
ਇਕ ਜਮਧਰ ਲੀਨੀ ਕਰ ਹੇਰ।
'ਗੁਲ ਖਾਂ! ਨਿਕਟ ਹੋਇ ਇਸ ਦੇਖਿ।
ਪਰਖਹੁ ਕੀਮਤਿ ਇਸਹਿ ਵਿਸ਼ੇਖ' ॥੩੫॥
ਕਰਿ ਕੈ ਨਗਨ ਦਈ ਤਿਸ ਹਾਥ।

---

[1](ਪਠਾਨ ਬੱਚੇ ਦੇ) ਮਨ ਵਿਚ ਦੂਣਾ ਚੌਣਾ ਗੁੱਸਾ ਜਾਗਦਾ ਹੈ।
[2]ਰੁਕ ਰੁਕਕੇ।
[*]ਪਾ:-ਪ੍ਰਹਾਰਯੋ।

ਪੁਨ ਪ੍ਰੇਰਨ ਲਾਗੇ ਕਹਿ ਨਾਥ।
'ਪਿਸਰ ਪਦਰ ਕੋ ਬਦਲਾ ਲੇਵੈ।
ਹੱਕ ਉਤਾਰ ਆਪਨੋ ਦੇਵੈ ॥੩੬॥
ਵੈਰੀ ਮਿਲਹਿਂ ਇਕਾਂਤ ਸਥਾਨੀ।
ਆਪ ਹੋਹਿ ਤਬਿ ਆਯੁਧ ਪਾਨੀ।
ਮਾਰਹਿ ਨਹੀਂ ਥੂਕ ਮੁਖ ਵਾਂ ਕੇ।
ਜੀਵਨ ਪਰ ਲਾਨਤ ਬਹ ਤਾਂ ਕੇ' ॥੩੭॥
ਇਮ ਕਹਿ ਲੀਨੇ ਮੂੰਦ ਬਿਲੋਚਨ।
ਅਮਲ ਅਫੀਮ ਆਇ ਜਿਮ ਝੋਕਨ।
ਗੁਲ ਖਾਂ ਸਮੈਂ ਬਿਚਾਰਯੋ ਮਾਰਨ।
ਤਮ ਬਿਥਰਯੋ ਹੁਇ ਦੀਪਕ ਜਾਰਨ[1] ॥੩੮॥
-ਦ੍ਰਿਗ ਮੂੰਦੇ ਅਬਿ ਦੇਖਤਿ ਨਾਂਹੀ।
ਥਿਰੇ ਸਿੰਘ ਕੋ ਨਾਂਹਿਨ ਪਾਹੀ-।
ਜਮਧਰ ਨੰਗੀ ਤੀਖਨ ਹਾਥ।
ਇਤ ਉਤ ਅਵਲੋਕਤਿ ਡਰ ਸਾਥ ॥੩੯॥
ਇਤਨੇ ਮਹਿਂ ਦ੍ਰਿਗ ਪੰਕਜ ਖੋਲੇ।
ਸਮੁਖ ਪਠਾਨ ਨਿਕਟ ਕਰਿ ਬੋਲੇ।
'ਸਮਾ ਸ਼ੱਤ੍ਰੂ ਹਤਿਬੇ ਕਹੁ ਪਾਵੈ।
ਚੂਕ ਜਾਇ ਫਿਰ ਹਾਥ ਨ ਆਵੈ ॥੪੦॥
ਰਹੈ ਬਿਸੂਰਤਿ ਗੀਦੀ ਹੋਇ।
ਥੂਕ ਜਨਮ ਲਾਨਤ ਲੇ ਸੋਇ।'
ਬਾਰ ਬਾਰ ਇਮ ਕਹਯੋ ਗੁਸਾਈਂ।
ਬਾਰਿ ਬਾਰਿ ਦ੍ਰਿਗ ਮੂੰਦਤ ਜਾਈਂ ॥੪੧॥
ਬਾਰ ਬਾਰ ਗੁਲ ਖਾਂ ਕੋ ਪ੍ਰੇਰਾ।
ਸਭਿ ਬਿਧਿ ਦਾਵ ਬਨਯੋਂ ਤਿਸ ਹੇਰਾ।
ਜਮਧਰ ਨਗਨ ਹਾਥ ਮਹਿਂ ਧਰੀ।
ਪ੍ਰਭੁ ਕੋ ਤਾਕਿ ਪ੍ਰਹਾਰਨ ਕਰੀ ॥੪੨॥
ਸਮੁਖ ਰਿਦੈ ਕੋ ਜਬੈ ਚਲਾਈ।
ਗਈ ਨਿਫਲ ਨਹਿਂ ਪ੍ਰਵਿਸ਼ੀ ਜਾਈ।
ਤ੍ਰਾਸਤਿ ਹਾਥ ਕੰਪ ਕਰਿ ਗਯੋ।
ਤਨ ਕੋ ਤਨਕ ਘਾਵ ਨਹਿਂ ਭਯੋ ॥੪੩॥

---
[1]ਦੀਵੇ ਬਲਨ ਦਾ ਸਮਾਂ।

ਪੁਨ ਏਕਲ ਹੀ ਪ੍ਰਭ ਕੋ ਹੇਰਿ।
ਜਮਧਰ ਮਾਰੀ ਦੂਸਰ ਬੇਰ।
ਭੁਜ ਕੇ ਤਰੇ ਗਯੋ ਸੋ ਵਾਰ।
ਲਗੀ ਨ ਤਨ ਕੋ ਥਿਰੇ ਜੁਝਾਰ ॥੪੪॥
ਪੁਨ ਧਰਿ ਧੀਰ ਤੀਸਰੋ ਮਾਰਾ।
ਲਾਗ ਉਦਰ ਮਹਿਂ ਕੇਤਿਕ ਫਾਰਾ।
ਲਗੇ ਘਾਵ ਤੇ ਕੋਪ ਬਿਸਾਲੇ।
ਜਮਧਰ ਦੂਜੀ ਧਰੀ ਸੰਭਾਲੇ ॥੪੫॥
ਤਤਛਿਨ ਸ਼੍ਰੀ ਪ੍ਰਭੁ ਵਾਰ ਪ੍ਰਹਾਰਯੋ।
ਉਦਰ ਪਠਾਨ ਸ਼ੱਤ੍ਰੂ ਕੋ ਫਾਰਯੋ।
ਊਚੀ ਧੁਨਿ ਭਾਖ੍ਯੋ ਤਿਸ ਬੇਰੇ।
'ਹੈ ਕੋ ਸਿੰਘ ਹਮਾਰੇ ਨੇਰੇ?' ॥੪੬॥
ਸੁਨਤਿ ਸ਼ਬਦ ਕੋ ਤਤਛਿਨ ਆਏ।
ਨਾਂਗੇ ਖੜਗ ਗਹੇ ਕਰ ਧਾਏ।
ਪਿਖਿ ਲੱਖਾ ਸਿੰਘ ਪਰ੍ਯੋ ਪਠਾਨ।
ਬਲ ਤੇ ਹਨੀ ਕ੍ਰਿਪਾਨ ਮਹਾਨ ॥੪੭॥
ਕਾਟਿ ਗ੍ਰੀਵ ਤੇ ਸੀਸ ਉਤਾਰਾ।
ਪਰ੍ਯੋ ਰੌਰ ਸੁਨਿ ਇਤ ਉਤ ਭਾਰਾ।
ਪ੍ਰਭੁ ਜੀ ਕਹ੍ਯੋ 'ਪ੍ਰਥਮ ਹੀ ਮਰ੍ਯੋ।
ਕਾਹੇ ਖੜਗ ਪ੍ਰਹਾਰਨਿ ਕਰ੍ਯੋ' ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਘਾਵ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋਂ ਅੰਸੂ ॥੧੮॥

## ੧੯. [ਜ਼ਖਮ ਸੀਉਣੇ]

੧੮<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੦

ਦੋਹਰਾ: ਪ੍ਰਥਮ ਤੁਰਕ ਕੀ ਛਾਂਵ ਕੋ,
ਛੁਵਨ ਦੇਤਿ ਨਹਿਂ ਨੇਰ।
ਕਾਰਨ ਕਰਿਬੇ ਹੇਤੁ ਅਸ,
ਆਦਰ ਕਰਤਿ ਬਡੇਰ ॥੧॥
ਚੌਪਈ: ਕੌਤਕ ਰਚਜੋ ਸਕਹਿ ਕੋ ਜਾਨ।
ਜਮਧਰ ਖਾਈ ਪਾਨ ਪਠਾਨ।
ਗੁਲ ਖਾਂ ਪਰਜੋ ਨਿਹਾਰੈਂ ਤਿਸੇ।
ਪ੍ਰਭੁ ਕੋ ਘਾਵ ਲਖਜੋ ਨਹਿਂ ਕਿਸੇ ॥੨॥
ਜਬਿ ਸੰਤੋਖ ਸਿੰਘ ਢਿਗ ਗਯੋ।
ਰੁਧਰ ਪ੍ਰਵਾਹ ਬਿਲੋਕਤਿ ਭਯੋ।
ਬਾਗਾ[1] ਸਗਰੋ ਲਾਲ ਸੁ ਬਰਨ।
ਹੇਰਜੋ ਆਸਤਰਣ[2] ਭੀ ਅਰੁਣ ॥੩॥
'ਮਹਾਰਾਜ! ਨਿਜ ਲਖਹੁ ਸਰੀਰ।
ਨਿਕਸਤਿ ਰੁਧਰ ਭੀਜਗੇ ਚੀਰ।
ਧੀਰਜ ਧਾਰਿ ਰਹੇ ਬਰ ਬੀਰ।
ਲਗਜੋ ਘਾਵ ਨਹਿਂ ਮਾਨਤਿ ਪੀਰ' ॥੪॥
ਸੁਨਿ ਪਿਖਿ ਸਰਬ ਖਾਲਸਾ ਆਯੋ।
ਘਾਵ ਬਸਤ੍ਰ ਟਾਰਤਿ ਦਰਸਾਯੋ।
'ਪ੍ਰਭੁ ਜੀ! ਜਮਧਰ ਘਾਵ ਘਨੇਰਾ।
ਲਗਜੋ ਆਪ ਕੇ ਹਮ ਅਬਿ ਹੇਰਾ ॥੫॥
ਕਿਸ ਬਿਧਿ ਕੋ ਬਿਸਤਾਰਜੋ ਖੇਲ।
ਰੋਜ ਤੁਰਕ ਸੋਂ ਰਾਖਜੋ ਮੇਲ।
ਰਹਜੋ ਹਜ਼ੂਰ ਸਿੰਘ ਨਹਿਂ ਕੋਈ।
ਤਉ ਤੁਰਕ ਢਿਗ ਰਾਖਾ ਸੋਈ ॥੬॥
ਆਪ ਕਰਹੁ ਉਪਦੇਸ਼ ਪ੍ਰਕਾਸ਼ਾ।
-ਕੀਜਹਿ ਨਹੀਂ ਤੁਰਕ ਭਰਵਾਸਾ-।
ਇਹ ਰਾਵਰ ਨੇ ਕਜਾ ਕਰਿ ਲਯੋ।
ਕਰੀ ਘਾਵ ਖਾਨ ਤੇ ਖਯੋ' ॥੭॥

---

[1]ਪੁਸ਼ਾਕਾ।
[2]ਵਿਛਾਈ।

ਸਿੰਘ ਸੰਤੋਖ ਸਿੰਘ ਤੇ ਆਦਿ।
ਹੇਰਿ ਹੇਰਿ ਸਭਿ ਲਹੇ ਬਿਖਾਦ।
ਧੀਰ ਦੇਨਿ ਕੋ ਗੁਰੂ ਉਚਾਰੀ।
'ਭਯੋ ਅਕਾਲ ਪੁਰਖ ਰਖਵਾਰੀ ॥੮॥
ਕਰਹੁ ਨ ਚਿੰਤਾ ਚਿਤ ਮਹਿਂ ਕਾਈ।
ਘਾਵ ਅਲਪ ਅਸਿਕੇਤ ਸਹਾਈ।
ਖਾਨ ਖੋਰ ਕਰਿ ਜਮਧਰ[੧] ਮਾਰੀ।
ਬਹੁਤ ਸਮੈਂ ਕੋ ਦ੍ਵੈਸ਼ ਚਿਤਾਰੀ ॥੯॥
ਖਸ਼ਟਮ ਗੁਰੂ ਮਹਾਂ ਬਲਿ ਧਾਮਾ।
ਹਤਜੋ ਜੁੱਧ ਮਹਿਂ ਜਾਂਹਿ ਪਿਤਾਮਾ।
ਸੁਨਤਿ ਰਹਜੋ ਪੂਰਬ ਕੀ ਬਾਤ।
ਅਬਿ ਲਖਿ ਘਾਤ[੨] ਚਹਜੋ ਮਮ ਘਾਤ[੩] ॥੧੦॥ {ਵਿਸ਼ੇਸ਼ ਟੂਕ}
ਭਯੋ ਅਕਾਲ ਪੁਰਖ ਰਖਵਾਰੇ।
ਤਨਕ ਘਾਵ ਭਾ ਜਮਧਰ ਮਾਰੇ।
ਦੂਜੀ ਜਮਧਰ ਹਮਹੁਂ ਪ੍ਰਹਾਰੀ।
ਜਾਨਿ ਨ ਦੀਨਿ ਲੀਨ ਅਰਿ ਮਾਰੀ' ॥੧੧॥
ਸੁਨਿ ਸਿੰਘਨਿ ਤਤਛਿਨ ਜਲ ਲਜਾਏ।
ਕਰਜੋ ਪਖਾਰਨ ਸ਼੍ਰੋਣਤ ਜਾਏ[੪]।
ਸੂਚੀ ਲਈ ਲੋਹਿ ਬਰ ਜੋਵਾ[੫]।
ਰੇਸ਼ਮ ਤਾਗਾ ਬੰਟ[੬] ਪਰੋਵਾ ॥੧੨॥
ਸਨੇ ਮਨੇ ਸੀਵਨ ਕਰਿ ਸਾਰਾ।
ਪਾਟੀ ਬੰਧਿ ਕੀਨਿ ਦ੍ਰਿੜ ਭਾਰਾ।
ਆਛੀ ਰੀਤਿ ਪਲੰਘ ਪਰ ਆਏ।
ਰੁਚਿ ਅਨੁਸਾਰ ਅਹਾਰਨਿ ਖਾਏ ॥੧੩॥
ਸੁਪਤਿ ਰਾਤਿ ਬੀਤੀ ਹੁਇ ਪ੍ਰਾਤੀ।
ਲਿਖੀ ਖਾਲਸੇ ਮਿਲਿ ਕਰਿ ਪਾਤੀ।
ਸ਼ਾਹੁ ਬਹਾਦਰ ਢਿਗ ਸੁਧ ਪਠੀ।

---

[੧]ਕਟਾਰ, ਖੰਜਰ।
[੨]ਦਾਉ ਤੱਕ ਕੇ।
[੩]ਮਾਰਨਾ।
[੪]ਲਹੂ ਜਾਂਦਾ।
[੫]ਸੂਈ ਲਈ ਜੋ ਚੰਗੇ ਲੋਹੇ ਦੀ ਹੈਸੀ।
[੬]ਵੱਟ ਕੇ। ਵੱਟ ਚਾੜ੍ਹਕੇ।

ਹੁਤੋ ਨਿਕਟ ਉਤ[1] ਖੋਲਤਿ ਪਠੀ ॥੧੪॥
-ਇਹ ਕਜ਼ਾ ਭਯੋ- ਰਹਜੋ ਬਿਸਮਾਇ।
ਤੁਰਤ ਜਰਾਹਨ ਕੋ ਬੁਲਵਾਇ।
ਕਰਿ ਤਾਗੀਦ ਦਏ ਹਯ ਬਲੀ।
'ਰਾਜ਼ੀ ਕਰਹੁ ਜ਼ਖਮ ਬਿਧਿ ਭਲੀ' ॥੧੫॥
ਤੁਰੰਗ ਧੁਵਾਵਤਿ ਸੋ ਚਲਿ ਆਏ।
ਦਰਸ਼ਨ ਕਰਿ ਕੈ ਸੀਸ ਨਿਵਾਏ।
ਖੋਲਿ ਜ਼ਖਮ ਕੋ ਸਭਿ ਬਿਧਿ ਹੇਰਾ।
ਸ਼ੁਭ ਉਪਚਾਰ ਕਰੇ ਤਿਸ ਬੇਰਾ ॥੧੬॥
ਪੀਛੇ ਸ਼ਾਹੁ ਲਿਖਜੋ ਪਰਵਾਨਾ।
ਤਿਨ ਖ਼ਾਨਨ ਪਰ ਕੁਪਜੋ ਮਹਾਨਾ।
'ਜੇ ਰਾਵਰ ਕੀ ਆਇਸੁ ਪਾਊਂ।
ਇਨ ਸਭਿਹਿਨਿ ਕੇ ਹਾਥ ਕਟਾਊਂ ॥੧੭॥
ਕੈ ਨੌਕਾ ਕੇ ਬੀਚ ਚਢਾਊਂ।
ਜਲ ਗੰਭੀਰ ਮਹਿਂ ਸਭਿਨਿ ਡੁਬਾਊਂ।'
ਸ੍ਰੀ ਗੁਰ ਢਿਗ ਆਯੋ ਪਠਵਾਯੋ।
ਕ੍ਰਿਪਾ ਕਰਤਿ ਹੀ ਹੁਕਮ ਅਲਾਯੋ ॥੧੮॥
'ਇਹ ਸਭਿ ਕਾਰ ਹਮਹੁਂ ਕਰਵਾਈ।
ਤਿਲ ਭਰ ਦੋਸ਼ ਨ ਇਨਹੁਂ ਕਦਾਈ।'
ਲਿਖਿ ਉੱਤਰ ਭੇਜਜੋ ਤਤਕਾਲਾ।
ਜਹਿਂ ਕਹਿਂ ਪਸਰਜੋ ਸੁਜਸੁ ਬਿਸਾਲਾ ॥੧੯॥
ਸਤਿਗੁਰ ਖੋਟਨਿ ਪਰ ਉਪਕਾਰੀ।
ਮਹਾਂ ਕ੍ਰਿਪਾਲ ਧੀਰ ਧਰਿ ਭਾਰੀ।
ਹੁਤੇ ਜਰਾਹੁ ਸੁਮਤਿ ਪਤਿਸ਼ਾਹੀ।
ਕਰਿ ਉਪਚਾਰ ਥਿਰੇ ਪ੍ਰਭੁ ਪਾਹੀ ॥੨੦॥
ਐਸੋ ਮੱਲ੍ਹਮ ਕਰਜੋ ਲਗਾਯੋ।
ਤੂਰਨ ਜ਼ਖਮ ਮੇਲ ਹ੍ਵੈ ਆਯੋ।
ਪੰਦਰਹਿ ਦਿਵਸਨ ਮਹਿਂ ਕਰਿ ਨੀਕਾ।
ਮੱਜਨ ਕਰਿਵਾਯੋ ਗੁਰ ਜੀ ਕਾ ॥੨੧॥
ਪੋਸ਼ਿਸ਼ ਨਈ ਪਹਿਰ ਕਰਿ ਬੈਸੇ।
ਦਯੋ ਦਰਸ ਬਰ ਪੂਰਬ ਜੈਸੇ।

---
[1]ਉਧਰ (ਬਾਦਸ਼ਾਹ ਨੇ)।

ਅਖਿਲ ਖਾਲਸਾ ਚਲਿ ਕਰਿ ਆਯੋ।
ਸੀਸ ਨਿਵਾਇ ਅਨੰਦ ਕੋ ਪਾਯੋ ॥੨੨॥
ਅਖਿਲ ਲੋਕ ਸੁਨਿ ਸੁਨਿ ਸੁਧਿ ਨੀਕੇ।
ਪਹੁੰਚੇ ਨਿਕਟ ਪੁੰਜ ਪ੍ਰਭੁ ਜੀ ਕੇ।
ਪੰਚਾਂਮ੍ਰਿਤ ਅਧਿਕੈ ਕਰਿਵਾਯੋ।
ਉਤਸਵ ਦੀਰਘ ਸਭਿ ਮਹਿਂ ਛਾਯੋ ॥੨੩॥
ਦਰਬ ਬ੍ਰਿੰਦ ਸਿਰੁਪਾਉ ਬਿਸਾਲੇ।
ਹੁਕਮ ਕਰਜੋ ਲਜਾਏ ਤਤਕਾਲੇ।
ਬਖਸ਼ੇ ਤਬਹਿ ਜਰਾਹਨਿ ਤਾਈਂ।
ਲੇ ਕਰਿ ਬਹੁਤ ਰਹੇ ਹਰਖਾਈ ॥੨੪॥
ਸੁਜਸ ਉਚਾਰਨ ਕਰਤਿ ਬਿਸਾਲੇ।
ਸ਼੍ਰੇਯ ਕਹਨ ਹਜ਼ਰਤ ਢਿਗ ਚਾਲੇ।
ਮਿਲੇ ਜਾਇ ਸੁਧ ਅਖਿਲ ਸੁਨਾਈ।
'ਧਨ ਗਨ ਦੀਨਸਿ ਹਮ* ਹਰਖਾਈ[੧]' ॥੨੫॥
ਪੁਨ ਗਮਨੇ ਦਿੱਲੀ ਸੁ ਜਰਾਹੂ।
ਕਹਜੋ ਸੁਜਸੁ ਸਗਰੋ ਪੁਰਿ ਮਾਂਹੂ।
ਇਮ ਸਤਿਗੁਰ ਹ੍ਵੈਗੇ ਸਵਧਾਨਾ।
ਦਿਨ ਖੋੜਸ ਮੋਂ ਚਢਜੋ ਜਹਾਨਾ ॥੨੬॥
ਹੁਤੀ ਪ੍ਰਭਾਤਿ ਸਭਾ ਮਹਿਂ ਬੈਸੇ।
ਸ਼ੋਭਤਿ ਹੈਂ ਕੁਬੇਰ ਬਰ ਜੈਸੇ।
    ਨਵ ਟੰਕਨ[੨] ਕੇ ਧਨੁਖ ਬਿਸਾਲੇ।
    ਆਨੇ ਕਾਰੀਗਰ ਤਿਸ ਕਾਲੇ ॥੨੭॥
ਹੇਰਤਿ ਗੁਰੂ ਹਰਖ ਕੋ ਪਾਯੋ।
ਦੀਰਘ ਦਰਬ ਇਨਾਮ ਦਿਵਾਯੋ।
ਸਰਬ ਸ਼ਸਤ੍ਰ ਨਿਤ ਨਿਕਟ ਰਖਾਵਤਿ।
ਪੁਸ਼ਪ ਧੂਪ ਚੰਦਨ ਚਰਚਾਵਤਿ ॥੨੮॥
ਤਿਨ ਮਹਿਂ ਦੌਨ ਸਰਾਸਨ[੩] ਧਰੇ।
ਦਿਢ ਦਰਾਜ਼ ਦੀਖਤਿ ਬਰ ਕਰੇ।

---

*ਪਾ:-ਦੀਨਸ਼ਾਹ।
[੧](ਗੁਰੂ ਜੀ ਨੇ) ਸਾਨੂੰ ਬਹੁਤਾ ਧਨ ਦੇਕੇ ਪ੍ਰਸੰਨ ਕੀਤਾ ਹੈ.
[੨]ਨੌਂ ਟੰਕ ਦੇ ਧਨੁਖ।
[੩]ਦੋਵੇਂ ਧਨੁਖ।

ਕਾਤਕ ਮਾਸ ਅਮਾਵਸ਼ ਨਿਸ ਮਹਿਂ।
ਦੀਪ ਮਾਲ ਘਰਿ ਘਰ ਜਿਸ ਕਿਸ ਮਹਿਂ ॥੨੯॥
ਘ੍ਰਿੱਤ ਸਨੇਹ ਜਲਾਇ ਬਿਸਾਲਾ।
ਬਿਬਿਧ ਬਿਧਿਨ ਧਰਿ ਦੀਪਕ ਮਾਲਾ।
ਗੁਰੂ ਸਦਨ ਕੇ ਚਹੁਂ ਦਿਸ਼ਿ ਜੋਤਿ।
ਭਾ ਪ੍ਰਕਾਸ਼ ਦਿਨ ਮਨਹੁਂ ਉਦੋਤਿ ॥੩੦॥
ਪੰਚਾਂਮ੍ਰਿਤ ਕਰਿਵਾਇ ਬ੍ਰਤਾਏ।
ਉਤਸਵ ਰਚ੍ਯੋ ਅਨੰਦ ਸਮੁਦਾਏ।
ਬਿਤ੍ਯੋ ਸੁ ਦਿਨ ਪ੍ਰਤਿਪਦਾ[1] ਬਿਤਾਈ।
ਜਮਦੁਤੀਆ[2] ਉਦਤ੍ਯੋ ਗ੍ਰਿਹਰਾਈ[3] ॥੩੧॥
ਸੁੰਦਰ ਤੰਬੂ ਇਕ ਲਗਵਾਯੋ।
ਬੀਚ ਦੁਚੋਬੇ ਸਥਿਤ ਸੁਹਾਯੋ।
ਚਹੁਂ ਦਿਸ਼ਿ ਮਹਿਂ ਕਨਾਤ ਤਨਵਾਈ।
ਰੰਗਾ ਰੰਗ ਫਰਸ਼ ਛਿਤ ਛਾਈ ॥੩੨॥
ਬੀਚ ਪ੍ਰਵੇਸ਼ ਭਏ ਤਿਸ ਜਾਇ।
ਰੱਛਕ ਦੂਰ ਦੂਰ ਬੈਠਾਇ।
'ਜਾਮ ਏਕ ਲਗਿ ਥਿਰੀਯਹੁ ਖਰੇ[4]।
ਅੰਤਰ ਨਹਿਂ ਪ੍ਰਵੇਸ਼ ਕੋ ਕਰੇ' ॥੩੩॥
ਇਮ ਕਰਿ ਕੈ ਚਹੁਂ ਦਿਸ਼ਿ ਤਕਰਾਈ।
ਆਪ ਸਥਿਰ ਭੇ ਬੀਚ ਗੁਸਾਈਂ।
ਤਿਸ ਛਿਨ ਦਮਕ੍ਯੋ ਮਹਿਦ ਅਕਾਸ਼ਾ।
ਪਿਖਿਯਤਿ ਭਯੋ ਬਿਸਾਲ ਪ੍ਰਕਾਸ਼ਾ ॥੩੪॥
ਦੋਇ ਪੁਰਖ ਉਤਰੇ ਤਰ ਆਏ।
ਗੁਰ ਦਰਸ਼ਨ ਕਰਿ ਸੀਸ ਨਿਵਾਏ।
ਸਾਦਰ ਕਹਿ ਕਰਿ ਨਿਕਟ ਬਿਠਾਰੇ।
ਕੁਸ਼ਲ ਅਖਿਲ ਕੇ ਬਾਕ ਉਚਾਰੇ ॥੩੫॥

---

[1]ਏਕਮ।
[2]ਯਮਦ੍ਵਿਤਜਾ=ਕਤਕ ਸੁਦੀ ਦੂਜ।
ਯਮ ਨੇ ਆਪਣੀ ਭੈਣ ਯਮੁਨਾਂ ਦੇ ਘਰ ਇਸ ਦਿਨ ਭੋਜਨ ਪਾਇਆ ਸੀ। ਇਸ ਕਰਕੇ ਇਸ ਦਿਨ ਭੈਣ ਦੇ ਘਰ ਦਾ ਖਾਣਾ ਵਿਹਤ ਹੋ ਗਿਆ। 'ਭਾਈ ਦੂਜ' ਏਸੇ ਨੂੰ ਕਹਿੰਦੇ ਹਨ, ਭੈਣਾਂ ਭਰਾਵਾਂ ਨੂੰ ਟਿੱਕਾ ਇਸੇ ਦਿਨ ਲਾਉਂਦੀਆਂ ਤੇ ਕੁਛ ਖਿਲਾਉਂਦੀਆਂ ਹਨ ਤੇ ਭਰਾ ਕੁਛ ਦਿੰਦੇ ਹਨ।
[3]ਸੂਰਜ।
[4]ਖੜੇ ਰਹਿਣਾ।

ਤਿਨਹੁਂ ਪੱਤ੍ਰਿਕਾ ਦਈ ਨਿਕਾਸਿ।
ਗ੍ਰਹਣ ਕਰੀ ਕਰ ਮਾਂਹਿ ਹੁਲਾਸ।
ਤਤਛਿਨ ਖੋਲਿ ਭਲੀ ਬਿਧਿ ਹੇਰੇ।
ਅਮਰਾਵਤੀ ਬਰਣ[1] ਜਿਸ ਕੇਰੇ ॥੩੬॥
ਪੜ੍ਹਿ ਕਰਿ ਸਮੁਝੇ ਸਰਬ ਬ੍ਰਿਤੰਤ।
ਤਿਨ ਸਨ ਬਾਤ ਕਰੀ ਭਗਵੰਤ।
'ਪ੍ਰਭੁ ਜੀ! ਅਬਿ ਬੈਕੁੰਠ ਸਿਧਾਰੋ।
ਕਾਰਜ ਇਹਾਂ ਲੀਨ ਕਰਿ ਸਾਰੋ ॥੩੭॥
ਜੇਕਰਿ ਰਹਿਬੋ ਚਹਹੁ ਕ੍ਰਿਪਾਲਾ।
ਰਹਹੁ ਧਰਾਤਲ ਕਰਹੁ ਨਿਹਾਲਾ।'
ਹੁਕਮ ਅਕਾਲ ਪੁਰਖ ਕੋ ਕਹਜੋ।
ਆਗੇ ਕਰਹੁ ਜਥਾ ਚਿਤ ਚਹਜੋ ॥੩੮॥
ਕਰਤਾ ਪੁਰਖ ਅਕਾਲ ਕ੍ਰਿਪਾਨਾ।
ਤਿਸ ਪਿਤ ਕੇ ਹੋ ਪੁੱਤ੍ਰ ਬਿਸਾਲਾ।
ਦੁਸ਼ਟ ਤੁਰਕ ਕੀ ਜੜ੍ਹਾਂ ਉਖਾਰੀ।
ਪੰਥ ਖਾਲਸਾ ਉਤਪਤਿ ਭਾਰੀ[2] ॥੩੯॥
ਸੂਧਾ ਮਾਰਗ ਜਗ ਬਿਸਤਾਰਾ।
ਕਰਤਾ ਪੁਰਖ ਭਜਨ ਨਿਸਤਾਰਾ।
ਕਰਿ ਕਰਿ ਜੁੱਧ ਕ੍ਰੁੱਧ ਭਟ ਭਾਰੇ।
ਦੁਸ਼ਟ ਅਨਿਸ਼ਟੀ ਚੁਨਿ ਚੁਨਿ ਮਾਰੇ' ॥੪੦॥
ਸੁਨਿ ਕ੍ਰਿਪਾਲ ਤਿਨ ਸੰਗ ਉਚਾਰੀ।
'ਹਮ ਨੇ ਕਰੀ ਅੱਗ੍ਰ ਹੀ ਤਜਾਰੀ।
ਹੁਕਮ ਅਕਾਲ ਪੁਰਖ ਕੋ ਜੈਸੇ।
ਸਿਰ ਪਰ ਧਰਿ ਹਮ ਮਾਨਹਿਂ ਤੈਸੇ' ॥੪੧॥
ਇੱਤਜਾਦਿਕ ਕਹਿ ਸੁਨਿ ਕਰਿ ਭਲੇ।
ਨਭ ਕੇ ਮਗ ਹੀ ਤੂਰਨ ਚਲੇ।
ਏਕ ਜਾਮ ਲਗਿ ਰਹੇ ਇਕੰਤ।
ਨਿਕਸੇ ਵਹਿਰ ਬਹੁਤ ਭਗਵੰਤ ॥੪੨॥
ਬਦਨ ਪ੍ਰਫੁਲਿਤ ਕਮਲ ਸਮਾਨਾ।
ਪਦਮ ਪਾਂਖਰੀ ਆਂਖ ਮਹਾਨਾ।

---

[1]ਸ੍ਵਰਗ ਦੇ ਅੱਖਰ।
[2]ਉਤਪਤ ਕਰ ਦਿੱਤਾ ਹੈ (ਤੁਸਾਂ ਨੇ) ਭਾਰਾ ਖਾਲਸਾ ਪੰਥ।

ਰਿਦੇ ਅਨੰਦਤਿ ਦੁਗਨ ਚਗੁਨੇ।
ਬੈਸੇ ਸਭਿਨਿ ਬਿਖੈ ਦੁਤਿ ਦੂਨੇ* ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਪਾਤੀ ਅਕਾਲ ਪੁਰਖ ਪਠਾਨ+' ਪ੍ਰਸੰਗ ਬਰਨਨੰ ਨਾਮ ਉਨੀਸਮੋਂ ਅੰਸੂ ॥੧੯॥

ਵਿਸ਼ੇਸ਼ ਟੂਕ:- ਸ਼ੋਕ ਹੈ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਦੇ ਮੁਤਅੱਲਿਕ ਅਸਲ ਭੇਤ ਹੀ ਪ੍ਰਕਾਸ਼ ਨਹੀਂ ਪਾਇਆ। ਮਹਿਮਾ ਪ੍ਰਕਾਸ਼ ਤੇ ਗੁਰੂ ਬਿਲਾਸ, ਸੌ ਸਾਖੀ ਤੇ ਸੂਰਜ ਪ੍ਰਕਾਸ਼ ਆਦਿਕਾਂ ਨੇ ਜੋ ਇਹ ਗੱਲ ਲਿਖੀ ਹੈ ਕਿ ਗੁਰੂ ਜੀ ਆਪ ਗੁਲ ਖਾਂ ਨੂੰ ਆਪਣੇ ਕਤਲ ਵਾਸਤੇ ਤਾਅਨੇ ਮਾਰ ਮਾਰ ਕੇ ਉਕਸਾਉਂਦੇ ਰਹੇ, ਕੁਛ ਮੁੱਲ ਵਾਲੀ ਨਹੀਂ। ਇਸ ਦਾ ਖੰਡਨ ਤਾਂ ਉਨ੍ਹਾਂ ਦੇ ਅਪਣੇ ਦਿੱਤੇ ਹਾਲ ਤੋਂ ਹੀ ਹੋ ਜਾਂਦਾ ਹੈ। ਜੇ ਗੁਰੂ ਜੀ ਨੇ ਪਠਾਣ ਬੱਚੇ ਨੂੰ ਆਪਣੇ ਕਤਲ ਲਈ ਆਪ ਉਕਸਾਇਆ ਤਾਂ ਫੇਰ ਜਦ ਉਸ ਦੀ ਕਟਾਰ ਦਾ ਵਾਰ ਚਲ ਗਿਆ ਤਾਂ ਗੁਰੂ ਜੀ ਨੇ ਉੱਠਕੇ ਉਸ ਨੂੰ ਕਟਾਰ ਨਾਲ ਪਾਰ ਬੁਲਾਇਆ; ਇਸ ਦਾ ਕੀ ਅਰਥ ਹੈ? ਉਸ ਨੇ ਤਾਂ ਆਪਦਾ ਮਨਸ਼ਾ ਪੂਰਾ ਕੀਤਾ ਸੀ, ਉਸ ਨੂੰ ਇਨਾਮ ਦੇਣਾ ਚਾਹੀਦਾ ਸੀ ਨਾਂ ਕਿ ਮਾਰ ਦੇਣਾ। ਮਾਰ ਦੇਣਾ ਤਾਂ ਓਸੇ ਵੇਲੇ ਹੋ ਸਕਦਾ ਹੈ ਜਦ ਕਿ ਅਚਾਨਕ ਕੋਈ ਵਾਰ ਕਰੇ ਤਾਂ ਸੂਰਮੇ ਦਾ ਹੱਥ ਸ਼ਸਤ੍ਰ ਤੇ ਉਠਦਾ ਤੇ ਮਾਰਨ ਵਾਲੇ ਤੇ ਵਾਰ ਕਰਦਾ ਹੈ। ਦੂਜਾ ਖਿਆਲ, ਇਹ ਕਿ ਗੁਰੂ ਜੀ ਪੈਂਦੇ ਖ਼ਾਂ ਦੇ ਕਤਲ ਦਾ ਬਦਲਾ ਦੇਣਾ ਚਾਹੁੰਦੇ ਸਨ, ਬੀ ਆਪੇ ਖੰਡਨ ਹੋ ਜਾਂਦਾ ਹੈ। ਪੈਂਦੇ ਖ਼ਾਂ ਮੈਦਾਨ ਜੰਗ ਵਿਚ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਮਾਰਨ ਆਇਆ ਖੁੱਲ੍ਹੇ ਜੰਗ ਵਿਚ ਉਨ੍ਹਾਂ ਦੇ ਹੱਥੋਂ ਮਾਰਿਆ ਗਿਆ ਸੀ। ਬਦਲਾ ਕਾਹਦਾ? ਮੈਦਾਨ ਜੰਗ ਵਿਚ ਮਾਰਿਆ ਦਾ ਬਦਲਾ ਦੇਣਾ ਹੋਵੇ ਤਾਂ ਇਕ ਇਸ ਪਠਾਣ ਦੇ ਪਿਉ ਯਾਂ ਦਾਦੇ ਦੇ ਬਦਲੇ ਦੇਣ ਤੇ ਗੱਲ ਕਿਉਂ ਮੁੱਕੇ; ਜਿੰਨੇ ਆਦਮੀ ਗੁਰੂ ਜੀ ਦੇ ਤੀਰ ਤਲਵਾਰ ਨਾਲ ਮਰੇ ਸਭ ਦੇ ਬਦਲੇ ਦਿੱਤੇ ਜਾਣੇ ਚਾਹੀਏ। ਮਸਲਨ ਨਾਹਰ ਖ਼ਾਂ ਨੂੰ ਚਮਕੌਰ ਤੀਰ ਨਾਲ ਪਰੋਣ ਦਾ ਬਦਲਾ ਦੇਣ ਲਈ ਮਲੇਰੀਏ ਪਠਾਣਾਂ ਨੂੰ ਕਿਉਂ ਨਾਂ ਪ੍ਰੇਰਿਆ? ਭਲਾ ਜੇ ਚਾਹੁਣ ਵੀ ਤਾਂ ਬੀ ਗੱਲ ਨਹੀਂ ਢੁੱਕਦੀ। ਜਦੋਂ ਪਠਾਣ ਨੇ ਵਾਰ ਕਰ ਲਿਆ ਤਾਂ ਬਦਲਾ ਚੁੱਕ ਗਿਆ, ਹਿਸਾਬ ਮੁੱਕ ਗਿਆ। ਦਸਮੇਸ਼ ਜੀ ਜੇ ਬਦਲਾ ਦੇਣਾ ਚਾਹੁੰਦੇ ਸਨ ਤਾਂ ਦਿੱਤਾ ਜਾ ਚੁੱਕਾ ਸੀ, ਹੁਣ ਉਸ ਨੂੰ ਫੇਰ ਕਿਉਂ ਕਤਲ ਕਰਨ? ਜਦੋਂ ਫੇਰ ਆਪ ਉਸ ਨੂੰ ਮਾਰਿਆ ਤਾਂ ਪਿਛਲਾ ਬਦਲਾ ਮੁਕਦੇ ਸਾਰ ਨਵਾਂ ਸਿਰ ਚਾੜ੍ਹ ਲਿਆ। ਇਸ ਪੜਤਾਲ ਨਾਲ ਬਦਲੇ ਦੇਣ ਦਾ ਖਿਆਲ ਸਾਰਾ ਢਹਿ ਢੇਰੀ ਹੋ ਗਿਆ ਤੇ ਨਾਲ ਹੀ ਆਪ ਉਸ ਨੂੰ ਉਕਸਾਉਣ ਦਾ ਖਿਆਲ ਰੱਦੀ ਸਾਬਤ ਹੋ ਗਿਆ।

ਮਹਿਮਾਂ ਪ੍ਰਕਾਸ਼ ਵਾਰਤਕ ਨੇ ਇਕ ਥਾਵੇਂ ਤਾਂ ਇਹੋ ਦੂਸਰੇ ਮਹਿਮਾਂ ਪ੍ਰਕਾਸ਼ ਵਰਗਾ ਹਾਲ ਹੀ ਦਿੱਤਾ ਹੈ; ਪਰ ਦੂਜੀ ਥਾਵੇਂ ਇਕ ਵੀਹ ਪੱਚੀ ਵਰ੍ਹੇ ਦੇ ਪਠਾਣ ਦਾ ਕਈ ਦਿਨ ਆਉਣਾ ਤੇ ਘਾਤ ਪਾਕੇ ਵਾਰ ਕਰਨਾ ਦਿੱਤਾ ਹੈ। ਏਥੇ ਕੋਈ ਜ਼ਿਕਰ ਬਦਲੇ ਦਾ ਯਾ ਗੁਰੂ ਜੀ ਦੇ ਉਸਨੂੰ ਉਕਸਾਉਣ ਦਾ ਨਹੀਂ ਦਿੱਤਾ। ਇਨ੍ਹਾਂ ਸਭਨਾਂ ਤੋਂ

*ਪਾ:-ਪੂਨੇ।

+ਪਾ:-ਪ੍ਰਭੁ ਸੋ ਬਾਤ।

ਪੁਰਾਣਾ ਗ੍ਰੰਥ ਗੁਰ ਸ਼ੋਭਾ ਹੈ, ਜਿਸ ਦਾ ਕਰਤਾ ਗੁਰੂ ਜੀ ਦਾ ਦਰਬਾਰੀ ਕਵੀ ਬੀ ਰਿਹਾ ਹੈਸੀ। ਉਸ ਦਾ ਗ੍ਰੰਥ ੧੭੯੮ ਤੋਂ ਮਗਰੋਂ ਦਾ ਨਹੀਂ। ਉਸ ਨੇ ਉਪਰਲੀਆਂ ਗੱਲਾਂ ਕੋਈ ਨਹੀਂ ਦਿੱਤੀਆਂ, ਕੇਵਲ ਐਉਂ ਦਸਿਆ ਹੈ:-

"ਸੁਨੀ ਸਾਖ ਐਸੇ ਪਠਾਨ ਏਕ ਆਯੋ। ਕਛੂ ਘਾਤ ਕੈ ਕੈ ਪ੍ਰਭੂ ਪਾਸ ਧਾਯੋ। ਘਰੀ ਦੋਇ ਕੈ ਤੀਨ ਕੈ ਬੈਠ ਮੀਠੇ। ਨਹੀਂ ਘਾਤ ਲਾਗੀ ਘਨੇ ਲੋਗ ਡੀਠੇ ॥ ੮ ॥ ੨੭੭ ॥ ਬਿਦਾ ਹੋਇ ਕੈ ਧਾਮ ਕੋ ਬੇਗ ਧਾਯੋ। ਗਏ ਦਿਵਸ ਦੋ ਤੀਨ ਸੋ ਫੇਰ ਆਯੋ। ਘਰੀ ਤੀਨ ਕੈ ਚਾਰ ਕੇ ਬੈਠ ਐਸੇ। ਨਹੀਂ ਘਾਤ ਲਾਗੀ ਚਲਾ ਅੰਤ ਤੈਸੇ ॥ ੯ ॥ ੨੭੮ ॥ ਇਸੀ ਭਾਂਤਿ ਸੋ ਦਜੋਸ ਕੇਤਾਨ ਆਯੋ। ਨਹੀਂ ਘਾਤ ਲਾਗੀ ਨਹੀਂ ਦਾਵ ਪਾਯੋ। ਘਨੀ ਬਾਰ ਆਯਾ ਲੀਓ ਭੇਦ ਸਾਰਾ। ਸਮਾ ਸ਼ਜ਼ਾਮ ਕਾ ਕਾਮ ਕੋ ਯੌਂ ਬਿਚਾਰਾ ॥ ੧੦ ॥ ੨੭੯ ॥ ਦਿਨੰ ਏਕ ਸਜਾਮੰ ਸਮੇਂ ਦੁਸ਼ਟ ਆਯੋ। ਸੁਨਿ ਸਾਹਿਬੰ ਅੰਤ੍ਰ ਤਾਂਕੇ ਬੁਲਾਯੋ। ਢਿਗੰ ਜਾਇ ਬੈਠਾ ਕਿ ਪਰਸਾਦਿ ਦੀਨਾ। ਗਹੀ ਮੁਸ਼ਟਿ ਲੈ ਦੁਸ਼ਟਿ ਮੁਖ ਮਾਂਹਿ ਦੀਨਾ ॥ ੧੧ ॥ ੨੮੦ ॥ ਨਹੀਂ ਸਿੰਘ ਕੋਈ ਤਹਾਂ ਪਾਸ ਔਰੇ। ਰਹੇ ਏਕ ਹੀ ਊਂਘ ਸੋਈ ਗਯੋ ਰੇ। ਇਤੇ ਮੈਂ ਪ੍ਰਭੂ ਆਪ ਬਿਸਰਾਮ ਲੀਨਾ। ਗਹੀ ਦੁਸ਼ਟਿ ਜਮਾਧਾਰ ਉਰ ਵਾਰ ਕੀਨਾ ॥ ੧੨ ॥ ੨੮੧ ॥ ਕੀਯੋ ਵਾਰ ਐਸਾ ਕਿ ਦੂਜਾ ਲਗਾਯੋ। ਲਗੇ ਔਰ ਕੇ ਆਪਨਾ ਵਾਰ ਲਾਯੋ। ਕੀਯੋ ਵਾਰ ਏਕੋ ਨਹੀਂ ਔਰ ਕੀਨਾ। ਲੀਆ ਮਾਰਕੈ ਦੁਸ਼ਟ ਜਾਨੇ ਨ ਦੀਨਾ ॥ ੧੩ ॥ ੨੮੨ ॥

ਇਸ ਤੋਂ ਨਿਰਸੰਸੇ ਪਤਾ ਲੱਗਾ ਕਿ ਸਾਡੇ ਪਾਸ ਸਭ ਤੋਂ ਸਾਡਾ ਪੁਰਾਣਾ ਲੇਖਕ ਦੱਸਦਾ ਹੈ ਕਿ ਇਹ ਪਠਾਣ ਘਾਤ ਲਈ ਹੀ ਆਇਆ ਤੇ ਰੋਜ਼ ਏਸੇ ਮਤਲਬ ਲਈ ਹੀ ਆਉਂਦਾ ਰਿਹਾ ਹੈ ਤੇ ਇਸ ਦਿਨ ਦਾਉ ਲੱਗਾ ਵਾਰ ਕਰ ਦਿੱਤਾ। ਪਠਾਣ ਨੂੰ ਉਕਸਾਉਣ ਤੇ ਬਦਲੇ ਦੇਣ ਆਦਿ ਦਾ ਕੋਈ ਜ਼ਿਕਰ ਇਸ ਵਿਚ ਨਹੀਂ ਹੈ।

ਹੁਣ ਬਾਹਰ ਦੇ ਲੇਖਕਾਂ ਨੂੰ ਲਓ। ਸੈਰੁਲ ਮੁਤਾਖ਼ਰੀਨ ਨੇ ਤਾਂ ਗੁਰੂ ਜੀ ਦਾ ਪ੍ਰਲੋਕ ਗਮਨ ਗ਼ਮ ਨਾਲ ਲਿਖਿਆ ਹੈ ਤੇ ਕਈ ਅੰਗ੍ਰੇਜ਼ ਇਤਿਹਾਸਕਾਰਾਂ ਨੇ ਏਸੇ ਦੀ ਨਕਲ ਕੀਤੀ ਹੈ। ਅਹਿਮਦਸ਼ਾਹ ਬਟਾਲਵੀ ਨੇ ਲਿਖਿਆ ਹੈ ਕਿ ਇਕ ਘੋੜਿਆਂ ਦਾ ਪਠਾਨ ਸੁਦਾਗਰ ਸੀ ਜਿਸ ਨੇ ਗੁਰੂ ਜੀ ਪਾਸ ਘੋੜੇ ਵੇਚੇ ਹੋਏ ਸਨ, ਉਸਦੇ ਰੁਪਯੇ ਮੰਗਣ ਤੇ ਕੁਛ ਤਕਰਾਰ ਵੇਲੇ ਉਸ ਨੇ ਗੁਸਤਾਖੀ ਦੇ ਵਾਕ ਕਹੇ ਤੇ ਤਲਵਾਰ ਖਿੱਚਕੇ ਗੁਰੂ ਜੀ ਪਰ ਵਾਰ ਕਰਨੇ ਲੱਗੇ, ਪਰ ਗੁਰੂ ਜੀ ਨੇ ਇਹ ਦੇਖਕੇ ਤਲਵਾਰ ਸੂਤੀ ਤੇ ਉਸ ਦਾ ਸਿਰ ਕੱਟ ਦਿੱਤਾ। ਉਸ ਦੇ ਪੁੱਤਰਾਂ ਨੇ ਬਦਲੇ ਦੀ ਠਾਣਕੇ ਇਉਂ ਵਿਸਾਹ ਕਰਕੇ ਘਾਤ ਕੀਤਾ। ਜਦ ਉਹ ਵਾਰ ਕਰਨ ਵਾਲਾ ਫੜਿਆ ਗਿਆ ਤਾਂ ਗੁਰੂ ਜੀ ਨੇ ਉਸ ਨੂੰ ਮਾਫ ਕੀਤਾ, ਪਰ ਉਹ ਦੱਸਦਾ ਹੈ ਕਿ ਗੁਰੂ ਜੀ ਨੇ ਪਠਾਣਾਂ ਦੇ ਪੁੱਤਰਾਂ ਨੂੰ ਆਪ ਉਕਸਾਇਆ ਸੀ, ਤੇ ਕਾਰਨ ਇਹ ਦੱਸਦਾ ਹੈ ਕਿ ਗੁਰੂ ਜੀ ਅਪਣੇ ਜੀਵਨ ਨੂੰ ਆਪ ਮੁਕਾਉਣਾ ਚਾਹੁੰਦੇ ਸਨ। ਇਸ ਦਾ ਪਹਿਲਾ ਹਿੱਸਾ ਕਨਿੰਘਮ ਨੇ ਲਿਆ ਹੈ, ਦੂਸਰਾ ਹਿੱਸਾ ਕਨਿੰਘਮ ਨੇ ਨਹੀਂ ਲਿਆ।

ਤਾਰੀਖ ਬਹਾਦਰਸ਼ਾਹੀ ਦੇ ਲੇਖਕ ਨੇ ਲਿਖਿਆ ਹੈ ਕਿ ਗੁਰੂ ਜੀ ਆਪਣੇ ਉਪਦੇਸ਼ਾਂ ਵਿਚ, ਜੋ ਉਹ ਬੇਗਿਣਤ ਲੋਕਾਂ ਦੇ ਸਮਾਜ ਵਿਚ ਕਰਿਆ ਕਰਦੇ ਸਨ, ਕੋਈ ਗੱਲ ਕਹਿ ਬੈਠੇ ਜੋ ਮੁਸਲਮਾਨ ਬਰਦਾਸ਼ਤ ਨਹੀਂ ਕਰ ਸਕਦੇ ਇਸ ਕਰਕੇ ਇਕ

ਅਫ਼ਗਾਨ ਨੇ ਇਕ ਖੰਜਰ ਨਾਲ ਦੋ ਤ੍ਰੈ ਵਾਰ ਕੀਤੇ ਤੇ ਮਾਰ ਦਿੱਤਾ। ਇਹ ਖਿਆਲ ਮੈਕਾਲਫ ਨੇ ਅਗ਼ਲਬ ਸਮਝਕੇ ਅਪਣੇ ਇਤਿਹਾਸ ਵਿਚ ਦਿੱਤਾ ਹੈ। [ਜਿਲਦ ਪੰਜ, ਪੰਨਾ ੨੪੧

ਦੌਲਤ ਰਾਇ ਨੇ ਉਪਰਲੀਆਂ ਕੁਛ ਰਵਾਇਤਾਂ ਦੇਕੇ ਇਕ ਰਵਾਇਤ ਹੋਰ ਲਿਖੀ ਹੈ ਤੇ ਉਸ ਨੇ ਇਸ ਨੂੰ ਸਹੀ ਮੰਨਿਆ ਹੈ ਤੇ ਲਿਖਦਾ ਹੈ ਕਿ "ਮਿਨਜੁਮਲਾ ਤਮਾਤ ਰਵਾਇਤੋਂ ਕੇ ਪਹਿਲੀ ਰਵਾਇਤ ਦਰੁਸਤ ਹੈ ਕਿ ਗੁਰੂ ਗੋਬਿੰਦ ਸਿੰਘ ਬਹਾਦਰ ਸ਼ਾਹ (ਪਾਤਸ਼ਾਹ) ਕੀ ਸਾਜ਼ਸ਼ ਸੇ ਕਤਲ ਕੀਆ ਗਿਆ"। ਬਹਾਦਰ ਸ਼ਾਹ ਦੀ ਸਾਜ਼ਸ਼ ਦਾ ਵੇਰਵਾ ਉਹ ਐਉਂ ਲਿਖਦਾ ਹੈ:-

"ਬਹਾਦਰ ਸ਼ਾਹ ਮੁਹਿੰਮ ਦੱਕਨ ਸੇ ਫਾਰਗ਼ ਹੋ ਕਰ ਔਰ ਅਹਿਮਦ ਨਗਰ ਕੇ ਫਤਹ ਕਰਕੇ ਨਦੇੜ ਕੇ ਨਵਾਹ ਮੇਂ ਸੇ ਗੁਜ਼ਰਾ ਔਰ ਗੁਰੂ ਗੋਬਿੰਦ ਸਿੰਘ ਸੇ ਮਿਲਾ। ਉਸ ਨੇ ਉਸ ਕੋ ਹਮਰਾਹ ਲੇ ਜਾਨੇ ਕੀ ਕੋਸ਼ਿਸ਼ ਕੀ ਮਗਰ ਗੁਰੂ ਗੋਬਿੰਦ ਸਿੰਘ ਨੇ ਇਨਕਾਰ ਹੀ ਕੀਆ। ਔਰ ਉਸ ਕੋ ਬੇਅਦਬ ਔਰ ਬੇਵਫਾ ਕਹਿ ਕਰ ਉਸ ਦਾ ਸਾਥ ਦੇਨੇ ਸੇ ਪਹਿਲੂ ਤਹੀ ਕੀਆ। ਬਹਾਦਰ ਸ਼ਾਹ ਕੋ ਗੁਰੂ ਗੋਬਿੰਦ ਸਿੰਘ ਕਾ ਵਜੂਦ ਪਹਿਲੇ ਸੇ ਕਾਂਟੇ ਕੀ ਤਰਹ ਖਟਕਤਾ ਥਾ, ਔਰ ਵੋਹ ਬਖੂਬੀ ਜਾਨਤਾ ਥਾ ਕਿ ਗੁਰੂ ਗੋਬਿੰਦ ਕਾ ਉਦੇਸ਼ ਕਿਆ ਹੈ। ਇਸ ਲੀਏ ਵੋਹ ਦਿਲ ਸੇ ਤੋ ਯਿਹ ਚਾਹਤਾ ਥਾ ਕਿ ਮੌਕਾ ਪਾਕਰ ਉਸ ਕਾ ਕਿੱਸਾ ਤਮਾਮ ਕਰੇ, ਲੇਕਨ ਮੌਕਾ ਕਾ ਮੁਨਤਜ਼ਿਰ ਥਾ। ਵੋਹ ਅਪਨੇ ਤਈਂ ਹਮੇਸ਼ਾਂ ਖਤਰਹ ਮੇਂ ਸਮਝਤਾ ਥਾ, ਜਬ ਤਕ ਗੁਰੂ ਗੋਬਿੰਦ ਸਿੰਘ ਉਸ ਦੀ ਮੁਖਾਲਫਤ ਮੇਂ ਮੌਜੂਦ ਥਾ, ਲੇਕਨ ਉਸਕੇ ਖਤਰਹ ਕੋ ਸਰਹੰਦ ਪਰ ਬੰਦਾ ਕੇ ਕਾਰਨਾਮੋਂ ਨੇ ਔਰ ਬੀ ਮਜ਼ਬੂਤ ਕਰ ਦੀਆ, *ਔਰ ਉਸ ਦੇ ਦਰ ਪੈ ਹੂਆ ਕਿ ਗੁਰੂ ਗੋਬਿੰਦ ਸਿੰਘ ਕਾ ਕਿੱਸਾ ਪਾਕ ਕੀਆ ਜਾਵੇ। ਚੁਨਾਂਚੇ ਏਕ ਸਾਜ਼ਸ਼ ਉਸ ਕੇ ਕਤਲ ਕੇ ਲੀਏ ਕੀ ਗਈ। ਖੁਦ ਤੋ ਵਹਾਂ ਸੇ ਹਟ ਕਰ ਆਗੇ ਚਲਾ ਗਿਆ ਔਰ ਏਕ ਤੁਰਕਜ਼ਾਦੇ ਮੁਸਲਮਾਨ ਕੋ, ਜੋ ਗੁਰੂ ਗੋਬਿੰਦ ਸਿੰਘ ਕੇ ਮੁਲਾਜ਼ਮੋਂ ਮੇਂ ਥਾ ਯਿਹ ਜੋਸ਼ ਦਿਲਾਕਰ ਕਿ ਗੁਰੂ ਗੋਬਿੰਦ ਸਿੰਘ ਤੁਮਹਾਰੇ ਬਾਪ ਔਰ ਦਾਦਾ ਕਾ ਕਾਤਲ ਹੈ, ਔਰ ਕਿ ਬਾਪ ਦਾਦਾ ਕਾ ਇੰਤਕਾਮ ਲੇਨਾ ਮੁਸਲਮਾਨੋਂ ਕਾ ਪਹਿਲਾ ਫਰਜ਼ ਹੈ, ਔਰ ਯਿਹ ਸ਼ਰਮ ਦਿਲਾਕਰ ਕਿ ਤੁਮ ਅਪਨੇ ਬਾਪ ਕੇ ਕਾਤਲ ਕੀ ਖਿਦਮਤ ਕਰਤੇ ਹੋ, ਗੁਰੂ ਗੋਬਿੰਦ ਸਿੰਘ ਕੇ ਕਤਲ ਪਰ ਆਮਾਦਹ ਕੀਆ ਔਰ ਸਾਥ ਇਨਾਮੋਂ ਇਕਰਾਮ ਕਾ ਵਾਅਦਹ ਭੀ ਕੀਆ ਗਿਆ। ਇਸ ਸ਼ਖਸ ਕਾ ਨਾਮ ਗੁਲ ਖਾਂ ਥਾ ਜੋ ਬਮੇ ਅਪਨੇ ਭਾਈ ਅਤਾਉੱਲਾ ਖ਼ਾਂ ਕੇ ਉਸ ਕੀ ਮੁਲਾਜ਼ਮਤ ਮੇਂ ਥਾ, ਜੋ ਪੈਂਦੇ ਖ਼ਾਂ ਕੀ ਔਲਾਦ ਮੇ ਸੇ ਥੇ, ਜੋ ਗੁਰੂਓਂ ਕੇ ਹਾਥ ਸੇ ਕਿਸੀ ਲੜਾਈਓਂ ਮੇਂ ਫੌਤ ਹੂਏ ਥੇ। ਗ਼ਰਜ਼ ਯਿਹ ਗਹਿਰੀ ਸਾਜ਼ਸ਼ ਕਾਮ ਕਰ ਗਈ ਔਰ ਗੁਰੂ ਗੋਬਿੰਦ ਸਿੰਘ ਕੋ ਚੂੰਕਿ ਉਨ ਪਰ ਵਿਸ਼੍ਵਾਸ ਥਾ ਔਰ ਚਮਕੌਰ ਸੇ ਆਤੇ ਵਕਤ ਚੰਦ ਮੁਸਲਮਾਨੋਂ ਕੇ ਸਲੂਕ ਨੇ ਉਸ ਕੋ ਯਕੀਨ ਕਰਾ ਦੀਆ ਥਾ ਕਿ ਉਨਮੇਂ ਸੇ ਬਾਅਜ਼ ਬੇਸ਼ਕ

*ਜਾਪਦਾ ਹੈ ਕਿ ਦੌਲਤ ਰਾਏ ਨੇ ਗੁਰੂ ਜੀ ਦੇ ਪ੍ਰਲੋਕ ਗਮਨ ਤੇ ਬੰਦੇ ਦੇ ਮਾਅਰਕਿਆਂ ਦੀਆਂ ਤਾਰੀਖਾਂ ਨਹੀਂ ਪੜਤਾਲੀਆਂ।

ਵਿੱਸ੍ਵਾਸ਼ ਕਰਨੇ ਕੇ ਕਾਬਲ ਹੈਂ; ਲੇਕਨ ਯਿਹ ਵਿਸ੍ਵਾਸ਼ ਗੁਰੂ ਗੋਬਿੰਦ ਸਿੰਘ ਕੇ ਲੀਏ ਮੌਤ ਕਾ ਕਟਾਰ ਨਿਕਲਾ ਔਰ ਹਲਾਕ ਖੰਜਰ; ਆਖਰ ਵਿੱਸ੍ਵਾਸ਼ ਘਾਤ ਹੂਈ।"

[ਪੰਨਾ ੨੧੩

ਵੀਚਾਰ: ਪਿਛੇ ਕਹੇ ਲੇਖਕਾਂ ਦੀ ਇਹ ਗੱਲ ਸਭ ਦੀ ਸਾਂਝੀ ਹੈ ਕਿ ਕਿਸੇ ਪਠਾਣ ਨੇ ਕਟਾਰ ਨਾਲ ਖੂਨੀ ਵਾਰ ਕੀਤਾ ਹੈ। ਸੋ ਇਸ ਗੱਲ ਪਰ ਸਾਰੇ ਸਹਿਮਤ ਹੋਣ ਕਰਕੇ ਇਸ ਪਰ ਸ਼ੰਕਾ ਕਰਨ ਦੀ ਲੋੜ ਨਹੀਂ ਹੈ। ਰਾਇ ਦਾ ਵਿਖੇਵਾਂ ਹੈ ਤਾਂ, ਪਠਾਣ ਨੇ ਕਿਉਂ ਵਾਰ ਕੀਤਾ? ਇਸ ਕਾਰਣ ਪਰ ਹੈ। ਜਾਪਦਾ ਇਹ ਹੈ ਕਿ ਵਾਰ ਕਰਨ ਦਾ ਕਾਰਨ ਕੋਈ ਡੂੰਘੀ ਸਾਜ਼ਸ਼ ਹੈ ਜੋ ਲੇਖਕਾਂ ਨੂੰ ਪਤਾ ਨਹੀਂ ਲੱਗੀ, ਇਸ ਕਰਕੇ ਹਰੇਕ ਨੇ ਆਪਣੀ ਅਕਲ ਮੁਜਬ ਜੋ ਗੱਲ ਅਗ਼ਲਬ ਸਮਝੀ ਹੈ ਲਿਖ ਦਿੱਤੀ ਹੈ। ਯਾਂ ਇਉਂ ਕਿ ਅਸਲ ਕਾਰਨ ਦੇ ਵਰਤਾਉਣ ਹਾਰਿਆਂ ਨੇ ਆਪਣੇ ਆਪ ਨੂੰ ਲਕੋਈ ਰੱਖਣ ਵਾਸਤੇ ਜੋ ਗੱਲਾਂ ਉਡਾਈਆਂ ਸੋ ਲੇਖਕਾਂ ਨੇ ਆਪੋ ਆਪਣੇ ਸੁਣੇ ਮੁਜਬ ਲਿਖ ਦਿੱਤੀਆਂ।

ਜਿਨ੍ਹਾਂ ਨੇ ਜਾਤਾ ਕਿ ਪੰਜਾਬ ਤੋਂ ਐਤਨੇ ਦੂਰ ਕਾਤਲਾਨਾ ਵਾਰ ਕਰਨ ਲਈ ਗੁਲ ਖ਼ਾਂ ਦਾ ਆਉਣਾ ਪਿਉ ਦਾਦੇ ਦੇ ਵੈਰ ਲਈ ਹੀ ਹੋ ਸਕਦਾ ਹੈ, ਬਦਲਾ ਲੈਣਾ ਸ੍ਵਾਦੀਕ ਹੁੰਦਾ ਹੈ, ਸੋ ਉਹਨਾਂ ਨੇ ਇਹ ਕਾਰਨ ਲਿਖ ਦਿੱਤਾ। ਜਿਨ੍ਹਾਂ ਖਿਆਲ ਕੀਤਾ ਕਿ ਐਡੀ ਦੂਰ ਤੀਜੀ ਪੀੜ੍ਹੀ ਬਦਲਾ ਲੈਣ ਕਿਸੇ ਗੱਭਰੂ ਦਾ ਜਾਣਾ ਅਗ਼ਲਬ ਨਹੀਂ, ਇਹ ਤਾਂ ਕਿਸੇ ਘੋੜੇ ਘਾੜਿਆਂ ਦੇ ਸੌਦੇ ਤੋਂ ਗੱਲ ਵਧ ਗਈ ਤੋਂ ਹੋਇਆ ਹੋਊ। ਘੋੜੇ ਦਾ ਕੋਈ ਸੌਦਾਗਰ ਰੁਪਯੇ ਲੈਣ ਗਿਆ ਸੂਰਜ ਪ੍ਰਕਾਸ਼ ਵਿਚ ਹੈ, ਜਿਸ ਨੂੰ ਗੁਰੂ ਜੀ ਨੇ ਸਿੱਖਾਂ ਪਰ ਹੁੰਡੀ ਦੇਕੇ ਰਾਜ਼ੀ ਕਰ ਦਿੱਤਾ ਸੀ। ਇਸ ਸਾਖੀ ਨੂੰ ਉਧਰ ਜੋੜ ਕੇ ਇਹ ਕਾਰਨ ਮੰਨ ਲਿਆ। ਕਿਸੇ ਹੋਰ ਨੇ ਖਿਆਲ ਕੀਤਾ ਕਿ ਮੁੱਲ ਤੁੱਲ ਦੇਣ ਲੈਣ ਤੋਂ ਗੱਲ ਕਤਲ ਤਕ ਵਧਣੀ ਬਹੁਤ ਅਗਲਬ ਨਹੀਂ। ਗੁਰੂ ਜੀ ਆਮ ਆਦਮੀ ਨਹੀਂ ਸਨ, ਬੜੇ ਉੱਚੇ ਸਨ, ਦੇਣੇ ਲੈਣੋਂ ਕਦੇ ਸੰਕੁਚਦੇ ਨਹੀਂ ਸਨ, ਆਪਣੇ ਸਮੇਂ ਦੇ ਬੜੇ ਸਖ਼ੀ ਮਰਦ ਸਨ, ਉਨ੍ਹਾਂ ਤੋਂ ਇਹ ਕਾਰਨ ਵਰਤਣਾ ਘੱਟ ਅਗ਼ਲਬ ਹੈ, ਹੋਵੇ ਨਾਂ ਤਾਂ ਇਹ ਕੋਈ ਧਾਰਮਿਕ ਇਸ਼ਤਆਲ ਦਾ ਕਾਰਨ ਹੈ। ਉਹਨਾਂ ਨੇ ਗੁਰੂ ਜੀ ਨੂੰ ਧਾਰਮਕ ਆਗੂ ਸਮਝ ਕੇ ਉਹਨਾਂ ਦੇ ਮੁਸਲਮਾਨੀ ਮਤ ਪਰ ਕਿਸੇ ਨੁਕਤਾਚੀਨੀ ਕਰਨ ਤੋਂ ਕਿਸੇ ਪਠਾਣ ਦਾ ਹਮਲਾ ਕਰਨਾ, ਜੋ ਦੀਨ ਲਈ ਛੇਤੀ ਜੋਸ਼ ਵਿਚ ਆ ਜਾਂਦੇ ਹਨ, ਕਾਰਨ ਮੰਨ ਲਿਆ।

ਇਹ ਉਪਰਲੀ ਗੱਲ ਉਸ ਸੂਰਤ ਵਿਚ ਹੈ ਕਿ ਸਾਰੇ ਲੇਖਕਾਂ ਨੂੰ ਨਿਰਪੱਖ ਖਿਆਲ ਕਰ ਲਈਏ ਤਾਂ। ਪਰ ਜੇ ਵੇਖੀਏ ਕਿ ਇਕ ਮੁਸਲਮਾਨ ਪਠਾਨ ਨੇ ਇਕ ਬਜ਼ੁਰਗ, ਕੌਮ ਦੇ ਧਾਰਮਕ ਤੇ ਨੈਤਿਕ ਆਗੂ ਨੂੰ ਵਿਸਾਹਘਾਤ ਨਾਲ ਮਾਰਿਆ ਹੈ ਤੇ ਇਹ ਮੁਸਲਮਾਨਾਂ ਦੀ ਸੱਭਤਾ ਤੇ ਇਖ਼ਲਾਕ ਪਰ ਦਾਗ਼ ਲਾਉਣ ਵਾਲੀ ਗੱਲ ਹੈ, ਤਦ ਘੋੜਿਆਂ ਵਾਲਾ ਬੋਲ ਬੁਲਾਰਾ ਤੇ ਕੋਈ ਮੁਸਲਮਾਨੀ ਮਤ ਵਿਰੁੱਧ ਆਖੀ ਗਈ ਗੱਲ ਘੜ ਲੈਣੀ ਔਖੀ ਨਹੀਂ ਜਿਸ ਨਾਲ ਕਿ ਉਲਾਂਭਾ ਮੁੜ ਘਿੜਕੇ ਗੁਰੂ ਸਾਹਿਬ ਪਰ ਚਲਾ ਜਾਵੇ। ਐਸੇ ਲੇਖਕਾਂ ਨੇ ਗੁਰੂ ਸਾਹਿਬ ਜੀ ਦੀ ਆਲਾ ਦਿਮਾਗ਼ੀ, ਕਮਾਲ ਦੇ ਸ਼ੀਲ ਧਰਮ ਤੇ ਵਰਤਾਉ ਨੂੰ ਨਜ਼ਰ ਅੰਦਾਜ਼

ਕੀਤਾ ਹੈ। ਜਿਸ ਗੁਰੂ ਜੀ ਦੇ ਨੇਕ ਸਲੂਕਾਂ ਦੇ ਗਿਰਵੀਦਾ ਤੇ ਰੂਹਾਨੀਅਤ ਦੇ ਔਜ ਦੇ ਕਾਇਲ ਮੁਸਲਮਾਨ ਭੰਗਾਣੀ ਦੇ ਜੁੱਧ ਵਿਚ ਆਕੇ ਉਸ ਦੇ ਝੰਡੇ ਹੇਠ ਲੜਦੇ ਹਨ, ਤੇ ਜਿਸ ਦੇ ਅਹਿਸਾਨਾਂ ਨਾਲ ਰੋਪੜ ਦੇ ਪਠਾਣ ਦਬੇ ਪਏ ਸਨ ਤੇ ਜਿਸ ਦੇ ਨੇਕ ਸਲੂਕ ਨਾਲ ਪਲੇ ਗ਼ਨੀ ਖ਼ਾਂ ਨਬੀ ਖ਼ਾਂ ਤੇ ਸਲੋਹੀ ਦੇ ਕਾਜ਼ੀ ਆੜੇ ਵਕਤ ਵਿਚ ਆਕੇ ਜਿੰਦਾਂ ਹੂਲ ਕੇ ਮਦਦ ਕਰਦੇ ਹਨ, ਓਹ ਸ਼ਖਸੀਅਤ ਘੋੜੇ ਦੇ ਸੌਦੇ ਪਰ ਕਦ ਲੜ ਸਕਦੀ ਹੈ ਤੇ ਕਿਸੇ ਦੀ ਜਾਨ ਤਲਫ ਕਰ ਸਕਦੀ ਹੈ ਯਾ ਓਹ ਨੀਤੀ ਨਿਪੁਨ ਤੇ ਪਿਆਰ ਪੁੰਜ ਵਯਕਤੀ ਮੁਸਲਮਾਨੀ ਵਹਿਸ਼ਤ ਨੂੰ ਕੁਵਾਕ ਕਹਿਕੇ ਕਦ ਭੜਕਾ ਸਕਦੀ ਹੈ? ਸ਼ੋਕ ਹੈ ਕਿ ਕਲਮ ਕਸ਼ਾਂ ਨੇ ਆਪ ਦੀ ਸ਼ਖਸੀਅਤ ਨੂੰ ਨਜ਼ਰ ਅੰਦਾਜ਼ ਕਰਕੇ ਆਪਣੇ ਤੇ ਆਉਂਦੇ ਉਲਾਂਭੇ ਨੂੰ ਲਾਹੁਣ ਲਈ ਆਪਣੇ ਕਿਆਸ ਕੀਤੇ ਕਾਰਨ ਲਿਖ ਮਾਰੇ ਹਨ।

ਜਿਨ੍ਹਾਂ ਲੇਖਕਾਂ ਨੇ ਗੁਰੂ ਜੀ ਨੂੰ ਗ਼ਮਜ਼ਦਹ ਯਾ ਆਪਣੇ ਜੀਵਨ ਤੋਂ ਬੇਜ਼ਾਰ ਲਿਖਿਆ ਹੈ ਉਹਨਾਂ ਨੂੰ ਭੁਲੇਖਾ ਗ਼ਾਲਬਨ ਸਿੱਖਾਂ ਦੀ ਲਿਖਤ ਨੇ ਦਿੱਤਾ ਹੈ। ਪ੍ਰਤੀਤ ਹੁੰਦਾ ਹੈ ਕਿ ਸੈਨਾਪਤ ਤੋਂ ਮਗਰਲੇ ਸਿੱਖ ਲੇਖਕਾਂ ਨੇ ਤਾਂ, ਗੁਰੂ ਜੀ ਆਪ ਕਾਤਲ ਨੂੰ ਉਕਸਾਉਂਦੇ ਰਹੇ, ਇਹ ਗੱਲ ਇਸ ਲਈ ਕੀਤੀ ਸੀ ਕਿ ਗੁਰੂ ਜੀ ਆਪਣੀ ਹੋਣਹਾਰ ਨੂੰ ਪਹਿਲੋਂ ਹੀ ਜਾਣਦੇ ਸਨ। ਪਰ ਉਹਨਾਂ ਲੇਖਕਾਂ ਨੂੰ ਇਹ ਪਤਾ ਨਹੀਂ ਸੀ ਕਿ ਸਾਡੇ ਇਸ ਅੰਤਰਯਾਤਮਾ ਨੂੰ ਸਫੁਟ ਕਰਨ ਦੇ ਯਤਨ ਨੂੰ ਦੁਨੀਆਂਦਾਰ ਤੇ ਓਪਰੇ ਲੇਖਕ ਕਿਨ੍ਹਾਂ ਅਰਥਾਂ ਵਿਚ ਲੈ ਜਾਣਗੇ। ਗੁਰਸਿੱਖੀ ਦੇ ਅਸੂਲ ਮੂਜਬ ਤਾਂ ਗੁਰੂ ਜੀ ਨੂੰ ਹੋਣਹਾਰ ਦਾ ਪਤਾ ਹੋਣਾ ਤੇ ਉਸ ਪਤੇ ਹੋਣ ਪਰ ਉਹਨਾਂ ਦਾ ਵਾਹਿਗੁਰੂ ਦੀ ਰਜ਼ਾ ਮੰਨਣ ਲਈ ਤਿਆਰ ਰਹਿਣਾ ਕਾਫੀ ਹੈ ਉਹਨਾਂ ਦੀ ਰੂਹਾਨੀ ਅਸੂਲ ਪ੍ਰਸਤੀ ਲਈ। ਹੋਰ ਕਿਸੇ ਸੋਚ ਤੇ ਵਿਆਖਯਾ ਕਰਨ ਦੀ ਲੋੜ ਨਹੀਂ ਸੀ। ਕਿਉਂਕਿ ਪਹਿਲੋਂ ਮਰਨੇ ਦੀ ਖਬਰ ਦੇ ਪ੍ਰਸੰਗ ਸਿੱਖ ਇਤਿਹਾਸ ਵਿਚ ਸਿੱਖਾਂ ਦੇ ਆਏ ਹਨ ਤੇ ਭਾਣੇ ਮੰਨਣ ਦੇ ਜੀਉਂਦੇ ਚਿੱਤ੍ਰ ਬਣੇ ਹਨ। ਪਰ ਸਿੱਖਾਂ ਦੇ ਦਿਲੀ ਭਾਵ ਨੂੰ ਨਾ ਸਮਝਕੇ ਮੁਸਲਮਾਨ ਤੇ ਅੰਗ੍ਰੇਜ਼ ਇਤਿਹਾਸਕਾਰਾਂ ਨੇ ਇਸ ਨੂੰ ਜ਼ਿੰਦਗੀ ਤੋਂ ਬੇਜ਼ਾਰੀ ਤੇ ਗ਼ਮ ਚਿੰਤਾ ਦੀਆਂ ਢਹਿੰਦੀਆਂ ਕਲਾਂ ਵਿਚ ਯਾ ਅਕਲ ਵਿਚ ਫਤੂਰ ਦੇ ਅਰਥਾਂ ਵਿਚ ਲਾ ਲਿਆ ਕਿ ਚਮਕੌਰ ਜੁੱਧ ਤੋਂ ਬਾਦ ਪੁੱਤ੍ਰਾਂ ਦੇ ਚਲਾਣੇ ਕਰਕੇ ਉਹ ਉਦਾਸੀ ਵਿਚ ਯਾ ਕੁਛ ਕਮਲੇਪਣ ਵਿਚ ਹੋ ਗਏ ਸਨ, ਪਰ ਕਿਸੇ ਨੇ ਵਿਚਾਰ ਨਾ ਕੀਤੀ ਕਿ ਚਮਕੌਰ ਤੇ ਸਰਹਿੰਦ ਦੇ ਸਾਕਿਆਂ ਤੋਂ ਬਾਦ ਉਨ੍ਹਾਂ ਦੇ ਕੌਲ ਤੇ ਫੇਅਲ (ਬਚਨ ਤੇ ਕਰਨੀਆਂ) ਕੀਹ ਦੱਸ ਰਹੇ ਹਨ? ਉਹਨਾਂ ਦੀ ਸ਼ਖਸੀਅਤ ਕੀਹ ਸੀ ਤੇ ਚਮਕੌਰ ਤੋਂ ਪਹਿਲਾਂ ਤੇ ਮਗਰੋਂ ਕੀਹ ਕੁਛ ਕਰਦੀ ਰਹੀ।

ਚਮਕੌਰ ਤੋਂ ਬਾਦ ਹੀ ਆਪ ਨੇ ਮਾਲਵੇ ਤੋਂ ਔਰੰਗਜ਼ੇਬ ਨੂੰ ਚਿੱਠੀ ਲਿਖੀ ਜਿਸ ਦਾ ਨਾਮ 'ਜ਼ਫਰਨਾਮਾ' ਲਿਖਿਆ ਹੈ। ਰਾਜਧਾਨੀ ਗੁਆਕੇ, ਸਰਬੰਸ ਵੰਞਾਕੇ, ਪੁੱਤ੍ਰ ਮਰਵਾਕੇ ਜੋ ਵਯਕਤੀ ਔਰੰਗਜ਼ੇਬ ਵਰਗੇ ਜਬਰ ਦੇ ਸਮੇਂ ਦੇ ਸ਼ਹਿਨਸ਼ਾਹ ਨੂੰ 'ਜ਼ਫਰਨਾਮਾ' (ਫਤੇ ਦਾ ਖਤ) ਲਿਖਦੀ ਹੈ, ਉਸ ਨੂੰ ਕਹਿਣਾ ਕਿ ਉਹ ਗ਼ਮਜ਼ਦਹ ਤੇ ਨਿਰਾਸ ਸੀ ਕੀਕੂੰ ਇਨਸਾਫ ਹੈ। ਫਿਰ ਇਸ ਖਤ ਵਿਚ ਕੋਈ ਗੱਲ ਢਹਿੰਦੀਆਂ ਕਲਾਂ ਦੀ ਨਹੀਂ ਲਿਖਦੇ ਹਨ। ਪਾਤਸ਼ਾਹ ਨੂੰ ਸਾਫ ਲਿਖਦੇ

ਹਨ ਕਿ ਨਾਂ ਤੂੰ ਰੱਬ ਨੂੰ ਪਛਾਣਦਾ ਹੈ, ਨਾਂ ਤੂੰ ਮੁਹੰਮਦ ਤੇ ਭਰੋਸਾ ਰਖਦਾ ਹੈਂ, ਤੂੰ ਕਸਮ ਤੋੜਦਾ ਹੈਂ, ਤੇਰੇ ਸੁਖਨ ਤੇ ਇਤਬਾਰ ਨਹੀਂ। ਫਿਰ ਜੋ ਉਸ ਵਿਚ ਗੁਣ ਸਚ ਮੁਚ ਸਨ, ਓਹ ਮੰਨਦੇ ਹਨ, ਪਰ ਨਾਲ ਗੱਜਕੇ ਲਿਖਦੇ ਹਨ ਕਿ ਕੀਹ ਹੋਇਆ ਤੂੰ ਮੇਰੇ ਚਾਰ ਪੁੱਤ੍ਰ ਮਾਰ ਦਿਤੇ, ਪਰ ਅਜੇ ਕਰੜਾ ਭੁਜੰਗੀ ਕਾਇਮ ਬੈਠਾ ਹੈ*, ਇਹ ਕਹਿਣਾ ਬੀਰਰਸ ਤੇ ਰੌਦ੍ਰ ਰਸ ਦਾ ਸੂਚਕ ਹੈ, ਚਿੰਤਾ ਦਾ ਨਹੀਂ। ਫਿਰ ਕਹਿੰਦੇ ਹਨ ਕਿ ਤੂੰ ਚੰਗਿਆੜੀਆਂ ਬੁਝਾ ਰਿਹਾ ਹੈਂ, ਪਰ ਭੜਕਦੀ ਅੱਗ ਆਪਣੇ ਦੁਆਲੇ ਬਾਲ ਰਿਹਾ ਹੈਂ।

ਇਸੀ ਤਰ੍ਹਾਂ ਗੁਰੂ ਜੀ ਦੇ ਕਰਨੇ ਤੇ ਕਰਤੱਬਾਂ ਨੂੰ ਤੱਕੋ। ਮਾਲਵੇ ਜਾਕੇ ਅੰਮ੍ਰਿਤ ਪ੍ਰਚਾਰ ਕਰਨਾ, ਸਰਹਿੰਦ ਦੇ ਸੂਬੇ ਨਾਲ ਖਿਦਰਾਣੇ ਜੰਗ ਕਰਕੇ ਉਸ ਨੂੰ ਨਾਕਾਮਯਾਬ ਮੋੜਨਾ ਤੇ ਉਸ ਦੇ ਕਾਬੂ ਨਾ ਚੜ੍ਹਨਾ। ਕਾਂਗੜੇ ਜਾਕੇ ਔਰੰਗਜ਼ੇਬ ਨੂੰ 'ਫਤੇ ਦਾ ਖਤ' ਲਿਖਣਾ, ਦਮਦਮੇ ਬੈਠਕੇ ਹਜ਼ਾਰਾਂ ਸਿੰਘ ਰਚ ਦੇਣੇ, ਫੌਜ ਇਕੱਠੀ ਕਰ ਲੈਣੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ। ਇਹ ਕੰਮ ਸਾਲਮ ਦਿਮਾਗ਼ੀ ਦੇ ਤੇ ਉਤਸਾਹ ਦੇ ਹਨ ਕਿ ਹੋਰਵੇਂ? ਜਦੋਂ ਬਹਾਦਰ ਸ਼ਾਹ ਦੀ ਬੇਨਤੀ ਪਹੁੰਚੀ ਤਾਂ ਉਸ ਨੂੰ ਮਿਲਨਾ, ਫੇਰ ਉਸ ਨੂੰ ਮੌਕਾ ਦੇਣਾ ਕਿ ਜੇ ਇਹ ਇਨਸਾਫ ਤੇ ਆ ਜਾਵੇ ਤਾਂ ਪਰਜਾ ਸੁਖੀ ਹੋ ਜਾਵੇ, ਅਸੀਂ ਜੁੱਧ ਨਾ ਰਚਾਈਏ; ਉਸ ਦਾ ਕੁਛ ਦੇਰ ਮੰਨ ਮੰਨ ਕੇ ਆਖਰ ਡਰ ਜਾਕੇ ਇਕਰਾਰ ਪੂਰਾ ਨਾ ਕਰਨਾ ਤੇ ਗੁਰੂ ਜੀ ਦਾ ਤਦੋਂ ਹੀ ਬੰਦੇ ਵਰਗਾ ਸੂਰਮਾ ਲੱਭ ਲੈਣਾ, ਬੰਦੇ ਵਰਗੇ ਚੇਟਕੀ ਤੇ ਤਾਂਤ੍ਰਿਕ ਨੂੰ ਆਪਣੇ ਦੀਠ ਤੋਂ ਉਖਾੜ ਕੇ ਸਿੱਖ ਬਣਾ ਲੈਣਾ, ਆਤਮਕ ਬਲ ਤੇ ਬੁੱਧੀਮਤਾ ਦੀਆਂ ਸੂਚਕ ਹਨ ਕਿ ਹੋਰਵੇਂ? ਫਿਰ ਉਸ ਨੂੰ ਵਿਉਂਤ ਬੰਨ੍ਹ ਕੇ ਪੰਜਾਬ ਟੋਰਨਾ ਤੇ ਆਪਣੇ ਉਦੇਸ਼ ਤੇ ਵਿਉਂਤ ਵਿਚ ਦੇਸ਼ ਦੀ ਸੁਤੰਤ੍ਰਤਾ ਤੇ ਜਾਰੀ ਕੀਤੇ ਕੰਮ ਦੀ ਲੜੀ ਐਸੀ ਜਾਰੀ ਕਰਨੀ ਕਿ ਜੋ ਐਨ ਆਪਣੇ ਵਕਤ ਸਿਰ ਕਾਮਯਾਬ ਹੋਈ, ਚੜਦੀਆਂ ਕਲਾਂ ਤੇ ਸਲੀਮੁਲ ਅਕਾਲੀ ਦੀਆਂ ਦਲੀਲਾਂ ਨਹੀਂ ਤਾਂ ਕਿਸ ਗੱਲ ਦੀ ਦਲੀਲ ਹੋ ਸਕਦੀਆਂ ਹਨ? ਹੁਣ ਲਓ ਹੋਰਨਾਂ ਦੀ ਉਗਾਹੀ।

ਚਮਕੌਰ ਯੁੱਧ ਦਾ ਜ਼ਿਕਰ ਕਰਦੇ ਹੋਏ ਦੌਲਤ ਰਾਇ ਨੇ ਲਿਖਿਆ ਹੈ ਕਿ:-

"ਅਪਨੇ ਬੜੇ ਬੇਟੇ ਕਾ ਬਲੀਦਾਨ ਦੇ ਕਰ ਭੀ ਹਿੰਮਤ ਨਹੀਂ ਹਾਰਾ ਥਾ ਔਰ ਵੋਹ ਮਹਾਂਬਲੀ ਅਪਨੇ ਕਾਮ ਪਰ ਬਦਸਤੂਰ ਤੁਲਾ ਹੂਆ ਥਾ, ਅਜੀਤ ਸਿੰਘ ਬੜੇ ਬੇਟੇ ਕੇ ਮਰਨੇ ਪਰ ਦੂਸਰਾ ਬੇਟਾ ਜੁਝਾਰ ਸਿੰਘ ਜਿਸ ਕੀ ਉਮਰ ੧੪, ੧੫ ਸਾਲ ਥੀ ਬਾਪ ਕੇ ਪਾਸ ਆਤਾ ਹੈ ਔਰ ਪੂਛਤਾ ਹੈ...। ਗੁਰੂ ਗੋਬਿੰਦ ਸਿੰਘ ਆਪਨੇ ਬੇਟੇ ਕੀ ਨੌਜਵਾਨੀ ਔਰ ਪਿਦਰੀ ਮਾਮਤਾ ਕਾ ਕੁਛ ਨਾ ਖਿਆਲ ਕਰਕੇ ਵੋਹ ਉਸ ਦੀ ਯਕੀਨੀ ਮੌਤ ਕੋ ਸਾਹਮਨੇ ਦੇਖਤਾ ਹੂਆ ਕਹਿਤਾ ਹੈ ਕਿ ਹਾਂ ਹਾਂ ਬੇਟਾ ਜਾਓ ਔਰ ਅਪਨੇ ਖੂਨ ਸੇ ਮੇਰੀ ਦਸਤਾਵੇਜ਼ ਕੀ ਸ਼ਹਾਦਤ ਪੂਰੀ ਕਰੋ

*ਕਰੜਾ ਭੁਜੰਗੀ ਯਾ ਲਪੇਟ ਲੈਣ ਵਾਲਾ ਸੱਪ ਤੇ ਭੜਕਦੀ ਅੱਗ ਦੇ ਦੁਆਲੇ ਲਿਪਟ ਜਾਣ ਵਾਲਾ ਇਹ ਪਦ ਗੁਰੂ ਜੀ ਖਾਲਸੇ ਲਈ ਵਰਤ ਰਹੇ ਹਨ। ਚਾਰ ਪੁੱਤਰ ਤਾਂ ਮਾਰੇ ਗਏ ਪਰ ਸੱਪ ਵਾਂਙੂ ਲਪੇਟਾਂ ਮਾਰਨ ਵਾਲਾ ਪੁੱਤਰ ਜੀਉਂਦਾ ਹੈ, ਤੇ ਓਹ ਜਥੇਬੰਦੀ ਹੋਣ ਕਰਕੇ ਅਮਰ ਪੁੱਤਰ ਹੈ, ਇਸੇ ਤਰ੍ਹਾਂ ਵਜਕਤੀ ਵਾਲੇ ਪੁੱਤਰ ਤਾਂ ਚੰਗਿਆੜੇ ਸਨ, ਵਜਕਤੀ ਛੋੜ ਗਏ ਪਰ ਜਥੇਬੰਦੀ ਰੂਪ ਪੁੱਤਰ ਅਮਰ ਹੈ ਤੇ ਅਨੇਕ ਹੋਣ ਕਰਕੇ ਲਪੇਟਾਂ ਮਾਰਨ ਵਾਲੀ ਚਮਕਦੀ ਅਗਨੀ ਰੂਪ ਹੈ, ਜਿਸ ਨੇ ਆਖਰ ਤੁਰਕ ਰਾਜ ਨੂੰ ਖਤਮ ਕਰ ਦਿੱਤਾ।

ਤਾ ਕਿ ਮੈਂ ਤੁਮਹਾਰੇ ਔਰ ਤੁਮਹਾਰੇ ਭਾਈ ਕੇ ਖ਼ੂਨ ਸੇ ਉਸ ਪਰ ਦਸਤਖਤ ਕਰੂੰ ਔਰ ਮੇਰਾ ਮੁਆਹਿਦਾ ਤਕਮੀਲ ਪਾਵੈ"।

[ਦੌਲਤ ਰਾਯ ਸਫਾ ੧੯੦

ਜਿਸ ਵੇਲੇ ਕਲਗ਼ੀਧਰ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖਬਰ ਸੁਣੀ ਤਦ ਉਨ੍ਹਾਂ ਦੇ ਦਿਲ ਤੇ ਕੀ ਅਸਰ ਹੋਇਆ? ਕੁਛਕ ਲੇਖਕਾਂ ਦੀ ਜ਼ਬਾਨੀ ਇਸ ਤਰ੍ਹਾਂ ਹੈ:-

"ਗੁਰੂ ਗੋਬਿੰਦ ਸਿੰਘ ਨੇ ਆਪਣੇ ਦੋਨੋਂ ਪੁਤਰੋਂ ਕੀ ਬੀਰਗਤੀ ਪਾਨੇ ਕਾ ਸਮਾਚਾਰ ਬੜੇ ਧੈਰਯ ਕੇ ਸਾਥ ਸੁਨਾ, ਇਸ ਖਬਰ ਕੋ ਸੁਨਕਰ ਵੇ ਜ਼ਰਾ ਭੀ ਵਿਚਲਤ ਨਹੀਂ ਹੂਏ, ਉਨਕੇ ਮਾਥੇ ਪਰ ਜ਼ਰਾ ਭੀ ਸ਼ਿਕਨ ਨਹੀਂ ਆਈ, ਉਨ ਕਾ ਤੇਜ, ਉਨਕਾ ਉਤਸਾਹ, ਔਰ ਉਨਕੀ ਹਾਰਦਿਕ ਪ੍ਰਸੰਨਤਾ ਪਹਿਲੇ ਸੇ ਔਰ ਭੀ ਅਧਿਕ ਬੜ੍ਹ ਗਈ।" [ਰਾਮ ਜੀ ਲਾਲ ਸ਼ਰਮਾ, ਸਫਾ ੭੦

"(ਸਾਹਿਬਜ਼ਾਦੋਂ ਕੀ ਸ਼ਹੀਦੀ ਕੀ) ਜਿਸ ਵਕਤ ਗੁਰੂ ਗੋਬਿੰਦ ਸਿੰਘ ਕੋ ਖਬਰ ਮਿਲੀ ਵੋਹ 'ਜਟ ਪੁਰ' ਮੇਂ ਥੇ, ਇਨਕੀ ਆਂਖ ਸੇ ਆਂਸੂ ਯਾ ਜ਼ਬਾਨ ਸੇ ਆਹ ਕਾ ਲਫਜ਼ ਨਹੀਂ ਨਿਕਲਾ"।

[ਸ਼ਿਵ ਬਰਤ ਲਾਲ ਐਮ. ਏ., ਸਫਾ ੧੯੮

ਸਾਹਿਬਜ਼ਾਦਾ ਅਬਦੁਲ ਗ਼ਨੀ, ਜੋ ਔਰੰਗਜ਼ੇਬ ਦੀ ਔਲਾਦ ਵਿਚੋਂ ਸੀ, ਲਿਖਦਾ ਹੈ ਕਿ: ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਜੂੰਹੀ ਖਬਰ। ਜਾਨਾ ਯਿਹ ਬਾਪ ਨੇ ਕੇ ਹੂਆ ਕਤਲ ਵੋ ਪਿਸਰ। ਸ਼ੁਕਰੇ ਅਕਾਲ ਪੁਰਖ ਕੀਆ ਝਟ ਉਠਾਕੇ ਸਰ। ਔਰ ਅਰਜ਼ ਕੀ ਕਿ ਬੰਦਹ ਪੈ ਕ੍ਰਿਪਾ ਕੀ ਕਰ ਨਜ਼ਰ। ਮੁਝ ਪਰ ਸੇ ਆਜ ਤੇਰੀ ਇਮਾਨਤ ਅਦਾ ਹੋਈ। ਬੇਟੋਂ ਕੀ ਜਾਨ ਧਰਮ ਕੀ ਖਾਤਰ ਫਿਦਾ ਹੂਈ। "

['ਜੌਹਿਰੇ ਤੇਗ਼

ਚਮਕੌਰ ਦੀ ਘਟਨਾ ਪਿਛੋਂ ਜਦ 'ਮਹਲ' ਦਸਮ ਪਾਤਸ਼ਾਹ ਪਾਸ ਪੁੱਜੇ, ਦੀਵਾਨ ਵਿੱਚ ਸਾਹਿਬਜ਼ਾਦੇ ਬੈਠੇ ਨਾ ਦਿੱਸੇ, ਸਾਹਿਬਜ਼ਾਦਿਆਂ ਦੀ ਪੁੱਛ ਕੀਤੀ, ਸੱਚੇ ਪਾਤਸ਼ਾਹ ਨੇ ਸੰਗਤ ਵਲ ਇਸ਼ਾਰਾ ਕਰਕੇ ਇਸ ਭਾਵ ਦੇ ਬਚਨ ਉਚਾਰੇ:-

"ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਭਇਆ ਏ ਜੀਵਤ ਕਈ ਹਜ਼ਾਰ।"

ਕਲਗ਼ੀਧਰ ਜੀ ਨੇ ਚਮਕੌਰ ਤੇ ਸਰਹਿੰਦ ਦੀ ਘਟਨਾ ਮਗਰੋਂ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ, ਉਹਦੇ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਇਹਨਾਂ ਅੱਖਰਾਂ ਵਿਚ ਕੀਤਾ ਹੈ ਕਿ:-

'ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਚਾਰ।'
ਅਰਥ: ਕੀ ਹੋਇਆ ਜੇ ਚਾਰ ਬੱਚੇ ਮਾਰੇ ਗਏ ਹਨ।

ਇਹ ਅੰਦਰ ਤੇ ਬਾਹਰ ਦੀਆਂ ਗਵਾਹੀਆਂ ਦੱਸਦੀਆਂ ਹਨ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਕਲਗ਼ੀਧਰ ਜੀ ਲਈ ਮੌਤ ਤੱਕ ਪੁਚਾ ਦੇਣ ਵਾਲੀ ਚਿੰਤਾ ਤੇ ਨਿਰਾਸਤਾ ਕਰਨ ਵਾਲੀਆਂ ਨਹੀਂ ਸੀ, ਉਹ ਚੜਦੀਆਂ ਕਲਾਂ ਵਿਚ ਰਹੇ ਤੇ ਪੂਰੀ ਦਨਾਈ, ਦੂਰੰਦੇਸ਼ੀ, ਮੁਆਮਲਾ ਫਹਿਮੀ ਤੇ ਚੜ੍ਹਦੀਆਂ ਕਲਾ ਨਾਲ ਅਪਣੇ ਆਦਰਸ਼ ਤੇ ਉਦੇਸ਼ ਵਿਚ ਅੰਤ ਤੱਕ ਲਗੇ ਰਹੇ।

ਜੇ ਕਲਗ਼ੀਧਰ ਜੀ ਚਾਹੁੰਦੇ ਤਦ ਦੋ ਸਾਹਿਬਜ਼ਾਦਿਆਂ ਨੂੰ, ਜੋ ਚਮਕੌਰ ਦੀ ਗੜ੍ਹੀ ਵਿੱਚ ਉਹਨਾਂ ਦੇ ਨਾਲ ਸਨ, ਬਾਹਰ ਲਿਆ ਸਕਦੇ ਸਨ। ਸਿੰਘਾਂ ਦੀ ਮੌਜੂਦਗੀ ਵਿੱਚ

ਪਹਿਲਾਂ ਇਕ ਸਾਹਿਬਜ਼ਾਦਾ ਭੇਜਣਾ, ਉਹਦੇ ਸ਼ਹੀਦ ਹੋਣ ਤੇ ਦੂਜਾ ਭੇਜਣਾ ਦੱਸਦਾ ਹੈ ਕਿ ਕਲਗ਼ੀਧਰ ਜੀ ਦੇ ਦਿਲ ਦੀ ਅਵਸਥਾ ਦਾ ਉਹ ਲੇਖਕ ਅਨੁਮਾਨ ਨਹੀਂ ਲਗਾ ਸਕੇ ਜੋ ਕਲਗੀਧਰ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਨਿਰਾਸ਼ ਹੋਣਾ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦਾ ਕਾਰਨ ਦੱਸਦੇ ਹਨ।

ਸੋ ਮੁਸਲਮਾਨ ਤੇ ਅੰਗ੍ਰੇਜ਼ ਲੇਖਕਾਂ ਨੇ ਜੋ ਕਾਰਨ ਗੁਰੂ ਜੀ ਤੇ ਕਾਤਲਾਨਾ ਵਾਰ ਹੋਣ ਦੇ ਦੱਸੇ ਹਨ ਸੋ ਸੱਚੇ ਨਹੀਂ ਸਹੀ ਹੁੰਦੇ। ਦੌਲਤ ਰਾਇ ਨੂੰ, ਜੋ ਇਹਨਾਂ ਤੋਂ ਵੱਖਰੀ ਰਵਾਯਤ ਪਠਾਣ ਦੇ ਵਾਰ ਕਰਨ ਦੇ ਕਾਰਨ ਦੀ ਮਿਲੀ ਹੈ, ਜਿਸ ਦੇ ਮੰਬੇ ਦਾ ਪਤਾ ਉਸ ਨੇ ਨਹੀਂ ਦਿੱਤਾ ਪਰ ਰਵਾਇਤ ਲਿਖਿਆ ਹੈ, ਆਪਣੇ ਵਿਚ ਗੌਰਵਤਾ ਰਖਦੀ ਹੈ। ਉਸ ਨੇ ਸਾਰੀਆਂ ਰਵਾਇਤਾਂ ਤੇ ਵੀਚਾਰ ਦੇ ਬਾਦ ਇਸੇ ਨੂੰ ਸਹੀ ਮੰਨਿਆ ਹੈ, ਤੇ ਹੋਰ ਰਵਾਇਤਾਂ ਦੇ ਪੋਲ ਨੂੰ ਉਸ ਨੇ ਤਾੜ ਲਿਆ ਹੈ।

ਇਤਿਹਾਸ ਦੀ ਹੋਰ ਖੋਜ ਮੁਮਕਿਨ ਹੈ ਕਿ ਕੋਈ ਹੋਰ ਕਾਰਨ ਲੱਭ ਪਵੇ ਪਰ ਹਾਲੇ ਜੋ ਰਵਾਇਤ ਬਹਾਦਰਸ਼ਾਹ ਵਾਲੀ ਦੌਲਤ ਰਾਇ ਨੂੰ ਮਿਲੀ ਹੈ ਉਹ ਗੌਰਵਤਾ ਵਾਲੀ ਦਿੱਸ ਰਹੀ ਹੈ। ਇਸ ਵਿੱਚ ਜੋ 'ਸਾਜ਼ਸ਼' ਦਾ ਖਿਆਲ ਹੈ ਸਹੀ ਜਾਪਦਾ ਹੈ। ਇਤਨੀ ਬੜੀ ਮਹਾਨ ਸ਼ਖਸੀਅਤ ਨੂੰ ਐਉਂ ਚੁਪਾਤੇ ਮਾਰ ਦੇਣ ਵਾਲਾ ਹਮਲਾ ਕਰਨਾ ਮਾਮੂਲੀ ਕਾਰਨਾਂ ਤੋਂ ਹੋ ਨਹੀਂ ਸਕਦਾ। ਸ਼ਖਸੀਅਤ ਦਾ ਰੋਅਬ ਮਾਮੂਲੀ ਗੱਲ ਨਹੀਂ ਹੁੰਦੀ, ਹਮਲਾਆਵਰ ਨੂੰ ਆਪਣੀ ਜਾਨ ਜੋਖੋਂ ਵਿੱਚ ਪਾਉਣੀ ਕਿਸੇ ਵੱਡੇ ਆਸਰੇ ਤੋਂ ਬਿਨਾਂ ਸੌਖੀ ਗੱਲ ਨਹੀਂ। ਜ਼ਰੂਰ ਇਸ ਦੇ ਮਗਰ ਕੋਈ ਗਹਿਰੀ ਸਾਜ਼ਸ਼ ਸੀ ਜਿਸ ਦਾ ਭੇਤ ਨਹੀਂ ਖੁੱਲ੍ਹਾ। ਇਸੇ ਕਰਕੇ ਕਾਰਨ ਦੱਸਣ ਵਿਚ ਲੇਖਕਾਂ ਦੇ ਇਖਤਿਲਾਫ ਹਨ। ਦੌਲਤਰਾਇ ਵਾਲੀ ਰਵਾਇਤ ਆਪਣੇ ਆਪ ਵਿਚ ਸਭ ਤੋਂ ਵਧੇਰੇ ਅਗ਼ਲਬ ਹੋਣ ਦੀ ਗੌਰਵਤਾ ਰਖਦੀ ਹੈ। ਜੇ ਇਹ ਠੀਕ ਠੀਕ ਸਹੀ ਹੋ ਜਾਵੇ ਤਾਂ ਪਾਤਸ਼ਾਹ ਦਾ ਜਰਾਹ ਘੱਲਣੇ ਹੋਰ ਪੁਸ਼ਟੀ ਕਰਦੇ ਹਨ ਕਿ ਇਸ ਫੇਅਲ ਨਾਲ ਉਸਦਾ ਹੱਥ ਇਸ ਸਾਜ਼ਸ਼ ਵਿਚ ਹੋਣਾ ਸਿੱਖਾਂ ਪਾਸੋਂ ਮੂਲੋਂ ਲੁਕ ਜਾਏਗਾ।

ਕੁਛ ਵੀ ਹੋਵੇ ਹੋਰ ਰਵਾਇਤਾਂ ਮਨਕਲਪਤ ਜੋੜਾਂ ਹਨ ਯਾ ਅਨੁਮਾਨ ਹਨ ਤੇ ਪਿਛਲਿਆਂ ਦੀਆਂ ਨਕਲਾਂ ਹਨ। ਦੌਲਤਰਾਇ ਦਾ ਸਹੀ ਮੰਨਿਆ ਕਾਰਨ ਯਾ ਇਸ ਵਰਗਾ ਕੋਈ ਹੋਰ ਮਹਾਨ ਕਾਰਨ ਇਸ ਹੋਣੀ ਦਾ ਹੈ ਤੇ ਕੋਈ ਗਹਿਰੀ ਸਾਜ਼ਸ਼ ਇਸਦੇ ਮਗਰ ਹੈ।

ਜੇ ਫਰਜ਼ ਕਰ ਲਈਏ ਕਿ ਬਹਾਦਰ ਸ਼ਾਹ ਠੀਕ ਗੁਰੂ ਜੀ ਦਾ ਮਿੱਤ੍ਰ ਸੀ ਤੇ ਉਸਨੇ ਇਹ ਕਾਰਾ ਨਹੀਂ ਕੀਤਾ ਤਾਂ ਫੇਰ ਇਸ ਮਹਾਨ ਹੋਣੀ ਦੀ ਸਾਜ਼ਸ਼ ਦਾ ਖਿਆਲ ਇਕ ਹੋਰ ਪਾਸੇ ਜਾਂਦਾ ਹੈ। ਸੋਚਣ ਦੀ ਬਾਤ ਹੈ ਕਿ ਉਹ ਕੌਣ ਵਜਕਤੀ ਉਸ ਵੇਲੇ ਸੀ ਜਿਸ ਨੂੰ ਗੁਰੂ ਜੀ ਦੀ ਹਸਤੀ ਕੰਟਕ ਲਗ ਰਹੀ ਸੀ, ਤਾਂ ਵਜ਼ੀਰ ਖ਼ਾਂ ਸਰਹਿੰਦ ਦੇ ਸੂਬੇ ਦੀ ਹਾਲਤ ਪੜਤਾਲ ਗੋਚਰੀ ਦਿੱਸ ਪੈਂਦੀ ਹੈ। ਵਜ਼ੀਰ ਖ਼ਾਂ ਜੰਗ ਕਰਕੇ ਅਨੰਦਪੁਰ ਤਬਾਹ ਕਰ ਚੁੱਕਾ ਹੈ। ਗੁਰੂ ਜੀ ਦੇ ਦੋ ਪੁੱਤ੍ਰ ਤੇ ਸਾਰੀ ਸਿਪਾਹ ਚਮਕੌਰ ਵਿਚ ਖਪਾ ਚੁੱਕਾ ਹੈ, ਦੋ ਮਾਸੂਮ ਬੇਗੁਨਾਹ ਬੱਚੇ ਸੰਗਦਿਲੀ ਨਾਲ ਸ਼ਹੀਦ ਕਰ ਚੁੱਕਾ ਹੈ। ਇਸ ਤੋਂ ਬਾਦ ਬਚੇ ਖੁੱਚੇ ਭੁੱਖੇ ਥਕੇ ਸਿਖ ਜੋ

ਅਨੰਦਪੁਰੋਂ ਤੇ ਹੋਰ ਗੜ੍ਹਾਂ ਤੋਂ ਨਿਕਲੇ ਤੇ ਜੋ ਕੋਈ ਉਨ੍ਹਾਂ ਵਿਚੋਂ ਫੜੇ ਗਏ ਉਨ੍ਹਾਂ ਦੇ ਨੱਕ ਤੇ ਕੰਨ ਕੱਟਕੇ ਤਸੀਹੇ ਦੇਕੇ (ਦੇਖੋ ਮੈਲਕਮ ਸਫਾ ੭੨) ਘੋਰ ਅੱਤਜਾਚਾਰ ਵਰਤਾ ਚੁੱਕਾ ਹੈ। ਇਹ ਆਪਣੇ ਕੀਤੇ ਜ਼ੁਲਮਾਂ ਤੋਂ ਡਰਦਾ ਹੈ ਤੇ ਚਾਹੁੰਦਾ ਹੈ ਕਿ ਗੁਰੂ ਜੀ ਜੀਉਂਦੇ ਨਾ ਰਹਿਣ। ਇਹ ਅਗ਼ਲਬ ਖਿਆਲ ਹੀ ਨਹੀਂ, ਇਸਦਾ ਸਬੂਤ ਮੁਕਤਸਰ ਦੀ ਜੰਗ ਹੈ। ਜਦੋਂ ਕਿ ਗੁਰੂ ਜੀ ਮਾਲਵੇ ਚਲੇ ਗਏ ਹਨ, ਤੇ ਉਹ ਜਾਣਦਾ ਹੈ ਕਿ ਬੇ ਸਰੋ ਸਾਮਾਨ ਹਨ, ਉਹ ਦੋ ਤਿੰਨ ਵੇਰੀ ਓਥੋਂ ਦੇ ਚੌਧਰੀਆਂ ਨੂੰ ਗੁਰੂ ਜੀ ਨੂੰ ਪਕੜਾਉਣ ਵਾਸਤੇ ਲਿਖਦਾ ਹੈ। ਜਦ ਨਹੀਂ ਕਾਮਯਾਬ ਹੁੰਦਾ ਤਾਂ ਖਿਦਰਾਣੇ ਦੇ ਲਾਗੇ ਜਾ ਕੇ ਯੁੱਧ ਕਰਦਾ ਹੈ। ਇਹ ਸਾਫ ਸਾਬਤ ਕਰ ਰਿਹਾ ਹੈ ਕਿ ਗੁਰੂ ਜੀ ਨੂੰ ਮਾਰਨ ਦੀ ਨੀਯਤ ਉਸਦੀ ਪ੍ਰਬਲ ਹੈ। ਹੁਣ ਹਾਲਾਤ ਹੋਰ ਬਦਲੇ ਹਨ, ਔਰਗੰਜ਼ੇਬ 'ਗੁਰੂ ਜੀ ਨੂੰ ਨਾ ਛੇੜੋ' ਦੇ ਫੁਰਮਾਨ ਜਾਰੀ ਕਰ ਚੁੱਕਾ ਹੈ ਤੇ ਮਗਰੋਂ ਆਪ ਮਰ ਚੁੱਕਾ ਹੈ। ਨਵਾਂ ਪਾਤਸ਼ਾਹ ਗੁਰੂ ਜੀ ਦਾ ਮਿੱਤ੍ਰ ਹੈ। ਤਾਰਾ ਆਜ਼ਮ ਦੇ ਜੰਗ ਵਿਚ, ਚਾਹੋ ਰੂਹਾਨੀ ਆਸ਼ੀਰਬਾਦ ਨਾਲ, ਚਾਹੋ ਫੌਜੀ ਕੁਮਕ ਨਾਲ, ਚਾਹੋ ਦੋਨੋ ਤਰ੍ਹਾਂ ਨਾਲ, ਗੁਰੂ ਜੀ ਵੱਲੋਂ ਪਾਤਸ਼ਾਹ ਨੂੰ ਸਹੈਤਾ ਮਿਲਣ ਦੀਆਂ ਖਬਰਾਂ ਸੁਣ ਚੁੱਕਾ ਹੈ, ਤੇ ਇਹ ਉਸਨੂੰ ਪਤਾ ਹੈ ਕਿ ਦੱਖਣ ਦੇ ਸਫਰ ਵਿਚ ਸ਼ਾਹ ਤੇ ਗੁਰੂ ਜੀ ਦਾ ਮੇਲ ਮਿਲਾਪ ਹੁੰਦਾ ਹੈ। ਹੋ ਸਕਦਾ ਹੈ ਕਿ ਉਸਦਾ ਸੂੰਹੀਆਂ ਪਾਤਸ਼ਾਹ ਦੇ ਨਾਲ ਹੋਵੇ, ਜੈਸਾ ਕਿ ਸੂਬੇ ਚੋਰੀ ਆਪਣੇ ਆਦਮੀ ਪਾਤਸ਼ਾਹੀ ਦਰਬਾਰ ਦੇ ਨੇੜੇ ਤੇੜੇ ਰੱਖਿਆ ਕਰਦੇ ਸੇ। ਸੋ ਇਸ ਤਰ੍ਹਾਂ ਉਸਨੂੰ ਇਹ ਸੂੰਹ ਬੀ ਮਿਲ ਗਈ ਹੋਣੀ ਹੈ ਕਿ ਪਾਤਸ਼ਾਹ ਨੂੰ ਉਸਦੇ ਕੁਰਾਨ ਦੀ ਕਸਮ ਖਾ ਕੇ ਦਗ਼ਾ ਕਰਨ ਦਾ, ਬੇਗੁਨਾਹ ਬੱਚਿਆਂ ਨੂੰ ਮਾਰਨ ਦਾ ਤੇ ਬੇਦੋਸ਼ਿਆਂ ਸਿੱਖਾਂ ਦੇ ਨੱਕ ਕੰਨ ਕੱਪਣ ਦਾ ਪਤਾ ਲਗ ਚੁੱਕਾ ਹੈ, ਇਸ ਤੋਂ ਉਸ ਨੂੰ ਡਰ ਵਾਪਰਨਾ ਮਾਮੂਲੀ ਬਾਤ ਹੈ ਕਿ ਐਸਾ ਨਾ ਹੋਵੇ ਕਿ ਪਾਤਸ਼ਾਹ ਮੈਨੂੰ ਮੇਰੇ ਇਨ੍ਹਾਂ ਅਪ੍ਰਾਧਾਂ ਦਾ ਦੰਡ ਦੇਵੇ। ਮੁਗ਼ਲ ਪਾਤਸ਼ਾਹਾਂ ਨੇ ਕਈ ਵੇਰ ਇਸ ਤਰ੍ਹਾਂ ਸੂਬੇ ਦੰਡੇ ਸੇ। ਜਿਵੇਂ ਜਹਾਂਗੀਰ ਨੇ ਇਕ ਸੂਬੇ ਨੂੰ ਕਿਸੇ ਜ਼ੁਲਮ ਕਰਨ ਦੇ ਕਾਰਨ ਹਾਥੀ ਦੇ ਪੈਰਾਂ ਨਾਲ ਰਗੜਵਾ ਕੇ ਮਰਵਾਇਆ ਸੀ। ਇਸ ਲਈ ਉਸਦਾ ਮਨੋਰਥ ਇਹ ਹੋ ਸਕਦਾ ਸੀ ਕਿ ਕਿਸੇ ਗੁਪਤ ਤਰੀਕੇ ਨਾਲ ਗੁਰੂ ਜੀ ਦਾ ਦੇਹਾਂਤ ਕਰਾ ਦੇਵੇ। ਓਹ ਪੰਜਾਬ ਤੋਂ ਕੋਈ ਪੁਰਾਣੇ ਵੈਰੀ ਖਾਨਦਾਨ ਦਾ ਆਦਮੀ ਲੱਭ ਸਕਦਾ ਸੀ, ਉਸਨੂੰ ਵੈਰ ਲਈ ਉਕਸਾ ਸਕਦਾ ਸੀ, ਤੇ ਭਾਰੀ ਇਨਾਮਾਂ ਦਾ ਲੋਭ ਭੀ ਦੇ ਸਕਦਾ ਸੀ। ਅਸੀਂ ਨਹੀਂ ਕਹਿ ਰਹੇ ਕਿ ਇਹ ਗੱਲ ਇਕ ਅਮਰ ਵਾਕਿਆ ਹੈ, ਪਰ ਪਠਾਣ ਦੇ ਕਾਤਲਾਨਾ ਵਾਰ ਦਾ ਕੋਈ ਕਾਰਨ ਐਸਾ ਅਹੰਮ ਹੈ ਕੇ ਕਿਸੇ ਗਹਿਰੀ ਸਾਜ਼ਸ਼ ਨਾਲ ਵਿਉਂਤਿਆ ਗਿਆ ਹੈ; ਗੁਰੂ ਜੀ ਪਰ ਕਾਤਲਾਨਾ ਵਾਰ ਦਾ ਕਾਰਨ ਸਾਧਾਰਨ ਹੋ ਨਹੀਂ ਸਕਦਾ। ਅਸੀਂ ਇਸ ਗੱਲ ਦੀ ਖੋਜ ਲਈ ਹਾਲਾਤ ਤੇ ਉਸ ਵੇਲੇ ਦੀਆਂ ਦਸ਼ਾ ਦੀ ਪੜਤਾਲ ਕਰ ਰਹੇ ਹਾਂ। ਵਜ਼ੀਰ ਖ਼ਾਂ ਦੇ ਅਸੀਂ ਜੇ ਸੁਭਾਵ ਨੂੰ ਦੇਖੀਏ ਤਾਂ ਕਿਸ ਕਿਸਮ ਦਾ ਝੁਕਾਉ ਆਪਣੇ ਵੈਰੀ ਨੂੰ ਵਿਸ਼੍ਵਾਸ਼ਘਾਤ ਨਾਲ ਮਰਵਾ ਦੇਣ ਦਾ ਉਸ ਵਿੱਚ ਹੈਸੀ। ਜਦੋਂ ਬੰਦਾ ਛਤ ਬਨੂੜ ਸੀ ਤੇ ਸਰਹਿੰਦ ਵਲ ਉਸ ਦੇ ਵਧਣ ਦੀ ਅਫਵਾਹ ਗਰਮ ਸੀ ਤਾਂ ਵਜ਼ੀਰ ਖ਼ਾਂ ਨੇ ਆਪਣਾ ਇਕ ਸਰਦਾਰ ਕੁਛ ਸਲਾਹਕਾਰੀਆਂ ਸਣੇ

ਘੱਲਿਆ ਸੀ ਕਿ ਬੰਦੇ ਨਾਲ ਵਿਸਾਹਘਾਤ ਕਰਕੇ ਉਸਨੂੰ ਮਾਰ ਦੇਵੇ। ਉਹ ਬੰਦੇ ਪਾਸ ਪੁੱਜਾ, ਆਪਣੇ ਆਪ ਨੂੰ ਵਜ਼ੀਰ ਖ਼ਾਂ ਦਾ ਵੈਰੀ ਦੱਸਣ ਲਗਾ, ਤੇ ਬੰਦੇ ਦਾ ਮਿੱਤ੍ਰ ਬਣਕੇ ਨਾਲ ਰਲ ਗਿਆ। ਬੰਦੇ ਨੇ ਆਦਰ ਕੀਤਾ, ਧਨ ਦਿੱਤਾ, ਨਾਲ ਰਲਾ ਲਿਆ, ਪਰ ਚੌਕਸ ਰਿਹਾ। ਜਦ ਉਸ ਦੀ ਵਿਸਾਹ ਘਾਤੀ ਚਾਲ ਦੀ ਪੇਸ਼ ਨਾ ਗਈ ਤਾਂ ਸਰਹਿੰਦ ਦੇ ਜੁੱਧ ਮਚੇ ਵਿੱਚ ਤੇ ਰਣ ਤੱਤੇ ਸਮੇਂ ਨੱਸ ਤੁਰਿਆ ਜੋ ਬੰਦੇ ਦੀ ਆਪਣੀ ਫੌਜ ਆਪਣੀ ਭਾਂਜ ਹੋਈ ਸਮਝਕੇ ਨੱਸ ਤੁਰੇ। ਏਹ ਅਸਰ ਹੋਇਆ ਬੀ, ਬੰਦੇ ਦੇ ਨਾਲ ਰਲੀਆਂ ਤੇ ਲੁਟੇਰਿਆਂ ਦੀਆਂ ਛੇੜਾਂ ਨੱਸ ਬੀ ਤੁਰੀਆਂ, ਪਰ ਉਸ ਵੇਲੇ ਮਝੈਲਾਂ ਦੀ ਤੁੰਦੀ ਤੇ ਵਜ਼ੀਰ ਖ਼ਾਂ ਦਾ ਮਾਰਿਆ ਜਾਣਾ ਮੈਦਾਨ ਲੈ ਗਿਆ। ਸੋ ਇਸ ਵਾਕਿਆਂ ਤੋਂ 'ਵਿਸਾਹ ਕੇ ਮਾਰਨ ਦਾ ਸੁਭਾਵ' ਬੀ ਵਜ਼ੀਰ ਖਾਂ ਦਾ ਸਹੀ ਹੋ ਰਿਹਾ ਹੈ। ਲੋੜ ਹੈ ਵਧੇਰੇ ਖੋਜ ਦੀ, ਕੀ ਜਾਣੀਏ ਕਿ ਇਹ ਯਾ ਕੋਈ ਹੋਰ ਗੱਲ ਲਭ ਪਵੇ। ਜੈਸੇ ਕਿ ਕੰਵਲ ਨੌ ਨਿਹਾਲ ਸਿੰਘ ਉੱਤੇ ਡਿਉਢੀ ਡਿੱਗਣ ਦਾ ਭੇਤ ੫੮ ਵਰ੍ਹੇ ਛੁਪਿਆ ਰਿਹਾ ਤੇ ੧੮੯੮ ਈ: ਵਿਚ "Memoirs of Colonet Alexander Gardner". ਕਿਤਾਬ ਦੇ ਪ੍ਰਗਟ ਹੋਣ ਨਾਲ ਸਾਫ ਖੁੱਲ੍ਹ ਗਿਆ। ਜਿਵੇਂ ਦੀਵਾਨ ਕੌੜਾ ਮਲ ਦੀ ਸ਼ਹਾਦਤ ਕਿਸੇ ਦੁਰਾਨੀ ਦੀ ਗੋਲੀ ਤੋਂ ਯਾ ਕਬਰ ਵਿਚ ਹਾਥੀ ਦਾ ਪੈਰ ਆ ਜਾਣ ਵੇਲੇ ਕਿਸੇ ਦੁਰਾਨੀ ਦੀ ਤਲਵਾਰ ਤੋਂ ਲਿਖਿਆ ਤੇ ਸਮਝਿਆ ਗਿਆ। ਪਰ 'ਫੱਰਹਤੁੱਨਾਜ਼ਰੀਨ' ਦੇ ਲੇਖ ਦੇ ਪ੍ਰਗਟ ਹੋਣ ਤੋਂ ਤੇ ਬ੍ਰਿਟਿਸ਼ ਮਯੂਜ਼ੀਅਮ ਵਿਚ ਪਹੁੰਚੇ ਹੋਏ 'ਅਹਵਾਲੇ ਆਦੀਨਾ ਬੇਗ' ਦੇ ਇਸ਼ਾਰੇ ਨਾਲ ਕਸੂਰੀ ਪਠਾਣਾਂ ਨੇ ਗੋਲੀ ਮਾਰੀ ਸੀ। ਅਰਥਾਤ ਘਰਦਿਆਂ ਨੇ ਹੀ ਆਪਣਾ ਸੈਨਾਪਤਿ ਵਿਸਾਹ ਘਾਤ ਨਾਲ ਮਾਰਿਆ ਸੀ। ਇਸੀ ਤਰ੍ਹਾਂ ਪੰਚਮ ਸਤਿਗੁਰੂ ਜੀ ਦੀ ਸ਼ਹਾਦਤ ਨੂੰ ਕਾਰਨ ਜਹਾਂਗੀਰ ਦਾ ਆਪਣਾ 'ਹੁਕਮੇ ਕਤਲ' ਸੀ ਪਰ ਇਤਿਹਾਸਕਾਰਾਂ ਨੇ ਜਹਾਂਗੀਰ ਦਾ ਹੁਕਮ 'ਜੁਰਮਾਨਾ' ਲਿਖਿਆ ਸੀ। ਇਥੋਂ ਤਾਈਂ ਕਿ ਉਸ ਸਮੇਂ ਦੇ ਲੇਖਕ ਦਬਿਸਤਾਨੇ ਮਜ਼ਾਹਬ ਦੇ ਕਰਤਾ ਨੇ, ਜੋ ਖੁਦ ਛੇਵੇਂ ਸਤਿਗੁਰਾਂ ਨੂੰ ਮਿਲਦਾ ਰਿਹਾ ਹੈ, 'ਵੱਡਾ ਜੁਰਮਾਨਾ ਕੀਤਾ' ਹੀ ਲਿਖਿਆ ਹੈ, ਪਰ ਜਦ ਖੋਜ ਕਰਦਿਆਂ 'ਤੁਜ਼ਕ ਜਹਾਂਗੀਰੀ' ਪੜ੍ਹੀ ਗਈ ਤਾਂ ਜਹਾਂਗੀਰ ਦਾ ਆਪਣਾ ਲਿਖਿਆ ਕਿ 'ਮੈਂ ਕਤਲ ਦਾ ਹੁਕਮ ਦਿੱਤਾ ਹੈ, ' ਨਿਕਲ ਆਇਆ। ਉਸੇ ਜਹਾਂਗੀਰ ਦੇ ਆਪਣੇ ਲੇਖ ਵਿਚੋਂ ਜਹਾਂਗੀਰ ਦਾ ਤਅੱਸਬ ਤੇ ਬੇ-ਇਨਸਾਫੀ ਬੀ ਪਈ ਦਿੱਸਦੀ ਹੈ। ਇਸੇ ਤਰ੍ਹਾਂ ਇਸ ਕਾਇਰਤਾ ਭਰੇ ਤੇ ਕਾਤਲਾਨਾ ਵਾਰ ਦਾ ਕਾਰਨ ਕੋਈ ਗਹਿਰੀ ਸਾਜ਼ਸ਼ ਹੈ, ਜੋ ਕਿਸੇ ਵਧੇਰੇ ਖੋਜ ਨਾਲ ਖੁੱਲ੍ਹ ਆਉਣੀ ਨਾਮੁਮਕਿਨ ਨਹੀਂ। ਵਜ਼ੀਰ ਖ਼ਾਂ ਵਲ ਉਪਰ ਦੱਸੇ ਹਾਲਾਤ ਖੋਜ ਦੀ ਰਹਿਨੁਮਾਈ ਕਰਦੇ ਹਨ ਤੇ ਅਸੀਂ ਇੰਨੀ ਬਾਤ ਹੀ ਅਗਲੇ ਖੋਜਕਾਂ ਦੀ ਸੇਧ ਲਈ ਲਿਖ ਰਹੇ ਹਾਂ। ਇਸ ਗੱਲ ਨੂੰ ਅਮਰ ਵਾਕਿਆ ਅਸੀਂ ਅਜੇ ਨਹੀਂ ਲਿਖ ਰਹੇ।

ਜਦ ਅਸੀਂ ਇਹ ਖੋਜ ਇਥੋਂ ਤਾਈਂ ਲਿਖ ਚੁੱਕੇ ਸਾਂ ਤਾਂ ਸਾਡੀ ਨਜ਼ਰ ਇਕ ਲਿਖਤੀ ਪੋਥੀ ਤੇ ਪਈ ਜਿਸ ਦਾ ਨਾਉਂ 'ਚਤਰਜੁਗੀ' ਹੈ, ਇਸ ਵਿਚ ਹੋਰ ਹਾਲ ਤਾਂ ਦੂਸਰਿਆਂ ਨਾਲ ਮਿਲਦੇ ਜੁਲਦੇ ਹੀ ਦਿੱਤੇ ਹਨ ਪਰ ਵਿਸਾਹਘਾਤੀ ਵਾਰ ਕਰਨ ਵਾਲੇ ਪਠਾਣ ਨੂੰ 'ਸਰ੍ਹੰਦੀ ਪਠਾਣ' ਲਿਖਿਆ ਹੈ, ਜਿਸ ਤੋਂ ਇਹ ਲਿਖਤੀ ਪਤਾ

ਮਿਲ ਗਿਆ ਕਿ ਇਹ ਪਠਾਣ ਸਰਹਿੰਦ ਤੋਂ ਗਿਆ ਸੀ। ਉਥੇ ਦੱਸਿਆ ਹੈ ਕਿ ਪਹਿਲਾਂ ਇਹ ਦਿੱਲੀ ਮਾਤਾ ਜੀ ਪਾਸ ਗੁਰੂ ਜੀ ਦਾ ਪਤਾ ਪੁੱਛਣ ਜਾਂਦਾ ਹੈ ਤੇ ਇਹ ਸਰਹਿੰਦ ਦਾ ਹੈ, ਤੇ ਫੇਰ ਨਾਦੇੜ ਪਹੁੰਚਦਾ ਹੈ, ਸਰਹਿੰਦ ਤੋਂ ਇਸ ਦਾ ਜਾਣਾ ਸਾਡੀ ਉਪਰ ਦਿੱਤੀ ਖੋਜ ਦੀ ਲੜੀ ਨੂੰ ਇਕ ਕਦਮ ਹੋਰ ਅਗੇਰੇ ਲੈ ਜਾਂਦਾ ਹੈ*। ਇਸ ਤੋਂ ਹੁਣ ਦੱਖਣ ਵਿਚ ਪਹਿਲੇ ਤੋਂ ਵਸਦੇ ਕਿਸੇ ਪਠਾਣ ਦਾ ਇਸ਼ਤਆਲ ਵਿਚ ਆਕੇ ਯਾ ਘੋੜਿਆਂ ਦੇ ਤਕਰਾਰ ਤੋਂ ਕਾਤਲਾਨਾ ਹਮਲਾ ਕਰਨਾ ਤਾਂ ਝੂਠਾ ਸਾਬਤ ਹੋ ਗਿਆ। ਪਠਾਣ ਸਰਹਿੰਦ ਤੋਂ ਆਇਆ ਹੈ ਤੇ ਪੁਰਾਣਾ ਵਿਸਾਹ-ਪ੍ਰਾਪਤ ਮਿੱਤ੍ਰ ਹੈ ਤੇ ਦਿੱਲਿਓਂ ਪਤਾ ਲੈਕੇ ਟੁਰਦਾ ਹੈ। ਕਾਤਲ ਦੇ ਇਸ ਜਤਨ ਤੋਂ ਪਤਾ ਲਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਢੇ ਦਿਲ ਗਿਣੀ ਮਿਥੀ ਗੱਲ ਹੈਸੀ ਤੇ ਵੀਹ ਵਿਸਵੇ ਇਹ ਇਕ ਸਾਜ਼ਸ਼ ਹੈ ਤੇ ਓਸ ਸਾਜ਼ਸ਼ ਦਾ ਟਿਕਾਣਾ ਸਰਹਿੰਦ ਹੈ ਤੇ ਇਹ ਕਾਤਲ ਉਸ ਸਾਜ਼ਸ਼ ਦੇ ਮਨਤੱਵ ਨੂੰ ਸਿਰੇ ਚਾੜ੍ਹਨ ਵਾਲਾ ਕਾਰਿੰਦਾ (ਏਜੰਟ) ਹੈ।

ਇਹ ਪਠਾਣ ਪਹਿਲਾਂ ਦਿੱਲੀ ਗਿਆ, ਇਸ ਦਾ ਮਾਤਾ ਜੀ ਤੋਂ ਪਤਾ ਲੈਣਾ ਦੱਸਦਾ ਹੈ ਕਿ ਇਹ ਕੋਈ ਗੁਰੂ ਕਾ ਇਤਬਾਰੀ ਪਠਾਣ ਸੀ। ਪਤਾ ਪੁੱਛਣ ਮਾਤਾ ਜੀ ਪਾਸ ਜਾਣਾ ਦੱਸਦਾ ਹੈ ਕਿ ਆਪਣੇ ਬੁਰੇ ਇੰਦੀਏ ਵਿਚ ਕਾਮਯਾਬ ਹੋਣ ਲਈ ਡਾਢੇ ਤਸੱਲੀ ਬਖ਼ਸ਼ ਟਿਕਾਣੇ ਤੋਂ ਪਤਾ ਲੈਣਾ ਚਾਹੁੰਦਾ ਹੈ, ਪੱਕਾ ਪਤਾ ਟਿਕਾਣੇ ਦਾ ਕਰਕੇ ਨਾਦੇੜ ਪਹੁੰਚਦਾ ਹੈ ਤੇ ਸੈਨਾਪਤ ਜੀ ਦੀ ਲਿਖੇ ਮੂਜਬ ਕਈ ਦਿਨ ਦਾਉ ਤਾੜ ਤਾੜ ਕੇ ਵਾਰ ਕਰਦਾ ਹੈ। ਕੋਈ ਡਾਢਾ ਇਤਬਾਰੀ ਹੋਣ ਕਰਕੇ ਹੀ ਇਸ ਨੂੰ ਗੁਰੂ ਜੀ ਬੀ ਨਿਕਟ ਵਰਤੀਆਂ ਵਿਚ ਆਉਣੋਂ ਜਾਣੋਂ ਰੋਕ ਨਹੀਂ ਕਰਦੇ। ਸੋ ਹੁਣ ਸਾਨੂੰ ਇਥੋਂ ਤਾਈਂ ਉਗਾਹੀ ਮਿਲ ਗਈ ਕਿ ਇਹ ਪਠਾਣ ਕੋਈ ਇਤਬਾਰੀ ਸੀ, ਸਰਹਿੰਦ ਤੋਂ ਗਿਆ ਸੀ ਤੇ ਸਰਹਿੰਦ ਦੇ ਨਵਾਬ ਦਾ ਸੁਭਾਵ ਵਿਸਾਹਘਾਤ ਕਰਨ ਦਾ ਸੀ ਤੇ ਉਸ ਨੂੰ ਭੈ ਸੀ ਗੁਰੂ ਜੀ ਦਾ ਅਤੇ ਉਹ ਗੁਰੂ ਜੀ ਦੇ ਤੇ ਬਹਾਦਰ ਸ਼ਾਹ ਦੇ ਮ੍ਰਿਤਾਨੇ ਤੋਂ ਵਧੇਰੇ ਖੌਫ ਖਾ ਰਿਹਾ ਸੀ ਤੇ ਇਸ ਤੋਂ ਪਹਿਲੋਂ ਤੋਂ ਬੀ ਉਹ ਲਗਾਤਾਰ ਗੁਰੂ ਜੀ ਦੀ ਜਾਨ ਲੈਣ ਦੇ ਸਾਰੇ ਯਤਨ ਕਰਦਾ ਰਿਹਾ ਹੈ।

*ਅਸਾਂ ਇਹ ਨੋਟ ਮਾਰਚ, ੧੯੩੩ ਵਿਚ ਲਿਖਿਆ ਸੀ, ਵਿਦਵਾਨਾਂ ਤੇ ਖੋਜੀਆਂ ਵਲੋਂ ਇਸ ਨਵੀਂ ਟੋਹ ਨੂੰ ਜੀ ਆਇਆਂ ਕਿਹਾ ਗਿਆ ਤੇ ਉਸ ਤੋਂ ਮਗਰੋਂ ਲਿਖੇ ਗਏ ਗ੍ਰੰਥਾਂ ਵਿਚ ਇਸੇ ਵੀਉ (ਨੁਕਤਾ ਖਿਆਲ) ਨੂੰ ਲਿਆ ਗਿਆ ਤੇ ਲੈਕਚਰਾਂ ਵਿਚ ਪ੍ਰਗਟ ਕੀਤਾ ਜਾ ਰਿਹਾ ਹੈ। ਹੁਣ ਅਸੀਂ ਅਗਲੀ ਪਸੰਗਲੀ ਲੱਭਣ ਦੇ ਜਤਨ ਵਿਚ ਹਾਂ, ਆਸ ਹੈ ਹੋਰ ਇਤਿਹਾਸ ਖੋਜੀ ਬੀ ਇਸ ਪਾਸੇ ਪ੍ਰਯਤਨ ਕਰਨਗੇ।

## ੨੦. [ਜ਼ਖਮ ਦੇ ਤੋਪੇ ਟੁੱਟੇ। ਜੱਗ ਕੀਤਾ]

੧੯<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੧

ਦੋਹਰਾ: ਸ਼ਾਹ ਬਹਾਦਰ ਸਾਦਰਹਿ, ਦ੍ਵੈ ਉਮਰਾਵ ਬੁਲਾਇ।
ਜ਼ਖਮ ਲਗੇ ਸੁਧਿ ਲੇਨਿ ਹਿਤ, ਸ੍ਰੀ ਗੁਰ ਤੀਰ ਪਠਾਇ ॥੧॥
ਚੌਪਈ: ਕੁੰਚਰ ਪਰ ਅਰੂਢਿ ਤਤਕਾਲੇ।
ਅਬਚਲ ਨਗਰ ਪੰਥ ਮਹਿਂ ਚਾਲੇ।
ਕੇਤਿਕ ਚਮੂੰ ਸੰਗ ਮਹਿਂ ਆਈ।
-ਦਰਸਹਿਂਗੇ ਸ੍ਰੀ ਗੁਰ ਮੁਦ ਪਾਈ- ॥੨॥
ਅਸਵਾਰੀ ਤੇ ਤੂਰਨ ਆਏ।
ਅਬਚਲ ਨਗਰ ਪਹੁਂਚਿ ਸਮੁਦਾਏ।
ਉਚਿਤ ਸਥਲ ਪਿਖਿ ਕੈ ਤਟ ਸਲਿਤਾ।
ਉਤਰਿ ਪਰੇ ਦੇਖਤਿ ਜਲ ਚਲਤਾ ॥੩॥
ਸਿਵਰ ਕਰਜੋ ਸੁਧ ਤਬਹਿ ਪਠਾਈ।
ਸ੍ਰੀ ਸਤਿਗੁਰ ਢਿਗ ਅਰਜ਼ ਸੁਨਾਈ।
'ਸ਼ਾਹੁ ਪਠਾਏ ਜੁਗ ਉਮਰਾਵ।
ਸੁਧਿ ਲੈਬੇ ਹਿਤ ਦਰਸ਼ਨ ਚਾਵ' ॥੪॥
ਸੁਨਿ ਕੈ ਤ੍ਰਿਣ ਦਾਨਾ ਅਰੁ ਖਾਨਾ।
ਕਰੇ ਪਠਾਵਨ ਬਾਂਛਤਿ ਨਾਨਾ।
ਸਭਿ ਲੇ ਕਰਿ ਅਚਵਜੋ ਮਨ ਭਾਏ।
ਥਿਰ ਹੁਇ ਸ਼੍ਰਮਹਿ ਸ਼ਰੀਰ ਬਿਹਾਏ[1++] ॥੫॥
ਢਰਜੋ ਦੁਪਹਿਰਾ ਭੇ ਸਵਧਾਨਾ।
ਸ਼੍ਰੀ ਪ੍ਰਭੁ ਪਠਜੋ ਦੂਤ ਅਗਵਾਨਾ।
ਜਾਮ ਦਿਵਸ ਰਹਿ ਤਬਿ ਚਲਿ ਆਏ।
ਸੰਗ ਭਲੇ ਨਰ ਕਰਿ ਸਮੁਦਾਏ ॥੬॥
ਆਗੇ ਪ੍ਰਭੁ ਦਿਵਾਨ ਲਗਾਯੋ।
ਰੰਗਾ ਰੰਗ ਫਰਸ਼ ਡਸਵਾਯੋ।
ਥਿਰਜੋ ਖਾਲਸਾ ਸ਼ਸਤ੍ਰ ਸੁਹਾਏ।
ਤੁਪਕ ਧਨੁਖ ਅਰੁ ਸਿਪਰ ਲਗਾਏ ॥੭॥
ਦੇਖਿ ਦੂਰ ਹੀ ਤੇ ਉਮਰਾਊ।
ਝੁਕੇ ਸਲਾਮ ਕੀਨਿ ਅਗਵਾਊ।

---

[1]ਸ਼ਰੀਰ ਦਾ ਥਕਾਨ ਲਾਹਿਆ
++ਪਾ:-ਥਿਰ ਹੋਇਸਿ ਤਹਿ ਨਿਸਾ ਬਿਹਾਏ।

ਸਨਮਾਨਤਿ ਲੇ ਨਾਮ ਬੁਲਾਏ।
ਕ੍ਰਿਪਾ ਕਰੀ ਗੁਰ ਨਿਕਟ ਬਿਠਾਏ ॥੮॥
ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ।
'ਹਜ਼ਰਤ ਪਠੇ ਸਮੀਪ ਉਚਾਰੀ।
ਲੇਨਿ ਜ਼ਖਮ ਕੀ ਸੁਧਿ ਹਮ ਆਏ।
ਭਈ ਖੁਸ਼ੀ ਸੁਨਿ ਆਪ ਨਹਾਏ ॥੯॥
ਸ਼ਾਹੁ ਸਚਿੰਤ ਭਯੋ ਸੁਧ ਪਾਈ।
-ਇਹ ਮੂਢਨ ਕਜਾ ਕੀਨਿ ਖੁਟਾਈ-।
ਸਭਿ ਪਠਾਨ ਸੰਗੀ ਬੁਲਵਾਏ।
ਦੇ ਸਜ਼ਾਇ ਕੋ ਸੋ ਬੁਝਵਾਏ[1] ॥੧੦॥
ਕਸਮ ਕੁਰਾਨ ਮਹਾਨ ਬਖਾਨੀ।
-ਅਪਰ ਨ ਕਿਸ ਕੋ ਸੁਧਿ ਹਮ ਜਾਨੀ।
ਲਰਕਾ ਮਹਿਮਾ ਤੇ ਅਨਜਾਨਾ।
ਕਿਯ ਬਦਕਾਰ ਆਪ ਹੀ ਪਜਾਨਾ-' ॥੧੧॥
ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਯੋ।
'ਭਯੋ ਅਕਾਲ ਪੁਰਖ ਜਿਮ ਭਾਯੋ।
ਹ੍ਵੈ ਨ ਸਕਹਿ ਕੁਛ ਹੁਕਮ ਬਿਹੀਨਾ।
ਨਰਨ ਬਿਖੈ ਆਪਹਿ ਕ੍ਰਿਤ ਕੀਨਾ[2] ॥੧੨॥
ਕਹਹੁ ਸ਼ਾਹੁ ਸਨ -ਹਮ ਸੁਖ ਹੋਵਾ।
ਘਾਵ ਮਿਲਯੋ ਸੰਕਟ ਨਹਿਂ ਜੋਵਾ-।'
ਕਰਤਿ ਬਾਰਤਾਲਾਪ ਬਿਤਾਇ।
ਦ੍ਵੈ ਘਟਿਕਾ ਦਿਨ ਰਹਯੋ ਸੁ ਆਇ ॥੧੩॥
ਸ਼ਸਤ੍ਰ ਸਮੀਪ ਸਮੂਹ ਸੁਹਾਏ।
ਬੀਚ ਸਰਾਸਨ ਦੋਇ ਟਿਕਾਏ।
ਤਿਨ ਪਰ ਦ੍ਰਿਸ਼ਟਿ ਗਈ ਉਮਰਾਵਨਿ।
ਪਿਖੈਂ ਦਰਾਜ਼ ਭਏ ਬਿਸਮਾਵਨ ॥੧੪॥
-ਚੌੜੀ ਪਾਟੀ ਬਡੇ ਕਠੋਰ[3]।
ਇਨ ਐਂਚਨ ਕੋ ਕਿਸ ਮਹਿਂ ਜ਼ੋਰ।
ਮਹਾਂ ਮੁਸ਼ਟ ਜੁਗ ਗੋਸ਼ੇ ਕਠਨੰ।

---

[1]ਸਜ਼ਾ ਦਾ (ਡਰ ਦੇਕੇ) ਉਹਨਾਂ ਤੋਂ ਪੁੱਛਿਆ ਭਾਵ ਕਿ ਸੱਚ ਸੱਚ ਦੱਸ ਦਿਓ ਨਹੀਂ ਤਾਂ ਸਜ਼ਾ ਦਿਆਂਗੇ।
[2]ਪੁਰਸ਼ਾਂ ਵਿਚ (ਵੜਕੇ) ਆਪੇ ਹੀ (ਵਾਹਿਗੁਰੂ ਨੇ) ਕਾਰ ਕੀਤੀ ਹੈ।
[3]ਬੜੀ ਚੌੜੀ ਪਟੀ ਵਾਲੇ ਕਰੜੇ ਹਨ।

ਤੈਸੇ ਪਨਚਿ ਸਿਲੇ ਸਮ ਗਠਨੰ[1] ॥੧੫॥
ਇਹ ਗੁਰ ਪੀਰ ਦਾਵ ਕਰਿ ਨਾਨਾ।
ਰਖਹਿ ਦਿਖਾਵਾ ਲੋਕਨ ਨਾਨਾ।
ਸਮਰਥ ਲਖਹਿਂ, ਮਾਨ ਹੈਂ ਆਨ।
ਅਰਪਿ ਉਪਾਇਨ ਅਨਿਕ ਮਹਾਨ ॥੧੬॥
ਨਾਂਹਿ ਤ ਇਹ ਕੁਦੰਡ ਬਡ ਭਾਰੇ।
ਨਰ ਐਂਚਹਿ ਬਲ ਕਹਾਂ ਬਿਚਾਰੇ।
ਜੋ ਫਰੇਸ਼ਤੇ ਬਲੀ ਬਿਸਾਲਾ।
ਸੋ ਖੈਂਚਹਿਂ ਜਿਨ ਓਜ ਕਰਾਲਾ ॥੧੭॥
ਮਾਨੁਖ ਕੌਨ ਆਜ ਜਗ ਸਾਰੇ।
ਧਨੁਖ ਐਂਚਿ ਇਨ ਤੇ ਸਰ ਮਾਰੇ-।
ਇਤੱਜਾਦਿਕ ਚਿਤ ਬਿਖੇ ਬਿਚਾਰਤਿ।
ਹੇਰਿ ਹੇਰਿ ਕਰਿ ਤਰਕ ਉਠਾਰਤਿ ॥੧੮॥
ਸ਼੍ਰੀ ਸਤਿਗੁਰ ਸਭਿ ਅੰਤਰਜਾਮੀ।
ਤਰਕਤਿ ਉਮਰਾਵਨ ਲਖਿ ਖਾਮੀ[2]।
-ਹਮ ਕੋ ਜਾਨਹਿਂ ਦੰਭ ਕਮਾਵਹਿਂ।
ਹੇਤੁ ਦਿਖਾਵਨ ਧਨੁਖ ਟਿਕਾਵਹਿਂ ॥੧੯॥
ਇਹ ਰਣ ਮਹਿਂ[3] ਪਹੁੰਚੇ ਨਹਿਂ ਆਏ।
ਆਨੰਦ ਪੁਰਿ ਚਮਕੌਰ ਜੁ ਘਾਏ।
ਦਸ ਦਸ ਮਹਿਂ ਕੋ ਤੀਰ ਨਿਕਾਸਾ।
ਸ਼ੱਤ੍ਰੂ ਬ੍ਰਿੰਦ ਕੋ ਤਤਛਿਨ ਨਾਸ਼ਾ ॥੨੦॥
ਇਨ ਕੋ ਨਿਜ ਬਲ ਚਹਿਯ ਦਿਖਾਵਨਿ।
ਨਤੁ ਬਲ ਅਪਰਨ ਕਰਹਿਂ ਬਤਾਵਨ[4]-।
ਇੱਤਜਾਦਿਕ ਬਿਚਾਰਿ ਗੁਰ ਉਰ ਮਹਿਂ।
ਦੋਨਹੁਂ ਧਨੁਖ ਉਠਾਏ ਕਰ ਮਹਿਂ ॥੨੧॥
ਦੋਨਹੁਂ ਮੁਸ਼ਟ ਹਾਥ ਇਕ ਧਰੀ।
ਦੌਨ ਪਨਚ ਇਕ ਚੁਟਕੀ ਧਰੀ।
ਬਲ ਤੇ ਐਂਚੀ ਕੌਣ ਨਿਵਾਏ।

---

[1]ਤੈਸੇ ਹੀ ਚਿੱਲੇ ਪੱਥਰ ਵਰਗੇ ਗਠੇ ਹੋਏ।
[2]ਉਮਰਾਵਾਂ (ਦੇ ਦਿਲ) ਦਾ ਖੋਟ ਲਖ ਕੇ।
[3]ਭਾਵ ਪਿਛਲੇ ਸਾਡੇ ਜੰਗਾਂ ਵਿਚ।
[4]ਨਹੀਂ ਤਾਂ ਹੋਰਨਾਂ ਨੂੰ (ਸਾਡਾ) ਵਲ ਦੱਸਣਗੇ ਭਾਵ ਇਹ ਹੈ ਕਿ ਲੋਕਾਂ ਨੂੰ ਬੀ ਇਹ ਕਹਿਣਗੇ ਕਿ ਛਲ ਵਾਸਤੇ ਭਾਰੇ ਧਨੁਖ ਰੱਖੇ ਹੋਏ ਹਨ। [ਬਲ=ਤਾਕਤ। ਬਲ=ਵਲ, ਵਲ ਨਾਮ ਹੈ ਛਲ ਦਾ, ਬਨਾਵਟ]।

ਚਾਂਪ ਪ੍ਰਚੰਡ ਖਿਚੇ ਚਿਰੜਾਏ ॥੨੨॥
ਖੈਂਚਿ ਖੈਂਚਿ ਇਕ ਦ੍ਵੈ ਦੈ ਬਾਲੇ[1]।
ਸਭਿਨਿ ਦਿਖਾਏ ਕਰਤਿ ਉਤਾਲੇ।
ਲਗ੍ਯੋ ਬਡੋ ਬਲ ਐਂਚਤ ਧਨੁ ਕੋ।
ਨਹਿਂ ਬਚਾਵ ਕਿਯ ਘਾਵ ਜੁ ਤਨ ਕੋ ॥੨੩॥
ਲਗੇ ਜ਼ਖਮ ਤੋਪੇ ਤੁਟਿ ਗਏ।
ਰੁਧਰ ਨਿਕਸਿ ਪਟ ਭੀਜਤ ਭਏ।
ਪੂਰਬ ਤੇ ਭੀ ਘਾਵ ਬਡੇਰਾ।
ਭਯੋ ਤੁਰਤ ਹੀ ਤਨ ਮਹਿਂ ਹੇਰਾ ॥੨੪॥
ਬਿਸਮਤਿ ਮਨ ਕਿਯੋ ਹਾਹਾਕਾਰਾ।
'ਕਹਾਂ ਭਯੋ' ਕਹਿਂ ਸਕਲ ਨਿਹਾਰਾ।
ਹਾਥ ਜੋਰਿ ਉਮਰਾਵਨ ਭਾਖਾ।
'ਸ਼੍ਰੀ ਪ੍ਰਭੁ ਕਹਾਂ ਕੀਨ ਇਹ ਕਾਂਖਾ' ॥੨੫॥
ਦੇ ਸਿਰਪਾਉ ਬਿਦਾ ਤਬਿ ਕਰੇ।
ਸੰਧਜਾ ਭਈ ਦੀਪ ਤਬਿ ਜਰੇ।
ਜਮਦੁਤੀਆ[2] ਸਸਿ ਦਿਨ[3] ਤਬਿ ਹੋਤੋ।
ਬਡੇ ਜਤਨ ਤੇ ਬੰਧਨ ਕਿਤੋ ॥੨੬॥
ਰਾਤਿ ਬਿਤੀਤ ਪ੍ਰਾਤਿ ਹੁਇ ਆਈ।
ਦਿਵਸ ਤੀਜ ਆਇਸੁ ਫੁਰਮਾਈ।
'ਲੇਹੁ ਪੰਚ ਸੈ ਕੋਸ਼ ਰਜਤਪਣ।
ਕਰਹੁ ਤਿਹਾਵਲ ਰਸਦ ਖਰੀਦਨ ॥੨੭॥
ਇਕ ਸੌ ਕੋ ਚੰਦਨ ਅਨਵਾਵਹੁ।
ਗਮਨ ਪ੍ਰਲੋਕ ਸੌਂਜ ਸਭਿ ਲਜਾਵਹੁ।
ਮਾਨਹੁੰ ਬਚਨ, ਕਰਹੁ ਨਹੀਂ ਟਾਰਾ।
ਰਿਦੇ ਅਨੰਦ ਭਜੋ ਕਰਤਾਰਾ ॥੨੮॥
ਕਰਹੁ ਆਜ ਤੇ ਤਜਾਰ ਅਹਾਰਾ।
ਪ੍ਰਾਤ ਚਤੁਰਥੀ ਹੈ ਬੁਧਿਵਾਰਾ।
ਦਿਹੁ ਸਭਿ ਕੋ ਭੋਜਨ ਮਨ ਭਾਯੋ।
ਉੱਦਮ ਕਰਹੁ ਸਿੰਘ ਸਮੁਦਾਯੋ' ॥੨੯॥

---

[1]ਇਕ ਦੋ ਬਾਲੇ ਦਿੱਤੇ।
[2]ਦੂਜ।
[3]ਸੋਮਵਾਰ।

ਅਪਰ ਦਰਬ ਘ੍ਰਿਤ ਹਿਤ ਮਿਸ਼ਟਾਨਾ।
ਮੇਵਾ ਚੂਨ ਸੁਪੈਦਾ ਆਨਾ।
ਲੰਗਰ ਕਰਨ ਲਗੇ ਨਰ ਘਨੇ।
ਬਾਸੁਰ ਅਰੁ ਸਗਰੀ ਨਿਸ ਬਨੇ ॥੩੦॥
ਪੂਪ ਪੂਰਿਕਾ ਚਢਹਿਂ ਕਰਾਹੇ।
ਕਰਿ ਤਿਆਰ ਧਰਿ ਕੋਸ਼ਠ ਮਾਂਹੇ।
ਬਨੇ ਕਚੌਰੀ ਬਰੇ ਪਕੌਰੇ।
ਡਾਰਿ ਮਸਾਲੇ ਦਧਿ ਮਹਿਂ ਬੋਰੇ ॥੩੧॥
'ਬਿਲਮ ਨ ਕਰਹੁ ਧਾਇ ਸਭਿ ਜਾਵਹੁ।
ਪੁਰਿ ਤੇ ਸੌਂਜ ਖਰੀਦ ਲਿਆਵਹੁ।'
ਦਯਾ[*] ਸਿੰਘ ਅਰੁ ਧਰਮ ਸਿੰਘ ਸੁਨਿ।
ਆਦਿ ਸੰਤੋਖ ਸਿੰਘ ਸਭਿਗੁਨਿ ਗੁਨਿ[੧] ॥੩੨॥
ਲੇ ਗਨ ਧਨ ਕੋ ਨਗਰ ਪ੍ਰਵੇਸ਼ੇ।
ਰਸਦ ਖਰੀਦਨ ਕੀਨਿ ਵਿਸ਼ੇਸ਼ੇ।
ਬੰਧਿ ਪੋਟ ਪੋਟੀਨ[੨] ਉਠਾਇ।
ਦੀਨਸਿ ਅਬਚਲ ਨਗਰ ਪੁਚਾਇ ॥੩੩॥
ਬ੍ਰਿੰਦ ਕਰਾਹੇ ਦਏ ਚਢਾਈ।
ਲਗਿ ਪਕਵਾਨ ਹੋਨਿ ਸਮੁਦਾਈ।
ਕਰਿ ਸ਼ਨਾਨ ਸੁਚ ਤੇ ਸਭਿ ਲਜਾਇ।
ਕਰਹਿਂ ਤਜਾਰ ਕੋ ਧਰਹਿਂ ਟਿਕਾਇ ॥੩੪॥
ਚਿਤ ਸਚਿੰਤ ਸਭਿ ਕੇ ਹੁਇ ਰਹੇ।
-ਗੁਰ ਬੈਕੁੰਠ ਗਮਨ ਕੋ ਲਹੇ।
ਕੋ ਵਾਲੀ ਅਬਿ ਇਹਾਂ ਹਮਾਰੋ।
ਕਿਸ ਕੋ ਦਰਸ਼ਨ ਕਰਹਿਂ ਨਿਹਾਰੋ- ॥੪੫॥
ਸ੍ਰਵਣ ਸ੍ਰੋਣ ਘਾਵ ਜੁ ਗੁਰ ਤਨ ਮੈਂ।
ਪਿਖਹਿਂ ਬਿਖਾਦਮਾਨ ਹੁਇ ਮਨ ਮੈਂ।
ਪਾਟੀ ਬੰਧ ਕਰਹਿਂ ਉਪਚਾਰ।
ਚਹੁੰਦਿਸ਼ਿ ਜੁਗਮ ਚਵਰ ਕੋ ਧਾਰਿ ॥੩੬॥

---

[*]ਪਿਛੇ ਅੰਸੂ ੧੪ ਦੇ ਅੰਕ ੪੬ ਦੇ ਫੁਟ ਨੋਟ ਵਿਚ ਦੱਸ ਆਏ ਹਾਂ ਕਿ ਛਾਪੇ ਦੇ ਨੁਸਖੇ ਵਿਚ ਦਇਆ ਸਿੰਘ ਜੀ ਦਾ ਪਰਲੋਕ ਗਮਨ ਦਰਸਾਇਆ ਹੈ ਜੋ ਲਿਖਤੀ ਨੁਸਖਿਆਂ ਵਿਚ ਨਹੀਂ, ਤਿਵੇਂ ਉਸੇ ਛਾਪੇ ਦੇ ਨੁਸਖੇ ਵਿਚ ਇਥੇ ਪਾਠ 'ਜੋਧਾ ਸਿੰਘ' ਹੈ। (ਦੇਖੋ ਐਨ ੨ ਅੰਸੂ ੨੪ ਅੰਕ ੧੨ ਦੀ ਹੇਠਲੀ ਟੂਕ)।

[੧]ਸੋਚ ਸੋਚਕੇ।

[੨]ਪੰਡਾਂ ਪਾਂਡੀਆਂ ਨੇ।

ਦਿਵਸ ਤੀਜ ਕੋ ਜਬਹਿਂ ਬਿਤਾਯੋ।
ਪੁਨ ਨਿਸ ਮਹਿਂ ਪਕਵਾਨ ਪਕਾਯੋ।
ਕਰਤਿ ਰਹੇ ਮਿਲਿ ਨਰ ਸਮੁਦਾਯਾ।
ਪ੍ਰਾਤਿ ਹੋਤਿ ਲਗਿ ਪੁੰਜ ਕਰਾਯਾ ॥੩੭॥
ਸਭਿਹਿਨਿ ਕੀਨੋ ਸੌਚ ਸ਼ਨਾਨਾ।
ਤਿਸ ਛਿਨ ਸ਼੍ਰੀ ਗੁਰ ਹੁਕਮ ਬਖਾਨਾ।
'ਚਾਰੋਂ ਬਰਣ ਜੁ ਆਸ਼੍ਰਮ ਚਾਰ।
ਸਭਿ ਸੋਂ ਕਹਿ ਦੀਜੈ ਇਕ ਵਾਰ ॥੩੮॥
ਕਰਹੁ ਹਕਾਰਨਿ ਦੇਹੁ ਬਿਠਾਇ।
ਦੇਰ ਨ ਕੀਜੈ ਅਸਨ ਅਚਾਇ।'
ਸੁਨਿ ਗੁਰ ਹੁਕਮ ਪੁੰਜ ਨਰ ਧਾਏ।
ਜਾਇ ਸਭਿਨਿ ਕੌ ਸ਼੍ਰੋਨ ਸੁਨਾਏ ॥੩੯॥
'ਅਚਨ ਅਹਾਰ ਜੱਗ ਕੋ ਆਵਹੁ।
ਲਖਹੁ ਤਯਾਰ ਨਹਿਂ ਬਿਲਮ ਲਗਾਵਹੁਂ।
ਸੁਨਿ ਸੁਨਿ ਸਾਧ ਫਕੀਰ ਅਤੀਤ।
ਦਿਜ ਆਦਿਕ ਆਏ ਧਰਿ ਪ੍ਰੀਤ ॥੪੦॥
-ਗੁਰ ਘਰ ਕੋ ਕੁਨਕਾ ਜੋ ਖਾਇ।
ਪਾਵਨ ਤਨ ਮਨ ਤੇ ਹੁਇ ਜਾਇ-।
ਇਮ ਮਨ ਜਾਨਿ ਬਰਣ ਜੇ ਚਾਰ।
ਆਸ਼੍ਰਮ ਚਾਰੋਂ ਕਰਨ ਅਹਾਰ ॥੪੧॥
ਅਪਰ ਬੇਖ ਧਾਰੀ ਸਭਿ ਆਏ।
ਅਬਚਲ ਨਗਰ ਭੀਰ ਸਮੁਦਾਏ।
ਇਕ ਦਰਸਹਿਂ ਇਕ ਆਵਹਿਂ ਚਲੇ।
ਇਕ ਬੈਠੇ ਪੰਕਤਿ ਕਰਿ ਭਲੇ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਜੱਗ ਕਰਨ' ਪ੍ਰਸੰਗ ਬਰਨਨੰ ਨਾਮ ਬੀਸਮੋਂ ਅੰਸੂ ॥੨੦॥

## ੨੧. [ਜੋਤੀ ਜੋਤ ਸਮਾਉਣ ਦੀ ਤਿਆਰੀ। ਉਪਦੇਸ਼]

੨੦<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੨

ਦੋਹਰਾ: ਬਰਣਾਸ਼੍ਰਮ ਕੀ ਪੰਕਤਾਂ,
ਪ੍ਰਿਥਕ ਪ੍ਰਿਥਕ ਬੈਠਾਇ।
ਸਾਦਰ ਦੇਤਿ ਅਹਾਰ ਕੋ,
ਨੀਰ ਪ੍ਰਿਥਕ ਕਰਿ ਪਾਇ ॥੧॥
ਚੌਪਈ: ਪੂਰਬ ਪੰਚਾਂਮ੍ਰਿਤ ਬਰਤਾਯੋ।
ਦੇਤਿ ਸ਼ੀਘ੍ਰਤਾ ਸਭਿਹਿਨਿ ਪਾਯੋ।
ਪੂਪ ਪੂਰਿਕਾ ਪੁੰਜ ਕਚੌਰੀ।
ਬਰੇ ਪਕੌਰੇ ਦੇ ਸਭਿ ਠੌਰੀ ॥੨॥
ਅਤਿ ਸ੍ਵਾਦਲ ਗੁਰ ਜੱਗਜ ਅਹਾਰਾ।
ਅਚਹਿਂ ਸਰਾਹੈਂ ਬਿਬਿਧ ਪ੍ਰਕਾਰਾ।
ਰੁਚਿ ਅਨੁਸਾਰ ਅੱਗ੍ਰ ਸਭਿ ਧਰੈਂ।
ਤ੍ਰਿਪਤ ਭਏ ਭੀ ਖੈਬੋ ਕਰੈਂ ॥੩॥
ਫਿਰੈਂ ਸ਼ੀਘ੍ਰ ਤੇ ਪ੍ਰੋਸਨਹਾਰੇ।
'ਲੇਹੁ ਲੇਹੁ' ਸਭਿਹੂੰਨਿ ਉਚਾਰੇਂ।
ਮਨ ਭਾਵਤਿ ਕੋ ਭੋਜਨ ਦੀਨਿ।
ਆਛੀ ਰੀਤਿ ਅਚਵਨੋ ਕੀਨਿ ॥੪॥
ਸ੍ਵਾਦ ਪਾਇ ਸਭਿਹੂੰਨਿ ਸਰਾਹੈਂ।
ਪਾਨ ਪਖਾਰੈਂ ਤ੍ਰਿਪਤੀ ਪਾਹੈਂ।
ਸੁਜਸੁ ਕਰਤਿ ਗੁਰ ਕੋ ਲਹਿਂ ਦਰਸ਼ਨ।
ਕਦਮ ਪਦਮ ਕੋ ਹਾਥ ਸਪਰਸ਼ਨ ॥੫॥
ਆਪ ਆਪਨੇ ਥਾਨ ਪਧਾਰੇ।
ਸੋ ਦਿਨ ਬੀਤਜੋ ਦੇਤਿ ਅਹਾਰੇ।
ਸਭਿ ਕੇ ਸੰਗ ਭਨੀ ਗੁਰਬਾਨੀ।
'ਸਿਮਰਹੁ ਪਰਮੇਸ਼੍ਵਰ ਗੁਨ ਖਾਨੀ ॥੬॥
ਪ੍ਰਾਤਿ ਪੰਚਮੀ ਸੁਰ ਗੁਰ ਵਾਰ।
ਦਿਵਸ ਭਲੋ ਉਰ ਲੀਨਿ ਬਿਚਾਰ।
ਹੁਇ ਤਜਾਰੀ ਹਮਰੀ ਪਰਲੋਕ।
ਧਰਹੁ ਅਨੰਦ ਨ ਕੀਜਹਿ ਸ਼ੋਕ ॥੭॥
ਜਾਗ੍ਰਣ ਕਰੋ ਜਪਹੁ ਗੁਰਬਾਨੀ।
ਸੰਚ ਲੇਹੁ ਸਭਿ ਸੌਂਜ ਮਹਾਨੀ।

ਚੰਦਨ ਆਦਿ ਸਕਲ ਹੀ ਲਜਾਏ।
ਕਿਧਹੁਂ ਨਹੀਂ, ਸੁਧ ਦੇਹੁ ਬਤਾਏ' ॥੮॥
ਸੁਨਿ ਸੰਤੋਖ ਸਿੰਘ ਸੁਧਿ ਲੀਨ।
ਜਹਿਂ ਕਹਿਂ ਫਿਰ ਕਰਿ ਹੇਰਨ ਕੀਨ।
ਜੋ ਜੋ ਵਸਤੁ ਪਹੂਚੀ ਆਇ।
ਕਰੀ ਨਿਵੇਦਨ ਗੁਰ ਢਿਗ ਜਾਇ ॥੯॥
'ਪ੍ਰਭੁ ਜੀ! ਸੌ ਮਨ ਚੰਦਨ ਆਯੋ।
ਅਤਰ ਗੁਲਾਬ ਧਰਯੋ ਸਮੁਦਾਯੋ।
ਸੂਖਮ ਚੀਰ ਮੋਲ ਬਹੁ ਕੇਰਾ।
ਸੀਵਨਹਾਰ ਸਿਵਤ ਇਸ ਬੇਰਾ ॥੧੦॥
ਪ੍ਰਾਤਿ ਹੋਤਿ ਲਗਿ ਪੋਸ਼ਿਸ਼ ਧਾਰੀ।
ਬਨਹਿ ਨਵੀਨ ਆਪ ਕੀ ਤਜਾਰੀ।
ਭਾਰ ਕੁਸ਼ਾ ਕੋ ਆਨਿ ਧਰਾਯੋ।
ਜਵ ਤਿਲ ਘ੍ਰਿਤ ਕੋ ਪੁੰਜ ਅਨਾਯੋ' ॥੧੧॥
ਇੱਤਜਾਦਿਕ ਸਭਿ ਵਸਤੁ ਬਤਾਈ।
ਦੀਪਮਾਲ ਜਹਿਂ ਕਹਿਂ ਕਰਿਵਾਈ।
ਪੌਰ ਪੌਰ ਪਰ ਘਰ ਘਰ ਪਰ ਧਰਿ।
ਕਰਯੋ ਪ੍ਰਕਾਸ਼ ਤਿਮਰ ਕੋ ਪਰਿਹਰ ॥੧੨॥
ਜਹਿਂ ਕਹਿਂ ਗੁਰਬਾਣੀ ਕੋ ਜਪੈਂ।
ਪ੍ਰੇਮ ਪ੍ਰਮੇਸ਼ਰ ਕੇ ਮਨ ਰਪੈਂ।
ਥਿਰੇ ਇਕੰਤ ਆਪ ਭਗਵੰਤ।
ਮਿਲੇ ਪੁੰਜ ਸਿਖ ਸੰਤ ਮਹੰਤ ॥੧੩॥
'ਦੁਰਲਭ ਦਰਸ਼ਨ ਕਰਿ ਲਿਹੁ ਅਬੈ।'
ਕਹਿ ਆਪਸ ਮਹਿਂ ਪਹੁਂਚੇ ਸਭੈ।
ਰਾਤਿ ਬਿਤਾਈ ਜਾਗ੍ਰਨ ਕਰਿ ਕੈ।
ਸਤਿਗੁਰ ਕੇ ਗੁਨ ਸਿਮਰਿ ਸਿਮਰਿ ਕੈ ॥੧੪॥
ਜਾਮ ਰਹੀ ਜਬਿ ਸੌਚ ਸ਼ਨਾਨੇ।
ਸ਼੍ਰੀ ਪ੍ਰਭੁ ਕਰਿ ਕੈ ਲਾਯਸ ਧਜਾਨੇ।
ਸਤਿ ਚੇਤਨ ਆਨੰਦ ਬਿਸਾਲਾ।
ਨਿਜ ਸਰੂਪ ਮਨ ਥਿਰੇ ਕ੍ਰਿਪਾਲਾ ॥੧੫॥
ਨਭ ਸਮ ਬਜਾਪਕ ਜੋ ਸਭਿ ਮਾਂਹੀ।
ਅਸ ਪ੍ਰਮਾਤਮਾ ਬਿਨ ਕੋ ਨਾਂਹੀ।

[1]ਭੂਤ ਭਵਿੱਖ ਨ ਨਾਸ਼ ਪ੍ਰਣਾਮ[2]।
ਯਾਂ ਤੇ 'ਸੱਤਿ' ਕਹਤਿ ਸ਼੍ਰੁਤਿ ਨਾਮ[3] ॥੧੬॥
ਮਾਇਆ ਜਗਤ ਅਵਿੱਦਜਾ ਆਦਿ[4]।
ਜਿਸ ਬਿਹੀਨ ਜੜ ਸਹਤ ਬਿਖਾਦ[5]।
ਮੇਲੇ ਭਏ ਤੇ ਦੇਹ ਜਿਤੇਕ[6]।
ਕ੍ਰਿਯਾਵਾਨ ਹ੍ਵੈਂ ਸਹਤ ਬਿਬੇਕ[7] ॥੧੭॥
ਯਾਂ ਤੇ ਚੇਤਨ ਨਾਮ ਬਤਾਵੈਂ।
ਮਨ ਆਦਿਕ ਚੰਚਲ ਹ੍ਵੈ ਜਾਵੈਂ[8]।
ਜਿਸ ਬਿਹੀਨ ਦੁਖਿ ਸਗਰੇ ਹੇਰੀਂ[9]।
ਬਿਸ਼ਯਾਨੰਦ ਬੂੰਦ ਜਿਸ ਕੇਰੀ[10] ॥੧੮॥
ਸੌ ਆਨੰਦ ਕੋ ਉਦਧਿ ਅਪਾਰਾ[11]।
ਤਿਸ ਮਹਿਂ ਬ੍ਰਿੱਤਿ ਟਿਕੀ ਇਕ ਸਾਰਾ[12]।
ਜੋ ਮਾਨਵ ਅੱਗਜਾਨ ਬਿਨਾਸ਼ੇ[13]।
ਪਾਇ ਕ੍ਰਿਪਾ ਸਮਝੈਂ ਗੁਨ ਆਸ਼ੇ ॥੧੯॥
ਬ੍ਰਿਤਿ ਸਥੂਲ ਤੇ ਲੀਨਿ ਹਟਾਇ।
ਸੂਖਮ ਕੇ ਬਿਚਾਰ ਮਨ ਲਾਇ।
ਰੱਜੂ ਸਰਪ ਜਗਤ ਕੋ ਜਾਨਾ।
ਸੱਤਿ ਸਰੂਪ ਆਪਨੋ ਮਾਨਾ ॥੨੦॥
ਬਾਲਕ, ਤਰੁਨ ਬ੍ਰਿੱਧ ਨਹਿਂ ਹੋਵਾ।
ਜਨਮਹਿਂ ਨਹੀਂ, ਮਰਨ ਨਹਿਂ ਜੋਵਾ।

---

[1]ਇਥੋਂ 'ਸਤਿ, ਚੇਤਨ, ਆਨੰਦ ਰੂਪ' ਤੇ 'ਅਸੱਤ੍ਰ, ਜੜ੍ਹ, ਦੁਖ ਰੂਪ' ਦੀ ਵਿਚਾਰ ਚੱਲੀ ਹੈ।
[2]ਪਿਛੇ ਅਗੇ (ਬੀਤ ਚੁੱਕੇ ਤੇ ਆਉਣ ਵਾਲੇ ਸਮੇਂ ਵਿਚ) ਜਿਸ ਦਾ ਨਾਸ਼ ਤੇ ਪ੍ਰਣਾਮ ਨਹੀਂ ਹੁੰਦਾ, ਭਾਵ ਜੋ ਸਦਾ 'ਹੈ'।
[3]ਸ਼੍ਰੂਤੀ (ਉਸ ਪ੍ਰਮਾਤਮਾ ਦਾ) ਨਾਮ 'ਸੱਤਿ' ਕਹਿੰਦੀ ਹੈ।
[4](ਚੇਤਨ ਚਲਿਆ) ਜੋ ਅਵਿਦਿਆ, ਮਾਇਆ ਤੇ ਜਗਤ ਆਦਿਕ ਹਨ।
[5]ਜਿਸ (ਚੇਤਨ) ਤੋਂ ਬਿਨਾਂ (ਇਹ ਸਾਰੇ) ਜੜ੍ਹ ਤੇ ਨਿਸ਼ਚੇਸ਼੍ਰ ਹੈਨ। [ਸੰਸ: ਵਿਖਾਦ=ਜਿਸ ਵਿਚ ਚੇਸ਼ਟਾ ਨਾ ਹੋਵੇ]।
[6](ਜਿਸ ਦੇ) ਮੇਲ ਹੋਇਆਂ ਜਿਤਨੀਆਂ ਦੇਹਾਂ ਹਨ.........।
[7]ਗਜਾਤ ਸਹਿਤ ਤੇ ਕ੍ਰਿਆ ਵਾਲੀਆਂ ਹੋ ਜਾਂਦੀਆਂ ਹਨ। [ਬਿਬੇਕ=ਗਜਾਤ]।
[8]ਭਾਵ, ਜਿਸਦੀ (ਚੇਤਨਤਾ) ਕਰਕੇ ਮਨ ਆਦਿਕ ਸਫੁਰਨ ਹੋ ਜਾਂਦੇ ਹਨ।
[9](ਹੁਣ 'ਅਨੰਦ' ਟੁਰਿਆ) ਜਿਸ ਅਨੰਦ ਰੂਪ ਤੋਂ ਬਿਨਾਂ ਸਾਰੇ ਦੁਖੀ ਨਜ਼ਰ ਪੈਂਦੇ ਹਨ।
[10]ਵਿਸ਼ੇ ਵਿੱਚ ਜੋ ਰਸ (ਆਉਂਦਾ) ਹੈ (ਉਹ) ਉਸ (ਆਨੰਦ ਸਾਗਰ) ਦੀ ਬੂੰਦ ਮਾਤ੍ਰ ਹੈ।
[11]ਉਹ ਜੋ ਅਨੰਦ ਦਾ ਅਪਾਰ ਸਮੁੰਦਰ ਹੈ।
[12]ਭਾਵ ਸਤ ਚੇਤਨ ਆਨੰਦ ਵਿਚ ਜਿਨ੍ਹਾਂ ਦੀ ਬ੍ਰਿਤੀ ਇਕ ਸਾਰ ਟਿਕ ਗਈ ਹੈ।
[13](ਐਉਂ ਜੋ) ਮਨੁੱਖ ਅਗਿਆਨ ਦਾ ਨਾਸ਼ ਕਰ ਲੈਂਦੇ ਹਨ।

ਦੇਹਾਦਿਕ ਹੰਤਾ ਨਿਰਵਾਰ।
ਸੋ ਸਰੂਪ ਜਾਨਜੋਂ ਨਿਰਧਾਰ[1] ॥੨੧॥
ਹਰਖ ਸ਼ੋਕ ਤਿਨ ਕਹੁ ਕਿਮ ਹੋਵੈ।
ਰੂਪ ਅਨਾਸ਼ੀ ਬਿਨ ਦੁਖ ਜੋਵੈ[2]।
ਅੰਮ੍ਰਿਤ ਵੇਲੇ ਨੈਨ ਉਘਾਰੇ।
ਸਿੰਘਨ ਸਕਲ ਬੰਦਨਾ ਧਾਰੇ ॥੨੨॥
ਹਾਥ ਜੋਰਿ ਅਰਦਾਸ ਬਖਾਨੀ।
'ਕਹਹੁ ਆਪ ਉਪਦੇਸ਼ਨਿ ਬਾਨੀ।
ਅਬਿ ਤੌਂ ਦਰਸ਼ਨ ਤੇ ਸੁਖ ਪਾਵੈਂ।
ਜਿਹ ਸੁਨਿ ਪੀਛੈ ਮਨ ਠਹਿਰਾਵੈਂ' ॥੨੩॥
ਸ਼੍ਰੀ ਗੁਰ ਗੋਬਿੰਦ ਸਿੰਘ ਉਚਾਰੇ।
'ਸੁਨਹੁਂ ਖਾਲਸਾ! ਤੁਮ ਮਮ ਪਜਾਰੇ!
ਨੇਤਿ[3] ਰਚੀ ਪਰਮੇਸ਼ੁਰ ਜੈਸੇ।
ਭੂਤ ਭਵਿੱਖ ਨ ਮਿਟੈ ਸੁ ਕੈਸੇ ॥੨੪॥
ਜੋ ਜਨਮੈ ਹੁਇ ਹੈ ਤਿਨ ਮਰਨਾ।
ਦ੍ਰਿਸ਼ਟਮਾਨ ਲਹਿ ਨਾਸ਼ ਪ੍ਰਹਰਨਾ[4]।
ਨਿਸ ਦਿਨ ਸੂਰਜ ਚੰਦ ਉਪਾਏ[5]।
ਆਰਬਲਾ ਇਨ[*] ਗਿਨਤਿ[6] ਬਿਤਾਏ ॥੨੫॥
ਸਦਾ ਅਕਾਲ ਕਾਲ ਭਗਵਾਨਾ[7]।
ਪੁਜੈ ਅਉਧ ਸਭਿ ਕੋ ਕਰਿ ਖਾਨਾ[8]।
ਚਉਦਹਿ ਲੋਕ ਬਿਖੈ ਥਿਰ ਕੋਇ ਨ।
ਕੋ ਅਸ? ਕਾਲ ਬਸੀ ਜੋ ਹੋਇ ਨ ॥੨੬॥

---

[1]ਨਿਸ਼ਚੇ ਕਰਕੇ ਉਹ ਆਪਣਾ ਸਰੂਪ ਜਾਣਿਆ ਹੈ।
[2]ਜੋ (ਆਪਣੇ ਸਰੂਪ ਨੂੰ) ਸਤਿ, ਚੇਤਨ, ਆਨੰਦ ਵੇਖਦੇ ਹਨ। [ਅਨਾਸ਼ੀ=ਸਤਿ। ਬਿਨ ਦੁਖ=ਆਨੰਦ]।
[3]ਹੋਣ ਹਾਰ, ਭਾਵੀ, ਨੀਯਤ ਕੀਤੀ ਹੋਈ ਬਾਤ।
[4]ਜੋ ਦਿਖਾਈ ਦੇ ਰਿਹਾ ਹੈ ਸਭ ਨੇ ਨਾਸ਼ ਹੋ ਜਾਣਾ ਹੈ। (ਅ) ਨਾਸ਼=(ਪਿੱਛੇ) ਨਾਸ਼ (ਹੁੰਦਾ ਰਿਹਾ ਹੈ)। ਪ੍ਰਹਰਨਾ-(ਅੱਗੋਂ ਬੀ) ਨਾਸ਼ (ਹੋਵੇਗਾ)। [ਨਾਸ਼=ਬਿਨਾਸ਼। ਪ੍ਰਹਰਨ=ਵਿਨਾਸ਼]।
[5]ਸੂਰਜ, ਚੰਦ ਤੇ ਦਿਨ ਰਾਤ ਉਪਾਏ ਹਨ। (ਅ) ਰਾਤ ਨੂੰ ਚੰਦ ਦਿਨ ਨੂੰ ਸੂਰਜ ਉਪਜਦੇ (ਪ੍ਰਗਟਦੇ) ਹਨ। (ਚੰਦ ਦੀ ਗਿਣਤੀ ਤਿਥਾਂ ਦੇ ਸੂਰਜ ਦੀ ਗਿਣਤੀ ਦਿਨ ਵਾਰ ਦੇਂਦੀ ਹੈ, ਇਸ ਗਿਣਤੀ ਨਾਲ ਆਰਬਲਾ ਵਿਹਾ ਰਹੀ ਹੈ)।
[*]ਪਾ:-ਦਿਨ।
[6]ਇਨ੍ਹਾਂ (ਦਿਨ ਰਾਤ ਨੂੰ) ਗਿਣਦਿਆਂ।
[7]ਇਕ ਕਾਲ ਸਦਾ ਅਕਾਲ ਹੈ। (ਕਾਲ ਨਾਲ ਭਗਵਾਨ ਪਦ ਸਤਿਕਾਰ ਲਈ ਲਾਇਆ ਹੈ, ਜੈਸੇ ਕਹੀਦਾ ਹੈ, ਭਗਵਾਨ ਵੇਦ ਵਿਆਸ)।
[8]ਖਾਂਦਾ ਹੈ।

ਪੰਚ ਤੱਤ ਕੋ ਜਗ ਬਿਸਤਾਰਾ।
ਤਿਨ ਭੀ ਭੱਖਹਿ ਕਾਲ ਕਰਾਰਾ[੧]।
ਜਬਿ ਕਾਰਨ ਹੀ ਲਹਯੋ ਬਿਨਾਸ਼ਾ।
ਕਾਰਜ ਥਿਰਿਬੇ ਕੀ ਕਿਤ ਆਸਾ[੨]? ॥੨੭॥
ਸਭਿ ਕੋ ਰਚਨਹਾਰ ਕਮਲਾਸਨ[੩]।
ਕਾਲ ਪੁਰਖ[੪] ਭਖਿ ਕਰਹਿ ਬਿਨਾਸ਼ਨ।
ਤਿਮ ਹੀ ਬਿਸ਼ਨੁ ਸ਼ੰਭੁ ਬਡ ਦੋਊ।
ਪੁਜੇ ਔਧ ਥਿਰ ਰਹੈ ਨ ਕੋਊ ॥੨੮॥
ਅਪਰਨ ਕੀ ਗਿਨਤੀ ਕਹੁ ਕੌਨ।
ਜੋ ਥਿਰ ਰਹੈ ਚੌਦਹੂੰ ਭੌਨ[੫]।
ਯਾਂ ਤੇ ਥੂਲ ਦ੍ਰਿਸ਼ਟਿ ਕੋ ਨੇਹੁ।
ਨਹਿਂ ਆਛੇ ਦੇ ਕਸ਼ਟ ਅਛੇਹੁ ॥੨੯॥
ਸਤਿ ਚੇਤਨ ਆਦਿਕ[+] ਜੋ ਕਹੀਯਤਿ।
ਸੂਖਮ ਤੇ ਅਤਿ ਸੂਖਮ ਲਹੀਯਤਿ।
ਤਿਸ ਢਿਗ ਕਾਲ ਨ ਪਹੁੰਚੈ ਖਾਇ[੬]।
ਅਬਿਨਾਸ਼ੀ ਜੋ ਨੀਤ ਰਹਾਇ ॥੩੦॥
ਸੋ ਸਰੂਪ ਅਪਨੋ ਪਹਿਚਾਨੋ।
ਰਹੋ ਅਨਦ ਸ਼ੋਕ ਨਹਿਂ ਠਾਨੋ।
ਇਸ ਸਮ ਸਦਾ, ਬਾਲ ਨਹਿਂ ਤਰੁਨਾ।
ਬ੍ਰਿੱਧ ਨ ਜਨਮ ਨ ਹੁਇ ਕਬਿ ਮਰਨਾ ॥੩੧॥
ਦੁਖ ਦਾਰਿੱਦ੍ਰ ਨਹੀਂ ਜਿਸ ਮਾਂਹੀ।
ਰੂਪ ਅਨੰਦ ਬਿਘਨ ਕੋ ਨਾਂਹੀ।
ਸ਼੍ਰੀ ਸਤਿਗੁਰ ਕੋ ਤਹਾਂ ਨਿਵਾਸੁ।
ਜਿਹ ਠਾਂ ਹਰਖ ਨ ਸ਼ੋਕ ਨ ਨਾਸ਼[*] ॥੩੨॥
ਪਰਮ ਦੁਖੀ ਲਖਿ ਜਗ ਕੇ ਜੀਵ।

---

[੧]ਉਨ੍ਹਾਂ ਨੂੰ ਬੀ ਭਯਾਨਕ ਕਾਲ ਭੱਖਦਾ ਹੈ।
[੨]ਭਾਵ, ਪੰਚ ਤੱਤ ਤੋਂ ਜਗਤ ਬਣਿਆ ਹੈ, ਸੋ ਪੰਚ ਤੱਤ ਜਗਤ ਦਾ ਕਾਰਨ ਹੋਏ, ਤਦ ਬਿਨਾਸ਼ ਸਰੂਪ ਦਾ ਕਾਰਜ, ਜੋ ਜਗਤ ਹੈ, ਕੀਕੂੰ ਅਵਿਨਾਸ਼ ਹੋ ਸਕਦਾ ਹੈ?
[੩]ਬ੍ਰਹਮਾ।
[੪]ਕਾਲ, ਯਮ [ਸੰਸ:, ਕਾਲਪੁਰਖ=ਕਾਲੁ, ਯਮ]।
[੫]ਭਾਵ ਇਹ ਕਿ ਬ੍ਰਹਮਾ ਬਿਸ਼ਨੁ ਸ਼ਿਵ ਸਦਾ ਥਿਰ ਇਹ ਬੀ ਨਹੀਂ ਤਾਂ ਹੋਰ ਕੌਣ ਥਿਰ ਹੈ ਚੌਦਾਂ ਭਵਨਾਂ ਵਿਚ।
[+]ਪਾ:-ਸੱਤਾ ਚੇਤਨ ਮਾਤ੍ਰ।
[੬]ਨਾ ਪਹੁੰਚਦਾ ਹੈ ਨਾ ਖਾ ਸਕਦਾ ਹੈ।
[*]ਪਾ:-ਜਗ ਮਗੁ ਜੋਤ ਤਹਾਂ ਪ੍ਰਕਾਸ਼।

ਜਿਨ ਕੇ ਮਨ ਸੁਖ ਸ਼ਾਂਤਿ ਨ ਥੀਵ।
ਦੇਹ ਅਹੰਤਾ ਧਰਿ ਧਰਿ ਗਾਢੇ।
ਦਿਨ ਪ੍ਰਤਿ ਰਾਗ ਦ੍ਵੈਖ ਬਹੁ ਬਾਢੇ ॥੩੩॥
ਪੰਚ ਕਲੇਸ਼ਨ[1] ਬਸੀ ਹਮੇਸ਼।
ਭਰਮਤਿ ਮਾਇਆ ਲਗੇ ਹਮੇਸ਼।
ਬਾਦ ਬਿਰੋਧੀ ਪਚਿ ਪਚਿ ਮਰੈਂ।
ਸੰਕਟ ਸਹੈਂ ਨਰਕ ਮਹੁਂ ਪਰੈਂ ॥੩੪॥
ਤਿਨ ਜੀਵਨ ਕੇ ਹਿਤ ਕੋ ਕਰਿਬੇ।
ਸਤਿਗੁਰ ਕਹੈਂ ਦੇਹ ਜਗ ਧਰਿਬੇ।
ਅਪਨੀ ਸ਼ਕਤਿ ਸਹਿਤ ਉਪਦੇਸ਼ੈਂ।
ਉਰ ਤੇ ਹਰਹਿਂ ਬਿਕਾਰ ਬਿਸ਼ੇਸ਼ੈ ॥੩੫॥
ਭਲੇ ਪੰਥ ਕੋ ਚਲਨ ਬਤਾਵੈਂ।
ਸ਼੍ਰੇਯ ਲਹੈਂ, ਤਿਸ ਰੀਤਿ ਚਲਾਵੈਂ।
ਕਸ਼ਟ ਨਰਕ ਤੇ ਲੇਤਿ ਬਚਾਇ।
ਜਗੇ ਭਾਗ ਨਰ ਸੋ ਗੁਰ ਪਾਇਂ ॥੩੬॥
ਲੇ ਉਪਦੇਸ਼ ਤਰੈ ਜਗ ਸਾਗਰ।
ਅਪਰ ਤਰਾਵਹਿਂ ਹੋਤਿ ਉਜਾਗਰ।
ਸ਼ੁਭ ਮਗ ਕੋ ਬਤਾਇ ਕਰਿ ਕਾਰਜ।
ਅਪਨਿ ਥਾਨ ਪਹੁਂਚੈ ਗੁਰ ਆਰਜ[2] ॥੩੭॥
ਜਿਮ ਛਿਤਿ ਪਰ ਦੁਰਭਿੱਛ ਕਰਾਲਾ।
ਜਹਿਂ ਕਹਿਂ ਉਪਜਹਿ ਤਪਤ ਬਿਸਾਲਾ।
ਜੀਵ ਦੁਖੀ ਪਿਖਿ ਕੈ ਤਤਕਾਲਾ।
ਬਿਦਤਹਿ ਨਭ ਮਹਿਂ ਮੇਘਨਿ ਮਾਲਾ ॥੩੮॥
ਬਰਖਾ ਕਰਿ ਕੈ ਤਪਤਿ ਮਿਟਾਵੈ।
ਅੰਨ ਉਪਾਵਨ ਤੇ ਤ੍ਰਿਪਤਾਵੈ।
ਪੁਨ ਸੋ ਮੇਘ ਲੀਨ ਹੁਇ ਜਾਇਂ।
ਜਹਿਂ ਤੇ ਆਵਹਿਂ ਤਹਾਂ ਸਮਾਇਂ[3] ॥੩੯॥
ਤਿਮ ਸਤਿਗੁਰ ਕੇ ਲਖਹੁ ਸ਼ਰੀਰਾ।

---

[1]ਪੰਜ ਕਲੇਸ਼ ਇਹ ਹਨ:-ਅਵਿੱਦਜਾ, ਅਸਿਮਤਾ, ਰਾਗ, ਦ੍ਵੈਖ, ਅਭਿਨਿਵੇਸ਼। [ਅਸ੍ਿਮਤਾ=ਪਦਾਰਥਾਂ ਸਬੰਧੀਆਂ ਵਿਚ ਅਹੰ ਬੁੱਧੀ। ਅਭਿਨਿਵੇਸ਼=ਮੌਤ ਦਾ ਡਰ, ਯਾ ਜੀਵਨ ਨਾਲ ਡਾਢੀ ਪਕੜ। ਇਹ ਹਿਸਾਬ ਯੋਗ ਦਰਸ਼ਨ ਦਾ ਹੈ]।
[2]ਸ਼੍ਰੇਸ਼ਟ ਗੁਰੂ।
[3]ਦ੍ਰਿਸ਼੍ਰਾਂਤ ਹੈ, ਇਕ ਅੰਗ ਲੈਣਾ ਹੈ।

ਸ਼ੁਭ ਮਗ ਉਪਦੇਸ਼ਤਿ ਕਰਿ ਧੀਰਾ।
ਨਿਜ ਸਥਾਨ ਮਹਿਂ ਪਹੁੰਚਹਿਂ ਜਾਇ।
ਨਿਤ ਸਿੱਖਨ ਕੇ ਰਹੈਂ ਸਹਾਇ ॥੪੦॥
ਉਪਜਹਿ ਪ੍ਰੇਮ ਭਾਉ ਮਨ ਜਾਂ ਕੇ।
ਅੰਗ ਸੰਗ ਸਤਿਗੁਰ ਹੈਂ ਤਾਂ ਕੇ।
ਸੱਤਿਨਾਮ ਸਿਮਰਨ ਕੌ ਦੀਨ।
ਜਿਸ ਤੇ ਬਨਹੁ ਨਹੀਂ ਕਬਿ ਦੀਨ ॥੪੧॥
ਧਰਾ ਰਾਜ ਹਿਤ ਸ਼ਸਤ੍ਰ ਗਹਾਏ।
ਮਰਹਿਂ ਜੰਗ ਮਹਿਂ ਸੁਰਗ ਸਿਧਾਏ।
ਦੇਵੀ ਮਾਤ ਅੰਕ ਮਹਿਂ ਪਾਏ+।
ਸਕਲ ਅਕਾਲ ਪੁਰਖ ਲੜ ਲਾਏ ॥੪੨॥
ਬੇਦ ਸ਼ਾਸਤ੍ਰ ਤੇ ਸਾਰ ਨਿਕਾਸਾ++।
ਨਿਜ ਬਾਣੀ ਮਹਿਂ ਗੁਰਨਿ ਪ੍ਰਕਾਸ਼ਾ।
ਪਠਹੁ ਸੁਨਹੁੰ ਉਪਦੇਸ਼ ਕਮਾਵਹੁ।
ਗੁਰ ਕੇ ਲੋਕ ਨਿਸੰਸੈ ਜਾਵਹੁ ॥੪੩॥
ਤਨ ਕੀ ਗਤਿ ਐਸੇ ਹੀ ਹੋਤਿ।
ਬਿਨਸ ਜਾਤਿ ਹੈ ਜਿਤਿਕ ਉਦੋਤ।
ਜਿਨਹੁੰ ਨਰਹੁੰ ਸਿਮਰਯੋ ਸਤਿਨਾਮੁ।
ਆਤਮ ਗਜਾਨੀ ਥਿਰ ਨਿਜ ਧਾਮੁ ॥੪੪॥
ਤਿਨਹੁੰ ਆਪਨੋ ਜਨਮ ਸੁਧਾਰਾ।
ਪਰੇ ਪਾਰ ਜਗ ਪਾਰਾਵਾਰਾ।
ਬਹੁਰ ਨ ਜਨਮ ਮਰਨ ਮਹਿਂ ਆਏ।
ਸਤਿ ਚੇਤਨ ਆਨੰਦ ਸਮਾਏ' ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਤਿਗੁਰ ਉਪਦੇਸ਼' ਪ੍ਰਸੰਗ ਬਰਨਨੰ ਨਾਮ ਇਕਬਿੰਸਤੀ ਅੰਸੂ ॥੨੧॥

---

+ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ।
++ਦੇਖੋ ਰਾਸ ੩ ਅੰਸੂ ੪੧, ੪੨ ਤੇ ੪੩ ਦੀਆਂ ਹੇਠਲੀਆਂ ਟੂਕਾਂ।

## ੨੨. [ਜੋਤੀ ਜੋਤ ਸਮਾਉਣ ਦੀ ਤਯਾਰੀ]

੨੧<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੩

ਦੋਹਰਾ: ਵੀਰਵਾਰ ਤਿਥ ਪੰਚਮੀ,
ਕਾਤਿਕ ਸ਼ੁਦੀ ਸੁਜਾਨ।
ਭਈ ਪ੍ਰਭਾਤਿ ਅਨੰਦ ਚਿਤ,
ਸ਼੍ਰੀ ਮੁਖ ਕਮਲ ਸਮਾਨ ॥੧॥
ਚੌਪਈ: ਗਿਰਾ ਸੁਗੰਧਿ[1] ਲੇਨਿ ਕੇ ਕਾਰਨ।
ਮਿਲੇ ਚਾਹਿਂ ਨਰ ਮਧੁਪ ਹਜ਼ਾਰਨਿ।
ਜੱਗਜ ਬਿਖੈ ਸੁਨਿ ਸੁਨਿ ਗਨ ਗਏ।
ਅਪਰਨਿ ਸੰਗ ਜਨਾਵਤਿ ਭਏ ॥੨॥
ਜਹਿਂ ਜਹਿਂ ਸੁਧਿ ਪਹੁੰਚੀ ਗੁਰ ਕੇਰੀ।
ਮਹਿਮਾ ਭਾਖਤਿ ਬਡਹੁਂ ਬਡੇਰੀ।
'ਦਸਮ ਗੁਰੂ ਸੋਢੀ ਸੁਲਤਾਨ।
ਸ਼੍ਰੀ ਗੋਬਿੰਦ ਸਿੰਘ ਬਿਦਤ ਜਹਾਨ ॥੩॥
ਬੈਰੀ ਬਨ ਕੋ ਬੰਨ੍ਹਿ[2] ਬਿਸਾਲਾ।
ਬੀਰਨ ਬੀਚ ਬਡੇ ਬਲਵਾਲਾ।
ਲਰੇ ਅਸੰਖ ਸੰਗ ਘਨ ਸ਼ਜਾਮੂ[3]।
ਤਿਮ ਅਤਿਰਥੀ ਭਯੋ ਇਨ ਨਾਮੂ ॥੪॥
ਕਿਤਿਕ ਦਿਵਸ ਸੁਧਿ ਪ੍ਰਥਮ ਸੁਨਾਈ।
ਕਰੈਂ ਪ੍ਰਲੋਕ ਗਮਨ ਗਤਿ ਦਾਈ।
ਔਧ ਪੰਚਮੀ ਤਿਥਿ ਲੌ ਆਜ।
ਕਰਯੋ ਸਕੇਲਨ ਸਕਲ ਸਮਾਜ ॥੫॥
ਦੌਰਿ ਦੌਰਿ ਪਹੁੰਚਹੁ ਤਿਨ ਪੌਰ।
ਦਰਸਹੁ ਅਬਿ ਸੋਢੀ ਸਿਰਮੌਰ।
ਦੁਰਲਭ ਹੈ ਜਿਨ ਦਰਸ਼ਨ ਪਾਵਨ।
ਪਰਸੇ ਚਤੁਰ ਪਦਾਰਥ ਪਾਵਨ[4]' ॥੬॥
ਧਾਇ ਧਾਇ ਅਸ ਕਹਿ ਕਹਿ ਆਏ।
ਚਹੂੰ ਓਰ ਤੇ ਨਰ ਸਮੁਦਾਏ।
ਨਿਕਟ ਦੂਰ ਤੇ ਉਰ ਬਿਸਮਾਏ।

---

[1]ਬਾਣੀ ਰੂਪ ਸੁਗੰਧੀ।
[2]ਅਗਨੀ।
[3]ਜਿਵੇਂ ਲੜੇ ਸਨ ਕ੍ਰਿਸ਼ਨ ਜੀ ਅਸੰਖਾਂ ਨਾਲ।
[4]ਪਾਈਦੇ ਹਨ।

ਮਿਲੇ ਆਨਿ ਕਰਿ ਆਨੰਦ ਪਾਏ ॥੭॥
ਜੋਗੀ ਜਤੀ ਪੁੰਜ ਬ੍ਰਹਮਚਾਰੀ।
ਬੈਰਾਗੀ ਬਹੁ ਭੇਖਨ ਧਾਰੀ।
ਹਿੰਦੂ ਤੁਰਕ ਸੁਨੇ ਜਬਿ ਜਿਸ ਕਿਸ।
ਉਤਲਾਵਤਿ ਆਵਤਿ ਗਨ ਸਭਿ ਦਿਸ਼ਿ ॥੮॥
ਪੀਰ ਫਕੀਰ ਸਾਧ ਸਭਿ ਆਏ।
ਦਰਸਹਿਂ ਚੌਂਪ ਵਧਾਵਤਿ ਧਾਏ।
'ਧੰਨ ਧੰਨ ਗੁਰ ਸਤਿਗੁਰ ਪੂਰੇ।'
ਕਹੈਂ ਸਕਲ ਇਮ ਨਿਕਟ ਕਿ ਦੂਰੇ ॥੯॥
ਚਹੂੰਦਿਸ਼ਿਨਿ ਤੇ ਮੇਲਾ ਭਯੋ।
ਸਤਿਗੁਰ ਸਭਿ ਕੋ ਦਰਸ਼ਨ ਦਯੋ।
ਚਾਰ ਘਰੀ ਲਗਿ ਥਿਰੇ ਦਿਵਾਨ।
ਪੁਨ ਇਕੰਤ ਭੇ ਪ੍ਰਭੁ ਸੁਜਾਨ ॥੧੦॥
ਦੇਗ਼ ਸਭਿਨਿ ਕੋ ਤਹਿਂ ਬਰਤਾਈ।
ਬਾਂਛਤਿ ਲੇ ਕਰਿ ਅਚਿ ਸਮੁਦਾਈ।
ਸ਼੍ਰੀ ਗੁਰ ਅਪਨੋ ਥਾਰ ਅਨਾਯੋ।
ਅਚਜੋ ਅਹਾਰ ਜਥਾ ਰੁਚਿ ਭਾਯੋ ॥੧੧॥
ਪਨਹਿ ਪਾਨ ਹਿਤ ਪਾਨ ਕਟੋਰਾ[1]।
ਪਾਨ ਗਹਜੋ[2] ਕਿਯ ਆਨਨ ਓਰਾ[3]।
ਕੁਛਕ ਪੀਯੋ ਪੁਨ ਚੁਰਾ ਸੁਧਾਰਾ।
ਪਾਨ ਪਖਾਰੇ ਥਿਰੇ ਉਦਾਰਾ ॥੧੨॥
ਕਿਤਿ ਸਮੇਂ ਪੌਢੇ ਪਰਯੰਕਾ।
ਸਾਗਰ ਸੋਢੀ ਬੰਸ ਮਯੰਕਾ[4]।
ਡੇਢ ਜਾਮ ਜਬਿਹੂੰ ਦਿਨ ਰਹਜੋ।
ਸੁੱਖੇ ਅਰੁ ਅਫੀਮ ਹਿਤ ਕਹਜੋ ॥੧੩॥
ਮਾਦਿਕ ਛਕੇ ਸੌਚ ਕੋ ਧਰੇ।
ਪੁਨ ਸ਼ਨਾਨ ਆਛੀ ਬਿਧਿ ਕਰੇ।
ਪੋਸ਼ਿਸ਼ ਸਭਿ ਨਵੀਨ ਅਨਵਾਈ।

---
[1]ਪੀਣ ਲਈ ਪਾਣੀ ਦਾ ਕਟੋਰਾ।
[2]ਹੱਥ ਵਿਚ ਫੜਿਆ।
[3]ਮੁੱਖ ਵੱਲ।
[4]ਸੋਢੀ ਬੰਸ ਰੂਪੀ ਸਮੁੰਦਰ ਦੇ ਚੰਦ੍ਰਮਾਂ।

ਸ਼ੁਸ਼ਕ ਕਾਛ ਕਟਿ ਕਸੀ* ਸੁਹਾਈ ॥੧੪॥
ਕੇਸਨ ਤੇ ਸਭਿ ਨੀਰ ਨਿਚੋਰਾ।
ਧੂਪ ਧੁਖਾਇ ਗੰਧ ਝਕਝੋਰਾ[1]।
ਜੂਰਾ ਨੀਕੀ ਰੀਤਿ ਬਨਾਯੋ।
ਸ਼ਮਸ਼ ਮੂਛ ਕੇਸ਼ਨ ਚਿਕਨਾਯੋ ॥੧੫॥
ਸੂਖਮ ਨੀਕ ਨਈ ਉਸ਼ਨੀਕ[2]।
ਚਿਨ ਕਰਿ ਧਰਿ ਥਿਰ ਦਾਸ ਨਜੀਕ।
ਜੂਰੇ ਸੰਗ ਛੋਰ[3] ਅਟਕਾਯੋ।
ਪੁਨ ਚਹੂੰ ਓਰ ਪੇਚ ਲਪਟਾਯੋ ॥੧੬॥
ਸਨੇ ਸਨੇ ਸਭਿ ਪੇਚ ਪ੍ਰਵਾਰੇ।
ਪੁਨ ਜੂਰੇ ਪਰ ਲਜਾਇ ਸੁਧਾਰੇ।
ਮੁਕਰ ਮਹਾਨ ਦਿਖਾਇ ਅਗਾਰੀ।
ਬਹੁ ਬਿਧਿ ਤੇ ਦਸਤਾਰ ਸਵਾਰੀ ॥੧੭॥
ਪੁਨ ਖਜ਼ਾਨਚੀ ਜਿਗਾ ਦਿਖਾਈ।
ਬਹੁਤ ਮੋਲ ਕੀ ਰੁਚਿਰ ਬਨਾਈ।
ਪਾਗ ਭਾਲ ਪਰ ਬੰਧਿ ਸਜਾਈ।
ਪੰਕਤਿ ਹੀਰਨ ਕੀ ਦਮਕਾਈ ॥੧੮॥
ਜ਼ਬਰ ਜਵਾਹਰ ਜ਼ਾਹਰ ਜੋਤਿ।
ਜਗਮਗ ਜਗਮਗ ਸ਼ੋਭ ਉਦੋਤਿ।
ਮੁਕਤਾ ਗੁੱਛਨ ਸ਼ੁਭਤਿ+ ਉਜਾਲਾ।
ਸੁੰਦਰ ਕਲਗੀ ਬੰਨੀ ਬਿਸਾਲਾ ॥੧੯॥
ਨਾਨਾ ਰੰਗ ਜਵਾਹਰ ਲਾਗੇ।
ਘੜਤ ਅਨੂਠੀ ਜ਼ੇਬ ਸੁ ਜਾਗੇ।
ਲੇ ਕਰਿ ਸੰਗ ਉਤੰਗ ਸਜਾਈ।
ਹਾਲੇ ਸਿਰ[4] ਝੂਲਤਿ ਦਮਕਾਈ ॥੨੦॥
ਸੂਖਮ ਤੇ ਸੂਖਮ ਬਰ ਚੀਰ।
ਜਾਮਾ ਪਹਿਰਯੋ ਦਿਪੈ ਸਰੀਰ।

---

*ਪਾ:-ਕਛੀ।
[1]ਸੁਗੰਧੀ ਵਿੱਚ ਮਿਲਾਇਆ।
[2]ਦਸਤਾਰ।
[3]ਪੱਲਾ।
+ਪਾ:-ਸ੍ਰੁੱਛ।
[4]ਸਿਰ ਹਿੱਲਿਆ।

ਬਹੁ ਪਾਲਨ ਕੋ ਸਜਜੋ ਬਿਸਾਲਾ।
ਬੰਦ ਬੰਦ[1], ਲਰਕਾਇ, ਸੁ ਢਾਲਾ[2] ॥੨੧॥
ਤੀਖਨ ਧਾਰਾ ਖੜਗ ਕਰਾਲੇ।
ਕੰਚਨ ਮੁਸ਼ਟ ਜੜਤ ਨਗ ਨਾਲੇ।
ਜਿਸ ਤੇ ਲਗੇ ਮੁਨਾਲਿ ਤਨਾਲਾ[3]।
ਕੜੀਆਂ ਅਰ ਚਪੜਾਸੁ[4] ਬਿਸਾਲਾ ॥੨੨॥
ਚਾਮੀਕਰ ਕੇ ਚਮਕਤਿ ਚਾਰੁ।
ਜ਼ਰੀ ਗਾਤਰਾ ਜਿਹ ਗੁਲਜ਼ਾਰ[5]।
ਸ੍ਰੀ ਸਤਿਗੁਰ ਲੇ ਕਰਿ ਤਿਹ ਸਮੋਂ।
ਪਹਿਰਨ ਤੇ ਪੂਰਬ ਕਰਿ ਨਮੋ ॥੨੩॥
ਭਰਜੋ ਨਿਖੰਗ ਖਤੰਗਨ ਖਰਨਿ।
ਕੰਚਨ ਲਗੇ ਭਏ ਸ਼ੁਭ ਬਰਨ।
ਜਰੇ ਕੰਕ ਕੇ ਦੀਰਘ ਪਰਨ[6]।
ਜਨੁ ਸਰਪਨ ਕੋ ਘਰ ਹਿਤ ਥਿਰਨ[7] ॥੨੪॥
ਲੇ ਕਰਿ ਗਰੇ ਬਿਖੇ ਤਬਿ ਪਾਯੋ।
ਦੁਇ ਦਿਸ਼ਿ ਤਰਕਸ਼ ਖੜਗ ਸੁਹਾਯੋ।
ਲੇ ਦੁਕੂਲ[8] ਬਹੁ ਮੋਲਾ ਹਾਥ।
ਕਮਰ ਕਸੀ ਦਿਢ ਬਲ ਕੇ ਸਾਥ ॥੨੫॥
ਬਿਛੂਆ, ਖੰਜਰੁ, ਬਾਂਕ, ਕਟਾਰ।
ਪੇਸ਼ ਕਬਜ਼ ਇਹ ਧਰੇ ਸੁਧਾਰਿ।
ਕਮਕਰਸਾ ਆਛੀ ਬਿਧਿ ਕਰਜੋ।
ਜਥਾ ਜੋਗ ਆਯੁਧ ਗਨ ਧਰਜੋ ॥੨੬॥

---

[1]ਤਣੀਆਂ ਬੰਨ੍ਹੀਆਂ।
[2]ਢਾਲ ਲਰਕਾਈ।
[3]ਮਨਾਲ=ਮਿਆਨ ਦੇ ਉਪਰ ਵਲ ਲੱਗਾ ਲੋਹੇ ਚਾਂਦੀ ਯਾ ਸੋਨੇ ਦਾ ਸੰਮ ਜਿਸ ਵਿਚ ਕੁੰਡੇ ਹੁੰਦੇ ਹਨ ਜਿਨ੍ਹਾਂ ਵਿਚੋਂ ਤਸਮੇ ਕੱਢਕੇ ਤਲਵਾਰ ਪੇਟੀ ਨਾਲ ਬੰਨ੍ਹੀਦੀ ਹੈ। ਮਿਆਨ ਦੇ ਹੇਠਲੇ ਪਾਸੇ ਜਿਧਰ ਤਲਵਾਰ ਦੀ ਨੋਕ ਹੁੰਦੀ ਹੈ ਉਸ ਸੰਮ ਤੇ ਠੁਹਕਰ ਨੂੰ 'ਤਨਾਲ' ਕਹਿੰਦੇ ਹਨ। ਪਾਠ 'ਮਨਾਲਤ ਨਾਲਾ' ਕਰਕੇ ਅਰਥ ਕਰਨਾ ਕਿ 'ਮਣੀਆਂ ਲਗੀਆਂ ਹਨ' ਗ਼ਲਤ ਹੈ।
[4]ਕੜੀ=ਮਿਆਨ ਦਾ ਕੁੰਡਾ। ਚਪੜਾਸ=ਬਕਸੂਆ। (ਅ) ਪੇਟੀ ਨਾਲ ਲੱਗਾ ਮੋਢੇ ਦੇ ਉਪਰੋਂ ਦੀ ਹੋਕੇ ਦੋਹੀਂ ਦਾਈਂ ਪੇਟੀ ਤਕ ਆਇਆ ਗਾਤ੍ਰਾ। (ੲ) ਅਜ ਕਲ ਚਪੜਾਸ ਉਸ ਧਾਤ ਦੀ ਫੱਟੀ ਨੂੰ ਕਹਿੰਦੇ ਹਨ ਜੋ ਚਪੜਾਸੀ ਦੇ ਲੱਗੀ ਹੁੰਦੀ ਹੈ।
[5]ਜਰੀਦਾਰ ਗਾਤਰਾ ਜਿਸ ਵਿਚ ਬੇਲ ਬੂਟੇ ਕੱਢੇ ਹੋਏ ਸਨ।
[6]ਬਾਣਾਂ ਨਾਲ ਕੰਕ ਦੇ ਵੱਡੇ ਖੰਭ ਜੜੇ ਹੋਏ।
[7](ਭੱਥਾ) ਮਾਨੋਂ ਸੱਪਾਂ ਦਾ ਘਰ ਹੈ ਠਹਿਰਣ ਲਈ।
[8]ਦੁਪੱਟਾ।

ਮਨਹੁੰ ਸਰਦ ਰਿਤੁ ਕੋ ਘਨ ਠਟਾ[1]।
ਕੰਚਨ ਲਿਪਤ ਸ਼ਸਤ੍ਰ; ਦੁਤਿ ਛਟਾ[2]।
ਉੱਜਲ ਮੁਕਤਾਹਲ[3] ਕੀ ਮਾਲਾ।
ਮਨਹੁ ਬਲਾਕਾ[4] ਸ਼ੁਭਤਿ ਬਿਸਾਲਾ ॥੨੭॥
ਕਰਿ ਮਹਿਂ ਧਨੁਖ ਇੰਦ੍ਰਧਨੁ ਸ਼ੋਭਾ[5]।
ਸਿੱਖੀ ਸਿਖ ਮਨ ਆਨੰਦ ਗੋਭਾ[6]।
ਬੋਲਨ ਮਧੁਰੀ ਧੁਨਿ ਗੰਭੀਰ।
ਸੁਨਿ ਹਰਖਤਿ ਜਨੁ ਚਾਤ੍ਰਿਕ ਤੀਰ ॥੨੮॥
ਜਾਚਤਿ ਬੂੰਦ ਗਜਾਨ ਉਪਦੇਸ਼।
ਹਰਨ ਤ੍ਰਿਖਾ ਬਿਸ਼ਨਾਯਿ ਕਲੇਸ਼।
ਚਹੁੰਦਿਸ਼ਿ ਤੇ ਦਰਸ਼ਨ ਹਿਤ ਆਏ।
ਲਖਹਿਂ ਮਹਾਤਮ ਕੋ ਮੁਦ ਪਾਏ ॥੨੯॥
ਵਹਿਰ ਸਿੰਘਾਸਨ ਪਰ ਪ੍ਰਭੁ ਥਿਰੇ।
ਸਭਿਨਿ ਕਾਮਨਾ ਪੁਰਵਨਿ ਕਰੇ।
ਹਾਥ ਬੰਦਿ ਕਰਿ ਨਾਥਹਿ ਬੰਦਹਿਂ[7]।
ਕੇਚਿਤ ਸਿਰ ਧਰਿ ਪਦ ਅਰਬਿੰਦਹਿਂ ॥੩੦॥
ਉਚਰਹਿਂ ਉਸਤਤਿ ਕਰਹਿਂ ਸੁਨਾਵਨ।
'ਜਗਤ ਉਧਾਰਨ ਹਿਤ ਤੁਮ ਆਵਨ।
ਲਾਖਨ ਕੋ ਦੇ ਕਰਿ ਬ੍ਰਹਮ ਗਜਾਨ।
ਲਾਖਹੁੰ ਲਾਗੇ ਭਗਤਿ ਮਹਾਨ ॥੩੧॥
ਗੁਰ ਸਿੱਖੀ ਜਿਤ ਕਿਤ ਬਿਸਤਾਰੀ।
ਦੇ ਉਪਦੇਸ਼ ਬਿਸ਼ਯ ਬਿਖ ਟਾਰੀ।
ਪੰਥ ਖਾਲਸਾ ਉਤਪਤਿ ਕਰਜੋ।
ਤੁਰਕ ਤੇਜ ਜਗ ਤੇ ਪਰਿਹਰਜੋ' ॥੩੨॥
ਇੱਤਜਾਦਿਕ ਜਸੁ ਕਰਹਿਂ ਉਚਾਰਨ।
ਦਰਸ਼ਨ ਪ੍ਰਾਪਤਿ ਨਰਨ ਹਜ਼ਾਰਨ।

---

[1]ਮਾਨੋਂ ਸਰਦ ਰਿਤੁ ਵਿਚ ਬੱਦਲ ਦਾ ਠਾਟ ਹੋਇਆ ਹੈ।
[2]ਇਹ ਬਿਜਲੀ ਦਾ ਪ੍ਰਕਾਸ਼ ਹੈ (ਮਾਨੋਂ)।
[3]ਮੋਤੀ [ਸੰਸ: ਮੁਕ੍ਤਾਫਲ]।
[4]ਬਗਲਿਆਂ ਦੀ ਪੰਕਤੀ।
[5]ਜਿਸ ਦੀ ਸ਼ੋਭਾ ਅਕਾਸ਼ੀ ਪੀਂਘ ਦੀ ਹੈ।
[6]ਸਿੱਖਾਂ ਦੇ ਮਨ ਰੂਪ ਅੰਦਰ ਰੂਪ ਲਗਰਾਂ ਪਰ ਲੋਭ ਰਹੇ ਹਨ। [ਸੰਸ: ਸ਼ਿਖਨਿ=ਮੋਰ। ਗੋਭਾ=ਲਗਰ]।
[7](ਸਿੱਖ) ਗੁਰੂ ਜੀ ਨੂੰ ਬੰਦਨਾਂ ਕਰਦੇ ਹਨ।

ਸ਼੍ਰੀ ਮੁਖ ਸਭਿਨਿ ਸੁਨਾਇ ਬਖਾਨਾ।
'ਸੁਨਹੁੰ ਖਾਲਸਾ ਬਨੁ ਸਵਧਾਨਾ ॥੩੩॥
ਤਨਹੁੰ ਕਨਾਤ ਚੁਗਿਰਦੇ ਭਲੇ।
ਜਿਸ ਤੇ ਦੂਰ ਹੁਇ ਨਰ ਖਲੇ।
ਸਭਿ ਚੰਦਨ ਈਂਧਨ ਤਿਸ ਮਾਂਹੀ।
ਪਹੁੰਚਹੁ ਲੇਹ ਚਿਤਾ ਰਚਿ ਤਾਂਹੀ ॥੩੪॥
ਪ੍ਰਥਮ ਭੂ ਕੌ ਲੇਪਹੁ ਸਾਰੇ।
ਤਿਸ ਪਰ ਕੁਸ਼ਾ ਦੇਹੁ ਬਿਸਤਾਰੇ।
ਚੰਦਨ ਚਿਤਾ ਰਚਹੁ ਤਹਿਂ ਫੇਰ।
ਜਵ ਤਿਲ ਘ੍ਰਿਤ ਆਦਿਕ ਵਿਚ ਗੇਰਿ ॥੩੫॥
ਸ਼ੌਰਭਿ[1] ਧਰਹੁ ਸਕਲ ਤਹਿਂ ਜਾਈ।
ਕੀਜਹਿ ਤਯਾਰੀ ਬਿਲਮ ਬਿਹਾਈ।
ਸ਼ੌਚ ਸ਼ਨਾਨ ਸਰਬ ਹਮ ਕੀਨਿ।
ਪੋਸ਼ਿਸ਼ ਨਈ ਪਹਿਰ ਤਨ ਲੀਨ ॥੩੬॥
ਨਹਿਂ ਬਾਂਛੋ ਤੁਮ ਅਪਰ ਕਰਨ ਕੋ[2]।
ਬਸਤ੍ਰ ਪਹਿਰ ਕਿਯ ਸ਼ਸਤ੍ਰ ਧਰਨ ਕੋ।
ਇਹੀ ਰਹੈਂਗੇ ਸੰਗ ਹਮਾਰੇ।
ਭਲੀ ਭਾਂਤਿ ਸਭਿ ਅੰਗੀਕਾਰੇ' ॥੩੭॥
ਸੁਨਿ ਆਇਸੁ ਕੋ ਸਿੰਘ ਸਿਧਾਰੇ।
ਤਨੀ ਕਨਾਤ ਚੁਗਿਰਦੇ ਸਾਰੇ।
ਗਾਡੀ ਕਰਿ ਗਾਢੀ ਗਨ ਮੇਖ[3]।
ਡੋਰੈਂ ਬੰਧਨ ਕੀਨਿ ਅਸ਼ੇਖ ॥੩੮॥
ਲੇਪਨ ਕਰਿ ਅੰਤਰ ਕੋ ਥਾਏ।
ਚੰਦਨ ਕੋ ਉਚਾਇ ਕਰਿ ਲਯਾਏ।
ਗਨ ਈਂਧਨ ਤੇ ਚਿਖਾ ਮਹਾਨੀ।
ਰਚੀ ਭਲੀ ਬਿਧਿ ਦਿਢ ਬਹੁ ਠਾਨੀ[4] ॥੩੯॥
ਜ੍ਵਲਿਤ ਹੁਤਾਸਨ ਪਰਹਿ ਨ ਗਿਰਿ ਕੈ।
ਇਸ ਪ੍ਰਕਾਰ ਰਚਿ ਕਾਸ਼ਟ ਧਰਿ ਕੈ।

---
[1]ਸੁਗੰਧੀਆਂ।
[2]ਹੋਰ ਕੁਛ ਨਾਂ ਕਰੋ।
[3]ਸਾਰੀਆਂ ਮੇਖਾਂ ਡੂੰਘੀਆਂ ਕਰਕੇ ਗੱਡੀਆਂ।
[4]ਬਹੁਤ ਪੱਕੀ ਕੀਤੀ।

ਸ਼ੀਸ਼ੇ[1] ਬਹੁ ਗੁਲਾਬ ਕੇ ਛਿਰਕੇ।
ਸਹਤ ਕਨਾਤ ਭਿਗੋਵਨ ਕਰਿਕੇ ॥੪੦॥
ਅਤਰ ਫੁਲੇਲ ਚਿਖਾ ਮਹੁਂ ਡਾਰਾ।
ਜਹਿਂ ਕਹਿਂ ਉਠੀ ਅਧਿਕ ਮਹਿਕਾਰਾ।
ਇੱਤਯਾਦਿਕ ਸਭਿ ਕਾਰਜ ਕਰਿ ਕੈ।
ਸਤਿਗੁਰ ਕੋ ਪਰਲੋਕ ਸਿਮਰਿ ਕੈ ॥੪੧॥
ਸ਼ੋਕ ਸਹਿਤ ਸੋਗਨਿ ਤੇ ਸੋਚਤਿ।
ਬੂੰਦ ਬਿਲੋਚਨ ਤੇ ਜਲ ਮੋਚਤਿ।
-ਕਿਸ ਅਲੰਬ ਅਬਿ ਕਰਿ ਹੈਂ ਬਾਸਾ।
ਕਿਤ ਦਰਸ਼ਨ ਪ੍ਰਾਪਤਿ ਸੁਖ ਰਾਸਾ ॥੪੨।
ਕਰਹਿ ਕੌਨ ਹਮ ਕੋ ਉਪਦੇਸ਼।
ਤਜਯੋ ਦੇਸ਼ ਨਿਜ ਬੀਚ ਬਿਦੇਸ਼-।
ਇੱਤਯਾਦਿਕ ਉਰ ਬਿਖੈ ਬਿਚਾਰੈਂ।
ਹਾਥ ਸਾਥ ਸਭਿ ਕਾਜ ਸੁਧਾਰੈਂ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੈਕੁੰਠ ਗਮਨ ਤਯਾਰੀ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨੨॥

[1]ਪਤਲੇ ਕੱਚ ਦੀਆਂ ਦੇਸੀ ਬਣੀਆਂ ਵੱਡੀਆਂ ਬੋਤਲਾਂ।

## ੨੩. [ਜੋਤੀ ਜੋਤ ਸਮਾਉਣ ਦੀ ਤਿਆਰੀ। ਸੰਗਤ ਨੂੰ ਉਪਦੇਸ਼]

੨੨<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੪

ਦੋਹਰਾ: ਕਰਿ ਤਯਾਰੀ ਸਭਿ ਰੀਤਿ ਕੀ, ਸਿਖ ਸਗਰੇ ਚਲਿ ਆਇ।
ਹਾਥ ਬੰਦਿ ਬੋਲਤਿ ਭਏ, ਗਦ ਗਦ ਗਿਰਾ ਸੁਨਾਇ ॥੧॥

ਚੌਪਈ: 'ਮਹਾਂਰਾਜ ਕੀ ਆਇਸੁ ਜੈਸੀ।
ਮਿਲੇ ਸਕਲ ਕੀਨੀ ਕ੍ਰਿਤ ਤੈਸੀ।'
ਸਤਿਗੁਰ ਹੇਰਿ ਖਾਲਸੇ ਓਰੀ।
ਜਿਨਹੁਂ ਦ੍ਰਿਗਨਿ ਤੇ ਅੰਸੂ ਛੋਰੀ ॥੨॥
-ਮਮ ਸਰੂਪ ਕੇ ਪ੍ਰੇਮੀ ਮਹਾਂ।
ਸਰਬ ਤਯਾਗੇ ਪਹੁਂਚੇ ਇਹਾਂ-।
ਇਸ ਬਿਧਿ ਕਰਤੇ ਸੰਧ੍ਯਾ ਹੋਈ।
ਸ਼੍ਰੀ ਪ੍ਰਭੁ ਦਰਸ ਕੀਯੋ ਸਭਿ ਕੋਈ ॥੩॥
ਤਬਿ ਸਾਦਰ ਸਭਿ ਨਿਕਟ ਬਿਠਾਰੇ।
ਕਹ੍ਯੋ 'ਸ਼ੋਕ ਨਹਿਂ ਕਰੀਯਹਿ ਪ੍ਯਾਰੇ!
ਥੂਲ ਸ਼ਰੀਰ ਸੰਜੋਗ ਵਿਜੋਗ[1]।
ਈਸ਼ੁਰ ਨੇਤਿ[2] ਚੌਦਹੂੰ ਲੋਗ ॥੪॥
ਤਨ ਸਨੇਹੁ ਨਹਿਂ ਨਿਭਿ ਹੈ ਕ੍ਯੋਂ ਹੂੰ।
ਸਿਕਤਾ ਸਦਨ ਨਦੀ ਤਟ ਜ੍ਯੋਂ ਹੂੰ।
ਨਿਸ਼ਚੈ ਸ਼ਬਦ ਰਿਦਾ ਹੈ ਮੇਰੋ।
ਤਿਹ ਸੋਂ ਮਿਲੀਯਹਿ ਸੰਝ ਸਵੇਰੋ ॥੫॥
ਹਰਿ ਗੁਰ ਗੁਨ ਮਹਿਂ[3] ਮਨਹਿ ਪਰੋਵਹੁ।
ਤਿਨ ਸੋਂ ਮਿਲਿ ਨ੍ਯਾਰੇ ਨਹਿਂ ਹੋਵਹੁ।
ਹਲਤ ਰੁ ਪਲਤ ਸਹਾਇਕ ਜੋਵਹੁ।
ਜਮ ਆਦਿਕ ਕੋ ਡਰ ਉਰ ਖੋਵਹੁ' ॥੬॥
ਸੁਨਤਿ ਖਾਲਸੇ ਕੀਨਸਿ ਬਿਨਤੀ।
ਸ਼੍ਰੀ ਪ੍ਰਭੁ! ਹਮ ਸਭਿ ਕੇ ਮਨ ਗਿਨਤੀ।
ਨੌ ਪਤਿਸ਼ਾਹਿ ਅੰਤ ਕੋ ਸਾਰੇ।
ਸੰਗਤਿ ਲਰ ਪਕਰਾਇ ਉਦਾਰੇ ॥੭॥
ਪੁਨ ਬੈਕੁੰਠ ਗਮਨ ਕੋ ਕਰੈਂ।

---

[1]ਸਥੂਲ ਸ਼ਰੀਰ ਮਿਲਦੇ ਤੇ ਵਿਛੜਦੇ ਰਹਿੰਦੇ ਹਨ।
[2]ਨੀਯਤ ਕੀਤੀ ਗੱਲ। ਭਾਵੀ।
[3]ਹਰੀ ਤੇ ਗੁਰੂ ਦੇ ਗੁਣ ਵਿਚ।

ਹਮ ਕਿਸ ਕੇ ਪਗ ਪਰ ਸਿਰ ਧਰੈਂ?
ਕਿਹ ਕੇ ਕਰਿ ਅਲੰਬ ਕੋ ਚਲੇ?
ਪੰਥ ਖਾਲਸਾ ਤੁਮਰੋ ਭਲੇ?' ॥੮॥
ਸ੍ਰੀ ਮੁਖ ਤੇ ਤਬਿ ਧੀਰਜ ਦੀਨ।
'ਹਮ ਸਭਿ ਬਾਤ ਪ੍ਰਥਮ ਕਰਿ ਲੀਨਿ।
ਗੰਢ ਅਕਾਲ ਪੁਰਖ ਸੋਂ ਪਾਯੋ।
ਸੌਂਪਨ ਕਰਿ ਅੰਚਰ ਪਕਰਾਯੋ ॥੯॥
ਸਦਾ ਰਹਹੁ ਪ੍ਰਭੁ ਚਰਨਨਿ ਸ਼ਰਨੀ।
ਅਪਰਨ ਕੀ ਆਸਾ ਨਹਿਂ ਕਰਨੀ।
ਲੋਕ ਸੁਖੀ ਪਰਲੋਕ ਸੰਤੋਸ਼ਾ।
ਨਿਤ ਪ੍ਰਤਿ ਰਾਖਹੁ ਗੁਰੂ ਭਰੋਸਾ ॥੧੦॥
ਪਢੀਯਹਿ ਸਰਬ ਗੁਰਨਿ ਕੀ ਬਾਨੀ।
ਰਖੀਯਹਿ ਰਹਤ ਜੁ ਹਮਹੁਂ ਬਖਾਨੀ।
ਪਾਯਹੁ ਮਾਤ ਕਾਲਿਕਾ ਗੋਦਿ।
ਪੰਥ ਖਾਲਸਾ ਲਹੈ ਪ੍ਰਮੋਦ ॥੧੧॥
ਸਿੰਘ ਸੁ ਰਹਤ ਪੰਚ ਜਹਿਂ ਮਿਲੇਂ।
ਸਮ ਸਰੂਪ ਸੋ ਦੇਖਹੁ ਭਲੇ।
ਭੋਜਨ ਛਾਦਨ ਜੋ ਤਿਨ ਦੇਇ।
ਮੋ ਕਹੁ ਪਹੁਂਚਾਵਤਿ ਸਿਖ ਸੇਇ ॥੧੨॥
ਮਨਹੁਂ ਕਾਮਨਾ ਤਿਨ ਤੇ ਪ੍ਰਾਪਤਿ।
ਸ਼ਰਧਾ ਧਰੇ ਚਿੰਤ ਦੁਖ ਖਾਪਤਿ।
ਸਿਖ ਪੰਚਨ ਮਹਿਂ ਮੇਰੋ ਬਾਸਾ।
ਪੂਰਨ ਕਰੌਂ ਧਰਹਿਂ ਜੇ ਆਸਾ ॥੧੩॥
ਆਯੁਧ ਬਿੱਦਜਾ ਕੋ ਅੱਭਜਾਸਹੁ।
ਬਨਹੁ ਬੀਰ ਅਰਿ ਸਮੁਖ ਬਿਨਾਸ਼ਹੁ।
ਜਗਤ ਪਦਾਰਥ ਸਗਰੇ ਪਾਵਹੁ।
ਭੋਗਹੁ ਆਪ ਭਿ ਅਵਰ ਭੁਗਾਵਹ ॥੧੪॥
ਮਰਹੁ ਜੁੱਧ ਮਹਿਂ ਸੁਰਗ ਸਿਧਾਰਹੁ।
ਸਹਿਕਾਮੀ ਸੁਖ ਸਕਲ ਬਿਹਾਰਹੁ।
ਨਿਹਕਾਮੀ ਹੁਇ ਮੁਝ ਸੋਂ ਮੇਲ।
ਪਰਹਿ ਨ ਜਨਮ ਮਰਨ ਕੋ ਗੈਲ ॥੧੫॥
ਕਰੋ ਸ਼ਨਾਨ ਨਾਮ ਅਰੁ ਦਾਨ।

ਪ੍ਰੇਮ ਸਮੇਤ ਲਹਹੁ ਕੱਲਜਾਨ।
ਬਿਦਤ ਖਾਲਸਾ ਪੰਥ ਭਵਿੱਖਜ।
ਅਵਨੀ ਰਾਜ ਕਰਹਿਂ ਮਿਲਿ ਸਿੱਖਜ ॥੧੬॥
ਦਿਨ ਪ੍ਰਤਿ ਤੁਰਕ ਨਾਸ਼ ਕੋ ਪ੍ਰਾਪਤਿ।
ਬਚਹਿਂ ਜਿ, ਰੰਕ ਹੋਹਿਂ ਲਹਿਂ ਆਪਤਿ[1]।
ਕੀਨੇ ਗਨ ਅਪਰਾਧ ਬਿਸਾਲਾ।
ਤਿਨ ਕੋ ਫਲ ਹ੍ਵੈ ਹੈ ਇਨ ਕਾਲਾ ॥੧੭॥
ਅੰਗ ਸੰਗ ਮੁਝ ਕੋ ਨਿਤ ਜਾਨਹੁਂ।
ਸਦਾ ਸਹਾਇਕ ਅਪਨੋ ਮਾਨਹੁਂ।
ਨਿਤ ਪ੍ਰਤਿ ਗੁਰਬਾਣੀ ਅੱਭਜਾਸਹੁ।
ਕੈ ਸ਼ਸਤ੍ਰਨਿ ਸਨ ਸ਼ੱਤ੍ਰ ਬਿਨਾਸ਼ਹੁ ॥੧੮॥
ਦਸਹੁਂ ਗੁਰੁਨਿ ਜਿਮ ਕਰੇ ਬਿਲਾਸਾ।
ਸੁਨਹੁਂ ਪ੍ਰੇਮ ਧਰਿ ਸਭਿ ਇਤਿਹਾਸਾ।
ਅਭਿਮਤਿ ਦੇਤਿ ਸਹਤ ਕੱਲਜਾਨ।
ਸੁਖ ਪ੍ਰਾਪਤਿ ਪਾਠਕ ਸ਼੍ਰੋਤਾਨਿ ॥੧੯॥
ਗੁਰੂ ਖਾਲਸਾ ਖਾਲਸਾ ਗੁਰੂ।
ਅਬਿ ਤੇ ਹੁਇ ਐਸੀ ਬਿਧਿ ਸ਼ੁਰੂ।
ਅਪਨੀ ਜੋਤਿ ਖਾਲਸੇ ਬਿਖੈ।
ਹਮ ਨੇ ਧਰੀ ਸਕਲ ਜਗ ਪਿਖੈ[*]' ॥੨੦॥
ਇਮ ਕਹਿ ਸ਼੍ਰੀ ਪ੍ਰਭੁ ਸ਼ੋਕ ਨਿਵਾਰਾ।
ਸਭਿ ਕੇ ਰਿਦੇ ਹਰਖ ਕੋ ਧਾਰਾ।
ਦੀਰਘ ਸ਼ਮਸ਼ ਉਦਰ ਲਗਿ ਆਈ।
ਹਾਥਨ ਸਾਥ ਸੁਧਾਰ ਗੁਸਾਈਂ ॥੨੧॥
ਵਧਿ ਕਰਿ ਭਈ ਅਗਾਰੀ ਦੋਇ।
ਕੁਛਕ ਫਰਕ ਤੇ ਦੀਖਤਿ ਸੋਇ[2]।
ਕੋ ਕੋ ਕੇਸ ਸੇਤ ਹੁਇ ਆਵਾ।
ਦ੍ਵੈ ਮੂਛਨਿ ਪਰ ਹਾਥ ਉਠਾਵਾ ॥੨੨॥
ਇਮ ਬੈਠੇ ਸਤਿਗੁਰੂ ਅਨੰਦਤਿ।

---

[1]ਦਿਨੋਂ ਦਿਨ ਮੁਗਲ ਨਾਸ਼ ਨੂੰ ਪ੍ਰਾਪਤ ਹੋਣਗੇ ਜੋ ਬਚਣਗੇ ਸੋ ਕੰਗਾਲ ਹੋਕੇ ਦੁਖੀ ਹੋਣਗੇ।
[*]ਪੰਥ ਨੂੰ ਗੁਰਗਾਦੀ ਚਮਕੌਰ ਤੋਂ ਵਿਦਾ ਹੋਣ ਲੱਗੇ ਦੇ ਆਏ ਸਨ, ਦੇਖੋ ਰੁੱਤ ੬ ਅੰਸੂ ੪੧।
[2]ਅੱਗੇ ਵਧਕੇ (ਭਾਵ ਹੇਠਾਂ ਨੂੰ ਆਕੇ) ਦਾੜ੍ਹਾ ਦੋ ਭਾਗਾਂ ਵਿਚ ਹੋ ਗਿਆ ਹੈ (ਤੇ ਉਹ ਭਾਗ ਹੋਰ ਹੇਠਾਂ ਆਕੇ ਇਕ ਦੂਜੇ ਤੋਂ) ਕੁਛਕ ਫਰਕ ਪਰ ਦਿਖਾਈ ਦਿੰਦੇ ਹਨ।

ਬਾਰਿ ਬਾਰਿ ਦਰਸਤਿ ਸਿਖ ਬੰਦਤਿ।
ਕਹਤਿ ਸੁਨਤਿ ਸਭਿ ਆਧੀ ਰਾਤਿ।
ਬੀਤ ਗਈ ਬੈਠੇ ਚਿਤ ਸ਼ਾਂਤਿ ॥੨੩॥
ਲਖਿ ਬਿਕੁੰਠ ਸਤਿਗੁਰ ਆਗਵਨੂ।
ਸੁਰਗਨ ਆਏ ਤਜਿ ਕਰਿ ਭਵਨੂ।
ਪਾਵਕ[੧], ਮਘਵਾ[੨], ਬਰਨ[੩], ਧਨੇਸ਼ੂ[੪]।
ਮੂਰਤ ਧਰੀ ਨਿਸੇਸ਼[੫], ਦਿਨੇਸ਼ੂ[੭] ॥੨੪॥
ਅਸ਼ਟ ਬਸੁ ਪਹੁੰਚੇ ਸ਼ਿਵ ਗਜਾਰਾ[੬]।
ਆਯਹੁ ਬਾਯੁ ਰੂਪ ਨਿਜ ਧਾਰਾ।
ਅਸਨਿ ਕੁਮਾਰ[੭] ਸੁ ਵਿਸਵੇ ਦੇਵਾ[੮]।
ਪਹੁੰਚੇ ਸਨਮਾਨਤਿ ਗੁਰਦੇਵਾ ॥੨੫॥
ਕਮਲਾਸਨ ਨਾਰਦ ਤੇ ਆਦਿ।
ਗੋਰਖਾਦਿ ਪਹੁੰਚੇ ਅਹਿਲਾਦਿ।
ਸਭਿਨਿ ਗਗਨ ਮਹਿਂ ਥਿਰਤਾ ਧਾਰੀ।
ਆਏ ਅਪਰ ਜਿ ਅਜ਼ਮਤਿ ਭਾਰੀ ॥੨੬॥
ਸਿੱਧ ਪੀਰ ਜੇ ਦੂਰ ਕਿ ਨੇਰੇ।
ਬਿੱਦਜਾਧਰ[੯] ਗੰਧਰਬ[੧੦] ਘਨੇਰੇ।
ਕਿੰਨਰ ਜੱਛ ਅਪੱਸਰਾ ਆਈ।
ਥਿਰਿ ਸੁਰਗਨ ਮਹਿਂ ਕਰਤਿ ਵਧਾਈ ॥੨੭॥
ਬਹੁ ਉਤਸਵ ਕੋ ਧਾਰਤਿ ਸਾਰੇ।
'ਜੈ ਜੈ ਸ਼੍ਰੀ ਗੁਰਦੇਵ' ਉਚਾਰੇ।
ਚਾਰਹੁੰ ਵੇਦ ਰੂਪ ਧਰਿ ਆਏ।
ਜਥਾ ਕ੍ਰਿਸ਼ਨ ਕੇ ਪਾਸ ਸਿਧਾਏ ॥੨੮॥

---

[੧]ਅਗਨੀ।
[੨]ਇੰਦ੍ਰ।
[੩]ਵਰੁਣ।
[੪]ਕੁਬੇਰ।
[੫]ਚੰਦ ਤੇ ਸੂਰਜ ਰੂਪ ਧਾਰਕੇ (ਆਏ)।
[੬]ਅੱਠੇ ਵਸੂ ਤੇ ਗਿਆਰਾਂ ਸ਼ਿਵ ਪੁੱਜੇ।
[੭]ਦੇਵਤਿਆਂ ਦੇ ਵੈਦ, ਜੋ ਸੂਰਜ ਤੇ ਉਸਦੀ ਇਸਤ੍ਰੀ 'ਸੰਗਜਾ' ਦੇ ਘੋੜਾ ਘੋੜੀ ਦੇ ਰੂਪ ਵਿਚ ਹੋਕੇ ਉਤੰਪਨ ਕੀਤੇ ਕਹੇ ਜਾਂਦੇ ਹਨ।
[੮]ਇਕ ਪ੍ਰਕਾਰ ਦੇ ਦੇਵਤਾ, ਜਿਨ੍ਹਾਂ ਦੀ ਪੂਜਾ ਨਾਂਦੀ ਮੁਖ ਸ਼੍ਰਾਧ ਵਿਖੇ ਕਰਦੇ ਹਨ।
[੯]ਇਕ ਪ੍ਰਕਾਰ ਦੇ ਦੇਵਤਾ।
[੧੦]ਦੇਵਤਿਆਂ ਦੇ ਰਾਗੀ।

ਸੁਰ ਗੁਰ ਸ਼ੁੱਕ੍ਰ, ਗਨੇਸ਼, ਸਪਤਿ ਰਿਖਿ।
ਥਿਰੇ ਗਗਨ ਮਹਿਂ, ਹੇਰਨ ਗੁਰ ਸਿਖਿ[1]।
ਕੁਛਕ ਕੁਲਾਹਲ ਸਹਿਤ ਪ੍ਰਕਾਸ਼।
ਸੁਨਯੋਂ ਪਿਖਯੋ ਜੋ ਥਿਰ ਗੁਰ ਪਾਸ ॥੨੯॥
ਇਤਨੇ ਮਹਿਂ ਜਪੁਜੀ ਪਠਿ ਕਰਿ ਕੈ।
ਪੰਚ ਦੋਹਰੇ ਬਹੁਰ ਉਚਰਿ ਕੈ।
'ਹਰਿ ਹਰਿ ਜਨ ਦੁਈ ਏਕ' ਉਚਾਰਾ।
ਐਸੋ ਆਸ਼ੈ ਜਿਨਹੁਂ ਮਝਾਰਾ ॥੩੦॥
'ਪ੍ਰਥਮ ਭਗਉਤੀ ਸਿਮਰਨ ਕਰੀਐ।
ਸ਼੍ਰੀ ਨਾਨਕ ਕੋ ਧਜਾਇ ਸੰਭਰੀਐ।'
ਇਹ ਪਉੜੀ ਪਠਿ ਕਰਿ ਪੁਨ ਸਾਰੀ।
ਖਰੇ ਭਏ ਅਰਦਾਸ ਉਚਾਰੀ ॥੩੧॥
ਕਰਦ ਕਮਾਨ ਪਾਨ ਮਹਿਂ ਧਰੀ।
ਪਠਿ ਅਰਦਾਸ ਸੰਪੂਰਨ ਕਰੀ।
ਪੁਨ ਮਖਮਲੀ ਕਮਰਕਸ ਲੀਨੀ।
ਕੰਧੇ ਧਨੁਖ ਟਿਕਾਵਨ ਕੀਨੀ ॥੩੨॥
ਕਰਦ ਪਾਗ ਮਹਿਂ ਧਰੀ ਬਨਾਇ।
ਲਈ ਹਾਥ ਮਹਿਂ ਤੁਪਕ ਉਠਾਇ।
ਕਮਰਕਸਾ ਸੰਪੂਰਨ ਕਰਿ ਕੈ।
ਡੇਢ ਜਾਮ ਨਿਸ ਰਹੀ ਬਿਚਰਿ ਕੈ ॥੩੩॥
ਦੋਹਰਾ: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤੇ।
ਸ਼੍ਰੀ ਮੁਖ ਤੇ ਉਚਰਨ ਕਰਯੋ, ਜੋਤਿ ਜਾਗਤੀ ਅਤੇ ॥੩੪॥
ਚੌਪਈ: ਪਿਖੇ ਦਿਨਿੰਦ ਪ੍ਰਾਤਿ ਅਰਵਿੰਦੈ[2]।
ਬਦਨ ਪ੍ਰਫੁੱਲਤਿ ਤਿਨਹੁਂ ਮਨਿੰਦੈ।
ਜਨੁ ਰਾਂਕਾ ਸ਼ਾਰਦ ਕੋ ਚੰਦ[3]।
ਆਪਿ ਅਨੰਦਤਿ ਦੇਤਿ ਅਨੰਦ ॥੩੫॥
ਹਯਨਿ ਦਾਸ ਕੋ ਨਿਕਟ ਨਿਹਾਰਾ।
ਸ਼੍ਰੀ ਮੁਖ ਸੋਂ ਤਿਹ ਸਾਥ ਉਚਾਰਾ।
'ਖਾਸ ਤਬੇਲੇ ਜਿਤੇ ਤੁਰੰਗ।

---
[1]ਗੁਰੂ ਤੇ ਸਿੱਖਾਂ ਨੂੰ ਦੇਖਣ ਲਈ।
[2]ਸਵੇਰੇ ਸੂਰਜ ਵੇਖਕੇ ਜਿਵੇਂ ਕਮਲ ਖਿਲਦੇ ਹਨ।
[3]ਮਾਨੋਂ ਸਰਦ ਰੁਤ ਦੀ ਪੂਰਣਮਾਂ ਦਾ ਚੰਦ੍ਰਮਾਂ।

ਤੁਰਨ ਸੰਗ ਸੁਧਾਰਹੁ ਅੰਗ ॥੩੬॥
ਜ਼ੀਨ ਜ਼ਰੀ ਕੇ ਸਭਿ ਪਰ ਡਾਲਹੁ।
ਕਰਿ ਰਾਖਹੁ ਥਿਰ ਤਜਾਰ ਉਤਾਲਹੁ।'
ਸੁਨਿ ਆਇਸੁ ਕੋ ਤੁਰਤ ਸਿਧਾਰੇ।
ਸਰਬੰਗਨ ਮਹਿਂ ਕੀਨਸਿ ਤਜਾਰੇ' ॥੩੭॥
ਬਸਨ ਬਿਭੂਖਨ ਸੁੰਦਰ ਪਾਏ।
ਦੇ ਕਵਿਕਾ ਤਿਸ ਥਾਨ ਫਿਰਾਏ।
ਆਪ ਉਤਾਯਲ ਪਹੁੰਚੇ ਤਹਾਂ।
ਪ੍ਰਾਪਤਿ ਭਈ ਭੀਰ ਬਹੁ ਜਹਾਂ ॥੩੮॥
ਕੌਤਕ ਦਰਸਹਿਂ ਮਨ ਬਿਸਮਾਏ[1]।
ਜਲਤ ਮਸਾਲ ਝਾਰ ਸਮੁਦਾਏ।
ਸ਼੍ਰੀ ਪ੍ਰਭੁ ਖਰੇ ਸਭਿਨਿ ਮਹਿਂ ਸ਼ੋਭੈਂ।
ਕਿਸ ਕੀ ਸਮ ਕਹੁਂ, ਕੌਨ ਨ ਲੋਭੈ[2]? ॥੩੯॥
ਮੁਖ ਪਰ ਜੋਤਿ ਚਗੂਨੀ ਲਸੇ।
ਸ਼ਸਤ੍ਰਨਿ ਸਹਤ ਖਰੇ ਕਟ ਕਸੇ।
ਦਰਸ਼ਨ ਦੀਨਸਿ ਭਲੀ ਪ੍ਰਕਾਰਾ।
ਸਭਿ ਕੋ ਉਪਜੜੋ ਅਨੰਦ ਉਦਾਰਾ ॥੪੦॥
ਬਿਚ ਕਨਾਤ ਕੇ ਚਹਤਿ ਪ੍ਰਵੇਸ਼ਾ।
ਦੇ ਉਪਦੇਸ਼ ਵਿਸ਼ੇਸ਼ ਅਸ਼ੇਸ਼ਾ।
'ਧੰਨ ਧੰਨ ਸਤਿਗੁਰ ਸੁਖਦਾਈ।'
ਉਚਰਹਿਂ ਚਹੁਂਦਿਸ਼ਿ ਨਰ ਸਮੁਦਾਈ ॥੪੧॥
ਦੋਹਰਾ: ਦ੍ਰਿਸ਼ਟ ਪਰਤਿ ਹੈਂ ਸਭਿਨਿ ਕੇ, ਸ਼੍ਰੀ ਸਤਿਗੁਰ ਤਿਸ ਕਾਲ।
ਨਹੀਂ ਸਪਰਸ਼ਨ ਹੋਤਿ ਹੈ, ਇਮ ਲਖਿ ਬਿਸਮ ਬਿਸਾਲ[3] ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

---
[1](ਸ਼੍ਰੀ ਗੁਰੂ ਜੀ ਦਾ) ਇਹ ਕੌਤਕ ਦੇਖਕੇ ਮਨ ਵਿਚ ਹੈਰਾਨ ਹਨ।
[2]ਕਿਸ ਦੀ ਸਮਾਨਤਾ ਕਹਾਂ, (ਆਖੋ ਉਸ ਵੇਲੇ) ਕੌਨ ਨਹੀਂ ਲੁਭਾਇਆ।
[3]ਭਾਵ ਗੁਰੂ ਜੀ ਦ੍ਰਿਸ਼ਟੀ ਤਾਂ ਸਾਰਿਆਂ ਨੂੰ ਆ ਰਹੇ ਹਨ ਪਰ ਨੇੜੇ ਹੋ ਕੇ ਛੋਹ ਪ੍ਰਾਪਤ ਨਹੀਂ ਹੋ ਸਕਦੀ, ਇਉਂ ਲਖਕੇ ਸਾਰੇ ਬਹੁਤ ਹੈਰਾਨ ਹੋ ਰਹੇ ਹਨ।

## ੨੪. [ਜੋਤੀ ਜੋਤ ਸਮਾਉਣਾ]

੨੩<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੫

ਦੋਹਰਾ: ਦੀਪਮਾਲਕਾ ਜਹਿਂ ਕਹਾਂ, ਜ੍ਵਲਤਿ ਮਸਾਲ ਕਿ ਝਾਰ।
ਪਾਵਤਿ ਧਾਰ ਫੁਲੇਲ ਕੀ, ਕਿਧੌਂ ਘ੍ਰਿੱਤ ਕੋ ਜਾਰਿ ॥੧॥
ਚੌਪਈ: ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ।
ਤਿਮਰ ਸਘਨ ਚਹੁਂ ਦਿਸ਼ ਚਾਲਾ।
ਚੰਚਲ ਚਰਨ ਚਿਖਾ ਦਿਸ਼ਿ ਚਲੇ।
ਬਸਤ੍ਰ ਸ਼ਸਤ੍ਰ ਸਭਿ ਸ਼ੋਭਿਤਿ ਭਲੇ ॥੨॥
ਤਨੀ ਕਨਾਤ ਪੌਰ ਜਿਸ ਥਾਨਾ।
ਤਹਿਂ ਥਿਰ ਹ੍ਵੈ ਕਰਿ ਬਾਕ ਬਖਾਨਾ।
'ਜਾਇ ਚਿਖਾ ਪਰ ਬੈਠੈਂ ਜਬੈ[1]।
ਤੁਰਤ ਪ੍ਰਦਛਿਨਾ ਦੈ ਕਰਿ ਸਬੈ ॥੩॥
ਬਹੁਰ ਹੁਤਾਸਨ ਕੋ ਜ੍ਵਲਤਾਵਹੁ।
ਨਮੋ ਕਰਤਿ ਹੀ ਵਹਿਰ ਸਿਧਾਵਹੁ।
ਇਸ ਕਾਰਜ ਮਹਿਂ ਬਿਲਮ ਨ ਕਰਨੀ।
ਜਪਹੁ ਪ੍ਰਮੇਸ਼ਰ ਧੀਰਜ ਧਰਨੀ' ॥੪॥
ਇਮ ਕਹਿ ਸ਼੍ਰੀ ਪ੍ਰਭੁ ਕ੍ਰਿਪਾ ਨਿਧਾਨਾ।
ਪਹੁਂਚੇ ਜਾਇ ਚਿਤਾ ਜਿਸ ਥਾਨਾ।
ਧਨੁਖ ਸਿਕੰਧ ਤੁਫੰਗ ਟਿਕਾਈ।
ਬਰਛੀ ਦਹਿਨੇ ਹਾਥ ਉਠਾਈ ॥੫॥
ਪੇਸ਼ ਕਬਜ਼ ਜਮਦਾੜ ਕੁਠਾਰਾ।
ਕਮਰ ਕਸੇ ਮਹਿਂ ਧਰੇ ਸੁਧਾਰਾ।
ਖੰਜਰ ਤਰਕਸ਼ ਖਰ ਸ਼ਮਸ਼ੇਰ।
ਰੂਪ ਬੀਰਰਸ ਕੇ ਸਮ ਸ਼ੇਰ[2] ॥੬॥
ਬਦਨ ਅਦੀਨ[3] ਸੁ ਨਯਨ ਪ੍ਰਫੂਲੇ।
ਜਿਗਾ ਦਮਕਤੀ ਕਲਗੀ ਝੂਲੇ।
ਤਿਸ ਛਿਨ ਬਦਨ ਚੰਦ੍ਰਮਾਂ ਓਰੇ।
ਲੋਚਨ ਸਭਿਨਿ ਚਕੋਰਨਿ ਜੋਰੇ ॥੭॥
ਦਿਪਤਿ ਤੇਜ ਕੋ ਪਿਖਿ ਪਿਖਿ ਸਾਰੇ।

---
[1](ਅਸੀਂ) ਜਦੋਂ ਬੈਠੀਏ।
[2]ਬੀਰ ਰਸ ਦੇ ਰੂਪ ਵਿਚ ਸ਼ੇਰ ਵਾਂਙ।
[3]ਕਦੇ ਦੀਨ ਨਾ ਹੋਣ ਵਾਲਾ ਭਾਵ ਚੜ੍ਹਦੀਆਂ ਕਲਾਂ ਵਾਲਾ।

ਸਮ ਸੂਰਜ ਕੇ ਗੁਰੂ ਬਿਚਾਰੇ।
ਕਮਲ ਨਯਨ ਬਿਕਸਤਿ ਬਿਸਮਾਏ।
ਬਿਨਾਂ ਨਿਮੇਖ[1] ਤਿਸੀ ਦਿਸ਼ਿ ਲਾਏ ॥੮॥
ਗਨ ਚੰਦਨ ਅਗਰਾਦਿ[2] ਘਨੇਰੇ।
ਚਿਖਾ ਬਿਸਾਲ ਰਚੀ ਸਭਿ ਹੇਰੇ।
ਭਏ ਅਰੂਢਨਿ ਗੁਰ ਭਗਵਾਨ।
ਚਹੁੰਦਿਸ਼ਿ ਈਂਧਨ ਜਹਾਂ ਮਹਾਂਨ ॥੯॥
ਸਿੱਖਨ ਕੋ ਆਇਸੁ ਤਬਿ ਦੀਨਿ।
ਸਭਿ ਦੇਸ਼ਨ ਕੋ ਰੁਖਸਦ ਕੀਨਿ।
ਇਕ ਸੰਤੋਖ ਸਿੰਘ ਜੁਤਿ ਰਹਿਤ[3]।
ਤਿਸ ਸੰਗ ਬੋਲੇ ਕਰੁਨਾ ਸਹਿਤ ॥੧੦॥
'ਇਸ ਥਲ ਰਹਹੁ ਦੇਗ਼ ਬਰਤਾਵਹੁ।
ਸ਼ਰਧਾ ਜੁਤਿ ਸੋ ਸਿੰਘ ਟਿਕਾਵਹੁ।
ਦਰਬ ਅਸੰਖ ਇਹਾਂ ਜੋ ਆਇ।
ਤਿਸ ਤੇ ਨਹਿਂ ਮੰਦਿਰ ਚਿਨਵਾਇ ॥੧੧॥
ਸਕਲ ਦੇਗ਼ ਪਰ ਦੇਹੁ ਲਗਾਈ।
ਪੰਚਾਂਮ੍ਰਿਤ ਆਦਿਕ ਕਰਿਵਾਈ।
ਚਿਨਹਿ ਮਹਿਲ ਤਿਸ ਕੁਲ ਗਲ ਜਾਇ।
ਯਾਂ ਤੇ ਕਹੀ ਨਹੀਂ ਬਿਸਰਾਇ[4]' ॥੧੨॥
ਤਬਿ ਸੰਤੋਖ ਸਿੰਘ[*] ਕਰ ਜੋਰੇ।
'ਸਿੱਖ ਸੰਗਤ ਨਾਂਹਿਨ ਇਤ ਓਰੇ।
ਕਿਸ ਤੇ ਲੇ ਧਨ ਦੇਗ਼ ਚਲਾਵੈਂ।
ਰਹੈਂ ਸਿੰਘ ਸੋ ਕਿਸ ਤੇ ਖਾਵੈਂ' ॥੧੩॥
ਸ਼੍ਰੀ ਮੁਖ ਤੇ ਤਬਿ ਧੀਰਜ ਦੀਨ।
'ਦੇਸ਼ ਨ ਰਹੈ ਸਿੰਘ ਤੇ ਹੀਨ।

---

[1]ਝਮਕਣ ਤੋਂ ਬਿਨਾਂ।
[2]ਅਗਰ ਆਦਿਕ।
[3]ਰਹਿਤ ਸਮੇਤ।
(ਅ) ਕੋਲ ਰਿਹਾ।
[4]ਸਾਡੀ ਕਹੀ ਬਾਤ ਭੁਲਾਉਣੀ ਨਾ।
[*]ਭਾਈ ਦਇਆ ਸਿੰਘ ਜੇ ਜੀਉਂਦੇ ਹੁੰਦੇ ਤਾਂ ਸਭ ਤੋਂ ਮੁਖੀ ਸਿੱਖ ਓਹ ਸਨ, ਏਹ ਸੌਂਪਣਾ ਤੇ ਪੰਥਕ ਜਥੇਦਾਰੀ ਉਸਨੂੰ ਮਿਲਦੀ। ਭਾਈ ਸੰਤੋਖ ਸਿੰਘ ਦਾ ਇਸੇ ਵੇਲੇ ਮੁਖੀ ਹੋਣਾ ਭਾਈ ਦਇਆ ਸਿੰਘ ਜੀ ਦੇ ਪਹਿਲੋਂ ਚਲ ਬਸਨੇ ਦਾ ਸੂਚਕ ਹੈ।

ਇਕ ਦੁਇ ਬ੍ਰਿੰਦਕ[1] ਇਹਾਂ ਬਨੈ ਹੈਂ।
ਜੇ ਸੰਪੂਰਨ ਦੇਗ਼ ਚਲੇ ਹੈਂ ॥੧੪॥
ਕਰਹੁ ਪਕਾਵਨ ਦਿਹੁ ਵਰਤਾਇ।
ਧਨ ਕੀ ਚਿੰਤ ਨ ਕਰੀਯਹਿ ਕਾਇ।'
ਇਮ ਸੁਨਿ ਸਭਿਹਿਨਿ ਸੀਸ ਨਿਵਾਏ।
ਦਈ ਪ੍ਰਦਛਿਨਾ ਥਿਰ ਚਹੁੰ ਘਾਏ ॥੧੫॥
ਜ੍ਵਲਤਿ ਹੁਤਾਸਿਨ ਕੀਨ ਬਿਸਾਲਾ।
ਨਿਕਸੇ ਵਹਿਰ ਸਕਲ ਤਤਕਾਲਾ।
ਜਬਹਿ ਕਨਾਤ ਪੌਰ ਤਜਿ ਆਏ।
ਸ਼ਬਦ ਸ਼੍ਰੌਨ ਮਹਿਂ ਤਬਿ ਸੁਨਿ ਪਾਏ ॥੧੬॥
ਵਾਹਿਗੁਰੂ ਜੀ ਕੀ ਬਹੁ ਫਤੇ।
ਬਾਰ ਬਾਰ ਬੋਲਤਿ ਸੁਖਿ ਮਤੇ।
ਜਬਿ ਭੀ[2] ਅਗਨਿ ਪ੍ਰਚੰਡ ਬਡੇਰੇ।
ਨਹਿਂ ਸ਼ਰੀਰ ਕੇ ਪਰਸੀ ਨੇਰੇ ॥੧੭॥
ਤਬਿ ਸਮਾਧਿ ਸਤਿਗੁਰੂ ਲਗਾਈ[+]।
ਜੋਗ ਅਗਨਿ ਤੂਰਨ ਉਪਜਾਈ[3]।
ਚਢਿ ਅਕਾਸ਼ ਕੇ ਪੰਥ ਪਧਾਰੇ।
'ਹਾਇ ਹਾਇ' ਨਰ ਖਰੇ ਪੁਕਾਰੇ ॥੧੮॥
'ਜੈ ਜੈ' ਸ਼ਬਦ ਗਗਨ ਮਹਿਂ ਹੋਵਾ।
ਸੁਨਜੋਂ ਸ਼੍ਰੌਨ ਕੁਛ ਨੈਨ ਨ ਜੋਵਾ।
ਗਨ ਦੇਵਨ ਮਹਿਂ ਨੌਬਤ ਬਾਜੇ।
ਸੁਨਤਿ ਸਕਲ ਜਿਮ ਨੀਰਧ[4] ਗਾਜੇ ॥੧੯॥
ਪਰੀ ਗੂੰਜ ਇਕਬਾਰ ਬਿਸਾਲਾ।
ਜਨੁ ਗਾਜਤਿ ਮਧੁਰੀ ਘਨ ਮਾਲਾ।
ਭਯੋ ਅਕਾਸ਼ ਪ੍ਰਕਾਸ਼ ਮਹਾਨਾ।

---

[1]ਟੋਲੇ।

[2]ਹੋਈ।

[+]ਇਕ ਛਾਪੇ ਦੇ ਨੁਸਖੇ ਵਿਚ ਇਸ ਤੋਂ ਅੱਗੇ ਹੇਠਲਾ ਪਾਠ ਵਾਧੂ ਹੈ ਜੋ ਲਿਖਤੀ ਨੁਸਖਿਆਂ ਵਿਚ ਸਾਨੂੰ ਨਹੀਂ ਮਿਲਿਆ। ਪਾਠ ਇਉਂ ਹੈ:-

ਜਗ ਜਗ ਜੋਤਿ ਤਹਾਂ ਦ੍ਰਿਸ਼ਟਾਈ। ਅਨਹਦਿ ਸਬਦਿ ਉਠੇ ਝੁਣਕਾਰਾ।
ਸ੍ਰੀ ਸਤਿਗੁਰ ਕਾ ਖੇਲ ਅਪਾਰਾ ॥ ੧੮ ॥ ਸੁੰਨ ਸਮਾਧਿ ਅਨਹਦ ਲਿਵਲਾਈ।

[3]ਭਾਵ ਇਹ ਆਪਣੀ 'ਇੱਛਾ ਅਨੁਸਾਰ ਬ੍ਰਹਮਰੰਧ੍ਰ ਦੇ ਰਸਤੇ ਆਤਮਾਂ ਨੂੰ ਸਰੀਰ ਤੋਂ ਜੁਦਾ ਕਰ ਲਿਆ। ਜੋਗ ਮਾਰਗ ਵਿਚ ਸਭ ਤੋਂ ਉੱਚੇ ਤੇ ਸਭ ਤੋਂ ਸ੍ਰੇਸ਼੍ਰ ਜੋਗੀ ਦੀ ਮੌਤ ਇੰਵ ਵਰਨੀ ਹੈ।

[4]ਬੱਦਲ।

ਲਾਲ ਬਰਣ ਸਭਿ ਕੋ ਦ੍ਰਿਸ਼ਟਾਨਾ ॥੨੦॥
ਜਨੁ ਬਰਖਾ ਕਰਿ ਕੁਛ ਘਨ ਲਟੇ[੧]।
ਸਾਵਣ ਕੀ ਸੰਧਯਾ ਮਹਿਂ ਫਟੇ।
ਸੂਰਜ ਕਿਰਣ ਸਜਲ ਤੇ ਬਰਣ[੨]।
ਤਿਸ ਬਿਧਿ ਦਿਖਿਯਤਿ ਪੀਤ ਕਿ ਅਰਣ[੩] ॥੨੧॥
ਭੀਰ ਬਿਮਾਨਨ ਕੀ ਬਹੁ ਹੋਈ।
ਗੁਰ ਆਗਵਨ ਜਾਨਿ ਸਭਿ ਕੋਈ।
ਗੀਰਬਾਣ[੪] ਪਹੁੰਚੇ ਸਮੁਦਾਏ।
ਜੈ ਜੈ ਧੁਨਿ ਤੇ ਰੌਰ ਉਠਾਏ ॥੨੨॥
ਵਾਹਿਗੁਰੂ ਜੀ ਕੀ ਕਹਿ ਫਤੇ।
ਮਿਲੇ ਦੇਵਤਾ ਕੇ ਗਨ ਜਿਤੇ।
'ਧੰਨ ਗੁਰੂ ਸਭਿ ਕਾਰਜ ਕਰੇ।
ਦੁਸ਼ਟਨ ਕੁਲ ਬਲ ਤੇ ਪਰਿਹਰੇ' ॥੨੩॥
ਸ੍ਵੈਯਾ: ਪੰਕਜ ਪੂਤ[੫], ਵਿਭੂਤ ਮਿਲੇ ਸ਼ਿਵ,
ਆਨਿ ਮਿਲੇ ਪੁਰਹੂਤ[੬] ਸਮੇਤਾ।
ਨਾਰਦ ਗਾਵਤਿ ਬੇਣ ਲਏ
ਗੁਰ ਨਾਨਕ ਕੇ ਪਦ ਜੇ ਸੁਖ ਹੇਤਾ।
ਆਦਿ ਹੁਤਾਸਨ[੭] ਦੇਵ ਸਬੈ
ਬਰ ਦੇਵਵਧੂ ਹੁਇ ਮੋਦ ਨਿਕੇਤਾ[੮]।
[੯]ਕੌਤਕ ਭਾਂਤਿ ਅਨੇਕ ਨਿਹਾਰਹਿਂ[*]

---

[੧]ਹਟੇ।
[੨]ਜਲ ਸਹਿਤ ਸੂਰਜ ਦੀ ਕਿਰਨਾਂ ਦਾ ਰੰਗ।
[੩]ਲਾਲ ਕਿ ਪੀਲਾ, ਭਾਵ ਅਕਾਸ਼ੀ ਪੀਂਘ ਦੇ ਰੰਗਾਂ ਤੋਂ ਜਾਪਦਾ ਹੈ।
[੪]ਦੇਵਤੇ।
[੫]ਬ੍ਰਹਮਾਂ।
[੬]ਇੰਦ੍ਰ।
[੭]ਅਗਨੀ ਆਦਿਕ।
[੮]ਖੁਸ਼ੀ ਦਾ ਘਰ ਹੋਕੇ ਭਾਵ ਬਹੁਤ ਪ੍ਰਸੰਨ ਹੋਕੇ।
[੯]ਅਨੇਕ ਤਰ੍ਹਾਂ ਦੇ (ਅਦਬ ਸਤਿਕਾਰ ਤੇ ਗੁਣਾਨੁਵਾਦ ਵਾਲੇ) ਕੌਤਕ (ਕੋਈ ਦੇਵਤੇ ਤਾਂ) ਕਰ ਰਹੇ ਹਨ ਤੇ ਕੋਈ ਦੇਖ ਰਹੇ ਹਨ (ਪਰ ਉਹਨਾਂ ਕੌਤਕਾਂ ਵਿਚ) ਬਿਬੇਕ ਦੇ ਇਸ਼ਾਰੇ ਹਨ [ਸੰਸ:, ਸੰਕੇਤ=ਇਸ਼ਾਰਾ]। (ਅ) ਅਨੇਕ ਭਾਂਤ ਦੇ ਕੌਤਕ (ਦੇਵਤੇ ਆਦਿ) ਕਰਕੇ ਦਿਖਾਉਂਦੇ ਹਨ ਗਯਾਨ ਦੇ ਘਰ (ਗੁਰੂ ਜੀ) ਨੂੰ (ਅਤੇ ਓਹ) ਦੇਖ ਰਹੇ ਹਨ (ਉਹਨਾਂ ਨੂੰ)। [ਸੰਕੇਤ=ਸੰ ਕੇਤ=ਘਰ। ਸੰਸ: ਧਾਤੂ ਕਿਤ੍=ਵੱਸਣਾ ਤੋਂ]। ਸੂਚਨਾ=ਦੇਵਤੇ ਤਾਂ 'ਮੋਦ ਨਿਕੇਤਾ'=ਖੁਸ਼ੀ ਦਾ ਘਰ ਹੋ ਰਹੇ ਹਨ ਪਰ ਗੁਰੂ ਜੀ 'ਵਿਵੇਕ ਸੰਕੇਤਾ' ਹਨ, ਕਿ ਓਹ ਪੂਰਨ ਗਯਾਨ ਵਿਚ ਟਿਕੇ ਖੜੇ ਸਭ ਕੁਛ ਵੇਖ ਰਹੇ ਹਨ।
[*]ਪਾ:-ਅਨੇਕਨਿ ਕੈ ਕਰਿ ਕੈ।

ਕੈ ਦਿਖਰਾਇੰ ਬਿਬੇਕ ਸੰਕੇਤਾ ॥੨੪॥
'ਸ਼੍ਰੀ ਗੁਰ ਤੇਗ ਬਹਾਦਰ ਨੰਦਨ
ਬੰਦਨ ਜੋਗ ਨਿਕੰਦਨ ਹੋ ਦੁਖ।
ਪੰਥ ਰਚਜੋ, ਸ਼ੁਭ ਗ੍ਰੰਥ ਸਚਜੋ,
ਅਰਿ ਪੁੰਜ ਪਚਜੋ[1] ਅਰ ਕੈਠ[+] ਲਹਜੋ ਸੁਖ[2]।
ਤੇਜ ਬਿਸਾਲ ਕ੍ਰਿਪਾਲ ਸਦਾ
ਬਿਕਸਜੋ ਅਰਬਿੰਦ ਬਿਲੰਦ ਦਿਪੈ ਮੁਖ।
ਹਿੰਦਨ ਬ੍ਰਿੰਦ ਕੀ ਲਾਜ ਰਖੀ,
ਤੁਰਕਾਨ ਪ੍ਰਤਾਪ ਖਪਾਇ ਰਿਸੇ ਚੁਖ[3] ॥੨੫॥
ਹੋਤਿ ਕੁਲਾਹਲ ਦੇਵਨ ਮਹਿਂ
ਗਨ ਦੇਵਵਧੂ ਬਹ ਨਾਚਤਿ ਹੈਂ।
ਮੰਗਲ ਕੋ ਸਰਬੰਗ ਧਰੈਂ
ਜੈ ਬਾਕ ਉਤੰਗ ਉਬਾਚਤਿ ਹੈਂ।
ਬਾਜਤਿ ਬ੍ਰਿੰਦ ਮ੍ਰਿਦੰਗ, ਉਪੰਗ[4],
ਮਚੰਗ[5], ਸੁਰੰਗਨਿ[6] ਰਾਚਤਿ ਹੈਂ।
ਜਾਚਤਿ ਹੈਂ ਦਰਸੰਨ ਪ੍ਰਸੰਨਹਿਂ
'ਧੰਨ ਗੁਰੂ' ਮੁਦ ਮਾਚਤਿ ਹੈਂ[7] ॥੨੬॥
ਸ਼੍ਰੀ ਗੁਰ ਤੇਗ ਬਹਾਦਰ ਨੰਦ ਕੇ
ਆਦਰ ਕਾਰਨ ਦੇਵ ਮਿਲੇ।
ਧੀਰ ਬਹਾਦਰ ਕੋ ਅਵਿਲੋਕ
ਅਸ਼ੋਕ ਭਏ ਗਨ ਸੰਗ ਚਲੇ।
ਸ਼੍ਰੀ ਪ੍ਰਭੁ ਹੇਰਿ ਸਮੂਹਨ ਕੋ ਮਿਲਿ
ਰੀਤਿ ਜਥੋਚਿਤ ਕੀਨ ਭਲੇ।
ਕੌਤਕ ਹ੍ਵੈ ਉਤਸਾਹਨ ਕੇ

---

[1]ਖਪਾਇਆ।
[+]ਪਾ:-ਅਰਕੈਨ ਲਹਜੋ।
[2]ਅਤੇ ਸੁਖ ਇਕੱਠਾ ਕਰ ਲਿਆ।
[3]ਰਤੀ ਕੁ ਭਰ ਗੁੱਸੇ ਨਾਲ।
[4]ਨਸਤ੍ਰੰਗ ਨਾਮੇ ਬਾਜਾ ਜੋ ਗਲੇ ਨਾਲ ਵੱਜਦਾ ਹੈ।
[5]ਇਕ ਬਾਜਾ, ਜਿਸ ਦਾ ਸਿਰ ਝੁਕਿਆ ਹੁੰਦਾ ਹੈ, ਸਾਰੰਗੀ। [ਫਾ:, ਚੰਗ=ਸਾਰੰਗੀ। ਹਿੰਦੀ, ਮੁ=ਵਡਾ। (ਅ) ਮੁ+ਚੰਗ=ਵੱਡੀ ਸਾਰੰਗੀ। ਸ਼ੈਕ: ਕੋਸ਼ ਵਿਚ ਲਿਖਿਆ ਹੈ, ਮੁ=ਮੂੰਹ। ਚੰਗ=ਇਕ ਬਾਜਾ, ਬਰਬਤ ਬਾਜਾ]। (ਅ) ਦੱਛ।
[6]ਸੁਰਾਂਗ। ਸਾਰੰਗੀ ਵਰਗਾ ਗਜ਼ ਨਾਲ ਵੱਜਣ ਵਾਲਾ ਇਕ ਵਾਜਾ।
[7]ਖੁਸ਼ੀ ਵਿਚ ਮਚਦੇ ਹਨ।

ਇਮ ਆਪਸ ਮਹਿਂ ਹਰਖਾਇ ਚਲੇ ॥੨੭॥

ਦੋਹਰਾ: ਇਸ ਪ੍ਰਕਾਰ ਸੁਰਲੋਕ ਮਹਿਂ, ਦੇਵਨ ਉਤਸਵ ਕੀਨ।
ਪੌਰ ਪੌਰ ਸਭਿ ਠੌਰ ਮਹਿਂ, ਮੰਗਲ ਮੋਦ ਪ੍ਰਬੀਨ ॥੨੮॥

ਸ੍ਵੈਯਾ: [1]ਛੋਰਿ ਕੈ ਪੌਰ ਕੀ ਠੌਰ ਕਨਾਤ ਤੇ
ਬਾਹਿਰ ਆਨਿ ਥਿਰੇ ਸਮੁਦਾਯਾ।
ਬੈਠਿ ਗਏ ਗਨ ਸਿੰਘ ਚਹੂੰਦਿਸ਼ਿ
ਲੋਚਨ ਤੇ ਜਲ ਪੁੰਜ ਬਹਾਯਾ।
ਸੂਰਤਿ ਸ਼੍ਰੀ ਗੁਰ ਕੀ ਮ੍ਰਿਦੁ[*] ਮੂਰਤਿ
ਧ੍ਯਾਨ ਧਰੇ ਮਨ ਕੋ ਠਹਿਰਾਯਾ।
ਬ੍ਰਿੰਦ ਭਲੇ ਗੁਨ ਕੋ ਸਿਮਰੈਂ
ਸ਼ੁਭ ਸ਼ੀਲ ਸਰਾਹਿਤ ਦੀਰਘ ਦਾਯਾ[2] ॥੨੯॥
'ਸ਼੍ਰੀ ਪ੍ਰਭੁ ! ਸਿੰਘ ਕਦੰਬ[3] ਪੰਜਾਬ ਕੇ
ਕੌਨ ਅਲੰਬ ਇਹਾਂ ਹਮ ਕੇਰਾ।
ਕੌਨ ਕੇ ਹੋਇ ਸਮੀਪ ਥਿਰੈਂ ਨਿਤ,
ਕਾਹਿ ਪਿਖੈਂ ਸਭਿ ਸੰਝ ਸਵੇਰਾ।
ਸ਼੍ਰੀ ਮੁਖ ਤੇ ਬਿਨ ਚਾਰੁ ਗਿਰਾ
ਕਿਸ ਤੇ ਉਪਦੇਸ਼ ਸੁਨੈਂ ਕਰਿ ਘੇਰਾ।
ਦੇਖਿ ਕਿਸੇ ਹਮ ਆਨੰਦ ਪਾਵਹਿਂ
ਲੋਕ ਦੁਹੂੰ ਵਿਸ਼ਵਾਸ਼ ਵਡੇਰਾ?' ॥੩੦॥
ਲੋਚਨ ਤੇ ਜਲ ਮੋਚਤਿ ਸੋਚਤਿ
ਨਿੰਮ੍ਰਿ ਕਰੈਂ ਮੁਖਿ, ਹੀ ਦੁਚਿਤਾਈ[4]।
ਇਕ ਕੇ ਸੰਗ ਨ ਦੂਸਰ ਬੋਲਤਿ
ਦੇਖਨ ਕੋ ਨਹਿਂ ਦ੍ਰਿਸ਼ਟਿ ਚਲਾਈ।
ਜ੍ਯੋਂ ਬਹੁ ਨਾਗਨ ਕੀ ਮਣਿ ਏਕ,
ਭਈ ਕਿਤ ਲੋਪ, ਨਹੀਂ ਪੁਨ ਪਾਈ।
-[5]'ਭਾਗ ਬਿਹੀਨ ਬਿਯੋਗ ਸਹ੍ਯੋ,

---

[1]ਦੇਵਤਿਆਂ ਦਾ ਪ੍ਰਸੰਗ ਛੱਡਕੇ ਅਬਚਲ ਨਗਰ ਦੇ ਸਿੱਖਾਂ ਦਾ ਹਾਲ ਦੱਸਦੇ ਹਨ।
[*]ਪਾ:-ਮਧੁ।
[2]ਬਹੁਤ ਦਇਆ ਨੂੰ ਸਲਾਹੁੰਦੇ ਹਨ।
(ਅ) ਦਾਈਆ।
[3]ਸਾਰੇ।
[4]ਹਿਰਦੇ ਵਿਚ ਚਿੰਤਾ ਹੈ।
[5]ਸਿੰਘ ਬਿਰਹਾ ਕਰਦੇ ਹਨ:-

ਗੁਰ ਸੰਗ ਗਏ ਨ ਸਰੀਰ ਬਿਹਾਈ[੧] ॥੩੧॥
ਪੇਖਹੁ ਪ੍ਰੀਤਿ ਪਤੰਗਨ ਕੀ
ਛਿਨ ਮੈਂ ਤਨ ਦੇਤਿ ਬਿਲੋਕਿ ਪ੍ਰਕਾਸ਼ਾ।
ਨਾਦ ਸੁਨੇ ਅਹਿਲਾਦ ਰਿਦੈ
ਕਰਿ ਹ੍ਵੈ ਵਿਸਮਾਦ ਤੇ ਏਣੁ[੨] ਬਿਨਾਸਾ[੩]।
ਏਕ ਸੁਗੰਧਿ ਤੇ ਅੰਧ ਮਧੂ
ਬ੍ਰਿਤਿ ਛੋਰਤਿ ਨਾਂਹਿ ਪ੍ਰਮੋਦ[*] ਮਹਿਂ ਫਾਸਾ[੪]।
ਮੀਨ ਰਹੈ ਜਲ ਤੇ ਸੁਚ ਸੋਂ,
ਬਿਛਰੇ ਮਰਿ ਜਾਤਿ, ਸੁ ਪ੍ਰੇਮ ਉਪਾਸਾ[੫] ॥੩੨॥
ਕਜਾ ਇਹ ਜੰਤੁ ਮਲੀਨ ਮਹਾਂ,
ਕਰਿ ਪ੍ਰੇਮ ਕੋ ਦੇਤਿ ਹੈਂ ਆਪਨੇ ਪ੍ਰਾਨਾ।
ਹੈ ਹਮਰੋ ਤਨ ਮਾਨੁਖ ਕੋ
ਸਭਿ ਜਾਨਤਿ ਹੈਂ ਮਨ ਲਾਭ ਰੁ ਹਾਨਾ।
ਸ਼੍ਰੀ ਗੁਰ ਪ੍ਰੀਤਿ ਸਦਾ ਸੁਖਦਾ
ਦੁਹਿ ਲੋਕਨ ਮੈਂ ਕਰਤੀ ਸੁ ਕਲਜਾਨਾ।
ਸੋ ਹਮ ਜਾਨਿ ਮਹਾਤਮ ਕੋ
ਨਿਰਬਾਹਿ ਨ ਕੀਨ[੬] ਭਏ ਅਨੁਜਾਨਾ ॥੩੩॥
ਪਾਹਨ ਤੇ ਨਿਠਰੋ ਹਮਰੋ
ਉਰ ਪ੍ਰੀਤਮ ਕੇਰ ਬਿਯੋਗ ਸਹਾਰਾ।
ਜਾਂਹਿ ਬਿਨਾਂ ਸੁਖ ਲੇਸ਼ ਨਹੀਂ
ਦੁਹਿਂ ਲੋਕਨ ਕੌ ਪ੍ਰਭੁ ਮਾਲਿਕ ਭਾਰਾ।
ਤਾਂ ਬਿਨ ਬੈਠਿ ਰਹੇ ਬਨਿ ਦੀਨ,
ਗਏ ਨਹਿਂ ਸਾਥ ਜੁ ਨਾਥ ਉਦਾਰਾ। '
ਭੂਰ ਬਿਸੂਰਤਿ ਹੈਂ ਬਨ ਮੂਰਤਿ[੭]

---

[੧]ਸਰੀਰ ਛੱਡਕੇ ਨਾਲ ਨਾ ਗਏ।
[੨]ਹਰਨ।
[੩]ਮ੍ਰਿਗ (ਆਪਣਾ ਆਪ) ਨਾਸ਼ ਕਰਦਾ ਹੈ।
[*]ਪਾ:-ਪ੍ਰਦੇਸ਼।
[੪]ਇਕ ਸੁਗੰਧੀ ਦੇ ਨਾਲ ਅੰਨ੍ਹਾ ਹੋਇਆ (ਭਾਵ ਪ੍ਰੇਮੀ) ਭੌਰਾ ਪ੍ਰਮੋਦ ਵਿਚ ਆਕੇ (ਕਵਲ ਫੁੱਲ ਦੇ ਰਾਤ ਨੂੰ ਮਿਟੀਂਦੇ ਜਾਣ ਦੀ) ਲਪੇਟ ਵਿਚ ਆਇਆ (ਉਸ ਨੂੰ) ਛੱਡਦਾ ਨਹੀਂ ਸਗੋਂ ਫਸ ਜਾਂਦਾ ਹੈ। [ਸੰਸ:, ਪ੍ਰਮੋਦ=ਖੁਸ਼ੀ। ਬ੍ਰਿਤਿ=ਘੇਰਾ। ਲਪੇਟ]।
[੫]ਪ੍ਰੇਮ ਦੀ ਉਪਾਸਨਾ ਐਸੇ ਹੈ। (ਅ) ਐਸਾ ਵਿਸ਼ੇਸ਼ ਪ੍ਰੇਮ ਉਸ ਪਾਸ ਹੈ। [ਉ=ਵਿਸ਼ੇਸ਼। ਪਾਸਾ=ਪਾਸ ਹੈ]।
[੬]ਪ੍ਰੇਮ ਦਾ ਨਿਰਬਾਹ ਨਾ ਕੀਤਾ।
[੭]ਮੂਰਤੀਆਂ ਬਣਕੇ।

ਅੰਗ ਅਡੋਲ ਥਿਰੇ ਇਕਸਾਰਾ ॥੩੪॥
ਸ਼੍ਰੀ ਗੁਰ ਆਇਸੁ ਕੇ ਬਸਿ ਹ੍ਵੈ ਕਰਿ
ਪ੍ਰਾਤ ਲੌ ਚਾਰਹੂੰ ਓਰ ਥਿਰੇ।
ਦਾਸ ਤੁਰੰਗਮ ਮਹਿਂ ਗਮਨਯੋਂ ਇਕ,
ਰੰਗ ਕੁਮੈਤ ਨ ਡੀਠ ਪਰੇ[1]।
ਦਾਮ ਖੁਲੇ ਅਗਵਾਰ ਪਿਛਾਰਿ,
ਬਿਲੋਕਤਿ ਭਾ ਤਿਸ ਥਾਨ ਪਰੇ।
-ਕੌਨਸੇ ਪੰਥ ਉਲੰਘ ਗਯੋ
ਤਿਸ ਰੀਤਿ ਰਹੇ ਇਹ ਦ੍ਵਾਰ ਭਿਰੇ- ॥੩੫॥
ਆਨਿ ਭਨਯੋਂ ਸਭਿ ਸਿੰਘਨ ਬੀਚ
'ਤੁਰੰਗ ਕੁਮੈਤ ਨਹੀਂ ਨਿਜ ਥਾਨੇ।
ਜ਼ੀਨ ਕੋ ਪਾਇ ਕੈ ਤਯਾਰ ਕਰੇ ਸਭਿ
ਏਕ ਪੈ ਆਪ ਚਢੇ ਪ੍ਰਸਥਾਨੇ।'
ਸ਼੍ਰੋਨ ਸੁਨੇ ਬਿਸਮਾਇ ਬਿਲੋਕਤਿ
'ਏਕ ਨਹੀਂ, ਹਿਤ ਜਾਂ ਪਰ ਠਾਨੇ।
ਔਰ ਖਰੇ ਅਸੁ ਮੋਚਤਿ ਹੈਂ ਅਸੁ[2],
ਹੀਯ ਸੰਦੇਹ ਭਏ, ਕਿਮ ਜਾਨੇ[3]' ॥੩੬॥
ਦੋਇ ਘਰੀ ਜਬਿ ਦਯੋਸ ਚਢਯੋ
ਬਹੁਰੋ ਚਿਤ ਸੋਚਤਿ ਸੰਕਟ ਪਾਏ।
ਈਂਧਨ ਲਯਾਵਨਿ ਹਾਰਿ ਹੁਤੋ
ਤਿਨ ਬਾਹਿਰ ਸ਼੍ਰੀ ਪ੍ਰਭੁ ਕੋ ਦਰਸਾਏ[4]।
ਆਇ ਗਯੋ ਪੁਨ ਸਿੰਘਨ ਮਹਿਂ
ਜਹਿਂ ਸ਼ੋਕ ਸਮੇਤ ਰਿਦੇ ਸਮੁਦਾਏ।
ਹੇਰਿ ਖਰੋ ਹੁਇ ਦੀਨ ਸੰਦੇਸਹਿ[5]
'ਮੋਹਿ ਮਿਲੇ ਗੁਰ ਦੂਰ ਸਥਾਏ ॥੩੭॥
ਸ਼੍ਰੀ ਮੁਖ ਤੇ ਫੁਰਮਾਵਨ ਕੀਨਿ
-ਕਹੋ ਸਭਿ ਸਿੰਘਨ ਕੋ ਸਮੁਝਾਏ।

---

[1]ਉਸੇ ਥਾਂ ਹੀ ਪਏ ਹਨ ਅਗਾੜੀ ਪਿਛਾੜੀ ਦੇ ਰੱਸੇ।
[2]ਹੋਰ ਘੋੜੇ ਖੜੇ ਅੱਥਰੂ ਕੇਰਦੇ ਹਨ।
[ਅਸੁ=ਅਸ੍ਵ=ਘੋੜੇ। ਅਸੁ=ਅੱਸ਼੍ਰੂ=ਅੱਥਰੂ]।
[3]ਕੀ ਜਾਣੀਏਂ।
[4]ਉਸ ਨੇ ਬਾਹਰ ਗੁਰੂ ਜੀ ਨੂੰ ਡਿੱਠਾ ਸੀ।
[5]ਸੁਨੇਹਾ ਦਿੱਤਾ।

ਆਇ ਤੁਰੰਗਮ ਤੀਰ ਗਯੋ ਹਮ[1],
ਵਾਹਿਨ ਬੇਗ ਬਲੀ ਚਪਲਾਏ।
ਸ਼ੋਕ ਨ ਚਿੰਤ ਕਰੋ ਚਿਤ ਮਹਿਂ
ਸਤਨਾਮ ਜਪਹੁ ਹੁਇ ਅੰਤ ਸਹਾਏ-।
ਯੌਂ ਕਹਿ ਸ਼੍ਰੀ ਪ੍ਰਭੁ ਜਾਤਿ ਭਏ'
ਸੁਨਿ ਕੈ ਗੁਰ ਬਾਤ ਸਬੈ ਬਿਸਮਾਏ ॥੩੮॥

ਦੋਹਰਾ: ਸੰਮਤ ਸੱਤ੍ਰਾ ਸੈ ਬਿਤੇ, ਪੁਨ ਪੈਂਹਠ ਪਹਿਚਾਨ।
ਕਾਤਕ ਕੀ ਸ਼ੁਦਿ ਪੰਚਮੀ, ਨਿਸ ਬੈਕੁੰਠ ਪਯਾਨ ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਚਤਰਬਿੰਸਤੀ ਅੰਸੂ ॥੨੪॥

---

[1] ਘੋੜਾ ਸਾਡੇ ਪਾਸ ਆ ਗਿਆ ਹੈ।

## ੨੫. [ਇਕ ਸੰਤ ਨੂੰ ਦਰਸ਼ਨ। ਬਾਲੇ ਰਾਇ ਦੀ ਸਹਾਇਤਾ]

੨੪<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੬

ਦੋਹਰਾ: ਸ਼ੋਕ ਕਰਹਿਂ ਬੈਠੇ ਸਕਲ,
ਸੁਨਿ ਤੁਰੰਗ ਕੀ ਬਾਤ।
ਨਿਜ ਵਾਹਨ ਕੋ ਲੇ ਗਏ,
ਗੁਰੂ ਬੀਰ ਬੱਖਜਾਤ ॥੧॥
ਚੌਪਈ: ਜਾਮ ਦਿਵਸ ਜਬਿ ਹੀ ਚਢਿ ਆਏ।
ਚਿਤਵਹਿਂ ਗੁਰ ਚਰਿੱਤ੍ਰ ਬਿਸਮਾਏ।
ਏਕ ਸਾਧ ਪੁਨ ਚਲਿ ਕਰਿ ਆਯੋ।
ਸਿੰਘਨ ਕੋ ਅਵਿਲੋਕ ਅਲਾਯੋ ॥੨॥
'ਤੁਮ ਕਿਮ ਬੈਠੇ ਹੋ ਮਿਲਿ ਕਰਿ ਕੈ?
ਸ਼ੋਕ ਸਚਿੰਤ ਮੌਨ ਮੁਖ ਧਰਿ ਕੈ।'
ਸੁਨਿ ਕਰਿ ਕਹੀਜੋ ਪ੍ਰਸੰਗ ਉਦਾਰੇ।
'ਸ਼੍ਰੀ ਸਤਿਗੁਰ ਬੈਕੁੰਠ ਸਿਧਾਰੇ ॥੩॥
ਸੈਨ ਦੀਨ ਜਿਮ ਮਹਿਪਤਿ ਹੀਨਾ[1]।
ਚੰਦ ਬਿਨਾ ਜਿਮ ਰਾਤਿ ਮਲੀਨਾ।
ਜਿਮ ਮਥਰਾ ਮਹਿਂ ਸ਼ਜਾਮ ਸਿਧਾਯੋ।
ਪੀਛੇ ਗੋਪੀ ਗਨ ਬਿਕੁਲਾਯੋ ॥੪॥
ਜਥਾ ਰਾਮ ਬਨ ਬਿਖੈ ਸਿਧਾਰੇ।
ਔਧਪੁਰੀ ਕੇ ਨਰ ਦੁਖਿਯਾਰੇ।
ਤਿਮ ਸਤਿਗੁਰ ਬਿਨ ਸਿੰਘ ਰਹੇ ਹੈਂ।
ਰਿਦੇ ਬਿਖਾਦ ਬਿਸਾਲ ਲਹੇ ਹੈਂ' ॥੫॥
ਬੋਲਜੋ ਸਾਧ 'ਪੰਥ ਮਹਿਂ ਜਾਵਤਿ।
ਦੇਖੇ ਤਹਿਂ ਗੁਰ ਅੱਗ੍ਰ ਸਿਧਾਵਤਿ।
ਮੈਂ ਕਰ ਬੰਦਿ ਕੀਨਿ ਪਗ ਨਮੋ।
ਮੁਸਕਾਵਤਿ ਬੋਲੇ ਤਿਹ ਸਮੋਂ ॥੬॥
-ਆਵਹੁ ਸੰਤ! ਦਰਸ ਲਿਹੁ ਦੇਹੁ।
ਹਰਿ ਜਨ ਮਿਲਿਨਿ ਅਨੰਦ ਅਛੇਹੁ।
ਅੰਤ ਸਮੈਂ ਕੋ ਮੇਲ ਤੁਹਾਰੋ।
ਜਹਿਂ ਸੰਜੋਗ, ਬਿਯੋਗ ਬਿਚਾਰੋ- ॥੭॥
ਮੈਂ ਸੁਨਿ ਕਰਿ ਬੂਝਜੋ ਕਰ ਜੋਰਿ।

[1]ਜਿਵੇਂ ਰਾਜੇ ਬਿਨਾਂ ਸੈਨਾ ਦੀਨ ਹੁੰਦੀ ਹੈ।

-ਰਾਵਰ ਕੋ ਪਯਾਨ ਕਿਤ ਓਰ?
ਦਾਸ ਨਹੀਂ ਕੋ ਸਾਥ ਤਿਹਾਰੇ[1]?
ਨਾਥ! ਇਕਾਕੀ ਕਹਾਂ ਪਧਾਰੇ? - ॥੮॥
ਬੋਲੇ ਸ਼੍ਰੀ ਮੁਖ ਤੇ ਮੁਸਕਾਵਿਤ।
-ਹਮ ਅਖੇਰ ਹਿਤ ਬਨ ਕੋ ਜਾਵਤਿ।
ਕਰਹਿਂ ਸੈਲ ਜੇਤਿਕ ਮਨ ਭਾਵਤਿ।
ਜਿਤ ਕਿਤ ਬਿਚਰਤਿ ਆਨੰਦ ਪਾਵਤਿ- ॥੯॥
ਇਮ ਕਹਿ ਸਤਿਗੁਰ ਅੱਗ੍ਰ ਸਿਧਾਰੇ।
ਹਯ ਕੁਮੈਤ ਪਰ[2], ਆਯੁਧ ਧਾਰੇ।
ਅਬਿ ਹੀ ਮੈਂ ਬਿਲੋਕਿ ਚਲਿ ਆਯੋ।
ਤੁਮਹੁੰ ਅਚਾਨਕ ਕਹਾਂ ਸੁਨਾਯੋ ॥੧੦॥
ਜੇ ਤਿਨਿ ਹੋਤਿ ਗਮਨ ਪਰਲੋਕ।
ਮੈਂ ਕਿਤ ਲੇਤੋ ਦਰਸ ਬਿਲੋਕਿ।
ਪੰਥ ਪਯਾਨਤਿ ਭਲਿ ਬਿਧਿ ਹੇਰੇ।
ਤੌ ਪ੍ਰਲੋਕ ਕਿਮ? ਸੰਸੈ ਮੇਰੇ' ॥੧੧॥
ਅਦਭੁਤ ਚਲਿਤ ਗੁਰੂ ਕੇ ਐਸੇ।
ਕਹਿ ਸੁਨਿ ਕਰਿ ਬਿਸਮਤਿ ਸਭਿ ਬੈਸੇ।
ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ।
'ਗੁਰ ਇਕ ਸਮ ਸਭਿ ਬਿਖੈ ਸਮਾਯੋ ॥੧੨॥
ਜਹਿਂ ਸਿਮਰੇਂ ਤਹਿਂ ਹਾਜ਼ਰ ਅਹੈਂ।
ਸਭਿ ਸਿੱਖਨ ਕੀ ਸ਼ਰਧਾ ਲਹੈਂ।
ਜਨਮ ਮਰਨ ਪ੍ਰਾਪਤਿ ਕੁਛ ਨਾਂਹੀ।
ਸੁਤਹਿ ਸਿੱਧ ਤਨ ਧਰਹਿਂ ਬਿਲਾਹੀ[3] ॥੧੩॥
ਸੰਤਨ ਕੀ ਸਹਾਇਤਾ ਕਾਰਨ।
ਦੁਸ਼ਟ ਨਰਨ ਕੀ ਜੜ੍ਹਾਂ ਉਖਾਰਨ।
ਸ਼ੁਭ ਮਗ ਜਗਤ ਬਿਖੈ ਬਿਸਤਾਰਨ।
ਕਰਨ ਕੁਕਰਮਨਿ ਕੋ ਨਿਰਵਾਰਨ ॥੧੪॥
ਨਿਜ ਭਗਤਨ ਕੋ ਜਗਤ ਉਧਾਰਨ।
ਧਰਾ ਭਾਰ ਗਨ ਤਾਪ ਬਿਦਾਰਨ।

---

[1]ਆਪ ਦੇ।
[2]ਕੁਮੈਤ ਘੋੜੇ ਉਤੇ।
[3]ਤਨ ਧਰਦੇ ਹਨ ਤੇ ਲੀਨ ਹੋ ਜਾਂਦੇ ਹਨ।

ਹਰਿ ਸੰਤਨ ਦ੍ਰੋਹੀ ਬਹੁ ਮਾਰਨ।
ਸੱਤਿਨਾਮ ਸਿਮਰਾਵਨਿ ਕਾਰਨ ॥੧੫॥
ਧੰਨ ਗੁਰੂ ਸਭਿ ਕਾਰਨ ਕਰਨ।
ਜਿਨ ਕੇ ਸਮ ਨਹਿਂ ਤਾਰਨ ਤਰਨ।
ਅਦਭੁਤ ਚਲਿਤ ਲਖੇ ਨਹਿਂ ਜਾਹੀਂ।
ਸ਼ੇਸ਼ ਗਨੇਸ਼ ਪਾਰ ਨਹਿਂ ਪਾਹੀਂ ॥੧੬॥
ਜੋਗੀਸ਼ਨ ਕੇ ਧਜਾਨ ਬਸੰਤੇ।
ਸੁਰ ਨਰ ਮੁਨਿ ਜਨ ਸੇਵ ਕਰੰਤੇ।
ਕੇਤਿਕ* ਕਾਰਨ ਤੇ ਤਨ ਧਾਰੈਂ।
ਕਰਿ ਸਭਿ ਕੋ ਬੈਕੁੰਠ ਸਿਧਾਰੈਂ ॥੧੭॥
ਤਿਨ ਕੇ ਹਿਤ ਕੁਛ ਸ਼ੋਕ ਨ ਬਨੈ।
ਬੇਦ ਪੁਰਾਨ ਜਾਸ ਜਸੁ ਭਨੈਂ।
ਸਭਿ ਕੇ ਬੀਚ ਸਭਿਨਿ ਤੇ ਨਜਾਰੇ।
ਭੋਗ ਭੋਗਤਾ ਲੇਪ ਨ ਧਾਰੇ[1] ॥੧੮॥
ਯਾਂ ਤੇ ਕਥਾ ਅਕਥ ਗੁਰ ਕੇਰੀ।
ਹਾਰਹਿ ਜੇ ਬੁਧਿ ਧਰਤਿ ਬਡੇਰੀ।'
ਇਮ ਚਰਚਾ ਕਰਿ ਆਪਸ ਮਾਂਹੀ।
'ਗੁਰ ਹਿਤ ਸ਼ੋਕ ਉਪਾਵਹੁ ਨਾਂਹੀ' ॥੧੯॥
ਢਰੇ ਦੁਪਹਿਰੇ ਲਗਿ ਥਿਰ ਰਹੇ।
ਸੁੱਖਾ ਛਕਨਿ ਸਮੋ ਤਬਿ ਲਹੇ।
'ਕਰਹੁ ਦੇਗ਼ ਉਠਿ ਪੁਨ ਸਵਧਾਨੋ।
ਕਰਹੁ ਸੁਚੇਤਾ ਸਿਮਰਨ ਠਾਨੋ' ॥੨੦॥
ਇਮ ਕਹਿ ਉਠੇ ਦੇਗ਼ ਹਿਤ ਸਿੱਧ[2]।
ਗੁਰ ਹਿਤ ਸੁੱਖਾ ਕਰਜੋ ਤਿਸੀ ਬਿਧਿ।
ਭੋਗ ਲਗਾਇ ਆਪ ਪੁਨ ਛਕਜੋ।
ਸੌਚ ਹੇਤੁ ਗਮਨੇ ਜਲ ਤਕਜੋ ॥੨੧॥
ਕਰਿ ਸ਼ਨਾਨ ਬੰਧੀ ਦਸਤਾਰ।
ਪੁਨ ਸਭਿ ਮਿਲੇ ਗੁਰੂ ਦਰਬਾਰ।
ਪੂਰਬ ਪ੍ਰਭੁ ਕੋ ਭੋਗ ਲਗਾਯੋ।

---

*ਪਾ:-ਕੌਤਕ।
[1]ਭੋਗਾਂ ਨੂੰ ਭੋਗਦੇ ਹੋਏ ਫਿਰ ਲਿਪਾਇਮਾਨ ਨਹੀਂ ਹੁੰਦੇ।
[2]ਦੇਗ਼ ਸਿੱਧ (ਤਿਆਰ) ਕਰਨ ਲਈ।

ਦੇਗ਼ ਅਹਾਰ ਬਹੁਰ ਬਰਤਾਯੋ ॥੨੨॥
ਅਚਿ ਅਚਿ ਅਸਨ ਨਮੋ ਕਰਿ ਜੋਰਿ।
ਬੈਠੇ ਪੁਨ ਕਨਾਤ ਚਹੁੰ ਓਰ।
ਕੇਤਿਕ ਪਢਤਿ ਸਿੰਘ ਗੁਰਬਾਨੀ।
ਕੇਤਿਕ ਸੁਨਤਿ ਅਨੰਦ ਮਹਿਂ ਸਾਨੀ[1] ॥੨੩॥
ਨਿਸ ਮਹਿਂ ਅਲਪ ਕਿਤਿਕ ਚਿਰ ਸੋਏ।
ਜਾਗ੍ਰਨ ਕੀਨਿ ਤਹਾਂ ਸਭਿ ਕੋਏ।
ਭਈ ਪ੍ਰਾਤਿ ਤੇ ਜਾਇ ਸ਼ਨਾਨੇ।
ਸਭਿ ਮਿਲਿ ਗਏ ਗੁਰੂ ਇਸਥਾਨੇ ॥੨੪॥
ਪ੍ਰਥਮ ਕਨਾਤ ਸੁ ਖੋਲਿ ਹਟਾਈ।
ਚਿਤਾ ਭਸਮ ਕੀਨਸਿ ਇਕ ਥਾਈਂ।
ਆਯੁਧ ਨਹੀਂ ਏਕ ਤਹਿਂ ਪਾਯੋ[*]।
ਹੇਰਿ ਸਭਿਨਿ ਕੋ ਮਨ ਬਿਸਮਾਯੋ ॥੨੫॥
ਅਸਥੀ ਕੋ ਤਹਿਂ ਲੇਸ਼ ਨ ਕੋਈ।
ਈਂਧਨ ਭਸਮ ਪਰੀ ਬਹੁ ਜੋਈ[2]।
ਦੇਹਿ ਸਹਿਤ ਕੀਨਸਿ ਪ੍ਰਸਥਾਨਾ।
ਮਗ ਗਮਨੇ ਪਿਖਿ ਨਿਸ਼ਚੈ ਠਾਨਾ ॥੨੬॥
ਧੰਨ ਗੁਰੂ ਤੁਮਰੀ ਗਤਿ ਨਯਾਰੀ।'
ਨਿਰਨੈ ਕਰਿ ਕਰਿ ਸਭਿਨਿ ਉਚਾਰੀ।
ਸਕਲ ਬਿਭੂਤਿ ਬਟੋਰਿ ਬਨਾਈ।
ਰਚਯੋ ਸਿੰਘਾਸਨ ਪੁਨ ਤਿਸ ਥਾਈਂ ॥੨੭॥
ਤਿਸ ਥਲ ਕੋ ਦਰਸ਼ਨ ਜੋ ਕਰੈ।
ਜਨਮ ਜਨਮ ਤੇ ਪਾਤਕ ਟਰੈਂ।
ਅਧਿਕ ਪੁੰਨ ਕੋ ਪ੍ਰਾਪਤ ਹੋਇ।
ਧਰੈ ਕਾਮਨਾ ਪੂਰਨ ਸੋਇ ॥੨੮॥
ਕਬਿੱਤ: ਸੁੰਦਰ ਗੁਦਾਵਰੀ, ਬਿਹੀਨ ਮਲ ਚਲੈ ਜਲ,
ਸਲਿਤਾ ਸੁ ਤੁਲ ਗੰਗਾ ਕੂਲ ਛਬਿ ਪਾਵਈ।
ਖਰੇ ਖਰੇ[3] ਤਰੁ ਖਰੇ, ਹਰੇ ਹਰੇ ਪਾਤਿ ਜਰੇ,

---

[1]ਅਨੰਦ ਵਿਚ ਮਿਲੇ ਹੋਏ।
[*]ਇਹ ਬੀ ਰਵਾਇਤ ਹੈ ਕਿ ਇਕ ਕ੍ਰਿਪਾਨ ਨਿਕਲੀ ਸੀ।
[2]ਦੇਖੀ।
[3]ਚੰਗੇ ਚੰਗੇ।

ਪਾਂਤਿ ਪਾਂਤਿ ਕਰੇ[1] ਛਾਇ ਸੰਘਨੀ ਕੋ ਛਾਵਈ[2]।
ਬੋਲਤਿ ਬਿਹੰਗ ਰੰਗ ਰੰਗ ਕੇ ਉਤੰਗ
ਧੰਨ ਸ੍ਰੀ ਗੋਬਿੰਦ ਸਿੰਘ ਕੋ ਸਿੰਘਾਸਨ ਸੁਹਾਵਈ।
ਜਾਇ ਦਰਸਾਵਈ ਮਨੋਰਥ ਉਠਾਵਈ
ਸੁ ਕਾਮਨਾ ਕੋ ਪਾਵਈ, ਸੰਤੋਖ ਸਿੰਘ ਗਾਵਈ ॥੨੯॥
ਅਬਚਲ ਨਗਰ ਉਜਾਗਰ ਸਗਰ ਜਗ,
ਜ਼ਾਹਿਰ ਜ਼ਹੂਰ, ਜਹਾਂ ਜੋਤਿ ਹੈ ਜਬਰ ਜਾਨਿ।
ਖੰਡੇ ਹੈਂ ਪ੍ਰਚੰਡ, ਖਰ ਖੜਗ, ਕੁਦੰਡ ਧਰੇ,
ਖੰਜਰ, ਤੁਫੰਗ, ਪੁੰਜ ਕਰਦ, ਕ੍ਰਿਪਾਨ, ਬਾਨ।
ਸ਼ਕਤੀ, ਸਰੋਹੀ, ਸੈਫ਼, ਸਾਂਗ, ਜਮਦਾੜ, ਚੱਕ੍ਰ,
ਢਾਲੇ, ਗਨ ਭਾਲੇ, ਰਿਪੁ ਘਾਲੇ ਛਿੱਪ੍ਰ ਜੰਗ ਠਾਨਿ[3]।
ਚਮਕਤਿ ਚਾਰੋਂ ਓਰ ਘੋਰ ਰੂਪ ਕਾਲਕਾ ਕੋ,
ਬੰਦਨਾ ਕਰਤਿ ਕਵਿ ਜੋਰਿ ਪਾਨ ਤਾਂਹੀ ਥਾਨ ॥੩੦॥

ਚੌਪਈ: ਅਬਿ ਲਗਿ ਤਿਸ ਥਲ ਜੋਤਿ ਬਿਰਾਜਤਿ।
ਦਰਸ਼ਨ ਕਰੇ ਪਾਪ ਗਨ ਭਾਜਤਿ।
ਕੰਚਨ ਦੇਤਿ ਕਸੌਟੀ ਜੈਸੇ।
ਸਿਖ ਕੋ ਪਰਖਤਿ ਬਖਸ਼ਹਿੰ ਤੈਸੇ ॥੩੧॥
ਗੁਰੂ ਬਿਕੁੰਠ ਗਮਨ ਕੇ ਪਾਛੇ।
ਰਹੇ ਸਿੰਘ ਕੇਤਿਕ ਦਿਨ ਆਛੇ।
ਪੁਨ ਪੁਨ ਜਹਿੰ ਜਹਿੰ ਜਿਸ ਕੋ ਆਇਸੁ।
ਕਰਿ ਕਰਿ ਬੰਦਨ ਤਿਤੇ ਸਿਧਾਇਸਿ ॥੩੨॥
ਰਹ੍ਯੋ ਸੰਤੋਖ ਸਿੰਘ ਤਿਸ ਥਾਨ।
ਦੇਗ ਚਲਾਵਤਿ ਭਯੋ ਮਹਾਨ। {ਵਿਸ਼ੇਸ਼ ਟੂਕ ੧}
ਬਹੁਰ ਸਹਾਇਕ ਭੇ ਤਿਸ ਦੇਸ਼।
ਸੁਨੀਯਹਿ ਸ਼੍ਰੋਤਾ! ਕਥਾ ਵਿਸ਼ੇਸ਼ ॥੩੩॥
ਤਹਾਂ ਗ੍ਰਾਮ ਜਨਵਾਰਾ[4] ਨਾਇ।
ਰੁਸਤਮ ਰਾਇ ਰੁ ਬਾਲੇ ਰਾਇ।
ਦ੍ਵੈ ਭ੍ਰਾਤਾ ਜੋਧਾ ਬਡ ਬਲੀ।

---

[1]ਕਤਾਰਾਂ ਕਤਾਰਾਂ ਬਣਾਕੇ।
[2]ਛਾਂ ਕਰ ਰਹੇ ਹਨ।
[3](ਜਿਨ੍ਹਾਂ ਨਾਲ) ਜੰਗ ਕਰਕੇ ਵੈਰੀ ਸ਼ੀਘ੍ਰਤਾ ਨਾਲ ਮਾਰੇ ਸਨ।
[4]ਨਿਜ਼ਾਮ ਹੈਦਰਾਬਾਦ ਦੇ ਰਾਜ ਦਾ ਇਕ ਟਿਕਾਣਾ।

ਕੁਛਕ ਰਾਜ ਕਰਤੇ ਬਿਧਿ ਭਲੀ ॥੩੪॥
ਦੇਸ਼ ਮਰਹਟਾ ਕੋ ਨਿਤ ਲੂਟੈਂ।
ਜੋ ਲਰ ਪਰੈ ਤੁਰਤ ਤਿਸ ਕੂਟੈਂ।
ਪਰੀ ਧਾਂਕ ਡਰ ਸਗਰੇ ਮਾਨੈਂ।
ਅਰੈ ਨ ਕੋਊ ਧਨ ਗਨ ਆਨੈਂ ॥੩੫॥
ਤਿਨ ਪਰ ਚਢ੍ਯੋ ਮਰਹਟਾ ਰਾਇ।
ਚਮੂ ਲਾਖ ਇਕਠੀ ਕਰਿ ਲ੍ਯਾਇ।
ਤਿਨ ਕੇ ਸੰਗ ਜੰਗ ਬਹੁ ਭਏ।
ਘੇਰਿ ਭ੍ਰਾਤ ਦੋਨਹੁਂ ਗਹਿ ਲਏ ॥੩੬॥
ਕਰੇ ਕੈਦ ਸੰਗਲ ਪਰ ਡਾਰੇ।
ਗੇਰੇ ਬਿਖਮ ਸੁ ਦੁਰਗ ਸਤਾਰੇ[1]।
ਜਹਿਂ ਪੰਛੀ ਬੀ ਜਾਇ ਨ ਸਕੈ।
ਮਾਨਸ ਬਪੁਰਾ ਕ੍ਯਾ ਤਿਸ ਤਕੈ ॥੩੭॥
ਦੇਵ ਸੰਤ ਬਹੁ ਪੀਰ ਮਨਾਏ।
ਕੋਇ ਨ ਤਿਨ ਕੋ ਸਕ੍ਯੋ ਛੁਰਾਏ।
ਰੱਛਕ[2] ਦੁਰਗ ਸਿੰਘ ਬਿਚ ਏਕ।
ਗੁਰਬਾਣੀ ਨਿਤ ਪਢੈ ਬਿਬੇਕ ॥੩੮॥
ਪਹਿਰਾ ਦੇਤਿ ਗਿਰਾ ਗੁਰ ਭਨੈ।
ਬਾਲੇ ਰਾਇ ਸ਼੍ਰੋਨ ਦੇ ਸੁਨੈ।
ਹਿਤ ਬੂਝਨਿ ਕੇ ਤਬੈ ਬਖਾਨੀ।
'ਪਢਤਿ ਰਹਿਤ ਤੂੰ ਕਿਸ ਕੀ ਬਾਨੀ?' ॥੩੯॥
ਸੁਨਤਿ ਸਿੰਘ ਗੁਰ ਮਹਿਮਾਂ ਕਹੀ।
'ਬੰਦ ਖਲਾਸੀ ਸਮ ਕੋ ਨਹੀਂ[3]।
ਦੁਰਗ ਗ੍ਵਾਲਿਯਰ ਮਹਿਂ ਨ੍ਰਿਪ ਕੈਦ।
ਨਹਿਂ ਛੂਟਨ ਕੀ ਜਿਯਤਿ ਉਮੈਦ ॥੪੦॥
ਅਸ ਰਾਜੇ ਰਜਪੂਤ ਛੁਡਾਏ।
ਸਿਮਰੇ ਜਹਿਂ ਕਹਿਂ ਭਏ ਸਹਾਏ।
ਸ਼੍ਰੀ ਗੋਬਿੰਦ ਸਿੰਘ ਗੁਰੂ ਬਡੇਰਾ।

---

[1]ਸਤਾਰੇ ਨਾਮੇ ਸ਼ਹਿਰ ਦੇ ਕਿਲੇ ਵਿਚ।
(ਅ) ਜੰਦਰੇ ਵਾਲੇ ਕਿਲੇ ਵਿਚ। [ਸ+ਤਾਰੇ]।
[2]ਪਹਿਰਾ ਦੇਣ ਵਾਲਾ।
[3]ਜਿਸ ਗੁਰੂ ਸਮਾਨ ਕੈਦ ਤੋਂ ਛੁਟਕਾਰਾ ਦੇਣ ਵਾਲਾ ਕੋਈ ਨਹੀਂ।

ਅਬਚਲ ਨਗਰ ਥਾਨ ਜਿਨ ਕੇਰਾ ॥੪੧॥
ਦਸਮੇਂ ਪਾਤਸ਼ਾਹ ਸੋ ਭਏ।
ਸਿੰਘ ਪੰਥ ਜਗ ਮਹਿਂ ਨਿਰਮਏ।'
ਇਕ ਪਠਾਨ ਤਹਿਂ ਜਾਇ ਨਿਹਾਰਾ[1]।
ਸੁਨਿ ਤਿਸ ਨੇ ਗੁਰ ਸੁਜਸੁ ਉਚਾਰਾ ॥੪੨॥
'ਸੋ ਗੁਰ ਬਡੋ ਬਹਾਦਰ ਹੇਰਾ।
ਰਣ ਚਮਕੌਰ ਅਨੰਦਪੁਰਿ ਕੇਰਾ।
ਤਹਾਂ ਤੀਰ ਕਰਿ ਜੋਰ ਪ੍ਰਹਾਰੇ।
ਇਕ ਤੇ ਦਸ ਹਜ਼ਾਰ ਅਰਿ ਮਾਰੇ ॥੪੩॥
ਕਰਾਮਾਤ ਕੋ ਧਨੀ ਬਿਸਾਲਾ।
ਜੋ ਚਿਤ ਚਹੈ ਸੁ ਕਰਨੇ ਵਾਲਾ।
ਦ੍ਵੈ ਦ੍ਵੈ ਕੋਸ ਤੀਰ ਅਰਿ ਘਾਏ।
ਦਸ ਲਾਖਨਿ ਸੋਂ ਜੰਗ ਮਚਾਏ' ॥੪੪॥
ਕਹੈ ਸਿੰਘ 'ਕਜਾ ਨਰ ਕੀ ਬੰਦਾ[2]।
ਜਮ ਫਾਸੀ ਕੋ ਦੇਤਿ ਨਿਕੰਦਾ[3]।'
ਬਾਲੇ ਰਾਇ ਸੁਨਿ ਚਿਤ ਲਾਇ।
ਸ਼ਰਧਾ ਵਧੀ ਕਹ੍ਯੋ ਕਰਿ ਭਾਇ ॥੪੫॥
'ਕਰੋ ਸਿੰਘ ਜੀ! ਉਠਿ ਅਰਦਾਸ।
ਕਰਹਿਂ ਜਿ ਹਮਰੀ ਬੰਦ ਖਲਾਸ।
ਗੁਰ ਕੇ ਪਗ ਪੰਕਜ ਬਹੁ ਸੇਵੌਂ।
ਪੰਚਾਮ੍ਰਿਤ ਉਪਾਇਨ ਦੇਵੌਂ ॥੪੬॥
ਸੁਨਤਿ ਸਿੰਘ ਕੀਨੀ ਅਰਦਾਸ।
ਸਿਮਰਨ ਲਗ੍ਯੋ ਨਾਮ ਸੁਖਰਾਸ।
ਪਰਮ ਪ੍ਰੇਮ ਮਨ ਮਹਿਂ ਉਪਜਾਯੋ।
ਨਿਸ ਦਿਨ ਗੁਰ ਮਹਿਂ ਧ੍ਯਾਨ ਲਗਾਯੋ ॥੪੭॥
ਅਰਧ ਰਾਤਿ ਸਿਮਰਤਿ ਉਰ ਜਬੈ।
ਪ੍ਰਗਟੇ ਸ਼੍ਰੀ ਗੋਬਿੰਦ ਸਿੰਘ ਤਬੈ।
ਸ਼ਬਦ ਤੁਰੰਗਮ ਕੋ ਸੁਨਿ ਪਾਯੋ।
ਉਠ੍ਯੋ ਰਾਇ ਤਿਤ ਨੈਨ ਲਗਾਯੋ ॥੪੮॥

---

[1](ਗੱਲਾਂ ਕਰਦਿਆਂ ਦੇਖਕੇ) ਉਥੇ ਇਕ ਪਠਾਣ ਆ ਗਿਆ।
[2]ਮਨੁਖ ਦੀ ਕੈਦ ਕੀ ਚੀਜ਼ ਹੈ।
[3]ਗੁਰੂ ਜਮ ਦੀ ਫਾਸੀ ਕੱਟ ਦੇਂਦਾ ਹੈ।

ਬਿਸਮਤਿ ਬੂਝਜੋ 'ਕਹੁ ਤੁਮ ਕੌਨ?'
ਸ੍ਰੀ ਪ੍ਰਭੁ ਕਹਹਿਂ 'ਅਰਾਧਹਿਂ ਜੌਨ[1]।
ਸੋ ਪਹੁਂਚਜੋ ਤੁਵ ਕਰਨਿ ਸਹਾਇ।
ਉਠਹੁ ਅਬਹਿ ਨਹਿਂ ਬਿਲਮ ਲਗਾਇ' ॥੪੯॥
'ਸ੍ਰੀ ਗੁਰ! ਮੋਹਿ ਪਗਹੁਂ ਮਹਿਂ ਬੇਰੀ।
ਅਨੁਜ ਸੁਪਤਿ ਤਿਮ ਹੀ[2] ਢਿਗ ਮੇਰੀ।'
'ਭ੍ਰਾਤ ਜਗਾਵਹੁ ਸੰਗ ਨ ਹੂਟੈ[3]।
ਵਾਹਿਗੁਰੂ ਕਹੁ ਬੇਰੀ ਟੂਟੈ' ॥੫੦॥
ਸੁਨਿ ਪ੍ਰਭੁ ਤੇ ਨਿਜ ਅਨੁਜ ਜਗਾਯੋ।
ਸੰਗਲ ਟੂਟੇ ਨਾਮ ਧਿਆਯੋ।
ਉਠਿ ਦੋਨਹੁਂ ਗੁਰ ਚਰਨੀ ਪਰੇ।
'ਧੰਨ ਗੁਰੂ ਕਿਰਤਾਰਥ ਕਰੇ' ॥੫੧॥
ਪ੍ਰਭੁ ਬੋਲੇ 'ਜੋ ਹੈਂ ਸਿਖ ਮੇਰੇ।
ਸਿਮਰਤਿ ਸਤਿਗੁਰ ਸੰਝ ਸਵੇਰੇ।
ਨਰ ਤੇ ਕਹਾਂ ਬਚਾਵਨ ਗਾਥਾ।
ਜਮ ਤੇ ਰਾਖੌਂ ਦੈ ਕਰਿ ਹਾਥਾ ॥੫੨॥
ਅਬਿ ਦੋਨਹੁਂ ਦਿਸ਼ਿ ਹ੍ਵੈ ਤੁਮ ਠਾਢੇ।
ਗਹਹੁ ਰਕਾਬ ਦੂਾਲ[4] ਦ੍ਵੈ ਗਾਢੇ[5]।
ਚੌਂਕੀਦਾਰਨ ਦੇਹੁ ਜਗਾਇ।
-ਘੇਰ ਲੇਹੁ ਅਬਿ ਹਮ ਚਲਿ ਜਾਇਂ-' ॥੫੩॥
ਗਹਿ ਕੈ ਦੂਾਲ ਕਹਜੋ ਦ੍ਵੈ ਭਾਈ।
'ਅਬਿ ਹਮਰੇ ਗੁਰ ਭਏ ਸਹਾਈ।
ਜੇ ਬਲ ਹੈ ਤੌ ਲੀਜੈ ਘੇਰੇ।
ਨਾਂਹਿ ਤ ਹਮ ਪਹੁਂਚਹਿਂ ਨਿਜ ਡੇਰੇ' ॥੫੪॥
ਸੁਨਿ ਊਚੀ ਧੁਨਿ ਕੋ ਤਬਿ ਜਾਗੇ।
ਉਠ ਕਰਿ ਘੇਰ ਪਕਰਨੇ ਲਾਗੇ।
ਤਬਿ ਸਤਿਗੁਰੂ ਤੁਰੰਗਮ ਪ੍ਰੇਰਾ।
ਪੰਛੀ ਜਿਮ ਗਮਨੇ ਤਿਸ ਬੇਰਾ ॥੫੫॥

---

[1]ਜਿਸਨੂੰ ਅਰਾਧਦਾ ਹੈਂ।
[2]ਉਸੇ ਤਰ੍ਹਾਂ ਭਾਵ ਬੇੜੀਆਂ ਸਮੇਤ।
[3]ਭਿਰਾ ਦਾ ਸੰਗ ਨ ਹਟ ਜਾਵੇ।
[4]ਚਮੜੇ ਤੇ ਤਸਮੇ ਜਿਨ੍ਹਾਂ ਨਾਲ ਰਕਾਬਾਂ ਪਾਈਆਂ ਜਾਂਦੀਆਂ ਹਨ।
[5]ਦੋ ਰਕਾਬਾਂ ਦੀ ਦੂਾਲ ਤਕੜੀ ਕਰਕੇ ਫੜੋ।

ਦ੍ਵਾਦਸ਼ ਕੋਸ ਬਿੰਧਾਚਲ ਗਏ[1]।
ਦ੍ਵਾਲ ਛੁਰਾਇ ਬਖਾਨਤਿ ਭਏ।
'ਇਹ ਦਰਸ਼ਨ ਕੋ ਹਠ ਨਹਿਂ ਕਰੀਅਹਿ।
ਅਵਚਲ ਨਗਰ ਸਿਧਾਰਨ ਕਰੀਅਹਿ ॥੫੬॥
ਅਰਪਨ ਚਹਹੁ ਸੁ ਅਰਪਹੁ ਤਹਾਂ।
ਪੰਚ ਸਿੰਘ ਮੇਰੇ ਹੈਂ ਜਹਾਂ।
ਸ਼ਰਧਾ ਧਰਹੁ ਸਰੂਪ ਸੁ ਮੇਰਹੁ।
ਪੁਰਹੁ ਕਾਮਨਾ ਪੂਜਹੁ ਹੇਰਹੁ ॥੫੭॥
ਇਮ ਕਹਿ ਹੋਏ ਅੰਤਰ ਧਜਾਨ।
ਸ੍ਰੀ ਗੁਰ ਗੋਬਿੰਦ ਸਿੰਘ ਸੁਜਾਨ।
ਬਨੇ ਸਹਾਇਕ ਬੰਦ ਖਲਾਸੀ।
ਨਿਜ ਦਾਸਨ ਕਾਟਤ ਜਮ ਫਾਸੀ ॥੫੮ ॥ {ਵਿਸ਼ੇਸ਼ ਟੂਕ ੨}

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਹਾਇਕ ਹੋਨਿ' ਪ੍ਰਸੰਗ ਬਰਨਨੰ ਨਾਮ ਪਚੀਸਮੋਂ ਅੰਸੂ ॥੨੫॥

ਵਿਸ਼ੇਸ਼ ਟੂਕ ੧: ਇਸ ਸਮੇਂ ਤੋਂ ਹਜ਼ੂਰ ਸਾਹਿਬ ਦੇਗ ਤਾਂ ਚਲਦੀ ਰਹੀ। ਪਰ ਟਿਕਾਣੇ ਪਰ ਮੰਦਰ ਨਹੀਂ ਸੀ ਛਾਇਆ। ਮਹਾਰਾਜਾ ਰਣਜੀਤ ਸਿੰਘ ਨੇ ੧੯੩੨ ਈ: ਵਿਚ ਸੁੰਦਰ ਮੰਦਰ ਤੇ ਟਿਕਾਣੇ ਬਨਵਾ ਦਿੱਤੇ। ਮਗਰੋਂ ਹੁਣ ਤੱਕ ਸੋਨੇ ਤੇ ਸੰਗਮਰਮਰ ਦੀ ਸੇਵਾ ਜਾਰੀ ਹੈ, ਲੰਗਰ ਅਤੁਟ ਹੁੰਦਾ ਹੈ।

ਨਜ਼ਾਮ ਹੈਦਰਾਬਾਦ ਦੇ ਇਕ ਖੱਤ੍ਰੀ ਵਜ਼ੀਰ ਹੋਏ ਹਨ 'ਚੰਦੂ ਲਾਲ' ਨਾਮ ਦੇ, ਉਨ੍ਹਾਂ ਨੂੰ ਗੁਰੂ ਘਰ ਤੇ ਬਹੁਤ ਭਰੋਸਾ ਸੀ। ਰਿਆਸਤ ਵਲੋਂ ਆਪ ਨੇ ਗੁਰਦਵਾਰੇ ਲਈ ਸਹੂਲਤਾਂ ਪੈਦਾ ਕਰਵਾਈਆਂ ਸਨ।

ਨਿਜ਼ਾਮ ਵਲੋਂ ਹਿੰਦੂ ਮੁਸਲਮਾਨ ਆਦਿ ਮੰਦਰਾਂ ਨੂੰ ਜਾਗੀਰਾਂ ਮਿਲਦੀਆਂ ਹਨ ਤਿਵੇਂ ਹੀ ਇਸ ਗੁਰਧਾਮ ਨਾਲ ਪੰਜ ਪਿੰਡਾਂ ਦੀ ਜਾਗੀਰ ਹੈ ਜੋ ਅਠਾਰਾਂ ਕੁ ਹਜ਼ਾਰ ਸਾਲਾਨਾ ਬਣਦੀ ਹੈ। ਪਿੰਡਾਂ ਦੇ ਨਾਮ ਹੈਨ:-ਬਾਰੀ, ਬਕਸਾਰੀ, ਬਿਸ਼ਨਪੁਰੀ, ਏਲਕੀ ਤੇ ਮਾਸੁਰ। ਏਹ ਆਮਦਨ ਮੰਦਰ ਦੀ ਸੇਵਾ ਲਈ ਹੈ। ਇੰਨੀ ਕੁ ਰਕਮ ਸੇਵਾਦਾਰਾਂ ਲਈ ਵੀ ਮਿਲਦੀ ਹੈ। ਰਿਆਸਤ ਦੀ ਫੌਜ ਵਿਚ ਬਾਰਾਂ ਕੁ ਹਜ਼ਾਰ ਸਿੱਖ ਨੌਕਰ ਹਨ। ਇਸੇ ਫੌਜ ਵਿਚੋਂ ਇਕ ਸਿੱਖ ਰਸਾਲਦਾਰ ਵਰ੍ਹੇ ਵਰ੍ਹੇ ਲਈ ਗੁਰਦਵਾਰੇ ਦੀ ਸਰਬਰਾਹੀ ਲਈ ਆਉਂਦਾ ਹੈ ਤੇ ਸੇਵਾ ਕਰਦਾ ਹੈ। ਪਿਛੇ ਜਿਹੇ ਇਕ ਪਾਰਸੀ ਡਿਪਟੀ ਕਮਿਸ਼ਨਰ ਨੇ ਸੰਗਮਰਮਰ ਤੇ ਸੋਨੇ ਲਗਣ ਦੀ ਸੇਵਾ ਵਿਚ ਬੜੀ ਦਿਲਚਸਪੀ ਲਈ ਸੀ। ਰਿਆਸਤ ਦੀ ਪੁਲੀਸ ਵਿਚ ਵੀ ਕੁਛ ਸੈਂਕੜੇ ਸਿੱਖ ਨੌਕਰ ਹਨ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਤੋਂ ਹਰ ਸਿੱਖ ਜ਼ਿੰਦਗੀ ਵਿਚ ਇਕ ਵੇਰ ਹਜ਼ੂਰ ਸਾਹਿਬ ਜਾਣਾ ਜ਼ਰੂਰੀ ਸਮਝਦਾ ਹੈ। ਜਦੋਂ ਰੇਲਾਂ ਨਹੀਂ ਸਨ ਤੇ ਪੈਂਡੇ ਕਠਨ ਸਨ ਤਾਂ ਯਾਤ੍ਰਾ ਕਰ

[1]ਬਿੰਧਜਾਚਲ ਪਰਬਤ ਦੀ ਵਲ ੧੨ ਕੋਹ।

ਆਇਆ ਸਿੱਖ ਫਖਰ ਨਾਲ 'ਹਜ਼ੂਰੀਆ' ਸਦਾਉਂਦਾ ਸੀ। ਹੁਣ ਯਾਤ੍ਰਾ ਲਈ ਆਵਾਜਾਈ ਬਹੁਤ ਹੈ ਤੇ ਰੌਣਕ ਅੱਗੇ ਤੋਂ ਵਧੀਕ ਹੋ ਗਈ ਹੈ।

ਜੋ ਸਿੰਘ ਗੁਰੂ ਪਜਾਨੇ ਤੋਂ ਓਥੇ ਟਿਕ ਗਏ ਓਹ ਦੱਖਣੀ ਸਿੱਖ ਅਖਾਉਂਦੇ ਹਨ, ਤੇ ਆਪੋ ਵਿਚ ਬਿਨਾਂ ਜਾਤ ਪਾਤ ਲਿਹਾਜ਼ ਦੇ ਵਿਵਾਹ ਕਰਦੇ ਹਨ। ਇਨ੍ਹਾਂ ਨੇ ਉਸ ਦੇਸ਼ ਦੀਆਂ ਇਸਤ੍ਰੀਆਂ ਵਿਵਾਹ ਕੇ ਬੀ ਆਪਣੇ ਵਿਚ ਅਭੇਦ ਵਰਤਾਈਆਂ ਹਨ। ਓਸ ਪਾਸੇ ਦੂਰ ਨੇੜੇ ਕਿਤੇ ਕਿਤੇ ਸਿੱਖ ਹਨ, ਤੇ ਲੁਬਾਣੇ ਸਿੱਖਾਂ ਦੀਆਂ ਸੰਗਤਾਂ ਹੈਨ, ਸਾਰੇ ਗੁਰਦਵਾਰੇ ਦਰਸ਼ਨਾਂ ਲਈ ਆਉਂਦੇ ਤੇ ਸੇਵਾ ਕਰਦੇ ਹਨ। ਹੁਣ ਧੁਰ ਰੇਲ ਅੱਪੜਦੀ ਹੈ ਤੇ 'ਨਾਦੇੜ' ਰੇਲਵੇ ਸਟੇਸ਼ਨ ਹੈ। ਪੰਜਾਬ ਤੋਂ ਹਜ਼ੂਰੀ ਟ੍ਰੇਨਾਂ ਯਾਤ੍ਰਾ ਲਈ ਜਾਂਦੀਆਂ ਹਨ। ਗੁਰੂ ਸਾਹਿਬ ਜੀ ਦੇ ਆਪਣੇ ਤੇ ਹੋਰ ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ ਹੁੰਦੇ ਹਨ। ਦੇਗ ਅਤੁੱਟ ਚਲਦੀ ਹੈ, ਸਿੱਖ ਹਿਰਦਿਆਂ ਵਿਚ ਮੰਦਰ ਨਾਲ ਪਿਆਰ ਹੈ ਤੇ ਗੁਰੂ ਕਰੇ ਸਦਾ ਕਾਇਮ ਰਹੇ।

ਵਿਸ਼ੇਸ਼ ਟੂਕ ੨: ਕਵੀ ਜੀ ਨੇ ਇਸ ਐਨ ਦੇ ਅੰਸੂ ੨੦, ੨੧, ੨੨, ੨੩ ਤੇ ੨੪ ਵਿਚ ਸਾਹਿਬ ਕਲਗੀਧਰ ਜੀ ਦੇ ਜੱਗ ਕਰਨ, ਸੰਗਤਾਂ ਨੂੰ ਇਸ ਸਰੀਰ ਵਿਚ ਅੰਤਮ ਸੰਦੇਸ਼ ਦੇਣ, ਕਨਾਤ ਤਨਵਾਉਣ, ਚੰਦਨ ਦੀ ਚਿੰਤਾ ਬਨਵਾਉਣ, ਉਸਨੂੰ ਅਗਨੀ ਲਗਵਾਉਣ, ਦੀਪਮਾਲਾ ਕਰਵਾਉਣ ਦਾ ਵਿਸਥਾਰ ਨਾਲ ਜ਼ਿਕਰ ਕਰਕੇ ਜੋਗ ਅਗਨੀ ਜਗਾਕੇ ਬ੍ਰਹਮਰੰਧ੍ਰ ਦੇ ਰਸਤੇ ਜੋਤੀ ਜੋਤ ਸਮਾਉਣ ਦਾ ਵਿਸਥਾਰ ਨਾਲ ਤੇ ਨਿਸ਼ਚਿਤ ਜ਼ਿਕਰ ਕੀਤਾ ਹੈ। ਸ੍ਰੀ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਹਜ਼ੂਰ ਸਾਹਿਬ ਤੋਂ ਜੋ ਸਿੰਘ ਦਿੱਲੀ ਗਏ ਤੇ ਮਾਤਾ ਜੀ ਨੂੰ ਮਿਲੇ ਹਨ ਮਾਤਾ ਸੁੰਦਰੀ ਜੀ ਦੇ ਪੁੱਛਣ ਤੇ ਹਜ਼ੂਰ ਅਬਚਲ ਨਗਰ ਸਾਹਿਬ ਭਾਣਾ ਵਰਤਣ ਦਾ ਹਾਲ ਉਹਨਾਂ ਨੂੰ ਸੁਣਾਇਆ ਹੈ, ਜਿਸ ਤੋਂ ਮਾਤਾ ਜੀ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਖਬਰ ਸੁਣਕੇ ਆਪ ਅਤਿ ਵੈਰਾਗਵਾਨ ਹੋਏ ਹਨ। ਇਸੇ ਤਰ੍ਹਾਂ ਇਹ ਗੱਲ ਸਾਰੇ ਹੀ ਪੰਥ ਵਿਚ ਨਿਸ਼ਚਿਤ ਹੈ ਕਿ ਸ੍ਰੀ ਹਜ਼ੂਰ ਸਾਹਿਬ ਇਹ ਭਾਣਾ ਵਰਤਿਆ ਹੈ। ਪ੍ਰੰਤੂ ਕਲਗ਼ੀਧਰ ਜੀ ਦੇ ਜੋਤੀ ਜੋਤ ਸਮਾਉਣ ਦੇ ਮਗਰੋਂ ਜੰਗਲ ਦੇ ਵਿਚ ਇਕ ਸਾਧ ਨੂੰ ਮਿਲਣ ਤੇ ਰੁਸਤਮ ਰਾਏ ਬਾਲਾ ਰਾਏ ਮਰਹੱਟੇ ਦੀ ਬੰਦ ਖਲਾਸ ਹੋਣ ਦਾ ਵਿਰਤਾਂਤ ਸੁਣਕੇ ਸਿੱਖ ਇਤਿਹਾਸ ਤੋਂ ਅੱਗਜਾਤ ਤੇ ਆਤਮਕ ਅਵਸਥਾਵਾਂ ਤੋਂ ਅਨਜਾਣ ਪੁਰਸ਼ ਸੋਚ ਵਿੱਚ ਪੈ ਜਾਂਦੇ ਹਨ ਕਿ ਕੀ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਵੀ ਇਸ ਤਰ੍ਹਾਂ ਦੇ ਦਰਸ਼ਨ ਹੋ ਸਕਦੇ ਹਨ?

ਕਵੀ ਜੀ ਨੇ ਇਸ ਐਨ ਦੇ ਅੰਸੂ ੨੪ ਵਿੱਚ ਲਿਖਿਆ ਹੈ ਕਿ ਗੁਰੂ ਜੀ ਨੇ ਕਨਾਤ ਤਣਵਾ ਕੇ ਅੰਦਰ ਜਦ ਚਿਤਾ ਬਣਵਾਈ ਇਸ ਵੇਲੇ ਬਾਹਰ ਇੰਨੀ ਦੀਪ ਮਾਲਾ ਕੀਤੀ ਗਈ ਸੀ ਕਿ "ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ ॥ ੨ ॥ " ਗੁਰੂ ਜੀ ਜਦ ਚਿਤਾ ਤੇ ਬੈਠੇ ਤਦ ਉਹਨਾਂ ਦੇ ਪਾਸ ਦੇ ਸਿੰਘ "ਛੋਰਿ ਕੈ ਪੌਰ ਕੀ ਠੌਰ ਕਨਾਤ ਤੇ ਬਾਹਰ ਆਨ ਥਿਰੇ ਸਮੁਦਾਯਾ। ਬੈਠ ਗਏ ਗਨ ਸਿੰਘ ਚਹੂੰ ਦਿਸ਼ਿ..... ॥ ੨੯ ॥ " ਜਿਸ ਵੇਲੇ ਕਲਗ਼ੀਧਰ ਜੀ ਜੋਤੀ ਜੋਤ ਸਮਾਏ ਉਸ ਵੇਲੇ "ਜੈ ਜੈ ਸ਼ਬਦ ਗਗਨ ਮਹਿੰ ਹੋਵਾ ॥ ੧੯ ॥ " ਪੁਨਾ "ਭਯੋ ਪ੍ਰਕਾਸ਼

ਅਕਾਸ਼ ਮਹਾਨਾ ॥ ੨੦ ॥ '' ਤੇ ਫਿਰ "ਪਰੀ ਗੂੰਜ ਇਕ ਬਾਰ ਬਿਸਾਲਾ ॥ ੨੦ ॥ " ਅੰਤ ਨੂੰ:-"ਚਢਿ ਅਕਾਸ਼ ਕੇ ਪੰਥ ਪਧਾਰੇ ॥ ੧੯ ॥ " ਹੋਰ ਸਾਰੇ ਇਤਿਹਾਸਕਾਰਾਂ ਨੇ ਵੀ ਇਹ ਨਿਸ਼ਚਿਤ ਲਿਖਿਆ ਹੈ ਕਿ ਗੁਰੂ ਜੀ ਦਾ ਪ੍ਰਲੋਕ ਗਮਨ ਨਾਦੇੜ ਵਿਚ (੧੭੬੫ ਸੰਮਤ ਵਿਚ) ਹੋਇਆ। ਆਪਣੇ ਪੁਰਾਤਨ ਇਤਿਹਾਸਕਾਰਾਂ, ਪੰਥ ਪ੍ਰਕਾਸ਼, ਮਹਿੰਮਾ ਪ੍ਰਕਾਸ਼, ਪਰਚੀਆਂ ਸੇਵ ਦਾਸ ਤੇ ਗੁਰ ਸ਼ੋਭਾ ਵਿਚ ਬੀ ਇਹੋ ਗੱਲ ਨਿਸ਼ਚਿਤ ਲਿਖੀ ਹੈ। ਯਥਾ:- "ਸੰਮਤ ਸਤਾਰਾਂ ਸੈ ਭਏ ਪੈਂਸਠ ਬਰਖ ਪ੍ਰਮਾਨ। ਕਾਤਕ ਸੁਦਿ ਭਈ ਪੰਚਮੀ ਨਿਸ ਕਾਰਨ ਕਰ ਜਾਨ।"

ਸ੍ਰੀ ਕਲਗ਼ੀਧਰ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਜਿਸ ਵੇਲੇ ਸਤਿਗੁਰੂ ਜੀ ਚਿਤਾ ਤੇ ਬੈਠੇ, ਸਿੱਖ ਪਾਸ ਖੜੇ ਸਨ, ਚਿਤਾ ਨੂੰ ਅਗਨੀ ਦਿੱਤੀ ਗਈ ਤਾਂ ਸਿੱਖ ਪਾਸ ਸਨ, ਫਿਰ ਸਿੱਖ ਬਾਹਰ ਆਕੇ ਕਨਾਤ ਦੇ ਚਾਰੋਂ ਪਾਸੇ ਜਿੱਥੇ ਬੇਅੰਤ ਰੌਸ਼ਨੀ ਸੀ ਬੈਠ ਗਏ ਤੇ ਕਨਾਤ ਦੇ ਅੰਦਰ ਤੇ ਅਕਾਸ਼ ਵਿਚ ਅਦਭੁਤ ਨਾਦ ਤੇ ਪ੍ਰਕਾਸ਼ ਉਹਨਾਂ ਕੰਨੀ ਸੁਣੇ ਤੇ ਅੱਖੀਂ ਵੇਖੇ ਤੇ ਕਲਗ਼ੀਧਰ ਜੀ ਦੇ "ਜੋਤੀ ਜੋਤ ਸਮਾਉਣ" ਦੇ ਭਾਣੇ ਨੂੰ ਮੰਨਿਆਂ।

ਦੂਸਰੇ ਦਿਨ ਜਦ ਸਿੱਖ ਅਤਿ ਵਿਆਕੁਲਤਾ ਵਿਚ ਬੈਠੇ ਹੋਏ ਸਨ ਤਦ ਇਕ ਸਾਧ ਨੇ ਆਣਕੇ ਦੱਸਿਆ ਕਿ ਮੈਨੂੰ ਕਲਗ਼ੀਧਰ ਜੀ ਹੁਣੇ ਜੰਗਲ ਵਿੱਚ ਮਿਲੇ ਹਨ। ਇਸ ਖਬਰ ਨੇ ਇਕ ਵੇਰ ਸਿੰਘਾਂ ਨੂੰ ਹਲੂਣਾ ਦਿੱਤਾ ਕਿ ਹੈਂ! ਇਹ ਕੀ ਗੱਲ ਬਣੀ, ਪ੍ਰੰਤੂ ਕਵੀ ਜੀ ਲਿਖਦੇ ਹਨ ਕਿ ਸਾਧ ਦੇ ਬਿਆਨ ਨੂੰ ਸੁਣਕੇ ਤੇ ਰਾਤ ਨੂੰ ਹੋਏ ਕੌਤਕ ਅੱਖੀਂ ਦੇਖਕੇ:-

"ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ ॥ ਗੁਰ ਇਕ ਸਮ ਸਭਿ ਬਿਖੈ ਸਮਾਯੋ ॥
ਜਹਿਂ ਸਿਮਰੈ ਤਹਿਂ ਹਾਜ਼ਰ ਅਹੈਂ ॥ ਸਭ ਸਿੱਖਨ ਕੀ ਸ਼ਰਧਾ ਲਹੈਂ ॥
ਜਨਮ ਮਰਨ ਪ੍ਰਾਪਤ ਕਛੁ ਨਾਂਹੀ ॥ ਸੁਤਹਿ ਸਿੱਧ ਤਨ ਧਰਹਿਂ ਬਿਲਾਹੀਂ ॥"

ਇਸ ਤੋਂ ਵਿਦਤ ਹੈ ਕਿ ਉਸ ਵੇਲੇ ਸਿੰਘਾਂ ਨੇ ਜੋ ਕੁਛ ਅੱਖੀਂ ਵੇਖਿਆ ਤੇ ਕੰਨੀਂ ਸੁਣਿਆ ਸੀ ਉਸ ਤੋਂ ਇਹ ਨਤੀਜਾ ਕੱਢਿਆ ਸੀ ਕਿ ਕਲਗ਼ੀਧਰ ਜੀ ਦੇ ਸਾਧੂ ਨੂੰ ਜੋ ਦਰਸ਼ਨ ਹੋਏ ਹਨ ਇਹ ਆਤਮ ਸੱਤਜਾ ਨਾਲ ਦਿੱਤੇ ਦਰਸ਼ਨ ਹਨ, ਕਿਉਂਕਿ ਇਸ ਤਰ੍ਹਾਂ ਦੇ ਆਤਮਕ ਸੱਤਜਾ ਦੇ ਝਲਕਾਰੇ ਗੁਰੂ ਸਾਹਿਬਾਨ ਦੇ ਸਮੇਂ ਸਿੱਖਾਂ ਸੇਵਕਾਂ ਤੇ ਸਿੰਘਾਂ ਨਾਲ ਅਨੇਕਾਂ ਵਾਰ ਹੁੰਦੇ ਰਹੇ ਹਨ, ਜਿਵੇਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਕੈਦ ਵਿਚ ਹੁੰਦਿਆਂ ਸਿੰਘਾਂ ਦੇ ਘਰ ਪ੍ਰਸ਼ਾਦ ਛਕਣਾ। ਪਾਤਸ਼ਾਹੀ ਆਦਮੀਆਂ ਨੇ ਆਪ ਜੀ ਨੂੰ ਬੰਦ ਵਿਚ ਬੀ ਤੇ ਸਿੰਘਾਂ ਦੇ ਘਰ ਬੀ ਇਕੇ ਸਮੇਂ ਤੱਕਣਾ ਤੇ ਖ਼ੁਦ ਕਲਗੀਧਰ ਜੀ ਨੇ ਭਾਈ ਜੋਗਾ ਸਿੰਘ ਜੀ ਨੂੰ, ਜਿਸ ਵੇਲੇ ਕਿ ਉਹ ਭੁਲੇਵੇ ਵਿਚ ਆ, ਢਹਿੰਦੀਆਂ ਕਲਾਂ ਵਿਚ ਜਾਣ ਲਗੇ ਸਨ, ਤਦ ਚੋਬਦਾਰ ਦੇ ਰੂਪ ਵਿੱਚ ਵਿਖਾਲੀ ਦੇਕੇ ਬਚਾਉਣਾ, ਆਦਿ।

ਜੇ ਗੁਰੂ ਜੀ ਆਪਣੇ ਸਿੱਖਾਂ ਨੂੰ ਆਪਣੇ ਜਾਗਤੀ ਜੋਤ ਤੇ ਸਦਾ ਜੀਵਨ ਦਾ ਨਿਸ਼ਚਾ ਕਰਾਯਾ ਚਾਹੁੰਦੇ ਸਨ ਤਾਂ ਦੋ ਹੀ ਤ੍ਰੀਕੇ ਸਨ-ਇਕ ਵਾਕ ਦੁਆਰਾ ਦੂਸਰੇ ਕਰਨੀ ਦੁਆਰਾ। ਵਾਕ ਦੁਆਰਾ ਤਾਂ ਓਹ ਕਹਿ ਗਏ ਕਿ ਮੈਂ ਖ਼ਾਲਸੇ ਵਿਚ ਵਰਤਾਂਗਾ। ਕਰਨੀ ਦੁਆਰਾ ਹੁਣ ਇਹ ਤ੍ਰੀਕਾ ਸੀ ਕਿ ਆਪਣੇ ਮਾਨਸਿਕ ਸਰੂਪ ਵਿਚ ਨਜ਼ਰ ਪੈਣ, ਜੈਸੇ ਕਿ ਸਾਧੂ ਨੂੰ ਦਿੱਸੇ। ਫਿਰ ਲੋੜ ਸੀ ਦਰਦ ਰਵਾਣਿਆਂ ਨੂੰ

ਸਹਾਈ ਹੋਕੇ ਕ੍ਰਿਯਾਮਾਨ ਸਬੂਤ ਦੇਣ ਦੀ ਕਿ ਮੈਂ ਸਰੀਰ ਛੋੜਕੇ ਬੀ ਬੰਦਿਆਂ ਦੀ ਕੈਦ ਕੱਟ ਸਕਦਾ ਹਾਂ ਜੈਸੇ ਕਿ ਬਾਲੇਰਾਇ ਤੇ ਰੁਸਤਮਰਾਇ ਨੂੰ ਕੈਦੋਂ ਕੱਢਕੇ ਦਿਖਾ ਦਿੱਤਾ। ਇਸ ਕੌਤਕ ਨਾਲ ਜਥੇਦਾਰ ਸੰਤੋਖ ਸਿੰਘ ਤੇ ਬਾਕੀ ਸਿੰਘਾਂ ਨੂੰ ਤਸੱਲੀਆਂ ਹੋਈਆਂ। ਇਕ ਤਾਂ ਇਹ ਕਿ ਗੁਰੂ ਸ਼ਰੀਰ ਛੋੜਕੇ ਬੀ ਜਾਗਤੀ ਜੋਤ ਹਨ, ਦੂਸਰੇ ਇਹ ਕਿ ਦੁਖੀਆਂ ਦੀ ਸਹਾਇਤਾ ਕਰਦੇ ਹਨ, ਤੇ ਅਰਾਧਣਾ ਕਰਨ ਤੇ ਹਾਜ਼ਰ ਆ ਹੁੰਦੇ ਹਨ, ਤੀਸਰੇ ਜੋ ਉਹਨਾਂ ਨੂੰ ਵਿਸਵਸਾ ਸੀ ਕਿ ਪਰਦੇਸ਼ ਤੇ ਅਸਿੱਖ ਦੇਸ਼ ਵਿਚ ਦੇਗ ਕੀਕੂੰ ਚਲੇਗੀ? ਉਸਦੇ ਚੱਲਣ ਦਾ ਗੁਰੂ ਜੀ ਨੇ ਆਪ ਮੁੱਢ ਬੰਨ੍ਹ ਦਿੱਤਾ। ਜੇ ਕਹੋ ਕਿ ਆਪ ਤਾਂ ਹੁਣ ਸ਼ੁਧ ਆਤਮਾ ਸਰੂਪ ਸਨ, ਪੰਜ ਭੌਤਕ ਸਰੀਰ ਵਿਚ ਕਿਉਂ ਦਿੱਸੇ। ਇਸ ਦਾ ਕਾਰਨ ਇਹ ਹੈ ਕਿ ਜੇ ਉਸੇ ਸਰੀਰ ਵਿਚ ਦਿੱਸਣ ਤਾਂ ਹੀ ਸਿਆਣ ਹੋਵੇ ਤੇ ਤਾਂ ਹੀ ਤਸੱਲੀ ਬੱਝੇ, ਨਿਰੋਲ ਆਤਮਾ ਨੂੰ ਅੱਖਾਂ ਵਿਸ਼ਾ ਨਹੀਂ ਕਰ ਸਕਦੀਆਂ। ਤਾਂ ਤੇ ਪੰਜ ਭੌਤਕ ਸਰੀਰ ਦੇ ਰੂਪ ਵਿਚ ਨਜ਼ਰੀਂ ਪਏ ਅਤੇ ਆਤਮ ਸਮਰੱਥਾ ਦੇ ਨੁਕਤੇ ਤੋਂ ਗੁਰ ਅਵਤਾਰ ਸ੍ਵੈ ਇੱਛਾਚਾਰੀ ਸੇ ਤੇ ਇਹ ਕੌਤਕ ਕਰ ਸਕਦੇ ਸੇ।

ਜੇ ਪੱਛਮੀ ਵਿੱਦਯਾ ਦੇ ਲੋਕੀਂ ਕਹਿਣ ਕਿ ਐਸੀਆਂ ਗੱਲਾਂ ਸੰਭਵ ਹੈਨ ਕਿ ਨਹੀਂ ਤਾਂ ਓਹ ਆਪਣੇ ਮੁਲਕਾਂ ਦੇ ਸਪਿਰਚੁਜਲਿਜ਼ਮ ਦਾ ਸਾਹਿਤ ਪੜ੍ਹ ਵੇਖਣ, ਜਿੱਥੇ ਮਾਮੂਲੀ ਰੂਹਾਂ ਆਪਣੇ ਆਪ ਨੂੰ ਮਟੀਰੀਅਲਾਈਜ਼ (ਸਰੀਰ ਵਿਚ ਦਿੱਸ ਪੈਣਾ) ਕਰਕੇ ਦੱਸਦੀਆਂ ਹਨ ਤੇ ਗੁਰੂ ਜੀ ਤਾਂ ਗੁਰੂ ਅਵਤਾਰ ਮਹਾਨ ਸ਼ਕਤੀਮਾਨ ਸੇ, ਆਪ ਅੱਗੇ ਏਹ ਖੇਲ ਕਾਹਦੇ ਕਠਨ ਸਨ।

ਇਸ ਤਰ੍ਹਾਂ ਦੇ ਆਤਮ ਸੱਤਯਾ ਦੇ ਦਰਸ਼ਨਾਂ ਦੇ ਜ਼ਿਕਰ ਦੂਜੇ ਮਤਾਂ ਦੀਆਂ ਪੁਸਤਕਾਂ ਵਿੱਚ ਵੀ ਮਿਲਦੇ ਹਨ। ਹਿੰਦੂਆਂ ਵਿਚ ਅਵਤਾਰਾਂ ਦੇ ਦਰਸ਼ਨ ਹੋਣੇ ਮੰਨੇ ਹਨ, ਵਿਸ਼ਨੂੰ ਦਾ ਰੂਪ ਧਾਰੀ ਹੋਕੇ 'ਗਜ' ਆਦਿਕਾਂ ਦੀ ਸਹਾਇਤਾ ਲਈ ਅੱਪੜਨਾ ਲਿਖ੍ਯਾ ਹੈ। ਮੁਸਲਮਾਨਾਂ ਵਿਚ ਬੀ ਵਲੀਆਂ ਦੇ ਦੀਦਾਰ ਹੋਣ ਦਾ ਜ਼ਿਕਰ ਆਉਂਦਾ ਹੈ। ਹਜ਼ਰਤ ਈਸਾ ਦੀ ਬਾਬਤ ਅੰਜੀਲ ਵਿਚ ਲਿਖਿਆ ਹੈ ਕਿ ਜਦ ਉਹਨਾਂ ਨੂੰ ਸਲੀਬ ਦਿੱਤਾ ਗਿਆ ਤੇ ਉਥੋਂ ਉਤਾਰ ਕੇ ਵਾਰਸਾਂ ਨੂੰ ਸੌਂਪਿਆ ਤੇ ਓਹ ਉਹਨਾਂ ਨੂੰ ਕਬਰ ਵਿਚ ਪਾਕੇ ਚਲੇ ਗਏ ਤਾਂ ਮਗਰੋਂ ਈਸਾ ਜੀ ਸੜਕ ਤੇ ਰਾਹੀਆਂ ਨੂੰ ਮਿਲੇ।

## ੨੬. [ਦੋਹਾਂ ਮਾਤਾ ਸਾਹਿਬਾਂ ਨੂੰ ਖਬਰ। ਬੰਦੇ ਦਾ ਘੇਰੇ ਵਿਚ ਆਉਣਾ]

੨੫<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੭

ਦੋਹਰਾ: ਬਾਲੇਰਾਇ ਬਿਚਾਰਿ ਕੈ, ਲੇ ਸੰਗ ਰੁਸਤਮਰਾਇ।
ਪਹੁੰਚੇ ਅਪਨੇ ਸਦਨ ਮਹਿਂ, ਧਨ ਗਨ ਸੰਗ ਲਵਾਇ[1] ॥੧॥

ਚੌਪਈ: ਅਵਚਲ ਨਗਰ ਗਏ ਹਰਖਾਇ।
ਦਰਸ਼ਨ ਕਰਜੋ ਸੀਸ ਕੋ ਨਜਾਇ।
ਥਾਤੀ ਦਰਬ ਸਰਬ ਦੇ ਤਥਾ।
ਕਹੀ ਸੰਤੋਖ ਸਿੰਘ ਸੰਗ ਕਥਾ ॥੨॥
ਉਠਿ ਅਰਦਾਸ ਕਰੀ ਗੁਰ ਆਗੇ।
'ਧੰਨ ਪ੍ਰਭੂ ਸਗਰੇ ਥਲ ਜਾਗੇ।
ਸਿਮਰੇ ਹਾਜ਼ਰ ਹ੍ਵੈ ਜਹਿਂ ਕਹਾਂ।
ਅਪਨੀ ਪੈਜ ਰਾਖਤੇ ਮਹਾਂ' ॥੩॥
ਕਿਤਿਕ ਤਿਹਾਵਲ ਕਰਿ ਵਰਤਾਯੋ।
ਅਪਰ ਦੇਗ਼ ਕੋ ਕਾਰ ਚਲਾਯੋ।
ਪ੍ਰਚੁਰ[2] ਪ੍ਰਸੰਗ ਦੇਸ਼ ਮਹਿਂ ਹੋਵਾ।
ਗੁਰ ਦਰਬਾਰ ਬ੍ਰਿੰਦ ਹੀ ਜੋਵਾ ॥੪॥
ਜਥਾ ਸ਼ਕਤਿ ਸਭਿ ਭੇਟ ਚਢਾਵੈਂ।
ਕਰਹਿਂ ਕਾਮਨਾ ਨਾਨਾ ਪਾਵੈਂ।
ਜੋ ਪੰਜਾਬ ਦੇਸ਼ ਕੋ ਆਏ[3]।
ਦਿਲੀਪੁਰਿ ਮਹਿਂ ਸੋ ਪ੍ਰਵਿਸ਼ਾਏ ॥੫॥
ਮਾਤ ਸੁੰਦਰੀ ਸਾਹਿਬਦੇਵੀ।
ਜਾਇ ਨਮੋ ਕੀਨੀ ਜੁਗ ਸੇਵੀ[4]।
ਕੁਛ ਮਿਸ਼ਟਾਨ ਉਪਾਇਨ ਰਾਖੀ।
ਪਿਖਿ ਸਿੰਘਨ ਕੋ ਬੂਝਤਿ ਕਾਂਖੀ ॥੬॥
'ਤੁਮ ਜਗ ਗੁਰ ਕੇ ਸੰਗੀ ਅਹੋ।
ਕਬਿ ਤੇ ਤਜਿ ਆਏ ਸਚ ਕਹੋ।'
ਸੁਨਤਿ ਸਜਲ ਦ੍ਰਿਗ ਜੋਰਤਿ ਹਾਥਾ।
ਗਾਥਾ ਕਹੀ ਮਾਤ ਕੇ ਸਾਥਾ ॥੭॥
'ਸਤਿਗੁਰ ਅਪਨੇ ਸਦਨ ਸਿਧਾਰੇ।

---

[1]ਨਾਲ ਲੈ ਕੇ।
[2]ਫੈਲਿਆ।
[3](ਅਬਚਲ ਨਗਰ ਤੋਂ) ਜੋ ਪੰਜਾਬ ਦੇਸ਼ ਨੂੰ ਆਏ।
[4](ਦੋਹਾਂ ਨੂੰ ਜੋ) ਦੋਵੇਂ ਕਿ ਸੇਵਨੇ ਯੋਗ ਹਨ। (ਅ) (ਇਸ) ਜੁਗ (ਵਿਚ) ਸੇਵਨੇ ਯੋਗ।

ਹਮ ਅਨਾਥ ਹੁਇ ਇਤਹਿਂ ਪਧਾਰੇ।
ਨਿਜ ਪਗ ਸੰਗ ਚਿਖਾ ਪਰ ਗਏ।
ਨਰ ਗਨ ਮਿਲੇ ਅਚੰਭੇ ਭਏ ॥੮॥
ਭਸਮ ਬਿਖੈ ਤੇ ਕੁਛ ਨਹਿਂ ਪਾਯੋ।
ਨਹਿਂ ਅਸਥੀ ਆਯੁਧ ਸਮੁਦਾਯੋ।
ਰਹਜੋ ਤਬੇਲੇ ਨਹਿਂਨ ਤੁਰੰਗ।
ਜਾਨਜੋਂ ਸਭਿਨਿ, ਗਏ ਲੇ ਸੰਗ[*] ॥੯॥
ਰਾਮਚੰਦ ਸ਼੍ਰੀ ਕ੍ਰਿਸ਼ਨ ਉਦਾਰਾ।
ਭਏ ਮੁੱਖਜ ਇਹ ਦਸ ਅਵਤਾਰਾ[੧]।
ਆਰਬਲਾ ਬੀਤੀ ਸਭਿ ਚਲੇ।
ਨਹੀਂ ਸਥਿਰ ਨਰ ਤਨ ਇਸ ਥਲੇ ॥੧੦॥
ਸਭਿਹਿਨਿ ਕੌ ਸ਼ੁਭ ਦੇ ਉਪਦੇਸ਼।
ਤਿਮ ਸਤਿਗੁਰ ਪਹੁੰਚੇ ਨਿਜ ਦੇਸ਼।'
ਜਗ ਗੁਰ ਗ੍ਰਿਹਨੀ ਦੋਨਹੁਂ ਮਾਤ।
ਸੁਨਜੋਂ ਚਲਾਣਾ ਬਹੁ ਬਿਲਲਾਤ ॥੧੧॥
ਚਲੀ ਬਿਲੋਚਨ ਤੇ ਜਲ ਧਾਰਾ।
ਧਾਰਾ ਸ਼ੋਕ[੨] ਰੁਦਤਿ ਬਹੁ ਬਾਰਾ[੩]।'
ਬਾਰਾ ਖੋਲੇ[੪] ਕਰੀ ਪੁਕਾਰਾ।
'ਕਾਰਾ ਕਰਜੋ ਹਮਹੁਂ ਸੰਗ ਭਾਰਾ ॥੧੨॥
ਅੰਤ ਸਮੈਂ ਨਹਿ ਦਰਸ ਨਿਹਾਰਾ।

---

[*]ਇਸ ਤੋਂ ਅੱਗੇ ਇਹ ਪਾਠ ਬੀ ਮਿਲਦਾ ਹੈ:-"ਰਹਤਉ ਅਲਵਰ ਕੋਟ ਮਝਾਰਾ। ਸੋਢੀ ਸੁਨਿ ਬ੍ਰਿਤੰਤ ਗੁਰ ਸਾਰਾ। ਪੰਡਤ ਪੁੰਜ ਸੰਗ ਲੇ ਆਯੋ। ਕ੍ਰਿਯਾ ਕਰਮ ਬਿਧਿ ਸਹਿਤ ਕਰਾਯੋ"। ਅਲਵਰ ਤੋਂ ਅਬਚਲ ਨਗਰ ਘੱਟ ਤੋਂ ਘੱਟ ਸੱਤ ਕੁ ਸੌ ਮੀਲ ਹੈ, ਖਬਰ ਪਹੁੰਚਾਉਣ ਤੇ ਸੋਢੀ ਦੇ ਓਥੇ ਅੱਪੜਨ ਵਿਚ ਪੰਦ੍ਰਾਂ ਦਿਨਾਂ ਤੋਂ ਘੱਟ ਕੀਹ ਲੱਗੇ ! ਸੋ ਸਸਕਾਰ ਯਾ ਕ੍ਰਿਯਾ ਵੇਲੇ ਅੱਪੜਨਾ ਅਸੰਭਵ ਹੈ। ਅਸਲ ਵਿੱਚ ਇਹ ਪਿਛੋਂ ਦੀਆਂ ਕਲਪਨਾਂ ਹਨ। ਸਿੰਘ, ਜੋ ਗੁਰੂ ਜੀ ਦੇ ਸੁਤੰਤ੍ਰ ਮਤੇ ਨੂੰ ਸਮਝਦੇ ਸਨ ਕ੍ਰਿਆ ਕਦ ਕਰਨ ਦੇਂਦੇ ਸੇ। ਤੇ ਜੇ ਕਰਨੀ ਹੀ ਸੀ ਤਾਂ ਓਹ ਉਡੀਕਦੇ ਬੈਠੇ ਰਹਿੰਦੇ, ਨਾਦੇੜ ਵਿਚ ਬ੍ਰਾਹਮਣ ਥੋੜੇ ਸਨ ਕ੍ਰਿਯਾ ਕਰਾਉਣ ਵਾਲੇ, ਸੋ ਜੇ ਸਿੰਘ ਕ੍ਰਿਯਾ ਕਰਨੀ ਚੰਗੀ ਗੱਲ ਸਮਝਦੇ ਤਾਂ ਗੁਰੂ ਕੇ ਪੁੱਤ੍ਰ ਬਣਕੇ ਆਪ ਚਰੋਕਣੀ ਕਰਵਾ ਦਿੰਦੇ। ਸੌ ਸਾਖੀ ਦੇ ਆਖੇਪਕਾਰਾਂ ਦੇ ਏਹ ਖਿਆਲ ਹਨ, ਇਨ੍ਹਾਂ ਸਤਰਾਂ ਦੇ ਲੇਖਕ ਨੇ ਓਥੋਂ ਹੀ ਲਏ ਹਨ। ਗੁਰ ਸੋਭਾ, ਜੋ ਸਭ ਤੋਂ ਪੁਰਾਤਨ ਗ੍ਰੰਥ ਹੈ, ਵਿਚ ਇਹ ਜ਼ਿਕਰ ਨਹੀਂ ਹੈ।

[੧]ਰਾਮ ਚੰਦ੍ਰ ਆਦਿਕ ਇਹ ਦਸ ਅਵਤਾਰ ਜੋ ਮੁੱਖੀ ਕਹੀਦੇ ਹਨ।

[੨]ਸ਼ੋਕ ਕੀਤਾ।

[੩]ਰੋਂਦੀਆਂ ਹਨ ਤੇ ਜਲ ਚਲਦਾ ਹੈ ਬਹੁਤ। (ਅ) ਕਈ ਵਾਰ।

[੪]ਬੂਹੇ ਖੁਲੇ ਸਨ ਜਦੋਂ। ਮਾਤਾ ਜੀ ਰੋਏ (ਕਿਉਂਕਿ ਅੱਗੇ ਲਿਖਿਆ ਹੈ, ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ)।
(ਅ) (ਮੁਖ ਦਾ) ਦੁਵਾਰਾ ਖੋਲ੍ਹ ਕੇ ਉੱਚੀ ਪੁਕਾਰ ਕੀਤੀ।

ਹਾਰਾ ਮਨ ਮਾਨਹੁਂ ਤਿਸ ਬਾਰਾ[1]।'
ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ।
ਨਿਕਟ ਬੈਠਿ ਛੋਰੈਂ ਦ੍ਰਿਗ ਬਾਰੀ ॥੧੩॥
-ਕਹਾਂ ਗਏ ਅਚਰਜ ਕਰਿ ਗੁਰੂ।
ਰਿਦੇ ਸ਼ੋਕ ਹਮਰੇ ਕਰਿ ਸ਼ੁਰੂ-।
ਸਿਮਰਹਿਂ ਪ੍ਰਭੁ ਕੇ ਗੁਨਨਿ ਅਨੇਕ।
-ਹਮ ਕੋ ਤਜਿ ਗੇ ਜਲਧਿ ਬਿਬੇਕ- ॥੧੪॥
ਸਾਹਿਬ ਦੇਵੀ ਸੁਨਾ ਸੁ ਜਬਿ ਤੇ।
ਸਾਧਨ ਲਗੀ ਨੇਮ ਬ੍ਰਤ ਤਬਿ ਤੇ।
ਜਪ ਤਪ ਕਰਤੇ ਦਿਵਸ ਬਿਤਾਵੈ।
ਸੁਪਤੈ ਅਲਪ, ਅਲਪ ਹੀ ਖਾਵੈ ॥੧੫॥
ਪਤਿ ਕੇ ਧਯਾਨ ਪਰਾਇਨ ਪੀਨੀ।
ਦੁਰਬਲ ਦੇਹਿ ਦਸ਼ਾ ਬਹੁ ਕੀਨੀ।
ਕਹੈ ਸੁੰਦਰੀ ਬਹੁ ਸਮੁਝਾਇ।
ਤਦਪਿ ਅਲਪ ਹੀ ਭੋਜਨ ਖਾਇ ॥੧੬॥
ਸਿੱਖ ਸਿੱਖਨੀ ਸੀਸ ਨਿਵਾਵਹਿਂ।
ਬਹੁ ਬਿਧਿ ਕੀ ਸ਼ੁਭ ਸੇਵ ਕਮਾਵਹਿਂ।
ਸ਼੍ਰੀ ਗੁਰ ਕੀ ਨਿਤ ਕਥਾ ਬਖਾਨਹਿਂ।
ਨਿਸ ਬਾਸੁਰ ਸਿਮਰਨ ਮਨ ਠਾਨਹਿਂ ॥੧੭॥
ਬਰਨੈ ਰਾਮਕੁਇਰ ਕਥ ਭਾਈ।
ਮੈਂ ਨਹਿਂ ਹੁਤੋ ਸੰਗ ਤਿਸ ਥਾਈਂ।
ਬਾਲੂ ਹਸਨੇ* ਕੇਰ ਉਦਾਸੀ[2]।
ਰਹੀ ਜਮਾਤ ਗੁਰੂ ਕੇ ਪਾਸੀ ॥੧੮॥
ਸਭਿ ਪ੍ਰਸੰਗ ਕੋ ਤਿਨਹੁਂ ਨਿਹਾਰਾ।
ਪੰਚ ਬਾਰ ਮੁਝ ਸੰਗ ਉਚਾਰਾ।
ਜਬਿ ਸੋ ਮਿਲਤਿ ਆਨਿ ਕਰਿ ਪਾਸੀ।
ਮੈਂ ਬੂਝਤਿ ਸੋ ਕਰਤਿ ਪ੍ਰਕਾਸ਼ੀ ॥੧੯॥

---

[1]ਮਾਨੋਂ ਤਿਸ ਵੇਲੇ ਮਨ ਹਾਰ ਗਿਆ।

*ਇਹ ਜਨਮ ਦਾ ਕਸ਼ਮੀਰੀ ਬ੍ਰਹਮਣ ਸੀ, ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ ਸਿੱਖ ਤੇ ਘੋੜੇ ਦਾ ਸੇਵਕ ਸੀ। ਗੁਰੂ ਜੀ ਨੇ ਇਸ ਨੂੰ ਬਾਬਾ ਗੁਰਦਿੱਤਾ ਜੀ ਨੂੰ ਦੇ ਦਿੱਤਾ। ਉਥੋਂ ਇਹ ਸੰਤ ਜੀ ਉਦਾਸੀਆਂ ਦੇ ਇਕ ਫਿਰਕੇ ਦੇ ਆਗੂ ਬਣੇ। ਚੰਗੇ ਭਜਨੀਕ ਤੇ ਗੁਰਮੁਖ ਪੁਰਖ ਸੇ। ਇਹ ਨਾਦੇੜ ਤੋਂ ਆ ਦੇਸ਼ਾਟਨ ਕਰਦੇ ਸਾਹਿਬ ਰਾਮਕੌਰ ਜੀ ਪਾਸ ਰਹੇ ਤੇ ਫੇਰ ਡੇਹਰਾਦੂਨ ਵਿਚ ਜਾ ਟਿਕੇ ਤੇ ਉਥੇ ਹੀ ਪ੍ਰਲੋਕ ਗਮਨ ਕੀਤਾ।

[2]ਬਾਲੂਹਸਨੇ ਉਦਾਸੀ ਦੀ।

ਅਵਚਲ ਨਗਰ ਗੁਰੂ ਕੇ ਪਾਛੇ।
ਦਿਨ ਕੇਤਿਕ ਰਹਿ ਚਲਿਬੋ ਬਾਛੇ।
ਸੋ ਆਏ ਇਸ ਦੇਸ਼ ਮਝਾਰੀ।
ਮਾਤਨ ਕੀ ਭੀ ਬਾਤ ਉਚਾਰੀ ॥੨੦॥
ਸਾਹਿਬ ਦੇਵੀ ਹਿਤ ਮਨ ਭਾਵਨ[1]।
ਤਨ ਪਿੰਜਰ ਸਮ ਕੀਨ ਸੁਕਾਵਨ।
ਪਸ਼ਚਾਤਾਪ ਕਰਤਿ ਦੁਖਿਯਾਰੀ।
-ਕਯੋਂ ਨ ਪ੍ਰਭੂ ਕੇ ਸੰਗ ਸਿਧਾਰੀ ॥੨੧॥
ਅਲਪ ਭਾਗ ਮੈਂ ਰਹੀ ਅਕੇਲੀ।
ਬਿਛੁਰੀ ਪ੍ਰਭੁ ਤੇ ਸਦਾ ਦੁਹੇਲੀ।
ਜਰਨ ਚਿਖਾ ਪਤਿ ਜੁਤਿ ਇਕ ਬਾਰੀ।
ਪਤਿ ਬਿਨ ਨਿਸ ਦਿਨ ਹ੍ਵੈ ਦੁਖਿਯਾਰੀ- ॥੨੨॥
ਇਸ ਬਿਧਿ ਕੇਤਿਕ ਸਮਾ ਬਿਤਾਵਾ।
ਪੁਨ ਦਿਨ ਅੰਤ ਆਇ ਨਿਯਰਾਵਾ।
ਤਿਥਿ ਇਕਾਦਸ਼ੀ ਮਹਿਂ ਤਜਿ ਪ੍ਰਾਨ।
ਪਹੁੰਚੀ ਪਤਿ ਢਿਗ ਠਾਨਤਿ ਧਯਾਨ ॥੨੩॥
ਸ਼੍ਰੀ ਹਰਿ ਕ੍ਰਿਸ਼ਨ ਦੇਹੁਰੇ ਪਾਸ।
ਤਹਿਂ ਸਸਕਾਰੀ ਹੁਇ ਗਨ ਦਾਸ।
ਪੀਛੇ ਮਾਤ ਸੁੰਦਰੀ ਰਹੀ।
ਚਿਰੰਕਾਲ ਲਗਿ ਬਯ ਨਿਰਬਹੀ ॥੨੪॥
ਇਸ ਕੀ ਕਥਾ ਕਹੌਂ ਪੁਨ ਕੇਤਿਕ।
ਸੁਨਿ ਸ੍ਰੋਤਾ ਬੰਦੇ ਕੀ ਜੇਤਿਕ।
ਚਹੁੰ ਦਿਸ਼ਿ ਤੇ ਲਸ਼ਕਰ ਘਿਰਿ ਆਏ।
ਲਰਹਿਂ ਬਹੁਤ, ਨਹਿਂ ਪਾਇ ਜਮਾਏ ॥੨੫॥
ਦੇਸ਼ ਨਗਰ ਗਨ ਜੇ ਅਪਨਾਏ।
ਤਿਨ ਕੋ ਬੰਦਾ ਰਾਜ ਕਮਾਏ।
ਕਿਤਿਕ ਪੰਥ[2] ਭੀ ਅਪਨਿ ਚਲਾਯੋ।
ਉਪਦੇਸ਼ਤਿ ਭਾ ਨਰ ਸਮੁਦਾਯੋ ॥੨੬॥
ਮਿਲਹਿਂ ਫਤੇ ਦਰਸ਼ਨ ਕੋ ਕਹੈਂ।
ਆਪਸ ਬਿਖੈ ਭਾਉ ਨਿਰਬਹੈਂ।

---

[1]ਭਾਵ ਜਿਸਦੇ ਮਨ ਵਿਚ ਸਤਿਗੁਰੂ ਜੀ ਦਾ ਪ੍ਰੇਮ ਹੀ ਭਾਂਵਦਾ ਸੀ।
[2]ਬੰਦਈ ਪੰਥ।

ਪੁਰਿ ਗ੍ਰਾਮਨ ਕੇ ਨਰ ਚਲਿ ਆਵੈਂ।
ਸਿੱਖ ਬੰਦੇ ਕੇ ਹੁਇ ਹਰਖਾਵੈਂ ॥੨੭॥
ਅਪਨੀ ਰਹਤਿ ਕਹਤਿ ਉਪਦੇਸ਼ਹਿ।
ਪਦ ਪਾਹੁਲ ਕੋ ਦੇਤਿ ਹਮੇਸ਼ਹਿ[*]।
ਬਨਿ ਕੈ ਸਿੱਖ ਅਕੋਰਨ ਲਜਾਵੈਂ।
ਭਾਂਤਿ ਭਾਂਤਿ ਕੀ ਉਸਤਤਿ ਗਾਵੈਂ ॥੨੮॥
ਸਿੰਘਨਿ ਸੰਗ ਸਪਰਧਾ ਠਾਨੈ।
ਬੰਦੇ ਕੇ ਮਤ ਕੋ ਸਭਿ ਜਾਨੈਂ।
ਕਿਤਿਕ ਗ੍ਰਾਮ ਕੇ ਨਰ ਸਿਖ ਹੋਇ।
ਦਰਸ਼ਨ ਫਤੇ[1] ਬੁਲਾਵਹਿਂ ਸੋਇ ॥੨੯ ॥ {ਵਿਸ਼ੇਸ਼ ਟੂਕ ੧}
ਪਤਿਸ਼ਾਹੀ ਲਸ਼ਕਰ ਸਮੁਦਾਏ।
ਲਾਖਹੁਂ ਇਤ ਉਤ ਤੇ ਘਿਰਿ ਆਏ।
ਬ੍ਰਹਮਚਰਜ ਜਿਸ ਭਯੋ ਬਿਨਾਸ਼ੇ।
ਰਣ ਮਹਿਂ ਰਹਿਤਹਿ ਕਿਤ ਭਰਵਾਸੇ[2] ॥੩੦॥
-ਸੋਨਾ ਗਲੈ ਕੁਠਾਲੀ ਜੈਸੇ।
ਖੁਲਹਿਂ ਲੰਗੋਟ, ਗਲੈਗੋ ਤੈਸੇ-। {ਵਿਸ਼ੇਸ਼ ਟੂਕ}
ਸੋ ਗੁਰ ਬਚਨ ਹੁਯੋ ਚਹਿ ਤਬੈ।
ਹੇਰੇ ਲਸ਼ਕਰ ਉਮਡੇ ਸਬੈ ॥੩੧॥
ਨਾ ਰਣ ਕਰਯੋ ਪਲਾਇਨ ਭਯੋ[3]।

---

*ਇਹ ਠੀਕ ਨਹੀਂ ਹੈ। ਬਾਬਾ ਬੰਦਾ ਆਪਣੀ ਜਥੇਦਾਰੀ ਵੇਲੇ ਅੰਮ੍ਰਿਤ ਖੰਡੇ ਦਾ ਛਕਾਇਆ ਕਰਦਾ ਸੀ। ਤਦੋਂ ਹੀ ਛੱਜਾ ਸਿੰਘ ਭੰਗੀ ਵਰਗੇ ਪ੍ਰਸਿੱਧ ਸਿੰਘਾਂ ਨੇ ਆਪ ਤੋਂ ਅੰਮ੍ਰਿਤ ਛਕਿਆ। ਜਦੋਂ ਬੰਦੇ ਨੇ ਵੱਖਰਾ ਮਤਾ ਟੋਰ ਲਿਆ ਦੱਸੀਦਾ ਹੈ (ਵਿਸ਼ੇਸ਼ ਖੋਜ ਦੀ ਲੋੜ ਹੈ) ਤਦੋਂ ਬੀ ਅੰਮ੍ਰਿਤ ਛਕਾਉਂਦਾ ਸੀ। ਹੁਣ ਤਕ ਗੱਦੀ ਨਸ਼ੀਨ ਅੰਮ੍ਰਿਤ ਛਕਦੇ ਹਨ, ਉਹਨਾਂ ਵਿੱਚ ਸਿੰਘ ਬੀ ਅੰਮ੍ਰਿਤ ਛਕਦੇ ਹਨ। ਸਹਿਜਧਾਰੀਆਂ ਨੂੰ ਚਰਨ ਘਾਲ ਦੇਂਦੇ ਹਨ। ਸਹਿਜਧਾਰੀ ਸਿੱਖ ਬੀ ਬੰਦਈ ਹੁੰਦੇ ਹਨ। ਅਰਦਾਸਾ ਦਸਾਂ ਪਾਤਸ਼ਾਹੀਆਂ ਦਾ ਕਰਦੇ ਹਨ, ਮਗਰੋਂ ਬਾਬੇ ਜੀ ਦਾ ਤੇ ਰੰਜੀਤ ਸਿੰਘ, ਜੁਝਾਰ ਸਿੰਘ, ਫਤੇ ਸਿੰਘ ਦਾ ਨਾਮ ਲੈਂਦੇ ਹਨ, ਪਰ ਉਹਨਾਂ ਨੂੰ ਯਾਰਵੀਂ ਬਾਰਵੀਂ ਪਾਤਸ਼ਾਹੀ ਨਹੀਂ ਆਖਦੇ। ਗੁਰਬਾਣੀ ਬਿਨਾਂ ਹੋਰ ਕੁਛ ਨਹੀਂ ਮੰਨਦੇ; ਗੰਗਾ ਵਿਚ ਫੁਲ ਨਹੀਂ ਪਾਉਂਦੇ ਸਗੋਂ ਬਾਬੇ ਬੰਦੇ ਦੇ ਡੇਰੇ ਹੇਠਾਂ ਵਗਦੀ ਚਨਾਬ ਵਿਚ ਪਾਉਂਦੇ ਹਨ। ਹੁਣ ਬੰਦਈ ਘੱਟ ਗਏ ਹਨ, ਪਰ ਸਿੰਧ ਵਿਚ ਬੰਦਈ ਸਿੰਘ ਅਜੇ ਬੀ ਹੈਨ ਤੇ ਓਹ ਰਹਿਤਵਾਨ ਹੁੰਦੇ ਹਨ। ਗੱਦੀ ਨਸ਼ੀਨ ਜੀ ਕੇਸ਼ਾਧਾਰੀ ਤੇ ਅੰਮ੍ਰਿਤਧਾਰੀ ਸਿੰਘ ਹਨ ਤੇ ਗੁਰੂ ਘਰ ਦੇ ਪ੍ਰੇਮੀ ਹਨ ਤੇ ਆਪ ਨੂੰ ਤੇ ਬਾਬਾ ਬੰਦਾ ਸਿੰਘ ਜੀ ਨੂੰ ਗੁਰੂ ਕਾ ਸਿੰਘ ਮੰਨਦੇ ਹਨ।

1'ਫਤਹ ਦਰਸ਼ਨ' ਇਹ ਪਦ ਵਰਤਿਆ ਗਿਆ ਸੀ ਵਾਹਿਗੁਰੂ ਜੀ ਦੀ ਫਤਹ ਦੀ ਥਾਂ। ਪਰ ਦੇਰ ਤਕ ਨਹੀਂ ਟੁਰ ਸਕਿਆ। ਖਿਆਲ ਕੀਤਾ ਜਾਂਦਾ ਹੈ ਕਿ ਬਾਬਾ ਬੰਦਾ ਗੁਰੂ ਗੋਬਿੰਦ ਸਿੰਘ ਜੀ ਨੂੰ 'ਸੱਚਾ ਸਾਹਿਬ' ਸੱਦਦਾ ਸੀ, ਮਗਰੋਂ ਬੰਦਈਆਂ ਨੇ ਇਹ ਵਾਕ ਬੰਦੇ ਲਈ ਵਰਤ ਲਿਆ। ਜੌਨ ਪੁਰ ਦੇ ਹੁਕਮਨਾਮੇਂ ਤੋਂ ਪ੍ਰਤੀਤ ਹੁੰਦਾ ਹੈ ਕਿ ਬੰਦੇ ਨੇ ਸੱਚਾ ਸਾਹਿਬ ਗੁਰੂ ਜੀ ਨੂੰ ਸੱਦਿਆ ਹੈ। ਦੇਖਣ ਲਈ ਹੁਕਮਨਾਮਾ ਉਪਰ ਕਲਿਕ ਕਰੋ।

2ਕਿਸ ਭਰੋਸੇ ਰਹਿ ਸਕਦਾ ਸੀ।

3ਜੁੱਧ ਨਾਂ ਕੀਤਾ ਸਗੋਂ ਨੱਠ ਪਿਆ।

ਦੁਰਗ ਮਝਾਰ ਪ੍ਰਵੇਸ਼ਨਿ ਕਯੋ।
ਜਿਸ ਮਹਿ ਅੰਨ ਜਮਾ ਕੁਛ ਨਾਂਹੀ।
ਹੁਤੇ ਸੰਗ ਲੇ ਬਰਜੋ ਸੁ ਤਾਂਹੀ ॥੩੨॥
ਗਨ ਲਸ਼ਕਰ ਪਰਵਾਰਜੋ ਆਇ।
ਸੰਘਰ ਮਚਜੋ ਦੁਰਗ ਕੇ ਥਾਇਂ।
ਥਿਰ ਅੰਤਰ ਤੇ ਤਜੈ ਤੁਫੰਗ।
ਹੋਹਿ ਨਿਕਟ[1] ਫੋਰਹਿ ਤਿਸ ਅੰਗ ॥੩੩॥
ਤਬਹਿ ਚਮੂੰ ਨੇ ਘੇਰਾ ਪਾਇ।
ਉਤਰੇ ਦੂਰ ਦੂਰ ਕੀ ਥਾਇਂ।
ਨਿਕਸੇ ਨਹਿਂ ਪ੍ਰਵੇਸ਼ਬੋ ਪਾਵੈ[2]।
ਨਿਕਟ ਨ ਪਹੁੰਚਹਿਂ ਰਣ ਨ ਮਚਾਵੈਂ ॥੩੪॥
ਕੇਤਿਕ ਦਿਨ ਮੋਂ ਅੰਨ ਬਿਹੀਨੇ।
ਅਧਿਕ ਛੁਧਾ ਨਰ ਬਜਾਕੁਲ ਕੀਨੇ।
ਬਾਬਾ ਤਬਿ ਬਿਨੋਦ ਸਿੰਘ ਸੰਗ।
ਜਾਨਜੋਂ ਘੇਰਾ ਪਰਜੋ ਕੁਢੰਗ ॥੩੫॥
ਪ੍ਰਾਨ ਛੁਧਾ ਤੇ ਜਾਇਂ ਬਿਲਾਇ।
ਬਲ ਸੰਭਾਰਿ ਤਬਿ ਕੀਨਿ ਉਪਾਇ।
ਬੇਗੀ ਬਡੋ ਤੁਰੰਗਮ ਤਰੇ।
ਜ਼ੀਨ ਪਵਾਇ ਸ਼ਸਤ੍ਰ ਗਹਿ ਚਰੇ ॥੩੬॥
ਬੀਸਕ ਅਪਰ ਸੰਗ ਮਹਿਂ ਲੀਨ।
ਜਾਇ ਬਜ਼ਾਰ ਬਰੇ ਹਠ ਕੀਨ।
ਲੂਟ ਲੀਨ ਤਹਿਂ ਬਹੁਰ ਮਿਠਾਈ।
ਰਣ ਕਰਿ ਦੁਰਗ ਪ੍ਰਵੇਸ਼ਜੋ ਜਾਈ ॥੩੭॥
ਲਰੇ ਤੁਰਕ ਸਗਰੇ ਬਿਸਮਾਏ।
ਪੁਨ ਦ੍ਰਿੜਤਾ ਕਰਿ ਥਿਰ ਸਮੁਦਾਏ।
ਦਿਨ ਦੋਇਕ ਮਹਿਂ ਫੇਰ ਸਿਧਾਰਾ।
ਲੀਨਿ ਮਿਠਾਈ ਲੂਟ ਬਜਾਰਾ ॥੩੮॥
ਫੇਰ ਦੁਰਗ ਮਹਿਂ ਜਾਇ ਪ੍ਰਵੇਸ਼ਾ।
ਅਚਰਜ ਧਾਰ ਤੁਰਕ ਅਸ਼ੇਸ਼ਾ।

---

[1](ਜੋ) ਨੇੜੇ ਢੁੱਕੇ।
[2]ਨਾਂ ਉਹ (ਅੰਦਰੋਂ) ਨਿਕਲੇ ਤੇ ਨਾਂ (ਏਹ ਅੰਦਰ) ਵੜ ਸੱਕਣ। 'ਨਹਿਂ ਪਦ ਦੇਹਿਰੀ ਦੀਪਕ ਲਗੇਗਾ।

ਬਾਯੂ ਬਗੀ ਬਲੀ ਤੁਰੰਗ।
ਕੋਇ ਨ ਰੋਕਿ ਸਕਹਿ ਕਰਿ ਜੰਗ ॥੩੯॥
ਅਪਰ ਚਮੂੰ ਭੀ ਛੁਧਤਿ ਬਿਸਾਲਾ।
ਇਹ[1] ਭੋਜਨ ਕਰਿ ਹਰਖ ਬਿਸਾਲਾ।
ਜੇ ਰਿਪੁ ਕਰੈ ਪ੍ਰਾਤਿ ਤਕਰਾਈ।
ਸੰਧਜਾ ਧਾਰਿ[2] ਛੀਨਿ ਲੇ ਜਾਈ ॥੪੦॥
ਸੰਧਜਾ ਤਕੈਂ ਦੁਪਹਿਰੇ ਪਰੈਂ[3]।
ਥਿਰੈਂ ਦੁਪਹਿਰੇ ਨਿਸ ਲੇ ਬਰੈਂ[4]।
ਅਨਿਕ ਜਤਨ ਪਕਰਨ ਹਿਤ ਕਰੈਂ।
ਰੁਕਹਿਂ ਨਹੀਂ ਅਚਰਜ ਸਭਿ ਧਰੈਂ ॥੪੧॥
ਲਸ਼ਕਰ ਭਯੋ ਤਮਾਮ ਹਿਰਾਨਾ।
-ਮਾਰਜੋ ਜਾਇ ਨ ਪਕਰਜੋ ਪਾਨਾ।
ਮਹਾਂ ਮਰਦਮੀ ਤੇ ਸੁਖ ਪਾਵੈ।
ਅਪਰ ਚਮੂੰ ਛੁਧਿ ਤੇ ਬਿਕੁਲਾਵੈ- ॥੪੨॥
ਇਕ ਦਿਨ ਬੰਦੇ ਕੇ ਢਿਗ ਥਿਰੇ।
ਝਿਰਕਜੋ ਤਰਜਜੋ 'ਤੈਂ ਦੁਖ ਕਰੇ[5]।
ਗੁਰ ਕੇ ਬਾਕ ਬਿਖੈ ਨਹਿਂ ਰਹਜੋ।
ਤੌ ਏਤਿਕ ਸੰਕਟ ਕੋ ਸਹਜੋ' ॥੪੩॥
ਬੰਦੇ ਕਹਜੋ 'ਤੁਮੈਂ ਕਜਾ ਪਰਜੋ।
ਬੁਰਾ ਕਿ ਭਲਾ ਹਮਹੁੰ ਨੇ ਕਰਜੋ।
ਤਜਿ ਕੈ ਜੰਗ ਚਹਹੁ ਜੇ ਜਾਨਾ।
ਤਉ ਤੁਮ ਗਮਨਹੁੰ ਹੋਹੁ ਨ ਹਾਨਾ' ॥੪੪॥
ਰਿਸ ਕਰਿ ਬਾਬੇ ਬਹੁਰ ਉਚਾਰੀ।
'ਤੁਵ ਕੁਕਰਮ ਤੇ ਸੰਕਟ ਭਾਰੀ।
ਸਗਰੇ ਭੋਗਹਿਂ ਹਮ ਨੇ ਜਾਨੀ।
ਗਲਹਿ ਕੁਠਾਲੀ ਲੇਹੁ ਪਛਾਨੀ ॥੪੫॥


---

[1]ਭਾਵ ਬਾਬਾ ਬਿਨੋਦ ਸਿੰਘ ਜੀ ਦਾ ਟੋਲਾ।
[2]ਸੰਧਿਆ ਪਿਆਂ।
(ਅ) ਸੰਧਿਆ ਨੂੰ ਧਾੜ ਵਾਂਙੂ ਪੈਕੇ।
[3](ਜੇ ਵੈਰੀ) ਸੰਧਜਾ ਨੂੰ ਖਬਰਗੀਰੀ ਕਰਦੇ ਹਨ (ਤਾਂ ਉਹ) ਦੁਪਹਿਰੇ (ਉਹਨਾਂ ਉੱਤੇ) ਜਾ ਪੈਂਦੇ ਹਨ।
[4](ਜੇ ਉਹ) ਦੁਪਹਿਰੇ ਖੜੋਕੇ (ਸਾਵਧਾਨੀ ਕਰਦੇ ਹਨ ਤਾਂ ਇਹ) ਰਾਤੀਂ ਲੁੱਟਕੇ (ਕਿਲ੍ਹੇ ਵਿਚ) ਜਾ ਵੜਦੇ ਹਨ।
[5]ਤਾੜਿਆ (ਹੇ ਬੰਦੇ) ਤੈਂ (ਸਾਨੂੰ) ਦੁਖੀ ਕੀਤਾ ਹੈ।

ਹਤਿ ਕ੍ਰਿਪਾਨ ਤੇ ਤੋਹਿ ਜੁ ਦੇਤੋ[1]।
ਕਯੋਂ ਭੋਗਤਿ ਸਭਿ ਹੀ ਦੁਖ ਏਤੋ।
ਗੁਰ ਬਖਸ਼ਿਸ਼ ਤੇ ਤੋਹਿ ਨ ਮਾਰਾ।
ਪਾਇ ਬਿਭੂਤਿ[2] ਰਿਦੇ ਹੰਕਾਰਾ' ॥੪੬॥
ਇੱਤਜਾਦਿਕ ਬਹੁ ਕਹੇ ਕਹਾਏ।
ਭਯੋ ਬਿਰੋਧ ਸੁ ਕ੍ਰੋਧ ਵਧਾਏ।
ਕਾਨ੍ਹ ਸਿੰਘ ਨੇ ਪਿਤਾ ਹਟਾਯੋ।
ਛਿਮਾ ਕਰਾਵਤਿ ਡੇਰੇ ਲਯਾਯੋ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

ਵਿਸ਼ੇਸ਼ ਟੂਕ ੧ ਹੁਕਮ ਨਾਮਾ
ਜੋ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਜੌਨਪੁਰ ਦੀ ਸੰਗਤ ਦੇ ਨਾਮ ਜਾਰੀ ਹੋਇਆ। ਸੰਮਤ ਪਹਿਲਾ ਬਾਬਾ ਜੀ ਨੇ ਸਰਹਿੰਦ ਦੀ ਫਤਹ ਤੋਂ ਬਾਦ ਜਾਰੀ ਕੀਤਾ ਸੀ। ਸਰਹਿੰਦ ਦੀ ਫਤਹ ੧੭੧੦ ਈ: ਦੇ ਮਈ ਵਿਚ ਹੋਈ ਸੀ।



ਵਿਸ਼ੇਸ਼ ਟੂਕ ੨ ਗੁਰੂ ਜੀ ਨੇ ਜੋ ਵਿਵਾਹ ਤੋਂ ਮਨ੍ਹੇ ਕੀਤਾ ਸੀ ਉਸਦਾ ਭਾਵ ਸੀ ਕਿ ਓਹ ਅਪਣੇ ਉਦੇਸ਼ ਵਿਚ ਦ੍ਰਿੜ ਰਹੇ। ਭਵਿੱਖਤ ਦੇ ਜਾਣਨਹਾਰ ਉਸਨੇ ਹਾਨੀ ਹੋਣ ਦੇ ਇਸ ਕਾਰਨ ਨੂੰ ਜਾਣਦੇ ਸਨ, ਇਸ ਕਰਕੇ ਦ੍ਰਿੜ੍ਹਤਾ ਬਨ੍ਹਾਉਂਦੇ ਸੇ। ਫਿਰ ਗੁਰੂ ਜੀ ਜਾਣਦੇ ਸੇ ਕਿ ਹਿੰਦੁਸਤਾਨ ਵਿੱਚ ਕਿਸੇ ਬਲੀ ਯੋਧਾ ਨੂੰ ਨਿਰਬਲ ਕਰਨ ਲਈ ਧੀਆਂ ਦੇ ਡੋਲੇ ਲੈ ਮਿਲਨਾ ਆਮ ਗੱਲ ਹੈ। ਦੂਜਾ ਹੁਕਮ ਸੀ ਸਿੰਘਾਂ ਦੀ ਰਾਇ ਨਾਲ ਕੰਮ ਕਰਨਾ ਤੇ ਤੀਸਰਾ ਹੁਕਮ ਸੀ ਗ਼ੈਬੀ ਮਦਦ ਲਈ

[1]ਤੈਨੂੰ ਜੇ ਕ੍ਰਿਪਾਨ ਨਾਲ (ਅਗੇ) ਮਾਰ ਦੇਂਦਾ।
[2]ਸੰਪਦਾ ਪਾਕੇ।

ਪੰਜ ਭੁਜੰਗੀ ਅਰਦਾਸਾ ਕਰਨ। ਬੰਦੇ ਬਾਬਤ ਬਹੁਤ ਗਲਤ ਗੱਲਾਂ ਪ੍ਰਸਿਧ ਹਨ ਜਿਨ੍ਹਾਂ ਦੀ ਛਾਣਬੀਨ ਦੀ ਲੋੜ ਹੈ। ਵੱਡੀਆਂ ਮੱਲਾਂ ਮਾਰਕੇ ਫੇਰ ਸਭ ਕੁਛ ਗੁਆਕੇ ਲੋਹਗੜੋਂ ਨਿਕਲ ਕੇ ਮੁੜ ਬੰਦਾ ਸਿੰਘ ਨੇ ਫੌਜਾਂ ਕੱਠੀਆਂ ਕੀਤੀਆਂ ਤਦੋਂ ਜੋ ਹੁਕਮਨਾਮੇ ਜਾਰੀ ਕੀਤੇ ਉਨ੍ਹਾਂ ਹੁਕਮਨਾਮਿਆਂ ਵਿਚੋਂ ਇਕ ਟਿਕਾਣੇ ਤੋਂ ਭਾਈ ਗੰਡਾ ਸਿੰਘ ਨੂੰ ਹੁਣੇ ਹੀ ਇਕ ਹੁਕਮ ਨਾਮਾ ਜੌਨਪੁਰ ਵਾਲਾ ਮਿਲਿਆ ਹੈ, ਜਿਸਦਾ ਫੋਟੋ ਸਾਹਮਣੇ ਦੇਂਦੇ ਹਾਂ। ਇਸ ਤੋਂ ਪਤਾ ਲੱਗਦਾ ਹੈ ਕਿ 'ਫਤਹ ਦਰਸ਼ਨ' ਜਾਰੀ ਹੋ ਗਈ ਤੇ ਬੀ ਉਹ ਗੁਰੂ ਕਾ ਸਿੰਘ ਹੈ। ਹੁਕਮ ਨਾਮੇ ਤੇ ਮੁਹਰ 'ਦੇਗ ਤੇਗ ਫਤੇ ਨੁਸਰਤ ਬੇ ਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਵਾਲੀ ਹੈ ਗੁਰੂ ਜੀ ਨੂੰ ਗੁਰੂ ਕਹਿ ਰਿਹਾ ਤੇ ਰਖਣਹਾਰਾ ਦੱਸ ਰਿਹਾ ਹੈ ਤੇ ਖਾਲਸੇ ਨੂੰ ਗੁਰੂ ਕਾ ਦੱਸ ਰਿਹਾ ਹੈ, ਤੇ ਸੱਚਾ ਸਾਹਿਬ ਪਦ ਬੀ ਗੁਰੂ ਜੀ ਵਾਸਤੇ ਵਰਤਦਾ ਜਾਪਦਾ ਹੈ, ਕਿਉਂਕਿ ਅਖੀਰ ਵਿਚ ਆਪਣਾ ਹੁਕਮ ਜਦ ਦੇਂਦਾ ਹੈ ਤਾਂ ਲਿਖਦਾ ਹੈ 'ਮੇਰਾ ਹੁਕਮ ਹੈ, ਜੋ ਖਾਲਸੇ ਦੀ ਰਹਿਤ ਰਹੇਗਾ ਤਿਸਦੀ ਗੁਰੂ ਬਾਹੁੜੀ ਕਰੇਗਾ'। ਏਹ ਗੱਲਾਂ ਗੁਰਸਿਖੀ ਦੀਆਂ ਹਨ, ਫਤੇ ਦਰਸ਼ਨ ਆਦਿ ਗੱਲਾਂ ਨਵੀਨ ਸਨ। ਅਗਲੇ ਹਾਲਾਤ ਤੋਂ ਟੋਹ ਲਗਦੀ ਹੈ ਕਿ ਫਤੇ ਦਰਸ਼ਨ ਤੋਂ ਮਾਤਾ ਜੀ ਨੇ ਵਰਜ ਘੱਲਿਆ ਹੈ ਤਾਂ ਫੇਰ ਬੋਲਾ ਖਾਲਸੇ ਦਾ ਵਾਹਿਗੁਰੂ ਜੀ ਕੀ ਫਤੇ ਹੀ ਜਾਰੀ ਰਿਹਾ ਹੈ। ਮਾਤਾ ਜੀ ਨੇ ਕੋਈ ਖਤ ਬੰਦੇ ਨੂੰ ਜੰਗ ਜੁੱਧ ਤੋਂ ਵਰਜਣ ਦਾ ਲਿਖਿਆ ਸਹੀ ਨਹੀਂ ਜਾਪਦਾ। ਬੰਦੇ ਦੇ ਦਰਬਾਰ ਸਾਹਿਬ ਆਕੇ ਦਾਵਾ ਗੁਰਿਆਈ ਵਾਲੀ ਗੱਲ ਬੀ ਠੀਕ ਨਹੀਂ, ਉਹ ਘਟਨਾ ਬਾਬੇ ਜੀ ਦੇ ਮਗਰੋਂ ਕਈ ਬਰਸ ਬਾਦ 'ਬੰਦਈਆਂ' ਤੇ 'ਖਾਲਸਿਆਂ' ਵਿੱਚ ਹੋਈ ਸੀ।

## ੨੭. [ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ। ਬੰਦੇ ਦਾ ਅੰਤ]

੨੬<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੮

ਦੋਹਰਾ: ਕਾਨ੍ਹ ਸਿੰਘ ਸਮੁਝਾਇ ਕੈ,
ਪਿਤ ਸਨ ਕਹ੍ਯੋ ਬਨਾਇ।
'ਤੁਮ ਨਿਕਸਹੁ ਤਜਿ ਸੰਗ ਕੋ,
ਜੰਗ ਨ ਬਿਚ ਹੁਇ ਜਾਇ[1] ॥੧॥
ਦੋਹਰਾ: ਗੋਇੰਦਵਾਲ ਸਦਨ ਪਹੁੰਚੀਜੈ।
ਇਸ ਮੂਰਖ ਸੋਂ ਰਿਸ ਨਹਿਂ ਕੀਜੈ।
ਸਤਿਗੁਰ ਕਹ੍ਯੋ ਭੇਜਨੋ ਹਮੈ।
ਹਿਤ ਸਹਾਇਤਾ ਕੇ ਸਭਿ ਸਮੈਂ ॥੨॥
ਗੁਰ ਕੀ ਆਗਯਾ ਭੰਗ ਨ ਕਰੋ।
ਰਹੌਂ ਸੰਗ ਮੈਂ, ਤੁਮ ਚਢਿ ਪਰੋ[2]।
ਪੁਜ੍ਯੋ ਅੰਤ ਇਸ ਕੋ ਅਬਿ ਆਈ।
ਤੁਮ ਹਤਿ ਕਰਿ ਕ੍ਯੋਂ ਲੇਤਿ ਬੁਰਾਈ' ॥੩॥
ਸੁਨਿ ਬਿਨੋਦ ਸਿੰਘ ਭਲੇ ਬਿਚਾਰਾ।
ਪਾਇ ਜ਼ੀਨ ਹੋਯੋ ਅਸਵਾਰਾ।
ਦੁਰਗ ਪੌਰ ਤੇ ਨਿਕਸ੍ਯੋ ਬਾਹਿਰ।
ਸੰਧ੍ਯਾ ਸਮੈਂ ਜਾਨਿ ਤਿਸ ਠਾਹਿਰ ॥੪॥
ਤੇਜ਼ ਤੁਰੰਗਮ ਕਰਤਿ ਪਲਾਯੋ।
ਲਸ਼ਕਰ ਬੀਚ ਬਾਇ ਸਮ ਧਾਯੋ।
ਰਹੇ ਰੋਕ ਸਭਿ ਰੁਕ੍ਯੋ ਨ ਕੈਸੇ।
ਮ੍ਰਿਗਨ ਬ੍ਰਿੰਦ ਤੇ ਕੇਹਰਿ ਜੈਸੇ ॥੫॥
ਗੋਇੰਦਵਾਲ ਪਹੂਚੇ ਜਾਇ।
ਬਸੇ ਸਦਨ ਮਹਿਂ ਸਹਿਜ ਸੁਭਾਇ।
ਦੁਰਗ ਬਿਖੈ ਘੇਰੇ ਮਹਿਂ ਪਰੇ।
ਛੁਧਤਿ ਹਲਾਕ[3] ਹੋਇ ਨਰ ਮਰੇ ॥੬॥
ਕੇਤਿਕ ਲਰਿ ਕਰਿ ਮਰੇ ਜੁਝਾਰੇ।
ਜੇਤਿਕ ਮਾਰੇ ਗਏ ਸੁ ਮਾਰੇ।
ਪੁਨ ਓਰੜ ਲਸ਼ਕਰ ਕਿਯ ਹੇਲਾ।

---

[1](ਤੁਹਾਡੇ ਤੇ ਬੰਦੇ) ਵਿਚ ਜੰਗ ਨਾ ਹੋ ਜਾਵੇ।
[2]ਮੈਂ (ਬੰਦੇ ਨਾਲ) ਰਹਾਂਗਾ ਤੁਸੀਂ ਚਢ ਜਾਓ।
[3]ਭੁੱਖ ਦੇ ਮਾਰੇ ਮਰ ਗਏ। (ਇਹ ਸਾਖੀ ਮਹਿਮਾ ਪ੍ਰਕਾਸ਼ ਵਿਚੋਂ ਹੈ ਉਥੇ ਇਸ ਥਾਵੇਂ ਐਉਂ ਪਾਠ ਹੈ:- "ਤਮਾਮ ਸਿੰਘ ਮਾਰੇ ਭੁੱਖ ਕੇ ਹਲਾਕ ਹੂਏ")।

ਦੁਰਗ ਪੌਰ ਕੋ ਤੋੜਿ ਧਕੇਲਾ[*] ॥੭॥
ਸਨਮੁਖ ਭਏ ਸੁ ਤਤਛਿਨ ਮਾਰੇ।
ਅਪਰ ਛੁਧਿਤ ਪਕਰੇ ਭਟ ਸਾਰੇ।
ਗਹੵੋ ਬੀਚ ਤੇ ਬੰਦਾ ਜਾਇ।
ਲੋਹ ਪਿੰਜਰਾ ਦ੍ਰਿੜ੍ਹ ਘਰਿਵਾਇ[+] ॥੮॥
ਤਿਸ ਮਹਿਂ ਪਾਇ ਕੈਦ ਕਰਿ ਲੀਨ।
ਅਪਰ ਜੇਲ ਸਭਿ ਕੋ ਤਹਿਂ ਕੀਨਿ।
ਲੇ ਕਰਿ ਪਾਤਸ਼ਾਹੁ ਕੇ ਤੀਰ।
ਪਹੁੰਚਤਿ ਭਏ ਅਧਿਕ ਭਟ ਭੀਰ[++] ॥੯॥
ਕੇਤਿਕ ਮਾਸ ਕੈਦ ਮਹਿਂ ਰਾਖਾ।
ਪੁਨ ਪਤਿਸ਼ਾਹੁ ਹੁਕਮ ਅਸ ਭਾਖਾ।
ਹੇਤੁ ਬਿਲੋਕਨ ਨਿਕਟ ਹਕਾਰਾ।
ਸ਼ਾਹੁ[¶] ਸੰਗ ਬੰਦੇ ਸੁ ਉਚਾਰਾ ॥੧੦॥
'ਮੁਝ ਕੋ ਗਹਿ ਕੈ ਲਜਾਇ ਹਦੂਰ।
ਐਸੋ ਹੁਤੋ ਸੁ ਕਿਸ ਮਕਦੂਰ[੧]।
ਕੋਇ ਨ ਸਕੈ ਮਾਰ ਮੁਝ ਤਾਂਈ।
ਅਪਨੀ ਬਾਤ ਆਪ ਬਿਗਰਾਈ ॥੧੧॥
ਜਿਸ ਗੁਰ ਨੇ ਸਲਤਨ ਤੁਵ ਦੀਨ[*]।
ਤਿਸ ਪ੍ਰਭੁ ਨੇ ਮੋ ਕਉ ਬਡ ਕੀਨ।
ਤਿਨ ਕੇ ਬਚਨ ਬਿਖੈ ਨਹਿਂ ਰਹੵੋ।
ਤੌਂ ਏਤਿਕ ਸੰਕਟ ਮੈਂ ਸਹੵੋ ॥੧੨॥
ਸਪਤ ਬਰਖ ਤੇਰੀ ਬਯ ਜਾਨ।

---

[*]ਇਹ ਗ਼ਲਤ ਹੈ। ਤੁਰਕਾਂ ਗੜ੍ਹੀ ਨਹੀਂ ਤੋੜੀ। ਅਬਦੁਲ ਸਮੱਦ ਖ਼ਾਂ ਨੇ ਬੰਦੇ ਨੂੰ ਇਹ ਇਕਰਾਰ ਦੇਕੇ ਕਿ ਤੁਸੀਂ ਜੇ ਗੜ੍ਹੀ ਛੱਡ ਦਿਓ ਤਾਂ ਤੁਹਾਡੀ ਜਾਨ ਬਖਸ਼ੀ ਕੀਤੀ ਜਾਏਗੀ, ਵਿਸਾਹਘਾਤ ਕੀਤਾ। ਜਦੋਂ ਬਾਬਾ ਬੰਦਾ ਤੇ ਉਸ ਦੇ ਸਾਥੀ ਬਾਹਰ ਆਏ ਤਾਂ ਸਹੁੰ ਤੋੜਕੇ ਸਾਰੇ ਪਕੜ ਲਏ।

[+]ਇਹ ਬੀ ਪਤਾ ਚਲਦਾ ਹੈ ਕਿ ਪਿੰਜਰੇ ਵਿਚ ਬੰਦਾ ਸਰਹਿੰਦ ਤੋਂ ਅੱਗੇ ਜਾ ਕੇ ਦਿੱਲੀ ਦੇ ਨੇੜੇ ਪਾਇਆ ਗਿਆ ਸੀ, ਓਥੋਂ ਤਕ ਹਾਥੀ ਤੇ ਲਿਜਾਇਆ ਗਿਆ ਸੀ।

[++]ਬੰਦਾ ਦੋ ਸੌ ਕੈਦੀਆਂ ਸਣੇ ਪਹਿਲੇ ਲਾਹੌਰ ਪਹੁੰਚਾ। ਓਥੇ ਤੇ ਅੱਗੋਂ ਹੋਰ ਬੇਗੁਨਾਹ ਸਿੰਘ ਫੜ ਫੜ ਕੇ ਨਾਲ ਰਲਾਏ ਤੇ ਟੋਰੇ ਗਏ। ਸਰਹਿੰਦ ਦੇ ਬਜ਼ਾਰਾਂ ਵਿਚ ਨਸ਼ਰ ਕੀਤੇ ਤੇ ਇਸੀ ਤਰ੍ਹਾਂ ਦਿੱਲੀ ਵੜੇ ਤਾਂ ਕਾਲੀਆਂ ਭੇਡਾਂ ਦੀਆਂ ਖੱਲਾਂ ਗਲੇ ਪੁਆਕੇ ਊਠਾਂ ਤੇ ਚੜ੍ਹਾਕੇ ਨਸ਼ਰ ਕੀਤੇ ਗਏ। ਇਹ ਅੱਠ ਸੌ ਤੇ ਹਜ਼ਾਰ ਦੇ ਵਿਚਕਾਰ ਸਿੱਖ ਕੈਦੀ ਸਨ। ਐਲਫਿਨਸਟਨ ਨੇ ੭੪੦ ਲਿਖੇ ਹਨ।

[¶]ਇਹ ਸ਼ਾਹ ਫੱਰਖ਼ਸੀਅਰ ਸੀ, ਬਹਾਦਰ ਸ਼ਾਹ ਮਰ ਚੁੱਕਾ ਹੋਇਆ ਸੀ।

[੧]ਤਾਕਤ।

[*]ਬਹਾਦਰ ਸ਼ਾਹ ਤਾਂ ੧੭੬੯ ਬਿ: ਵਿਚ ਮਰ ਚੁੱਕਾ ਸੀ। ਬੰਦੇ ਦਾ ਸਾਕਾ ਫ਼ਰੁੱਖ਼ਸੀਅਰ ਦੇ ਵੇਲੇ ਹੋਇਆ ਹੈ। ਬੰਦਾ ਗ੍ਰਿਫਤਾਰ ਪੋਹ ੧੭੭੨ ਵਿਚ ਹੋਇਆ ਸੀ ਤੇ ਸਾਕਾ ਚੇਤ ੧੭੭੩ ਬਿੱਕ੍ਰਮੀ ਨੂੰ।

ਸ਼੍ਰੀ ਗੁਰ ਕਰਜੋ ਤੋਹਿ ਸੁਲਤਾਨ।
ਮੋਹਿ ਮਰਨ ਪੀਛੇ ਅਠ ਦਿਨ ਮੈਂ।
ਤੇਰੀ ਮ੍ਰਿਤੂ ਹੋਇ ਲਖਿ ਮਨ ਮੈਂ+ ॥੧੩॥
ਜਬਿ ਤੂੰ ਮਰਹਿਂ ਜਾਹਿਂ ਜਮ ਧਾਮ।
ਬਿਗਰਹਿ ਅਵਨੀ ਰਾਜ ਤਮਾਮ।
ਦਿਨ ਪ੍ਰਤਿ ਨਸੈ ਤੇਜ ਤੁਰਕਾਨਾ।'
ਸੁਨਤਿ ਬਹਾਦਰਸ਼ਾਹਿ+ ਬਖਾਨਾ ॥੧੪॥
'ਇਸ ਕੋ ਮਾਰਹੁ ਵਹਿਰ ਲਿਜਾਇ।
ਅਪਰ ਜਿ ਗਹੇ ਲੋਕ ਸਮੁਦਾਇ।
ਸਨੇ ਸਨੇ ਸਭਿ ਕੋ ਮਰਿਵਾਵਹੁ।
ਕੋਇ ਨ ਬਚਿ ਹੈ ਪ੍ਰਾਨ ਗਵਾਵਹੁ' ॥੧੫ ॥ {ਵਿਸ਼ੇਸ਼ ਟੂਕ}
ਵਹਿਰ ਨਿਕਾਸਜੋ ਬੰਦਾ ਮਾਰਜੋ।
ਸਿਖ ਸੰਗਤਿ ਸੁਨਿ ਕੈ ਦੁਖ ਧਾਰਜੋ।
ਮਾਤਾ ਸੁੰਦਰੀ ਢਿਗ ਚਲਿ ਗਏ।
ਸਭਿ ਕਰਿ ਜੋਰਿ ਬਖਾਨਤਿ ਭਏ ॥੧੬॥
'ਕਾਨ੍ਹ ਸਿੰਘ ਬਾਬਾ ਵਿਚ ਕੈਦ।
ਜਿਨ ਛੂਟਨ ਕੀ ਨਹੀਂ ਉਮੈਦ।
ਮਾਰਨ ਹੁਕਮ ਸਭਿਨਿ ਦਿਯ ਸ਼ਾਹੂ।
ਮਾਰ ਦਯੋ ਬੰਦਾ ਪਲ ਮਾਂਹੂ' ॥੧੭॥
ਸੁਨਿ ਕੈ ਮਾਤ ਸਭਿਨਿ ਸੋਂ ਕਹਜੋ।
'ਕਾਨ੍ਹ ਸਿੰਘ ਛੁਰਵਾਯੋ ਚਹਜੋ।
ਜਨਮਜੋ ਗੁਰ ਕੇ ਬੰਸ ਮਝਾਰੀ।
ਪੁਨ ਸ਼ੁਭ ਗੁਨ ਜੁਤਿ ਭਟ ਭੁਜ ਭਾਰੀ ॥੧੮॥
ਨਤੁ ਤਿਸ ਸ਼੍ਰੌਣ[1] ਪਰੈ ਜਿਸ ਥਾਇਂ।
ਬਡ ਅਪਰਾਧ ਹੋਇ ਤਹਿਂ ਜਾਇ।
ਅਰੁ ਸਿੰਘਨ ਕੀ ਸਿੱਖੀ ਮਾਂਹਿ।
ਪਰਹਿ ਤਫਾਉਤ[2] ਮਿਟਿ ਹੈ ਨਾਂਹਿ ॥੧੯॥

---

+ਬੰਦਾ ੧੭੭੩ ਬਿ: ਵਿਚ ਸ਼ਹੀਦ ਹੋਇਆ ਹੈ ਤੇ ਫ਼ਰੁੱਖਸੀਅਰ ੧੭੭੬ ਬਿ: ਵਿਚ ਮੋਇਆ ਹੈ, ਇਸਨੇ ੬-੭ ਸਾਲ ਹੀ ਰਾਜ ਕੀਤਾ ਹੈ।

ਫ਼ਰੁੱਖਸੀਅਰ ਪਾਤਸ਼ਾਹ ਤ੍ਰੈ ਕੁ ਸਾਲ ਬੰਦੇ ਤੋਂ ਮਗਰੋਂ ਮੋਇਆ ਹੈ। ਕਵੀ ਜੀ ਇਸ ਨੂੰ ਭੁਲੇਵੇ ਨਾਲ ਬਹਾਦਰ ਸ਼ਾਹ ਸਮਝ ਰਹੇ ਹਨ।

[1]ਉਸਦਾ ਲਹੂ।

[2]ਫਰਕ।

ਦਸਮ ਗੁਰੂ ਕੇ ਰਹਯੋ ਹਜ਼ੂਰ[*]।
ਯਾਂ ਤੇ ਕਰਹੁ ਉਪਾਇ ਜ਼ਰੂਰ।'
ਸੁਨਿ ਮਾਤਾ ਕੀ ਆਇਸੁ ਸਾਰੇ।
ਸਿੱਖਨ ਜਤਨ ਅਨੇਕ ਬਿਚਾਰੇ ॥੨੦॥
ਸਭਿ ਇਕਠੇ ਹੁਇ ਤਹਾਂ ਸਿਧਾਰੇ।
ਗਹੇ ਹੁਤੇ ਜਹਿਂ ਕੈਦੀ ਸਾਰੇ।
ਖਰੇ ਹੋਇ ਊਚੇ ਤਹਿਂ ਕਹੇ।
'ਨਾਮ ਕਾਨ੍ਹ ਸਿੰਘ ਕਿਸ ਕੋ ਅਹੇ?' ॥੨੧॥
ਸੁਨਿ ਕਰਿ ਕਾਨ੍ਹ ਸਿੰਘ ਤਹਿਂ ਆਯੋ।
ਥਿਰਯੋ ਪੌਰ ਢਿਗ ਸਭਿਨਿ ਜਨਾਯੋ।
ਆਵਤਿ ਸਿੰਘਨ ਪਿਖਯੋ ਮੁਲਾਨਾ[+]।
ਮੁਖ ਦਬਾਇ ਗਹਿ ਗਾਢ ਮਹਾਨਾ[1] ॥੨੨॥
ਕਾਰਾਗ੍ਰਿਹ ਮਹਿਂ ਦਿਯੋ ਧਕਾਈ।
ਕਾਨ੍ਹ ਸਿੰਘ ਲੀਨਸਿ ਨਿਕਸਾਈ।
ਰਥ ਚਢਾਇ ਆਛਾਦਨ ਕੀਨ।
ਤੂਰਨ ਤੋਰਿ ਅਗਾਰੀ ਦੀਨ ॥੨੩॥
ਦੁਇ ਸਿਖ ਚਲੇ ਸੰਗ ਮਹਿਂ ਜਾਇ।
ਬੂਝੇ ਉੱਤਰ ਦੇਤਿ ਬਤਾਇ।
'ਨਰ ਬਿਸਾਲ ਕੀ ਬਿਚ ਹੈ ਦਾਰਾ।'
ਇਮ ਲੇ ਗਮਨੇ ਸਭਿਨਿ ਮਝਾਰਾ ॥੨੪॥
ਗਨ ਸਿੱਖਨ ਘਰਿ ਮਹਿਂ ਲੇ ਗਏ[2]।
ਕਾਨ੍ਹ ਸਿੰਘ ਤਬਿ ਬੂਝਤਿ ਭਏ।

---

[*]ਜਾਪਦਾ ਹੈ ਕਿ ਮਾਤਾ ਜੀ ਬੰਦੇ ਦੀ ਮੌਤ ਨਿਸ਼ਚਿਤ ਜਾਣਕੇ ਇਸ ਨੂੰ ਬਚਾਇਆ ਚਾਹੁੰਦੇ ਹਨ, ਜੋ ਮਤੇਂ ਇਹ ਬੰਦੇ ਦੇ ਮਗਰੋਂ ਪੰਥ ਨੂੰ ਸੰਭਾਲ ਸਕੇ ਕਿਉਂਕਿ ਉਹ ਚੋਟੀ ਦਾ ਜੋਧਾ ਸੀ ਤੇ ਨੀਤੱਗਜ ਸੀ ਤੇ ਗੁਰੂ ਕੇ ਹਜ਼ੂਰ ਰਹਿਣ ਕਰਕੇ ਪੰਥਕ ਹਾਲਤਾਂ ਨੂੰ ਸਮਝਦਾ ਸੀ।

[+]ਮਹਿਮਾ ਪ੍ਰਕਾਸ਼ ਵਿਚ 'ਮੁਲਾਨਾ' ਹੀ ਲਿਖਿਆ ਹੈ। ਪਰ ਕਹਿੰਦੇ ਹਨ ਕਿ ਸਿੱਖਾਂ ਨੇ ਇਕ ਸਿੱਖ ਬਾਬਾ ਜੀ ਦੇ ਬਦਲੇ ਅੰਦਰ ਪਾਇਆ ਸੀ। ਜਿਸ ਸਿੱਖ ਨੇ ਖੁਸ਼ੀ ਨਾਲ ਬਾਬੇ ਦੀ ਥਾਂ ਜਾਨ ਦਿੱਤੀ। ਕਿਤੇ ਕਿਤੇ ਓਪਰੇ ਲੇਖਕਾਂ ਵੱਲੋਂ ਬਾਬੇ ਬੰਦੇ ਦੇ ਨਾਲ ਬਾਬੇ ਕਾਨ੍ਹ ਸਿੰਘ ਦੇ ਸ਼ਹੀਦ ਹੋਣ ਦਾ ਜ਼ਿਕਰ ਬੀ ਹੈ। ਉਹ ਲੇਖਕਾਂ ਤੋਂ ਗ਼ਲਤੀ ਇਸ ਕਰਕੇ ਹੋਈ ਹੈ ਕਿ ਜੋ ਸਿੰਘ ਬਾਬੇ ਦੀ ਥਾਂ ਸ਼ਹੀਦ ਹੋਇਆ ਉਹ ਕਾਨ੍ਹ ਸਿੰਘ ਸਦਾ ਕੇ ਹੀ ਸ਼ਹੀਦ ਹੋਇਆ ਸੀ। ਅਸਲ ਬਾਬਾ ਜੀਉਂਦਾ ਨਿਕਲ ਆਇਆ ਸੀ ਤੇ ਲੇਖਕਾਂ ਨੂੰ ਇਸ ਭੇਤ ਦਾ ਪਤਾ ਨਹੀਂ ਲੱਗਾ। ਬਾਬਾ ਜੀ ਦੇ ਲਾਹੌਰ ਅੰਮ੍ਰਿਤਸਰ ਆਦਿ ਵਿਚ ਮਗਰੋਂ ਜੀਉਂਦੇ ਜਾਗਦੇ ਦੇ ਹਾਲਾਤ ਮਿਲਦੇ ਹਨ।

[1]ਮੁਲਾਣੇ ਨੂੰ ਚੰਗੀ ਤਰ੍ਹਾਂ ਕਾਬੂ ਕਰਕੇ ਮੂੰਹ ਘੁੱਟ ਕੇ (ਕਿ ਉਹ ਰੌਲਾ ਨਾ ਪਾ ਸਕੇ, ਕਾਨ੍ਹ ਸਿੰਘ ਦੀ ਥਾਵੇਂ)......।

[2]ਭਾਵ ਜਿੱਥੇ ਸਿੱਖਾਂ ਦੇ ਬਹੁਤੇ ਘਰ ਸਨ ਓਥੇ ਲੈ ਗਏ।

'ਕੌਨ ਮੇਲ ਕੀ ਸੰਗਤ ਇਹਾਂ?'
ਸੁਨਿ ਸਾਥੀ ਨੇ ਉੱਤਰ ਕਹਾ ॥੨੫॥
'ਰਾਜਾ ਰਾਮ ਮੇਲ ਕੀ ਸੰਗਤਿ।
ਬੈਠਤਿ ਹੈ ਕਰਿ ਨਜਾਰੀ ਪੰਗਤਿ।'
ਕਾਨ੍ਹ ਸਿੰਘ ਕਹਿ 'ਨਹਿਨ ਉਤਾਰੋ।
ਅਗਲੀ ਸੰਗਤਿ ਬਿਖੈ ਸਿਧਾਰੋ ॥੨੬॥
ਛਾਦਯੋ ਸਜੰਦਨ ਆਗੇ ਚਲੇ।
ਗਏ ਦੁਤੀ ਜਹਿਂ ਸੰਗਤਿ ਭਲੇ।
ਤਿਨ ਕੇ ਘਰਨ ਉਤਾਰਯੋ ਜਾਇ[1]।
ਇਮ ਬਾਬਾ ਸੋ ਲੀਨਿ ਬਚਾਇ ॥੨੭॥
ਦਿਵਸ ਆਗਲੇ ਸ਼ਾਹੁ ਬੁਲਾਏ।
ਜੇਤਿਕ ਸਿੰਘ ਕੈਦ ਮਹਿਂ ਆਏ।
ਆਨਿ ਖਰੇ ਜਬਿ ਸਿੰਘ ਅਗਾਰੀ।
ਬੂਝੇ ਸਭਿ 'ਕੋ ਤੁਮਹਿ ਮਝਾਰੀ ॥੨੮॥
ਬਾਜ ਸਿੰਘ ਬਡ ਜੋਧਾ ਕੌਨੇ?
ਕਰਿ ਕੈ ਜੁਦੇ ਦਿਖਾਵਹੁ ਤੌਨੇ।'
ਭਯੋ ਪ੍ਰਿਥਕ ਸੁਨਿ ਕੈ ਤਤਕਾਲਾ।
ਬੋਲਯੋ ਧਰਿ ਕੈ ਧੀਰ ਬਿਸਾਲਾ ॥੨੯॥
'ਗੁਰ ਕੋ ਦਾਸ ਬਾਜ ਸਿੰਘ ਮੈਂ ਹੌਂ।
ਜੋ ਤੁਮ ਕਹੌਂ ਦਿਖਾਵਨ ਕੈ ਹੌਂ।'
ਕਹੈ ਸ਼ਾਹ 'ਤੂੰ ਬੀਰ ਬਿਸਾਲਾ।
ਕਰਿ ਭੀ ਸਕਹਿਂ ਕਿ ਨਹਿਂ ਇਸ ਕਾਲਾ' ॥੩੦॥
ਬਾਜ ਸਿੰਘ ਕਹਿ 'ਅਬਹਿ ਨਿਹਾਰਹੁ।
ਮਮ ਪਗ ਤੇ ਬੇਰੀ ਨਿਰਵਾਰਹੁ।
ਬੀਰ ਪਨੇ ਕੇ ਪਿਖਹੁ ਤਮਾਸ਼ਾ।
ਲਰਹਿਂ ਕਿਤਿਕ ਮੈਂ ਕਰੌਂ ਬਿਨਾਸ਼ਾ ॥੩੧॥
ਹੁਕਮ ਸ਼ਾਹ ਦੇ ਨਿਗੜ[2] ਨਿਕਾਰੀ।
ਫਾਂਧਯੋ ਬਾਜ ਸਿੰਘ ਭੁਜ ਭਾਰੀ।
ਕੜੇ ਹਾਥ ਕੇ ਸੋ ਭੁਜ ਭਾਰੇ।
ਤੀਨ ਸਿਪਾਹੀ ਤਤਛਿਨ ਮਾਰੇ ॥੩੨॥

---

[1]ਉਹਨਾਂ ਦੇ ਘਰਾਂ ਵਿਚ ਜਾ ਉਤਾਰਿਆ।
[2]ਬੇੜੀ।

ਖਰੋ ਨਬਾਬ ਏਕ ਤਿਹ ਤਾੜਯੋ।
ਹਾਥ ਉਠਾਇ ਨਹੀਂ ਕੁਛ ਮਾਰਯੋ।
ਪਿਖੀ ਚਲਾਕੀ ਸ਼ੇਰ ਮਨਿੰਦ।
ਗਹਿਵਾਯੋ ਕਰਿ ਕੈ ਨਰ ਬ੍ਰਿੰਦ ॥੩੩॥
ਸ਼ਾਹੁ ਪ੍ਰਸੰਨ ਹੋਇ ਛੁਟਵਾਯੋ।
ਮਾਝੇ ਦੇਸ਼ ਛੁਟਯੋ ਚਲਿ ਆਯੋ*।
ਕਾਨ੍ਹ ਸਿੰਘ ਜਿਹ ਸਿਖ ਘਰ ਮਾਂਹੀ।
ਨੌਕਰ ਸੋ ਪਠਾਨ ਕੇ ਪਾਹੀ[੧] ॥੩੪॥
ਲਿਖਯੋ ਪਰਗਨਾ ਤਾਂਹਿ ਅਜਾਰੇ[੨]।
ਤਿਸ ਆਗੇ ਸਿਖ ਕਾਰ ਸੁਧਾਰੇ।
ਦੇਤਿ ਚਾਕਰੀ ਹਾਥ ਉਠਾਈ[੩]।
ਯਾਂ ਤੇ ਇਕ* ਸਿਖ ਰਹਤਿ ਸਦਾਹੀ[੪] ॥੩੫॥
ਸੁਨਤਿ ਬ੍ਰਿਤੰਤ ਕਾਨ੍ਹ ਸਿੰਘ ਕਹਯੋ।
'ਲੈ ਦੇਵੋਂ ਧਨ ਜੇਤੋ ਚਹਯੋ।'
ਸਿਖ ਨੈ ਭਨਯੋਂ 'ਕਹੌਂ ਕਜਾ ਅਰਜ਼ੀ।
ਮੈਂ ਗਰਜ਼ੀ[੫], ਕਰੀਅਹਿ ਨਿਜ ਮਰਜ਼ੀ' ॥੩੬॥
ਕਾਨ੍ਹ ਸਿੰਘ ਰੁਖਸਦ ਹੁਇ ਗਯੋ।
ਤਿਸੀ ਪਰਗਨੇ ਪ੍ਰਾਪਤਿ ਭਯੋ।
ਖਾਨ ਪੌਰ ਢਿਗ ਉਤਰੇ ਜਾਇ।
ਤਾਕਹਿ ਅਪਨੀ ਘਾਤ[੬] ਲਗਾਇ ॥੩੭॥
ਘਰ ਬਿਚ ਤੇ ਨਿਕਸੀ ਇਕ ਦਾਸੀ।
ਬੂਝਨ ਕਰੀ ਲੋਕ ਜੇ ਪਾਸੀ[੭]।
'ਖਾਨ ਕੌਨ ਕਾਰਜ ਮਹਿਂ ਪਰੇ?'

---

*ਜਿੱਥੋਂ ਤੱਕ ਖੋਜ ਹੁਣ ਤੱਕ ਕੰਮ ਕਰਦੀ ਹੈ ਬਾਬਾ ਕਾਨ੍ਹ ਸਿੰਘ ਜੀ ਦੇ ਸਿਵਾ ਕੋਈ ਸਿੰਘ ਬੰਦੇ ਦੇ ਸਾਥੀਆਂ ਵਿਚੋਂ, ਜੋ ਦਿੱਲੀ ਆਂਦੇ ਗਏ ਸਨ, ਨਹੀਂ ਬਚਿਆ।

[੧]ਉਹ (ਸਿੱਖ ਕਿਸੇ) ਪਠਾਣ ਪਾਸ ਨੌਕਰ ਸੀ।

[੨]ਤਿਸ ਪਠਾਣ ਨੇ ਪਰਗਣਾਂ ਠੇਕੇ ਤੇ ਲਿਆ ਹੋਇਆ ਸੀ।

[੩]ਭਾਵ ਤਨਖਾਹ ਦੇਣ ਵੇਲੇ (ਪਠਾਣ) ਹੱਥ ਸੰਕੋਚ ਲੈਂਦਾ ਸੀ।

*ਇਥੇ ਪਾਠ 'ਇਕ' ਦੀ ਥਾਵੇਂ 'ਦਿੱਕ' ਚਾਹੀਦਾ ਹੈ, ਮਹਿਮਾਂ ਪ੍ਰਕਾਸ਼ ਵਿਚ ਜਿੱਥੋਂ ਦੀ ਇਹ ਸਾਖੀ ਹੈ, ਪਾਠ ਐਉਂ ਹੈ:-"ਇਸ ਵਾਸਤੇ ਸਿੱਖ ਬਹੁਤ ਦਿਕ ਰਹਿਤਾ ਥਾ"।

[੪]ਜਿਸ ਕਰਕੇ (ਇਹ) ਕਿ ਸਦਾ ਹੀ (ਦੁਖੀ ਰਹਿੰਦਾ ਸੀ)

[੫]ਲੋੜਵੰਦ ਹਾਂ।

[੬]ਦਾਉ।

[੭]ਪਾਸ ਦੇ ਲੋਕਾਂ ਨੇ ਪੁੱਛਿਆ (ਦਾਸੀ ਤੋਂ)।

ਦਾਸੀ ਭਾਖਤਿ 'ਦਾਤਨ ਕਰੇ ॥੩੮॥
ਅਪਰ ਨੀਰ ਕੀਨਸਿ ਅਨਵਾਵਨ।
ਚਾਹਤਿ ਹੈ ਪੁਨ ਤਿਸ ਤੇ ਨ੍ਹਾਵਨ।'
ਕਾਨ੍ਹ ਸਿੰਘ ਲਖਿ ਘਾਤੀ ਭਲੇ[1]।
ਦਾਸੀ ਸਾਥ ਅੰਤਰੇ ਚਲੇ ॥੩੯॥
ਪਹੁੰਚੇ ਨਿਕਟ ਇਕਾਕੀ ਹੇਰਾ।
ਬਲ ਤੇ ਪਕਰਿ ਤਰੇ ਸੋ ਗੇਰਾ।
ਤੁਰਤ ਖਾਨ ਕੀ ਛਾਤੀ ਚਢੇ।
ਤੀਖਨ ਕਰਿ ਕਟਾਰ ਕੋ ਕਢੇ ॥੪੦॥
ਅਨੀ ਉਦਰ ਕੇ ਸਾਥ ਲਗਾਈ।
ਧਾਇ ਲੋਕ ਆਏ ਸਮੁਦਾਈ।
ਨਗਨ ਕ੍ਰਿਪਾਨ ਮਾਰਨੋ ਚਹੈਂ।
ਕਾਨ੍ਹ ਸਿੰਘ ਤਬਿ ਸਭਿ ਕੋ ਕਹੈ ॥੪੧॥
'ਮੁਝ ਪਰ ਵਾਰ ਕਰਹੁ ਤੁਮ ਜਬੈ।
ਖਾਨ ਪ੍ਰਾਨ ਹਾਨੌਂ ਮੈਂ ਤਬੈ।'
ਸੁਨਿ ਪਠਾਨ ਨੇ ਸਕਲ ਹਟਾਏ।
ਬੂਝੇ 'ਕੌਨ ਕਾਜ ਤੁਮ ਆਏ?' ॥੪੨॥
ਬਾਬੇ ਕਹਜੋ 'ਸਿੱਖ ਜੋ ਅਮਕੋ।
ਚਾਕਰ ਕਾਜ ਕਰੈ ਨਿਤ ਤੁਮ ਕੋ।
ਦਈ ਚਾਕਰੀ ਹਾਥ ਉਠਾਈ।
ਗੁਜ਼ਰ ਤੰਗ ਤਿਸ ਕੀ ਹੁਇ ਆਈ ॥੪੩॥
ਤਿਸ ਕੋ ਦਰਬ ਦੀਜੀਐ ਸਾਰਾ।
ਕਰਿ ਕਾਰਜ ਲਿਹੁ ਪ੍ਰਾਨ ਉਬਾਰਾ।'
ਸੁਨਿ ਪਠਾਨ ਧਨ ਤੁਰਤ ਮੰਗਾਯੋ।
ਕਾਨ੍ਹ ਸਿੰਘ ਪੁਨ ਬਾਕ ਅਲਾਯੋ ॥੪੪॥
'ਦਗਾ ਨ ਕਰਿ, ਦਿਹੁ ਬੀਚ ਕੁਰਾਨ[2]।
ਇਕ ਰਥ ਦੀਜਹਿ ਹਯਨ ਮਹਾਨ।
ਬਿਤ, ਸੁਤ, ਮੁਝ ਕੋ[3], ਬੀਚ ਬਿਠਾਇ।
ਅਪਰ ਰਾਜ ਮਹਿਂ ਦਿਹੁ ਪਹੁੰਚਾਇ' ॥੪੫॥

---

[1]ਚੰਗਾ ਦਾਉ ਜਾਣਕੇ।
[2]ਦਗ਼ਾ ਨ ਕਰੀਂ ਜ਼ਮਾਨਤ ਦੇਹ ਕੁਰਾਨ ਦੀ (ਭਾਵ ਸਹੁੰ ਖਾਹ)।
[3]ਧਨ, (ਆਪਣੇ) ਪੁੱਤ੍ਰ ਤੇ ਮੈਨੂੰ।

ਸੁਨਤਿ ਖਾਨ ਡਰ ਕੋ ਬਹੁ ਮਾਨਾ।
ਕਰਜੋ ਤਥਾ ਸ਼ੁਭ ਜਥਾ ਬਖਾਨਾ।
ਪਹੁੰਚੇ ਜਬੈ ਰਾਜ ਬੇਗਾਨੇ।
ਬਿਤ ਲੇ, ਸੁਤ ਰਥ ਦੀਯਸਿ ਜਾਨੇ[1] ॥੪੬॥
ਸਿਖ ਕੋ ਦਯੋ ਦਰਬ ਤਬਿ ਸਾਰਾ।
ਆਪ ਸੁਧਾਸਰ ਓਰ ਪਧਾਰਾ।
ਇਮ ਤੀਨਹੁੰ[2] ਜੀਵਤ ਹੀ ਛੁਟੇ।
ਪਕਰੇ ਅਪਰ ਸਭਿਨਿ ਸਿਰ ਕਟੇ[3] ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬਾਜ ਸਿੰਘ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

ਵਿਸ਼ੇਸ਼ ਟੂਕ:- ਬੰਦੇ ਦੇ ਨਾਲ ਜਿੰਨੇ ਸਿੰਘ ਸਨ ਸਾਰੇ ਗੁਰਦਾਸ ਪੁਰ ਦੀ ਗੜ੍ਹੀ ਵਿਚਲੇ ਨਹੀਂ ਸਨ, ਗੜ੍ਹੀ ਵਿਚੋਂ ਤਾਂ ਦੋ ਕੁ ਸੌ ਸਿੰਘ ਹੱਥ ਆਏ ਸਨ। ਫੌਜਦਾਰ ਨੇ ਰਾਹ ਜਾਂਦੇ ਬੇਗੁਨਾਹ ਫੜ ਫੜਕੇ ਵਿਚ ਰਲਾ ਕੇ ਵੱਡਾ ਜਥਾ ਬਣਾ ਲਿਆ ਸੀ। ਇਨ੍ਹਾਂ ਵਿਚ ਇਕ ਨੌ-ਜਵਾਨ ਸਿੱਖ ਲੜਕਾ ਸੀ। ਇਸ ਦੀ ਮਾਂ ਫ਼ਰੁੱਖਸੀਅਰ ਤੋਂ ਆਪਣੇ ਪੁੱਤ੍ਰ ਦੀ ਜਾਨ ਬਖਸ਼ੀ ਕਰਵਾ ਲਿਆਈ, ਇਹ ਕਹਿਕੇ ਕਿ 'ਮੇਰਾ ਪੁੱਤ੍ਰ ਸਿੱਖ ਨਹੀਂ, ਤੇਰੇ ਲੋਕੀਂ ਉਸਨੂੰ ਐਵੇਂ ਫੜ ਲਿਆਏ ਹਨ'। ਪਰ ਜਿਸ ਵੇਲੇ ਮਾਂ ਪਹੁੰਚੀ ਤੇ ਪਾਤਸ਼ਾਹੀ ਪਰਵਾਨਾ ਜਲਾਦਾਂ ਨੂੰ ਦਿੱਤਾ ਤਾਂ ਬੱਚੇ ਨੇ ਕਿਹਾ 'ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਸਿੱਖ ਹਾਂ ਤੇ ਭਰਾਵਾਂ ਨਾਲ ਸ਼ਹੀਦ ਹੋਵਾਂਗਾ', ਸੋ ਉਹ ਸ਼ਹੀਦ ਹੋਇਆ। ਇਹ ਵਾਕਿਆ ਮੁਸਲਮਾਨ ਇਤਿਹਾਸਕਾਰਾਂ ਨੇ ਆਪ ਲਿਖਿਆ ਹੈ।

ਬੰਦੇ ਨਾਲ ਜੋ ਸਿੰਘ ਸਨ ਥੋੜੇ ਥੋੜੇ ਕਰਕੇ ਰੋਜ਼ ਨਿਹਾਇਤ ਵਹਿਸ਼ੀਆਨਾ ਜ਼ੁਲਮਾਂ ਨਾਲ ਕੁਤਵਾਲੀ ਅੱਗੇ ਕਤਲ ਕੀਤੇ ਗਏ। ਕੋਈ ਲਿਖਦਾ ਹੈ ੨੫ ਰੋਜ਼ ਕਰਕੇ, ਕੋਈ ੧੦੦ ਰੋਜ਼ ਕਰਕੇ ਮਾਰੇ ਗਏ। ਐਲਫਿਨਸਟਨ ਲਿਖਦਾ ਹੈ ਕਿ ਸਾਰੇ ਸੱਤਾਂ ਦਿਨਾਂ ਵਿਚ ਕਤਲ ਕੀਤੇ ਗਏ।

ਐਲਫਿਨਸਟਨ (ਸਫਾ ੩੭੫ ਤੇ) ਲਿਖਦਾ ਹੈ:-"ਓਹ ਸਾਰੇ (ਸਿੱਖ) ਅਤਿ ਦਰਜੇ ਦੀ ਮਜ਼ਬੂਤ ਦਿਲੀ ਨਾਲ ਮਰੇ। ਉਨ੍ਹਾਂ ਨੂੰ ਆਪਣੀਆਂ ਜਿੰਦਾਂ ਬਚਾ ਲੈਣ ਵਾਸਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਕਿ ਧਰਮ ਤਿਆਗ ਕੇ ਜਾਨਾਂ ਬਚਾ ਲਓ (ਭਾਵ ਜੇ ਮੁਸਲਮਾਨ ਹੋ ਜਾਓ ਤਾਂ ਜਾਨ ਬਖਸ਼ੀ ਹੁੰਦੀ ਹੈ) ਪਰ ਸਭ ਨੇ ਐਸੇ ਲਾਲਚਾਂ ਨੂੰ ਨਫਰਤ ਦੀ ਨਜ਼ਰ ਨਾਲ ਵੇਖਿਆ"। ਜਿਸ ਤੋਂ ਸਿੱਧ ਹੋਇਆ

---

[1]ਧਨ ਲੈ ਕੇ (ਪਠਾਣ ਦੇ) ਪੁੱਤ੍ਰ ਨੂੰ ਰੱਥ (ਵਾਪਸ) ਜਾਣ ਲਈ ਦੇ ਦਿੱਤਾ।
[2]ਕਾਨ੍ਹ ਸਿੰਘ, ਬਿਨੋਦ ਸਿੰਘ, ਤੇ ਬਾਜ ਸਿੰਘ। ਪਰੰਤੂ ਠੀਕ ਇਉਂ ਹੈ ਕਿ ਬਾਬਾ ਬਿਨੋਦ ਸਿੰਘ ਤਾਂ ਗੁਰਦਾਸ ਪੁਰ ਦੇ ਘੇਰੇ ਵਿਚੋਂ ਨਿਕਲ ਗਿਆ ਸੀ, ਕਾਹਨ ਸਿੰਘ ਦਿੱਲੀ ਦੇ ਸਿੰਘਾਂ ਨੇ ਕੱਢਿਆ ਸੀ। ਪਰ ਬਾਜ ਸਿੰਘ ਨਹੀਂ ਸੀ ਛੁੱਟਾ ਜੈਸੇ ਮਹਿੰਮਾਂ ਪ੍ਰਕਾਸ਼ ਵਿਚ ਬਾਜ ਸਿੰਘ ਬਾਬਤ ਲਿਖਿਆ ਹੈ:-'ਤਬ ਬਹੁਤ ਲੋਕਾਂ ਨੇ ਦੌੜਕੇ ਪਕੜ ਲੀਆ ਔਰ ਸਭ ਕੋ ਕਤਲ ਕੀਆ'। ਸੈਰੁਲਮਤਾਖਰੀਨ ਵਾਲਾ ਬਾਜ਼ ਸਿੰਘ ਦਾ ਲਾਹੌਰ ਦੇ ਬਾਜ਼ਾਰ ਵਿਚ ਮਾਰਿਆ ਜਾਣਾ ਲਿਖਦਾ ਹੈ, ਪਰ ਬਾਜ਼ ਸਿੰਘ ਦਾ ਦਿੱਲੀ ਸ਼ਹੀਦ ਹੋਣਾ ਮਹਿੰਮਾ ਪ੍ਰਕਾਸ਼ ਮੁਜਬ ਵਧੇਰੇ ਸਹੀ ਹੈ।
[3]ਭਾਵ ਸਿਰ ਕੱਟੇ ਗਏ।

ਕਿ ਓਹ ਕੈਸੇ ਧਰਮ ਦੇ ਪੱਕੇ ਸਨ ਕਿ ੭੪੦ ਵਿਚੋਂ ਇਕ ਬੀ ਧਰਮ ਤੋਂ ਨਹੀਂ ਗਿਰਿਆ ਅਰ ਅਤਿ ਭਿਆਨਕ ਤਸੀਹੇ ਭੋਗ ਭੋਗ ਕੇ ਸ਼ਹੀਦ ਹੋਏ। ਇਥੋਂ ਤਾਈਂ ਕਿ ਰਾਹ ਜਾਂਦੇ ਫੜੇ ਗਏ ਸਿੱਖ ਬੱਚੇ ਨੇ ਜਾਨ ਬਖਸ਼ੀ ਹੋ ਜਾਣ ਤੇ ਬੀ ਮਾਂ ਦੇ ਝੂਠ ਬੋਲਨ ਨਾਲ ਜਿੰਦ ਬਚਾਉਣ ਤੋਂ ਸ਼ਹੀਦ ਹੋਣਾ ਬਿਹਤਰ ਸਮਝਿਆ। ਬੰਦੇ ਬਾਬਤ ਐਲਫਿਨਸਟਨ ਲਿਖਦਾ ਹੈ ਕਿ "ਓਹ ਅਖੀਰਲੇ ਦਿਨ ਕਤਲ ਲਈ ਆਂਦਾ ਗਿਆ। ਉਸਨੂੰ ਪਿੰਜਰੇ ਵਿੱਚ ਬੰਦ ਕਰਕੇ ਲਿਆਏ, ਉਸਨੂੰ ਜ਼ਰਬਫਤ ਦੇ ਕੱਪੜੇ ਪਹਿਨਾਏ ਸਨ, ਸਿਰ ਤੇ ਕਿਰਮਚੀ ਚੀਰਾ ਬੱਧਾ ਸੀ। ਜਲਾਦ ਨੰਗੀ ਤਲਵਾਰ ਧੂਹਕੇ ਉਸਦੇ ਮਗਰ ਖੜਾ ਸੀ। ਉਸਦੇ ਦੁਆਲੇ ਨੇਜ਼ਾ ਬਰਦਾਰ ਸਨ, ਜਿਨ੍ਹਾਂ ਨੇ ਨੇਜ਼ਿਆਂ ਉੱਤੇ ਸਿੱਖਾਂ ਦੇ ਸਿਰ ਪਰੋ ਕੇ ਚੁੱਕੇ ਹੋਏ ਸਨ। ਇੱਥੋਂ ਤਾਈਂ ਕਿ ਇਕ ਮੋਈ ਹੋਈ ਬਿੱਲੀ ਬੀ ਨੇਜ਼ੇ ਤੇ ਟੰਗੀ ਨਾਲ ਸੀ ਕਿ ਬੰਦੇ ਦਾ ਅਸਾਂ ਨੇ ਸਰਬੰਸ ਤਬਾਹ ਕਰ ਦਿੱਤਾ ਹੈ। ਫੇਰ ਬੰਦੇ ਨੂੰ (ਕਤਲਗਾਹ ਵਿਚ ਬਿਠਾਕੇ) ਉਸ ਦਾ ਪੁੱਤ੍ਰ ਗੋਦੀ ਵਿਚ ਦੇਕੇ ਖੰਜਰ ਉਸਦੇ ਹੱਥ ਦਿਤਾ ਕਿ ਇਸ ਨਾਲ ਆਪਣੇ ਪੁੱਤ੍ਰ ਨੂੰ ਆਪ ਮਾਰੇ। ਬੰਦੇ ਦੇ ਐਸਾ ਕਰਨੋਂ ਨਾਂਹ ਕਰਨ ਪਰ ਉਹ ਬੱਚਾ ਕੁਹਿਆ ਗਿਆ ਤੇ ਉਸਦਾ ਦਿਲ ਕੱਢਕੇ ਬੰਦੇ ਜੀ ਦੇ ਚਿਹਰੇ ਤੇ ਮਾਰਿਆ ਗਿਆ*। ਅੰਤ ਨੂੰ ਲਾਲ ਅੰਗਾਰਾਂ ਜੰਬੂਰਾਂ ਨਾਲ ਉਸਦਾ ਗੋਸ਼ਤ ਨੋਚਿਆ ਗਿਆ। ਪਰ ਬੰਦਾ ਅਹਿਲ ਧੈਰਜ ਨਾਲ ਸਭ ਕੁਛ ਝੱਲ ਗਿਆ ਤੇ ਇਸ ਗੱਲ ਵਿਚ ਫਖਰ ਵਿਚ ਸੀ ਕਿ ਮੈਨੂੰ ਆਪਣੇ ਜ਼ਮਾਨੇ ਦੇ ਜ਼ੁਲਮਾਂ ਕਹਿਰਾਂ ਤੇ ਬਦੀਆਂ ਨੂੰ ਦੰਡ ਦੇਣ ਵਾਲਾ ਬਣਾਕੇ ਪਰਮੇਸ਼ਰ ਨੇ ਸਫਲ ਕੀਤਾ ਹੈ। ਸਿੱਖ ਜੋ ਅਜੇ ਪਕੜੇ ਨਹੀਂ ਸਨ ਗਏ ਐਉਂ ਸਤਾਏ ਗਏ ਜਿਵੇਂ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰੀਦਾ ਹੈ।"

ਸੈਰੁਲ ਮਤਾਖਰੀਨ ਵਾਲੇ ਨੇ ਬੰਦੇ ਦੇ ਨਾਲ ਦੇ ਸਿੰਘਾਂ ਦੀ ਸ਼ਹਾਦਤ ਵੇਲੇ ਧਰਮ ਪ੍ਰਪੱਕਤਾ ਦਾ ਹਾਲ ਐਉਂ ਦਿੱਤਾ ਹੈ।

"ਦਰ ਕੁਸ਼ਤਾ ਸ਼ੁਦਨ ਯਕੇ ਬਰ ਦੀਗਰੇ ਸਬਕਤ ਮੇ ਜੁਸਤ ਵ ਮਿੰਨਤੇ
ਜੱਲਾਦ ਮੇ ਨਮੂਦ ਕਿ ਅੱਵਲ ਓਰਾ ਬਿਕੁਸ਼ੇਦ।"

ਅਰਥਾਤ: ਮਰਨ ਲਈ ਇਕ, ਦੂਜੇ ਨਾਲੋਂ ਤੇਜ਼ੀ ਨਾਲ ਅੱਗੇ ਵਧਦਾ ਸੀ ਤੇ ਜੱਲਾਦ ਦੀ ਮਿੰਨਤ ਕਰਦਾ ਸੀ ਕਿ ਪਹਿਲਾਂ ਮੈਨੂੰ ਕਤਲ ਕਰੋ।

ਬੰਦੇ ਦੇ ਸ਼ਹੀਦ ਹੋਏ ਸਾਥੀਆਂ ਦੀਆਂ ਲੋਥਾਂ ਨਾਲ ਕੀਹ ਵਹਸ਼ੀਆਨਾ ਸਲੂਕ ਕੀਤਾ ਗਿਆ। ਭਾਈ ਕਰਮ ਸਿੰਘ ਜੀ ਐਉਂ ਲਿਖਦੇ ਹਨ:-

"ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਮੁੱਕ ਗਏ, ਪਰ ਉਨ੍ਹਾਂ ਵਿਚੋਂ ਇਕ ਨੇ ਬੀ ਮੁਸਲਮਾਨੀ ਮਤ ਅੰਗੀਕਾਰ ਨਾ ਕੀਤਾ। ਜਿਸ ਦਿਨ ਆਖਰੀ ਜਥਾ ਕਤਲ ਕੀਤਾ ਗਿਆ ਉਸ ਦਿਨ ਫੱਗਣ ਦੀ ਸੰਗ੍ਰਾਂਦ (ਫੱਗਣ ਵਦੀ ੧) ਸੀ, ਬੁੱਢੇ ਬੁੱਢੇ ਆਦਮੀ ਦੱਸਦੇ ਹਨ ਕਿ ਅਜੇਹੀ ਖ਼ੂੰਰੇਜ਼ੀ ਅੱਗੇ ਕਦੇ ਨਹੀਂ ਵੇਖੀ, ਪਰ ਜ਼ੁਲਮ ਦੀ ਅਜੇ ਹੱਦ ਨਹੀਂ ਹੋਈ, ਸਭ ਸਿੰਘਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਸਿਰ ਸ਼ਹਿਰ

---

*ਤਾਰੀਖ ਮੁਹੰਮਦ ਸ਼ਾਹੀ ਵਾਲਾ ਲਿਖਦਾ ਹੈ ਕਿ ਇਹ ਬੱਚਾ ਬਹੁਤ ਹੀ ਸੁਹਣਾ ਸੀ।

ਦੇ ਰੁੱਖਾਂ ਨਾਲ ਲਟਕਾਏ ਗਏ, ਉਨ੍ਹਾਂ ਦੇ ਧੜਾਂ ਦੇ ਟੋਟੇ ਟੋਟੇ ਕਰਕੇ ਕਿੱਤੇ ਲੱਤ ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਦਰੱਖਤ ਨਾਲ ਲਟਕਾ ਦਿੱਤਾ। ਕਈ ਥਾਈਂ ਜ਼ਮੀਨ ਵਿਚ ਨੇਜ਼ੇ ਤੇ ਬਰਛੀਆਂ ਗੱਡਕੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ, ਸਿੰਘਾਂ ਵਿਚੋਂ ਇਕ ਦੀ ਲੋਥ ਵੀ ਸਾੜੀ ਯਾ ਫੂਕੀ ਨਹੀਂ ਗਈ, ਸਾਰੀਆਂ ਇਸੇ ਤਰ੍ਹਾਂ ਹੀ ਸ਼ਹਿਰ ਦੇ ਵਿਚ ਯਾ ਇਰਦੇ ਗਿਰਦੇ ਟੰਗੀਆਂ ਹੋਈਆਂ ਸਨ। ਚਾਰ ਕੁ ਹਜ਼ਾਰ ਸਿਰ ਅਤੇ ਹਜ਼ਾਰ ਕੁ ਲੱਤ ਬਾਂਹ ਧੜ ਦਾ ਰੁੱਖਾਂ ਨਾਲ ਲਟਕਣਾ, ਉਨ੍ਹਾਂ ਦੇ ਮਾਸ ਨੂੰ ਗਿਰਝਾਂ ਅਤੇ ਕਾਵਾਂ ਦਾ ਖਾਣਾ ਅਤੇ ਸਾਰੇ ਸ਼ਹਿਰ ਵਿਚ ਬਦਬੂ ਦਾ ਫੈਲਰਨਾ, ਬੜੇ ਭੈਭੀਤ ਕਰਨ ਵਾਲੇ ਨਜ਼ਾਰੇ ਸਨ। ਇਸ ਤਰ੍ਹਾਂ ਹੀ ਕਈ ਦਿਨ ਲੰਘ ਗਏ, ਅਤੇ ਅੰਤ ਨੂੰ ਜਦ ਹੱਡੀਆਂ ਹੀ ਹੱਡੀਆਂ ਰਹਿ ਗਈਆਂ, ਤਾਂ ਹੌਲੀ ਹੌਲੀ ਪਿੰਜਰ ਵੀ ਜ਼ਮੀਨ ਉਤੇ ਡਿਗ ਪਏ। " [ਪੰਨਾ ੧੯੬

ਬੰਦੇ ਦੀ ਮੌਤ ਬਾਬਤ ਇਕ ਇਉਂ ਬੀ ਰਵਾਯਤ ਹੈ ਕਿ ਬੰਦੇ ਨੇ ਕਸ਼ਟ ਝੱਲਕੇ ਬੀ ਜਦ ਮੁਸਲਮਾਨ ਹੋਣੋ ਨਾਂਹ ਕੀਤੀ ਤਾਂ ਪਾਤਸ਼ਾਹ ਨੇ ਪੁੱਛਿਆ ਕਿ ਤੂੰ ਆਪ ਹੀ ਦੱਸ ਤਨੂੰ ਕਿਸ ਮੌਤੇ ਮਾਰਿਆ ਜਾਏ। ਤਾਂ ਬਾਬੇ ਬੰਦੇ ਨੇ ਕਿਹਾ ਜਿਸ ਮੌਤੇ ਤੂੰ ਆਪ ਮਰਨਾ ਚਾਹੁੰਦਾ ਹੈਂ। ਇਸ ਕਹਿਣੇ ਪਰ ਬੰਦਾ ਇਕ ਹਾਥੀ ਦੇ ਪੈਰਾਂ ਨਾਲ ਬੱਧਾ ਗਿਆ। ਹਾਥੀ ਸ਼ਹਿਰ ਵਿਚ ਫੇਰਿਆ ਗਿਆ, ਬੰਦਾ ਮਗਰੇ ਮਗਰ ਘਸੀਟੀਂਦਾ ਲਗ ਪਗ ਐਉਂ ਹੋ ਗਿਆ ਜਿਵੇਂ ਮਰ ਗਿਆ ਹੈ। ਇਹ ਬੀ ਕਹਿੰਦੇ ਹਨ ਕਿ ਹਾਥੀ ਦੇ ਪੈਰਾਂ ਨਾਲ ਘਸੀਟਣ ਵੇਲੇ ਬੰਦੇ ਨੇ ਪ੍ਰਾਣ ਦਸਮ ਦੁਆਰ ਚੜ੍ਹਾ ਲਏ ਸਨ। ਜ਼ਾਲਮਾਂ ਨੇ ਇਹ ਸਮਝਕੇ ਕਿ ਮਰ ਗਿਆ ਹੈ, ਜਮਨਾ ਦੀ ਬ੍ਰੇਤੀ ਵਿਚ ਸੁੱਟ ਦਿੱਤਾ ਕਿ ਕੁੱਤੇ ਗਿੱਦੜ ਆਦਿ ਜਾਨਵਰ ਖਾ ਜਾਣ ਤੇ ਇਹ ਅਬਗਤ ਮਰੇ, ਨਾਂ ਫੂਕਿਆ ਨਾਂ ਦੱਬਿਆ ਜਾਵੇ। ਪਰ ਓਥੇ ਕਿਸੇ ਫਕੀਰ ਦੀ ਝੁੱਗੀ ਸੀ ਜੋ ਬਾਬੇ ਦੀ ਲੋਥ ਨੂੰ ਚੁੱਕ ਲੈ ਗਿਆ ਤੇ ਦਵਾ ਦਰਮਲ ਵਿਚ ਲੱਗਾ ਰਿਹਾ। ਸਮਾਂ ਪਾਕੇ ਬਾਬਾ ਤਕੜਾ ਹੋ ਗਿਆ ਤੇ ਲੁਕ ਛਪਿ ਭੇਸ ਵਟਾ ਕੇ ਪਹਿਲੇ ਨੱਕੇ ਵਿਚ ਤੇ ਫੇਰ ਜੰਮੂ ਦੇ ਇਲਾਕੇ ਵਿਚ ਜਾ ਰਿਹਾ, ਏਹ ਥਾਂ ਜੰਮੂ ਤੋਂ ਢਾਈ ਕੋਹ ਹੈ। ਇਥੇ ਆਪਣੇ ਸ਼ਰਧਾਲੂ ਪਿਆਰੇ ਆ ਮਿਲੇ ਤੇ ਆਪ ਦਾ ਮੁੜ ਵਜ਼ੀਰਾਬਾਦ ਵਿਵਾਹ ਹੋਇਆ, ਆਪਣੇ ਰਣਜੀਤ ਸਿੰਘ ਨਾਮੇ ਪੁੱਤ੍ਰ ਹੋਇਆ ਤੇ ਆਪ ਤੇਰਾਂ ਬਰਸ ਬਾਦ ਪਰਲੋਕ ਜਾ ਬਸੇ। ਬਾਬਾ ਜੀ ਦਾ ਇਸ ਪਰਲੋਕ ਗਮਨ ਦਾ ਸੰਮਤ ੧੭੯੮ ਦੱਸੀਦਾ ਹੈ। ਇਸੇ ਥਾਂ ਆਪਦਾ ਦੇਹੁਰਾ ਹੈ। ਆਪਦੇ ਮਗਰੋਂ ਗੱਦੀ ਟੁਰੀ ਜੋ ਹੁਣ ਤਕ ਜਾਰੀ ਹੈ। ਪਰ ਕਿਸੇ ਨੇ ਅਪਣੇ ਆਪ ਨੂੰ ਯਾਰਵੀਂ ਬਾਰਵੀਂ ਪਾਤਸ਼ਾਹੀ ਨਹੀਂ ਕਹਿਲਾਇਆ। ਦੇਹੁਰੇ ਵਿਚ ਵਰਤਾਰਾ ਸਿੱਖੀ ਗੁਰਦਆਰਿਆਂ ਵਾਲਾ ਹੈ। ਗੱਦੀ ਨਸ਼ੀਨ ਅੰਮ੍ਰਿਤਧਾਰੀ ਸਿੰਘ ਹੁੰਦਾ ਹੈ। ਸਿੱਖਾਂ ਤੋਂ ਇਲਾਵਾ ਬੰਦਈ ਸਿੰਘ ਬੀ ਰਹਿਤ ਮ੍ਰਿਯਾਦਾ ਵਾਲੇ ਹੁੰਦੇ ਹਨ। ਪਰ ਸਾਡਾ ਸਿਧਾਂਤ ਇਹੀ ਹੈ ਕਿ ਬਾਬਾ ਜੀ ਦਿੱਲੀ ਸ਼ਹੀਦ ਹੋ ਗਏ ਸਨ ਕਿਉਂਕਿ ਸ਼ਹਾਦਤ ਨੂੰ ਦੇਖਣ ਵਾਲਿਆਂ ਦੀਆਂ ਉਗਾਹੀਆਂ ਲੱਭ ਪਈਆਂ ਹਨ। ਹੇਠ ਲਿਖੇ ਲੇਖਕ ਬੰਦਾ ਜੀ ਦਾ ਮਾਰਿਆ ਜਾਣਾ ਇਸੇ ਮੌਕੇ ਤੇ ਲਿਖਦੇ ਹਨ:-ਸਰੂਪ ਦਾਸ ਭੱਲਾ ਕਰਤਾ ਮਹਿਮਾ ਪ੍ਰਕਾਸ਼, ਭਾਈ ਸੰਤੋਖ ਸਿੰਘ ਜੀ ਕਰਤਾ ਗੁ: ਪ੍ਰਾ: ਸੂਰਜ, ਮਿਰਜ਼ਾ

ਮੁਹੰਮਦ ਹਰੀਸੀ, ਕਾਮਵਰ ਖ਼ਾਂ, ਖਾਫੀ ਖ਼ਾਂ, ਥੌਰਨਟਨ 'ਹਿਸਟਰੀ ਆਫ ਦੀ ਪੰਜਾਬ ਵਿਚ, ਗੁਲਾਮ ਹਸਨ ਖ਼ਾਂ 'ਸੈਰੁਲ ਮਤਾਖਰੀਨ' ਦਾ ਕਰਤਾ, ਆਦਿ।

## ੨੮. [ਅਜੀਤ ਸਿੰਘ ਪਾਲਕ ਪੁੱਤ੍ਰ]

੨੭<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੨੯

ਦੋਹਰਾ: ਅਬਿ ਅਜੀਤ ਸਿੰਘ ਕੀ ਕਥਾ, ਸੁਨਿ ਸ਼੍ਰੋਤਾ! ਸਵਧਾਨ।
ਪਾਲਕ ਮਾਤਾ ਸੁੰਦਰੀ, ਭਾ ਬਾਲਕ ਤੇ ਜ੍ਵਾਨ ॥੧॥
ਚੌਪਈ: ਬਸਤ੍ਰ ਬਿਭੂਖਤ ਸੁੰਦਰ ਨਾਨਾ।
ਚਪਲ ਤੁਰੰਗਮ ਮੋਲ ਮਹਾਨਾ।
ਮਾਤ ਦੁਲਾਰਤਿ ਬਿਬਿਧ ਪ੍ਰਕਾਰਾ।
ਪਹਿਰਾਵਤਿ ਬਹੁ ਰਾਖਿ ਸੁਖਾਰਾ ॥੨॥
ਸ਼੍ਰੀ ਅੰਮ੍ਰਿਤਸਰ ਆਦਿ ਸਥਾਨਾ।
ਜਹਿਂ ਜਹਿਂ ਰਹੈਂ ਮਸੰਦ ਮਹਾਨਾ।
ਸਭਿ ਸੰਗਤ ਤੇ ਲੇ ਗੁਰ ਕਾਰ।
ਧਨ ਆਦਿਕ ਸਭਿ ਵਸਤੁ ਸੰਭਾਰਿ ॥੩॥
ਕੁਛਕ ਮਾਤ ਕੇ ਪਾਸ ਪਠਾਵੈ।
ਇਮ ਚਹੁਂ ਦਿਸ਼ਿ ਤੇ ਧਨ ਗਨ ਆਵੈ।
ਦਰਬ ਕੋਸ਼ ਮਹਿਂ ਜੁਰਹਿ ਬਿਸਾਲੇ।
ਖਰਚ ਅਜੀਤ ਸਿੰਘ ਕੋ ਚਾਲੇ ॥੪॥
ਸਾਠਕ ਰਾਖੇ ਢਿਗ ਅਸਵਾਰਾ।
ਲਏ ਤੁਰੰਗਮ ਮੋਲ ਉਦਾਰਾ।
ਸ਼ਸਤ੍ਰ ਬਸਤ੍ਰ ਦੇ ਬਰਨ ਬਰਨ ਕੇ।
ਚਾਕਰ ਸੰਗਤਿ ਬੈਸ ਤਰੁਨ ਕੇ[1] ॥੫॥
ਚਢਹਿ ਤੁਰੰਗ ਅਖੇਰ ਸਿਧਾਰੇ।
ਤੋਮਰ ਤੁਪਕ ਪ੍ਰਹਾਰਨ ਹਾਰੇ।
ਮਾਤਾ ਕੀ ਪ੍ਰਸੰਨਤਾ ਸੰਗ।
ਬਿਲਸਹਿ ਅਨਿਕ ਬਿਲਾਸਨ ਰੰਗ ॥੬॥
ਬੈਠੈ ਵਹਿਰ ਦਿਵਾਨ ਲਗਾਵੈ।
ਦਰਸ਼ਨ ਹੇਤੁ ਕਿਤਿਕ ਸਿਖ ਆਵੈਂ।
ਹੁਤੋ ਕਲਾਲ ਸਦਨ ਪੁਰਿ ਮਾਂਹੀ[2]।
ਸ਼੍ਰੀ ਗੁਰ ਸਿੱਖ ਕਰੇ ਸੋ ਨਾਂਹੀ ॥੭॥
ਸੋ ਅਜੀਤ ਸਿੰਘ ਕੇ ਸਿੱਖ ਹ੍ਵੈ ਕੈ।
ਦੇਤਿ ਉਪਾਇਨ ਬੰਦਨ ਕੈ ਕੈ।

---

[1]ਜੁਆਨ ਆਯੂ ਵਾਲੇ ਨੌਕਰਾਂ ਦੀ ਸੰਗਤ ਹੈ।
[2](ਪੁਰਿ=) ਦਿੱਲੀ ਵਿਚ ਕਲਾਲਾਂ ਦੇ ਘਰ ਸੇ।

ਭੁਸ[1] ਕੋ ਬੇਚਿ ਕਮਾਵੈਂ ਕਾਰ।
ਜਿਨ ਕੇ ਸਿਦਕ ਨਹੀਂ ਇਤਬਾਰ ॥੮॥
ਇਨ ਤੇ ਆਦਿ ਅਪਰ ਭੀ ਕੇਤੇ।
ਗੁਰ ਕਰਿ ਅਪਨੋ ਦਰਬ ਸੁ ਦੇਤੇ।
ਚਾਰ ਘਰੀ ਜਬਿ ਦਿਨ ਰਹਿ ਜਾਇ।
ਸ਼ਸਤ੍ਰ ਬਸਤ੍ਰ ਕੋ ਭਲੇ ਸਜਾਇ ॥੯॥
ਪੁਰਿ ਕੀ ਸੈਲ ਹੇਤੁ ਬਿਚਰੰਤਾ।
ਸਾਠ ਸਊਰਨ ਸੰਗ ਰਖੰਤਾ।
ਅੱਗ੍ਰ ਨਕੀਬ ਬੋਲਤੇ ਊਚੇ।
ਜਿਤਿਕ ਚਹੈਂ ਪਿਖਿ ਤਿਤਿਕ ਪਹੂੰਚੇ[2] ॥੧੦॥
ਦੇਗ਼ ਬਿਸਾਲ ਹੋਤਿ ਨਿਤ ਰਹੈ।
ਅਪਨ ਬਿਰਾਨਾ ਅਚਹਿ ਜੁ ਚਹੈ।
ਸੰਗਤਿ ਘਨੀ ਦਰਸ ਕੋ ਆਵੈ।
ਦਰਸ਼ਨ ਮਾਤ ਸੁੰਦਰੀ ਪਾਵੈ ॥੧੧॥
ਢਿਗ ਬੈਠਹਿ ਇਹ ਭੀ ਪੁਜਵਾਵੈ।
ਕਿਤਿਕ ਭੇਟ ਸਿਖ ਆਨਿ ਚਢਾਵੈਂ।
ਸਿਰੇਪਾਉ ਸੰਗਤਿ ਕੋ ਦੇਤਿ।
ਰੀਤਿ ਗੁਰਨਿ ਕੀ ਕਰਤਿ ਸੁਚੇਤ ॥੧੨॥
ਦੇਸ਼ ਬਿਦੇਸ਼ਨ ਬਿਦਤਜੋ ਘਨੋ।
'ਗੁਰ ਕੋ ਪੁੱਤ੍ਰ ਗੁਰੂ ਇਹ ਬਨੋ।'
ਕੋ ਕੋ ਸਜਾਨੇ ਸਿੱਖ ਨ ਮਾਨੈਂ।
ਮਾਤਾ ਕੋ ਪਾਲਕ ਪਹਿਚਾਨੈਂ ॥੧੩॥
-ਗੁਰਤਾ ਕੋ ਪੱਯਤਿ ਨਹਿਂ ਲੱਛਨ-।
ਸਮਝਤਿ ਗੁਰ ਕੇ ਸਿੱਖ ਬਿਚੱਛਨ।
ਕਿਤਿਕ ਸਮੋਂ ਇਸ ਰੀਤਿ ਬਿਤਾਯੋ।
ਜ੍ਵਾਨ ਸੁ ਮਾਨਨੀਯ ਗਰਬਾਯੋ ॥੧੪॥
ਕੁਛ ਮਾਤਾ ਕੋ ਕਹਜੋ ਨ ਮਾਨੈਂ।
ਜਯੋਂ ਮਨ ਆਇ ਤਥਾ ਕ੍ਰਿਤ ਠਾਨੈਂ।
ਬਰਜਹਿ ਬਾਰਿ ਬਾਰਿ ਕ੍ਰਿਤ ਖੋਟੀ[3]।

---

[1]ਤੂੜੀ।
[2]ਭਾਵ, ਚਾਹੁੰਦੇ ਹਨ ਕਿ ਜਿਥੋਂ ਤੱਕ ਸਾਡੀ ਨਜ਼ਰ ਜਾਂਦੀ ਹੈ ਆਵਾਜ਼ ਬੀ ਉਤੋਂ ਤੱਕ ਪਹੁੰਚੇ।
[3](ਮਾਤਾ ਉਸ ਨੂੰ) ਖੋਟੀ ਕਾਰ ਤੋਂ ਬਾਰ ਬਾਰ ਵਰਜਦੀ ਹੈ।

ਚਲੈ ਕੁਮਗ ਗਰਬਤਿ ਮਤਿ ਮੋਟੀ ॥੧੫॥
ਸਾਹਿਬ ਦੇਵੀ ਭੇਜੀ ਜਬੈ[1]।
ਖਸ਼ਟ ਸ਼ਸਤ੍ਰ ਸੌਂਪੇ ਗੁਰ ਤਬੈ।
ਤਿਨ ਕੀ ਪੂਜਾ ਮਾਤ[2] ਕਰਾਵੈ।
ਪਤਿ ਸਮ ਜਾਨੈ ਸੀਸ ਨਿਵਾਵੈ ॥੧੬॥
ਜੁਗ ਤਰਵਾਰ ਜੁਗਮ ਹੀ ਜਮਧਰ।
ਪੇਸ਼ ਕਬਜ਼ ਖਸ਼ਟਮ ਖਰ ਖੁੰਜਰ।
ਅਜਬ ਮੀਰ ਮਾਹੀ ਕੇ ਦਸਤੇ[3]।
ਸ਼ੁਭਤਿ ਮਜਾਨ ਸ਼ੁਭ ਲੋਹਾ ਲਸਤੇ ॥੧੭॥
ਚੰਦਨ ਧੂਪ ਪੁਸ਼ਪ ਅਰਪੰਤੇ।
ਸਾਦਰ ਛਾਦਤਿ ਬਸਨ ਰਖੰਤੇ।
ਤਿਨਹੁੰ ਅਜੀਤ ਸਿੰਘ ਜਬਿ ਹੇਰੇ।
-ਧਰੌਂ ਅੰਗ ਮਹਿਂ- ਚਹਤਿ ਘਨੇਰੇ ॥੧੮॥
ਸ਼ੰਕਤਿ ਮਨ ਮਾਤਾ ਤੇ ਰਹੈ।
ਤਊ ਲੇਨ ਹਿਤ ਹੀ ਨਿਤ ਚਹੈ।
ਇਕ ਦਿਨ ਕਹ੍ਯੋ 'ਅੰਗ ਮੈਂ ਧਾਰੌਂ।
ਪੁਰਿ ਬਿਚਰਹੁੰ ਧਰਿ ਇਹਾਂ ਸੰਭਾਰੋਂ[4] ॥੧੯॥
ਮਨਤਾ ਮੇਰੀ ਹੋਇ ਸਵਾਈ।
ਮਾਨਹਿਂ ਸਿਖ ਸੰਗਤਿ ਸਮੁਦਾਈ।
ਗੁਰ ਕੇ ਸ਼ਸਤ੍ਰ ਧਰੇ ਤਨ ਹੇਰੇ।
ਜਾਨਹਿਂ ਸਕਲ ਪ੍ਰਤਾਪ ਬਡੇਰੇ' ॥੨੦॥
ਕ੍ਰੁੱਧਤਿ ਮਾਤ ਸੁੰਦਰੀ ਬਰਜ੍ਯੋ।
ਬਾਰ ਬਾਰ ਝਿਰਕ੍ਯੋ ਅਰੁ ਤਰਜ੍ਯੋ।
'ਇਹੁ ਆਯੁਧ ਸਭਿ ਪੂਜਨ ਜੋਗ।
ਗੁਰ ਕੇ ਸਮ ਜਾਨਹਿਂ ਸਿਖ ਲੋਗ ॥੨੧॥
ਮਮ ਪਤਿ ਕੇ ਜੋ ਅਹੈਂ ਪਿਤਾਮਾ।
ਜਿਨ ਕੋ ਸੁਜਸੁ ਜਗਤ ਅਭਿਰਾਮਾ।
ਤਿਨ ਕੇ ਅੰਕ ਸ਼ਸਤ੍ਰ ਇਹੁ ਲਾਗੇ।

[1]ਭਾਵ ਗੁਰੂ ਜੀ ਨੇ ਜਦੋਂ ਦਿੱਲੀ ਸ੍ਰੀ ਸਾਹਿਬ ਦੇਵਾਂ ਜੀ ਨੂੰ ਘੱਲਿਆ ਸੀ।
[2]ਭਾਵ ਮਾਤਾ ਸੁੰਦਰੀ।
[3]ਵੱਡੀ ਮੱਛੀ (ਦੀ ਹੱਡੀ) ਦੇ ਦਸਤੇ।
[4]ਇਥੇ ਸੰਭਾਲਕੇ (ਫਿਰ) ਰੱਖ ਦਿਆਂਗਾ।

ਯਾਂ ਤੇ ਪੂਜਨੀਯ ਅਨੁਰਾਗੇ ॥੨੨॥
ਜਿਨ ਕੋ ਪੂਜਤਿ ਸਤਿਗੁਰ ਰਹੇ।
ਕਿਮ ਸੋ ਮਾਨਨੀਯ ਨਹਿਂ ਲਹੇ[1]?
ਤੂੰ ਮਤਿਮੰਦ ਸ਼ਕਤਿ ਅਸ ਕਹਾਂ।
ਤਨ ਸਜਾਇਬੇ ਗਰਬਤਿ ਮਹਾਂ ॥੨੩॥
ਅਬਿ ਜੋ ਨਾਮ ਲੀਨਿ ਸੋ ਲੀਨਿ।
ਕਹੋ ਨ ਪੁਨ, ਪੈਹੈਂ ਦੁਖ ਪੀਨ।
ਅਪਨੋ ਆਪ ਜਾਨਿ ਕਰਿ ਮੰਦਾ।
ਕਯੋਂ ਨ ਹਟਤਿ ਤੈਂ ਮੂੜ ਬਿਲੰਦਾ' ॥੨੪॥
ਇੱਤਯਾਦਿਕ ਕਹਿ ਕੈ ਕਟੁ ਬੈਨ।
ਪਤਿ ਕੋ ਸਿਮਰਿ ਭਰੇ ਜੁਗ ਨੈਨ।
ਸੁਨਿ ਅਜੀਤ ਸਿੰਘ ਗਰਬ ਧਰੰਤਾ।
ਕਟੁ ਬਾਕਨਿ ਕੋ ਨਹੀਂ ਸਹੰਤਾ ॥੨੫॥
ਜਮਧਰ ਹਾਥ ਗਹੇ ਢਿਗ ਹੋਇ।
ਮਾਤਾ ਕੀ ਛਾਤੀ ਕੋ ਜੋਇ।
ਮਾਰਨ ਚਹਤਿ ਧਾਰਿ ਦੁਰਮਤੀ।
ਲਖੈ ਨ ਪੂਰਬ[2] ਕੀਨਿ ਜੁ ਗਤੀ ॥੨੬॥
ਹੁਤੇ ਅਲਪ ਸਾਮੀਪੀ ਲੋਗ।
ਅਵਲੋਕਤਿ ਬਹੁ ਬਨਤਿ ਅਜੋਗ।
ਧਾਇ ਅਜੀਤ ਸਿੰਘ ਕੋ ਗਹਯੋ।
'ਇਹ ਕ੍ਰਿਤ ਤੁਵ ਬਨਿ ਆਇ ਨ' ਕਹਯੋ ॥੨੭॥
'ਪ੍ਰਤਿਪਾਲਯੋ ਜਿਨ ਕੀਨਿ ਬਡੇਰਾ।
ਤਿਹ ਮਾਰਯੋ ਚਹਿਂ ਪਾਪ ਘਨੇਰਾ।
ਪੁਨ ਸਤਿਗੁਰ ਘਰਨੀ, ਬ੍ਰਿਧ ਮਾਈ।
ਬੰਦਨੀਯ ਜਗ ਕੀ ਸੁਖਦਾਈ ॥੨੮॥
ਲਖਹਿਂ ਕਿ ਨਹੀਂ ਤੁਰਕ ਕੋ ਰਾਜ।
ਕਰਹਿਂ ਆਜ ਹੀ ਤੋਹਿ ਕੁਕਾਜ।'
ਕੁਪਯੋ ਅਜੀਤ ਸਿੰਘ ਤਬਿ ਕਹੈ।
'ਮੁਝ ਕੋ ਬਰਜਤਿ ਤਰਜਤਿ ਰਹੈ ॥੨੯॥
'ਮੈਂ ਇਕ ਬਾਰ ਦੇਉਂ ਇਸ ਮਾਰੀ।

---

[1]ਕਿਵੇਂ ਤੂੰ ਉਨ੍ਹਾਂ (ਸ਼ਸਤ੍ਰਾਂ ਨੂੰ) ਮੰਨਣ ਯੋਗ ਨਹੀਂ ਜਾਣਦਾ।
[2]ਭਾਵ ਪਹਿਲਾਂ ਜਿਵੇਂ ਪਾਲਿਆ ਸੀ।

ਪਲਟਾ ਦੇਉਂ ਦੇਤਿ ਬਹੁ ਗਾਰੀ।
ਪੁਰਿ ਮਹਿ ਰਹੌਂ ਕਿ ਜਾਉਂ ਪਲਾਇ।
ਕੈ ਧਨ ਦੇਉਂ ਲੇਉਂ ਬਖਸ਼ਾਇ ॥੩੦॥
ਸ਼ਸਤ੍ਰ ਧਾਰਨੇ ਤਨ ਮਹਿਂ ਚਾਹਾ।
ਕਯੋਂ ਇਨ ਕ੍ਰੋਧ ਕੀਨਿ ਮਨ ਮਾਂਹਾ?
ਮੁਝ ਕੋ ਦੇਖਿ ਸਕਹਿ ਨਹਿਂ ਕੈਸੇ।
ਪ੍ਰਭਤਾ ਸਹਿ ਨ ਸਕਹਿ ਮਨ ਤੈਸੇ' ॥੩੧॥
ਸੁਨਿ ਮਾਤਾ ਸੁੰਦਰੀ ਰਿਸ ਧਾਰੀ।
ਘੋਰ ਸ੍ਰਾਪ ਜੁਤ ਗਿਰਾ ਉਚਾਰੀ।
'ਨਹਿਂ ਜ੍ਵਾਨੀ ਕੋ ਭੋਗਨ ਕਰੈਂ।
ਦੁਖ ਤੇ ਧਰਮ ਹਾਰਿ ਕਰਿ ਮਰੈਂ ॥੩੨॥
ਹੋਹਿ ਦੁਰਦਸ਼ਾ ਪੁਰਿ ਮਹਿਂ ਤੇਰੀ।
ਮਰਹਿਂ ਕੁਮੌਤ, ਨਾਰਿ ਨਰ ਹੇਰੀ।'
ਇੱਤਯਾਦਿਕ ਕਹਿ ਮਾਤਾ ਰੋਈ।
ਪਤਿ ਕੀ ਗਿਰਾ ਸਿਮਰਿ ਦੁਖ ਪੋਈ[1] ॥੩੩॥
'-ਇਸਹਿ ਨ ਪਾਲਹੁ ਸੰਕਟਿ ਦੈ ਹੈ-।
ਮੈਂ ਨਹਿਂ ਮਾਨੀ, ਚਿਤ ਪਛੁਤੈ ਹੈ[2]।'
ਅਪਨੇ ਭਾਗ ਖੋਟ ਬਡ ਜਾਨੇ।
ਨੀਚ ਗ੍ਰੀਵ ਕਰਿ ਤੂਸ਼ਨਿ ਠਾਨੇ ॥੩੪॥
ਸ਼ਸਤ੍ਰ ਉਠਾਇ ਸੁ ਅੰਤਰ ਰਾਖੇ।
ਨਹਿਂ ਦੀਏ[*] ਪੂਜਨ ਅਭਿਲਾਖੇ।
ਨਹਿਂ ਅਜੀਤ ਸਿੰਘ ਬੋਲਨ ਕੀਨਿ।
ਬੈਠਯੋ ਵਹਿਰ ਕ੍ਰੋਧ ਮਨ ਲੀਨ ॥੩੫॥
ਤਿਸ ਦਿਨ ਮਾਤ ਨ ਕਿਯਸ ਅਹਾਰਾ।
ਪਤਿ ਬਚ ਸਿਮਰਿ ਸਿਮਰਿ ਦੁਖ ਭਾਰਾ।
ਸਿਖ ਸੰਗਤਿ ਮਹਿਂ ਸੁਨਯੋ ਬ੍ਰਿਤੰਤ।
ਇਕਠੇ ਹੁਇ ਆਏ ਬੁਧਿਵੰਤ ॥੩੬॥
ਬੰਦਨ ਕਰਿ ਕਰਿ ਢਿਗ ਹੁਇ ਥਿਰੇ।
ਬਾਰੰਬਾਰ ਪ੍ਰਬੋਧਨ ਕਰੇ।

---

[1]ਦੁਖ ਵਿਚ ਪਰੋਤੀ ਗਈ।
[2](ਹੁਣ) ਚਿਤ ਪਛਤਾਉਂਦਾ ਹੈ।
[*]ਪਾ:-ਦੇਖਨ।

'ਸੁਨਿ ਮਾਤਾ ਜੀ! ਲੀਨੋ ਸ੍ਰਾਪ[1]।
ਲਹਜੋ ਅਜੀਤ ਸਿੰਘ ਦੁਖ ਆਪ ॥੩੭॥
ਤੁਮ ਨੇ ਪਾਲਜੋ ਏਤਿਕ ਹੋਵਾ।
ਗੁਰ ਕੇ ਸੁਤ ਸਮ ਸੰਗਤਿ ਜੋਵਾ।
ਮਾਨਨੀਯ ਸਭਿਹਿਨਿ ਮਹਿਂ ਭਯੋ।
ਲਖਜੋ ਨ ਕਛੂ ਕ੍ਰਿਤਘਨੀ ਥਯੋ ॥੩੮॥
ਉਰ ਕੋ ਪ੍ਰੇਮ ਕਰੋ ਅਬਿ ਥੋਰਾ।
ਬਿਨਸਹਿ ਪਰਜੋ ਜਥਾ ਛਿਤ ਓਰਾ[2]।
ਅਵਿਲੋਕਹੁ ਹਮ ਜੋਰਤਿ ਹਾਥ।
ਭੋਜਨ ਅਚਹੁ ਸ਼ਾਂਤਿ ਚਿਤ ਸਾਥ' ॥੩੯॥
ਇੱਤਜਾਦਿਕ ਕਹਿ ਬਹੁ ਸਿਖ ਸਾਰੇ।
ਨੀਠ ਨੀਠ ਕਰਿ ਅਚਜੋ ਅਹਾਰੇ।
ਬਹੁ ਪਛੁਤਾਵਤਿ ਰਾਤਿ ਬਿਤਾਈ।
ਪ੍ਰੀਤਿ ਪੁੱਤ੍ਰ ਸਮ ਕਰਤਿ ਘਟਾਈ[3] ॥੪੦॥
ਇਮ ਹੀ ਕੇਤਿਕ ਦਿਵਸ ਬਿਤਾਏ।
ਤਿਮ ਹੀ ਲੇਤਿ ਦੇਤਿ ਸੁਖ ਪਾਏ।
ਚਢਹਿ ਅਜੀਤ ਸਿੰਘ ਹਿਤ ਸੈਲ।
ਬਿਚਰਤਿ ਹੇਰਤਿ ਇਤ ਉਤ ਗੈਲ ॥੪੧॥
ਰਿਸ ਮਾਤਾ ਕੀ ਲਖਿ ਸਭਿ ਕਹੈਂ।
'ਬੰਦਨ ਕਰਤਿ ਰਹਹੁ ਚਿਤ ਚਹੈਂ[4]।'
ਇਮ ਲੋਕਨ ਕੇ ਕਹੇ ਕਹਾਏ।
ਮਸਤਕ ਟੇਕਤਿ ਹੈ ਢਿਗ ਜਾਏ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

---

[1](ਅਜੀਤ ਸਿੰਘ ਨੇ) ਸ੍ਰਾਪ ਲੈ ਲਿਆ ਹੈ।
[2]ਜਿਵੇਂ ਧਰਤੀ ਤੇ ਪਿਆ ਗੜਾ।
[3]ਪੁੱਤ੍ਰਾਂ ਵਾਲੀ ਪ੍ਰੀਤ (ਜੋ ਮਾਤਾ ਕਰਦੀ ਸੀ) ਘਟਾ ਦਿੱਤੀ ਹੈ।
[4]ਹੇ ਅਜੀਤ ਸਿੰਘ (ਮਾਤਾ ਜੀ ਨੂੰ) ਮੱਥਾ ਟੇਕਦਾ ਰਹੋ (ਭਲਾ ਜੇ ਕਦੇ ਮਾਤਾ ਜੀ ਤੈਨੂੰ) ਚਿੱਤੋਂ ਚਾਹੁਣ ਲੱਗ ਪੈਣ।

## ੨੯. [ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ]

੨੮<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩੦

ਦੋਹਰਾ: ਕੇਤਿਕ ਦਿਨ ਬੀਤੇ ਜਬਹਿ,
ਭਰਿ ਜ੍ਵਾਨੀ ਗਰਬਾਇ।
ਚਢਹਿ ਤੁਰੰਗਮ ਸੈਲ ਹਿਤ,
ਸ਼ਸਤ੍ਰ ਸੁ ਬਸਤ੍ਰ ਸਜਾਇ ॥੧॥
ਚੌਪਈ: ਚਤਰਘਟੀ ਦਿਨ ਰਹੈ ਸਿਧਾਵੈ।
ਬੀਚ ਬਜ਼ਾਰਨ ਕੇ ਫਿਰਿ ਆਵੈ।
ਸਾਠ ਸਊਰਨ ਸੰਗ ਚਢਾਇ।
ਊਚ ਨਕੀਬ ਬੋਲਤੇ ਜਾਇਂ ॥੨॥
ਮਾਤ ਪ੍ਰਥਮ ਤਿਹ ਬਜਾਹ ਕਰਾਯੋ[1]।
ਹਠੀ ਸਿੰਘ ਤਿਹ ਸੁਤ ਉਪਜਾਯੋ।
ਸੰਗਤਿ ਆਵਹਿ ਜਾਹਿ ਘਨੇਰੀ।
ਅਰਪਹਿ ਭਲੇ ਅਕੋਰ ਬਡੇਰੀ ॥੩॥
ਮਾਤ ਸੁੰਦਰੀ ਕੋ ਸੁਤ ਜਾਨੈਂ।
ਬਿਦਤਜੋ ਦੇਸ਼ ਬਿਦੇਸ਼ ਮਹਾਨੈ।
ਇਕ ਦਿਨ ਆਯੁਧ ਬਸਨ ਸਜਾਇ।
ਗਮਨਜੋਂ ਸੈਲ ਕਰਨਿ ਚਿਤ ਚਾਇ ॥੪॥
ਸੂਰਜ ਮੁਖੀ ਸੁਹਾਇ ਬਿਸਾਲਾ।
ਅੱਗ੍ਰ ਨਕੀਬ ਬੋਲਤੇ ਚਾਲਾ।
ਸਾਠ ਸਊਰਨ ਹਯ ਸ਼ਿੰਗਾਰੇ।
ਸ਼ਸਤ੍ਰ ਬਸਤ੍ਰ ਸਜਿਸੰਗ ਸਿਧਾਰੇ ॥੫॥
ਬਿਚਰਤਿਮੰਦ ਮੰਦਹਯ ਪ੍ਰੇਰਤਿ।
ਪੁਰਿ ਕੀ ਪਰਿਪ[2]* ਬਜਾਰਨ ਹੇਰਤਿ।
ਗਰਬਤਿ ਅਧਿਕ ਹਰਖ ਧਰਿ ਚੀਤ।
ਚਲਿ ਆਯੋ ਜਹਿਂ ਜੁਮਾ ਮਸੀਤ ॥੬॥
ਇਕ ਦਿਸ਼ ਤੇ ਦੂਸਰ ਦਿਸ਼ਿ ਆਵਾ।
ਊਚੋ ਬਾਕ ਨਕੀਬ ਅਲਾਵਾ।
'ਸ਼੍ਰੀ ਗੁਰੁ ਮਹਿਜਿਤ ਜੁਮਾ ਅਗਾਰੀ।

---

[1]ਮਾਤਾ ਜੀ ਨੇ ਪਹਿਲਾਂ (ਅਜੀਤ ਸਿੰਘ ਦਾ) ਵਿਆਹ ਕਰਾ ਦਿੱਤਾ ਹੋਇਆ ਸੀ।
[2]ਗਲੀਆਂ।
*ਪਾ:-ਦਿਸ਼ਾ, ਪਾਰ।

ਕਰਤਿ ਬੰਦਨਾ ਲੇਹੁ ਨਿਹਾਰੀ[1]' ॥੭॥
ਇਮ ਬੋਲਤਿ ਕੋ ਸੁਨਤਿ ਮੁਲਾਨੇ।
ਮਹਾਂ ਕ੍ਰੋਧ ਕੋ ਮਨ ਮਹਿਂ ਠਾਨੇ।
ਮਿਲਿ ਮਸਲਤ ਕਰਿ ਸੋ ਚਲਿ ਗਏ।
ਦੁਰਗ ਮਝਾਰ ਪ੍ਰਵੇਸ਼ਤਿ ਭਏ ॥੮॥
ਤੁਰਕ ਸਭਾ ਮਹਿਂ ਸ਼ਾਹੁ ਨਿਹਾਰੇ।
ਤਰਕਤਿ ਸਭਿ ਪ੍ਰਤਿ ਏਵ ਉਚਾਰੇ।
'ਅਬਿ ਲੌਂ ਸਭਿ ਬਿਧਿ ਤੇਜ ਤੁਹਾਰਾ।
ਰਖਨਾ[2] ਪਰਜੋ ਸ਼ਰ੍ਹਾ ਮਹਿਂ ਭਾਰਾ ॥੯॥
ਹਿੰਦੁਨਿ ਕੋ ਗੁਰ ਮਹਿਜਤ ਆਵੈ।
ਇਤ ਉਤ ਤੇ ਬਿਲੋਕ ਹਰਖਾਵੈ।
ਸੰਗੀ ਕਹੈਂ ਪੁਕਾਰ ਪੁਕਾਰੀ।
-ਬੰਦੇ ! ਮਹਿਜਤ, ਲੇਹੁ ਨਿਹਾਰੀ[3]- ॥੧੦॥
ਹਮ ਤੇ ਕਜੋਂਹੂੰ ਸਹੀ ਨ ਜਾਇ।
ਆਜ ਕਹੀ ਸੁਧਿ ਤੁਮ ਢਿਗ ਆਇ।
ਸਭਿ ਤੁਰਕਾਨੇ ਕੀ ਘਟ ਆਨ[4]।
ਜੇ ਨ ਤਿਦਾਰਕ[5] ਦੇਹੁ ਮਹਾਨ' ॥੧੧॥
ਸੁਨਿ ਕੈ ਸਭਿਨਿ ਸ਼ਾਹੁ ਸੋਂ ਕਹਜੋ।
'ਅਬਿ ਚਹਿਯਤਿ ਹੈ ਤਿਸ ਕੋ ਗਹਜੋ।
ਕਾਰਾਗ੍ਰਿਹ ਮਹਿਂ ਦੀਜੈ ਗੇਰਿ।
ਕੋਇ ਨ ਕਰੈ ਅਵੱਗਜਾ ਫੇਰ ॥੧੨॥
ਕਿਧੌਂ ਆਪਨੀ ਆਨ ਮਨਾਵੋ।
ਬਿਰਦ[6] ਸੀਸ ਪਰ ਤੇ ਉਤਰਾਵਹੁ।
ਇਨ ਦੋਇਨ ਮਹਿਂ ਇਕ ਜਬਿ ਹੋਇ।
ਬਹੁਰ ਅਦਾਬ ਕਰਹਿ ਸਭਿ ਕੋਇ' ॥੧੩॥
ਸੁਨਤਿ ਸ਼ਾਹੁ ਨਰ ਤੁਰਤ ਪਠਾਯੋ।
'ਮਹਿਜਤ ਨਿਕਟ ਕੁਬਾਕ ਅਲਾਯੋ।

---

[1](ਹੇ ਲੋਕੋ) ਦੇਖ ਲਓ ਕਿ ਜਾਮਿਆ ਮਸਜਦ ਗੁਰੂ ਅੱਗੇ ਮੱਥਾ ਟੇਕ ਰਹੀ ਹੈ।
[2]ਫਰਕ।
[3]ਦੇਖ ਲਓ ਮਸੀਤ ਮੱਥਾ ਟੇਕਟੀ ਹੈ।
[4]ਇੱਜ਼ਤ ਘਟ ਜਾਏਗੀ।
[5]ਸਜ਼ਾ।
[6]ਧਰਮ, ਭਾਵ ਕੇਸ।

ਯਾਂ ਤੇ ਗਰੇ ਕੁਹਾਰੀ ਪਾਇ।
ਹਾਥ ਬੰਦਿ ਕਰਿ ਮੁਝ ਢਿਗ ਆਇ ॥੧੪॥
ਉਚਿਤ ਸਜ਼ਾਇ ਤੋਹਿ ਕੋ ਦੈ ਕੈ।
ਤਜੌਂ ਮੁਲਾਨੇ ਬੂਝਨ ਕੈ ਕੈ[1]।
ਨਾਂਹਿ ਤ ਬਿਰਦ ਉਤਾਰਿ ਪਠਾਵਹੁ।
ਨਹਿਂ ਆਗੇ ਕਬਿ ਏਵ ਅਲਾਵਹੁ' ॥੧੫॥
ਜਹਾਂ ਅਜੀਤ ਸਿੰਘ ਥਿਰ ਥਯੋ।
ਹੁਕਮ ਸ਼ਾਹੁ ਕੋ ਤਿਸ ਕਹਿ ਦਯੋ।
'ਨਹਿਂ ਮਾਨਹੁ ਸੈਨਾ ਗਨ ਆਵੈ।
ਮਾਰਿ ਪਕਰਿ ਕਰਿ ਤਹਿਂ ਲੈ ਜਾਵੈ' ॥੧੬॥
ਸੁਨਤਿ ਅਜੀਤ ਸਿੰਘ ਭੈ ਮਾਨਾ।
ਨਿਜ ਸੰਗਤਿ ਕੈ ਸੰਗ ਬਖਾਨਾ।
'ਕਜ਼ਾ ਕਰਤੱਬ ਮੋਹਿ ਬਨਿ ਆਵੈ।
ਕੈਸੇ ਬਚੌਂ, ਉਪਾਇ ਨ ਆਵੈ' ॥੧੭॥
'ਸੁਨਹੁ ਗੁਰੂ ਸੁਤ! ਹਮ ਕਜ਼ਾ ਕਹੈਂ।
ਭਾਜਨ ਕੋ ਉਪਾਵ ਨਹਿਂ ਲਹੈ।
ਥਿਰੇ ਜਹਾਂ[2] ਅਸ ਠੌਰ ਨ ਕੋਈ।
ਲਰਿਬੇ ਕੀ ਸਮਰੱਥ ਨ ਹੋਈ ॥੧੮॥
ਕੈ ਨਿਜ ਬਿਰਦ ਉਤਾਰਿ ਪਠਾਵਹੁ।
ਕਿਧੌਂ ਸ਼ਾਹ ਕੇ ਨਿਕਟ ਸਿਧਾਵਹੁ।
ਪ੍ਰਾਨ ਰਖਹੁ ਤਉ ਧਰਮ ਨ ਰਹੈ।
ਧਰਮ ਰਖੌਂ ਤਉ ਪ੍ਰਾਨ ਨ ਲਹੈਂ' ॥੧੯॥
ਸੁਨਿ ਅਜੀਤ ਸਿੰਘ ਡਰ ਕਰਿ ਡੋਲਾ।
ਧੀਰਜ ਤੇ ਬਿਹੀਨ ਹੁਇ ਬੋਲਾ।
'ਸ਼ਾਹੁ ਸਮੀਪ ਜਾਉਂ ਨਹਿਂ ਕੈਸੇ।
ਦੇਤਿ ਹੁਕਮ ਦੁਖ ਤੇ ਮ੍ਰਿਤੁ ਜੈਸੇ[3]' ॥੨੦॥
ਇਮ ਕਹਿ ਘਰ ਕੇ ਅੰਤਰ ਬਰਜੋ।
ਕੇਸ ਜੂੜ ਕਤਰਾਵਨਿ ਕਰਜੋ।
ਥਾਲ ਅਨਾਇ ਤਾਂਹਿ ਮੋ ਧਰੇ।

---
[1]ਮੁਲਾਣਿਆਂ ਨੂੰ ਪੁੱਛ ਕੇ ਫੇਰ ਛੱਡਾਂਗਾ।
[2]ਜਿੱਥੇ ਜਾ ਠਹਿਰੀਏ।
[3](ਸ਼ਾਹ ਐਸਾ) ਹੁਕਮ ਦੇਵੇਗਾ ਜਿਵੇਂ ਦੁਖ ਨਾਲ (ਮੇਰੀ ਮੌਤ ਹੋਵੇ)।

ਸੇਤ ਬਸਤ੍ਰ ਤੇ ਛਾਦਨ ਕਰੇ ॥੨੧॥
ਤੁਰਕੇਸ਼ੁਰ ਕੇ ਮਨੁਜ ਅਗਾਰੀ।
ਬਹੁ ਬਿਨਤੀ ਕਰ ਜੋਰਿ ਉਚਾਰੀ।
'ਹੁਕਮ ਸ਼ਾਹੁ ਕੋ ਮੈਂ ਮਨ ਮਾਨਾ।
ਅਪਨੋ ਕੁਛ ਅਪਰਾਧ ਨ ਜਾਨਾ ॥੨੨॥
ਕਹ੍ਯੋ ਨਕੀਬ ਅਚਾਨਕ ਮੰਦ[1]।
ਅਬਿ ਮੈਂ ਰਹ੍ਯੋ ਜੋਰਿ ਕਰ ਬੰਦਿ।
ਹੁਕਮ ਅਦੂਲ ਨਹੀਂ ਮੈਂ ਕੀਨ।
ਹਜ਼ਰਤਿ ਕਹੀ ਸੀਸ ਧਰਿ ਲੀਨ' ॥੨੩॥
ਇੱਤਯਾਦਿਕ ਕਹਿ ਧਨ ਕੁਛ ਦਯੋ।
ਸ਼ਾਹੁ ਸਮੀਪ ਪਠਾਵਨ ਕਯੋ।
ਲੇ ਕਰਿ ਗਯੋ ਬਖਾਨਿ ਸੁਨਾਯੋ।
ਹਜ਼ਰਤ ਕੋ ਰਿਸ ਤੇ ਬਿਸਰਾਯੋ ॥੨੪॥
ਮਾਤ ਸੁੰਦਰੀ ਸੁਨਿ ਕਰਤੂਤ।
ਧਰਮ ਬਿਨਾਸ਼੍ਯੋ ਭਯੋ ਕਪੂਤ।
ਮਹਾਂ ਕ੍ਰੋਧ ਜਾਗ੍ਯੋ ਜਿਸ ਰਿਦੇ।
ਗਾਰੀ ਦੇਨਿ ਲਗੀ ਬਹੁ ਤਦੇ ॥੨੫॥
'ਕੀਨ ਤਹਾਂ ਤੈਂ ਖੋਟੋ ਕਰਮ।
ਦਏ ਬਿਗਾਰ ਦੁਲੋਕ ਬਿਸ਼ਰਮ!
ਮਹਾਂ ਮੂਢ ਤੈਂ ਕਛੂ ਨ ਜਾਨੀ।
ਕੇਸਨ ਮਹਿਮਾ ਮਹਿਦ ਮਹਾਨੀ ॥੨੬॥
ਸਤਿਗੁਰ ਮੋਰ ਸਸੁਰ ਸਿਰ ਦੀਨ।
ਧਰਮ ਨਹੀਂ ਕਿਮ ਖੋਵਨ ਕੀਨ।
ਪੁਨ ਦੀਰਘ ਸੰਗ੍ਰਾਮ ਅਖਾਰੇ।
ਦਸਮ ਗੁਰੂ ਕੇ ਬਿਦਤ ਪਵਾਰੇ[2] ॥੨੭॥
ਚਾਰਹੁੰ ਸਾਹਿਬਜ਼ਾਦੇ ਮਰੇ।
ਧਰਮ ਰਾਖਿਬੋ ਅਪਨੋ ਕਰੇ।
ਸੰਕਟ ਅਨਿਕ ਪ੍ਰਕਾਰ ਸਹਾਰੇ।
ਲਾਖਹੁਂ ਸੰਗ ਜੰਗ ਕਰਿ ਮਾਰੇ ॥੨੮॥
ਕਹਾਂ ਫਤੇ ਸਿੰਘ ਸਾਹਿਬਜ਼ਾਦਾ।

---

[1]ਮੰਦੇ ਨਕੀਬ ਨੇ ਅਚਾਨਕ ਕਹਿ ਦਿੱਤਾ ਸੀ।
[2]ਜੰਗ।

ਅਲਪ ਬੈਸ ਕਜਾ ਲਖਹਿ ਮ੍ਰਿਜਾਦਾ।
ਦੁਸ਼ਟ ਸਭਾ ਮਹਿਂ ਦ੍ਰਿਢ ਹੁਇ ਬੋਲਾ।
ਤ੍ਰਾਸ ਦਿਖਾਵਨ ਤੇ ਨਹਿਂ ਡੋਲਾ ॥੨੯॥
ਧਰਮ ਨ ਅਪਨੋ ਤਜਾਗਨ ਕੀਨਿ।
ਤ੍ਰਿਨ ਸਮ ਜਾਨਿ ਸੀਸ ਕੋ ਦੀਨ।
ਤੈਂ ਮਤਿਮੰਦ! ਕਹਾਂ ਇਹ ਕਰਜੋ।
ਤੁਰਤ ਧਰਮ ਤ੍ਰਾਸਤਿ ਪਰਿਹਰਜੋ[1] ॥੩੦॥
ਕਜੋਂ ਨਹਿਂ ਮਰਜੋ ਜਾਇ ਕਰਿ ਮੂੜ੍ਹੇ।
ਇਹ ਕੁਕਰਮ ਕਜਾ ਕੀਨਸਿ ਕੂੜੇ?'
ਇੱਤਜਾਦਿਕ ਦੁਰਬਾਕ ਬਿਸਾਲੇ।
ਕਹੇ ਮਾਤ ਬਹੁ ਧਿਕ ਧਿਕ ਨਾਲੇ ॥੩੧॥
ਅਧਿਕ ਕ੍ਰੋਧ ਜਾਗਜੋ ਦੁੱਖਜਾਰੀ।
ਕੁਛ ਨ ਸਕੈ ਕਰਿ, ਭਈ ਲਚਾਰੀ।
ਨਹਿਂ ਕੁਕਰਮ ਕੋ ਸਕਹਿ ਸਹਾਰੇ।
ਬਾਰਿ ਬਾਰਿ ਬਹੁ ਗਾਰਿ ਨਿਕਾਰੇ ॥੩੨॥
ਸੁਨਤਿ ਸਭਿਨਿ ਕੇ ਪ੍ਰਨ ਕੋ ਠਾਨਾ।
'ਸੁਨਿ ਮੂਰਖ! ਤੂੰ ਮੰਦ ਅਜਾਨਾ।
ਬਦਨ ਆਪਨੋ ਮੁਹਿ ਨ ਦਿਖਾਵਹੁ।
ਰਹਹੁ ਦੂਰ ਕਬਿ ਨਿਕਟ ਨ ਆਵਹੁ ॥੩੩॥
ਨਹੀਂ ਆਜ ਤੇ ਤੋਹਿ ਨਿਹਾਰੋਂ।
ਪਾਰਨ ਕਰਜੋ ਤ ਕਸ਼ਟ ਸਹਾਰੋਂ।
ਬਰਜਿ ਰਹੇ ਪ੍ਰਭੁ[2], ਮੈਂ ਨਹਿਂ ਮਾਨਾ।
ਤੁਝ ਪਾਰਨ ਤੇ ਭੇ ਦੁਖ ਨਾਨਾ' ॥੩੪॥
ਲੱਜਿਤਿ ਹੋਇ ਨੀਚ ਕਰਿ ਗ੍ਰੀਵਾ।
ਨਹਿਂ ਅਜੀਤ ਸਿੰਘ ਸਨਮੁਖ ਥੀਵਾ।
ਮਹਾਂ ਕੁਕਰਮ ਕਰਜੋ ਪਛੁਤਾਵੈ।
ਭਯੋ ਕਲੇਸ਼ ਅਧਿਕ ਅਧਿਕਾਵੈ ॥੩੫॥
ਲਿਖਤ ਬਿਦਾਵੇ ਕੀ ਕਰਿ ਦੀਨ।
'ਪਾਰਕ ਹੁਤੋ, ਤਜਾਗ ਮੈਂ ਕੀਨਿ।
ਨਹੀਂ ਪੁੱਤ੍ਰ ਇਹ, ਮੈਂ ਨਹਿਂ ਮਾਈ।'

---
[1]ਡਰਦੇ ਨੇ ਝਟ ਧਰਮ ਨਾਸ਼ ਕਰ ਦਿੱਤਾ।
[2]ਗੁਰੂ ਜੀ ਰੋਕਦੇ ਰਹੇ, (ਪਰ......)।

ਇਮ ਕਹਿ ਸਗਰੇ ਪੁਰਿ ਬਿਦਤਾਈ* ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥੨੯॥

*ਗੁਰ ਪ੍ਰਤਾਪ ਸੂਰਜ ਦੇ ਰਚੇ ਜਾਣ ਤੋਂ ਲਗ ਪਗ ੬੪ ਵਰ੍ਹੇ ਪਹਿਲੋਂ ਦਾ ਸਾਡੇ ਪਾਸ ਇਕ ਲਿਖਤੀ ਹਾਲ ਹੈ, ਜਿਸ ਵਿਚ ਇਸ ਪਾਲਕ ਅਜੀਤ ਸਿੰਘ ਦੇ ਇੰਞ ਕੇਸਾਂ ਦੀ ਬੇਅਦਬੀ ਦਾ ਜ਼ਿਕਰ ਨਹੀਂ। ਸਗੋਂ ਇਹ ਦੱਸਿਆ ਹੈ ਕਿ ਜਦੋਂ ਪਾਤਸ਼ਾਹ ਨੇ ਪਾਲਕ ਅਜੀਤ ਸਿੰਘ ਦੇ ਕਤਲ ਦਾ ਹੁਕਮ ਦਿੱਤਾ ਹੈ, ਤਦੋਂ ਕਤਲ ਤੋਂ ਪਹਿਲਾਂ ਜਬਰੀ ਕੇਸਾਂ ਦੀ ਬੇਅਦਬੀ ਕਰਕੇ ਫੇਰ ਉਸ ਨੂੰ ਮਰਵਾਇਆ ਹੈ।

## ੩੦. [ਪਾਲਕ ਨੂੰ ਮਾਤਾ ਜੀ ਨੇ ਤਜਾਗਣਾ। ਬੇਨਵਾ ਮਾਰਨਾ]

੨੯<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩੧

ਦੋਹਰਾ: ਮਾਤ ਸੁੰਦਰੀ ਬਹੁ ਦੁਖੀ, ਥਿਰੇ ਨ ਸਦਨ ਮਝਾਰ।
ਬਸੋਂ ਨ ਦਿੱਲੀ ਪੁਰਿ ਬਿਖੈ, ਨਿਸ਼ਚੇ ਕਰਜੋ ਬਿਚਾਰ ॥੧॥

ਚੌਪਈ: ਲੇ ਕਰਿ ਸੰਗ ਸਕਲ ਦਾਸੀਨ।
ਕੇਤਿਕ ਸੇਵਕ ਕੋ ਸੰਗ ਲੀਨ।
ਛੋਰਿ ਸਦਨ ਅਪਨੋ ਚਲਿ ਆਈ।
ਜਹਾਂ ਬਸੈ ਸੰਗਤਿ ਸਮੁਦਾਈ ॥੨॥
ਬਹੈ ਬਿਲੋਚਨ ਤੇ ਬਹੁ ਨੀਰ।
ਪਤਿ ਕੋ ਸਿਮਰਤਿ ਭਈ ਅਧੀਰ।
ਸਿੱਖਨ ਕੋ ਇਕਠੇ ਕਰਿਵਾਯੋ।
ਅਪਨ ਮਨੋਰਥ ਸਭਿਨਿ ਬਤਾਯੋ ॥੩॥
'ਇਕ ਸਜੰਦਨ ਕਰਿ ਦਿਹੁ ਮੁਝ ਭਾਰੇ।
ਅਬਿ ਨ ਬਸੌਂ ਮੈਂ ਪੁਰੀ ਮਝਾਰੇ।
ਮਰੈ ਕੁਮੌਤ ਤਰੁਨ ਹੀ ਮੂੜ੍ਹ।
ਦੀਨੇ ਸੰਕਟ ਮੋ ਕਹੁ ਗੂੜ੍ਹ ॥੪॥
ਮੁਖ ਅਜੀਤ ਸਿੰਘ ਕੋ ਨ ਨਿਹਾਰੌਂ।
ਨਹਿਂ ਤਿਸ ਕੋ ਨਿਜ ਦਰਸ ਦਿਖਾਰੌਂ।
ਅਪਰ ਨਗਰ ਮਹਿਂ ਉਠ ਕਰਿ ਜਾਊਂ।
ਸ਼ੇਸ਼ ਆਰਬਲ ਤਹਾਂ ਬਿਤਾਊਂ' ॥੫॥
ਸਭਿ ਸਿੱਖਨ ਕਰ ਜੋਰਿ ਬਖਾਨਾ।
'ਕਿਮ ਸੰਗਤਿ ਪਰ ਕੋਪ ਮਹਾਨਾ।
ਭਈ ਅਵੱਗਜਾ ਦੇਹੁ ਬਤਾਇ।
ਕਰ ਬੰਦਹਿਂ ਹਮ ਲੇਂ ਬਖਸ਼ਾਇ ॥੬॥
ਕਜੋਂ ਰਿਸ ਕਰਿ ਦਿੱਲੀ ਕੋ ਛੋਰਿ।
ਚਾਹਤਿ ਗਮਨ ਅਬੈ ਕਿਤ ਓਰ।
ਸਤਿਗੁਰ ਕੀ ਆਗਜਾ ਤੁਮ ਤਾਂਈ।
ਬਸਹੁ ਸਦਾ ਪੁਰਿ ਛੋਰ ਨ ਜਾਈ ॥੭॥
ਕਰੀ ਅਵੱਗਜਾ ਪੁੱਤ੍ਰ ਤੁਮਾਰੇ।
ਸੰਗਤਿ ਤਜਾਗਹੁ ਕਹਾਂ ਬਿਚਾਰੇ?
ਅਟਕਜੋ ਕਾਜ ਆਪ ਕੋ ਕਰੈਂ।
ਅਪਰ ਬਿਘਨ ਹੁਇ ਤਿਸ ਪਰਿਹਰੈਂ ॥੮॥

ਹਮ ਕੋ ਤਜਾਗਹੁ ਦੋਸ਼ ਬਿਚਾਰਹੁ[1]।
ਨਤੁ ਪੁਰਿ ਬਸਨੋ ਅੰਗੀਕਾਰਹੁ।'
ਰਿਸ ਤੇ ਮਾਤ ਸੁੰਦਰੀ ਕਹੈ।
'ਮੁਝ ਅਜੀਤ ਸਿੰਘ ਕੋ ਦੁਖ ਅਹੈ ॥੯॥
ਨਹਿਂ ਬਾਂਛਤਿ ਦੇਖਨ ਮੁਖ ਤਾਂਹੀ।
ਯਾਂ ਤੇ ਬਸੌਂ ਨਹੀਂ ਪੁਰਿ ਮਾਂਹੀ।
ਸੰਗਤਿ ਬਿਖੈ ਦੋਸ਼ ਨਹਿਂ ਕੋਈ।
ਪ੍ਰਭੁ ਬਚ ਨਹਿਂ ਮਾਨਜੋਂ ਦੁਖਿ ਹੋਈ ॥੧੦॥
ਅਪਰ ਥਾਨ ਬਸਿ ਬੈਸ ਬਿਤਾਵੌਂ।
ਅਪਨੇ ਨਿਕਟ ਨ ਰਾਖਿ ਬਸਾਵੌਂ।'
ਸੁਨਿ ਸੰਗਤਿ ਕਰ ਬੰਦਿ ਬਖਾਨਾ।
'ਨਹਿਂ ਦੇਖਨ ਸੁਤ ਕੋ ਪ੍ਰਣ ਠਾਨਾ ॥੧੧॥
ਪੁਰਿ ਮਹਿਂ ਬਸਹੁ ਨਿਬਾਹਨ ਕਰੀਯਹਿ[2]।
ਗਮਨ ਮਨੋਰਥ ਰਿਦੇ ਨ ਧਰੀਯਹਿ।
ਕਰਿ ਸੰਗਤਿ ਤੇ ਇਕਠੀ ਕਾਰ।
ਅਪਰ ਸਦਨ ਕੋ ਲੇਹੁ ਸੁਧਾਰ ॥੧੨॥
ਤਿਸ ਮਹਿ ਬਸਹੁ ਸਦਾ ਸੁਖ ਪਾਈ।
ਕਾਰਜ ਸਕਲ ਰਾਸ ਹੁਇ ਜਾਈਂ।'
ਮਾਤ ਸੁੰਦਰੀ ਇਹ ਬਿਧਿ ਮਾਨੀ।
'ਕਰਹੁ ਸਦਨ ਮੈਂ ਰਹੌਂ' ਬਖਾਨੀ ॥੧੩॥
ਇਕ ਇਕ ਘਰ ਪ੍ਰਤਿ ਏਕ ਰਜਤਪਣ।
ਸੰਗਤਿ ਮਿਲਿ ਅਰਦਾਸ ਸਭਿਨਿ ਭਨਿ।
ਸਦਨ ਸਤਾਰਾਂ ਸੈ ਸਿਖ ਕੇਰੇ।
ਲਿਯੋ ਸਕੇਲ ਦਰਬ ਤਿਸ ਬੇਰੇ ॥੧੪॥
ਅਪਰ ਤੀਨਸੈ ਬੀਚ ਮਿਲਾਇ।
ਦ੍ਵੈ ਹਜ਼ਾਰ ਕੀਨੇ ਇਕ ਠਾਇ।
ਪ੍ਰਥਮ ਸਦਨ ਪੁਰਿ ਤੇ ਕੁਛ ਬਾਹਿਰ[3]।
ਇਹ ਅੰਤਰ ਕੀਨੋ ਅਬਿ ਜ਼ਾਹਿਰ ॥੧੫॥
ਦੋਇ ਹਜ਼ਾਰ ਦਰਬ ਲਗਵਾਯੋ।

---
[1]ਕੋਈ ਦੋਸ਼ ਵਿਚਾਰ ਕੇ ਸਾਨੂੰ ਛੱਡੋ।
[2]ਵੱਸਕੇ (ਪ੍ਰਣ) ਦਾ ਨਿਰਬਾਹ ਕਰੋ।
[3]ਪਹਿਲਾ ਘਰ ਸ਼ਹਿਰ ਤੋਂ ਕੁਛ ਬਾਹਰ ਸੀ।

ਹਿਤ ਮਾਤਾ ਕੇ ਸਦਨ ਕਰਾਯੋ।
ਤਿਸ ਮਹਿਂ ਥਿਰੀ ਜਾਇ ਕਰਿ ਹੇਰਿ।
ਵਹਿਰ ਨ ਗਈ ਬਹੁਰ ਇਸ ਬੇਰ ॥੧੬॥
ਘਰ ਕੋ ਸਰਬ ਸਮਾਜ ਕਰਾਯੋ।
ਨਹਿਂ ਅਜੀਤ ਸਿੰਘ ਨਿਕਟ ਬੁਲਾਯੋ।
ਨਹਿਂ ਮੁਖ ਦੇਖਨ ਕਬਿਹੂੰ ਕਰਜੋ।
ਨੇਮ ਨਿਬਾਹਜੋ ਅਪਨੋ ਧਰਜੋ ॥੧੭॥
ਸਦਨ ਸਮੇਤ ਸਮੂਹ ਸਮਾਜਾ।
ਤਜਾਗਜੋ, ਆਇ ਤਾਂਹਿ ਕੇ ਕਾਜਾ[1]।
ਇਕ ਆਯੁਧ ਕੋ ਨਿਕਟ ਅਨਾਏ[2]।
ਗੁਰ ਸਮ ਸੰਗਤਿ ਤੇ ਪੁਜਵਾਏ ॥੧੮॥
ਸਭਿ ਮਹਿਂ ਭਯੋ ਤਾਂਹਿ[3] ਅਪਮਾਨਾ।
ਆਛੇ ਸਿੰਘਨਿ ਸੋ ਨਹਿਂ ਮਾਨਾ।
ਆਦਿ ਸੁਧਾਸਰ ਅਨਿਕ ਸਥਾਨਾ।
ਦੇਂ ਧਨ ਮਾਤ ਸਮੀਪ ਮਹਾਨਾ ॥੧੯॥
ਖਰਚ ਕਹਾਂ ਤੇ ਬਹੁਰ ਚਲਾਵੈ।
ਚਾਕਰ ਕਹਾਂ ਚਾਕਰੀ ਪਾਵੈਂ।
ਥੁਰਜੋ ਦਰਬ ਤੇ ਅਲਪ ਹੰਕਾਰਾ[4]।
-ਗਈ ਮੰਨਤਾ ਮੋਹਿ- ਬਿਚਾਰਾ ॥੨੦॥
ਮਾਨਵ ਪਠਹਿ ਮਾਤ ਕੇ ਪਾਸ।
ਅਨਿਕ ਭਾਂਤਿ ਠਾਨਤਿ ਅਰਦਾਸ।
'ਗਯੋ ਭੂਲ ਅਬਿ ਬਖਸ਼ਹੁ ਮੋਹੀ।
ਨਾਮ ਤੁਮਾਰੋ ਜਹਿਂ ਕਹਿਂ ਹੋਹੀ ॥੨੧॥
ਸੁਤ ਮਾਤਾ ਕੋ ਜਗਤ ਬਖਾਨੈ।
ਤੁਮ ਤੇ ਹੀ ਮੁਝ ਕੋ ਜਗ ਮਾਨੈ।'
ਕਹਿ ਕਹਿ ਇਮ ਬਹੁ ਬਾਰਿ ਪਠਾਯੋ।
ਜਨਨੀ ਪਨ ਸਨੇਹੁ ਹੁਇ ਆਯੋ ॥੨੨॥
ਕਹਜੋ ਕ੍ਰਿਪਾ ਕਰਿ ਅਸ ਬਿਵਹਾਰੇ[5]।

---

[1]ਘਰ ਸਹਿਤ ਸਮਾਜ ਛੱਡਿਆ ਹੋਇਆ ਤਿਸ (ਅਜੀਤ ਸਿੰਘ) ਦੇ ਕੰਮ ਆਇਆ।
[2]ਕੇਵਲ (ਗੁਰੂ ਜੀ ਦੇ) ਸ਼ਸਤ੍ਰ ਪਾਸ ਲਿਆਂਦੇ।
[3]ਭਾਵ ਪਾਲਕ ਅਜੀਤ ਸਿੰਘ ਦਾ।
[4]ਹੰਕਾਰ (ਕੁਛ) ਘਟ ਗਿਆ।
[5]ਐਸਾ ਵਿਵਹਾਰ ਕਹਿਆ।

'ਆਇ ਥਿਰਹਿ ਹਮ ਬਾਹਿਰ ਦ੍ਵਾਰੇ।
ਜੋ ਕੁਛ ਜਾਚਹਿ ਕਹਿ ਤਹਿਂ ਪਾਵੈ।
ਅੰਤਰ ਨਹੀਂ ਮੋਹਿ ਢਿਗ ਆਵੈ' ॥੨੩॥
ਇਮ ਜਬਿ ਹੁਕਮ ਮਾਤ ਕਹਿ ਦਯੋ।
ਤਬਿ ਅਜੀਤ ਸਿੰਘ ਆਵਤਿ ਭਯੋ।
ਪੌਰ ਠੌਰ ਬੰਦਹਿ ਥਿਰ ਰਹੈ।
ਬਾਂਛਤਿ ਹੋਇ ਬਿਨੈ ਜੁਤਿ ਕਹੈ ॥੨੪॥
ਸੋ ਨਰ ਮਾਤਾ ਨਿਕਟ ਸੁਨਾਵੈ।
ਆਇਸੁ ਕਰੈ ਸੁ ਤਤਛਿਨ ਪਾਵੈ।
ਇਮ ਦਿਨ ਪ੍ਰਤਿ ਕਾਰਜ ਨਿਬਹੰਤਾ।
ਨਮੋ ਕਰਹਿ ਨਿਜ ਸਦਨ ਬਸੰਤਾ ॥੨੫॥
ਆਵਨ ਲਗਜੋ ਨੇਮ ਤੇ ਨੀਤ।
ਬੰਦਹਿ ਪੌਰ ਠੌਰ ਕਰਿ ਪ੍ਰੀਤਿ।
ਸਾਠ ਸਊਰ ਅਰੂਢਹਿਂ ਸੰਗ।
ਗਮਨਹਿਂ ਫਾਂਦਤਿ ਚਪਲ ਤੁਰੰਗ ॥੨੬॥
ਮਗ ਮਹਿਂ ਹੁਤੋ ਬੇਨਵਾ ਡੇਰਾ।
ਆਵਤਿ ਜਬਿ ਅਜੀਤ ਸਿੰਘ ਹੇਰਾ।
ਊਚੇ ਬੋਲਤਿ ਜਾਚਤਿ ਭਯੋ।
ਏਕ ਰਜਤਪਨ ਦੈਬੋ ਕਯੋ ॥੨੭॥
ਇਸ ਹੀ ਰੀਤਿ ਕਈ ਦਿਨ ਲੀਨ।
ਜਾਚੇ ਤੇ ਅਜੀਤ ਸਿੰਘ ਦੀਨ।
ਇਮ ਹੀ ਕੇਤਿਕ ਦਜੋਸ ਬਿਤੀਤੇ।
ਆਵਤਿ ਜਾਤਿ ਤਿਸੀ ਮਗ ਨੀਤੇ ॥੨੮॥
ਇਕ ਦਿਨ ਜਾਚਿ ਬੇਨਵੇ ਤੈਸੇ।
ਦਏ ਅਜੀਤ ਸਿੰਘ ਜੁਗ ਪੈਸੇ।
ਲਏ ਨਹੀਂ ਤਿਨ ਦਏ ਬਗਾਈ।
ਚਲਜੋ ਸੰਗ ਹ੍ਵੈ ਕੈ ਪਿਛਵਾਈ ॥੨੯॥
ਮਾਤ ਪੌਰ ਪਰ ਬੈਠੇ ਜਾਇ।
ਤਹਿਂ ਭੀ ਜਾਚਤਿ ਰਹਜੋ ਅਲਾਇ[1]।
ਕਿਤਿਕ ਸਮੈਂ ਥਿਰ ਹ੍ਵੈ ਕਰਿ ਚਾਲੇ।
ਉਠਿ ਕਰਿ ਗਯੋ ਬੇਨਵਾ ਨਾਲੇ ॥੩੦॥

---

[1]ਓਥੇ ਬੀ (ਅਜੀਤ ਸਿੰਘ ਨੂੰ) ਕਹਿਕੇ ਮੰਗਦਾ ਰਹਿਆ।

ਅਪਨੇ ਘਰ ਮਹਿਂ ਜਾਇ ਪ੍ਰਵੇਸ਼ਾ।
ਖਾਨ ਪਾਨ ਕਰਿ ਕ੍ਰਿਯਾ ਅਸ਼ੇਸ਼ਾ।
ਕਰਜੋ ਅਰਾਮ ਦੁਪਹਿਰਾ ਢਰਜੋ।
ਬਕਹਿ ਬੇਨਵਾ ਬਾਹਰ ਖਰਜੋ ॥੩੧॥
ਪੁਨ ਸੁੱਖਾ ਛਕਿ ਬਾਹਰ ਗਯੋ।
ਤਹਿਂ ਭੀ ਕਹਿਤਿ ਸੰਗ ਹੀ ਭਯੋ।
ਊਚ ਨੀਚ ਬਚ ਬਕਹਿ ਬਡੇਰੇ।
ਜਿਨ ਕੇ ਸੁਨਤਿ ਦੁਖਤਿ ਬਹੁਤੇਰੇ ॥੩੨॥
ਪੁਰਿ ਤੇ ਵਹਿਰ ਕੋ ਨ ਨਰ ਜਹਾਂ।
ਬੋਲਤਿ ਖਿਝਤਿ ਪਹੂੰਚੇ ਤਹਾਂ।
ਬਹੁ ਊਚੇ ਦੁਰਬਾਕ ਬਖਾਨੇ।
ਜਹਿਂ ਗਮਨੇ ਤਹਿਂ ਸੰਗ ਪਯਾਨੇ ॥੩੩॥
ਕੁਪਜੋ ਅਜੀਤ ਸਿੰਘ ਸੁਨਿ ਕਰਿ ਕੈ।
ਪੁਰਿ ਜਨ ਨਿਕਟ ਨ ਭਲੇ ਨਿਹਰਿ ਕੈ।
ਨਿਜ ਸਿੰਘਨ ਸੰਗ ਹੁਕਮ ਬਖਾਨਾ।
'ਪਕਰਿ ਬੇਨਵੇ ਹਨੀਯਹਿ ਪ੍ਰਾਨਾ ॥੩੪॥
ਕੂਪ ਸਮੀਪ ਬੀਚ ਦਿਹੁ ਗੇਰੀ।
ਹਟਤਿ ਨ ਮੂਢ ਸੰਗ ਤੇ ਮੋਰੀ।'
ਜਹਿਂ ਦੁਰਬਾਕ ਬਖਾਨਤਿ ਖਰਜੋ।
ਜੁਗ ਸਿੰਘਨ ਦਿਢ ਪਕਰਨ ਕਰਜੋ ॥੩੫॥
ਪ੍ਰਾਨ ਹਾਨਿ ਤਤਛਿਨ ਕਰਿ ਦੀਨ।
ਪੁਰਿ ਕੇ ਦੂਰ ਕੂਪ ਕੋ ਚੀਨ।
ਤਿਸ ਮਹਿਂ ਡਾਰਿ ਅਗਾਰੀ ਗਏ।
ਕਰਿ ਕੈ ਸੌਚ ਅਪਰ ਮਗ ਅਏ ॥੩੬॥
ਅਪਨੇ ਸਦਨ ਪ੍ਰਵੇਸ਼ ਥਿਰਜੋ ਹੈ।
ਖਾਨ ਪਾਨ ਨਿਜ ਕਰਮ ਕਰਜੋ ਹੈ।
ਸੰਧਜਾ ਭਈ ਪ੍ਰਤੀਖਤਿ ਡੇਰੇ।
ਨਹੀਂ ਬੇਨਵਾ ਨਿਜ ਥਲ ਹੇਰੇ ॥੩੭॥
ਸੋਧਨ[1] ਲਗੇ ਚੇਲਕਾ ਫਿਰੈਂ।
ਇਤ ਉਤ ਦੇਖਤਿ ਬੂਝਨ ਕਰੈਂ।
ਰਾਤਿ ਅਰਧ ਲੌ ਖੋਜਨ ਕਰਜੋ।

---

[1]ਢੂੰਡਣ।

ਨਹਿਂ ਪੁਰਿ ਮਹਿਂ ਕਿਸ ਥਾਨ ਨਿਹਰਯੋ ॥੩੮॥
ਪੁਨ ਪ੍ਰਭਾਤਿ ਉਠਿ ਗਰੀ ਬਜ਼ਾਰ।
'ਕਿਨਹੁਂ ਬਿਲੋਕਯੋ ਦਿਹੁ ਸੁਧ ਸਾਰ।'
ਕਿਹ ਕਹਿ ਦਯੋ ਸੁਨਾਇ ਪ੍ਰਸੰਗ।
'ਫਿਰਤਿ ਅਜੀਤ ਸਿੰਘ ਕੇ ਸੰਗ' ॥੩੯॥
ਬੂਝੇ ਸਿੰਘ ਨ ਕਹੂੰ ਬਤਾਯੋ[1]।
ਕਰਤਿ ਬ੍ਰਿਲਾਪ[2] ਨਹੀਂ ਜਬਿ ਪਾਯੋ।
ਸਗਰੀ ਪੁਰੀ ਪ੍ਰਚੁਰਯੋ ਬ੍ਰਿਤੰਤ।
ਨਹੀਂ ਬੇਨਵਾ ਕਹੂੰ ਲਭੰਤਿ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

---

[1]ਕਿਸੇ ਨੇ ਨਾ ਦੱਸਿਆ।
[2]ਬੇਨਵੇ ਦੇ ਚੇਲੇ ਰੋਣ ਲੱਗੇ।

## ੩੧. [ਦਿਵਾਨਿਆਂ ਦੀ ਪੁਕਾਰ। ਸ਼ਾਹੀ ਸੈਨਾਂ ਦਾ ਅਜੀਤ ਸਿੰਘ ਨੂੰ ਫੜਨ ਜਾਣਾ]

੩੦<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩੨

ਦੋਹਰਾ: ਚਾਰਤਿ ਛਾਂਗ ਉਜਾਰ ਮਹਿਂ, ਬਿਚਰਤਿ ਹੁਤੋ ਅਯਾਲਿ।
ਕੂਪ ਗਿਰਾਯੋ ਬੇਨਵਾ, ਤਿਨ ਦੇਖ੍ਯੋ ਤਿਸ ਕਾਲ ॥੧॥
ਚੌਪਈ: ਪਿਖ੍ਯੋ ਬੇਨਵਾ ਖੋਜਨ ਕਰੈਂ।
ਧਰਤਿ ਸ਼ੋਕ ਉਰ ਇਤ ਉਤ ਫਿਰੈਂ।
'ਤੋਹਿ ਬਤਾਵੌਂ' ਕਹਤਿ ਅਯਾਲੀ।
'ਪ੍ਰਾਨ ਹਾਨ ਕਰਿ ਦੀਨਸਿ ਕਾਲੀ ॥੨॥
ਸਿੰਘਨ ਤੇ ਮੈਂ ਡਰੌਂ ਬਡੇਰਾ।
ਨਹੀਂ ਬਚਾਇ ਹੋਇਗੋ ਮੇਰਾ।
ਯਾਂ ਤੇ ਮੈ ਨਹਿਂ ਕਰਤਿ ਬਤਾਵਨ।
ਸੰਧ੍ਯਾ ਪ੍ਰਾਤਿ ਅਚਾਨਕ ਘਾਵਨ[1]' ॥੩॥
ਧੀਰ ਬੇਨਵੇ ਦਈ ਘਨੇਰੇ।
'ਹਮ ਸਭਿ ਰਹੈਂ ਸੰਗ ਹੀ ਤੇਰੇ।
ਮਾਰਨ ਦੇਹਿਂ ਨਹੀਂ ਕਿਸ ਭਾਂਤਿ।
ਰੱਖ੍ਯਾ ਕਰਤਿ ਰਹੈਂ ਦਿਨ ਰਾਤਿ' ॥੪॥
ਦਿਯੋ ਦਿਲਾਸਾ ਸਰਬ ਪ੍ਰਕਾਰ।
ਸੋ ਲੇ ਗਮਨ੍ਯੋਂ ਬੀਚ ਉਜਾਰ।
ਜਿਸ ਥਲ ਮਾਰਿ ਕੂਪ ਮਹਿਂ ਡਾਰਾ।
ਪਰ੍ਯੋ ਮਰ੍ਯੋ ਤਿਹ ਸਭਿਨਿ ਨਿਹਾਰਾ ॥੫॥
ਮਿਲਿ ਕਰਿ ਬ੍ਰਿੰਦਨਿ ਤਬਹਿ ਨਿਕਾਰਾ।
ਲਿਯੋ ਉਠਾਇ ਰੌਰ ਬਹੁ ਡਾਰਾ।
ਪੁਰਿ ਮਹਿਂ ਨਰ ਮਿਲਿ ਗੇ ਸਮੁਦਾਇ।
ਦੇਖਤਿ ਬੋਲਤਿ ਸੰਗ ਸਿਧਾਇ ॥੬॥
ਪਾਯੋ ਜਾਇ ਦੁਰਗ ਕੇ ਪੌਰ।
ਮਿਲੇ ਹਜ਼ਾਰਹੁੰ ਮਾਚ੍ਯੋ ਰੌਰ।
ਜਿਤਿਕ ਬੇਨਵੇ ਪੁਰਿ ਮਹਿਂ ਤਬੈ।
ਦੌਰਿ ਦੌਰਿ ਮਿਲਿ ਕੇ ਤਹਿਂ ਸਬੈ ॥੭॥
ਪਾਤਸ਼ਾਹ ਢਿਗ ਕਰੀ ਪੁਕਾਰ।
'ਦਿਯੋ ਬੇਨਵਾ ਸਿੰਘਨ ਮਾਰ।
ਨਜਾਉਂ ਲੇਹਿਂਗੇ ਕੈ ਦਰ ਮਰੈਂ।

---

[1]ਸ਼ਾਮ ਯਾ ਸਵੇਰੇ ਅਚਾਨਕ ਮੈਨੂੰ ਮਾਰ ਦੇਣਗੇ।

ਤਬਿ ਲੌਂ ਖਾਨ ਪਾਨ ਨਹਿਂ ਕਰੈਂ' ॥੮॥
ਖਰੇ ਪੌਰ ਆਗੇ ਅਰਰਾਵੈਂ।
ਅੰਤਰ ਊਚੀ ਧੁਨੀ ਸੁਨਾਵੈਂ।
ਸ਼ਾਹੁ ਅਜੋਗ ਬਾਤ ਪਹਿਚਾਨੀ।
-ਡਰੇ ਨ ਮੁਝ ਤੇ ਕੀਨਸਿ ਹਾਨੀ ॥੯॥
ਇਸ ਕੋ ਹੁਇ ਸਜ਼ਾਇ ਅਬਿ ਭਾਰੀ।
ਛੁਟ੍ਯੋ ਸੁਖੇਨ ਜੁ ਖਤਾ ਅਗਾਰੀ-।
ਸੁਨਿ ਉਮਰਾਵਨ ਕੀਨਿ ਉਚਾਰਨ।
'ਫਿਰਨ ਸੈਲ ਹਿਤ ਬੀਚ ਬਜਾਰਨ ॥੧੦॥
ਸੰਗ ਚਢਹਿਂ ਸਾਠਕ ਅਸਵਾਰ।
ਊਚ ਅਵਾਜ਼ ਨਕੀਬ ਉਚਾਰਿ।
ਪਿਖਹੁ ਪੁਰੀ ਬਸਿ ਤ੍ਰਾਸ ਨ ਮਾਨਾ।
ਦੂਰ ਹੋਇ ਚਹਿ ਦੁੰਦ ਉਠਾਨਾ[1] ॥੧੧॥
ਪਕਰਿ ਸਜ਼ਾਇ ਦੀਜੀਯਹਿ ਗਾਢੀ।
ਤਿਸ ਕੇ ਉਰ ਗ਼ਰੂਰਤਾ ਬਾਢੀ।'
ਸੁਨਤਿ ਸ਼ਾਹੁ ਤਬਿ ਹੁਕਮ ਉਚਾਰਾ।
'ਤੂਰਨ ਪਹੁੰਚਹੁ ਸਦਨ ਮਝਾਰਾ ॥੧੨॥
ਪਟ ਸੋਂ ਹਾਥ ਬੰਦਿ ਅਗਵਾਰ।
ਆਵਹਿ ਗਰੇ ਕੁਹਾਰੀ ਡਾਰਿ[2]।
ਉਚਿਤ ਸਜ਼ਾਇ ਹੋਇ ਹੈ ਤਾਂਹੀ।
ਆਨਹੁਂ ਜਾਇ ਦੇਰ ਹ੍ਵੈ ਨਾਂਹੀ' ॥੧੩॥
ਸੁਨਿ ਕੈ ਨਰ ਦੌਰੇ ਤਬਿ ਦੋਇ।
ਬੈਠ੍ਯੋ ਜਾਇ ਪਹੂਚੇ ਜੋਇ।
ਹੁਕਮ ਸ਼ਾਹ ਕੋ ਕਹ੍ਯੋ ਕਠੋਰ।
'ਨਿਕਸਹੁ ਚਲਹੁ ਦੁਰਗ ਕੀ ਓਰ ॥੧੪॥
ਹਤ੍ਯੋ ਬੇਨਵਾ ਸ਼ਾਹੁ ਰਿਸਾਯੋ।
ਗੁਨਹਿਗਾਰ ਤੂ ਨਿਕਟ ਬੁਲਾਯੋ।'
ਸੁਨਿ ਕੈ ਤ੍ਰਾਸ ਮਾਨਿ ਘਰ ਥਿਰ੍ਯੋ।
ਨਹੀਂ ਨਿਕਸਿ ਕੈ ਜਾਵਨ ਕਰ੍ਯੋ ॥੧੫॥

---

[1]ਦੇਖੋ ਸ਼ਹਿਰ ਵਿਚ ਵੱਸਕੇ ਡਰ ਨਹੀਂ ਸੁ ਮੰਨਿਆ, ਜੇ ਦੂਰ ਹੋਵੇ (ਪਾਤਸ਼ਾਹ ਤੋਂ) ਤਾਂ ਦੁੰਦ ਹੀ ਉਠਾਵੇਗਾ।
[2]ਪੁਰਾਣੇ ਜ਼ਮਾਨੇ ਦੀ ਸਜ਼ਾ ਸੀ ਕਿ ਗੱਲ ਵਿਚ ਆਪੇ ਕੁਹਾੜੀ ਪਾਕੇ ਔਣਾ ਤੇ ਕਹਿਣਾ ਕਿ ਲਓ ਕੁਹਾੜੀ ਮਾਰਕੇ ਚਾਹੇ ਮਾਰ ਲਓ ਚਾਹੇ ਬਚਾ ਲਓ।

'ਮੈਂ ਨਹਿਂ ਚਲੌਂ ਨ ਬੇਨਵ ਮਾਰਾ।
ਤੁਹਮਤ ਦੇਤਿ ਤੁਫਾਨ ਉਠਾਰਾ।'
ਜਾਇ ਦੁਰਗ ਮਹਿਂ ਤਿਨਹਿਂ ਬਤਾਯੋ।
'ਰਹੇ ਹਕਾਰਿ ਸੰਗ ਨਹਿਂ ਆਯੋ' ॥੧੬॥
ਬਹੁਰ ਸ਼ਾਹੁ ਕਹਿ ਹੁਕਮ ਪਠਾਏ।
'ਇਹਾਂ ਆਉ ਤੁਵ ਨਜਾਉਂ ਕਰਾਏ।
ਨਿਸ਼ਚੈ ਸਾਚ ਝੂਠਿ ਸਭਿ ਹੋਇ।
ਬੂਝੈਂ ਭਲੇ ਉਗਾਹ ਜਿ ਕੋਇ' ॥੧੭॥
ਸੁਨਿ ਕੈ ਗਏ ਜਾਇ ਸਮੁਝਾਯੋ।
'ਹਠ ਨ ਕਰਹੁ ਤੁਝ ਨਿਕਟ ਬੁਲਾਯੋ।
ਸ਼ਾਹੁ ਕਹੈ ਸਭਿ ਨਿਰਨੈ ਕਰਿ ਕੈ।
ਸਾਚੋ ਲੇਹਿ ਬਡਾਈ ਫਿਰਿ ਕੈ ॥੧੮॥
ਘਰ ਮਹਿਂ ਕਿਮ ਬੈਠਨ ਹੁਇ ਤੇਰੋ।
ਦੁਰਗ ਪੌਰ ਪਰ ਰੌਰ ਬਡੇਰੋ।
ਭਲੋ ਚਹੈਂ ਜੇ ਅਪਨੋ ਕੈਸੇ।
ਮਾਨੋ ਕਹਜੋ ਕਹਤਿ ਹਮ ਜੈਸੇ ॥੧੯॥
ਨਾਂਹਿਤ ਸੈਨ ਆਨਿ ਕਰਿ ਗਹੈ।
ਕਿਸ ਕੀ ਓਟ ਲੇਇ ਥਿਰ ਰਹੈਂ?'
ਸੁਨਿ ਅਜੀਤ ਸਿੰਘ ਨਾਂਹਿਨ ਮਾਨਾ।
'ਗਮਨੋਂ ਨਹੀਂ' ਜਬਾਬ ਬਖਾਨਾ ॥੨੦॥
ਰਿਸੇ ਦੂਤ ਜੇ ਗਏ ਹਕਾਰਨ।
ਹਟੇ ਸ਼ਾਹੁ ਢਿਗ ਕੀਨ ਉਚਾਰਨ।
'ਭਯੋ ਮਵਾਸੀ ਆਇ ਨ ਸੋਊ।
ਮਿਲਿ ਸਮੁਝਾਇ ਰਹੇ ਸਭਿ ਕੋਊ ॥੨੧॥
ਮਾਤ ਨਿਕਟ ਨਰ ਭੇਜਜੋ ਭਲਾ[1]।
ਸ਼੍ਰੀ ਗੁਰ ਤੇਗ ਬਹਾਦਰ ਬਦਲਾ[2]।
ਖੂਨ ਪੁੱਤ੍ਰ ਤੁਮਰੇ ਕਰਿ ਦਯੋ।
ਸੋ ਬਖਸ਼ਹੁ ਕਹੁ ਹਮ ਲੇ ਲਯੋ' ॥੨੨॥
ਕਹਜੋ ਮਾਤ 'ਮੈਂ ਲਿਖਜੋ ਬਿਦਾਵਾ।
ਪਾਰਕ ਹੁਤੋ ਤਜਜੋ, ਨਹਿਂ ਭਾਵਾ।

---

[1](ਪਾਤਸ਼ਾਹ ਨੇ) ਮਾਤਾ ਜੀ ਪਾਸ ਭਲਾ ਪੁਰਸ਼ ਭੇਜਿਆ।
[2]ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਬਦਲਾ ਬਖਸ਼ੋ ਤੇ ਆਖੋ ਕਿ ਅਸਾਂ ਲੈ ਲਿਆ ਹੈ।

ਸੋ ਬਦਲਾ ਲੇਵੈਂਗੇ ਔਰ।
ਜਹਾਂ ਹੋਇ ਲੈਬੇ ਕੀ ਠੌਰ ॥੨੩॥
ਖਤਾ ਅਜੀਤ ਸਿੰਘ ਨੇ ਠਾਨੇ।
ਸੋ ਤੁਮ ਜਾਨੋ, ਕੈ ਉਹ ਜਾਨੇ।
ਹਮਰੇ ਲਗਿ ਤਿਸ ਕਾਰਨ ਕੋਈ।
ਬਾਂਛਤਿ ਕਰੋ ਆਪ ਅਰੁ ਸੋਈ' ॥੨੪॥
ਸੁਨਿ ਕੈ ਸ਼ਾਹੁ ਕੋਪ ਕਰਿ ਭਾਰੋ।
ਸਭਿ ਮਹਿਂ ਬਿਦਤੀ ਹੁਕਮ ਉਚਾਰੋ।
'ਦੋ ਪਲਟਨ[1] ਪਹੁੰਚਹਿ ਇਸ ਕਾਲਾ।
ਲਰਹਿ ਲਰਹੁ, ਨਹਿਂ ਕੀਜੈ ਟਾਲਾ ॥੨੫॥
ਜਬਿ ਲੌਂ ਪਕਰਜੋ ਜਾਇ ਨ, ਮਾਰੋ।
ਭਿਰਹਿ ਆਪ, ਹੱਥਜਾਰ ਪ੍ਰਹਾਰੋ।'
ਤਤਛਿਨ ਸੈਨ ਚਲੀ ਤਹਿਂ ਆਈ।
ਸੁਨੀ ਅਜੀਤ ਸਿੰਘ ਥਹਿਰਾਈ[2] ॥੨੬॥
ਸਿੰਘ ਸਕੇਲੇ ਮਸਲਤ ਕੀਨ।
'ਅਬਿ ਤੌਂ ਜੰਗ ਕਰਨ ਹੀ ਚੀਨ।
ਲਰਿ ਕਰਿ ਮਰਹਿਂ ਸੁ ਧਰਮ ਹਮਾਰਾ।
ਗੀਦਰ ਮੌਤ ਮਰਨ ਬੁਰਿਆਰਾ' ॥੨੭॥
ਇੱਤਜਾਦਿਕ ਕਹਿ ਹ੍ਵੈ ਕਰਿ ਗਾਢੇ।
ਲਰਨ ਹੇਤੁ ਲੈ ਆਯੁਧ ਠਾਂਢੇ।
ਜਬਹਿ ਫੌਜ ਜਾਨੀ ਨਿਯਰਾਈ।
ਪੁੰਜ ਤੁਫੰਗਨਿ ਸਮੁਖ ਚਲਾਈ ॥੨੮॥
ਬਰੇ ਨਿਕੇਤ ਸੁਚੇਤ ਬਿਸਾਲੇ।
ਪਰਜੋ ਜੰਗ ਉਠਿ ਸ਼ਬਦ ਕਰਾਲੇ।
ਊਚੇ ਚਢਿ ਓਟੇ ਕਰਿ ਥਿਰੇ।
ਜ੍ਵਾਲਾਬਮਣੀ ਛੋਰਤਿ ਖਰੇ ॥੨੯॥
ਉਤ ਤੇ ਵਹਿਰ ਤੁਰਕ ਸਮੁਦਾਏ।
ਰਚੇ ਮੋਰਚੇ ਤੁਪਕ ਚਲਾਏ।

---

[1]ਪਲਟਨ ਪਦ ਅੰਗ੍ਰੇਜ਼ੀ ਲਫਜ਼ ਪਲੈਟੂਨ ਤੋਂ ਬਣਿਆ ਹੈ ਜਿਸ ਵਿਚ ਹੁਣ ੪ ਤੋਂ ੧੦ ਕੰਪਣੀਆਂ ਹੁੰਦੀਆਂ ਹਨ ਤੇ ਜੰਗ ਸਮੇਂ ਲਗਪਗ ੧੦੦੦ ਜੋਧੇ ਹੁੰਦੇ ਹਨ। ਅੰਗ੍ਰੇਜ਼ੀ ਵਿਚ ਇਕ ਪਦ ਬਟੈਲੀਅਨ ਬੀ ਲਗਪਗ ਇਹੋ ਅਰਥ ਰਖਦਾ ਹੈ।

[2]ਕੰਬ ਗਿਆ।

ਮਾਰਿ ਮਾਰਿ ਕਰਿ ਚਹੁੰ ਦਿਸ਼ਿ ਘੇਰੇ।
ਅਧਿਕ ਵਧਹਿਂ ਫੇਰੇ ਫਿਰ ਨੇਰੇ ॥੩੦॥
ਅੰਤਰ ਮਾਰਨ ਮਰਨ ਅਰੰਭਾ।
ਪਰੇ ਜੰਗ ਨਰ ਕਰੇ ਅਚੰਭਾ।
ਗੋਰੀ ਲਗਿ ਫੋਰੀ ਭਟ ਦੇਹਿ।
ਛੋਰੀ ਤੁਪਕ ਤੁਰਤ ਭਰਿ ਲੇਹਿਂ ॥੩੧॥
ਢੁਕਹਿਂ ਨੇਰ ਹੇਲਾ ਜਬਿ ਘਾਲਹਿਂ।
ਸਮੁਖ ਨਿਕਸਿ ਬਾਰਤਿ ਕਰਵਾਲਹਿਂ[1]।
ਭੁਜਦੰਡਨ ਅਰੁ ਗ੍ਰੀਵਾ ਕਾਟਹਿਂ।
ਬਰਜਤਿ ਤਰਜਤਿ ਤਕਿ ਤਕਿ ਡਾਟਹਿਂ ॥੩੨॥
ਪ੍ਰਥਮ ਦਿਵਸ ਲਰਿ ਸੰਧ੍ਯਾ ਪਰੀ।
ਭਏ ਤਿਮਰ ਸੈਨਾ ਤਹਿਂ ਥਿਰੀ।
ਟਿਕੇ ਮੋਰਚਨ ਤੁਪਕ ਚਲਾਵਹਿਂ।
ਅੰਤਰ ਆਵਨ ਜਾਨ ਨ ਪਾਵਹਿਂ ॥੩੩॥
ਮਾਤ ਸੁੰਦਰੀ ਚਿੰਤ ਘਨੇਰੀ।
ਕਰਜੋ ਕੁਕਰਮ ਕੁਪੁੱਤ੍ਰ ਕੁਫੇਰੀ।
ਕੁਛ ਬਸ ਚਲਹਿ ਨ ਅਪਨੋ ਜਾਨਾ।
ਦੀਨ ਮਨਾ ਦੁਖ ਲਹਤਿ ਮਹਾਨਾ ॥੩੪॥
ਪਛੁਤਾਵਤਿ ਸਭਿ ਨਿਸਾ ਬਿਤਾਈ।
ਸੰਗਤਿ ਮਿਲੀ ਆਨਿ ਸਮੁਦਾਈ।
ਮਸਤਕ ਟੇਕਿ ਮਾਤ ਸੋਂ ਕਹਜੋ।
'ਹਮਹੁ ਸ਼ਾਹ ਤੇ ਡਰ ਬਹੁ ਲਹਜੋ ॥੩੫॥
ਕਹਾਂ ਕੁਕਰਮ ਕੀਨਿ ਸੁਖ ਹਾਨਾ।
ਤੁਮਰੋ ਸ੍ਰਾਪ ਸਾਚ ਹੁਇ ਜਾਨਾ।
ਪ੍ਰਥਮ ਪਿਥਕ ਬੈਠੇ ਇਸ ਥਾਨ।
ਕਹਾਂ ਚਿੰਤ, ਕਜੋਂ ਸੋਚਨ ਠਾਨਿ' ॥੩੬॥
ਇੱਤਜਾਦਿਕ ਦੇ ਧੀਰਜ ਗਏ।
ਤਊ ਮਹਾਂ ਦੁੱਖ ਚਿਤ ਉਪਜਾਏ।
ਲਰਤਿ ਅਜੀਤ ਸਿੰਘ ਬਿਚ ਘਰ ਕੇ।
ਵਹਿਰ ਤੁਰਕ ਘੇਰਤਿ ਫਿਰ ਫਿਰਿ ਕੇ ॥੩੭॥
ਕਿਤਿਕ ਗਏ ਮਰਿ ਬਾਹਿਰ ਲਰਿਤੇ।

---

[1]ਤਲਵਾਰਾਂ ਵਾਹੁੰਦੇ ਹਨ।

ਕਿਤਿਕ ਸਿੰਘ ਅੰਤਰ ਲਰਿ ਮਰਿਤੇ।
ਬਾਸੁਰ ਸਰਬ ਲਰੇ ਹਤਿ ਗੋਰੀ।
ਢੁਕੇ ਨੇਰ ਦੇ ਤਨ ਕੋ ਫੋਰੀ ॥੩੮॥
ਖੋਦਿ ਮੋਰਚੇ ਓਟੇ ਕਰਿ ਕੇ।
ਨਿਕਟ ਹੋਤਿ ਘਰਿ ਕੇ ਦੁਰ ਦੁਰ ਕੇ।
ਦੂਸਰ ਦਿਵਸ ਬਿਤੀਤੵੋ ਲਰਤੇ।
ਫਿਰਤਿ ਘਿਰਤ ਗਨ ਮਾਰਤਿ ਮਰਤੇ ॥੩੯॥
ਸੰਧ੍ਯਾ ਭਈ ਤਿਮਰ ਗਨ ਛਾਯੋ।
ਜਾਨੵੋਂ ਸਿੰਘਨ -ਮਰਨੋ ਆਯੋ।
ਲਸ਼ਕਰ ਕਹਾਂ ਦੀਹ ਪਤਿਸ਼ਾਹੀ।
ਕਹਾਂ ਸਿੰਘ ਹਮ ਪੁਨ ਪੁਰਿ ਮਾਂਹੀ ॥੪੦॥
ਜੇਤਿਕ ਹਮ ਤੇ ਜੈ ਹਹਿਂ ਮਾਰੇ।
ਹੱਥ੍ਯਾਰਨਿ ਤੇ ਕਰਹਿਂ ਪ੍ਰਹਾਰੇ।
ਪੁਨ ਮਰਿ ਰਹਹਿਂ ਨ ਹੁਇ ਕੁਛ ਫੇਰ।
ਤੁਰਕਨਿ ਗਨ ਹਮ ਲੀਨੇ ਘੇਰ- ॥੪੧॥
ਅਸ ਹਠਿ ਕਰਿ ਕੈ ਭਿਰੇ ਜੁਝਾਰੇ।
ਪਰਹਿਂ ਸ਼ੇਰ ਸਮ ਮੁਖ ਭਭਕਾਰੇ।
ਤੁਰਕ ਤੁਪਕ ਗਹਿ ਚਹੁਂ ਦਿਸ਼ਿ ਢੂਕੇ।
ਪਾਵਤਿ ਨੇਰ ਮਾਰ ਕਹਿਂ ਕੂਕੇ ॥੪੨॥
ਸਿੰਘ ਨਿਕਸਿ ਕੈ ਖੜਗ ਪ੍ਰਹਾਰੇਂ।
ਹੁਤੇ ਨਿਕਟ ਸੇ ਕਟਿ ਕਟਿ ਡਾਰੇ।
ਪਹਿਲੀ ਰਾਤਿ ਮਚੵੋ ਘਮਸਾਨਾ।
ਲੋਥ ਪੋਥਨਾ ਹਤਿ ਭੇ ਪ੍ਰਾਨਾ ॥੪੩॥
ਨਿਜ ਨਿਜ ਥਾਨ ਥਿਰੇ ਹੁਇ ਠਾਂਢੇ।
ਆਯੁਧ ਗਹੇ ਹਤਨ ਰਿਪੁ ਗਾਢੇ।
ਤੀਨ ਪਹਿਰ ਇਮ ਰਾਤਿ ਬਿਤਾਈ।
ਕਿਤਿਕ ਮਰੇ ਭਟ ਕਿਹ ਦੁਚਿਤਾਈ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਇਕਤ੍ਰਿੰਸਤੀ ਅੰਸੂ ॥੩੧॥

## ੩੨. [ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ। ਮਾਤਾ ਜੀ ਮਥਰਾ ਆਏ]

੩੧<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩੩

ਦੋਹਰਾ: ਚਿਤ ਅਜੀਤ ਸਿੰਘ ਦੁਖ ਲਹਜੋ, ਲਖਜੋ -ਮਰਨ ਬਨਿ ਆਇ।
ਕਿਮ ਬਚ ਹੌਂ ਅਬਿ ਸ਼ਾਹੁ ਤੇ, ਘੇਰੋ ਪਰਜੋ ਜੁ ਆਇ- ॥੧॥
ਚੌਪਈ: ਨਿਜ ਇਸਤ੍ਰੀ ਅਰੁ ਪੁੱਤ੍ਰ ਨਿਹਾਰਾ।
ਤਿਨਹੁਂ ਸੰਗ ਹੁਇ ਨਿਕਟ ਉਚਾਰਾ।
'ਫਟੇ ਮਲੀਨ ਧਾਰਿ ਕੈ ਚੀਰ।
ਤਿਨ ਤੇ ਲੇਹੁ ਅਛਾਦਿ ਸਰੀਰ ॥੨॥
ਨਿਕਸਿ ਜਾਤੁ ਮਾਤਾ ਕੇ ਪਾਸ।
ਤਹਿਂ ਦੁਰਿ ਰਹੀਯਹਿ ਬੀਚ ਅਵਾਸ।
ਤੁਮਹਿ ਬਚਾਵਨ ਹੇਤੁ ਉਪਾਇ।
ਮਾਤ ਬਿਨਾ ਤੇ ਹੋਇ ਨ ਕਾਇ' ॥੩॥
ਸੁਨਿ ਦੋਨਹੁਂ ਖਿੰਥਰ ਤਨ ਧਾਰੇ[1]।
ਚੋਰੀ ਨਿਕਸੇ ਵਹਿਰ ਪਧਾਰੇ।
ਜਬਿ ਤੁਰੰਗਨ ਕੇ ਬੀਚੇ ਆਈ।
'ਕੋ ਹੈਂ ਤੂੰ ਕਹੁ ਕਹਾਂ ਸਿਧਾਈ?' ॥੪॥
'ਹਮ ਗਰੀਬ ਜਮਨਾ ਕੇ ਤੀਰ।
ਜਾਤਿ ਸਪਰਸ਼ਨ ਨੀਰ ਸਰੀਰ।'
ਇਮ ਕਹਿ ਸਦਨ ਮਾਤ ਕੇ ਆਈ।
ਰੁਦਤਿ ਬ੍ਰਿਲਾਪਤਿ ਪਰੀ ਸੁ ਪਾਈ ॥੫॥
ਹਠੀ ਸਿੰਘ ਕੋ ਗੇਰਿ ਅਗਾਰੀ।
ਕਹੀ 'ਪਰੀ ਹਮ ਸ਼ਰਣ ਤਿਹਾਰੀ।
ਰਾਖੇ ਜਾਇਂ ਅਬਹਿ ਜਿਸ ਭਾਂਤਿ।
ਕਰਹੁ ਉਪਾਵ ਰਾਖੀਏ ਮਾਤ!' ॥੬॥
ਘਰ ਪ੍ਰਵਿਸ਼ੇ ਅਵਿਲੋਕੇ ਜਬੈ।
ਮਨ ਉਦਬਿਘਨ ਮਾਤ ਭਈ ਤਬੈ[2]।
ਹੌਲ ਉਠਜੋ ਦਿਲ ਧੀਰ ਬਿਨਾਸ਼ੀ।
-ਮੁਹਿ ਬਿਖਾਦ ਦੇਂ ਲਖਿ ਕਰਿ ਪਾਸੀ[3] ॥੭॥
ਰਹਜੋ ਨ ਜਾਇ ਨਿਕਟ ਰਖਿ ਇਨ ਕੋ[4]।

---

[1]ਪਾਟੇ ਮੈਲੇ ਕਪੜੇ ਪਹਿਨਕੇ।
[2]ਮਾਤਾ ਚਿਤ ਵਿੱਚ ਚਿੰਤਾਤੁਰ ਹੋਈ।
[3](ਹਠੀ ਸਿੰਘ ਨੂੰ) ਮੇਰੇ ਪਾਸ ਦੇਖਕੇ (ਤੁਰਕ) ਮੈਨੂੰ ਦੁੱਖ ਦੇਣਗੇ।
[4](ਦਿੱਲੀ ਵਿਚ) ਰਿਹਾ ਨਹੀਂ ਜਾ ਸਕਦਾ ਇਹਨਾਂ ਨੂੰ ਪਾਸ ਰੱਖ ਕੇ।

ਕਰੌਂ ਨਿਕਾਸਨ, ਹੈਂ ਅਨ ਬਨ ਕੋ[1]-।
ਇੱਤਜਾਦਿਕ ਉਰ ਬਹੁਤ ਬਿਚਾਰਾ।
ਤਤਛਿਨ ਮੁਖੀਆ ਸਿੱਖ ਹਕਾਰਾ ॥੮॥
ਕਹ੍ਯੋ ਭੇਤ ਸਭਿ, ਸ੍ਯੰਦਨ ਚਰੀ।
ਦੌਨ ਚਢਾਇ ਸੰਗ ਚਲਿ ਪਰੀ।
ਪੁਰਿ ਤੇ ਨਿਕਸੀ ਤੁਰਤ ਸਿਧਾਈ।
ਦ੍ਵੈ ਦਿਨ ਬਿਤੇ ਭਰਤਗੜ੍ਹ ਆਈ ॥੯॥
ਭਈ ਪ੍ਰਭਾਤ ਲਰਤਿ ਪੁਰਿ ਮਾਂਹੀ।
ਡਰਤਿ ਅਜੀਤ ਸਿੰਘ ਪਿਖਿ ਤਾਂਹੀ।
ਪਰ੍ਯੋ ਘਮੰਡ ਤੁਫੰਗਨਿ ਕੇਰਾ।
ਅਰਧਕ ਸਿੰਘ ਮਰੇ ਤਿਸ ਬੇਰਾ ॥੧੦॥
ਤ੍ਰਸਤਿ ਹਿਰਾਸ੍ਯੋ, ਧੀਰ ਨ ਰਹੀ।
-ਛਪੌਂ ਜਾਇ ਕਰਿ ਭਾਜੌਂ ਕਹੀਂ-।
ਬਹੁਤ ਬਿਚਾਰਤਿ ਕਾਤੁਰ ਹੋਵਾ।
ਘੋਰੇ ਚਹੁੰ ਦਿਸ਼ਿ ਮਹਿਂ ਦਿਢ ਜੋਵਾ ॥੧੧॥
ਰਹੇ ਨਿਕਟ ਭਟ ਰਣ ਹਿਤ ਥੋਰੇ।
ਢੂਕੇ ਤੁਰਕ ਤੀਰ ਚਹੂੰ ਓਰੇ।
ਨੀਠ ਨੀਠ ਸੰਧ੍ਯਾ ਲਗਿ ਲਰੇ।
ਦਸਕ ਸਿੰਘ ਰਹਿਗੇ, ਸਭਿ ਮਰੇ ॥੧੨॥
ਕੀਰ ਸ਼ੀਘ੍ਰਤਾ ਚਰਨ ਅਜਾਹਰ[2]।
ਨਿਕਸਿ ਅਜੀਤ ਸਿੰਘ ਗਾ ਬਾਹਰ।
ਭੁਸ ਬੇਚਤਿ ਜੋ ਬ੍ਰਿੰਦ ਕਲਾਲ।
ਹੁਤੇ ਸਿੱਖ ਤਿਸ ਕੇ ਪੁਰਿ ਜਾਲ ॥੧੩॥
ਤਿਨ ਕੇ ਸਦਨ ਜਾਇ ਕਰਿ ਵਰ੍ਯੋ।
ਕੌਸ਼ਠ ਮਹਿਂ ਭੁਸ ਤਿਸ ਬਿਚ ਦੁਰ੍ਯੋ।
ਪੀਛੇ ਸਿੰਘ ਕਤਲ ਸਭਿ ਕਰੇ।
ਲੂਟ੍ਯੋ ਸਦਨ ਤੁਰਕ ਗਨ ਬਰੇ ॥੧੪॥
ਪ੍ਰਾਤ ਭਈ ਕਹਿ ਸ਼ਾਹੁ ਖੁਜਾਯੋ।
ਮਰ੍ਯੋ ਅਜੀਤ ਸਿੰਘ ਨਹਿਂ ਪਾਯੋ।

---

[1]ਜੇ ਕੱਢ ਦੇਵਾਂ ਤਾਂ ਫੇਰ ਬੀ ਅਣਬਣ ਹੈ।

[2]ਗੁਪਤ ਚੱਲ ਪੈਣ ਦੀ ਕਾਹਲੀ ਕੀਤੀ। [ਅ+ਜਾਹਰ=ਗੁਪਤ। ਚਰਨ=ਚੱਲਣ ਦੀ]। (ਅ) ਲੁਕਕੇ ਚਰਨਾਂ ਦੀ ਕਾਹਲੀ ਕੀਤੀ ਭਾਵ ਨੱਸ ਗਿਆ।

ਬਹੁ ਲੋਗਨ ਮਿਲਿ ਤਬਹਿ ਬਿਚਾਰਾ।
ਲਰਤਿ ਨ ਇਸ ਥਲ ਮਹਿਂ ਰਿਪੁ ਮਾਰਾ ॥੧੫॥
ਨਿਕਸਿ ਛਪ੍ਯੋ ਕਿਸ ਕੇ ਘਰ ਜਾਈ।
ਜੇ ਕਰਿ ਇਹਾਂ ਲੋਥ ਨਹਿਂ ਪਾਈ।
ਸਰਬ ਬ੍ਰਿਤੰਤ ਸੁਨ੍ਯੋ ਜਬਿ ਸ਼ਾਹੂ।
ਦੁਰ੍ਯੋ ਨਿਕੇਤ ਕਿਸੀ ਪੁਰਿ ਮਾਂਹੂ ॥੧੬॥
'ਕਹਿ ਕਰਿ ਤਬਿ ਡੌਂਡੀ ਪਿਟਵਾਈ।
ਸਭਿ ਪੁਰਿ ਜਨ ਕੇ ਸ਼੍ਰੌਨਨ ਪਾਈ।
'ਦੁਰ੍ਯੋ ਸਦਨ ਜਿਸ, ਆਨ ਬਤਾਵੈ।
ਅਬਿ ਬਚ ਰਹੈ, ਨ ਸੰਕਟ ਪਾਵੈ ॥੧੭॥
ਨਾਂਹਿਤ ਜਬਿ ਪੀਛੇ ਹੁਇ ਜ਼ਾਹਿਰ।
ਦੈਹੌਂ ਦੰਡ ਨਿਕਾਸੌਂ ਬਾਹਿਰ।
ਫਾਸੀ ਦੇ ਦੇ ਹਤੌਂ ਕੁਟੰਬ।
ਬਚਹਿਂ ਨ ਕੈਸੇ ਲੇਹਿ ਅਲੰਬ' ॥੧੮॥
ਸੁਨਿ ਕਲਾਲ ਦਿਲ ਹੌਲ ਬਿਸਾਲਾ।
ਜਾਇ ਬਤਾਇ ਦਿਯੋ ਤਿਸ ਕਾਲਾ।
'ਛਪ੍ਯੋ ਆਨਿ ਕਰਿ ਹੈ ਘਰਿ ਮੇਰੇ।
ਪਠਿ ਦੀਜੈ ਮੁਝ ਸੰਗ ਘਨੇਰੇ' ॥੧੯॥
ਲੇ ਕਰਿ ਗਮਨ੍ਯੋ ਸਾਤ ਸਿਪਾਹੀ।
ਜਾਇ ਦਿਖਾਯੋ ਨਿਜ ਘਰ ਮਾਂਹੀ।
ਗਹਿ ਲੀਨੋ ਤਹਿਂ ਤੇ ਤਤਕਾਲਾ।
ਪਹੁੰਚੇ ਸ਼ਾਹੁ ਨਿਕਟ ਨਰ ਜਾਲਾ ॥੨੦॥
ਹੇਰਤਿ ਹੁਕਮ ਦੀਨ ਰਿਸ ਧਰਿ ਕੈ।
'ਗਜ ਕੇ ਪਗ ਸੋਂ ਬੰਧਨ ਕਰਿ ਕੈ।
ਬਾਰਿ ਬਾਰਿ ਪੁਰਿ ਗਰੀਅਨਿ ਫੇਰੋ।
ਨਿਕਸੈਂ ਪ੍ਰਾਨ ਵਹਿਰ ਤਬਿ ਗੇਰੋ' ॥੨੧॥
ਪਾਇ ਦਾਮ ਦਿਢ ਬੰਧਨ ਕਰ੍ਯੋ।
ਕੁੰਚਰ ਸੰਗਿ ਬੰਧੇ ਪੁਰਿ ਫਿਰ੍ਯੋ।
ਐਂਚਤਿ ਚਰਨ ਘਸੀਟਤਿ ਚਲ੍ਯੋ।
ਹੇਰਨ ਹੇਤ ਪੁੰਜ ਨਰ ਮਿਲ੍ਯੋ ॥੨੨॥
ਹਾਇ ਹਾਇ ਕਰਿ ਬਹੁ ਬਿਲਲਾਯੋ।
ਮਾਤਾ ਸ੍ਰਾਪ ਦੀਨ ਚਿਤ ਆਯੋ।

ਰਿਦੇ ਬਿਸੂਰਤਿ ਬਹੁ ਦੁਖ ਪਾਵੈ।
ਉਤਰਜੋ ਮਾਸ ਹਾਡ ਦ੍ਰਿਸ਼ਟਾਵੈਂ ॥੨੩॥
ਸਗਰੇ ਦਿਨ ਮਹਿਂ ਫੇਰਨਿ ਕਰਜੋ।
ਗਰੀ ਬਜਾਰਨ ਮਹਿਂ ਗਜ ਫਿਰਜੋ।
ਤਊ ਨ ਨਿਕਸੇ ਪ੍ਰਾਨ ਤਿਸੀ ਕੇ।
ਬਹੁ ਦੁਖ ਪਾਵਨ ਸ੍ਰਾਪ ਜਿਸੀ ਕੇ[1] ॥੨੪॥
ਨਿਕਸਜੋ ਸੰਧਜਾ ਮੈਂ ਪੁਰਿ ਬਾਹਰ।
ਗਏ ਪਹਾਰੀ ਲਘੁ[2] ਜਿਸ ਠਾਹਰ।
ਊਚ ਨੀਚ ਥਲ ਪਰ ਜਬਿ ਫਿਰਜੋ।
ਤਬਿ ਸਿਰ ਪਗ ਤਰਿ ਦਬਿ[3] ਫੁਟ ਪਰਜੋ ॥੨੫॥
ਇਮ ਦਿੱਲੀ ਪੁਰਿ ਮਹਿਂ ਸੋ ਮਾਰਾ।
ਸਿੱਖਨਿ ਮਹਾਂ ਤ੍ਰਾਸ ਕੋ ਧਾਰਾ[*]।
ਉਤ ਮਾਤਾ ਸੁੰਦਰੀ ਜਬਿ ਗਈ।
ਦਿਨ ਦ੍ਵਾਦਸ਼ ਤਹਿਂ ਬਾਸਤਿ ਭਈ ॥੨੬॥
ਭਈ ਨਰੇਸ਼ੁਰ ਕੋ ਸੁਧਿ ਤਹਾਂ।

---

[1]ਜਿਸ ਨੂੰ ਬਹੁਤ ਦੁੱਖ ਪਾਵਣ ਦਾ ਸ੍ਰਾਪ ਹੈਸੀ।

[2]ਛੋਟੀ ਪਹਾੜੀ।

[3](ਹਾਥੀ ਦੇ) ਪੈਰਾਂ ਤਲੇ ਦਬ ਕੇ ਸਿਰ।

[*]ਪਾਲਕ ਅਜੀਤ ਸਿੰਘ ਦੇ ਚਲਾਣੇ ਦਾ ਸੰਮਤ ਕਈ ੧੭੭੫-੭੬ ਖਿਆਲ ਕਰਦੇ ਹਨ। ਗੁ: ਪ੍ਰ: ਸੂ: ਵਿਚ ਇਸ ਦੇ ਮਾਤਾ ਜੀ ਪਾਸ ਆਉਣ ਦਾ ਸੰਮਤ ੧੭੬੪ ਸਹੀ ਪੈਂਦਾ ਹੈ। ਤਦੋਂ ਇਸਦੀ ਉਮਰ ਪੰਜ ਬਰਸ ਲਿਖੀ ਹੈਂ (ਦੇਖੋ ਐਨ ੧ ਅੰਸੂ ੪੪ ਅੰਕ ੨੩)। ਇਸ ਹਿਸਾਬ ੧੭੭੫ ਵਿਚ ਪਾਲਕ ੧੬ ਬਰਸ ਦਾ ਹੋਇਆ। ਸੋਲ੍ਹਾਂ ਵਰ੍ਹੇ ਦੇ ਘਰ ਪੁੱਤ੍ਰ ਹੋ ਜਾਣਾ ਤੇ ਉਸ ਦਾ ਸ਼ਹਿਰ ਵਿੱਚ ਰਈਸ ਬਣਕੇ ਫਿਰ ਨਿਕਲਨਾ, ਮਾਤਾ ਜੀ ਨਾਲ ਅਜੋੜ, ਗੁਰੂ ਬਣਨ ਦੇ ਦਾਵੇ, ਸਾਰੀਆਂ ਗੱਲਾਂ ਅਗ਼ਲਬ ਨਹੀਂ ਜਾਪਦੀਆਂ। ਖੋਜ ਕਰਦਿਆਂ ਸਾਨੂੰ ਇਕ ੧੯੩੬ ਦੀ ਲਿਖਤ ਵਿਚ ਪਾਲਕ ਅਜੀਤ ਸਿੰਘ ਦਾ ਚਲਾਣਾ ੧੭੯੦ ਬਿ: ਦਿੱਤਾ ਮਿਲਿਆ ਹੈ। ਇਸ ਦਾ ਵਤਨ ਬੁਰਹਾਨ ਪੁਰ ਦੱਸਿਆ ਹੈ ਤੇ ਜ਼ਾਤ ਖੱਤਰੀ ਦੱਸੀ ਹੈ; ਜਾਪਦਾ ਇਹ ਬੀ ਹੈ ਕਿ ੧੭੬੪ ਵਿਚ ਪਾਲਕ ਦੀ ਉਮਰ ਪੰਜ ਬਰਸ ਤੋਂ ਵਡੇਰੀ ਹੋਣੀ ਹੈ। ਏਹ ਗੱਲਾਂ ਵਧੇਰੇ ਖੋਜ ਤਲਬ ਹਨ, ਨਾਲੇ ਇਹ ਗੱਲ ਬੀ ਕਿ ਪਾਲਕ ਨੇ ਕੇਸਾਂ ਦੀ ਬੇਅਦਬੀ ਪਹਿਲੋਂ ਕੀਤੀ ਸੀ, ਯਾ ਬੇਨਵਾ ਵਾਲੇ ਮਾਮਲੇ ਪਰ ਪਕੜੇ ਜਾਣ ਤੇ ਤੁਰਕਾਂ ਨੇ ਜਬਰੀ ਕੀਤੀ ਸੀ, ਕਿਉਂਕਿ ਇਹ ਪਹਿਲੀ ਸਾਖੀ ੧੯੩੬ ਵਾਲੇ ਲੇਖ ਵਿੱਚ ਨਹੀਂ ਦਿੱਤੀ। ਦੂਸਰੇ ਇਹ ਬੀ ਖੋਜ ਤਲਬ ਬਾਤ ਹੈ ਕਿ ਪਾਲਕ ਨੇ ਬੇਨਵਾ ਮਰਵਾਇਆ ਸੀ ਯਾ ਕਿ ਉਸ ਦਾ ਸ਼ਾਹੀ ਠਾਨ ਬਾਠ ਦੇਖਕੇ ਅਰ ਉਸ ਪਾਸ ਸੰਗਤਾਂ ਦੇ ਮੇਲੇ ਲੱਗਦੇ ਤੱਕ ਕੇ ਤੁਰਕ ਉਮਰਾਵਾਂ ਨੇ ਖੌਫ ਖਾਧਾ ਕਿ ਕਿਤੇ ਬੰਦੇ ਵਾਂਕੂ ਇਹ ਬੀ ਜ਼ੋਰ ਨਾ ਪਕੜ ਜਾਵੇ ਤੇ ਉਸ ਦੇ ਜੀਵਨ ਨੂੰ ਸਮਾਪਤ ਕਰਨ ਵਾਸਤੇ ਬੇਨਵਾ ਨੂੰ ਮਾਰ ਦੇਣ ਦੀ ਊਜ ਉਸ ਦੇ ਸਿਰ ਪਰ ਥੱਪ ਕੇ ਬੰਦੇ ਵਰਗੇ ਦਿੱਸ ਰਹੇ ਖਤਰੇ ਤੋਂ ਛੁੱਟੀ ਪਾਈ। ਇਸ ਵੇਲੇ ਪਾਤਸ਼ਾਹ ਮੁਹੰਮਦ ਸ਼ਾਹ ਰੰਗੀਲਾ ਸੀ, ਬੇਨਵਾ ਦੇ ਮਰਨੇ ਦਾ ਉਗਾਹ ਸਿਵਾ ਇਕ ਅਯਾਲੀ ਦੇ ਕੋਈ ਨਹੀਂ ਜਿਸ ਨੇ ਬੀ ਕਈ ਦਿਨ ਮਗਰੋਂ ਦੱਸਿਆ ਹੈ। ਐਹੋ ਜਹੇ ਤੁਫਾਨ ਘੜ ਲੈਣੇ ਉਸ ਸਮੇਂ ਕੁਛ ਕਠਨ ਨਹੀਂ ਸਨ। ਫਿਰ ਪਤਾ ਚਲਦਾ ਹੈ ਕਿ ਮਾਤਾ ਜੀ ਨੇ ੧੭੯੯ ਬਿ: ਤੋਂ ਸੰਗਤਾਂ ਦਾ ਜੁੜਨਾ ਅੰਮ੍ਰਿਤਸਰ ਕਰ ਦਿੱਤਾ ਸੀ, ਇਸ ਤੋਂ ਭਾਰੀ ਖਿਆਲ ਪੈਦਾ ਹੁੰਦਾ ਹੈ ਕਿ ਉਸ ਤੋਂ ਪਹਿਲਾਂ ਅਜੀਤ ਸਿੰਘ ਦੇ ਗਿਰਦੇ ਮੇਲੇ ਲਗਣੇ, ਸੰਗਤਾਂ ਜੁੜਨੀਆਂ ਉਸ ਦੇ ਮਾਰੇ ਜਾਣ ਦਾ ਰਾਜਨੈਤਕ ਕਾਰਨ ਅਸਲ ਵਿੱਚ ਸਨ। ਇਸ ਲਈ ਇਸ ਪਾਸੇ ਬੀ ਖੋਜ ਦੀ ਲੋੜ ਵਿਸ਼ੇਸ਼ ਹੈ।

ਗੁਰ ਪਤਨੀ ਪਹੁੰਚੀ ਪੁਰਿ ਇਹਾਂ।
ਸ਼ਾਹੁ ਸੰਗ ਕੁਛ ਬਿਗਰੀ ਬਾਤ।
ਪਾਲਕ ਪਸ਼ਚਾਤੀ ਕਿਯ ਘਾਤ[1] ॥੨੭॥
ਡਰਯੋ ਮੂਢ[2] ਨਿਜ ਮਨੁਜ ਪਠਾਯੋ।
ਮਾਤ ਸੁੰਦਰੀ ਕੇ ਢਿਗ ਆਯੋ।
ਹਾਥ ਜੋਰਿ ਤਬਿ ਬਾਤ ਸੁਨਾਈ।
'ਕਰਹੁ ਨ ਅਪਨਿ ਬਾਸ ਇਸ ਥਾਂਈ ॥੨੮॥
-ਸ਼ਾਹੁ ਕੇ ਸੰਗ ਬਿਗਾਰ ਤੁਹਾਰਾ-।
ਸੁਨਿ ਭੂਪਤਿ ਨੇ ਤ੍ਰਾਸ ਬਿਚਾਰਾ।
ਅਪਰ ਸਥਾਨ ਬਾਸ ਕੇ ਕਰੀਯਹਿ।
ਨਿਜ ਵਸਤੂ ਲੇ ਅਪਰ ਸਿਧਰੀਯਹਿ' ॥੨੯॥
ਸੁਨਿ ਮਾਤਾ ਮਨ ਚਿੰਤ ਉਪਾਈ।
ਚਲਿਬੇ ਹਿਤ ਤਜਾਰੀ ਕਰਿਵਾਈ।
ਚਢਿ ਸਜੰਦਨ ਪਰ ਤੁਰਤ ਪਧਾਰੀ।
ਪਹੁੰਚੀ ਮਥੁਰਾ ਪੁਰੀ ਮਝਾਰੀ ॥੩੦॥
ਜਮਨਾ ਤੀਰ ਕਰਯੋ ਨਿਜ ਡੇਰਾ।
ਤਹਿਂ ਪੁਰਿਪਾਲਕ[3] ਸੁਨਿ ਤਿਸ ਬੇਰਾ।
ਲੈ ਕਰਿ ਭੇਟ ਮਿਲਨਿ ਕੋ ਆਵਾ।
ਹਾਥ ਜੋਰਿ ਪਗ ਮਾਥ ਟਿਕਾਵਾ ॥੩੧॥
'ਕਰਹੁ ਮਾਤ ਜੀ! ਪੁਰਿ ਮਹਿਂ ਬਾਸਾ।
ਲੈ ਦੇਵਹੁਂ ਮੈਂ ਰੁਚਿਰ ਅਵਾਸਾ।
ਜੈ ਪੁਰਿ ਕੇ ਰਾਜੇ ਤੁਮ ਦਾਸ[4]।
ਪਠਵੌਂ ਖਬਰ ਛਿੱਪ੍ਰ ਤਿਨ ਪਾਸ ॥੩੨॥
ਸਕਲ ਭਾਂਤਿ ਕੋ ਦੇਹਿਂ ਗੁਜ਼ਾਰਾ।
ਸਮਾ ਬਿਤਾਵਹੁ ਬੈਠਿ ਸੁਖਾਰਾ।'
ਇਮ ਕਹਿ ਲੇ ਕਰਿ ਅੰਤਰ ਗਯੋ।
ਸ਼ੁਭ ਅਵਾਸ ਮਹਿਂ ਬਾਸਾ ਦਯੋ ॥੩੩॥
ਬਾਂਛਤਿ ਸਰਬ ਵਸਤੁ ਪਹੁੰਚਾਈ।

---

[1](ਮਾਤਾ ਦੇ ਚਲੇ ਆਉਣ) ਮਗਰੋਂ ਪਾਲਕ (ਅਜੀਤ ਸਿੰਘ) ਨੂੰ (ਪਾਤਸ਼ਾਹ ਨੇ ਮਰਵਾ ਦਿੱਤਾ ਹੈ)।
[2]ਮੂਰਖ (ਭਰਤ ਪੁਰ ਦਾ ਰਾਜਾ)।
[3]ਸ਼ਹਿਰ ਦਾ ਹਾਕਮ।
[4]ਜੈ ਪੁਰ ਦਾ ਰਾਜਾ ਆਪ ਦਾ ਸੇਵਕ ਹੈ।

ਬਹੁਤ ਭਾਵ ਤੇ ਸੇਵ ਕਮਾਈ।
ਪੁਨ ਜੈ ਪੁਰਿ ਕੋ ਸੁਧਿ ਪਹੁੰਚਾਈ।
'ਮਾਤ ਤੁਹਾਰੇ ਪੁਰਿ ਮਹਿਂ ਆਈ' ॥੩੪॥
ਸੁਨਿ ਕਰਿ ਤਿਨਹੁਂ ਗ੍ਰਾਮ ਦੁਇ ਦੀਏ।
ਲਿਖਿ ਕਰਿ ਪਟੇ ਪਠਾਵਨ ਕੀਏ।
ਅਪਰ ਤਗੀਦ ਕਰੀ ਬਹੁ ਭਾਂਤੀ।
'ਸੇਵਾ ਕਰਹੁ ਮਾਤ ਦਿਨ ਰਾਤੀ ॥੩੫॥
ਸੁੰਦਰ ਘਰ ਦੀਜੈ ਬਨਵਾਇ।
ਬਾਂਛਤਿ ਵਸਤੂ ਸਰਬ ਪੁਚਾਇ।'
ਪੁਰਿ ਪਾਲਕ ਢਿਗ ਪਠਜੋ ਸੁ ਆਯੋ।
ਸਭਿ ਮਾਤਾ ਕੈ ਪਾਸ ਸੁਨਾਯੋ' ॥੩੬॥
ਮਥਰਾ ਨਿਕਟ ਦਏ ਦੋ ਗ੍ਰਾਮੂ।
ਸਦਨ ਬਨਾਇ ਦੀਨਿ ਅਭਿਰਾਮੂ।
ਅਬਿ ਲਗਿ ਮਥਰਾ ਮਹਿਂ ਸੁ ਹਵੇਲੀ।
ਦਰਸਹਿਂ ਤਹਾਂ ਖਰੀ ਸੁ ਇਕੇਲੀ ॥੩੭॥
ਮਾਤ ਸੁੰਦਰੀ ਬਾਸਾ ਕਰਜੋ।
ਸਗਰੋ ਤ੍ਰਾਸ ਨਿਵਾਰ ਬਿਦਰਜੋ[1]।
ਹਠੀ ਸਿੰਘ ਕੋ ਨਿਤ ਪ੍ਰਿਤਪਾਲੇ।
ਰੁਚਿ ਤੇ ਆਛੇ ਅਸਨ ਖੁਆਲੇ ॥੩੮॥
ਅਪਰ ਦਰਬ ਸਿਖ ਸੰਗਤਿ ਕੇਰਾ।
ਪਹੁੰਚਹਿ ਮਥੁਰਾ ਮਹਿਂ ਤਿਸ ਬੇਰਾ।
ਪ੍ਰਥਮ ਸਮਾਨ ਆਮਦਨ ਆਵੈ।
ਤਿਮ ਹੀ ਖਰਚ ਹੋਤਿ ਨਿਤ ਜਾਵੈ ॥੩੯॥
ਹਠੀ ਸਿੰਘ ਕੇ ਹੇਤੁ ਤੁਰੰਗ।
ਲੀਏ ਮੋਲ ਸੁੰਦਰ ਸਰਬੰਗ।
ਚਾਕਰ ਸਿੰਘ ਪਾਸ ਤਿਮ ਰਾਖੇ।
ਜਥਾ ਅਜੀਤ ਸਿੰਘ ਅਭਿਲਾਖੇ ॥੪੦॥
ਵਹਿਰ ਚਢੈ ਹਿਤ ਸੈਲ ਅਖੇਰਾ।
ਖਰਚਨ ਲਗਜੋ ਦਰਬ ਬਹੁਤੇਰਾ।
ਪਿਤ ਕੇ ਸਮ ਸਭਿ ਕਛੂ ਬਨਾਯੋ।
ਮਾਤਾ ਹੇਰਿ ਹੇਰਿ ਸੁਖ ਪਾਯੋ ॥੪੧॥

---
[1]ਦੂਰ ਕੀਤਾ।

ਕਰਜੋ ਦੇਹੁਰਾ ਗੁਰੂ ਨਵਮ ਕੋ।
ਹੁਕਮ ਭਯੋ ਜਬਿ ਗੁਰੂ ਦਸਮ ਕੋ*।
ਸਿਖ ਸੰਗਤਿ ਬਹੁ ਦਰਬ ਲਗਾਯੋ।
ਊਚੋ ਮੰਡਪ ਚਾਰੁ ਸੁਹਾਯੋ ॥੪੨॥
ਤੁਰਕੇਸ਼ੁਰ ਕੀ ਆਇਸੁ ਪਾਇ।
ਛੀਨ ਬੇਨਵੇ ਲੀਨਿ ਸੁ ਥਾਇਂ।
ਸੋ ਸਭਿ ਢਾਹਿ ਮਸੀਤ ਚਿਨਾਈ।
ਅਪਨੋ ਦਰਬ ਲਾਇ ਸਮੁਦਾਈ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਹਠੀ ਸਿੰਘ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

---

*ਦੱਖਣ ਜਾਣ ਤੋਂ ਪਹਿਲਾਂ ਜਦੋਂ ਗੁਰੂ ਜੀ ਦਿੱਲੀ ਆਏ ਸਨ ਤਾਂ ਨਾਵੇਂ ਗੁਰੂ ਜੀ ਦੇ ਸਾਕੇ ਵਾਲੇ ਥਾਂ ਦੇਹੁਰਾ ਸਾਜਣ ਦਾ ਹੁਕਮ ਦਿੱਤਾ ਸੀ। ਦੇਖੋ ਐਨ ੧ ਅੰਸੂ ੪੩ ਅੰਕ ੩੦ ਤੋਂ ੩੪ ਤੇ ਫੇਰ ਦੇਹੁਰਾ ਬਣਨ ਲਈ ਦੇਖੋ ਐਨ ੨ ਅੰਸੂ ੩੪ ਅੰਕ ੪੧ ਤੋਂ ੪੪।

## ੩੩. [ਹਠੀ ਸਿੰਘ ਦੀ ਕਰਤੂਤ। ਮਾਤਾ ਜੀ ਫਿਰ ਦਿੱਲੀ ਆਏ]

੩੨<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩੪

ਦੋਹਰਾ: ਪ੍ਰਿਤਪਾਲਤਿ ਹੈ ਪੁੱਤ੍ਰ ਸਮ, ਕਰਹਿ ਸਨੇਹ ਬਿਸਾਲ।
ਕਰਜੋ ਬਾਸ ਮਥੁਰਾ ਬਿਖੈ, ਸ਼ਾਂਤਿ ਰਿਦੈ ਚਿਰਕਾਲ ॥੧॥

ਚੌਪਈ: ਬਡੀ ਆਰਬਲ ਭੋਗਸ ਕਰੀ।
ਬ੍ਰਿੱਧ ਦੇਹਿ ਹੋਈ ਜਰਜਰੀ।
ਦਿੱਲੀ ਆਦਿ ਸੰਗਤਾਂ ਬ੍ਰਿੰਦੰ।
ਦੇਤਿ ਉਪਾਇਨ ਭਾਵ ਬਿਲੰਦੰ ॥੨॥
ਪੂਜਹਿਂ ਮਾਤ ਸੁੰਦਰੀ ਦਰਸਹਿਂ।
ਗੁਰ ਗੇਹਣ ਕਹਿ ਮਹਿਮਾ ਹਰਸ਼ਹਿਂ[1]।
ਹੋਤਿ ਸਕੇਲਨ ਧਨ ਸਮੁਦਾਯਾ।
ਦੂਰ ਦੂਰ ਤੇ ਆਵਤਿ ਮਾਯਾ ॥੩॥
ਹਠੀ ਸਿੰਘ ਖਰਚਹਿ ਅਰੁ ਖਾਇ।
ਪਹਿਰੇ ਜ਼ੇਵਰ ਰਤਨ ਜਰਾਇ।
ਪੋਸ਼ਿਸ਼ ਬਹੁਤ ਮੋਲ ਕੀ ਫਬੈ।
ਮਾਨੈ ਸਿਖ ਸੰਗਤਿ ਮਿਲਿ ਸਬੈ ॥੪॥
ਜਥਾ ਸਮਾਜ ਪਿਤਾ ਕਾ ਸੁਨਜੋਂ।
ਤਥਾ ਸਕਲ ਰਚਿ ਕੈ ਗੁਰ ਬਨਜੋਂ।
ਕਰਹਿ ਖਰੀਦਨ ਮੋਲ ਤੁਰੰਗ।
ਸੁੰਦਰ ਜ਼ੀਨ ਜ਼ਰੀ ਬਹੁ ਸੰਗ ॥੫॥
ਹੇਮ ਰਜਤ ਸ਼ਸਤ੍ਰਨਿ ਲਗਵਾਏ।
ਸਿੰਘ ਚਾਕਰੀ ਹਿਤ ਰਖਵਾਏ।
ਸੰਗ ਅਰੂਢਹਿ ਜਿਤ ਕੋ ਜਾਤ।
ਸਭਿ ਮਹਿਂ ਨਿਜ ਦਿਖਾਇ ਭਲਿ ਭਾਂਤਿ ॥੬॥
ਕਰਹਿ ਸੈਲ ਕੋ ਚਢਹਿ ਅਖੇਰੇ।
ਦੁੰਦਭਿ ਬਾਜਤਿ ਚਲਤਿ ਅਗੇਰੇ।
ਜ੍ਵਾਲਾਬਮਣੀ ਸੰਗ ਰਖਾਵੈ।
ਕਾਨਨ ਕੇ ਪੰਛੀ ਮ੍ਰਿਗ ਘਾਵੈ ॥੭॥
ਮਾਤਾ ਪਾਸ ਆਇ ਜੁਗ ਸਮੈਂ।
ਬੈਠਹਿ ਨਿਕਟ ਬੰਦਿ ਕਰ ਨਮੈਂ।
ਕਹਿ ਕਹਿ ਸਿੱਖਜਾ ਦੇਤਿ ਘਨੇਰੀ।

---

[1]ਪ੍ਰਸੰਨ ਹੁੰਦੇ ਹਨ।

'ਨਿਜ ਪਿਤ ਦਸ਼ਾ ਬਿਲੋਚਨ ਹੇਰੀ[1] ॥੮॥
ਗੁਰ ਪ੍ਰਤਾਪ ਤੇ ਕਮੀ ਨ ਕਾਈ।
ਆਇ ਪਦਾਰਥ ਨਿਤ ਸਮੁਦਾਈ।'
ਅਧਿਕ ਪਢਾਵਹਿਂ ਸ਼੍ਰੀ ਗੁਰਬਾਣੀ।
ਮਹਿਮਾ ਕੋ ਜਨਾਇ ਮਹੀਯਾਣੀ[2] ॥੯॥
ਆਰਬਲਾ ਖੋੜਸ ਬਰਖਨ ਕੀ।
ਤਰੁਨ ਅਵਸਥਾ ਤਨ ਕੀ ਦਮਕੀ।
ਕਬਿ ਕਬਿ ਦਿੱਲੀ ਕੇ ਸਿੱਖ ਜਾਇਂ।
ਮਾਤਾ ਕੋ ਮਾਨਹਿਂ ਪਰਿ ਪਾਇ ॥੧੦॥
ਗੁਰੂ ਦੇਹੁਰੇ ਕੀ ਬਹੁ ਗਾਥਾ।
ਕਰਹਿਂ ਸੁਨਾਵਨਿ ਦੁਖ ਕੇ ਸਾਥਾ।
'ਬਡੋ ਕੁਕਾਜ ਬੇਨਵੇ ਕਰਜੋ।
ਥਲ ਢਾਹਨਿ ਲਗਿ ਮਤਸਰ ਭਰਜੋ ॥੧੧॥
ਆਪ ਦਰਾਜ਼ ਮਸੀਤ ਚਿਨਾਈ।
ਜਿਸ ਕੋ ਲਗਜੋ ਦਰਬ ਸਮੁਦਾਈ।
ਸ਼੍ਰੀ ਗੁਰ ਗੋਬਿੰਦ ਸਿੰਘ ਬਨਾਯੋ।
ਦੇ ਆਇਸੁ ਧਨ ਗਨ ਲਗਵਾਯੋ ॥੧੨॥
ਕੋ ਜਾਨੈ ਅਬਿ ਗੁਰੂ ਸਥਾਨ।
ਬਨਹਿ ਕਿ ਨਹੀਂ ਸੁ ਪ੍ਰਥਮ ਸਮਾਨ।
ਮਹਾਂ ਅਚਰਜ ਕਰਜੋ ਮਤਿਮੰਦੇ।
ਸਿੱਖ ਬਿਬਸ ਭੇ ਬਸ ਨ ਚਲੰਦੇ' ॥੧੩॥
ਸੁਨਿ ਕੈ ਮਾਤ ਸੁੰਦਰੀ ਕਹੇ।
'ਸ਼੍ਰੀ ਗੁਰ ਅਸਥਿ ਤਹਾਂ ਅਬਿ ਰਹੇ।
ਗਾਡਨ ਕਰੇ ਬਹੁਤ ਹੀ ਨੀਵੇਂ।
ਤਿਨ ਤੇ ਪੁਨ ਸਤਿਗੁਰ ਥਲ ਥੀਵੇ[3] ॥੧੪॥
ਪੰਥ ਖਾਲਸਾ ਬਿਦਤਹਿ ਜਬੈ।
ਇਕ ਸਰਦਾਰ* ਆਇ ਪੁਨ ਤਬੈ।
ਸੋ ਤੁਰਕੇਸ਼ੁਰ ਤੇ ਕਹਿਵਾਇ।

[1]ਆਪਣੇ ਪਿਤਾ ਦੀ ਦਸ਼ਾ ਨੇਤ੍ਰੀਂ ਤੂੰ ਦੇਖ ਲਈ ਹੈ।
[2]ਬਜ਼ੁਰਗ (ਮਾਤਾ)।
[3]ਸਤਿਗੁਰਾਂ ਦਾ ਥਾਂ (ਪ੍ਰਗਟ) ਹੋ ਜਾਵੇਗਾ।
*ਸਮਾਂ ਪਾਕੇ ਸਰਦਾਰ ਬਘੇਲ ਸਿੰਘ ਜੀ ਨੇ ਇਹ ਸੇਵਾ ਕੀਤੀ ਸੀ।

ਸਭਿ ਮਸੀਤ ਕੋ ਦੇ ਢਹਿਵਾਇ ॥੧੫॥
ਸਤਿਗੁਰ ਅਸਥਿਨਿ ਕਾਢ ਦਿਖਾਵੈ।
ਬਹੁਰ ਦੇਹੁਰਾ ਮਹਿਦ ਬਨਾਵੈ।
ਪੂਜਹਿ ਸਿਖ ਸੰਗਤ ਸਭਿ ਆਇ।
ਪ੍ਰਭੂ ਮਨੋਰਥ ਨਿਫਲ ਨ ਜਾਇ' ॥੧੬॥
ਸੁਨਿ ਦਿਲਵਾਲੀ ਰਿਦੈ ਅਨੰਦਤਿ।
ਬਾਰ ਬਾਰ ਮਾਤਹਿਂ ਪਦ ਬੰਦਤਿ।
ਅਬਿ ਅਜੀਤ ਸਿੰਘ+ ਕੀਨਿ ਕਕਰਮ।
ਪਾਇ ਸ੍ਰਾਪ ਕੋ ਭਯੋ ਬਿਸ਼ਰਮ ॥੧੭॥
ਹਠੀ ਸਿੰਘ ਪਠਿ ਪਠਿ ਗੁਰਬਾਨੀ।
-ਮੈਂ ਭੀ ਕਰੌਂ[1]- ਕਾਮਨਾ ਠਾਨੀ।
ਪਚਿ ਬਹੁ ਰਹੈ ਨ ਪਦ ਬਨਿ ਆਵੈ।
ਲਿਖਤ ਬਿਚਾਰਤਿ ਸਮੋਂ ਬਿਤਾਵੈ ॥੧੮॥
ਜਬਿ ਕਰਿ ਰਹਜੋ ਸ਼ਬਦ[2] ਨਹਿਂ ਬਨਜੋਂ।
ਤਬਿ ਸੋ ਲਿਖਜੋ ਗੁਰੂ ਜੋ ਭਨਜੋ।
ਤਿਸ ਮਹਿਂ ਸ਼੍ਰੀ ਨਾਨਕ ਕੋ ਨਾਮ।
ਸੋ ਨਹਿਂ ਲਿਖਤਿ ਭਯੋ ਤਿਸ ਠਾਮ ॥੧੯॥
ਅਪਨੋ ਨਾਮ ਤਹਾਂ ਲਿਖਿ ਦੀਨ।
ਸਿੱਖਨ ਪਾਸ ਸੁਨਾਵਨ ਕੀਨ।
ਕੇਤਿਕ ਦਿਵਸ ਕਰਤਿ ਇਮ ਭਯੋ।
ਇਕ ਸਿਖ ਨਿਕਟ ਮਾਤ ਕੇ ਕਹਜੋ ॥੨੦॥
'ਸ਼੍ਰੀ ਨਾਨਕ ਕੋ ਨਾਮ ਹਟਾਇ।
ਤਿਸ ਥਲ ਅਪਨੋ ਲਿਖਹਿ ਬਨਾਇ।
ਸਿੱਖਨਿ ਕੋ ਉਪਦੇਸ਼ਤਿ ਫੇਰ।
-ਇਸ ਬਿਧਿ ਪਢਹੁ ਲਿਖਹੁ ਬਹੁ ਬੇਰ-' ॥੨੧॥

---

+ਇਥੇ ਪਾਠ 'ਹਠੀ ਸਿੰਘ' ਚਾਹੀਦਾ ਹੈ। ਕਿਉਂਕਿ ਹੁਣ ਪ੍ਰਸੰਗ ਹਠੀ ਸਿੰਘ ਦਾ ਤੁਰਿਆ ਹੈ। ਤੇ ਇਸ ਤੁਕ ਦੇ ਅਖੀਰ ਪਦ 'ਬਿਸ਼ਰਮ' ਹਠੀ ਸਿੰਘ ਵਾਸਤੇ ਵਰਤਿਆ ਹੈ ਤੇ ਅੱਗੇ ਚੱਲਕੇ ਅੰਕ ੨੫ ਵਿਚ ਮਾਤਾ ਜੀ ਹਠੀ ਸਿੰਘ ਨੂੰ 'ਬਿਸ਼ਰਮੀ' ਆਖਦੇ ਹਨ। ੧੯੧ ਦੇ ਨੁਸਖੇ ਵਿਚ 'ਅਬ' ਪਦ ਨੂੰ ਹੜਤਾਲ ਨਾਲ 'ਅਸ' ਕੀਤਾ ਹੈ ਤੇ 'ਬਿਸ਼ਰਮ' ਨੂੰ 'ਬਿਸ੍ਰਮ' ਲਿਖਿਆ ਹੈ। ਇਉਂ ਇਹ ਤੁਕਾਂ ਪਿਛਲੇ ਪ੍ਰਸੰਗ ਦੀ ਪੂਰਣਤਾ ਬਣ ਜਾਂਦੀਆਂ ਹਨ ਤੇ 'ਬਿਸ੍ਰਮ' ਦਾ ਅਰਥ ਫਿਰ (ਵਿ+ਸ਼੍ਰਮ=) 'ਆਰਾਮ' ਤੇ 'ਆਰਾਮ' ਤੋਂ ਭਾਵ 'ਮੌਤ' ਲਾਉਣਾ ਪੈਂਦਾ ਹੈ।

[1]ਬਾਣੀ ਰਚਾਂ।

[2]ਗੁਰਬਾਣੀ ਵਰਗਾ ਸ਼ਬਦ।

ਸੁਨਤਿ ਸੁੰਦਰੀ ਨਿਕਟ ਹਕਾਰਾ।
ਤਰਜਹਿ ਰਿਸ ਤੇ ਬਾਕ ਉਚਾਰਾ।
'ਇਹ ਕਯਾ ਕੀਨਿ? ਕੁਮਤਿ ਤੈਂ ਧਾਰੀ।
ਸ਼੍ਰੀ ਸਤਿਗੁਰ ਮਹਿਮਾ ਨ ਬਿਚਾਰੀ ॥੨੨॥
ਜੋਤਿ ਜਾਗਤੀ ਜ਼ਾਹਰ ਜਿਨ ਕੀ।
ਚਹੁੰ ਕੁੰਟਨ ਮਹਿਂ ਮਹਿਮਾ ਤਿਨ ਕੀ।
ਜਿਹ ਸਿਮਰੈਂ ਸਿਖ ਧਰਿ ਧਰਿ ਭਾਇ।
ਪੁਰਵਿਹਂ ਕਾਰਜ ਹੋਹਿਂ ਸਹਾਇ ॥੨੩॥
ਤਿਨ ਕੋ ਨਾਮ ਹਟਾਵਨ ਕਰੈਂ।
ਤਹਾਂ ਮੂਢ! ਲਿਖਿ ਅਪਨੋ ਧਰੈਂ।
ਪਠਨਿਹਾਰ ਜੇ ਹੈਂ ਸਿਖ ਸਜਾਨੇ।
ਸੋ ਕਯਾ ਨਹੀਂ ਪਰਖ ਕਰਿ ਜਾਨੇਂ? ॥੨੪॥
ਨਿੰਦਾ ਤੇਰੀ ਕਰਹਿਂ, ਕੁਕਰਮੀ!
ਚਾਹਤਿ ਚਾਤੁਰ ਬਨਯੋ ਬਿਸ਼ਰਮੀ[1]!
ਸੁਨਿ ਪਿਖਿ ਸੀਸ ਨਿਵਾਵਹਿਂ ਜਿਨ ਕੋ[2]।
ਸ਼ੁਭ ਮਤਿ[3] ਲਖਹਿਂ ਮਹਾਤਮ ਤਿਨ ਕੋ[4] ॥੨੫॥
ਪਾਲਯੋ ਨੀਠ ਨੀਠ ਲਖਿ ਈਠ।
ਬਡ ਹੋਇ ਨਿਕਸਯੋ ਅਸ ਢੀਠ।'
ਇੱਤਯਾਦਿਕ ਦੁਰਬਾਕ ਘਨੇਰੇ।
ਕਹਿ ਕਰਿ ਤਰਜਨ ਕੀਨਿ ਬਡੇਰੇ ॥੨੬॥
ਸੁਨਤਿ ਹਠੀ ਸਿੰਘ ਕਰਤਿ ਬਤਾਵਨਿ।
'ਮੈਂ ਤੋ ਕੀਨੇ ਨਏ ਬਨਾਵਨ।
ਸੁਨਹੁ ਮਾਤ ਜੀ! ਤੁਮਰੇ ਪਾਸ।
ਕਰਯੋ ਕਿਸੂ ਨੇ ਕੂਰ ਪ੍ਰਕਾਸ਼' ॥੨੭॥
ਇਮ ਕਹਿ ਢਿਗ ਤੇ ਉਠਿ ਕਰਿ ਗਯੋ।
ਮਾਤ ਬ੍ਰਿਧਾ ਲਖਿ ਗਰਬਤਿ ਭਯੋ।
ਬਰਜਯੋ, ਕਛੂ ਨ ਮਨ ਮਹਿਂ ਆਨਾ।
ਤਿਮ ਹੀ ਬਹੁਰ ਕਰਨ ਕੋ ਠਾਨਾ ॥੨੮॥

---

[1]ਹੇ ਬਿਸ਼ਰਮ।
[2]ਜਿਸ (ਗੁਰਬਾਣੀ) ਨੂੰ।
[3]ਸਭ ਬੁੱਧੀਵਾਨ।
[4]ਤਿਸ (ਗੁਰਬਾਣੀ) ਦਾ।

ਅਪਨ ਨਾਮ ਗੁਰ ਸ਼ਬਦ ਮਝਾਰਾ।
ਲਿਖੈ, ਸੁਨਾਵੈ ਅਨਿਕ ਪ੍ਰਕਾਰਾ।
ਸੁਨਿ ਸੁਨਿ ਮਾਤਿ ਖਿਝੈ ਬਹੁ ਬਾਰੀ।
ਬਰਜਤਿ ਤਰਜਤਿ ਦੇ ਕਰਿ ਗਾਰੀ ॥੨੯॥
'ਤੁਵ ਪਿਤ ਕਰਤਿ ਕੁਕਰਮਨ ਜੈਸੇ।
ਜਾਨਜੋਂ ਨਿਸ਼ਚੈ ਤੂੰ ਹੁਇੰ ਤੈਸੇ।
ਕਯੋਂ ਨ ਬਿਚਾਰਤਿ ਕਯਾ ਗਤਿ ਹੋਈ।
ਨਿਤ ਪ੍ਰਤਿ ਮੋਹਿ ਦੁਖਾਵਤਿ ਸੋਈ' ॥੩੦॥
ਹਠੀ ਸਿੰਘ ਹਠ ਧਰੇ ਬਡੇਰਾ।
ਨਹੀਂ ਟਰਯੋ ਸਮੁਝਾਇ ਘਨੇਰਾ।
ਨਿਕਟ ਮਾਤ ਕੇ ਕਬਿ ਕਬਿ ਆਵੈ।
ਮਨ ਭਾਵਤਿ ਕਰਤੂਤ ਕਮਾਵੈ ॥੩੧॥
ਮਾਤ ਸੁੰਦਰੀ ਦੁਖਤਿ ਬਿਸਾਲੀ।
ਜਾਨਿ ਲੀਨਿ ਮਨ ਖੋਟ ਕੁਚਾਲੀ।
ਸਹਿ ਨ ਸਕਹਿ ਕਰਤੂਤ ਕੁਢਾਲੀ।
ਰਿਸਹਿ, ਚਲਹਿ ਨਹਿਂ ਬਸ ਤਿਸ ਨਾਲੀ ॥੩੨॥
ਸਮ ਅਜੀਤ ਸਿੰਘ ਕੇ ਤਿਹ ਮਾਨਾ।
ਕਰਯੋ ਸਨੇਹ ਰਿਦੇ ਤੇ ਹਾਨਾ।
ਕੋਪ ਕਰਹਿ ਸੋ ਮਾਨਹਿ ਨਾਂਹੀ।
ਚਹਯੋ -ਜਾਉਂ ਦਿੱਲੀ ਪੁਰਿ ਮਾਂਹੀ- ॥੩੩॥
ਕੇਤਿਕ ਦਿਵਸ ਬਿਚਾਰਨ ਕਰੀ।
ਤਯਾਰ ਹੋਇ ਸਯੰਦਨ ਪਰ ਚਰੀ।
ਹਾਥ ਜੋਰਿ ਪੁਨ ਰਹਯੋ ਹਟਾਇ[1]।
ਮਾਤ ਨ ਹਟੀ ਘਨੀ ਰਿਸ ਪਾਇ ॥੩੪॥
ਚਲਿ ਕਰਿ ਪੰਥ ਉਲੰਘਤਿ ਸਾਰੇ।
ਸੰਗਤਿ ਆਈ ਸੁਨਤਿ ਅਗਾਰੇ।
ਬਹੁ ਸਨਮਾਨ ਸਹਿਤ ਲੇ ਗਏ।
ਧਰਹਿਂ ਅਕੋਰਨ ਬੰਦਨ ਕਏ ॥੩੫॥
ਅਪਨੇ ਘਰ ਮਹਿਂ ਪ੍ਰਵਿਸ਼ੀ ਜਾਇ।
ਦਰਸ਼ਨ ਕਰਹਿਂ ਸਿੱਖ ਸਮੁਦਾਇ।
ਆਯੁਧ ਖਸ਼ਟ ਗੁਰੂ ਕੇ ਜੋਊ।

[1]ਹਟਾ ਰਿਹਾ (ਹਠੀ ਸਿੰਘ)।

ਆਨੇ ਸੰਗ ਪੂਜ ਤਿਨ ਹੋਊ ॥੩੬॥
ਰਾਜਾ ਰਾਮ ਸੁ ਸ਼ਾਹੁ ਵਜ਼ੀਰ।
ਸੁਨਿ ਕਰਿ ਆਏ ਸੁੰਦਰੀ ਤੀਰ।
ਦਯੋ ਦਰਬ ਬੰਦਨ ਬਹੁ ਕੀਨਿ।
ਮਾਤ ਖੁਸ਼ੀ ਕਰਿ ਆਸ਼ਿਖ ਦੀਨ ॥੩੭॥
ਪੂਰਬ ਕੇ ਪ੍ਰਸੰਗ ਪੁਨ ਕਹੇ।
'ਕਹਾਂ ਅਜੀਤ ਸਿੰਘ ਮ੍ਰਿਤੁ ਲਹੇ?
ਹੋਨਹਾਰ ਸੋ ਮਿਟਤਿ ਨ ਕਬੈ।
ਬੁਧਿ ਬਲ ਤੇ ਪ੍ਰਯਾਸ ਕਰਿ ਸਬੈ' ॥੩੮॥
ਪੁਨ ਮਾਤਾ ਨੇ ਭਨਜੋਂ ਬ੍ਰਿਤੰਤ।
'ਮੁਝ ਕੋ ਸੰਕਟ ਰਹੇ ਅਨੰਤ।
ਲਰਿ ਕਰਿ ਜਬਿ ਅਜੀਤ ਸਿੰਘ ਮਾਰਾ।
ਪੀਛੇ ਲੁਟਜੋ ਮੋਹਿ ਘਰ ਸਾਰਾ ॥੩੯॥
ਵਸਤੁ ਸ਼ਾਹੁ ਕੇ ਗਈ ਖਜ਼ਾਨੇ।
ਬਰਜਜੋ ਕਿਸੂ ਨ ਮਮ ਘਰ ਜਾਨੇ[1]।'
ਰਾਜਾ ਰਾਮ ਸੁਨਤਿ ਕਹਿ ਧੀਰ।
'ਮੈਂ ਅਬਿ ਕਹੌਂ ਸ਼ਾਹੁ ਕੇ ਤੀਰ' ॥੪੦॥
ਇਮ ਸੁਨਾਇ ਬਿਚ ਦੁਰਗ ਪਯਾਨਾ।
ਸ਼ਾਹੁ ਸਮੀਪ ਬ੍ਰਿਤੰਤ ਬਖਾਨਾ।
'ਪ੍ਰਥਮ ਬਹਾਦਰ ਸ਼ਾਹੁ ਬਡੇਰੇ।
ਤਿਸ ਪਰ ਸਤਿਗੁਰ ਖੁਸ਼ੀ ਘਨੇਰੇ ॥੪੧॥
ਸਲਤਨ ਦੀਨਿ ਫੇਰ ਤੁਮ ਘਰ ਸੋਂ।
ਤਾਰਾਆਜ਼ਮ ਹਤਿ ਇਕ ਸਰ ਸੋਂ।
ਤਿਸ ਗੁਰ ਕੀ ਗੇਹਨ ਬਿਚ ਪੁਰੀ।
ਸਮਾ ਬਿਤਾਵਨ ਕੇ ਹਿਤ ਥਿਰੀ ॥੪੨॥
ਤਿਹ ਘਰ ਲੂਟਿ ਖਜ਼ਾਨੇ ਡਾਰਾ।
ਇਹ ਤੁਮ ਕੋ ਹੈ ਬਹੁ ਬੁਰਿਆਰਾ।
ਗੁਰ ਪੀਰਨ ਕੋ ਅਦਬ ਬਡੇਰਾ।
ਸੁਖ ਪ੍ਰਾਪਤ ਹ੍ਵੈ ਲੋਕ ਘਨੇਰਾ' ॥੪੩॥
ਸੁਨਤਿ ਸ਼ਾਹੁ ਉਰ ਤ੍ਰਾਸ ਬਿਚਾਰਾ।
ਕਹਜੋ 'ਸਮਾਜ ਫੇਰ ਦਿਹੁ ਸਾਰਾ।'

[1]ਮੇਰਾ ਘਰ ਜਾਣਕੇ।

ਤਤਛਿਨ ਰਾਜਾ ਰਾਮ ਅਨੰਦ।
ਨਿਕਸਾਯੋ ਜਹਿਂ ਧਰਯੋ ਬਿਲੰਦ ॥੪੪॥
ਮਾਤ ਸੁੰਦਰੀ ਸਦਨ ਪੁਚਾਯੋ।
ਬਿਨੈ ਬਖਾਨਿ ਹਰਖ ਉਪਜਾਯੋ।
ਦਿੱਲੀ ਪੁਰਿ ਮਹਿਂ ਪ੍ਰਥਮ ਸਮਾਨ।
ਬਸਨਿ ਲਗੀ, ਭੀ ਬ੍ਰਿਧਾ ਮਹਾਨ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਹਠੀ ਸਿੰਘ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

## ੩੪. [ਮਾਤਾ ਜੀ ਦਾ ਗੁਰਪੁਰੀ ਪਯਾਨ]

੩੩<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩੫

ਦੋਹਰਾ: ਇਸ ਪ੍ਰਕਾਰ ਮਾਤਾ ਰਹੀ,
ਦਿੱਲੀ ਪੁਰਿ ਮਹਿਂ ਫੇਰ।
ਸੰਗਤਿ ਸੇਵੈ ਭਾਵ ਧਰਿ,
ਮੇਲ ਸਕੇਲ ਬਡੇਰ ॥੧॥
ਚੌਪਈ: ਸਮਾ ਸਤਾਰਾ ਸਯਾ ਬਿਤਾਯੋ।
ਚਢ੍ਯੋ ਅਠਾਰਾ ਸਯਾ ਗਿਨਾਯੋ।
ਨਾਦਰਸ਼ਾਹ ਆਇ ਚਲਿ ਗਇਊ।
ਸਲਤਨ ਸਕਲ ਬਿਨਾਸੀ ਭਇਊ ॥੨॥
ਮਾਤ ਬ੍ਰਿਧਾ ਜਰਜਰੀ ਸਰੀਰ।
ਸੇਵਤਿ ਸੰਗਤਿ ਰਹਿ ਨਿਤ ਤੀਰ।
ਸੰਮਤ ਚਾਰ ਬੀਤਿਗੇ ਔਰ।
ਅੰਤ ਸਮਾਂ ਪਹੁੰਚ੍ਯੋ ਤਿਸ ਠੌਰ ॥੩॥
ਤਿਥ ਇਕਾਦਸ਼ੀ ਮਹਿਂ ਤਜਿ ਪ੍ਰਾਨ।
ਪਹੁੰਚੀ ਪਤਿ ਢਿਗ ਮੁਕਤਿ ਸਥਾਨ।
ਸ਼੍ਰੀ ਹਰਿਕ੍ਰਿਸ਼ਨ ਦੇਹੁਰਾ ਜਹਾਂ।
ਸਾਹਿਬ ਦੇਵੀ ਦਾਹ ਭਿ ਤਹਾਂ ॥੪॥
ਦਿੱਲੀ ਕੀ ਸੰਗਤਿ ਮਿਲਿ ਸਾਰੀ।
ਰਚ੍ਯੋ ਬਿਮਾਨ ਲਾਇ ਧਨ ਭਾਰੀ।
ਕੰਚਨ ਕੁਸਮ ਘਰਾਵਨਿ ਕਰੇ।
ਬਹੁ ਮੋਲੇ ਪਟ ਊਪਰ ਪਰੇ ॥੫॥
ਊਰਧ ਦੇਹਕ ਮਾਤਹਿ ਕੇਰਾ[1]।
ਨੀਕ ਕੀਨ ਧਨ ਲਾਇ ਬਡੇਰਾ।
ਗਰੀ ਬਜ਼ਾਰਨ ਮਹਿਂ ਬਰਖਾਇ।
ਸਿਖ ਸੰਗਤਿ ਲੈਗੇ ਤਿਸ ਥਾਇ ॥੬॥
ਚੰਦਨ ਕੀ ਚਿਖ ਰਚੀ ਬਿਸਾਲਾ।
ਬਹੁ ਘ੍ਰਿਤ ਲੇ ਕਰਿ ਤਿਸ ਮਹਿਂ ਡਾਲਾ।
ਊਪਰ ਧਰਿ ਸ਼ਰੀਰ ਕੋ ਤਬੈ।
ਬਿਧਿ ਸੋਂ ਭਸਮ ਦਿਯੋ ਕਰਿ ਸਬੈ ॥੭॥

---
[1]ਮਾਤਾ ਜੀ ਦਾ ਮ੍ਰਿਤਕ ਸੰਸਕਾਰ।
[ਸੰਸ:, ਊਰਧ੍ਵ ਦੇਹ=ਸ੍ਰੀਰ ਦਾ ਉਪਰ ਜਾਣਾ, ਮ੍ਰਿਤਕ ਸੰਸਕਾਰ]।

ਕ੍ਰਿਯਾ ਕਰਮ ਸਿੱਖਨ ਕਰਿਵਾਏ।
ਜੱਗ ਬਿਸਾਲ ਕਰਜੋ ਧਨ ਲਾਏ।
ਬਿੱਪ੍ਰਨਿ ਸਾਧਨ ਦੀਨਿ ਅਹਾਰਾ।
ਘਰ ਕੋ ਧਨ ਦਿਯ ਦਾਨ ਉਦਾਰਾ ॥੮॥
ਜੋ ਮਾਤਾ ਕੇ ਸੇਵਕ ਅਹੇ।
ਸਦਨ ਪਦਾਰਥ ਸਭਿ ਤਿਨ ਲਹੇ।
ਹਠੀ ਸਿੰਘ ਮਥਰਾ ਮਹਿਂ ਰਹਜੋ।
ਗ੍ਰਾਮ ਦੁਹੂੰਨਿ ਮਾਮਲਾ ਲਹਜੋ ॥੯॥
ਕੇਤਿਕ ਸੰਗਤਿ ਆਨਿ ਚਢਾਵੈਂ।
ਕੇਚਿਤ ਸਿੱਖ ਬਨਨ ਕੋ ਆਵੈਂ।
ਤਿਸ ਕੀ ਭੀ ਸੰਗਤਿ ਕੁਛ ਹੋਈ।
ਦਰਸ਼ਨ ਕਰਿ ਧਨ ਅਰਪਹਿ ਸੋਈ ॥੧੦॥
ਸਾਠ ਸਊਰ ਜੁ ਸੰਗ ਬਨਾਏ।
ਬਜਾਹ ਆਪਨੋ ਲੀਨਿ ਕਰਾਏ।
ਤਹਿਂ ਰਹਿ ਸੰਮਤ ਬਹੁਤ ਬਿਤਾਏ।
ਕਾਬਲ ਕੇ ਗਿਲਜੇ[1] ਪੁਨ ਆਏ ॥੧੧॥
ਕਾਲਜਮਨ ਜੋ ਕ੍ਰਿਸ਼ਨ ਸੰਘਾਰਾ।
ਰਹਜੋ ਸੰਕਲਪ ਜਨਮ ਤਿਨ ਧਾਰਾ।
ਮਥਰਾ ਕਤਲ ਕਰੌਂ ਅਰੁ ਪੁਰਿ ਕੋ[2]।
ਮਰਤਜੋ ਰਹਜੋ ਮਨੋਰਥ ਉਰ ਕੋ ॥੧੨॥
ਅਹਿਮਦਸ਼ਾਹੁ ਨਾਮ ਜਿਸ ਭਯੋ।
ਪ੍ਰਥਮ ਗੁਰੂ ਦਸਮੋ ਕਹਿ ਦਯੋ[3]।
ਮਾਝੇ ਬਿਖੈ ਪ੍ਰਥਮ ਬਲ ਘਾਲਾ।
ਲੂਟਤਿ ਕੂਟਤਿ ਆਇ ਉਤਾਲਾ ॥੧੩॥
ਥੋਰੇ ਸਿੰਘ ਭਏ ਤਿਸ ਕਾਲਾ[4]।
ਸੂਰਬੀਰਤਾ ਧਰਹਿਂ ਬਿਸਾਲਾ।
ਰਣ ਘਾਲਜੋ ਸਨਮੁਖ ਰਿਪੁ ਹੋਇ।
ਸੈਨਾ ਅਧਿਕ, ਕਰਹਿਂ ਕਜਾ ਸੋਇ[5] ॥੧੪॥

---

[1]ਗਿਲਜ਼ਈ (ਪਠਾਣ)।
[2]ਮਥੁਰਾ ਪੁਰ ਨੂੰ ਫਿਰ ਕਤਲ ਕਰਾਂਗਾ।
[3]ਪਹਿਲਾਂ ਹੀ ਦਸਮ ਗੁਰੂ ਜੀ ਨੇ ਕਹਿ ਦਿੱਤਾ ਸੀ।
[4]ਥੋੜੇ ਹੀ ਸਿੰਘ (ਇਕੱਠੇ) ਹੋਏ।
[5]ਸੋ ਭਾਵ ਥੋੜੇ ਸਿੰਘ।

ਤਉ ਹਜ਼ਾਰਨ ਕੇ ਹਤਿ ਪ੍ਰਾਨਾ।
ਕਰਜੋ ਦੁਸ਼ਟ ਕੋ ਕਸ਼ਟ ਮਹਾਨਾ।
ਥੋਰੇ ਬਹੁਤ ਗਿਨਹਿਂ ਨਹਿਂ ਸਿੰਘ।
ਨ੍ਰਿਭੈ ਲਰਹਿਂ ਜਿਮ ਕਾਨਨ ਸਿੰਘ[1] ॥੧੫॥
ਘੇਰ ਲੀਨਿ ਇਕ ਥਾਨ ਘਨੇਰੇ।
ਸਿਰ ਕਾਟੇ ਸਭਿ ਕੇ ਤਿਸ ਬੇਰੇ।
ਬੀਸ ਹਜ਼ਾਰ ਗਿਨਤਿ ਮਹਿਂ ਆਏ।
ਕਿਤ ਕਿਤ ਰਹੇ ਨ ਦ੍ਰਿਸ਼ਟੀ ਆਏ[2] ॥੧੬॥
ਤਿਸ ਰਣ ਕੋ ਅਬਿ ਲੌ ਨਰ ਲਹੈਂ।
ਘੱਲੂਘਾਰਾ ਨਾਮ ਸੁ ਕਹੈਂ[*]।
ਲਵਪੁਰਿ ਮਹਿਂ ਮਲੇਛ ਥਿਰ ਹੋਏ।
ਸਿੰਘ ਹੋਨਿ ਨਹਿਂ ਪਾਵੈ ਕੋਏ[3] ॥੧੭॥
ਪੰਜ ਰਜਤਪਣ ਸਿਰ ਕੇ ਕਰੇ।
ਬਾਢਹਿਂ ਦੁਸ਼ਟ ਦ੍ਰਿਸ਼ਟ ਜਹਿਂ ਪਰੇ।
ਲਵਪੁਰਿ ਕੇ ਬਜ਼ਾਰ ਮਹਿਂ ਫੇਰ।
ਚਿਣੇ ਸੀਸ ਲਾਯੋ ਬਡ ਢੇਰ ॥੧੮॥
ਸ਼੍ਰੀ ਅੰਮ੍ਰਿਤਸਰ ਜਬਹਿ ਉਸਾਰਾ।
ਗੁਰ ਅਰਜਨ ਤਬਿ ਸ੍ਰਾਪ ਉਚਾਰਾ।
-ਉਖਰਹਿਂ ਜੜਾਂ ਮਸੰਦਨ ਕੇਰੀ।
ਤੀਰਥ ਨੀਵ ਪੋਲੀਏ ਹੇਰੀ[4] ॥੧੯॥
ਇਹ ਭੀ ਬਿਨਸ ਜਾਇ ਇਕ ਬਾਰ।
ਸਿਖ ਮੇਰੇ ਤਬਿ ਲੇਇੰ ਉਸਾਰ-।
ਇਸ ਹਿਤ ਅਹਿਮਦ ਤਹਿਂ ਚਲਿ ਆਯੋ।
ਹਰਿਮੰਦਰ ਬਾਰੂਦ ਉਡਾਯੋ ॥੨੦॥
ਸਭਿ ਸੁਪਾਨ ਭੀ ਦਈ ਉਖੇਰ।
ਤਾਲ ਭਰਜੋ ਮ੍ਰਿਤਕਾ ਚਹੁੰ ਫੇਰ।
ਊਪਰ ਲਾਂਗੁਲ[5] ਕੋ ਫਿਰਵਾਇ।

---

[1]ਜਿਵੇਂ ਬਨ ਵਿਚ ਸ਼ੇਰ।
[2]ਕਿਧਰੇ ਕਿਧਰੇ (ਲੁਕੇ) ਰਹੇ ਭਾਵ ਨਿਗਾਹ ਨਾ ਆਏ।
[*]ਇਹ ਜੰਗ ਕੁਪਰਹੀੜੇ ਦੇ ਇਲਾਕੇ ਲੁਧਿਆਣੇ ਜ਼ਿਲੇ ਵਿਚ ਹੋਇਆ ਸੀ।
[3]ਸਿੰਘ (ਇਸਥਤਿ) ਹੋਣਾ ਨਹੀਂ ਸੀ ਪਾਂਵਦੇ।
[4]ਭਾਵ, ਸਰੋਵਰ ਦੀ ਉਸਾਰੀ ਵਿਚ ਮਸੰਦ ਗਾਰਾ ਵਰਤਦੇ ਰਹੇ ਸੇ ਦੇਖੋ ਰਾਸਿ ੨ ਅੰਸੂ ੫੧।
[5]ਹਲ।

ਖੇਤੀ ਤਿਸ ਥਲ ਦਈ ਬਿਜਾਇ[+] ॥੨੧॥
ਦੇਸ਼ ਉਜਾਰਤਿ ਲਾਂਘਤਿ ਧਾਯੋ[੧]।
ਡੇਰਾ ਪੁਰਿ ਮਥੁਰਾ ਢਿਗ ਪਾਯੋ[*]।
ਲੋਕ ਨਗਰ ਕੇ ਦਿਜ ਤਿਸ ਬੇਰੇ।
ਬਨੀਏ ਆਦਿਕ ਆਇ ਘਨੇਰੇ ॥੨੨॥
ਕਰ ਪਰ ਧਰੇ ਉਪਾਇਨ ਲਜਾਏ।
ਉਤਰਯੋ ਵਹਿਰ ਤਹਾਂ ਨਿਯਰਾਏ।
ਈਂਟ ਅਚਾਨਕ ਇਕ ਚਲਿ ਗਈ।
ਅਹਿਮਦ ਕੇ ਮੁਖ ਲਾਗਤਿ ਭਈ ॥੨੩॥
ਰਿਸ ਕਰਿ ਲੋਕਨਿ ਕੀ ਦਿਸ਼ਿ ਹੇਰਾ।
ਕਰਯੋ ਹੁਕਮ ਕਟੀਆ ਇਸ ਬੇਰਾ[੨][+]।
ਧਾਇ ਮਲੇਛ ਪਰੇ ਤਬਿ ਕੈਸੇ।
ਮਿਰਗਾਵਲਿ ਪਰ ਕੇਹਰਿ ਜੈਸੇ ॥੨੪॥
ਪੁਰਿ ਜਨ ਕਤਲ ਲੁਟਯੋ ਪੁਰਿ ਸਾਰਾ।
ਗਹਿ ਆਨੀ ਦਲ ਮਹਿਂ ਬਹੁ ਦਾਰਾ।
ਹਠੀ ਸਿੰਘ ਤਬਿ ਹੁਤੋ ਤਹਾਂ ਹੀ।
ਗਾਢੋ ਰਹਯੋ ਅਪਨਿ ਘਰ ਮਾਂਹੀ ॥੨੫॥
ਨਿਕਟ ਆਵਨੇ ਦਿਯੋ ਨ ਕੋਈ।
ਪੁੰਜ ਤੁਫੰਗ ਪ੍ਰਹਾਰਹਿ ਸੋਈ।
ਕੇਤਿਕ ਪੁਰਿ ਜਨ ਬੀਚ ਬਰੇ ਹੈਂ[੩]।
ਕਿਤਿਕ ਵਹਿਰ ਢਿਗ ਭੀਤਿ ਪਰੇ ਹੈਂ[੪] ॥੨੬॥

---

[+]ਇਹ ਕੁਪਰਹੀੜੇ ਵਾਲੇ ਜੰਗ ਦੇ ਹਾਲਾਤ ਹਨ, ਜਿਸ ਨੂੰ ਵੱਡਾ ਘੱਲੂਘਾਰਾ ਕਹਿੰਦੇ ਹਨ, ਇਹ ਸੰਮਤ ੧੮੧੮ ਬਿ: ਵਿਚ ਹੋਇਆ ਸੀ।

[੧]ਧਾ ਕੇ ਲੰਘਦਾ ਹੋਇਆ।

[*]ਮਥਰਾ ਦੀ ਕਤਲਾਮ, ਜੋ ਉਥੇ ਮੇਲੇ ਪਰ ਆਏ ਬੇ ਹਥਿਆਰ ਯਾਤਰੂਆਂ ਦੀ ਅਹਿਮਦ ਸ਼ਾਹ ਅਬਦਾਲੀ ਨੇ ਕਰਵਾਈ, ਇਹ ਵਾਕਿਅਤ ੧੮੧੩-੧੪ ਬਿ: ਦੇ ਹਨ। ਕਵੀ ਜੀ ਜੋ ਦੋਹਾਂ ਗੱਲਾਂ (ਘੱਲੂਘਾਰਾ ਤੇ ਮਥਰਾ ਤੇ ਕਤਲ) ਨੂੰ ਇਕ ਸੰਮਤ ਵਿਚ ਹੋਏ ਦੱਸ ਰਹੇ ਹਨ ਇਹ ਖ਼ਬਰ ਉਨ੍ਹਾਂ ਨੂੰ ਦਰੁਸਤ ਨਹੀਂ ਮਿਲੀ।

[੨]ਇਸ ਵੇਲੇ ਕਤਲ ਦਾ ਹੁਕਮ ਦੇ ਦਿੱਤਾ।

[+]ਅਹਿਮਦ ਸ਼ਾਹ ਇਸ ਵੇਲੇ ਦਿੱਲੀਓਂ ਬਾਲਮਗੜ ਆਕੇ ਕਿਲੇ ਵਾਲੇ ਕਤਲ ਕੀਤੇ, ਇਕ ਹਿੱਸਾ ਫੌਜ ਦਾ ਮਥਰਾ ਅੱਪੜਿਆ। ਮਥਰਾ ਮੇਲਾ ਲੱਗਾ ਹੋਇਆ ਸੀ।

ਅਬਦਾਲੀ ਦੀ ਫੌਜ ਨੇ ਮੇਲਾ ਤੇ ਸ਼ਹਿਰ ਲੁੱਟ ਲਿਆ ਤੇ ਸਖਤ ਬੇਰਹਿਮੀ ਨਾਲ ਯਾਤਰੀ ਕਤਲ ਕੀਤੇ। ਇਹ ਬੇ-ਹਥਿਆਰਾਂ ਦੀ ਕਿਸੇ ਗੁਨਾਹ ਤੋਂ ਬਿਨਾਂ ਦੀ ਕਤਲ ਅਹਮਦਸ਼ਾਹ ਤੇ ਉਸਦੀ ਕੌਮ ਦੇ ਨਾਮ ਤੇ ਇਕ ਭਾਰਾ ਕਲੰਕ ਮੰਨਿਆ ਗਿਆ ਹੈ।

[੩]ਕਈ ਨਗਰ ਦੇ ਆਦਮੀ (ਹਠੀ ਸਿੰਘ ਦੇ ਘਰ) ਵਿਚ ਵੜ ਗਏ।

[੪]ਕਈ ਬਾਹਰ ਕੰਧਾਂ ਪਾਸ (ਮਰੇ) ਪਏ ਹਨ।

ਸਗਲ ਦਜੋਸ ਹ੍ਵੈ ਕਰਿ ਸਿੰਘ ਗਾਢੇ।
ਗੁਲਕਾਂ ਹਤੀ ਦੂਰ ਅਰਿ ਠਾਂਢੇ।
ਇਸ ਬਿਧਿ ਆਧੀ ਰਾਤ ਬਿਤਾਈ।
ਹਠੀ ਸਿੰਘ ਤਬਿ ਚਹੀ ਚਢਾਈ ॥੨੭॥
ਜ਼ੀਨ ਤੁਰੰਗਨ ਪਰ ਤਬਿ ਪਾਏ।
ਘਰ ਮਹਿਂ ਚੋਬੇ ਬਹੁਤ ਅਲਾਏ[1]।
'ਜੇਕਰਿ ਗੁਰੂ ਕਹਾਵਨਿ ਆਛੇ।
ਚੋਰੀ ਨਿਕਸਨ ਕੋ ਨਹਿਂ ਬਾਂਛੇ ॥੨੮॥
ਗਮਨਹੁ ਅਪਨਿ ਬਜਾਇ ਨਗਾਰਾ।
ਦਸਮ ਗੁਰੂ ਕੋ ਲੇਹੁ ਨਿਹਾਰਾ[2]।'
ਅਲਪ ਬੈਸ ਕੁਛ ਨਹੀਂ ਬਿਚਾਰਾ।
ਚਢਿ ਹਯ ਪਰ ਤਬਿ ਹੁਕਮ ਉਚਾਰਾ ॥੨੯॥
'ਦੁੰਦਭਿ ਧੁਨਿ ਊਚੀ ਬਜਵਾਯੋ।
ਦੇਹਿ ਤਿਲਾਵਾ ਤਿਨ ਸੁਨਿ ਪਾਯੋ[3]।
-ਦਿਨ ਮਹਿਂ ਜੋ ਮਵਾਸ ਦਿਢ ਰਹਜੋ।
ਨਿਕਸਜੋ ਅਬਹਿ- ਮਲੇਛਨ ਲਹਜੋ ॥੩੦॥
ਦਸਤਾ ਏਕ ਚਮੂੰ ਕੋ ਭਾਰੀ।
ਓਰੜ ਆਨਿ ਪਰਜੋ ਬਲ ਧਾਰੀ।
ਸਾਠਹੁਂ ਸਿੰਘ ਘਿਰੇ ਤਿਨ ਮਾਂਹੀ।
ਮਾਰਗ ਨਿਕਸਨ ਕੋ ਕਿਤ ਨਾਂਹੀ ॥੩੧॥
ਹਠੀ ਸਿੰਘ ਕੋ ਰਿਸ ਕਰਿ ਕਹਜੋ।
'ਬਾਲ ਬੈਸ ਅਨਜਾਨ ਨ ਲਹਜੋ[4]।
ਭਾਜ ਜਾਹੁ ਜੇ ਭਾਜਜੋ ਜਾਇ।
ਹਮ ਤੌ ਮਰਹਿਂ ਹਜ਼ਾਰਨ ਘਾਇ' ॥੩੨॥
ਸੁਨਿ ਕਰਿ ਡਰ ਧਰਿ ਤੁਰਤ ਪਲਾਯੋ।
ਬਚਜੋ ਭਰਥਗੜ ਮਹਿਂ ਪ੍ਰਵਿਸ਼ਾਯੋ।
ਰੁਪੇ ਸਿੰਘ ਹੱਥਜਾਰ ਸੰਭਾਰੇ।
ਸਾਠਹੁਂ ਤੁਪਕ ਤੁਰਤ ਭਰਿ ਮਾਰੇ ॥੩੩॥

---

[1]ਘਰ ਵਿਚ ਬਹੁਤ ਚੋਬੇ ਸਨ ਸੋ ਬੋਲੇ।
[2]ਭਾਵ ਦਸਮ ਗੁਰੂ ਜਦ ਚਮਕੌਰ ਤੋਂ ਨਿਕਲੇ ਸਨ ਤਾਂ ਪਤਾ ਦੇਕੇ ਨਿਕਲੇ ਸਨ।
(ਅ) ਦਸਮ ਗੁਰੂ ਦਾ ਨਗਾਰਾ (ਪਿਆ) ਹੈ ਦੇਖ ਲੌ।
[3]ਜੋ ਰਾਤ ਨੂੰ ਪਹਿਰਾ ਦੇਂਦਾ ਸੀ ਤਿਸ ਨੇ ਸੁਣ ਲਿਆ।
[4]ਬਾਲ ਅਵਸਥਾ ਹੈ, ਅਣਜਾਣ ਹੋ ਤੇ ਕੋਈ ਸਮਝ ਨਹੀਂ ਹੈ (ਆਪ ਨੂੰ ਇਸ ਲਈ)......।

ਬਹੁਰ ਕਰੀ ਨੰਗੀ ਸ਼ਮਸ਼ੇਰ।
ਮਾਰਿ ਮਲੇਛਨ ਕੋ ਸਮ ਸ਼ੇਰ*।
ਰਾਤਿ ਅੰਧੇਰੀ ਸੂਝ ਨ ਆਈ।
ਆਪਸ ਮਹਿਂ ਤਰਵਾਰ ਚਲਾਈ ॥੩੪॥
ਹੁਤੀ ਚਮੂੰ ਦਸ ਦੋਇ ਹਜ਼ਾਰ।
ਆਪਸ ਮਹਿਂ ਕਟਿਗੇ ਤਿਸ ਬਾਰ।
ਸਿੰਘ ਜੰਗ ਮਹਿਂ ਸੁਰਗ ਸਿਧਾਰੇ।
ਦੁਸ਼ਟ ਹਜ਼ਾਰਹੁਂ ਤਹਾਂ ਪ੍ਰਹਾਰੇ ॥੩੫॥
ਹਠੀ ਸਿੰਘ ਤਹਿਂ ਤੇ ਨਿਕਸਯੋ।
ਪੁਨ ਬੁਰਹਾਨ ਪੁਰ ਚਲਿ ਗਯੋ।
ਬਸਯੋ ਤਹਾਂ ਬਡ ਸਦਨ ਚਿਨਾਏ।
ਸਿਖ ਸੰਗਤਿ ਕਰਿ ਕੈ ਸਮੁਦਾਏ ॥੩੬॥
ਸੁਤ ਉਤਪੰਨ ਭਯੋ ਨਹਿਂ ਕੋਈ।
ਬੈਸ ਬਿਤਾਈ ਤਹਿਂ ਬਸਿ ਸੋਇ।
ਏਕ ਸੁਤਾ ਉਪਜੀ ਤਿਸ ਕੇਰੇ।
ਪੁਨ ਪ੍ਰਲੋਕ ਭਾ ਤਹਾਂ ਭਲੇਰੇ ॥੩੭॥
ਅਬਿ ਲੌ ਚਿੰਨ੍ਹਤ ਪੁਰਿ ਬੁਰਹਾਨੇ।
ਹਠੀ ਸਿੰਘ ਕੋ ਥਲ ਨਰ ਜਾਨੇ।
ਅਹਿਮਦਸ਼ਾਹ ਮੁਰਯੋ ਪੁਨ ਪਾਛੇ।
ਲਰਹਿਂ ਸਿੰਘ ਜਿਤ ਕਤ ਤੇ ਆਛੇ ॥੩੮॥
ਆਗਾ ਪਾਛਾ ਲੂਟਿ ਪਲਾਵੈ[੧]।
ਰਿਪੁ ਕੋ ਕਸ਼ਟ ਮਹਾਂ ਦਿਖਰਾਵੈਂ।
ਇਮ ਹੀ ਮਾਰਤਿ ਅਟਕ ਉਤਾਰਾ[੨]।
ਸ਼੍ਰੀ ਅੰਮ੍ਰਿਤਸਰ ਬਹੁਰ ਉਸਾਰਾ ॥੩੯॥
ਮ੍ਰਤਕਾ ਕਾਰ ਦੁਸਾਲਨਿ ਡਾਲੇ[੩]।
ਗੁਰੂ ਨੀਵ ਤੇ ਚਨਯੋ ਉਤਾਲੇ[੪]।
ਮਹਾਂ ਪ੍ਰੇਮ ਤੇ ਤਾਲ ਬਨਾਯੋ।

---

*ਪਾ:-ਦੇ ਗੇਰ।

[੧](ਅਹਿਮਦ ਸ਼ਾਹ ਦੀ) ਫੌਜ ਨੂੰ ਅੱਗੋਂ ਪਿੱਛੋਂ ਲੁੱਟਕੇ ਭੱਜ ਜਾਂਦੇ ਹਨ।

[੨](ਅਹਿਮਦ ਸ਼ਾਹ ਨੂੰ) ਮਾਰਦਿਆਂ ਅਟਕੋਂ ਪਾਰ ਉਤਾਰਾ ਦਿੱਤਾ।

[੩]ਭਾਵ ਕਾਰ ਸੇਵਾ ਐਡੇ ਪ੍ਰੇਮ ਨਾਲ ਕੀਤੀ ਕਿ ਕਈਆਂ ਨੇ ਦੁਸ਼ਾਲਿਆਂ ਵਿਚ ਪਾ ਪਾ ਕੇ ਕਾਰ ਕੱਢੀ।

[੪]ਗੁਰੂ ਜੀ ਵਾਲੀ ਨੀਂਹ ਤੋਂ ਚੱਕ ਕੇ ਛੇਤੀ ਉਸਾਰ ਲਿਆ
(ਭਾਵ ਨੀਹਾਂ ਉਹੀ ਗੁਰੂ ਜੀ ਵਾਲਿਆਂ ਹੀ ਰਹੀਆਂ।)

ਹਰਿਮੰਦਰਿ ਸੁੰਦਰ ਉਸਰਾਯੋ+ ॥੪੦॥
ਗੁਰ ਮ੍ਰਿਜਾਦ ਤੇ ਵਾਧ ਨ ਘਾਟ।
ਪੂਰਬ ਸਮ ਹੀ ਕੀਨਸਿ ਠਾਟ।
ਅਬਿ ਲੌ ਦਰਸ ਲਗਹਿ ਬਹੁਤੇਰਾ।
ਜਿਸ ਕੇ ਸਮ ਜਗ ਅਪਰ ਨ ਹੇਰਾ ॥੪੧॥
ਏਕ ਸਮੈਂ ਸਿੰਘ ਦਿੱਲੀ ਗਏ।
ਸ਼ਾਹ ਸੰਗ ਰਸ ਰਾਖਤਿ ਭਏ।
ਗੁਰੂ ਨਵਮਿ ਥਲ ਖੋਜਨ ਕੀਤਿ।
ਚਿਨੀ ਬੇਨਵੇ ਦੁਸ਼ਟ ਮਸੀਤ ॥੪੨॥
ਬਡੇ ਜ਼ੋਰ ਸੋਂ ਤਬਿ ਢਹਿਵਾਈ।
ਅਪਨੋ ਦੀਨੋ ਪਤਾ ਦਿਖਾਈ।
ਅਸਥੀ ਕੀ ਗਾਗਰ ਦੁਇ ਭਰੀ।
ਸੋ ਨਿਕਸਾਇ ਦਿਖਾਵਨਿ ਕਰੀ ॥੪੩॥
ਝੂਠੋ ਭਯੋ ਬੇਨਵਾ ਜਬੈ।
ਸਭਿਨਿ ਪ੍ਰਤੀਤ ਧਰੀ ਉਰ ਤਬੈ।
ਗੁਰੂ ਦੇਹੁਰਾ ਬਰ ਚਿਨਵਾਯੋ*।
ਅਬਿ ਲੌ ਜ਼ਾਹਰ ਖਰੋ ਦਿਖਾਯੋ ॥੪੪॥
ਬੀਚ ਬਜ਼ਾਰ ਥਾਨ ਤਿਹ ਲੀਨ।

---

+ਅੰਮ੍ਰਿਤਸਰ ਹਰਿਮੰਦਰ ਦੀ ਦੁਰਾਨੀ ਨੇ ੧੮੧੮ ਵਿਚ ਬੇਅਦਬੀ ਕੀਤੀ। ਪਰ ਸੰਮਤ ੧੮੨੧ ਬਿ: ਵਿਚ ਖਾਲਸੇ ਨੇ ਇਸ ਨੂੰ ਫੇਰ ਉਸਾਰਨਾ ਆਰੰਭ ਦਿੱਤਾ। ਤਦੋਂ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਜੀ ਦੀ ਸੀ। ਇਮਾਰਤ ਦੀ ਸੇਵਾ ਪਰ ਸ਼੍ਰੀ ਅੰਮ੍ਰਿਤਸਰ ਦੇ ਸਹਿਜਧਾਰੀ ਸਿੱਖ ਭਾਈ ਦੇਸ ਰਾਜ ਜੀ ਥਾਪੇ ਗਏ ਸਨ। ਆਪ ਨੇ ਘਰ ਬਾਰ ਛੋਡਕੇ ਮਾਨੋਂ ਸੰਨਜਾਸ ਧਾਰਕੇ ਇਹ ਸੇਵਾ ਸਿਰ ਚਾਈ, ਪ੍ਰਸ਼ਾਦ ਆਪ ਨੂੰ ਘਰੋਂ ਆ ਜਾਂਦਾ ਸੀ ਤੇ ਹੋਰ ਸੰਬੰਧ ਘਰ ਨਾਲ ਕੋਈ ਨਹੀਂ ਸੀ।

ਇਸ ਤਰ੍ਹਾਂ ਮਾਯਾ ਅਤੀਤ ਹੋ ਕੇ ਆਪ ਨੇ ਕੁਛ ਸਮੇਂ ਵਿਚ ਹਰਿਮੰਦਰ ਦੇ ਉਸਾਰਨ ਦੀ ਸੇਵਾ ਸਿਰੇ ਚਾੜ੍ਹ ਲਈ।

*ਪਹਿਲਾਂ ਦੇਹੁਰਾ ਸੀਸ ਗੰਜ ਵਾਲਾ ਦਸਮੇਸ਼ ਜੀ ਦੀ ਆਗਜਾ ਨਾਲ ਦਿੱਲੀ ਦੇ ਸਿੱਖਾਂ ਨੇ ਬਣਵਾਇਆ ਸੀ। ਜਿਸ ਨੂੰ ਬੇਨਵਾ ਵਾਲੇ ਫਸਾਦ ਵਿਚ ਮੁਸਲਮ ਬੇਨਵਾਇਆਂ ਨੇ ਤੁਰਕ ਜ਼ੋਰ ਪਾਕੇ ਢਾਹ ਕੇ ਆਪਣਾ ਥਾਂ ਬਣਾ ਲਿਆ।

ਜਦੋਂ ੧੮੪੭ ਦੇ ਲਗਪਗ ਖਾਲਸੇ ਨੇ ਦਿੱਲੀ ਤੇ ਧਾਵਾ ਕੀਤਾ ਹੈ, ਡੇਰਾ ਪਾਕੇ ਇਸ ਨੂੰ ਸਰਦਾਰ ਬਘੇਲ ਸਿੰਘ ਨੇ ਬੇਗਮ ਸਮਰੋ ਤੋਂ ਕੁਤਵਾਲੀ ਦਾ ਕਬਜ਼ਾ ਲੈਕੇ ਬਣਵਾਇਆ। ਏਹ ਦੇਹੁਰਾ ਕਵੀ ਜੀ ਨੇ ਆਪ ਅੱਖੀਂ ਡਿੱਠਾ ਹੈ। ਫਿਰ ਕਹਿੰਦੇ ਹਨ ਕਿ ਮਗਰੋਂ ਮੁੜ ਢਾਹਕੇ ਮੁਸਲਮਾਨਾਂ ਨੇ ਕੋਲਵਾਰ ਮਸੀਤ ਬਣਾ ਲਈ। ੧੮੫੭ ਦੇ ਗਦਰ ਮਗਰੋਂ ਸਿੱਖਾਂ ਨੇ ਇਹ ਟਿਕਾਣਾ ਫੇਰ ਪ੍ਰਾਪਤ ਕੀਤਾ। ਜੀਂਦ ਦੇ ਸਿੰਘ ਮਹਾਰਾਜੇ ਸਰੂਪ ਸਿੰਘ ਜੀ ਨੇ ਇਸ ਦੀ ਇਮਾਰਤ ਬਣਵਾਈ। ਦਿੱਲੀ ਦਰਬਾਰ ੧੯੧੧ ਈਸਵੀ ਤੋਂ ਪੰਥ ਪ੍ਰੇਮੀਆਂ ਨੇ ਹੋਰ ਉੱਦਮ ਚਾਇਆ। ਨਵੀਂ ਪੱਥਰ ਦੀ ਸੁੰਦਰ ਇਮਾਰਤ ਸਜਾਈ ਹੈ, ਜੋ ਹੁਣੇ ਹੀ ਸਿਰੇ ਚੜ੍ਹੀ ਹੈ। ਜਿਸ ਬੋਹੜ ਦੇ ਹੇਠ ਸਾਕਾ ਵਰਤਿਆ ਸੀ ਸੋ ਹੁਣ ਤਕ ਹਰਿਆ ਸੀ, ਇਸ ਨਵੀਂ ਇਮਾਰਤ ਦੇ ਬਣਦਿਆਂ ਬਣਦਿਆਂ ਸੁੱਕ ਗਿਆ ਹੈ।

ਗੁਰੂ ਬੈਠਿ ਜਹਿਂ ਕਾਰਨ ਕੀਨਿ[1]।
ਇਨ ਤੇ ਆਦਿ ਅਪਰ ਥਲ ਗੁਰ ਕੇ।
ਜ਼ਾਹਰ ਕਰੇ ਹੁਤੇ ਜੋ ਧੁਰ ਕੇ[+] ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤ੍ਰ ਐਨੇ 'ਹੱਠੀ ਸਿੰਘ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

---
[1]ਜੋਤੀ ਜੋਤ ਸਮਾਵਣ ਦੀ ਕਾਰ, ਸਾਕਾ।
[+]ਸਰਦਾਰ ਬਘੇਲ ਸਿੰਘ ਨੇ ਹੀ ਸਾਰੇ ਕਾਰਜ ਕੀਤੇ ਸਨ।

## ੩੫. [ਗੁਲਾਬ ਰਾਇ, ਸ਼ਯਾਮ ਸਿੰਘ]

੩੪<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>੩੬

ਦੋਹਰਾ: ਸ਼੍ਰੀ ਅਨੰਦਪੁਰਿ ਜਿਮ ਬਸਯੋ,
ਸ਼੍ਰੋਤਾ! ਸੁਨਹੁ ਪ੍ਰਸੰਗ।
ਬਾਲ ਬੈਸ ਦਸਮੇਂ ਗੁਰੂ,
ਬਾਕ ਕਹਯੋ ਜਿਸ ਢੰਗ ॥੧॥
ਚੌਪਈ: ਛੀਂਟਨਿ ਸੰਗ ਭਿਰੇ ਬਹੁ ਬਾਲਕ।
ਭਾਗ ਗੁਲਾਬਰਾਇ ਤਤਕਾਲਕ।
ਲੇ ਪਗੀਆ ਗੁਰ ਕੀ ਸਿਰਿ ਧਰੀ।
ਭਿਰੇ ਕਛੂ ਨਹਿੰ ਜਾਨੀ ਪਰੀ ॥੨॥
ਅਪਰ ਨਰਨ ਸੋ ਬਰਜਨ ਕਰਯੋ।
ਸਤੁੱਦਵ ਮਹਿ ਸਤਿਗੁਰੂ ਨਿਹਰਯੋ।
ਕਹਯੋ -ਰਹਿਨ ਦਿਹੁ ਹੁਇ ਅਸ ਸਮੈਂ।
ਗੁਰਤਾ ਪਾਗ ਅਰਪ ਹੈਂ ਤੁਮੈ- ॥੩॥
ਇਹ ਬਚ ਸਾਚ ਹੁਯੋ ਚਹਿ ਜਾਨੇ।
ਜਬਿ ਅਨੰਦ ਪੁਰਿ ਤਜਾਗਿ ਪਯਾਨੇ।
ਸ਼ਯਾਮ ਸਿੰਘ ਅਰੁ ਰਾਇ ਗੁਲਾਬ।
ਹੁਤੇ ਸੰਗ ਭਾ ਜੰਗ ਅਜਾਬ ॥੪॥
ਇਨ ਕੀ ਦਿਸ਼ਿ ਸ਼੍ਰੀ ਸਤਿਗੁਰ ਹੇਰਾ।
ਲਿਖਯੋ ਹੁਕਮਨਾਵਾਂ ਤਿਸ ਬੇਰਾ।
ਨਾਹਣੇਸ਼ ਰਾਜੇ ਕੇ ਸਾਥ।
ਲਿਖਿ ਦ੍ਵੈ ਭ੍ਰਾਤ ਪਠੇ ਤਹਿਂ ਨਾਥ ॥੫॥
-ਤੁਰਕਨਿ ਸੰਗ ਬਿਗਾਰ ਹਮਾਰੇ।
ਰਾਖਹੁ ਰਾਜ ਨਿਜ ਬਿਖੈ ਸੁਖਾਰੇ-।
ਲੇ ਕਰਿ ਦੋਨਹੁਂ ਭ੍ਰਾਤ ਸਿਧਾਰੇ।
ਔਰ ਸਕਲ ਅਪਨੋ ਪਰਵਾਰੇ ॥੬॥
ਨਾਹਣੇਸ਼ ਕੇ ਢਿਗ ਜਬਿ ਗਏ।
ਦਯੋ ਹੁਕਮਨਾਮਾ ਥਿਰ ਭਏ।
ਦੇਖਿ ਭੂਪ ਪੜਿ ਕਰਿ ਅਭਿਲਾਖੇ।
ਗਿਰਵੀ ਗ੍ਰਾਮ ਨਾਮ ਦੇ ਰਾਖੇ[1] ॥੭॥
ਸਹਿਤ ਕੁਟੰਬ ਰਹੇ ਸੁਖ ਪਾਏ।

---
[1] ਗਿਰਵੀ ਨਾਮ ਦਾ ਪਿੰਡ ਦੇਕੇ (ਉਥੇ) ਰਖੇ।

ਤਿਸੀ ਗ੍ਰਾਮ ਮਹਿਂ ਧਾਮ ਬਨਾਏ।
ਬੰਦੇ ਆਦਿਕ ਕੋ ਉਤਪਾਤ।
ਜਬਿ ਹਟਿ ਗਯੋ ਭਈ ਸੁਖ ਸ਼ਾਂਤਿ ॥੮॥
ਤਬਹਿ ਗੁਲਾਬ ਰਾਇ ਚਲਿ ਆਯੋ।
ਆਨੰਦ ਪੁਰਿ ਕੋ ਚਹਤਿ ਬਸਾਯੋ।
ਤਬਿ ਜੋ ਤਹਿਂ ਕਹਿਲੂਰੀ ਨਾਥ।
ਮਿਲ੍ਯੋ ਜਾਇ ਕਰਿ ਤਿਸ ਕੇ ਸਾਥ ॥੯॥
'ਆਨੰਦ ਪੁਰਿ ਕੋ ਜੇਤਿਕ ਥੇਹ।
ਕਰਿ ਕੈ ਮੋਲ ਮੋਹਿ ਕੋ ਦੇਹ।'
ਸਾਠ ਹਜ਼ਾਰ ਦਰਬ ਨ੍ਰਿਪ ਲੀਨਿ।
ਸਾਠ ਘੁਮਾਊਂ ਧਰਾ ਤਿਹ ਦੀਨ ॥੧੦॥
ਸ਼ਜਾਮ ਸਿੰਘ ਅਰੁ ਸਕਲ ਕੁਟੰਬ।
ਆਨਿ ਬਸੇ ਲੇ ਨਰਨ ਕਦੰਬ।
ਕਿਤਿਕ ਸਦਨ ਹਿਤ* ਅਪਨਿ ਬਨਾਏ[1]।
ਕੇਤਿਕ ਅਪਰ ਕੁਟੰਬੀ ਆਏ ॥੧੧॥
ਦੀਪਮਾਲਕਾ ਦਿਵਸ ਬਿਸਾਖੀ।
ਹੋਰੀ ਬਿਖੈ ਹੋਹਿ ਅਭਿਲਾਖੀ।
ਹਿਤ ਪੂਜਾ ਕੇ ਬਨਿ ਠਨਿ ਬੈਸੇ[2]।
ਦਸਮੇਂ ਗੁਰੂ ਬਿਰਾਜੈਂ ਜੈਸੇ ॥੧੨॥
ਸੰਗਤਿ ਆਵਨ ਲਗੀ ਬਿਲੋਕਿ।
ਦੇਖਾ ਦੇਖੀ ਹ੍ਵੈ ਗਨ ਲੋਕ।
ਲ੍ਯਾਇ ਉਪਾਇਨ ਪੂਜਹਿਂ ਪਾਇ।
ਸ਼੍ਰੀ ਸਤਿਗੁਰ ਕੀ ਰੀਤਿ ਮਨਾਇ[3] ॥੧੩॥
ਆਵਨ ਲਗ੍ਯੋ ਦਰਬ ਸਮੁਦਾਇ।
ਮੇਲਾ ਹੋਨਿ ਲਗ੍ਯੋ ਤਿਸ ਭਾਇ।
ਕਲਗੀ ਜਿਗਾ ਬਿਭੂਖਨ ਸਾਰੇ।
ਜਿਮ ਸ਼੍ਰੀ ਗੋਬਿੰਦ ਸਿੰਘ ਤਨ ਧਾਰੇ ॥੧੪॥
ਤਿਮ ਹੀ ਕਮਰ ਕਸਾ ਸ਼ੁਭ ਕਰਿ ਕੈ।

---

*ਪਾ:-ਤਹਿਂ।
[1]ਆਪਣੇ ਲਈ ਬਣਾਏ।
[2]ਭਾਵ ਗੁਲਾਬ ਰਾਇ ਬੈਠੇ।
[3]ਸ਼੍ਰੀ ਸਤਿਗੁਰਾਂ ਵਾਂਙ (ਇਨ੍ਹਾਂ ਨੂੰ) ਮਨਾਂਵਦੇ ਸਨ।

ਸਭਿ ਮਹਿਂ ਬੈਠਤਿ ਮੰਜੀ ਚਰਿ ਕੈ।
ਸ੍ਰੀ ਗੁਰ ਸ਼ੋਭਤਿ ਜਿਸ ਅਸਥਾਨ।
ਤਹਿਂ ਹੀ ਇਹ ਬੈਠੈ ਬਡ ਮਾਨਿ ॥੧੫॥
ਐਸ਼੍ਵਰਜ ਬਧ੍ਯੋ ਭਯੋ ਹੰਕਾਰ।
ਗੁਰ ਕੀ ਸਮਤਾ ਮਹਿਂ ਚਿਤ ਧਾਰਿ।
ਹੁਤੋ ਦੇਹੁਰਾ ਨਵਮ ਗੁਰੂ ਜਹਿਂ।
ਸੇਵਾ ਹਿਤ ਗੁਰਬਖਸ਼ ਸਾਧ ਤਹਿਂ ॥੧੬॥
ਆਪ ਗੁਰੂ ਥਿਰ ਕਰਿ ਤਿਹ ਗਏ[1]।
ਧੂਪ ਦੀਪ ਆਦਿਕ ਕ੍ਰਿਤ ਕਏ[2]।
ਤਿਨ ਇਕ ਦਿਨ ਅਵਿਲੋਕ੍ਯੋ ਆਨਿ।
ਥਿਰ੍ਯੋ ਗੁਲਾਬਰਾਇ ਗੁਰ ਥਾਨ ॥੧੭॥
ਸਹੀ ਨ ਗਈ ਅਵੱਗ੍ਯਾ ਹੇਰਿ।
ਹਾਥ ਜੋਰਿ ਬੋਲ੍ਯੋ ਤਿਸ ਬੇਰ।
'ਪੂਜਾ ਲੇਨਿ ਆਦਿ ਕ੍ਰਿਤ ਸਾਰੀ।
ਸਭਿ ਕਰੀਯਹਿ, ਨਹਿਂ ਕੋ ਹਟਕਾਰੀ ॥੧੮॥
ਬੈਠਨ ਉਚਿਤ ਨ ਗੁਰ ਕੇ ਥਾਨ।
ਬੰਦਨ ਜੋਗ ਸਭਿਨਿ ਕੇ ਜਾਨ।
ਥਾਨ ਬਨਾਵਹੁ ਆਪਨ ਦੂਜਾ।
ਤਹਾਂ ਬੈਠਿ ਲੀਜਹਿ ਸਭਿ ਪੂਜਾ' ॥੧੯॥
ਸੁਨਤਿ ਗੁਲਾਬ ਰਾਇ ਰਿਸ ਭਰ੍ਯੋ।
'ਕ੍ਯੋਂ ਫੁਕਰੇ ਮੁਹਿ ਦੇਖਤਿ ਜਰ੍ਯੋ*।
ਪੁਰਿ ਉਜਰ੍ਯੋ ਨਹਿਂ ਕਿਨਹੁਂ ਬਸਾਯੋ।
ਗੁਰ ਕੋ ਅਦਬ ਨ ਕਿਨ ਰਖਵਾਯੋ ॥੨੦॥
ਮੈਂ ਉਪਾਇ ਕਰਿ ਦੇ ਕਰਿ ਦਰਬ।
ਫਿਰ ਇਤ ਉਤਹਿ ਬਸਾਯੋ ਸਰਬ।
ਗੁਰ ਥਲ ਬਿਦਤ ਕਰੇ ਧਨ ਲਾਯੋ।
ਲੋਕਨਿ ਤੇ ਤਹਿ ਮਾਥ ਟਿਕਾਯੋ ॥੨੧॥
ਤੂੰ ਸੇਵਕ ਸੇਵਾ ਪਰ ਰਾਖਾ।
ਸਮਤਾ ਹਿਤ ਕਹਿਬੋ ਕਿਮ ਕਾਂਖਾ।

---

[1](ਉਸ ਗੁਰਬਖਸ਼) ਨੂੰ ਗੁਰੂ ਜੀ ਆਪ ਮੁਕਰਰ ਕਰ ਗਏ ਸਨ।
[2]ਜੋ ਧੂਪ ਦੀਪ ਆਦਿ ਦੇ ਕੰਮ ਕਰਦਾ ਸੀ।
*ਪਾ:-ਟੁਕਰ ਗਦਾਇ ਦੇਖ ਮੁਹਿ ਜਰ੍ਯੋ।

ਕਾਰਜ ਕਰਿਬੇ ਸ਼ਕਤਿ ਨ ਕੋਈ[1]।
ਅਪਰ ਜਿ ਕਰਯੋ, ਈਰਖਾ ਹੋਈ[2] ॥੨੨॥
ਤਬਿ ਨ ਈਰਖਾ ਕਿਨਹੂੰ ਕਰੀ।
ਆਮਦਨੀ ਪਿਖਿ ਅਬਿ ਮਤਿ ਜਰੀ।
ਮੁਝ ਆਗੇ ਅਬਿ ਦਿਹੁ ਨ ਦਿਖਾਈ।
ਦੂਰ ਕਰਹੁਂ ਗਹਿ ਕੈ ਬਰਿਆਈ' ॥੨੩॥
ਤੀਨ ਚਾਰ ਨਰ ਉਠਿ ਤਤਕਾਲਾ।
ਪਕਰਿ ਧਕੇਲਤਿ ਵਹਿਰ ਨਿਕਾਲਾ।
ਜਾਨਿ ਅਵੱਗਜਾ ਕੋ ਅਪਰਾਧੂ।
ਦਿਯੋ ਸ੍ਰਾਪ ਕੋਪਯੋ ਤਬਿ ਸਾਧੂ ॥੨੪॥
'ਕੇਤਿਕ ਦਿਨ ਮਹਿਂ ਜੜ੍ਹ ਉਖਰੈ ਹੈ।
ਸੁਤ ਸਮੇਤ ਤੂਰਨ ਹੀ ਛੈ ਹੈਂ।' {ਵਿਸ਼ੇਸ਼ ਟੂਕ}
ਇਮ ਕਹਿ ਗਯੋ ਆਪਨੇ ਡਰੇ।
ਸੇਵ ਦੇਹੁਰੇ ਕਰਹਿ ਘਨੇਰੇ ॥੨੫॥
ਚਿਤ ਮੈਂ ਤਪਹਿ ਸਾਧ ਬਹੁਤੇਰਾ।
-ਬਾਦ ਅਨਾਦਰ ਕੀਨਸਿ ਮੇਰਾ।
ਗੁਰੂ ਅਵੱਗਜਾ ਤੇ ਮੈਂ ਕਹਯੋ।
ਗਰਬਤਿ ਮਨ ਤੇ ਨੀਕ ਨ ਲਹਯੋ- ॥੨੬॥
ਕੇਤਿਕ ਦਿਨ ਬੀਤੇ ਤਿਸ ਪਾਛੇ।
ਜੇਸ਼ਟ ਪੁੱਤ੍ਰ ਰਿਦੇ ਪ੍ਰਿਯ ਬਾਛੇ।
ਕਿਸ ਕਾਰਨ ਤੇ ਸੋ ਮਰਿ ਗਯੋ।
ਦਾਹੁ ਕਰਯੋ ਅਤਿਸ਼ੈ ਦੁਖ ਭਯੋ ॥੨੭॥
ਸ਼ੋਕ ਬਿਖੈ ਬਜਾਕੁਲ ਹੁਇ ਰਹਯੋ।
ਖਾਨ ਪਾਨ ਕੋ ਚਿਤ ਨਹਿਂ ਚਹਯੋ।
ਤਿਸ ਕੀ ਮਾਤ ਬ੍ਰਿਲਾਪ ਬਡੇਰੀ।
ਮੋਚਤਿ ਅੱਸ਼੍ਰੂ ਪਾਤ ਬਹੁਤੇਰੀ ॥੨੮॥
ਦਿਵਸ ਤੀਸਰੇ ਜੋ ਸੁਤ ਮਰਯੋ[3]।
ਕਿਹ ਨਰ ਸੰਗ ਵਹਿਰ ਮਿਲਿ ਪਰਯੋ।
ਹਤਯੋ ਸਸਾ ਇਕ ਦੀਨਸਿ ਹਾਥ।

---
[1]ਤੇਰੇ ਵਿੱਚ ਤਾਂ ਸਮਰਥਾ ਨਹੀਂ।
[2]ਜੇ ਕਿਸੇ ਹੋਰ ਨੇ ਕੀਤਾ ਤਾਂ ਤੂੰ ਈਰਖਾ ਕਰਦਾ ਹੈਂ।
[3]ਜੋ ਪੁੱਤ੍ਰ ਮਰ ਗਿਆ ਸੀ।

ਕਹਜੋ ਸੰਦੇਸਾ ਪਿਤ ਕੇ ਸਾਥ ॥੨੯॥
'ਛੁਧਤਿ ਹੋਇ ਕਿਮ ਸੰਕਟ ਧਾਰੋ।
ਮੁਝ ਕੋ ਜੀਵਤਿ ਹੀ ਨਿਰਧਾਰੋ।
ਬਿਨ ਆਮਿਖ ਨਹਿਂ ਅਚਹਿ ਅਹਾਰਾ[1]।
ਯਾਂ ਤੇ ਪਠਜੋ ਤਿਨਹੁਂ ਹਿਤ ਮਾਰਾ[2] ॥੩੦॥
ਮੋਹਿ ਮਰਜੋ ਲਖਿ ਸ਼ੋਕ ਨ ਕੀਜੈ।
ਖਾਨ ਪਾਨ ਕਰਿ ਆਨੰਦ ਥੀਜੈ।'
ਸੁਨਿ ਲੇ ਕਰਿ ਸੋ ਮਾਨਵ ਆਯੋ।
ਸੁਤ ਕੋ ਕਹਿਬੋ ਸਕਲ ਸੁਨਾਯੋ ॥੩੧॥
ਸੁਨਤਿ ਗੁਲਾਬ ਰਾਇ ਸੋ ਹਰਖਜੋ।
ਸ਼ਕਤਿ ਸਹਤ ਨਿਜ ਸੁਤ ਕੋ ਪਰਖਜੋ।
ਲੇ ਕਰਿ ਮਾਸ ਬਨਾਇ ਰਿੰਧਾਯੋ।
ਨਿਜ ਘਰ ਮਹਿਂ ਤਿਮ ਭਾਖਿ ਪਠਾਯੋ ॥੩੨॥
ਸੁਨਿ ਕਰਿ ਸੁਤ ਕੀ ਮਾਤ ਰਿਸਾਨੀ।
ਭਈ ਕੋਪ ਤਿਹ ਨਿਠੁਰ ਬਖਾਨੀ।
'ਆਮਿਖ ਖਾਨ ਬਿਨਾ ਅਕੁਲਾਵੈ।
ਅਨਿਕ ਫਰੇਬਨਿ ਬਾਤ ਬਨਾਵੈ ॥੩੩॥
ਪੁੱਤ੍ਰ ਨਹੀਂ ਪਜਾਰੋ ਜਿਹ ਰਿਦੈ।
ਆਮਿਖ ਅਚਵਨ ਪ੍ਰਿਯ ਜਦ ਕਦੇ।
ਕਹਾਂ ਸ਼ੋਕ ਉਪਜਹਿ ਬਿਰਲਾਪਹਿ।
ਛੁਧਤਿ ਕਹਾਂ, ਜਿਨ ਸੁਤ ਬ੍ਰਿਹ ਤਾਪਹਿ[3] ॥੩੪॥
ਸ਼ੁਭ ਗੁਨ ਸਹਤ ਪੁੱਤ੍ਰ ਅਸ ਮਰੈ।
ਪਿਤਾ ਨਿਠੁਰ[4] ਸ੍ਵਾਦਨਿ ਹਿਤ ਧਰੈ।
ਖਾਇ ਅਘਾਵਹਿ ਆਮਿਖ ਸੋਈ।
ਹਮ ਕੋ ਸ਼ੋਕ ਦੁਖਤਿ ਬਹੁ ਹੋਈ' ॥੩੫॥
ਇੱਤਜਾਦਿਕ ਬਹੁ ਕਹਜੋ ਕਠੋਰ।
ਗਯੋ ਗੁਲਾਬ ਰਾਇ ਕੀ ਓਰ।
ਘਰ ਕੀ ਕਹਿਵਤਿ ਸਕਲ ਸੁਨਾਈ।

---

[1](ਮੇਰਾ ਪਿਤਾ ਭੋਜਨ) ਨਹੀਂ ਖਾਂਦਾ ਮਾਸ ਤੋਂ ਬਿਨਾਂ।
[2]ਇਸ ਕਰਕੇ ਮਾਰ ਕੇ (ਸਹਿਆ) ਭੇਜਿਆ ਹੈ।
[3]ਭਾਵ ਜਿਨ੍ਹਾਂ ਨੂੰ ਪੁੱਤ੍ਰਾਂ ਦਾ ਵਿਛੋੜਾ ਤਪਾ ਰਿਹਾ ਹੈ ਉਹਨਾਂ ਨੂੰ ਭੁੱਖ ਕੀਕੂੰ ਲਗਦੀ ਹੈ।
[4]ਕਠੋਰ (ਮਨ ਵਾਲਾ)।

ਉਰ ਮਹਿਂ ਖਰ[1] ਜਿਮ ਅਨੀ[1] ਧਸਾਈ ॥੩੬॥
ਬਾਕ ਬਾਨ ਤੇ ਬੀਧਨ ਹੋਵਾ[2]।
ਬਹੁ ਬਜਾਕੁਲਤਾ ਰਿਦਾ ਪਰੋਵਾ।
ਖਾਇ ਨ ਜਾਇ ਹਟਯੋ ਨਹਿਂ ਜਾਇ।
ਚਿਤ ਚਿੰਤਾ ਅਤਿਸ਼ੈ ਅਕੁਲਾਇ ॥੩੭॥
ਬਹੁ ਦੁਖ ਪਾਇ ਕ੍ਰੋਧ ਵਧਿ ਗਯੋ।
ਸ੍ਰਾਪਤ ਸਹਤ ਸੁ ਦੁਰਬਚ ਕਹਯੋ।
'ਅਪਰ ਪੁੱਤ੍ਰ ਅਰੁ ਮੋਹਿ ਸਮੇਤ।
ਨਹਿਂ ਕਿਸਹੂੰ ਕੋ ਪਿਖਹਿਂ ਨਿਕੇਤ ॥੩੮॥
ਕਰਤਿ ਸ਼ੋਕ ਹੀ ਬੈਠੇ ਰਹੀਯਹਿ।
ਖਾਨ ਪਾਨ ਨਿਤੁ ਦੁਖ ਤੇ ਲਹੀਯਹਿ।'
ਇਮ ਕਹਿ ਕੇਤਿਕ ਦਿਵਸ ਬਿਤਾਏ।
ਅੰਤ ਸਮਾ ਤਬਿ ਲੌਂ ਨਿਯਰਾਏ ॥੩੯॥
ਸੁਤ ਕੇ ਸਹਤ[3] ਭਯੋ ਪਰਲੋਕ।
ਪੀਛੇ ਵਧਯੋ ਅਧਿਕ ਹੀ ਸ਼ੋਕ।
ਸ਼ਭਿ ਕੋ ਅੰਤ ਭਯੋ ਇਹ ਭਾਂਤੀ।
ਤਿਸ ਕੋ ਰਹਯੋ ਨ ਕੋ ਪਸ਼ਚਾਤੀ ॥੪੦॥
ਬਹੁਰ ਗੁਲਾਬ ਰਾਇ ਕੀ ਦਾਰਾ।
ਬੈਠਨ ਕੀ ਹੋਇਸਿ ਅਧਿਕਾਰਾ।
ਜੋ ਨਰ ਪੁੰਜ ਉਪਾਇਨ ਲਜਾਵੈਂ।
ਮਿਸਤਕ ਟੇਕਹਿਂ ਤਿਹਂ ਅਰਪਾਵੈਂ ॥੪੧॥
ਜਬਹਿ ਬ੍ਰਿਧਾ ਬਯ ਬਹੁ ਤਨ ਹੋਈ।
ਚਿਤਹਿ ਥਿਰਹਿ ਪਾਛੇ ਅਬਿ ਕੋਈ।
ਸ਼ਜਾਮ ਸਿੰਘ ਕੁਲ ਬ੍ਰਿਧਕ[4] ਹੇਰਾ।
ਸੁਰਜਨ ਸਿੰਘ ਨਾਮ ਜਿਸ ਕੇਰਾ ॥੪੨॥
ਨਿਜ ਉਛੰਗ ਸੋ ਪਾਵਨ ਕੀਨਿ[5]।
ਆਪ ਪ੍ਰਲੋਕ ਪਯਾਨੋ ਕੀਨਿ।

---

[1]ਖਰ+ਅ=ਤਿੱਖੀ ਨੋਕ।
[2]ਵਾਕਾਂ ਦੇ ਬਾਣਾਂ ਨਾਲ ਵਿੰਨ੍ਹਿਆਂ ਗਿਆ।
[3]ਇਨ੍ਹਾਂ ਦੇ ਚਾਰ ਪੁੱਤਰ ਸਨ-ਦਲੇਲ ਸਿੰਘ, ਜੋਧ ਸਿੰਘ, ਫਤੇ ਸਿੰਘ, ਤੇ ਮੌਜ ਸਿੰਘ ਜੋ ਆਪਦੇ ਪਰਲੋਕ ਗਮਨ ਸਮੇਂ ਸਾਰੇ ਮਰ ਗਏ ਸੇ।
[4]ਕੁਲ ਵਧਾਉਣ ਵਾਲਾ, ਭਾਵ ਸ਼ਾਮ ਸਿੰਘ ਦਾ ਪੋਤ੍ਰਾ।
[5]ਭਾਵ ਪੁੱਤ੍ਰ ਬਣਾ ਕੇ ਆਪਣੀ ਥਾਂ ਥਾਪਿਆ।

ਸੁਰਜਨ ਸਿੰਘ ਥਿਰਜੋ ਤਿਸ ਪਾਛੇ।
ਸਭਿ ਸਿੰਘਨ ਮਹਿਂ ਬਿਦਤਜੋ ਆਛੇ ॥੪੩॥
ਤਿਸ ਕੇ ਤੀਨ ਪੁੱਤ੍ਰ ਜਗ ਭਏ।
ਅੰਤ ਸਮਾ ਜਬਿ ਹੂੰ ਨਿਯਰਏ।
ਜੇਸ਼ਟ ਸੁਤ ਤਿਲੋਕ ਸਿੰਘ ਥਿਰਜੋ।
ਕੇਤਿਕ ਬਰਖਨ ਪੂਜਨ ਕਰਜੋ ॥੪੪॥
ਜਬਿ ਪ੍ਰਲੋਕ ਤਿਨ ਕੋ ਹੁਇ ਗਯੋ।
ਗਾਦੀ ਪਰ ਦਿਦਾਰ ਸਿੰਘ ਥਯੋ।
ਸੁਰਜਨ ਸਿੰਘ ਕੇਰ ਸੁਤ ਦੂਜਾ।
ਬਹੁਤ ਬਰਖ ਸੰਗਤਿ ਨੇ ਪੂਜਾ ॥੪੫॥
ਤਿਨ ਕੋ ਭੀ ਪ੍ਰਲੋਕ ਜਬਿ ਭਯੋ।
ਤ੍ਰਿਤੀ ਦਿਵਾਨ ਸਿੰਘ ਪਦ ਲਯੋ*।
ਅਬਿ ਬੈਠਤਿ ਹੈ ਗਾਦੀ ਊਪਰ।
ਬਿਦਤ ਅਹੈ ਜਾਨਹਿਂ ਬਹੁ ਭੂਪਰ ॥੪੬॥
ਸੋਢੀ ਆਨੰਦ ਪੁਰਿ ਮਹਿਂ ਜੇਈ।
ਸ਼ਜਾਮ ਸਿੰਘ ਕੋ ਕੁਲ ਸਭਿ ਤੇਈ।
ਗਾਦੀ ਥਿਰੇ ਭਨੇ ਮੈਂ ਸੋਈ।
ਅਪਰ ਸਿੰਘ ਜਾਨੈਂ ਸਭਿ ਕੋਈ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਆਨੰਦਪੁਰ ਗਾਦੀ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿਸਤੀ ਅੰਸੂ ॥੩੫॥

ਵਿਸ਼ੇਸ਼ ਟੂਕ:- ਇਸ ਪ੍ਰਕਾਰ ਦੇ ਵਾਕਿਆਤ ਤੋਂ ਇਕ ਸਿਧਾਂਤ ਸਪਸ਼ਟ ਧਿਆਨ ਗੋਚਰਾ ਹੁੰਦਾ ਹੈ, ਕਿ ਦਸਾਂ ਪਾਤਸ਼ਹੀਆਂ ਦਾ ਜੋ 'ਗੁਰੂ' ਦਰਜਾ ਸੀ ਉਹ ਉਸ 'ਗੁਰੂ' ਪਦ ਦੇ ਅਰਥਾਂ ਤੋਂ ਵੱਖਰਾ ਸੀ ਜੋ ਆਮ ਹਿੰਦੂ ਸਾਹਿਤਯ ਨੇ ਕੀਤਾ ਤੇ ਵਰਤਿਆ ਹੈ। ਇਕ ਕਿੱਲ ਠੋਕਣਾ ਸਿਖਾਉਣ ਵਾਲੇ ਤੋਂ ਲੈਕੇ ਬ੍ਰਹਮ ਵਿੱਦਯਾ ਦੇ ਦਾਤੇ ਤੱਕ ਨੂੰ ਉਹ ਇਕੋ ਪਦ 'ਗੁਰੂ' ਨਾਲ ਯਾਦ ਕਰਦੇ ਹਨ। ਸੰਸਕ੍ਰਿਤ ਵਰਣ ਮਾਲਾ ਸਿਖਾਲਣ ਵਾਲੇ ਤੋਂ ਲੈ ਕੇ, ਉਹ ਦੀਖਯਾ ਦੇਣ ਵਾਲੇ ਤੇ ਆਤਮ ਜੀਵਨ ਦੇਣ ਵਾਲੇ ਨੂੰ ਅਤੇ ਅੱਗੇ ਚਲਕੇ ਉਹ ਪਰਮੇਸ਼ਰ ਤੱਕ ਲਈ ਬੀ ਓਹੋ 'ਗੁਰੂ' ਪਦ ਵਰਤ ਲੈਂਦੇ ਹਨ। ਇਹੋ ਹਿੰਦੂ ਖਿਆਲ ਦਾ ਖੁੱਲ੍ਹੇ ਅਰਥਾਂ ਵਾਲਾ ਲਫਜ਼ 'ਗੁਰੂ' ਸਿੱਖਾਂ ਵਿਚ ਇਸ ਪਦ ਦੇ ਵਰਤਾਉ ਵਿੱਚ ਮੁਸ਼ਕਲਾਂ ਪਾਉਂਦਾ ਤੇ ਵਿਖਾਂਦ ਦਾ ਕਾਰਣ ਬਣਦਾ ਰਿਹਾ ਹੈ। ਸਿਖ ਧਾਰਮਕ ਸਾਹਿੱਤ ਵਿਚ ਇਹ ਪਦ ਜਦ ਦਸਾਂ ਪਾਤਸ਼ਾਹੀਆਂ ਨਾਲ ਵਰਤਿਆ ਗਿਆ ਹੈ ਤਾਂ ਇਸ ਦਾ ਭਾਵ 'ਗੁਰ ਅਵਤਾਰ' ਤੋਂ ਲਿਆ ਗਿਆ ਹੈ। ਪੁ: ਜਨਮ ਸਾਖੀ

*ਇਹਨਾਂ ਦੇ ਮਗਰੋਂ ਬ੍ਰਿਜਇੰਦਰ ਸਿੰਘ ਤੇ ਫੇਰ ਟਿਕਾ ਰਾਮਨਰਾਇਣ ਸਿੰਘ ਹੋਏ ਤੇ ਹੁਣ ਜਗਤਾਰ ਸਿੰਘ ਜੀ ਹਨ।

ਵਿਚ ਅਕਾਲ ਪੁਰਖ ਜੀ ਗੁਰੂ ਨਾਨਕ ਦੇਵ ਜੀ ਨੂੰ ਆਖਦੇ ਹਨ 'ਮੇਰਾ ਨਾਮ ਪਾਰਬ੍ਰਹਮ ਪਰਮੇਸਰ ਤੇਰਾ ਨਾਮ ਗੁਰਪਰਮੇਸਰ।' ਗੁਰਬਾਣੀ ਵਿੱਚ ਪੰਚਮ ਸਤਿਗੁਰੂ ਜੀ ਨੇ ਸਾਰੇ ਭਗਤਾਂ ਦੇ ਦਰਜੇ ਦੱਸਦਿਆਂ- ਜੋ ਆਪਣੀਆਂ ਸੰਪ੍ਰਦਾਵਾਂ ਦੇ ਸਿੱਖਯਾ ਦਾਤਾ ਸੇ-ਗੁਰੂ ਨਾਨਕ ਦੇਵ ਜੀ ਨੂੰ ਅਖੀਰ ਵਿੱਚ ਆ ਕੇ 'ਗੁਰੁ ਨਾਨਕ ਦੇਵ ਗੋਬਿੰਦ ਰੂਪ' ਕਿਹਾ ਹੈ, ਭਗਤਾਂ ਨੂੰ ਨਾ ਗੁਰੂ ਕਿਹਾ ਹੈ, ਨਾ ਗੋਬਿੰਦ ਰੂਪ ਦੱਸਿਆ ਹੈ। ਜਿਸ ਤੋਂ ਸਾਫ ਸਿੱਧ ਹੈ ਕਿ ਗੁਰੂ ਸਾਹਿਬ ਅਕਾਲ ਪੁਰਖ ਦੀ ਗੁਰੂ ਜਯੋਤੀ ਦਾ ਅਵਤਾਰ ਸੇ, ਉਹਨਾਂ ਦੀ ਸ਼ਾਨ ਵਿਚ 'ਗੁਰੂ' ਪਦ ਬੜੇ ਉੱਚੇ ਅਰਥਾਂ ਵਿਚ ਵਰਤਿਆ ਗਿਆ ਹੈ। ਪਰ ਇਤਿਹਾਸ ਵਿਚੋਂ ਪਤਾ ਚਲਦਾ ਹੈ ਕਿ ਇਸ ਗੱਲ ਨੂੰ ਨਾ ਸਮਝ ਕੇ ਕਈ ਵੇਰ ਆਪਣੇ ਆਪ ਨੂੰ ਗੁਰੂ ਕਹਾਉਣ ਦਾ ਤੇ ਦਸਾਂ ਪਾਤਸ਼ਾਹੀਆਂ ਦੇ ਤੁੱਲ ਮੰਨੇਂ ਜਾਣ ਦਾ ਨਿਸ਼ਫਲ ਜਤਨ ਹੋਇਆ ਹੈ, ਚਾਹੇ ਆਪ ਵਲੋਂ ਤੇ ਚਾਹੇ ਉਹਨਾਂ ਦੇ ਚੇਲਿਆਂ ਵੱਲੋਂ। ਜਦੋਂ ਕਿਸੇ ਇਸ ਗ਼ਲਤੀ ਕਰਨ ਵਾਲੇ ਨੂੰ ਸਮਝਾਇਆ ਜਾਵੇ ਤਾਂ ਉਹ ਉਸੇ ਹਿੰਦੂ ਸਾਹਿਤ ਦੇ 'ਗੁਰੂ ਪਦ' ਦੇ ਖੁੱਲ੍ਹੇ ਅਰਥਾਂ ਵਾਲੇ ਝਮੇਲੇ ਵਿਚ ਫਸਿਆ ਇਸ ਖਿਆਲ ਨੂੰ ਸਮਝਦਾ ਨਹੀਂ ਪਰ ਐਸੇ ਹਾਲਾਤ ਜੋ ਉਪਰ ਆਏ ਹਨ ਦੱਸਦੇ ਹਨ ਕਿ ਦਸਾਂ ਗੁਰੂ ਸਾਹਿਬਾਂ ਦੀ ਤੁੱਲਤਾ ਤੇ ਗੁਰੂ ਪਦ ਦੇ ਦਾਅਵੇ ਆਦਿ ਕਾਲ ਤੋਂ ਹੀ ਪੰਥ ਵਿਚ ਨਾਪਸੰਦ ਹੋਏ। (੧) ਪਹਿਲਾਂ ਸਭ ਤੋਂ ਇਹ ਭੁੱਲ ਬੰਦੇ ਦੇ ਵਧੇਰੇ ਪ੍ਰੇਮੀਆਂ ਤੋਂ ਹੋਈ। ਜਦੋਂ ਉਨ੍ਹਾਂ ਨੇ ਉਸਨੂੰ ਜਥੇਦਾਰ ਦੀ ਹੈਸੀਅਤ ਤੋਂ ਵਧੇਰੇ ਉੱਚਾ ਸਮਾਨ ਦੇਣਾ ਸ਼ੁਰੂ ਕਰ ਦਿੱਤਾ, ਅਤੇ ਜਦੋਂ ਉਸਨੇ 'ਦਰਸ਼ਨ ਫਤੇ' ਜਾਰੀ ਕੀਤੀ ਤਾਂ ਤਦੋਂ ਹੀ ਉਸ ਦੇ ਨਿਕਟਵਰਤੀ ਖਾਲਸਿਆਂ ਨੇ ਖ਼ਫਗੀ ਜ਼ਾਹਰ ਕੀਤੀ। ਮਾਤਾ ਸੁੰਦਰੀ ਜੀ ਨੇ ਬੀ ਮਨ੍ਹੇ ਕਰ ਘੱਲਿਆ। ਗ਼ਾਲਬਨ ਬੰਦੇ ਨੇ ਜੰਗ ਦਾ ਬੋਲਾ ਤਾਂ ਵਾਹਿਗੁਰੂ ਜੀ ਕੀ ਫਤੇ ਮੁੜ ਜਾਰੀ ਕੀਤਾ, ਪਰੰਤੂ ਉਸ ਨੂੰ ਗੁਰੂ ਤੁੱਲਤਾ ਦੇਣ ਵਾਲੇ ਉਸ ਦੇ ਲਸ਼ਕਰ ਵਿਚ ਬਹੁਤੇ ਹੋ ਗਏ ਸਨ। ਸ੍ਰੀ ਗੁਰੂ ਜੀ ਵਲੋਂ ਨਾਲ ਆਏ ਸਿੰਘਾਂ- ਬਾਬਾ ਵਿਨੋਦ ਸਿੰਘ, ਬਾਬਾ ਕਾਹਨ ਸਿੰਘ ਵਰਗਿਆਂ ਨੇ ਮਨ੍ਹੇ ਕੀਤਾ। ਪੰਥ ਦੀ ਰਾਜਨੈਤਕ ਹਾਲਤ ਆਗਿਆ ਨਹੀਂ ਸੀ ਦੇਂਦੀ ਕਿ ਬਾਬਿਆਂ ਵਰਗੇ ਦਾਨੇ ਬਾਬਾ ਬੰਦਾ ਸਿੰਘ ਜੀ ਨਾਲੋਂ ਅਲਗ ਹੋ ਜਾਂਦੇ ਪਰ ਬਾਬਾ ਕਾਹਨ ਸਿੰਘ ਦੇ ਪੁੱਤ੍ਰ ਮੀਰੀ ਸਿੰਘ ਨੇ, ਜੋ ਹਜੂਰੀ ਭੁਜੰਗੀਆਂ ਵਿਚੋਂ ਸੀ, ਬੰਦੇ ਦੀ ਮੁਖਲਾਫ਼ਤ ਕੀਤੀ। ਇਸ ਦੇ ਨਾਲ ਪੰਜ ਸਤ ਸੌ ਖਾਲਸਾ ਹੋਰ ਸਨ ਜਿਨ੍ਹਾਂ ਨੂੰ ਉਸ ਵੇਲੇ ਭੁਜੰਗੀ ਆਖਦੇ ਸਨ; ਇਹਨਾਂ ਨੇ ਫੈਸਲਾ ਕੀਤਾ ਕਿ ਅਸੀਂ ਬੰਦੇ ਨੂੰ ਦੱਸ ਦੇਣਾ ਹੈ ਕਿ ਤੂੰ ਗੁਰੂ ਨਹੀ; ਗੁਰੂ ਕਾ ਬਲ ਤੇਰੀ ਕਾਮਯਾਬੀ ਦਾ ਕਾਰਨ ਹੈ। ਚਾਹੇ ਮੀਰੀ ਸਿੰਘ ਨੂੰ ਬਾਬੇ ਤੇ ਪਿਤਾ ਨੇ ਰੋਕਿਆ ਪਰ ਉਸ ਨੇ ਕਿਹਾ ਕਿ ਮੈਂ ਪੰਥ ਵਿਚ ਫੁਟ ਨਹੀਂ ਪਾਵਾਂਗਾ, ਇਕ ਵੇਰੀ ਬੰਦਈਆਂ ਨੂੰ ਨਿਸ਼ਚਾ ਕਰਾਉਣਾ ਹੈ ਕਿ ਬਾਬਾ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਗੱਦੀ ਦਾ ਮਾਲਕ ਤੇ ਉਨ੍ਹਾਂ ਦੀ ਤੁੱਲਤਾ ਦਾ ਨਹੀਂ ਹੈ। ਇਸ ਲਈ ਮੈਂ ਇਹ ਪਰਤਾਵੇ ਵਜੋਂ ਗੁਰੂ ਅੱਗੇ ਅਰਦਾਸ ਕਰਕੇ ਬੰਦੇ ਨਾਲ ਜੂਝਣਾ ਹੈ ਕਿ ਜੇ ਬੰਦਾ ਗੁਰੂ ਹੈ ਤਾਂ ਉਸਦੀ ਜੈ ਹੋਵੇ ਤੇ ਜੇ ਬੰਦਾ ਗੁਰੂ ਨਹੀਂ ਤਾਂ ਉਸਦੀ ਹਾਰ ਹੋਵੇ। ਮੈਂ ਥੋੜੇ ਭੁਜੰਗੀਆਂ ਨਾਲ ਹਾਂ, ਉਹ ਮੰਨਿਆਂ ਪ੍ਰਮੰਨਿਆਂ ਜੋਧਾ ਤੇ ਬਹੁਤ ਸੈਨਾ ਵਾਲਾ ਹੈ। ਚੁਨਾਂਚੇ

ਜਦੋਂ ਬੰਦਾ ਰਿਆੜਕੀ ਤੋਂ ਲਾਹੌਰ ਨੂੰ ਵਧਿਆ ਹੈ ਤਾਂ ਮੀਰੀ ਸਿੰਘ ਨੇ ਆਪਣੇ 'ਭੁਜੰਗੀਆਂ' ਸਾਥੀਆਂ ਸਣੇ ਘਣੀਏਕੇ ਪਿੰਡ ਦੇ ਲਾਗੇ ਬੰਦੇ ਨਾਲ ਜੰਗ ਕੀਤਾ ਤੇ ਬੰਦੇ ਵਰਗੇ ਬਹਾਦਰ ਨੂੰ ਸ਼ਿਕਸਤ ਦੇਕੇ ਦੱਸ ਦਿੱਤਾ ਕਿ ਤਾਕਤ ਗੁਰੂ ਕੀ ਹੈ, ਗੁਰੂ ਨੇ ਪੰਥ ਵਿਚ ਰੱਖੀ ਹੈ, ਤੂੰ ਇਕੱਲਾ ਤਾਕਤ ਵਾਲਾ ਨਹੀਂ, ਗੁਰੂ ਨਹੀਂ। ਬੰਦਾ ਹਾਰ ਖਾਕੇ ਏਥੋਂ ਹੀ ਰਿਆੜਕੀ ਨੂੰ ਮੁੜ ਗਿਆ*। ਇਹ ਗੱਲ ਗ਼ਲਤ ਪ੍ਰਸਿੱਧ ਹੈ ਕਿ ਬੰਦਾ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਆਕੇ ਗੁਰਿਆਈ ਦਾ ਦਾਹਵਾ ਕੀਤਾ। ਉਨ੍ਹਾਂ ਦੇ ਚਲਾਣੇ ਤੋਂ ਬਹੁਤ ਬਰਸ ਮਗਰੋਂ ਬੰਦਈਆਂ ਤੇ ਖਾਲਸਿਆਂ ਦਾ ਝਗੜਾ ਤੇ ਚਿੱਠੀਆਂ ਵਾਲੀ ਗੱਲ ਹੋਈ ਸੀ। ਇਸੇ ਤਰ੍ਹਾਂ ਮਗਰੋਂ ਦੇ ਹਾਲਾਤ ਕਿ ਬੰਦਈਆਂ ਨੂੰ ਸ੍ਰੀ ਦਰਬਾਰ ਸਾਹਿਬ ਤੇ ਕਬਜ਼ਾ ਨਾ ਕਰਨ ਦਿੱਤਾ ਗਿਆ ਤੇ ਛੇਕੜ ਬਹੁਤ ਮੁਖੀਏ ਬੰਦਈ ਤਤਖਾਲਸਾ ਹੋ ਗਏ, ਇਸ ਗੱਲ ਨੂੰ ਦੱਸਦਾ ਹੈ ਕਿ ਇਸ ਪਹਿਲੇ ਜਤਨ ਦੀ ਕਿ ਕੋਈ ਹੋਰ ਦਸਾਂ ਗੁਰਾਂ ਸਦਰਸ਼ ਗੁਰੂ ਹੋ ਸਕਦਾ ਹੈ ਤਦੋਂ ਹੀ ਮੁਖਲਾਫਤ ਹੋਈ ਤੇ ਹਜ਼ੂਰੀ ਸਿੰਘਾਂ ਨੇ ਕੀਤੀ।

(੨) ਦੂਸਰੀ ਕੋਸ਼ਸ਼ ਗੁਰੂ ਬਣਨ ਦੀ ਪਾਲਕ ਅਜੀਤ ਸਿੰਘ ਤੇ ਹਠੀ ਸਿੰਘ ਵੱਲੋਂ ਹੋਈ, ਇਸ ਦੀ ਮੁਖਲਾਫਤ ਮਾਤਾ ਸੁੰਦਰੀ ਜੀ ਨੇ ਆਪ ਕੀਤੀ। ਮਾਤਾ ਜੀ ਦਸਮ ਗੁਰੂ ਸਾਹਿਬ ਦੇ ਆਦਰਸ਼ ਨੂੰ ਸਮਝਦੇ ਸੇ, ਉਹਨਾਂ ਦੇ ਰੂਹਾਨੀ ਜਲਾਲ ਨੂੰ ਅੱਖੀਂ ਦੇਖ ਚੁਕੇ ਸੇ, ਉਹ ਜਾਣਦੇ ਸੇ ਕਿ ਅਜੀਤ ਸਿੰਘ ਦਸਾਂ ਪਾਤਸ਼ਾਹੀਆਂ ਵਾਂਙੂ ਯਾਰਵੀਂ ਪਾਤਸ਼ਾਹੀ ਨਹੀਂ ਹੈ। ਉਹਨਾਂ ਨੇ ਉਸ ਦੀ ਮੁਖਾਲਫਤ ਕੀਤੀ, ਇਥੋਂ ਤਾਈਂ ਕਿ ਛੇਵੇਂ ਸਤਿਗੁਰਾਂ ਦੇ ਸ਼ਸਤ੍ਰ ਉਸ ਨੂੰ ਨਹੀਂ ਲਗਾਉਣ ਦਿੱਤੇ ਤੇ ਉਸ ਦੇ ਹਠ ਤੇ ਬੇਅਦਬੀ ਕਰਨ ਪਰ ਉਸਨੂੰ ਸਰਾਪ ਦੇਕੇ ਘਰੋਂ ਕੱਢ ਦਿੱਤਾ। ਇਸੇ ਤਰ੍ਹਾਂ ਜਦੋਂ ਹਠੀ ਸਿੰਘ ਨੇ ਬਾਣੀ ਰਚੀ ਤੇ ਗੁਰਬਾਣੀ ਵਿਚ ਆਪਣਾ ਨਾਮ ਪਾਇਆ ਤਾਂ ਮਾਤਾ ਜੀ ਨੇ ਸਮਝਾਇਆ। ਨਾ ਸਮਝਣ ਤੇ ਮਾਤਾ ਜੀ ਉਸ ਤੋਂ ਸੰਬੰਧ ਤੋੜਕੇ ਆਪ ਦਿੱਲੀ ਆ ਰਹੇ ਤੇ ਉਹ ਨਿਰਾਸ ਹੋਕੇ ਬੁਰਹਾਨਪੁਰ (ਦੱਖਣ) ਜਾ ਰਿਹਾ।

ਜਦੋਂ ਬੰਦਈਆਂ ਤੇ ਖਾਲਸਿਆਂ ਦਾ ਝਗੜਾ ਸ੍ਰੀ ਦਰਬਾਰ ਸਾਹਿਬ ਹੋਇਆ ਤਦੋਂ ਇਕ ਹੋਰ ਧੜਾ ਬੀ ਦਾਵੇਦਾਰ ਸੀ, ਓਹ ਜੀਤ ਮਲੀਏ ਕਹਾਉਂਦੇ ਸਨ। ਏਕ ਲੋਕ ਪਾਲਕ ਅਜੀਤ ਸਿੰਘ ਦੇ ਚੇਲੇ ਸਨ। ਉਸ ਵੇਲੇ ਇਹ ਬੀ ਧੱਕੇ ਗਏ ਤੇ ਫੇਰ ਮਾਦੂਮ ਹੋ ਗਏ।

(੩) ਤੀਸਰਾ ਜਤਨ ਗੁਰੂ ਬਣਨ ਦਾ ਗੁਰੂ ਜੀ ਦੇ ਆਪਣੇ ਪਿਤਰੇਰ ਭਤੀਜੇ ਗੁਲਾਬਰਾਇ (ਯਾ ਗੁਲਾਬ ਸਿੰਘ) ਵਲੋਂ ਹੋਇਆ। ਜਦੋਂ ਉਹ ਆਨੰਦ ਪੁਰ ਗੁਰੂ ਕੇ ਤਖਤ ਪਰ ਗੱਦੀ ਲਾਕੇ ਬੈਠਾ ਤੇ ਪੂਜਾ ਕਰਵਾਉਣ ਲੱਗਾ ਤਾਂ ਉਦਾਸੀ ਸੰਤ ਗੁਰਬਖਸ਼ ਨੇ, ਜਿਸ ਨੂੰ ਨਾਵੇਂ ਸਤਿਗੁਰਾਂ ਦੇ ਦੇਹੁਰੇ ਦੀ ਪੂਜਾ ਪਰ ਦਸਮੇਂ ਗੁਰੂ ਜੀ ਛੋੜ ਗਏ ਸੇ, ਮੁਖਾਲਫਤ ਕੀਤੀ। ਪਹਿਲਾਂ ਸਮਝਾਇਆ ਕਿ ਤੂੰ ਗੁਰੂ ਦਸਮੇਸ਼ ਜੀ ਦੀ ਗਦੀ ਤੇ ਨਹੀਂ, ਤੂੰ ਉਹ ਗੁਰੂ ਨਹੀਂ; ਇਸ ਤਖਤ ਦਾ, ਜਿਸ ਪਰ ਗੁਰੂ ਬੈਠਦਾ ਸੀ, ਅਦਬ ਕਰ। ਉਸ ਦੇ ਨਾ ਮੰਨਣ ਪਰ ਸਾਧੂ ਨੇ ਇੰਨੀ

*ਦੇਖੋ ਸ੍ਰੀ ਕਰਮ ਸਿੰਘ ਜੀ ਦਾ 'ਬੰਦਾ ਬਹਾਦਰ ਕੌਨ ਥਾ? ' ਦਾ ਸਫਾ ੧੦੭।

ਮੁਖਾਲਫਤ ਕੀਤੀ ਕਿ ਉਹ ਗੁਲਾਬ ਰਾਇ ਦੇ ਗੁਰੂ ਅੰਸ਼ ਹੋਣ ਤੇ ਗੁਰੂ ਦਸਮੇਸ਼ ਦਾ ਸਬੰਧੀ ਤੇ ਉਹਨਾਂ ਦਾ ਮਿੱਤ੍ਰ ਹੋਣ ਤੇ ਬੀ ਲਿਹਾਜ਼ ਵਿਚ ਨਹੀਂ ਆਇਆ ਤੇ ਸਾਧੂ ਨੇ ਉਸ ਨੂੰ ਨਿਰਵੰਸ਼ ਮਰਨ ਦਾ ਸ੍ਰਾਪ ਦਿੱਤਾ। ਗੁਲਾਬਰਾਇ ਉਸ ਵੇਲੇ ਚਾਰ ਪੁੱਤ੍ਰਾਂ ਦਾ ਪਿਤਾ ਸੀ, ਸਾਧੂ ਦੇ ਸ੍ਰਾਪ ਨਾਲ, ਜੋ ਉਸ ਨੇ ਅਸੂਲ ਪ੍ਰਸਤੀ ਤੇ ਖੜਕੇ ਦਿੱਤਾ ਸੀ, ਗੁਲਾਬ ਰਾਇ ਨਿਰਵੰਸ਼ ਮਰ ਗਿਆ।

ਇਹ ਸਾਰੇ ਜਤਨ ਤੇ ਜੱਦੋਜਿਹਦ ਇਤਿਹਾਸਕ ਸਬੂਤ ਹਨ ਇਸ ਗੱਲ ਦਾ ਕਿ ਦਸਮੇ ਪਾਤਸ਼ਾਹ ਜੀ ਦੇ ਸਚਖੰਡ ਪਯਾਨ ਦੇ ਸਮੇਂ ਤੋਂ ਪੰਥ ਵਿਚ ਕਿਸੇ ਇਕ ਵਯਕਤੀ ਦੇ ਦਸਾਂ ਗੁਰੂ ਸਾਹਿਬਾਂ ਦੇ ਤੁੱਲ, ਜਾਂ ਉਨ੍ਹਾਂ ਸਥਾਨੀ ਗੁਰੂ, ਯਾ ਸੱਚਾ ਪਾਤਸ਼ਾਹ ਕਹਿਲਾ ਸਕਣ ਦੀ ਮੁਖਾਲਫਤ ਹੁੰਦੀ ਰਹੀ ਹੈ। ਅਤੇ ਇਹ ਅਸੂਲ ਪ੍ਰਸਤੀ ਕਿਨ੍ਹਾਂ ਤੋਂ ਅਰੰਭ ਹੋਈ? ਸ੍ਰੀ ਦਸਮੇਸ਼ ਜੀ ਦੀ ਆਪਣੀ ਸੁਪਤਨੀ ਜੀ, ਸਾਡੀ ਪਰਮ ਪੂਜਯ ਸ੍ਰੀ ਮਾਤਾ ਜੀ ਵੱਲੋਂ। ਫਿਰ ਕਿਸ ਵੱਲੋਂ, ਸ੍ਰੀ ਗੁਰੂ ਜੀ ਦੇ ਥਾਪੇ ਗੁਰੂ ਅੰਸ਼ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਤੇ ਸਭ ਤੋਂ ਵਧਕੇ ਉਹਨਾਂ ਦੇ ਸਪੁੱਤ੍ਰ ਬਾਬਾ ਮੀਰੀ ਸਿੰਘ-ਹਜ਼ੂਰ ਦੇ ਹੱਥੋਂ ਅੰਮ੍ਰਿਤ ਛਕ ਚੁੱਕੇ ਭੁਜੰਗੀ ਵੱਲੋਂ ਤੇ ਤੀਸਰੀ ਥਾਵੇਂ ਗੁਰੂ ਜੀ ਦੇ ਹਜ਼ੂਰੀ ਸਿੱਖ ਉਨ੍ਹਾਂ ਦੇ ਥਾਪੇ, ਸਾਜੇ ਨਿਵਾਜੇ ਉਦਾਸੀ ਸੰਤ, ਕਰਨੀ ਰਹਿਣੀ ਦੇ ਸੂਰੇ ਬਾਬਾ ਗੁਰਬਖਸ਼ ਜੀ ਵੱਲੋਂ।

ਆਮ ਤੌਰ ਤੇ ਗੁਰਿਆਈ ਦੇ ਦਾਵੇਦਾਰ, ਤਯਾਗੀ ਵੈਰਾਗੀ ਵਯਕਤੀਆਂ ਦੇ ਗੁਰੂ ਅੰਸ਼ ਅਖਵਾਉਣ ਵਾਲੇ ਹੋ ਸਕਦੇ ਹਨ, ਪ੍ਰੰਤੂ ਸਿੱਖ ਇਤਿਹਾਸ ਦੱਸਦਾ ਹੈ ਕਿ ਭੱਲੇ ਸਾਹਿਬਜ਼ਾਦਿਆਂ[*] ਤੇ ਨਿਰਮਲ[+] ਭੇਖ ਦੇ ਸੰਤਾਂ ਤੇ ਹੋਰ ਮਹਾਤਮਾਵਾਂ[++] ਨੇ ਹੀ ਇਹ ਸਿਧਾਂਤ ਆਪਣੀਆਂ ਲਿਖਤਾਂ ਦੁਆਰਾ ਸਾਡੇ ਤੱਕ ਪੁਚਾਇਆ ਹੈ, ਕਿ ਸ੍ਰੀ ਗੁਰੂ ਕਲਗ਼ੀਧਰ ਜੀ ਜੋਤੀ ਜੋਤ ਸਮਾਉਣ ਸਮੇਂ 'ਪੰਥ' ਤੇ 'ਗ੍ਰੰਥ' ਨੂੰ ਗੁਰਿਆਈ ਦੇ ਗਏ ਹਨ ਤੇ ਹਜ਼ੂਰ ਤੋਂ ਪਿੱਛੋਂ ਕੋਈ ਇਕ ਵਯਕਤੀ ਆਪਣੇ ਆਪ ਨੂੰ ਸਿੱਖਾਂ ਵਿਚ ਦਸ ਗੁਰੂ ਸਥਾਨ ਗੁਰੂ ਨਹੀਂ ਅਖਵਾ ਸਕਦੀ, ਸੋ ਗੁਰੂ ਅੰਸ਼ ਤੇ ਨਿਰਮਲ ਭੇਖ ਦੇ ਉਘੇ ਇਤਿਹਾਸਕਾਰਾਂ ਦਾ ਦਸਮ ਪਾਤਸ਼ਾਹ ਤੋਂ ਪਿੱਛੋਂ ਕਿਸੇ ਇਕ ਵਯਕਤੀ ਦੇ ਦਸਾਂ ਗੁਰਾਂ ਸਥਾਨੀ ਗੁਰੂ ਹੋਣ ਦੇ ਦਾਵੇ ਦੇ ਮੰਨੇ ਜਾਣ ਤੋਂ ਇਨਕਾਰ ਦੱਸਦਾ ਹੈ ਕਿ ਪ੍ਰਾਚੀਨ ਕਾਲ ਤੋਂ ਇਹ ਸਿੱਧਾਂਤ ਨਿਰੋਲ ਨਿਰਵਾਦ ਮੰਨਿਆ ਆਉਂਦਾ ਸੀ ਤੇ 'ਗੁਰੂ' ਪਦ ਦੇ ਅਰਥ, ਸਿੱਖ ਸਾਹਿਤ ਵਿਚ ਹਿੰਦੂ ਸਾਹਿਤ ਦੇ ਅਰਥਾਂ ਤੋਂ ਵਿਲੱਖਣ ਤੇ ਉੱਚੇ ਹਨ।

ਇਸ ਦੇ ਇਹ ਅਰਥ ਨਹੀਂ ਕਿ ਸੰਸਾਰਿਕ ਵਿੱਦ੍ਯਾ ਯਾ ਪਰਮਾਰਥਿਕ ਵਿੱਦ੍ਯਾ ਦੇ ਉਸਤਾਦ, ਸਿੱਖ੍ਯਾ ਦਾਤਾ, ਕਰਨੀ ਵਾਲੇ ਸਿੰਘ ਸਿੱਖ ਪੰਥ ਵਿਚ ਸਤਿਕਾਰੇ ਨਹੀਂ ਜਾਂਦੇ ਰਹੇ। ਜਥੇਦਾਰ ਦੀ ਹੈਸੀਅਤ ਵਿਚ ਜਾਂ ਹਰਿਜਨ, ਸੰਤ ਦੀ ਸੂਰਤ ਵਿਚ ਕਹਿਣੀ ਕਰਨੀ ਦੇ ਪੂਰੇ ਸੱਜਣਾਂ ਦੇ ਸਤਿਕਾਰ ਹੁੰਦੇ ਰਹੇ, ਓਹ ਸੰਗਤਾਂ ਨੂੰ

[*] ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ।

[+] ਪੰਥ ਪ੍ਰਕਾਸ਼ ਗਿਆਨ ਸਿੰਘ ਗਿਆਨੀ ਗ੍ਰੰਥ।

[++] ਸੂਰਜ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ ਜੀ।

ਤੁਰਦੇ ਰਹੇ, ਸਨਮਾਨੇ ਜਾਂਦੇ ਰਹੇ ਤੇ ਆਪ ਨਾਮ ਜਪਦੇ ਤੇ ਜਪਾਉਂਦੇ ਰਹੇ, ਪਰ ਓਹ ਦਸਾਂ ਸਤਿਗੁਰਾਂ ਨੂੰ ਗੁਰ ਅਵਤਾਰ ਆਪ ਮੰਨਦੇ ਰਹੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਸੱਦਦੇ ਤੇ ਸੀਸ ਝੁਕਾਉਂਦੇ ਰਹੇ ਤੇ ਸੰਗਤਾਂ ਨੂੰ ਤਾਰਦੇ ਹੋਏ ਗੁਰੂ ਕੇ ਲੜ ਲਾਉਂਦੇ ਰਹੇ। ਗੁਰਮਤ ਦੇਣ ਵਾਲੇ ਨਾਮ ਜਪਣ ਤੇ ਜਪਾਉਣ ਵਾਲੇ ਮਹਾਂ ਪੁਰਖ ਪੰਥ ਵਿਚ 'ਬਾਬਾ' ਲਕਬ ਨਾਲ ਤੇ ਗੁਰਮੁਖ ਪਦ ਨਾਲ ਯਾਦ ਕੀਤੇ ਜਾਂਦੇ ਰਹੇ ਹਨ। ਰੋਜ਼ ਅਰਦਾਸ ਕਰੀਦੀ ਹੈ-ਗੁਰਮੁਖ ਦਾ ਮੇਲ ਸਾਧ ਦਾ ਸੰਗ। ਇਸਦੇ ਨਾਲ ਗੁਰਦੀਖਯਾ ਦਾ ਤ੍ਰੀਕਾ ਸ੍ਰੀ ਦਸਮੇਸ਼ ਜੀ ਨੇ 'ਅੰਮ੍ਰਿਤ' ਕਾਇਮ ਕੀਤਾ, ਛਕਾਉਣ ਵਾਲੇ ਪੰਜ ਪਿਆਰਿਆਂ ਦਾ ਸਮੁਦਾਇ ਗੁਰਸਥਾਨੀ ਹੋਇਆ "ਇਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸੁਰ ॥ " ਦਸ ਪਾਤਸ਼ਾਹੀਆਂ ਹਾਜ਼ਰ ਨਾਜ਼ਰ ਹਨ ਤੇ ਅਰਦਾਸਾ ਹਜ਼ੂਰੀ ਵਿੱਚ ਨਿਤ ਕਰੀਦਾ ਹੈ। 'ਸਭ ਥਾਈਂ ਹੋਇ ਸਹਾਇ' ਦਸਮੇਸ਼ ਜੀ ਨੇ ਆਪ ਫੁਰਮਾਇਆ ਹੈ।

## ੩੬. [ਅੰਤਮ ਮੰਗਲ]

੩੫<<ਪਿਛਲਾ ਅੰਸੂ ਤਤਕਰਾ ਐਨ ਦੂਜਾ ਅਗਲਾ ਅੰਸੂ>>

### ੧. 'ਕਾਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ: ਸਾਰਸੁਤੀ ਨਿਜ ਦਾਸ ਪਰ, ਭਈ ਸਹਾਇ ਅਪਾਰ।
ਪਾਰਦ ਬਰਨੀ ਪਾਰਦਾ, ਗ੍ਰਿੰਥ ਸਿੰਧੁ ਤੇ ਪਾਰਿ ॥੧॥

ਪਰ=ਉੱਤੇ, ਦੀ। ਅਪਾਰ=ਪਾਰ ਰਹਿਤ, ਬਹੁਤ, ਅਮਿੱਤ।

ਪਾਰਦ ਬਰਨੀ=ਪਾਰੇ ਦੇ ਰੰਗ ਵਰਗੀ, ਇਸਤੋਂ ਮੁਰਾਦ ਪਾਰੇ ਵਾਂਕੂ ਸੁਫੈਦ ਤੇ ਲੁਸ ਲੁਸ ਕਰਨ ਹਾਰੀ ਦਮਕ ਵਾਲੀ ਤੋਂ ਹੈ।

ਪਾਰਦਾ=ਪਾਰ ਕਰਨ ਵਾਲੀ, ਤਾਰਨਹਾਰ। ਭਾਵ ਗ੍ਰੰਥ ਨਿਰਵਿਘਨ ਸਮਾਪਤ ਕਰਾਉਣ ਵਾਲੀ। ਸਿੰਧੁ=ਸਮੁੰਦਰ।

ਅਰਥ: ਪਾਰੇ ਦੇ ਰੰਗ ਵਰਗੀ (ਚਿੱਟੀ ਤਾਰਨਹਾਰ ਸਰਸ੍ਵਤੀ ਗ੍ਰੰਥ ਰੂਪੀ ਸਮੁੰਦਰ ਦੇ ਪਾਰ ਕਰਨ ਵਿਚ ਆਪਣੇ ਦਾਸ ਦੀ ਅਮਿੱਤ ਸਹਾਈ ਹੋਈ ਹੈ।

ਚੌਪਈ: ਕਰਨੀ ਸੁਖ, ਦੁਖ ਦਾਰਿਦ ਹਰਨੀ।
ਹਰਨੀ ਸੁਤ ਸਮ ਆਂਖਨਿ ਬਰਨੀ।
ਬਰਨੀ ਬੱਕ੍ਰ ਮਹਾਂ ਛਬਿ ਧਰਨੀ।
ਧਰਨੀ ਬੁਧਿ ਕੀ ਬਯ ਤਨ ਤਰੁਨੀ* ॥੨॥

ਕਰਨੀ=ਕਰਨ ਵਾਲੀ। ਹਰਨੀ=ਦੂਰ ਕਰਨ ਵਾਲੀ, (ਅ) ਮ੍ਰਿਗੀ।
ਬਰਨੀ=ਵਰਣਨ ਕੀਤੀ ਜਾਂਦੀ ਹੈ। (ਅ) ਝਿੰਮਣੀਆਂ, ਭਵਾਂ, (ੲ) ਰੰਗਤ।
ਬੱਕ੍ਰ=ਟੇਢੀਆਂ। ਤਰੁਨੀ=ਜਵਾਨ।

ਅਰਥ: ਸੁਖਾਂ ਦੇ ਕਰਨਹਾਰੀ, ਦੁਖ ਦਰਿੱਦ੍ਰ ਦੇ ਦੂਰ ਕਰਨ ਵਾਲੀ, ਜੋ ਮ੍ਰਿਗੀ ਦੇ ਬੱਚੇ ਵਰਗੀਆਂ ਅੱਖੀਆਂ ਵਾਲੀ ਵਰਣਨ ਕੀਤੀ ਜਾਂਦੀ ਹੈ, (ਉਸ ਦੀਆਂ) ਟੇਢੀਆਂ ਭਵਾਂ ਬੜੀ ਹੀ ਛਬੀ ਧਾਰਨ ਵਾਲੀਆਂ ਹਨ, (ਜੋ) ਬੁੱਧੀ ਦੀ ਧਾਰਨ ਵਾਲੀ ਹੈ ਤੇ ਜਿਸ ਦੀ ਸ਼ਰੀਰ ਦੀ ਅਵਸਥਾ ਸਦਾ ਜਵਾਨੀ ਵਾਲੀ ਹੈ।

ਤਰਨੀ ਬਿਘਨ ਸਿੰਧੁ ਜਿਹ ਸ਼ਰਨੀ।
ਸਰ ਨੀਰਜ ਦੁਤਿ ਦ੍ਰਿਗ ਆਦਰਨੀ।
ਦਰਨੀ ਦੋਖਨਿ ਦਾਸ ਉਧਰਨੀ।
ਧਰਨੀ ਕਰੁਨਾ ਗੁਨੀਅਨਿ ਬਰਨੀ ॥੩॥

ਤਰਨੀ=ਬੇੜੀ। ਸ਼ਰਨੀ =ਸ਼ਰਨ। ਸਰ=ਵਰਗੀ। ਨੀਰਜ=ਕਵਲ।
ਆਦਰਨੀ=ਆਦਰਨ ਯੋਗ। (ਅ) ਵਿਸ਼ੇਸ਼ ਕਰਕੇ ਦਰਨ ਵਾਲੀ (ਭਾਵ ਕਵਲ ਦੀ ਸ਼ੋਭਾ ਨੂੰ) ਮਾਤ ਕਰਨ ਵਾਲੀ।

ਅਰਥ: ਜਿਸ ਦੀ ਸ਼ਰਨ ਵਿਘਨਾਂ ਰੂਪੀ ਸਾਗਰ ਦੀ ਬੇੜੀ ਹੈ, (ਜਿਸ ਦੇ) ਨੇਤ੍ਰਾਂ ਦੀ ਸ਼ੋਭਾ ਕਮਲਾਂ ਵਰਗੀ (ਸੁਹਣੀ) ਤੇ ਆਦਰ ਕਰਨ ਦੇ ਯੋਗ ਹੈ। ਜੋ (ਸਾਹਿਤ ਦੇ) ਦੂਖਣਾਂ

---

*ਕਵੀ ਜੀ ਨੇ ਇਸੇ ਗੱਲ ਨੂੰ ਪਿੱਛੇ ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੧ ਅੰਕ ੬ ਵਿਚ 'ਤਨ ਵੈ ਤਰਨੀ' ਕਰਕੇ ਕਿਹਾ ਹੈ। ਤਨ+ਬਯ=ਤਰੁਨੀ।

ਦੀ ਦਲਣ ਵਾਲੀ ਤੇ (ਕਵੀ ਰੂਪ) ਦਾਸਾਂ ਦੇ ਉਧਾਰਨ ਵਾਲੀ ਹੈ (ਤੇ ਜਿਸ ਨੂੰ) ਗੁਣੀ ਜਨਾਂ ਨੇ ਕ੍ਰਿਪਾ ਦੇ ਧਾਰਨ ਵਾਲੀ ਵਰਣਨ ਕੀਤਾ ਹੈ।

ਹੋਰ ਅਰਥ: ੨. (ਜਿਸ ਦੇ) ਨੇਤ੍ਰਾਂ ਦੀ ਦੁਤੀ ਕਵਲ ਵਰਗੀ (ਦੁਤੀ ਨੂੰ) ਵਿਸ਼ੇਸ਼ ਕਰਕੇ ਦਲਨ ਵਾਲੀ ਹੈ, ਭਾਵ ਮਾਤ ਕਰਨ ਵਾਲੀ ਹੈ।

ਬਰਨੀ ਕੁੰਦ ਇੰਦੁ ਆਭਰਨੀ।
ਭਰਨੀ ਨਾਗ ਬਿਘਨ ਗਨ ਅਰਿਨੀ।
ਅਰਿਨੀ ਕਰੇ ਅਨੰਦ ਉਸਰਨੀ।
ਸ਼ਰਨੀ ਪਰੇ ਕਲੇਸ਼ ਨਿਵਰਿਨੀ* ॥੪॥

ਕੁੰਦ=ਚੰਬੇ ਵਰਗਾ ਚਿੱਟੇ ਰੰਗ ਦਾ ਫੁੱਲ, ਮਰਤਬਾਨ ਦਾ ਫੁਲ। ਇਸ ਦੀ ਸ਼ੋਭਾ ਕਵੀ ਦੰਦਾਂ ਨਾਲ ਦੇਂਦੇ ਹਨ, ਇਸੇ ਕਰਕੇ ਇਥੇ ਦੰਦਾਂ ਦੀ ਸੰਭਾਵਨਾ ਕਰਕੇ ਅਰਥ ਕੀਤੇ ਹਨ (ਅ) ਚਾਂਦਨੀ ਦਾ ਫੁਲ, ਇਹ ਬੀ ਚਿੱਟਾ ਹੁੰਦਾ ਹੈ।

ਆਭਰਨੀ=ਸ਼ੋਭਾ ਵਾਲੀ। (ਅ) ਗਹਿਣੇ ਵਤ ਧਾਰਨ ਵਾਲੀ।

ਭਰਨੀ=ਮੋਰਨੀ। ਗਾਰੜੂ ਮੰਤ੍ਰ। [ਮੋਰ ਸੱਪਾਂ ਨੂੰ ਖਾਂਦੇ ਹਨ ਤੇ ਗਾਰੜੂ ਮੰਤ੍ਰ ਬੀ ਸੱਪਾਂ ਦੀ ਵਿੱਸ ਝਾੜਦਾ ਹੈ। ਹਿੰਦੀ, ਭਰਨੀ=ਮੋਰਨੀ, ਛਛੂੰਦਰ, ਗਾਰੁੜੀ ਮੰਤ੍ਰ ਆਦਿ]।

ਅਰਿਨੀ=[ਅ+ਰਿਣੀ]। ਕਵੀ ਜਗਤ ਦੇ ਅਕਸਰ ਪਦਾਰਥ ਵਲੋਂ ਤੰਗ ਤੇ ਕਰਜ਼ਾਈ ਰਹਿੰਦੇ ਹਨ। ਕਵੀ ਜੀ ਨੂੰ ਸਾਈਂ ਨੇ ਇਸ ਦੁਖ ਤੋਂ ਬਚਾਇਆ ਇਸ ਕਰਕੇ 'ਅਰਿਣੀ ਕਰਨ ਵਾਲੀ' ਖਾਸ ਮਹਿੰਮਾਂ ਕੀਤੀ ਹੈ। ਅਥਵਾ, ਜੋ ਪ੍ਰਣ ਕਵੀ ਕਰਦੇ ਹਨ ਕਿ ਆਹ ਗ੍ਰੰਥ ਰਚਾਂਗਾ ਉਸ ਦੇ ਪੂਰੇ ਹੋਣ ਨਾਲ ਕਵੀ ਜ਼ਿੰਮੇਵਾਰੀ ਤੋਂ ਅਰਿਣੀ ਹੁੰਦਾ ਹੈ। ਉਸਰਨੀ=ਉਤਸਾਹ ਦੇਣ ਵਾਲੀ। ਉਸਾਰਨ ਵਾਲੀ।

ਅਰਥ: ੧. ਕੁੰਦ ਦੇ ਫੁਲ ਵਰਗੇ ਰੰਗ ਵਾਲੀ ਹੈ (ਭਾਵ ਚਿੱਟੇ ਰੰਗ ਦੀ, ਤੇ) ਚੰਦ੍ਰਮਾ ਦੀ ਸ਼ੋਭਾ ਵਾਲੀ ਹੈ। ਸੱਪਾਂ ਰੂਪੀ ਸਮੂਹ ਵਿਘਨਾਂ ਦੀ ਮੋਰਨੀ (ਵਤ) ਸ਼ੱਤ੍ਰੂ ਹੈ। ਅਰਿਣੀ ਕਰਕੇ ਆਨੰਦ ਉਸਾਰਨ ਵਾਲੀ ਹੈ। (ਆਪਣੇ) ਸ਼ਰਣ ਪਿਆਂ ਦੇ (ਸਾਰੇ) ਕਲੇਸ਼ ਦੂਰ ਕਰਨ ਵਾਲੀ ਹੈ।

ਹੋਰ ਅਰਥ: ਕੁੰਦ (ਵਰਗੇ ਚਿੱਟੇ ਦੰਦਾਂ ਦੀ ਪੰਕਤੀ) ਵਾਲੀ, (ਤੇ) ਚੰਦ੍ਰਮਾਂ (ਨੂੰ) ਗ੍ਰਹਿਣ (ਵਤ) ਧਾਰਨ ਵਾਲੀ।

## ੨. ਕਥਾ ਮੰਗਲ।

ਹਰੀ ਸਿਮਰਿ ਕਥ ਪੂਰਨ ਕਰੀ।
ਕਰੀ ਕਲੁਖ ਕੋ ਬਾਘਨਿ ਖਰੀ।
ਖਰੀ ਭਈ ਜਿਮ ਮੁਕਤਾ ਲਰੀ।
ਲਰੀ ਕੁਮਤਿ ਸੋ ਤੂਰਨ ਹਰੀ ॥੫॥

ਹਰੀ=ਵਾਹਿਗੁਰੂ। ਕਰੀ ਕਲੁਖ=ਪਾਪ ਰੂਪ ਹਥਨੀ।
ਖਰੀ=ਚੰਗੀ। ਠੀਕ। ਸੱਚਮੁਚ। ਖਰੀ ਭਈ=ਖੜੀ ਹੋਈ, ਤਿਆਰ ਹੋਈ। (ਅ) ਸੁੱਚੀ।
ਲਰੀ=ਜਿਸ ਨੇ ਲੜਾਈ ਕੀਤੀ। (ਅ) ਕਤਾਰ, ਸ਼੍ਰੇਣੀ, ਲੜੀ, ਮਾਲਾ।

*ਅੰਕ ੨ ਤੋਂ ੪ ਤੱਕ ਤਿੰਨੇ ਛੰਦ ਸਿੰਘਾਵਿਲੋਕਨ ਚਾਲ ਵਿਚ ਇਕੇ ਲੜੀ ਵਿਚ ਜਾ ਰਹੇ ਹਨ।

ਅਰਥ: ਪਾਪ (ਰੂਪੀ) ਹਥਨੀ ਨੂੰ ਸੱਚਮੁਚ ਸ਼ੇਰਨੀ (ਹੋਕੇ ਢੁੱਕਣ ਵਾਲੀ ਇਹ) ਕਥਾ ਮੈਂ ਵਾਹਿਗੁਰੂ ਨੂੰ ਸਿਮਰ (ਸਿਮਰ) ਕੇ ਪੂਰੀ ਕੀਤੀ ਹੈ। (ਇਹ ਕਥਾ) ਮੋਤੀਆਂ ਦੀ (ਸੁੱਚੀ) ਲੜੀ ਵਾਂਗੂ ਤਿਆਰ ਹੋਈ ਹੈ, (ਇਸ ਦੀ ਤਿਆਰੀ ਵਿਚ ਜੋ ਬੀ) ਦੁਰਬੁੱਧੀ (ਮੇਰੇ ਨਾਲ) ਲੜਨ ਵਾਸਤੇ ਆਈ (ਮੈਂ) ਤਤਕਾਲ ਦੂਰ ਕਰ ਦਿੰਦਾ ਰਿਹਾ ਹਾਂ।

ਹੋਰ ਅਰਥ: (ਹੁਣ ਮੈਂ) ਹਰੀ ਦਾ ਸਿਮਰਨ (ਦ੍ਰਿੜ੍ਹਾਉਣ ਵਾਲੀ) ਕਥਾ ਪੂਰੀ ਕਰ ਲਈ ਹੈ, (ਇਹ) ਪਾਪਾਂ ਰੂਪੀ ਹਥਨੀ ਨੂੰ ਸਚਮੁਚ ਸ਼ੇਰਨੀ (ਹੋਕੇ ਢੁੱਕਣ ਵਾਲੀ ਹੈ) (ਤੇ ਪੁੰਨਾ ਰੂਪੀ ਸੁੰਦਰ ਹਿਰਦਿਆਂ ਤੇ ਸ਼ੋਭਾ ਦੇਣ ਵਾਲੀ ਇਹ) ਮੋਤੀਆਂ ਦੀ ਸੁੱਚੀ ਲੜੀ (ਤਿਆਰ ਹੋਈ ਹੈ) ਜੋ ਕੁਮਤੀਆਂ ਦੀ (ਸਾਰੀ) ਸ਼੍ਰੇਣੀ ਨੂੰ ਝਟਪਟ ਹਰ ਲੈਣ ਵਾਲੀ ਹੈ।

ਪਹਿਲੇ ਅਰਥ ਦਾ ਭਾਵ-ਮੈਂ ਇਹ ਕਥਾ ਵਾਹਿਗੁਰੂ ਜੀ ਦੇ ਸਿਮਰਨ ਵਿਚ ਰਹਿਕੇ ਲਿਖੀ ਹੈ। ਇਕ ਤਾਂ ਸਿਮਰਨ ਵਿਚ ਰਹਿਣਾ ਮੇਰੀ ਕਰਨੀ ਕਰਤੱਤ ਸੀ ਤੇ ਉਹ ਚਾਨਣਾ ਸੀ ਕਿ ਜਿਸ ਵਿਚ ਮਨੁੱਖ ਪਾਸੋਂ ਭੁੱਲਾਂ ਘੱਟ ਹੁੰਦੀਆਂ ਹਨ, ਦੂਸਰੇ ਨਿਰਵਿਘਨ ਸਮਾਪਤੀ ਲਈ ਸਾਈਂ ਨੂੰ ਯਾਦ ਰਖਦਾ ਸਾਂ।

ਜਿੱਥੋਂ ਤੱਕ ਹੋਇਆ ਹੈ ਮੈਂ ਸੁੱਚੇ ਮੋਤੀਆਂ ਵਾਂਙੂ ਸੁੱਚੇ ਸੁੱਚੇ ਪ੍ਰਸੰਗਾਂ ਦੀ ਮਾਲਾ ਇਹ ਕਥਾ ਤਿਆਰ ਕੀਤੀ ਹੈ ਤੇ ਦੁਰਬੁੱਧੀ ਪੁਰਖਾਂ ਦੇ ਖੇਦਾਂ ਵਾਲੇ ਝੂਠੇ ਪ੍ਰਸੰਗ ਜਿੱਥੇ ਜਿੱਥੇ ਮੇਰੀ ਪਰਖ ਵਿਚ ਆਏ ਮੈਂ ਦੂਰ ਕੀਤੇ ਹਨ ਅਥਵਾ ਦੁਰਬੁੱਧੀਆਂ ਦੀ ਖੋਟੀ ਸਲਾਹ ਜਦ ਕਦੇ ਮੇਰੇ ਮੁਕਾਬਲੇ ਤੇ ਆਈ ਮੈਂ ਪ੍ਰਾਜੈ ਕੀਤੀ, ਫਿਰ ਪਾਪਾਂ ਤੇ ਜੈ ਪਾਉਣ ਦਾ ਮਸਾਲਾ ਇਸ ਵਿਚ ਕਾਫੀ ਪਾਇਆ ਹੈ।

ਦੂਜੇ ਅਰਥ ਦਾ ਭਾਵ: ਇਹ ਨਿਰੀ ਦਿਲ ਪਰਚਾਵੇ ਦੀ ਕਥਾ ਮਾਤ੍ਰ ਨਹੀਂ ਇਸ ਵਿਚ ਨਾਮ ਸਿਮਰਨ ਵਿਚ ਲਗਾ ਦੇਣ ਦੀ ਤਾਸੀਰ ਰੱਖੀ ਗਈ ਹੈ, ਪਾਪਾਂ ਵਿਕਾਰਾਂ ਤੋਂ ਉਪਰਾਮ ਰਹਿਣ ਦੀ ਸਿੱਖਯਾ ਇਸ ਵਿਚ ਭਰੀ ਪਈ ਹੈ ਅਤੇ ਪੁੰਨ ਮਈ ਬ੍ਰਿਤੀ ਵਾਲਿਆਂ ਲਈ ਇਸ ਕਥਾ ਵਿਚ ਮੋਤੀਆਂ ਵਰਗੇ ਸੁਹਣੇ ਤੇ ਅਨਮੋਲ ਪਦਾਰਥ ਪਰਮਾਰਥ ਦੇ ਭਰੇ ਪਏ ਹਨ, ਤੇ ਦੁਰਬੁੱਧੀਆਂ ਦੇ ਦੂਰ ਕਰਨ ਲਈ ਇਸ ਵਿਚ ਕਾਫੀ ਉਪਦੇਸ਼ ਤੇ ਜੀਵਨ ਦੇ ਤਜਰਬੇ ਮੌਜੂਦ ਹਨ।

### ੩. ਇਸ਼੍ਟ ਗੁਰੂ-ਗੁਰ ਅਵਤਾਰ-ਮੰਗਲ।

ਪਾਰਬ੍ਰਹਮ ਕੇ ਗੁਰ ਅਵਤਾਰ*।
ਤਾਰਨ ਹਿਤ ਜਗ+ ਭਗਤ ਉਦਾਰ।
ਦਾਰੁਨ ਦੁਖ ਤੇ ਕੀਨਿ ਉਧਾਰ।
ਧਾਰੇ ਸਿੱਖੀ ਪਰੇ ਸੁ ਪਾਰ ॥੬॥

ਅਰਥ: (ਸਾਰੇ) ਗੁਰੂ ਸਾਹਿਬ ਪਾਰਬ੍ਰਹਮ ਦੇ ਅਵਤਾਰ ਹਨ, ਜੋ ਜਗਤ ਦੇ ਭਗਤਾਂ ਨੂੰ ਤਾਰਨ ਵਿੱਚ (ਅਤਿ) ਉਦਾਰ (ਹੋਏ) ਹਨ*। ਭਯਾਨਕ ਦੁੱਖਾਂ ਤੋਂ (ਜਗਤ ਦਾ ਆਪ ਨੇ ਹੀ)

---

*ਗੁਣੀ ਜਨਾਂ ਨੂੰ ਸਮਝ ਲੈਣਾ ਚਾਹੀਏ ਕਿ ਕਵੀ ਜੀ ਏਥੇ ਗੁਰੂ ਸਾਹਿਬਾਂ ਨੂੰ ਵਿਸ਼ਨੂੰ ਅਵਤਾਰ ਨਹੀਂ ਦੱਸ ਰਹੇ ਸਗੋਂ ਪਾਰਬ੍ਰਹਮ ਦਾ ਅਵਤਾਰ ਦੱਸ ਰਹੇ ਹਨ। ਇਸ ਵਿਚ ਪਹਿਲੇ ਅਵਤਾਰਾਂ ਤੋਂ ਗੁਰੂ ਅਵਤਾਰ ਦੀ ਕਵੀ ਜੀ ਆਪ ਵਿਸ਼ੇਸ਼ਤਾ ਦਰਸਾ ਰਹੇ ਹਨ।

+ਪਾ:-ਜਨ।

ਉਧਾਰ ਕੀਤਾ, (ਤੇ ਜਿਨ੍ਹਾਂ ਨੇ ਆਪ ਦੀ) ਸਿੱਖੀ ਧਾਰਨ ਕੀਤੀ ਸੋ ਭਵਸਾਗਰ ਤੋਂ ਪਾਰ ਹੋ ਗਏ।

### ੪. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਸੈਯਾ: ਧਾਰਿ ਅਪੂਰਬ ਪੂਰਬ ਰੂਪ
ਭਏ ਗੁਰ ਨਾਨਕ ਜੋਤਿ ਉਦਾਰਹਿ।
ਦਾਰ ਕਿਧੌਂ ਨਰ ਪੰਥ ਪਰੇ ਤਿਨ
ਸੇ ਜਗ ਸਾਗਰ ਤੇ ਪਰਿ ਪਾਰਹਿ।
ਪਾਰਤਿ ਹੈਂ ਗੁਨ, ਟਾਰਤਿ ਔਗੁਨ,
ਗਜਾਨ ਸਿਖਾਰਤਿ ਬਾਕ ਬਿਚਾਰਹਿਂ।
ਚਾਰਹੁਂ ਬੇਦ ਉਚਾਰਹਿਂ ਸਾਰਹਿ,
ਬੰਦਤਿ ਹੌਂ ਅਬਿ ਮੋਹਿ ਉਧਾਰਹਿਂ ॥੭॥

ਅਪੂਰਬ=ਜਿਹੋ ਜਿਹਾ ਅਗੇ ਨਾ ਹੋਵੇ, ਭਾਵ ਅਚਰਜ, ਅਤਿ ਸੁੰਦਰ।

ਪੂਰਬ=ਸਭ ਤੋਂ ਪਹਿਲਾਂ, ਸਭ ਤੋਂ ਸਨਾਤਨ ਭਾਵ ਪਰਮਾਤਮਾ, ਬ੍ਰਹਮ। ਜਿਸ ਤੋਂ ਪਹਿਲਾਂ ਹੋਰ ਕੋਈ ਨਾ ਹੋਇਆ ਹੋਵੇ। (ਅ) ਪਹਿਲਾ ਸਰੂਪ ਭਾਵ ਦਸੋ ਗੁਰੂ ਸਾਹਿਬਾਨ ਵਿਚੋਂ ਸਭ ਤੋਂ ਪਹਿਲੇ।

ਦਾਸ=ਇਸਤ੍ਰੀਆਂ। ਪਰਿ ਪਾਰਿਹ=ਪੈ ਗਏ ਪਾਰ।

ਅਰਥ: ੧. ਅਸਚਰਜ ਬ੍ਰਹਮ ਹੀ ਰੂਪ ਧਾਰਕੇ ਉਦਾਰ ਜਜੋਤੀ ਸ਼੍ਰੀ ਗੁਰੂ ਨਾਨਕ ਦੇਵ ਜੀ ਹੋਏ। ੨. ਇਸਤ੍ਰੀ ਅਥਵਾ ਪੁਰਸ਼ (ਜੋ ਵੀ) ਤਿਨ੍ਹਾਂ ਦੇ ਪੰਥ (ਭਾਵ ਸਿਖੀ ਮਾਰਗ) ਵਿਚ ਆਏ, ਓਹ ਸੰਸਾਰ ਸਾਗਰ ਤੋਂ ਪਾਰ ਪੈ ਗਏ। ੩. ੪. (ਸਤਿਗੁਰੂ ਜੀ ਆਪਣੇ ਸੇਵਕਾਂ ਦੇ) ਗੁਣਾਂ ਨੂੰ ਪਾਲਦੇ ਹਨ, ਔਗੁਣਾਂ ਨੂੰ ਦੂਰ ਕਰਦੇ ਹਨ ਤੇ ਗਿਆਨ ਸਿਖਾਲਦੇ ਹਨ, (ਜੇ ਕੋਈ ਉਨ੍ਹਾਂ ਦੇ) ਵਾਕਾਂ ਨੂੰ ਵਿਚਾਰਦੇ ਹਨ ਓਹ ਚਾਰ ਵੇਦਾਂ ਦੇ ਤੱਤ ਨੂੰ ਉਚਾਰਨ ਲਗ ਜਾਂਦੇ ਹਨ। (ਮੈਂ) ਹੁਣ (ਉਨ੍ਹਾਂ ਸਤਿਗੁਰਾਂ) ਨੂੰ ਨਮਸਕਾਰ ਕਰਦਾ ਹਾਂ। (ਤੇ ਬੇਨਤੀ ਕਰਦਾ ਹਾਂ ਕਿ) ਮੇਰਾ ਵੀ ਪਾਰ ਉਤਾਰਾ ਕਰਨ।

ਹੋਰ ਅਰਥ: ੧. ਪਹਿਲੇ ਗੁਰੂ ਅਤਿ ਸੁੰਦਰ ਰੂਪ ਧਾਰਕੇ (ਸ੍ਰੀ ਗੁਰੂ) ਨਾਨਕ ਦੇਵ ਜੀ ਉਦਾਰ ਜੋਤੀ ਵਾਲੇ ਹੋਏ। ੪. ਜੋ ਕੁਛ ਉਚਾਰਦੇ ਹਨ ਉਹ ਚਾਰ ਵੇਦਾਂ ਦਾ ਤੱਤ ਹੁੰਦਾ ਹੈ। ਅਥਵਾ ਸਾਰਾ ਜੋ ਕੁਛ ਗੁਰੂ ਜੀ ਉਚਾਰਦੇ ਹਨ ਉਹ ਵੇਦ ਕੋਲੋਂ (ਚਾਰੂ=) ਸੁੰਦਰ ਹੁੰਦਾ ਹੈ+।

### ੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਚਿੱਤ੍ਰਪਦਾ ਛੰਦ: ਜਾਲ ਜੰਜਾਲ ਫਸੇ ਜੁ ਮਿਲੇ,
ਤਿਨ ਦਾਸਨਿ ਬ੍ਰਿੰਦ ਬਿਕਾਰਨ ਜਾਲਿ।
ਜਾਲਨਿ ਕੋ ਉਪਦੇਸ਼ ਬਿਖਾਨਿ ਕੈ
ਸ਼੍ਰੀ ਸਤਿਨਾਮ ਕੀ ਦੇ ਜਪੁਮਾਲ।

---

*ਅਥਵਾ ਜਗਤ ਨੂੰ ਤਾਰਨ ਹਿਤ ਭਗਤੀ ਦਾਨ ਦੇਣ ਵਿਚ (ਬੜੇ) ਉਦਾਰ ਹੋਏ ਹਨ।

+ਵੇਦਾਂ ਦੇ ਸਾਰ ਬਾਬਤ ਵਿਸ਼ੇਸ਼ ਵੀਚਾਰ ਲਈ ਦੇਖੋ ਰਾਸ ੩ ਅੰਸੂ ੪੨ ਅੰਕ ੩੫ ਦੀ ਹੇਠਲੀ ਟੂਕ।

ਮਾਲਿਕ ਦੀਨ ਦੁਨੀ ਗੁਰ ਅੰਗਦ
ਬੰਦਨ ਤੇ ਕਰਿ ਦੇਤਿ ਨਿਹਾਲ।
ਹਾਲ ਭਲੋ ਪਰਲੋਕ ਤਿਨੈ,
ਨਹਿਂ ਫੇਰ ਫਸੈਂ ਕਬਿਹੂੰ ਜਮਜਾਲ ॥੮॥

ਜਾਲ=ਜਾਲ, ਫਾਹੀ। ਜੰਜਾਲ=ਝੰਝਟ, ਬਖੇੜੇ, ਪੁਆੜੇ, ਪ੍ਰਪੰਚ।
ਜਾਲਿ=ਸਾੜ ਦਿਤੇ। ਜਾਲਨਿ ਕੋ=ਬਹੁਤਿਆਂ ਨੂੰ। ਸਾਰਿਆਂ ਨੂੰ।
ਬਖਾਨਿ ਕੈ=ਕਹਿਕੇ। ਸਮਝਾ ਕੇ।

ਅਰਥ: (ਸਤਿਗੁਰੂ ਅੰਗਦ ਦੇਵ ਜੀ ਨੂੰ) ਜੇਹੜੇ (ਲੋਕੀਂ) ਜੰਜਾਲਾਂ ਦੇ ਜਾਲ ਵਿਚ ਫਸੇ ਹੋਏ ਮਿਲੇ, ਤਿਨ੍ਹਾਂ ਸਾਰਿਆਂ ਦਾਸਾਂ ਦੇ ਵਿਕਾਰ (ਆਪ ਨੇ) ਦਗਧ ਕਰ ਦਿੱਤੇ, ਅਤੇ ਸਾਰਿਆਂ ਨੂੰ ਹੀ (ਆਪਣਾ) ਉਪਦੇਸ਼ ਸਮਝਾਕੇ ਸ੍ਰੀ ਸਤਿਨਾਮ ਦੀ ਜਪਮਾਲਾ ਦਿੱਤੀ (ਅਰਥਾਤ ਨਾਮ ਬਖਸ਼ਿਆ) ਗੁਰੂ ਅੰਗਦ ਦੇਵ ਜੀ ਦੀਨ ਦੁਨੀ ਦੇ ਮਾਲਕ ਹਨ (ਦਾਤੇ ਐਸੇ ਹਨ ਕਿ) ਨਮਸਕਾਰ ਕਰਨ ਤੇ ਹੀ (ਇਸ ਜਗਤ ਵਿਚ ਭੀ) ਨਿਹਾਲ ਕਰ ਦਿੰਦੇ ਹਨ ਤੇ ਪ੍ਰਲੋਕ ਵਿਚ ਵੀ ਉਹਨਾਂ ਦਾ ਹਾਲ (ਬਹੁਤ) ਚੰਗਾ ਹੁੰਦਾ ਹੈ (ਤੇ ਉਹ) ਮੁੜਕੇ ਜਮ ਦੇ ਜਾਲ ਵਿਚ ਕਦੇ ਨਹੀਂ ਫਸਦੇ।

### ੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

ਸ੍ਵੈਯਾ: ਮੋਹਿ ਰਿਦੈ ਬਸਿ ਕੈ ਨਿਸ ਬਾਸੁਰ
ਨਾਸ਼ ਕਲੇਸ਼ ਕਰੋ, ਹੁਇ ਮੋਹ ਨ।
ਮੋਹਨ ਕੇ ਪਿਤ ਸ਼੍ਰੀ ਗੁਰ ਪੂਰਨ!
ਦਾਸਨ ਕੇ ਕਰਤਾ ਮਨ ਮੋਹਨ!
ਹੋਹਿ ਨ ਲੋਭ ਕੋ ਲੋਭ ਕਬੈ,
ਨਹਿਂ ਕਾਮ ਕੋ ਕਾਮ ਹੰਕਾਰ ਨ ਕ੍ਰੋਹ ਨ।
ਕੋਹ ਸੀ ਓਟ ਸਦਾ ਨਿਜ ਦਾਸਨਿ
ਦਾਨ ਕੋ ਦੀਨ ਕਰੇ ਨਿਰਮੋਹਨ ॥੯॥

ਮੋਹਿਨ=ਗੁਰੂ ਅਮਰ ਦੇਵ ਜੀ ਦੇ ਵਡੇ ਸਪੁੱਤ੍ਰ ਦਾ ਨਾਮ।
ਲੋਭ=ਪਦਾਰਥ। ਲੁਭਾਇਮਾਨ ਕਰ ਲੈਣ ਵਾਲੇ ਸਾਮਾਨ। [ਸੰ:, ਲੋਭਜ]
ਲੋਭ=ਲਾਲਚ। ਕਾਮ ਕੋ ਕਾਮ=ਕਾਮ ਦੀ ਕਾਮਨਾ, ਕਾਮ ਦੀ ਇੱਛਾ ਮਾਤ੍ਰ ਨਾ ਰਹੇ। (ਅ) ਕਾਮ ਨਾਲ ਕੰਮ ਨਾ ਰਹੇ।
ਕ੍ਰੋਹ=ਕ੍ਰੋਧ, ਗੁੱਸਾ। ਕੋਹ=ਪਹਾੜ [ਫਾ:, ਕੋਹ]।
ਦੀਨਿ=ਦੇਕੇ। (ਅ) ਦੀਨਾਂ ਨੂੰ, ਗ੍ਰੀਬਾਂ ਨੂੰ।

ਅਰਥ: ੨. ਹੇ ਮੋਹਨ ਜੀ ਦੇ ਪਿਤਾ ਪੂਰਨ ਸ਼੍ਰੀ ਗੁਰੂ (ਅਮਰ ਦਾਸ ਜੀਓ!) (ਹੇ) ਦਾਸਾਂ ਦੇ ਮਨਾਂ ਨੂੰ ਮੋਹਿਤ ਕਰ ਲੈਣ ਵਾਲੇ ਜੀਓ! ੧. ਮੇਰੇ ਰਿਦੇ ਵਿਚ ਰਾਤ ਦਿਨ ਵੱਸਕੇ ਕਲੇਸ਼ਾਂ ਦਾ ਐਸਾ ਨਾਸ਼ ਕਰੋ ਕਿ (ਕਿ ਮੈਨੂੰ) ਮੋਹ ਨਾ ਉਪਜੇ। ੩. ਨਾ ਹੀ ਪਦਾਰਥ ਦਾ ਲੋਭ ਕਦੇ ਉਪਜੇ, ਨਾਂ ਹੀ ਕਾਮ ਦੀ ਕਾਮਨਾ ਰਹੇ, ਨਾ ਹੰਕਾਰ (ਤੇ) ਨਾ (ਹੀ) ਕ੍ਰੋਧ ਰਹੇ। (ਆਪ) ਸਦਾ ਆਪਣੇ ਦਾਸਾਂ ਦੀ ਪਹਾੜ ਵਰਗੀ ਓਟ ਹੋ ਤੇ (ਨਾਮ ਦਾ) ਦਾਨ ਦੇਕੇ ਨਿਰਮੋਹ ਕਰ ਦਿੰਦੇ ਹੋ।

੭. ਇਸ਼੍ਰ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਹਰਿਦਾਸ ਤਨੈ ਹਰਿਦਾਸ ਭਨੈ
ਹਰਿ ਰੂਪ ਬਨੈ ਹਰਿ* ਪੂਜਤਿ ਹੈ ਜਿਨ।
ਹਰਿ ਦੋਸ਼ਨ ਦੈ ਸੁਖ ਦਾਸਨ ਕੋ
ਉਰ ਮੋਹ ਤੇ ਆਦਿ ਬਿਕਾਰ ਭਰੇ ਜਿਨ।
ਬਰ ਦੇਤਿ ਜਿਨਹਿ ਬਰ ਮਾਨਵ ਸੇ
ਬਰਬੰਡ ਭਏ ਜਮ ਰੂਪ ਪਿਖੈ ਜਿਨ।
ਕਰ ਬੰਦ ਤਿਨੈਂ ਕਰਿ ਬੰਦਨ ਕੋ,
ਕਰਤਾਰ ਗੁਨਾਕਰ, ਗ੍ਯਾਨ ਅਮੇਜਿਨ ॥੧੦॥

ਹਰਿਦਾਸ=ਸ਼੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਮ। ਹਰਿਦਾਸ= ਅਕਾਲ ਪੁਰਖ ਦੇ ਦਾਸ। ਰਾਮਦਾਸ ਦੇ ਅਰਥ ਬੀ ਅਕਾਲ ਪੁਰਖ ਦੇ ਦਾਸ ਹਨ, ਇਸ ਕਰਕੇ ਕਵੀ ਜੀ ਰਾਮਦਾਸ ਪਦ ਦਾ ਤਰਜੁਮਾ 'ਹਰਿਦਾਸ' ਪਦ ਨਾਲ ਕਰ ਰਹੇ ਹਨ।

ਹਰਿ=ਵਾਹਿਗੁਰੂ। ਨਿਰੰਕਾਰ। ਬਨੇ=ਫਬੇ ਹੋ, ਪ੍ਰਗਟੇ ਹੋ।
ਹਰਿ=ਵਿਸ਼ਨੂੰ। ਹਰਿ=ਨਾਸ਼ ਕਰਕੇ।
ਬਰਬੰਡ=ਬਲਵਾਨ।
(ਅ) ਵਰ ਵੰਡਣ ਵਾਲੇ, ਭਾਵ ਅੱਗੋਂ ਵਰ ਦਾਤੇ ਹੋ ਗਏ ਗੁਰਮੁਖਾਂ ਤੋਂ ਹੈ। ਪਿਖੈ ਜਿਨ=ਨਹੀਂ ਵੇਖਣਗੇ।
ਗ੍ਯਾਨ ਅਮੇ ਜਿਨ=ਗ੍ਯਾਨ ਮਿਣਤੀ ਵਿਚ ਨਹੀਂ ਹੈ ਜਿਨ੍ਹਾਂ ਦਾ।
(ਅ) ਗ੍ਯਾਨ ਵਿਚ ਮਿਲੇ ਹੋਏ। [ਫਾ:, ਆਮੇਖਤਨ, ਆਮੇਜ਼ੀਦਨ=ਮਿਲਨਾ ਤੋਂ ਆਮੇਜ਼ਨ]।

ਅਰਥ: (ਸ੍ਰੀ) ਹਰਿਦਾਸ ਜੀ ਦੇ ਸੁਪੱਤ੍ਰ (ਸ਼੍ਰੀ ਗੁਰੂ ਰਾਮ ਦਾਸ ਜੀ ਆਪਣੇ ਆਪ ਨੂੰ) ਹਰੀ ਦੇ ਦਾਸ ਕਹਾਉਂਦੇ ਹਨ (ਅਰਥਾਤ ਰਾਮਦਾਸ ਕਹਾਉਂਦੇ ਹਨ ਪਰ ਆਪ ਪ੍ਰਤੱਖ੍ਯ) ਨਿਰੰਕਾਰ ਦਾ ਰੂਪ ਪ੍ਰਗਟੇ ਹਨ, (ਜਿਨ੍ਹਾਂ ਨੂੰ ਕਿ) ਵਿਸ਼ਨੂੰ ਵੀ ਪੂਜਦਾ ਹੈ। (ਆਪ ਆਪਣੇ) ਦਾਸਾਂ ਦੇ ਦੋਸ਼-ਜਿਨ੍ਹਾਂ ਦੇ ਰਿਦੇ ਮੋਹ ਆਦਿ (ਪੰਜਾਂ) ਵਿਕਾਰਾਂ ਨਾਲ ਭਰੇ ਹੋਏ ਹਨ-ਨਾਸ਼ ਕਰਕੇ ਸੁਖ ਦਿੰਦੇ ਹਨ। ਅਤੇ ਜਿਨ੍ਹਾਂ ਸ੍ਰੇਸ਼ਟ ਪੁਰਸ਼ਾਂ ਨੂੰ (ਆਪ ਨੇ) ਵਰ ਦਿੱਤੇ ਹਨ, ਉਹ (ਐਸੇ) ਬਲਵਾਨ ਹੋ ਗਏ ਹਨ ਕਿ ਓਹ ਜਮਾਂ ਦਾ ਰੂਪ ਕਦੇ ਨਹੀਂ ਦੇਖਣਗੇ। (ਮੈਂ ਵੀ) ਵਾਹਿਗੁਰੂ ਸਰੂਪ ਗੁਣਾਂ ਦੀ ਖਾਣ, ਅਮੇਣਵੇਂ ਗ੍ਯਾਨ ਵਾਲੇ (ਸ੍ਰੀ ਗੁਰੂ ਰਾਮਦਾਸ ਜੀ ਨੂੰ ਦੋਵੇਂ) ਹੱਥ ਜੋੜਕੇ ਬੰਦਨਾ ਕਰਦਾ ਹਾਂ।

੮. ਇਸ਼੍ਰ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਕਬਿੱਤ: ਅਰਜ਼ਨਿ ਸੁਨਿ ਮੇਰੀ ਸਤਿਗੁਰੂ ਅਰਜਨ!
ਅਰਿ ਜਨ ਹਨਿ ਅਰਜਨ ਜਸ ਦੀਨਿਓ।
ਕਵਿਤਾ ਪ੍ਰਪੂਰ ਮੇ ਚਰਿੱਤ੍ਰ ਭਰਪੂਰ ਨਿਜ,

*੧੯੧੨ ਤੇ ੧੯੧੯ ਵਾਲੇ ਦੋਹਾਂ ਪੁਰਾਤਨ ਨੁਸਖਿਆਂ ਵਿਚ 'ਰਾਰੇ' ਨੂੰ ਸਿਆਰੀ ਹੈ-'ਹਰਿ'।

ਪੂਰ ਮੇ ਪਰੀ ਹੈ ਗ੍ਰੰਥ ਪੂਰਨ ਜਿ ਕੀਨਿਓ।
ਕਥਾ ਗੁਨ ਸਰੁਵਰ, ਔਗੁਨ ਕੋ ਸਰ ਖਰ,
ਗੁਰੂ ਸਰ ਔਰ ਨਾ, ਸ਼ਰਨ ਯਾਂ ਤੇ ਲੀਨਿਓ।
ਨਾਮ ਲਿਵ ਤਾਰ ਦੇ ਉਚਾਰ ਭਵ ਪਾਰ ਦੇ,
ਪਤਾਰ ਤੇ ਉਧਾਰ ਪਦ ਤਾਰਿਦੇ ਪ੍ਰਬੀਨਿਓ ॥੧੧॥

ਅਰਜ਼ਨਿ=ਬੇਨਤੀਆਂ [ਅ਼:, ਅਰਜ਼]। ਅਰਜਨ=ਪੰਚਮ ਸਤਿਗੁਰੂ ਜੀ।
ਅਰਿ ਜਨ=ਵੈਰੀ ਲੋਕ, ਕਾਮ ਕ੍ਰੋਧ ਲੋਭ ਮੋਹ ਹੰਕਾਰ।
ਅਰਜਨ=ਉੱਜਲ। ਪ੍ਰਪੂਰ=(ਨੌ ਰਸਾਂ ਅਲੰਕਾਰਾਂ ਆਦਿ ਨਾਲ)
ਪਰੀ ਪੂਰਣ। ਭਰਪੂਰ=ਸੰਪੂਰਣ।
ਪੂਰ ਮੇਂ ਪਰੀ ਹੈ=ਮੇਰੀ (ਘਾਲ) ਪੂਰੀ ਪੈ ਗਈ ਹੈ।
ਨਾਮ ਲਿਵਤਾਰ ਦੇ=ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦਿਓ।
ਪਤਾਰ=ਪਤਾਲ, ਭਾਵ ਨਰਕ।
ਪਦ ਤਾਰ=(ਭਵ ਸਾਗਰ ਤੋਂ) ਤਾਰ ਦੇਣ ਵਾਲਾ ਪਦ, ਮੁਕਤੀ ਪਦ।

ਅਰਥ: (ਹੇ ਸ੍ਰੀ) ਸਤਿਗੁਰੂ ਅਰਜਨ (ਦੇਵ ਜੀਓ!) ਮੇਰੀਆਂ ਅਰਜ਼ਾਂ ਸੁਣੋ:-(ਤੁਸਾਂ ਹੀ ਮੇਰੇ ਅੰਦਰਲੇ ਤੇ ਬਾਹਰਲੇ) ਵੈਰੀ ਜਨਾਂ ਨੂੰ ਮਾਰਕੇ (ਇਸ ਜਗਤ ਵਿਚ) ਉੱਜਲ ਜਸ (ਮੈਨੂੰ) ਦਿਵਾ ਦਿੱਤਾ ਹੈ (ਕਿਵੇਂ? ਅੱਗੇ ਆਪ ਹੀ ਉੱਤਰ ਦਿੰਦੇ ਹਨ ਕਿ) ਆਪਣਾ ਭਰਪੂਰ (=ਸੰਪੂਰਨ) ਚਰਿੱਤ੍ਰ (ਨੌ ਰਸਾਂ ਤੇ ਅਲੰਕਾਰਾਂ ਆਦਿ ਨਾਲ) ਪਰੀ ਪੂਰਣ ਕਵਿਤਾ (ਵਿਚ ਮੈਂ ਦਾਸ ਕੋਲੋਂ ਉਚਰਵਾਕੇ) ਗ੍ਰੰਥ ਪੂਰਨ ਜੋ ਕਰਵਾ ਲਿਆ ਹੈ (ਇਸ ਵਿਚ) ਮੇਰੀ (ਘਾਲ) ਪੂਰੀ ਪੈ ਗਈ ਹੈ। (ਇਹ) ਕਥਾ ਗੁਣਾਂ ਦਾ ਸਰੋਵਰ ਤੇ ਔਗੁਣਾਂ ਨੂੰ ਤਿੱਖਾ ਤੀਰ ਹੈ (ਕਿਉਂਕਿ ਇਹ ਉਹਨਾਂ ਗੁਰਾਂ ਦੀ ਕਥਾ ਹੈ ਜਿਨ੍ਹਾਂ) ਗੁਰਾਂ ਦੇ ਤੁੱਲ ਹੋਰ ਕੋਈ ਨਹੀਂ ਏਸੇ ਲਈ ਹੀ ਮੈਂ (ਗੁਰਾਂ ਦੀ) ਸ਼ਰਨ ਪਕੜੀ ਹੈ (ਤੇ ਹੁਣ ਮੈਂ ਬਿਨਯ ਕਰਦਾ ਹਾਂ ਕਿ ਹੇ) ਪ੍ਰਬੀਨ (ਸਤਿਗੁਰੂ ਜੀਓ!) ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦਿਓ (ਜਿਸ ਦੇ) ਉਚਾਰਨ ਤੇ ਸੰਸਾਰ ਤੋਂ ਪਾਰ ਹੋ ਜਾਈਦਾ ਹੈ ਤੇ (ਜੇਹੜਾ) ਨਰਕਾਂ ਤੋਂ ਬਚਾ ਕੇ ਮੁਕਤੀ ਪਦ ਦਿੰਦਾ ਹੈ।

ਹੋਰ ਅਰਥ: ੪. ਹੇ ਪ੍ਰਬੀਨ ਗੁਰੂ ਜੀ ਮੈਨੂੰ ਨਰਕ ਤੋਂ ਉਧਾਰਕੇ ਮੁਕਤੀ ਦਾ ਪਦ ਦਿਓ (ਤੇ ਕੇਵਲ) ਉੱਚਾਰਨ (ਮਾਤ੍ਰ ਨਾਲ) ਸੰਸਾਰ ਤੋਂ ਪਾਰ ਕਰ ਦਿਓ।

੯. ਇਸ਼੍ਰ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ-ਮੰਗਲ।

ਸ੍ਵੈਯਾ: ਸਾਰੰਗ[1] ਪੈ ਕਬਿ ਸਾਰੰਗ[2] ਪੈ ਚਢਿ,
ਸਾਰੰਗ[3] ਸ਼ੱਤ੍ਰਨਿ ਕੋ ਬਲਿ ਸਾਰੰਗ[4]।
ਸਾਰੰਗ[5] ਜਸੋਂ ਜਗ ਮੈ ਕੁਲ ਸਾਰੰਗ[6],
ਸਾਰੰਗ[7] ਗ੍ਯਾਨ ਪ੍ਰਕਾਸ਼ਨਿ ਸਾਰੰਗ[8]।
ਸਾਰੰਗ[9] ਦਾਸਨਿ ਕੋ ਪ੍ਰਿਯ ਸਾਰੰਗ[10],
ਸਾਰੰਗ[11] ਦੋਸ਼ਨਿ ਕੋ ਸਮ ਸਾਰੰਗ[12]।
ਸਾਰੰਗ[13] ਪਾਨਿ ਭਯੋ ਨਰ ਸਾਰੰਗ[14],
ਸਾਰੰਗ[15] ਸ਼੍ਰੀ ਹਰਿ ਗੋਬਿੰਦ ਸਾਰੰਗ[16] ॥੧੨॥

ਸਾਰੰਗ*=[੧]ਹਾਥੀ, [੨]ਘੋੜਾ, [੩]ਹਰਨ, [੪]ਸ਼ੇਰ, [੫]ਕਮਲ, [੬]ਸੂਰਜ, [੭]ਦੀਵਾ, [੮]ਅਗਨੀ, [੯]ਚਾਤ੍ਰਿਕ, [੧੦]ਬੱਦਲ, [੧੧]ਸਰਪ, [੧੨]ਗਰੁੜ, [੧੩]ਧਨੁਖ, (ਸਾਰੰਗ ਪਾਨਿ=ਧਨੁਖ ਧਾਰੀ), [੧੪]ਈਸ਼੍ਵਰ, [੧੫]ਉਹੋ ਰੰਗ, (ਸਾ+ਰੰਗ), [੧੬]ਸਾਰੰਗ, ਚਾਨਣਾ, ਪ੍ਰਕਾਸ਼, ਜੋਤਿ।

**ਅਰਥ:** (ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ) ਕਦੇ ਹਾਥੀ ਪਰ ਸਵਾਰ ਹੁੰਦੇ ਹਨ ਕਦੀ ਘੋੜੇ ਪਰ, (ਹਰਿ ਹਾਲ) ਹਰਨਾਂ ਰੂਪੀ ਸ਼ੱਤ੍ਰੂਆਂ ਤੇ ਬਲੀ ਸ਼ੇਰ ਵਰਗੇ ਹਨ। (ਪਰ ਮਿੱਤ੍ਰਾਂ ਲਈ ਆਪ) ਕਮਲਾਂ ਦੀ ਕੁਲ ਨੂੰ ਸੂਰਜ ਨਿਆਈਂ ਹਨ, (ਅਰ ਸਿੱਖਾਂ ਪ੍ਰਤੀ) ਗਿਆਨ ਦੇ ਪ੍ਰਕਾਸ਼ਨੇ ਵਾਲੇ (ਐਉਂ ਹਨ ਜਿਵੇਂ) ਦੀਪਕ ਨੂੰ ਅਗਨੀ (ਪ੍ਰਕਾਸ਼ਦੀ ਹੈ)। ਦਾਸਾਂ ਨੂੰ ਐਉਂ ਪਿਆਰੇ ਹਨ (ਕਿ ਜਿਵੇਂ) ਚਾਤ੍ਰਿਕ ਨੂੰ ਬੱਦਲ ਹੈ; ਪਾਪਾਂ ਲਈ (ਐਉਂ ਹਨ ਜਿਵੇਂ) ਸਰਪ ਲਈ ਗਰੁੜ। (ਗੱਲ ਕੀਹ ਇਹ ਜੋ ਸ੍ਰੀ ਹਰਿਗੋਬਿੰਦ ਜੀ ਹਨ ਈਸ਼੍ਵਰ ਹੀ ਨਰ ਬਣਕੇ ਧਨੁਖਧਾਰੀ ਹੋ ਰਿਹਾ ਹੈ, (ਪਰ ਫੇਰ ਦੇਖੋ ਕਿ ਮਨੁੱਖ ਰੂਪ ਧਾਰਕੇ ਬੀ) ਉਹੋ (ਇਲਾਹੀ) ਰੰਗ ਹੈ (ਓਹੋ) ਜੋਤ ਹੈ।

**ਭਾਵ:** ਸਾਰੰਗ ਪਦ ਦੇ ਅਰਥ ੨੦ ਤੋਂ ਬੀ ਵਧੀਕ ਹਨ, ਇਸ ਲਈ ਇਸ ਸ੍ਵੈਯੇ ਦੇ ਅਰਥ ਲਾਉਣ ਵਿਚ ਗੁਣੀ ਗਿਆਨੀ ਰਤਾ ਭਿੰਨ ਭਿੰਨ ਰਹਿਕੇ ਕਈ ਅਰਥ ਲਾ ਲੈਂਦੇ ਰਹੇ ਹਨ, ਪਰ ਕਵੀ ਜੀ ਦੇ 'ਖਿਆਲ ਦੀ ਲੜੀ' ਜੋ ਸਾਰੇ ਛੰਦ ਵਿਚ ਹੈ ਓਹ ਸਾਰੇ ਅਰਥਾਂ ਵਿੱਚ ਅਣਮਿਲਵੀਂ ਰਹਿ ਜਾਂਦੀ ਹੈ। ਅਸਾਂ ਜੋ ਹੇਠਾਂ ਟੂਕ ਵਿਚ ਸੱਠਾਂ ਦੇ ਆਨ ਮਾਨ ਹੋਰ ਅਰਥ ਦਿੱਤੇ ਹਨ, ਹੋ ਸਕਦਾ ਹੈ ਕਿ ਇਨ੍ਹਾਂ ਤੋਂ ਸ੍ਵੈਯੇ ਦੇ ਹੋਰ ਅਰਥ ਲਾਉਣ ਦਾ ਜਤਨ ਬੀ ਹੋਵੇ, ਪਰ ਅਰਥ ਸਫਲ ਉਹੀ ਹੈ ਜਿਸ ਵਿਚ 'ਖਿਆਲ ਦੀ ਲੜੀ' ਪਰਸਪਰ ਪ੍ਰੋਤਵੀਂ ਦਿੱਸ ਪਵੇ, ਜੈਸੇ ਕਿ ਇਸ ਸ੍ਵਯੇ ਦੇ ਉਪਰ ਦਿੱਤੇ ਅਰਥਾਂ ਵਿਚ ਨਿਭੀ ਹੈ। ਹਰ ਸਤਰ ਵਿਕੋਲਿੱਤਰੀ ਰਹੇ ਤਦ ਤਾਂ-'ਸਾਰੰਗ' ਪਦ ਦੇ ਬਹੁਤੇ ਅਰਥ ਹੋਣ ਕਰਕੇ-ਕਈ ਅਰਥ ਲਗ ਜਾਣਗੇ ਪਰ ਸਫਲ ਨਹੀਂ ਹੋਣਗੇ, ਉਨ੍ਹਾਂ ਵਿਚ ਲੜੀ ਟੁੱਟ ਟੁੱਟ ਜਾਵੇਗੀ; ਉਪਰ ਦਿੱਤੇ ਅਰਥਾਂ ਵਿਚ ਖਿਆਲ ਦੀ ਲੜੀ ਲੱਭ ਪਈ ਹੈ, ਜਿਸ ਕਰਕੇ ਏਹ ਅਰਥ 'ਪਦਾਂ ਦੇ ਅਰਥ ਭਾਵਾਂ ਦੇ ਮੀਨਾਕਰ' ਕਵੀ ਜੀ ਦੇ ਆਸ਼ੇ ਦੇ ਬਹੁੰ ਨੇੜੇ ਜਾਂ ਢੁੱਕੇ ਜਾਪਦੇ ਹਨ।

### ੧੦. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਰਾਇ ਜੀ-ਮੰਗਲ।

ਭਵ ਪਾਵਕ ਸਿੰਧੁ ਅਗਾਧ ਜਿਨੋਂ
ਸ਼ਰਨਾ ਸਰ ਨਾ ਤਰਨਾ ਤਰ ਨਾ।
ਪਰ ਐਸ਼੍ਵਰਜ ਹੇਰਿ ਰਿਦੇ ਜਰਨਾ
ਨਿਜ ਓਜ ਮਹਾਂ ਜਰਨਾ ਜਰ ਨਾ।
ਹਰਿਰਾਇ ਪ੍ਰਭੂ ਸਮ ਕੇਹਰਿ ਕੇ

---

*ਸਾਰੰਗ ਦੇ ਕੋਸ਼ ਕਾਰਾਂ ਨੇ ਇਹਨਾਂ ਅਰਥਾਂ ਤੋਂ ਬਿਨਾਂ, ਕੋਈ ਅਰਥ ਹੋਰ ਬੀ ਦਿੱਤੇ ਹਨ ਯਥਾ:-ਕੋਇਲ, ਬਾਜ਼, ਹੰਸ, ਮੋਰ, ਛਤਰ, ਸੋਨਾ, ਗਹਿਣਾ, ਤਾਲ, ਭੌਰਾ, ਕਪੂਰ, ਲਵਾ ਪੰਖੀ, ਚੰਦ੍ਰਮਾਂ, ਸਮੁੰਦਰ, ਪਾਣੀ, ਤੀਰ, ਪਪੀਹਾ, ਸ਼ਿਵ, ਕ੍ਰਿਸ਼ਨ ਜੀ, ਚੰਦਨ, ਪ੍ਰਿਥਵੀ, ਕੇਸ਼, ਚਮਕ, ਸ਼ੋਭਾ, ਇਸਤ੍ਰੀ, ਰਾਤ, ਦਿਨ, ਤਲਵਾਰ, ਕਬੂਤਰ, ਇਕ ਪ੍ਰਕਾਰ ਦਾ ਛੰਦ, ਮੋਤੀ, ਥਨ, ਹੱਥ, ਕਾਂ, ਨਛਤ੍ਰ, ਮਮੋਲਾ, ਡੱਡੂ, ਹੱਲ, ਅਕਾਸ਼, ਪੰਛੀ, ਚਿੜੀ, ਕੱਪੜਾ, ਕਾਮ, ਕੱਜਲ, ਬਿਜਲੀ, ਫੁੱਲ, ਇਕ ਰਾਗ, ਆਦਿ। ਡਿੰਗਲ ਭਾਸ਼ਾ ਵਾਲਿਆਂ ਨੇ 'ਸਾਰੰਗ' ਪਦ ਦੇ ਹੋਰ ਅਰਥ ਬੀ ਲਾਏ ਹਨ, ਓਹ ਇਹ ਹਨ:-ਵੀਣਾਂ, ਮੋਤੀ, ਕੱਚ, ਸ਼ਬਦ, ਤੋਤਾ, ਬੱਜ੍ਰ, ਨਾਰੀਅਲ, ਕੇਸਰ, ਪਰਬਤ, ਗਰੁੜ, ਆਦਿ।

ਜਨ ਦੋਸ਼ ਕਰੇ ਹਰਨਾ ਹਰਨਾ।
ਕਹਿਨਾ ਕਹਿਨਾ ਫੁਲ* ਹ੍ਵੈ ਨ ਸੁਗੰਧਿ,
ਗੁਰੂ ਕਰੁਨਾ ਕਰਨਾ ਕਰਨਾ ॥੧੩॥

ਸ਼ਰਨਾ=ਸ਼ਰਨ। ਸਰਨਾ=ਸਰ+ਨਾ=ਜਾਚ ਨਹੀਂ ਹੈ।
ਤਰਨਾ=ਤਰਨਾ ਹੈ, ਪਾਰ ਉਤਰਨਾ ਹੈ।
ਤਰਨਾ=ਤਰ ਨਾ=ਤਰ ਨਹੀਂ ਸੱਕਣਾ। ਜਰਨਾ=ਸੜਨਾ ਹੈ।
ਜਰਨਾ=ਜਰ ਨਹੀਂ ਸੱਕਣਾ।
ਜਰਨਾ=ਜਰ+ਨਾ=ਜੜ ਨਹੀਂ ਰਹਿਣੀ। (ਅ) ਕਿਣਕਾ ਮਾਤ੍ਰ ਜ਼ਰਰਾ ਤੋਂ।
ਹਰਨਾ=ਹਰ ਲੈਣੇ ਹਨ। ਹਰਨਾ=ਹਰਨ, ਮਿਰਗ। ਕਹਿਨਾ=ਕਹਿਣਾ, ਕਥਨੀ ਮਾਤ੍ਰ। ਕਹਿਨਾ=ਡੌਰੇ ਦਾ ਜਾਲਾ। ਗੁਰੂ ਕਰਨਾ=ਗੁਰੂ ਜੀ ਦੀ ਮੇਹਰ। ਕਰਨਾ=ਕਰਤੱਤ। ਕਰਨਾ=ਸੰਗਤਰੇ ਕਿੰਬ, ਖੱਟੇ ਆਦਿ ਦਾ ਫੁਲ ਜੋ ਬੜਾ ਸੁੰਦਰ ਤੇ ਸੁਗੰਧੀ ਵਾਲਾ ਹੁੰਦਾ ਹੈ।

ਅਰਥ: ਸੰਸਾਰ (ਇਕ ਮਾਨੋਂ) ਅਗਨੀ ਦਾ ਅਗਾਧ ਸਾਗਰ ਹੈ, (ਇਥੇ) ਜਿਨ੍ਹਾਂ ਨੇ (ਸਤਿਗੁਰੂ ਹਰਿਰਾਇ ਜੀ ਦੀ) ਸ਼ਰਨ ਲਈ ਹੈ, ਉਨ੍ਹਾਂ ਨੇ ਤਰਨਾ ਹੈ, ਤੇ ਜਿਨ੍ਹਾਂ ਨੂੰ (ਸ਼ਰਨ ਲੈਣ ਦੀ ਸਰ ਨਾ=) ਜਾਚ ਨਹੀਂ ਆਈ, ਉਨ੍ਹਾਂ ਨੇ (ਤਰ ਨਾ=) ਨਹੀਂ ਤਰ ਸੱਕਣਾ। ੨. (ਕਿਉਂਕਿ ਉਨ੍ਹਾਂ ਨੇ) ਪਰਾਏ ਐਸ਼੍ਵਰਜ ਨੂੰ ਵੇਖਕੇ ਦਿਲ ਵਿਚ ਸੜਨਾ ਹੈ; ਆਪਣੇ ਬਲਕਾਰ ਨੂੰ ਵੱਡਾ (ਜਾਣਕੇ) ਜਰ ਨਹੀਂ ਸਕਣਾ, (ਇਸ ਕਰਕੇ ਉਨ੍ਹਾਂ ਦੀ ਜਰ ਨਾ=) ਜੜ ਨਹੀ ਰਹਿਣੀ। ੩. (ਪਰ ਧੰਨ ਹਨ) ਗੁਰੂ ਹਰਿਰਾਇ ਪ੍ਰਭੂ ਜਿਨ੍ਹਾਂ ਨੇ ਜਨਾਂ ਦੇ ਕੀਤੇ ਦੋਸ਼ ਐਉਂ ਹਰ ਲੈਣੇ ਹਨ ਜਿਵੇਂ ਸ਼ੇਰ ਹਰਨ ਨੂੰ। ੪. ਕਹਿਣਾ (ਕਥਨੀ ਮਾਤ੍ਰ ਜੋ ਕੁਛ ਹੈ) ਹੈ, ਸੋ ਤਾਂ ਕਹਿਣੇ (ਡੌਰੇ ਦੇ ਜਾਲੇ ਵਤ ਹੈ) ਜੋ ਨਾਂ ਫੁੱਲ ਹੈ ਨਾਂ ਸੁਗੰਧੀ ਹੈ, ਕਰਨਾ (ਕਰਤੱਤ ਜਾਂ ਕਰਨੀ ਜੋ ਹੈ ਸੋ) ਗੁਰੂ ਮੇਹਰ ਨਾਲ (ਓਹਨਾਂ ਸੰਗਤਰੇ ਦੇ ਫੁਲਾਂ) ਸਮਾਨ (ਸੁੰਦਰ ਤੇ ਸੁਗੰਧਿਤ) ਹੈ।

ਦੂਸਰਾ ਅਰਥ: ੧. ਜਿਨ੍ਹਾਂ ਨੇ (ਗੁਰੂ ਹਰਿ ਰਾਇ ਜੀ ਦੀ) ਸ਼ਰਨ (ਸ਼ਰਨਾ=) ਪ੍ਰਾਪਤ ਕੀਤੀ ਹੈ (ਉਨ੍ਹਾਂ ਨੇ) ਨਾਂ ਤਰੇ ਜਾਣ ਵਾਲੇ ਅਗਾਧ ਸੰਸਾਰ ਸਾਗਰ ਨੂੰ ਤਰ ਲੈਣਾ ਹੈ। (ਅ) ਜਿਨ੍ਹਾਂ ਨੇ ਸ਼ਰਨ ਲੈ ਲਈ ਓਹ ਇਉਂ ਤਰ ਗਏ ਜਿਵੇਂ ਜਹਾਜ ਤੇ ਬੈਠਕੇ ਸਮੁੰਦਰ ਤੋਂ ਤਰ ਜਾਈਦਾ ਹੈ।

੨. (ਜੋ ਇਹ ਉਪਦੇਸ਼ ਦੇਂਦੇ ਹਨ:-) ਪਰਾਏ ਐਸ਼੍ਵਰਜ ਨੂੰ ਦੇਖਕੇ ਰਿਦੇ ਵਿਚ ਜਰਨਾ ਤੇ ਅਪਣੇ ਮਹਾਨ ਬਲ ਨੂੰ ਇਉਂ ਜਰਨਾ ਜੀਕੁਣ ਕਿਣਕਾ ਮਾਤ੍ਰ ਹੈ। ਯਾ ਨਿਜ ਮਹਾਨ ਓਜ ਨੂੰ ਜਰ ਜਾਓ ਜਰ ਜਾਓ।

੪. ਕਹਿਣਾ ਤਾਂ ਡੌਰੇ ਦੇ ਜਾਲੇਵਤ ਹੈ, ਗੁਰੂ ਦੀ ਮਿਹਰ (ਕਹਿਣੇ ਨੂੰ) ਕਰਨਾ ਬਣਾ ਦੇਂਦੀ ਹੈ (ਜੋ) ਕਰਨੇ ਦੇ ਫੁਲ ਵਾਂਕੂ ਫੁਲ ਬੀ ਹੈ ਤੇ ਸੁਗੰਧੀ ਬੀ।

## ੧੧. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਚੌਪਈ: ਕ੍ਰਿਸ਼ਨ ਵਰਤਮਾ ਗੁਰ ਹਰਿ ਕ੍ਰਿਸ਼ਨ।
ਕਾਨਨ ਕਲਿ ਕੇ ਕਲਮਲ ਕ੍ਰਿਸ਼ਨ।

*ਪਾ:-ਕਰਨਾ ਕਰਨਾ ਬਲ।

ਨਾਮ ਸਰੂਪ ਬਿਸ਼ਨੁ ਹਰਿ ਕ੍ਰਿਸ਼ਨ।
ਸਿਮਰਹੁ ਬੰਦਹੁ ਹ੍ਵੈ ਕਬਿ ਕ੍ਰਿਸ਼ ਨ ॥੧੪॥
ਕ੍ਰਿਸ਼ਿਨਿ ਗੁਨਨ ਗਨ ਮਨਹੁ ਕ੍ਰਿਸਾਨ।
ਬੰਧਨ ਬੰਸਨਿ ਬਿਪਨ ਕ੍ਰਿਸਾਨ।
ਜਿਨ ਕੇ* ਪੂਜਕ ਰੇਤ ਕ੍ਰਿਸਾਨ।
ਸੋ ਸਰੂਪ ਸਤਿਗੁਰ ਭਗਵਾਨ ॥੧੫॥

ਕ੍ਰਿਸ਼ਨ ਵਰਤਮਾ=ਬਲਦੀ ਅਗਨੀ (ਦੇਖੋ ਰਾਸ ੧ ਅੰਸੂ ੧ ਅੰਕ ੧੫ ਦੇ ਪਦ ਅਰਥ)।

ਹਰਿ ਕ੍ਰਿਸ਼ਨ=ਅੱਠਵੇਂ ਗੁਰੂ ਸਾਹਿਬ ਜੀ ਦਾ ਨਾਮ।

ਕਾਨਨ ਕਲਿ ਕੇ ਕਲਮਲ ਕ੍ਰਿਸ਼ਨ=ਕਲਿਜੁਗ ਦੇ ਪਾਪਾਂ ਦਾ ਕਾਲਾ ਬਨ।

ਬਿਸਨੁ=ਜੋ ਸਾਰੇ ਵਜਾਪਕ ਹੋਵੈ। ਪਰਮੇਸ਼ੁਰ

(ਅ) ਅਗਨੀ। (ੲ) ਵਿਸ਼ਨੂੰ ਦੇਵਤਾ।

ਹਰਿਕ੍ਰਿਸ਼ਨ=ਅਕਾਲ ਪੁਰਖ, ਨਿਰਗੁਣ ਪਰਮਾਤਮਾ।

ਕ੍ਰਿਸ਼ ਨ=ਕ੍ਰਿਸ਼ਜ+ਨ=ਮਾੜੇ ਨ ਹੋਣਾ। ਹਾਨੀ ਬਿਘਨ ਨਾ ਹੋਣਾ।

ਕ੍ਰਿਸ਼ਨਿ ਗੁਨਨਿ=ਗੁਣਾਂ ਰੂਪੀ ਖੇਤੀ ਦੇ। [ਕ੍ਰਿਖਿ=ਖੇਤੀ]।

ਕ੍ਰਿਸਾਨ=ਕਿਰਸਾਨ, ਰਾਹਕ। ਬੰਧਨ ਬੰਸਨਿ=ਬੰਧਨਾਂ ਰੂਪੀ ਬਾਂਸਾਂ ਦੇ।

ਕ੍ਰਿਸਾਨ=ਅਗਨੀ।

'ਜਿਨਕੇ ਪੂਜਕ ਰੇਤ ਕ੍ਰਿਸਾਨ'=ਅਕਸਰ ਗਿਆਨੀ ਇਸ ਤੁਕ ਦਾ ਪਾਠ ਇਉਂ ਕਰਦੇ ਹਨ:-'ਜਿਨ ਕੋ ਪੂਜ ਕਰੇਤ ਕ੍ਰਿਸਾਨ' ਤੇ ਕ੍ਰਿਸਾਨ ਦਾ ਅਰਥ ਅਗਨੀ ਉਪਲਖਤ ਦੇਉਤੇ ਲਾਉਂਦੇ ਹਨ। ਪ੍ਰੰਤੂ ਸ੍ਰੀ ਪੂਜ ਪਿਤਾ ਜੀ+ ਦੀਆਂ ਕੋਈ ਕੋਈ ਯਾਦਦਾਸ਼ਤਾਂ, ਜੋ ਇਸ ਗ੍ਰੰਥ ਸਬੰਧੀ ਲੱਝਦੀਆਂ ਹਨ, ਉਨ੍ਹਾਂ ਵਿਚ ਇਸ ਤੁਕ ਦਾ ਪਾਠ ਐਉਂ ਆਪ ਲਿਖਿਆ ਹੈ:-'ਜਿਨਕੇ ਪੂਜਕ ਰੇਤ ਕ੍ਰਿਸਾਨ।' 'ਕ੍ਰਿਸਾਨੁ ਰੇਤਸ੍' ਨਾਮ 'ਸ਼ਿਵਜੀ' ਦਾ ਹੈ। ਇਹ ਅਰਥ ਸਹੀ ਹੈ ਕਿਉਂਕਿ ਕਵੀ ਜੀ ਆਪਣੇ ਕੋਸ਼ ਵਿਚ ਸ਼ਿਵਜੀ ਦੇ ਨਾਵਾਂ ਵਿਚ 'ਕ੍ਰਿਸਾਨ ਰੇਤਾ' ਪਦ
ਦੇਂਦੇ ਹਨ (ਵਰਗ ੧ ਅੰਕ ੨੫) ਪਰ ਕ੍ਰਿਸਾਨ ਪਦ ਦਾ ਅਰਥ ਦੇਵਤਾ ਕੋਈ ਨਹੀਂ ਦੇਂਦੇ। ਸੰਸਕ੍ਰਿਤ ਕੋਸ਼ਾਂ ਵਿਚ 'ਕ੍ਰਿਸਾਨੁ' ਨਾਮ ਸੋਮਾਰਸ ਦੇ ਰਖਜਕ ਦਾ ਬੀ ਹੈ ਜੋ ਕਈ ਵੇਰ ਰੁਦ੍ਰ ਨਾਲ ਅਭੇਦ ਸਮਝਿਆ ਜਾਂਦਾ ਹੈ। ਤੇ 'ਕ੍ਰਿਸਾਨੁਰੇਤ੍ਰਸ'*=ਨਾਮ ਸ਼ਿਵ ਜੀ ਦਾ ਹੈ।

**ਅਰਥ:** ੧. ੨. (ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਲਜੁਗ ਦੇ ਕਾਲੇ ਬਨ ਨੂੰ ਬਲਦੀ ਅਗਨੀ ਵਤ (ਨਾਸ਼ ਕਰਤਾ) ਹਨ, ੩. (ਕ੍ਰਿਸ਼ਨ) ਨਾਮ ਤੋਂ ਤੇ (ਐਸ੍ਵਰਜ ਵਾਲੇ) ਸਰੂਪ ਤੋਂ ਵਿਸ਼ਨੂੰ (ਜਾਪਦੇ ਹਨ ਪਰ ਹੈਨ ਆਪ ਹਰਿ ਕ੍ਰਿਸ਼ਨ, ਅਰਥਾਤ) ਅਕਾਲ ਪੁਰਖ। ੪. (ਜੇ

---

*੧੯੧੨ ਵਾਲੇ ਨੁਸਖੇ ਵਿਚ ਪਾਠ 'ਕੇ' ਹੈ ਜੋ ਦਰੁਸਤ ਹੈ, ਮਗਰੋਂ ਦੇ ਕਈ ਲਿਖਤੀਆਂ ਤੇ ਛਾਪੇ ਦਿਆਂ ਵਿਚ ਪਾਠ 'ਕੋ' ਹੈ ਜੋ ਅਸ਼ੁੱਧ ਹੈ ਤੇ ਇਹੋ ਗ਼ਲਤੀ ਗੁਣੀ ਜਨਾਂ ਨੂੰ ਅਰਥ ਲਾਉਣ ਵਿਚ ਟਪਲਾ ਦੇਂਦੀ ਰਹੀ ਹੈ।

+ਸ੍ਰੀ ਮਾਨ ਸਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਸਾਹਿਬ।

*ਕ੍ਰਿਸ਼ਾਨੁ=ਅਗਨੀ+ਰੇਤਸ੍=ਬੀਰਜ=ਅਗਨੀ ਜਿਸ ਦਾ ਬੀਰਜ ਹੈ, ਸੋ ਸ਼ਿਵ ਜੀ।

ਉਨ੍ਹਾਂ ਨੂੰ) ਸਿਮਰੀਏ ਤੇ ਬੰਦਨਾਂ ਕਰੀਏ ਤਾਂ ਕਦੇ ਹਾਨੀ ਨਹੀਂ ਹੋਵੇਗੀ ॥ ੧੪ ॥ ੧. (ਆਪ ਗੁਰੂ ਜੀ ਸਮੂਹ ਗੁਣਾਂ ਰੂਪੀ ਖੇਤੀ ਦੇ (ਰੱਖਯਾ ਵਾ ਪਾਲਨ ਲਈ) ਕਿਰਸਾਨ ਵਤ ਹਨ। ੨. (ਤੇ ਦਾਸਾਂ ਦੇ) ਬੰਧਨਾਂ ਰੂਪੀ ਬਾਂਸਾਂ ਦੇ ਬਨ ਨੂੰ ਅਗਨੀ ਤੁੱਲ ਦਾਹ ਕਰਨ ਵਾਲੇ) ਹਨ, ੩. ੪. (ਹਾਂ) ਉਸ ਭਗਵਾਨ ਦਾ ਸਤਿਗੁਰੂ ਜੀ ਸਰੂਪ ਹਨ ਕਿ ਜਿਨ੍ਹਾਂ ਦੀ ਸ਼ਿਵ ਜੀ ਬੀ ਪੂਜਾ ਕਰਦੇ ਹਨ।

ਭਾਵ: ਕਵੀ ਜੀ ਬਨਾਂ ਨੂੰ ਦਾਹ ਕਰਨੇ ਵਾਲੀ ਅਗਨੀ ਦੇ ਰੂਪਕ ਵਿਚ ਗੁਰੂ ਜੀ ਨੂੰ ਪ੍ਰਜੁਲਤ ਅਗਨੀ ਦਾ ਦ੍ਰਿਸ਼ਟਾਂਤ ਦੇਂਦੇ ਹਨ, ਪਦ 'ਕ੍ਰਿਸ਼ਨ ਵਰਤਮਾ' ਅਗਨੀ ਦਾ ਵਾਚਕ ਤੇ 'ਕ੍ਰਿਸ਼ਾਨੁ' ਬੀ ਨਾਮ ਅਗਨੀ ਦਾ ਹੈ। 'ਵਿਸ਼ਨੁ' ਪਦ ਦਾ ਬੀ ਇਕ ਅਰਥ ਅਗਨੀ ਹੈ। ਇਸ ਕਾਟਖਯ ਨੂੰ ਨਿਬਾਹੁਣ ਲਈ ਪਦ 'ਬਿਸਨ' ਵਰਤਿਆ ਹੈ, ਪਰ ਏਥੇ ਵਿਸ਼ਨੂੰ ਦੀ ਐਸ਼੍ਵਰਜ ਤੇ ਵਿਭੂਤੀ ਤੋਂ ਮੁਰਾਦ ਲੈਕੇ ਉਨ੍ਹਾਂ ਨੂੰ ਵਿਸ਼ਨੂੰ ਤੋਂ ਵਿਸ਼ੇਸ਼ ਦੱਸ ਰਹੇ ਹਨ, ਅਖੀਰਲੀ ਤੁਕ ਵਿਚ ਗੁਰੂ ਜੀ ਨੂੰ ਸ਼ਿਵਜੀ ਦੇ ਪੂਜਯ ਵਰਣਨ ਕਰਦੇ ਹਨ। ਇਸ ਤੁਕ ਦਾ ਅਰਥ ਭਾਵ ਐਉਂ ਬੀ ਲੱਗਦਾ ਹੈ:-

ਨਾਮ ਕਰਕੇ 'ਕ੍ਰਿਸ਼ਨ' ਹੋ ਕਿਉਂਕਿ ਆਪ ਦੇ ਨਾਮ ਵਿਚ ਪਦ 'ਕ੍ਰਿਸ਼ਨ' ਆਇਆ ਹੈ, ਰੂਪ ਕਰਕੇ ਹਰੀ (=ਵਿਸ਼ਨੁ) ਹੋ, ਕਿਉਂਕਿ ਹਰੀ ਵਾਲੀ ਵਿਭੂਤੀ ਦੇ ਮਾਲਕ ਹੋ, ਪਰ ਪੂਰਾ ਨਾਮ 'ਹਰੀ ਕ੍ਰਿਸ਼ਨ' ਹੋਣ ਕਰਕੇ ਦੁਹਾਂ ਤੋਂ ਸ੍ਰੇਸ਼ਟ ਹੋ, ਕਿਉਂਕਿ 'ਹਰਿ ਕ੍ਰਿਸ਼ਨ' ਨਾਮ ਅਕਾਲ ਪੁਰਖ ਦਾ ਹੈ, ਜਿਸ ਦੇ ਪੂਜਕ ਵਿਸ਼ਨੂੰ ਤੇ ਕ੍ਰਿਸ਼ਨ ਦੁਇ ਹਨ। ਇਸ ਛੰਦ ਦੀ ਪਹਿਲੀ ਤੁਕ ਵਿਚ 'ਹਰਿ ਕ੍ਰਿਸ਼ਨ' ਪਦ ਅੱਠਵੇਂ ਗੁਰੂ ਸਾਹਿਬਾਂ ਦਾ ਵਾਚਕ ਹੋਣ ਦੇ ਅਰਥਾਂ ਵਿਚ ਆ ਚੁੱਕਾ ਹੈ, ਤੇ ਕਵੀ ਜੀ ਦੂਸਰੀ ਵੇਰ ਇਕੋ ਪਦ ਨੂੰ ਉਹਨਾਂ ਹੀ ਅਰਥਾਂ ਵਿਚ ਘੱਟ ਵਰਤਦੇ ਹਨ, ਇਸ ਕਰਕੇ ਇਸ ਤੁਕ ਵਿਚ 'ਹਰਿ ਕ੍ਰਿਸ਼ਨ' ਅਕਾਲ ਪੁਰਖ ਦਾ ਵਾਚਕ ਹੈ।

### ੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਸਿਖ ਬਿਕਾਰ ਪਰਹਰਨ ਬਹਾਦੁਰ।
ਜਿਸ ਕਰੁਨਾ ਸਭਿ ਥਾਨ ਮਹਾਦਰ।
ਹਿਯ ਤੇ ਸਿਮਰਤਿ ਜਤ ਕਤ ਹਾਦਰ।
ਨਮੋ ਨਮੋ ਸ਼੍ਰੀ ਤੇਗ ਬਹਾਦਰ ॥੧੬॥

ਮਹਾਦਰ=ਬੜਾ ਆਦਰ। [ਮਹ+ਆਦਰ]।
ਹਾਦਰ=ਮੌਜੂਦ, ਪ੍ਰਗਟ [ਅ਼:, ਹਾਜ਼ਰ]।

ਅਰਥ: (ਸ਼੍ਰੀ ਸਤਿਗੁਰੂ ਤੇਗ ਬਹਾਦਰ ਜੀ) ਸਿੱਖਾਂ ਦੇ ਵਿਕਾਰ ਨਾਸ਼ ਕਰਨ ਵਿਚ (ਬੜੇ) ਬਹਾਦਰ ਹਨ ਤੇ ਜਿਨ੍ਹਾਂ ਦੀ ਮੇਹਰ ਨਾਲ ਹਰ ਥਾਂ ਬੜਾ ਆਦਰ (ਪਾਈਦਾ ਹੈ)। ਹਿਰਦੇ ਨਾਲ ਸਿਮਰਨ ਕੀਤਿਆਂ ਹਰ ਥਾਂ ਹਾਜ਼ਰ ਹੁੰਦੇ ਹਨ। (ਐਸੇ) ਸ਼੍ਰੀ (ਗੁਰੂ) ਤੇਗ਼ ਬਹਾਦਰ ਜੀ ਨੂੰ (ਮੇਰੀ) ਨਮਸਕਾਰ ਹੈ, (ਮੇਰੀ) ਨਮਸਕਾਰ ਹੈ।

### ੧੩. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਸ੍ਵੈਯਾ: ਬਾਰੀ ਰਚੀ ਜਸ ਉੱਜਲ ਕੀ
ਬਿਕਸੇ ਜਿਮ ਫੂਲ ਸਦਾ ਸੁਖਬਾਰੀ।
ਬਾਰੀ ਏ ਬਾਰੀ ਰਟੇ ਜਿਸ ਨਾਮ

ਉਧਾਰਤਿ ਹੈਂ ਜਗ ਜੇ ਨਿਧਿ ਬਾਰੀ।
ਬਾਰੀ ਗੁਰੂ ਪਰ, ਪੰਥ ਸ਼ੁਰੂ ਕਿਯ,
ਪੌ ਸ਼ਰਨੀ, ਕਰੀਏ ਨ ਅਬਾਰੀ।
ਬਾਰੀ ਬਚਨ ਹਰੈ ਮਲ ਪਾਪਨਿ
ਸ੍ਰਯਤਿ ਸਿੱਖ ਸਦਾ ਪਰਬਾਰੀ ॥੧੭॥

ਬਾਰੀ=ਬਗੀਚੀ। ਵਾੜੀ।
ਸੁਖਬਾਰੀ=ਸੁਖ ਵਾਲੀ, ਜਿਸ ਵਿਚ ਸੁਖ ਹੋਵੇ।
ਹਿੰਦੀ ਮੁਹਾਵਰੇ ਵਿਚ 'ਸੁਖਵਾਰੀ' ਤੇ 'ਸੁਖਬਾਰੀ'
'ਖੁਸ਼' 'ਪ੍ਰਸੰਨ' ਨੂੰ ਬੀ ਕਹਿੰਦੇ ਹਨ।
ਬਾਰੀ ਏ ਬਾਰੀ=ਬਾਰੰਬਾਰ
ਨਿਧਿਬਾਰੀ=ਨਿਧਿ ਬਾਰੀ=
ਖਜ਼ਾਨਾ ਪਾਣੀ ਦਾ, ਭਾਵ ਸਾਗਰ।
ਜਗ ਜੇ ਨਿਧਿਬਾਰੀ=ਜੋ ਸੰਸਾਰ ਸਾਗਰ ਹੈ।
ਬਾਰੀ=ਵਾਰੀ, ਕੁਰਬਾਨਾ।
ਕਰੀਏ ਨੇ ਅਬਾਰੀ=ਡੇਰ ਨਾ ਕਰੋ, ਅਵੇਰ ਨਾ ਕਰੋ।
ਬਾਰੀ ਬਚੰਨ=ਬਚ ਰੂਪੀ ਜਲ। (ਅ) ਈਸ਼੍ਵਰੀਯ ਵਾਕ [ਅ਼:, ਬਾਰੀ=ਰੱਬ]।
ਪਰਬਾਰੀ=ਪਰਵਾਰਕੇ, ਘੇਰਾ ਪਾਕੇ (ਅ) ਕੁਰਬਾਨ ਹੋ ਹੋ ਕੇ। ਵਾਰਨੇ ਜਾ ਜਾਕੇ।

ਅਰਥ: ੧. (ਸਾਹਿਬ ਕਲਗ਼ੀਧਰ ਜੀ ਨੇ ਜਗਤ ਨੂੰ) ਸਦਾ ਸੁਖ ਦੇਣ ਵਾਲੀ ਉੱਜਲ ਜਸ ਦੀ ਬਗੀਚੀ ਰਚੀ ਹੈ, ਜੋ ਫੁਲਾਂ ਵਾਂਙੂ ਪ੍ਰਫੁੱਲਤ ਹੈ। ੨. ਜਿਸ (ਸਾਹਿਬ ਕਲਗ਼ੀਧਰ ਜੀ) ਦਾ (ਪਰਮ ਪਾਵਨ) ਨਾਮ ਬਾਰੰਬਾਰ ਉਚਾਰਿਆਂ ਸੰਸਾਰ ਸਾਗਰ ਤੋਂ (ਉਚਾਰਨ ਵਾਲੇ ਨੂੰ) (ਆਪ) ਤਾਰ ਦਿੰਦੇ ਹਨ, ੩. (ਐਸੇ ਸ਼੍ਰੀ) ਗੁਰੂ ਜੀ ਉਪਰ (ਮੈਂ) ਕੁਰਬਾਨ ਜਾਂਦਾ ਹਾਂ; (ਜਿਨ੍ਹਾਂ ਖਾਲਸਾ) ਪੰਥ ਸ਼ੁਰੂ ਕੀਤਾ, (ਹੇ ਮੇਰੇ ਮਨ ਤੂੰ) ਦੇਰ ਨ ਕਰ (ਝਟ) ਸ਼ਰਨ ਵਿਚ ਪੈਜਾ, ੪. (ਕਿਉਂਕਿ ਦਾਤਾ ਜੀ ਦਾ) ਬਚਨਾਂ ਰੂਪੀ ਜਲ ਪਾਪਾਂ (ਰੂਪੀ) ਮੈਲ ਨੂੰ ਨਾਸ਼ ਕਰ ਦਿੰਦਾ ਹੈ ਤੇ (ਤੇ ਏਸੇ ਲਈ ਸਾਹਿਬਾਂ ਦੇ ਵਾਕ) ਸਦਾ ਸਿੱਖ ਘੇਰਾ ਪਾਕੇ ਸੁਣਦੇ ਰਹਿੰਦੇ ਹਨ।

ਭਾਵ: ਇਸ ਛੰਦ ਦੀ ਦੂਸਰੀ ਤੁਕ ਵਿਚ 'ਉਧਾਰਤ ਹੈਂ' ਦੇ 'ਹੈਂ' ਪਦ ਨੂੰ ਬਿੰਦੀ ਲਗੀ ਹੈ (੧੯੧੨ ਵਾਲੇ ਨੁਸਖੇ ਵਿਚ), ਜਿਸ ਵਾਸਤੇ ਅਰਥ ਕਰਨਾ ਪੈਂਦਾ ਹੈ ਕਿ ਗੁਰੂ ਜੀ ਉਧਾਰਦੇ ਹਨ, ਜੇ 'ਹੈਂ' ਤੇ ਬਿੰਦੀ ਨਾ ਹੋਵੇ ਤਾਂ ਅਰਥ ਬਣੇਗਾ ਕਿ ਉਹਨਾਂ ਦਾ ਨਾਮ ਉੱਚਾਰਨ ਵਾਲਿਆਂ ਨੂੰ ਨਾਮ ਸੰਸਾਰ ਤੋਂ ਉਧਾਰ ਦੇਂਦਾ ਹੈ। ਇਸ ਛੰਦ ਦੀ ਛੇਕੜਲੀ ਤੁਕ ਵਿਚ ਕਵੀ ਜੀ ਨੇ ਦਸਵੇਂ ਸਾਹਿਬਾਂ ਦੀ ਬਾਣੀ ਪੜ੍ਹਣ ਦਾ ਭੀ ਉਪਦੇਸ਼ ਦਿੱਤਾ ਹੈ।

### ੧੪. ਇਸ੍ਟ ਗੁਰੂ-ਦਸੋਂ ਗੁਰੂ ਸਾਹਿਬਾਂ ਦਾ-ਮੰਗਲ।

ਚਿੱਤ੍ਰਪਦਾ ਛੰਦ: ਬਾਵਨ ਹ੍ਵੈ ਬਲ ਰਾਇ ਬੰਧਯੋ,
ਬਲ ਬਾਲਿ ਬਧਯੋ, ਪੁਨ ਭੇ ਨਰ ਸਿੰਘ।
ਕੱਛਪ, ਮੱਛ, ਬਰਾਹ ਬਨੇ*

*ਪਾ:-ਹਨੇ।

ਮ੍ਰਿਗ ਰਾਖਸ਼ ਦੈਤ ਹਤੇ ਜਿਮ ਸਿੰਘ।
ਰਾਮ ਭਏ, ਦਿਜ ਰਾਮ ਭਏ,
ਘਨਸ਼ਜਾਮ ਭਏ ਧਰ ਮੈਂ ਨਰ ਸਿੰਘ।
ਸੋ ਕਲਿ ਮਹਿਂ ਗੁਰ ਨਾਨਕ ਰੂਪ
ਦਸੋ ਤਨ ਭੇ ਲਗ ਗੋਬਿੰਦ ਸਿੰਘ ॥੧੮॥

ਬਾਵਨ ਹ੍ਵੈ-ਬਾਵਨ ਅਵਤਾਰ ਹੋਕੇ।

ਬਲਰਾਇ=ਬਲਿ ਰਾਜਾ,

ਜਿਸ ਨੂੰ ਬਾਵਨ ਰੂਪ ਹੋਕੇ ਛਲਿਆ।

ਬਲ=ਬਲ ਵਾਲਾ।

ਬਾਲਿ=ਬਾਲੀ। ਜੇ 'ਬਲ ਬਾਲਿ' ਦਾ ਅਰਥ ਬਲ ਵਾਲਾ ਲਾਕੇ ਮੁਰਾਦ ਹਿਰਨਕੱਸ਼ਪ ਦੀ ਲਈਏ ਤਾਂ ਗ਼ਲਤ ਹੈ ਕਿਉਂਕਿ ਅੱਗੇ ਪਦ ਪਿਆ ਹੈ, 'ਪੁਨ ਭੇ', ਜਿਸਦਾ ਸਪੱਸ਼ਟ ਅਰਥ ਹੈ ਕਿ ਬਲ ਬਾਲਿ ਨੂੰ ਬੱਧ ਕਰਕੇ ਮਗਰੋਂ ਨਰਸਿੰਘ ਹੋਏ।

ਬਧਯੋ=ਬੰਨ੍ਹ ਲਿਆ। ਭਾਵ ਉਸ ਨੂੰ ਉਸਦੇ ਵਚਨਾਂ ਨਾਲ ਬੰਨ੍ਹ ਲਿਆ।

ਨਰਸਿੰਘ=ਨਰਸਿੰਘ ਅਵਤਾਰ, ਪ੍ਰਹਿਲਾਦ ਦੀ ਰੱਖਯਾ ਜਿਸ ਨੇ ਕੀਤੀ ਸੀ।

ਕੱਛਪ, ਮੱਛ, ਬਰਾਹ=ਇਹ ਤਿੰਨੇ ਵਿਸ਼ਨੂੰ ਦੇ ਅਵਤਾਰ ਗਿਣੇ ਜਾਂਦੇ ਹਨ।

ਰਾਮ=ਰਾਮਚੰਦ੍ਰ ਜੀ। ਦਿਜਰਾਮ=ਪਰਸਰਾਮ।

ਘਨਸ਼ਜਾਮ=ਕ੍ਰਿਸ਼ਨ ਜੀ। ਨਰਸਿੰਘ=ਨਰਾਂ ਵਿਚੋਂ ਸ਼ੇਰ ਰੂਪ।

ਸੋ=ਉਸੀ ਤਰ੍ਹਾਂ, ਤਿਵੇਂ (ਅ) ਉਹ। ਦਸੋ ਤਨ=ਭਾਵ ਦਸੋ ਗੁਰੂ ਸਾਹਿਬ।

ਅਰਥ: ੧. (ਪਹਿਲੋਂ) ਬਾਵਨ ਹੋਕੇ ਬਲ ਰਾਜਾ ਨੂੰ ਬੰਨ੍ਹਿਆ, (ਫੇਰ ਰਾਮ ਹੋਕੇ) ਬਲਵਾਨ ਬਾਲੀ ਨੂੰ ਮਾਰਿਆ, ਫਿਰ ਨਰਸਿੰਘ ਰੂਪ ਹੋਏ, ੨. ਕੱਛ ਮੱਛ (ਹੋਏ ਤੇ) ਵੈਰਾਹ ਅਵਤਾਰ ਹੋਕੇ 'ਮ੍ਰਿਗਾਂ ਰੂਪ ਰਾਕਸ਼ਾਂ ਤੇ ਦੈਂਤਾਂ ਨੂੰ ਸ਼ੇਰ ਵਤ ਨਾਸ਼ ਕੀਤਾ। ੩. (ਹਾਂ) ਰਾਮਚੰਦ੍ਰ (ਰੂਪ) ਹੋਏ, (ਫੇਰ) ਪਰਸਰਾਮ ਹੋਏ, ਫੇਰ ਕ੍ਰਿਸ਼ਨ ਰੂਪ ਵਿਚ ਧਰਤੀ ਤੇ ਨਰਾਂ ਵਿਚੋਂ ਸ਼ੇਰ ਰੂਪ ਪ੍ਰਗਟ ਹੋਏ, ੪. ਉਸੀ ਤਰ੍ਹਾਂ ਕਲਜੁਗ ਵਿਚ ਦਸੋਂ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ (ਵਾਹਿਗੁਰੂ) ਜੀ ਦਾ ਰੂਪ ਹੋਏ ਹਨ।

ਭਾਵ: ਜਿਵੇਂ ਪਿਛਲੇ ਤਿੰਨਾਂ ਜੁਗਾਂ ਵਿਚ ਦਸ ਅਵਤਾਰ ਹੋਏ ਹਨ ਜੋ ਵਿਸ਼ਨੂੰ ਦਾ ਰੂਪ ਹੋਏ ਹਨ, ਤਿਵੇਂ ਕਲਜੁਗ ਵਿਚ ਦਸੋਂ ਗੁਰੂ ਸਾਹਿਬਾਨ ਗੁਰੂ ਗੋਬਿੰਦ ਸਿੰਘ ਜੀ ਤੱਕ ਵਾਹਿਗੁਰੂ ਜੀ ਦਾ ਰੂਪ ਹੋਏ ਹਨ। ਜੇ 'ਸੋ' ਦਾ ਅਰਥ 'ਓਹੀ' ਕਰੀਏ ਤਾਂ ਇਹ ਅਰਥ ਬਣੇਗਾ:-ਕਿ ਉਹੀ ਦਸੋ ਹੀ ਕਲਜੁਗ ਵਿਚ ਦਸ ਰੂਪ ਗੁਰੂ ਗੋਬਿੰਦ ਸਿੰਘ ਜੀ ਤਕ ਹੋਏ ਹਨ। ਪਰ ਇਸ ਵਿਚ ਫਿਰ ਦੂਸ਼ਨ ਪੈਂਦਾ ਹੈ ਕਿ ਕਵੀ ਜੀ ਪਿੱਛੇ ਸਾਰੇ ਵਿਸ਼ੇਸ਼ਤਾ ਯਾ ਸਦਰਸ਼ਤਾ ਦਿਖਾਉਂਦੇ, ਗੁਰੂ ਸਾਹਿਬਾਂ ਦੀ ਵਿਸ਼ੇਸ਼ਤਾ ਵਿਚ ਚਲੇ ਜਾਂਦੇ ਰਹੇ ਹਨ। ਜੈਸੇ ਕਿ ਇਸੇ ਅੰਸੂ ਦੇ ਅੰਕ ੧੦ ਵਿਚ ਵਿਸ਼ਨੂੰ ਨੂੰ ਗੁਰੂ ਸਾਹਿਬਾਂ ਦੀ ਪੂਜਾ ਕਰਨ ਵਾਲਾ ਦੱਸ ਆਏ ਹਨ ਜਿਸ ਦੇ ਕਿ ਏਹ ਸਾਰੇ ਅਵਤਾਰ ਹਨ, ਯਥਾ:- 'ਹਰਿ ਪੂਜਤ ਹੈ ਜਿਨ।' ਇਸੀ ਤਰ੍ਹਾਂ ਅੰਕ ੧੫ ਵਿਚ ਗੁਰੂ ਸਾਹਿਬ ਜੀ ਨੂੰ 'ਸ਼ਿਵ ਜੀ' ਦਾ ਪੂਜਯ ਕਹਿ ਆਏ ਹਨ। ਸ਼ਿਵ ਵਿਸ਼ਨੂੰ ਬ੍ਰਹਮਾ ਇਕੋ ਪਾਏ ਦੇ ਦੇਵਤੇ ਹਨ। ਸ੍ਰੀ ਗੁਰੂ ਜੀ ਨੇ ਤ੍ਰੈਹਾਂ ਹੀ ਬਾਬਤ ਫੁਰਮਾਇਆ ਹੈ:-"ਓਹੁ ਵੇਖੈ ਓਨਾ ਨਦਰਿ ਨ

ਆਵੈ"। ਇਸ ਛੰਦ ਦੀ ਗੇਣਤੀ ਵਿਚ ਦਸ ਅਵਤਾਰ ਬੀ ਨਹੀਂ ਗਿਣੇ ਗਏ ਬੁੱਧ ਤੇ ਕਲਕੀ ਰਹਿ ਗਏ ਹਨ। ੧. ਬਾਵਨ, ੨. ਰਾਮ, ੩. ਨਰਸਿੰਘ, ੪. ਕੱਛ, ੫. ਮੱਛ, ੬. ਬਰਾਹ, ੭. (ਦੁਬਾਰਾ ਰਾਮ) ਪਰਸਰਾਮ, ੮. ਕ੍ਰਿਸ਼ਨ। 'ਸੋ' ਪਦ ਜੇ ਦਸਾਂ ਪਹਿਲੇ ਅਵਤਾਰਾਂ ਦੀ ਸੰਭਾਵਨਾ ਕਰਦਾ ਹੈ, ਤਾਂ ਗੇਣਤੀ ਬੀ ਪੂਰੀ ਨਹੀਂ ਹੋਈ। ਫਿਰ ਰਾਮ ਦੋ ਵੇਰੀ ਗਿਣਿਆ ਹੈ। ਇਕ ਬਾਲੀ ਦੇ ਬੱਧ ਵੇਲੇ ਤੇ ਫਿਰ 'ਰਾਮ ਭਏ' ਕਿਹਾ ਹੈ, ਇਹ ਪੁਨਰੁਕਤੀ ਦੂਸ਼ਣ ਹੈ, ਇਕ ਵੇਰੀ ਰਾਮ ਨਰਸਿੰਘ ਤੋਂ ਪਹਿਲਾਂ ਤੇ ਇਕ ਵੇਰੀ ਪਿਛੋਂ ਗਿਣਿਆ ਹੈ, ਇਹ ਕ੍ਰਮ ਦੂਸ਼ਣ ਹੈ। ਕਵੀ ਜੀ ਉੱਚੇ ਪਾਏ ਦੇ ਕਵੀ ਹਨ, ਉਨ੍ਹਾਂ ਤੋਂ ਇਹ ਗੱਲਾਂ ਪੈ ਜਾਣੀਆਂ ਸੰਭਵ ਨਹੀਂ। ਇਸ ਕਰਕੇ ਇਸ ਛੰਦ ਦਾ ਭਾਵ ਇਹੋ ਠੀਕ ਜਾਪਦਾ ਹੈ ਕਿ ਸੋ ਦਾ ਅਰਥ ਤਿਵੇਂ ਹੈ। ਏਸੇ ਅੰਸੂ ਦੇ ਅੰਕ ੬ ਵਿਚ ਗੁਰੂ ਸਾਹਿਬ ਨੂੰ ਪਾਰ ਬ੍ਰਹਮ ਦਾ ਅਵਤਾਰ ਦੱਸ ਆਏ ਹਨ ਤੇ ਐਉਂ ਵਿਸ਼ਨੂੰ ਦੇ ਅਵਤਾਰਾਂ ਤੋਂ ਗੁਰੂ ਅਵਤਾਰ ਦੀ ਵਿੱਲਖਣਤਾ ਤੇ ਵਿਸ਼ੇਸ਼ਤਾ ਕਾਇਮ ਕਰ ਆਏ ਹਨ।

[ਭੂਮਿਕਾ ਤੇ ਅਰਦਾਸ]

ਚੌਪਈ: ਦਸਹੁੰ ਗੁਰਨਿ ਕੀ ਕਰੁਨਾ ਪਾਈ।
ਦਸਹੁੰ ਗੁਰਨਿ ਕੀ ਕਥਾ ਬਨਾਈ।
ਪੁਨ ਪੁਨ ਧਰ ਪਰ ਧਰਿ ਧਰਿ ਸਿਰ ਕੋ।
ਬੰਦਨ ਕਰੌਂ ਪ੍ਰੇਮ ਕਰਿ ਉਰ ਕੋ ॥੧੯॥

ਦਸਾਂ ਹੀ ਗੁਰਾਂ ਦੀ ਮਿਹਰ ਪਾ ਕਰਕੇ (ਮੈਂ) ਦਸਾਂ ਹੀ ਸਤਿਗੁਰਾਂ ਦੀ ਕਥਾ ਬਣਾਈ ਹੈ (ਇਸ ਮਹਾਨ ਕਾਰਜ ਦੀ ਸਮਾਪਤੀ ਤੇ ਮੈਂ) ਬਾਰ ਬਾਰ ਧਰਤੀ ਤੇ ਸਿਰ ਧਰ ਧਰਕੇ ਦਿਲੀ ਪ੍ਰੇਮ ਨਾਲ (ਦਸੋ ਗੁਰੂ ਸਾਹਿਬਾਂ ਨੂੰ) ਨਮਸਕਾਰ ਕਰਦਾ ਹਾਂ ॥੧੯॥

ਪੁਰਬਾਰਧਿ ਉੱਤ੍ਰਾਰਧਿ ਦੋਇ।
ਕਥਾ ਬਨੀ ਗੁਰ ਨਾਨਕ ਸੋਇ।
ਬਰਨੀ ਦ੍ਵਾਦਸ਼ ਰਾਸ਼ਿ ਅਗਾਰੀ।
ਨਵਮ ਗੁਰੂ ਲਗ ਕਥਾ ਸੁਧਾਰੀ ॥੨੦॥

(ਪਹਿਲੋਂ) ਪੂਰਬਾਰਧ ਤੇ ਉਤ੍ਰਾਰਧ ਦੋਵੇਂ (ਰਚੇ), ਉਨ੍ਹਾਂ (ਦੁਹਾਂ ਵਿਚ) ਗੁਰੂ ਨਾਨਕ ਦੇਵ ਜੀ ਦੀ ਕਥਾ ਬਣ ਗਈ। ਫਿਰ ਬਾਰਾਂ ਰਾਸਾਂ (ਉਸ ਤੋਂ ਅੱਗੇ ਕਥਨ ਕੀਤੀਆਂ (ਜਿਨ੍ਹਾਂ ਵਿਚ) ਨੌਵੇਂ ਗੁਰਾਂ ਤਕ ਕਥਾ ਸੁਧਾਰਕੇ (ਰਚੀ) ॥੨੦॥

ਖਟ ਰਿਤੁ ਜੁਗਤ[1] ਬਨੇ ਜੁਗ ਐਨ।
ਸ੍ਰੀ ਗੋਬਿੰਦ ਸਿੰਘ ਗਾਥਾ ਐਨ[2]।
ਭਏ ਪ੍ਰਕਰਣ ਸਰਬ ਕੇ ਬਾਈ।
ਨੌ ਰਸ ਤੇ ਪੂਰਨ ਮਤ ਥਾਂਈ ॥੨੧॥

(ਫਿਰ) ਛੇ ਰੁੱਤਾਂ ਸਮੇਤ ਦੋ ਐਨ ਬਣਾਏ, (ਜਿਨ੍ਹਾਂ ਵਿਚ) ਠੀਕ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਹੈ। (ਇਉਂ) ਸਾਰੀ (ਕਥਾ) ਜੋ ਸਭ ਥਾਂ ਨਵਾਂ ਰਸਾਂ ਵਿਚ ਪੂਰਨ ਹੈ, ਦੇ ਬਾਈ (੨੨) ਪ੍ਰਕਰਣ ਹੋ ਗਏ ॥੨੧॥

---

[1]ਸੰਯੁਕਤ, ਸਮੇਤ।
[2]ਠੀਕ।

ਸ਼੍ਰੀ ਗੁਰ ਕੀ ਗਾਥਾ ਸ਼ੁਭ ਗੰਗਾ।
ਛੰਦ ਉਮੰਗ ਉਤੰਗ ਤਰੰਗਾ।
ਕਰਾਮਾਤ ਬਰਨਨ ਜਹਿਂ ਕਹਾਂ।
ਇਹੁ ਗੰਭੀਰਤਾ ਧਾਰਤਿ ਮਹਾਂ ॥੨੨॥

ਸ਼੍ਰੀ ਗੁਰਾਂ ਦੀ ਸ਼੍ਰੇਸ਼ਟ ਕਥਾ ਗੰਗਾ ਹੈ (ਜਿਸ ਵਿਚ) ਛੰਦ (ਰੂਪੀ) ਉੱਚੀਆਂ ਲਹਿਰਾਂ ਉਮਗ (ਰਹੀਆਂ ਹਨ) ਤੇ ਜਿੱਥੇ ਕਿਥੇ ਕਰਾਮਾਤਾਂ ਦਾ ਵਰਣਨ ਹੈ ਓਥੇ ਇਹ (ਗੰਗਾ ਰੂਪ ਕਥਾ) ਬੜੀ ਗੰਭੀਰਤਾ ਧਾਰ ਰਹੀ ਹੈ, (ਭਾਵ ਗੂੜ ਭਾਵ ਵਾਲੀ ਹੋ ਜਾਂਦੀ ਹੈ) ॥੨੨॥

ਰਾਮ ਕੁਇਰ ਗਿਰਵਰ ਤੇ ਨਿਕਸੀ।
ਸਿੱਖਨ ਬਿਖੇ ਜਗਤ ਮਹਿਂ ਬਿਗਸੀ।
ਜੋਗ ਵਿਰਾਗ ਭਗਤਿ ਅਰੁ ਗਜ਼ਾਨ।
ਬਸਹਿਂ ਚਾਰ ਜਲਜੰਤੁ ਮਹਾਨ[1] ॥੨੩॥

(ਇਹ ਗੰਗਾ ਰੂਪ ਕਥਾ) ਭਾਈ ਰਾਮ ਕੁਇਰ ਰੂਪ ਸ਼੍ਰੇਸ਼ਟ ਪਹਾੜ ਤੋਂ ਨਿਕਲੀ ਹੈ, ਤੇ ਜਗਤ ਵਿਚ ਆਕੇ ਸਿੱਖਾਂ ਵਿਚ ਫੈਲੀ ਹੈ। (ਜਿਸ ਵਿਖੇ) ਜੋਗ, ਵੈਰਾਗ, ਭਗਤੀ ਤੇ ਗਿਆਨ ਰੂਪ ਚਾਰੇ[*] ਹੀ ਵੱਡੇ ਵੱਡੇ ਜਲਜੰਤੂ ਵਸਦੇ ਹਨ ॥੨੩॥

ਜਪ ਤਪ ਸੰਜਮ ਦਾਨ ਸ਼ਨਾਨ।
ਧੀਰਜ ਦਯਾ ਛਿਮਾ ਨਿਰਮਾਨ।
ਸਤਿ ਸੰਤੋਖ ਆਦਿ ਗੁਨ ਜੇਤੇ।
ਇਤਨੇ ਲਘੁ ਜਲ ਜੰਤੁ ਵਸ ਕਰਿਂ ਤੇਤੇ ॥੨੪॥

(ਤੇ) ਜਪ, ਤਪ, ਸੰਜਮ, ਦਾਨ, ਸ਼ਨਾਨ, ਧੀਰਜ, ਦਯਾ, ਛਿਮਾ, ਨਿਰਮਾਣਤਾ, ਸਤਿ ਸੰਤੋਖ ਆਦਿ ਜਿਤਨੇ ਬੀ ਗੁਣ ਹਨ, ਹੀ (ਇਹ) ਛੋਟੇ ਜਲਜੰਤੂ (ਰੂਪ ਵਿਚ ਵਿਖੇ) ਵਾਸ ਕਰਦੇ ਹਨ ॥੨੪॥

ਦਸ ਗੁਰ ਦਸਹੁਂ ਘਾਟ ਕੋ ਪਾਇ।
ਪਾਵਨ ਭਏ ਲੋਕ ਸਮੁਦਾਇ।
ਜਨਮ ਮਰਨ ਤੇ ਆਦਿ ਕਲੇਸ਼ੂ।
ਇਹ ਬਡਪਾਤ ਕਹਤੇ ਅਸ਼ੇਸ਼ੂ ॥੨੫॥

(ਫਿਰ) ਦਸਾਂ ਗੁਰਾਂ (ਦਾ ਜੋ ਵਰਣਨ ਹੈ ਇਹ) ਦਸੇ ਘਾਟ ਹਨ (ਇਨ੍ਹਾਂ ਨੂੰ) ਪਾਕੇ ਬਹੁਤੇ ਲੋਕ ਪਵਿੱਤ੍ਰ ਹੋ ਰਹੇ ਹਨ, ਤੇ ਜਨਮ ਮਰਨ ਤੋਂ ਆਦਿ ਲੈ ਜਿਤਨੇ ਕਲੇਸ਼ ਹਨ ਇਨ੍ਹਾਂ ਵੱਡੇ ਵੱਡੇ ਸਮੂਹ ਪਾਪਾਂ ਨੂੰ (ਇਹ ਗੰਗਾ ਰੂਪ ਕਥਾ) ਨਾਸ਼ ਕਰਦੀ ਹੈ ॥੨੫॥

ਗੁਰਸਿਖ ਜੋਗੀ ਮੁਨਿ ਰਿਖਿ ਭਾਰੀ।
ਗੁਰ ਮਹਿਮ ਗੰਗਾ ਤਿਨ ਪਜ਼ਾਰੀ।
ਪ੍ਰਠਨ ਸੁਨਨਿ ਸ਼ੁਭ ਅਰਥ ਵਿਚਾਰਨ।

---

[1] ਵੱਡੇ ਵੱਡੇ।

[*] ਇਨ੍ਹਾਂ ਚਹੁਵਾਂ ਦੇ ਅੰਤਰ ਭੂਤ ਨਾਮ ਹੈ, ਨਾਮ ਹੈ, ਨਾਮ ਦੇ ਹੀ ਇਹ ਚਾਰ ਪੱਖ ਹਨ।

ਪਾਨ ਸ਼ਨਾਨ ਹਰਖ ਕਰਿ ਧਾਰਨ* ॥੨੬॥

ਗੁਰੂ ਜੀ ਦੇ ਸਿੱਖ (ਜੋ) ਜੋਗੀ, ਮੁਨੀ ਦੇ ਭਾਰੀ ਰਿਖੀਆਂ (ਵਤ ਹਨ) ਇਨ੍ਹਾਂ ਨੂੰ ਗੁਰੂ ਮਹਿਮਾ ਰੂਪ ਗੰਗਾ ਪਿਆਰੀ ਹੈ, ਪੜ੍ਹਨਾ ਸੁਣਨਾ ਤੇ ਅਰਥਾਂ ਦਾ ਸੁਹਣਾ ਵਿਚਾਰ ਕਰਨਾ (ਇਹ) ਪੀਣ ਤੇ ਪ੍ਰਸੰਨਤਾ ਯੁਤ ਸ਼ਨਾਨ ਕਰਨ (ਤੇ ਸੀਸ ਤੇ) ਧਾਰਨ (ਤੁੱਲ ਹੈ) ॥੨੬॥

ਸਿਖ ਸੰਗਤ ਗੁਰ ਪ੍ਰੇਮੀ ਪਜਾਰੇ।
ਲਿਖੈਂ ਸੁਨੈਂ ਜਸ ਗਾਵਨ ਹਾਰੇ।
ਗੁਰ ਮਹਿਮਾ ਗੰਗਾ ਕਉ ਪਾਇ।
ਭਏ ਮੁਕਤਿ ਗੁਰੂ ਰੂਪ ਸਮਾਇ ॥੨੭॥

ਸਿੱਖ ਸੰਗਤ ਤੇ ਗੁਰੂ ਜੀ ਦੇ ਪਿਆਰੇ ਪ੍ਰੇਮੀ, ਲਿਖਣ, ਸੁਣਨ ਤੇ ਜਸ ਗਾਵਣ ਵਾਲੇ ਗੁਰ ਮਹਿਮਾਂ ਰੂਪ ਗੰਗਾ ਨੂੰ ਪਾਕੇ ਗੁਰਾਂ ਦੇ ਰੂਪ ਵਿਚ ਸਮਾਕੇ ਮੁਕਤ ਹੋ ਗਏ ਹਨ ॥ ੨੭ ॥

ਅਬਿ ਮੈਂ ਸਭਿ ਆਗੇ ਕਰ ਜੋਰਿ।
ਬਾਰੰਬਾਰ ਨਿਹੋਰਿ ਨਿਹੋਰਿ।
ਅਸਿ ਤਿੱਖੀ ਸਿੱਖੀ ਅਸਿ ਜਾਚਿ।
ਚਿਤ ਕੀ ਬ੍ਰਿਤੀ ਸਾਚ ਮਹਿਂ ਰਾਚ ॥੨੮॥

ਹੁਣ ਮੈਂ ਸਾਰਿਆਂ ਅੱਗੇ ਹੱਥ ਜੋੜਕੇ ਬਾਰੰਬਾਰ ਬੇਨਤੀ ਕਰਕੇ ਖੰਡੇ (ਦੀ ਧਾਰ) ਤੋਂ ਤਿੱਖੀ ਜੋ ਸਿੱਖੀ ਹੈ, ਐਸੀ (ਸਿੱਖੀ) ਨੂੰ ਤਿੱਖੀ ਜੋ ਸਿੱਖੀ ਹੈ, ਐਸੀ (ਸਿੱਖੀ) ਨੂੰ ਮੰਗਦਾ ਹਾਂ (ਤਾਂਕਿ) ਮੇਰੀ ਬ੍ਰਿਤੀ ਸੱਤ (ਸਰੂਪ) (ਵਾਹਿਗੁਰੂ) ਵਿਚ ਰਹੇ ਯਾ ਰਚ ਜਾਵੇ ॥੨੮॥

ਲਹੌਂ ਦਰਸ ਗੁਰ ਦਿਹੁ ਇਮ ਬਰ ਕੋ।
ਜਿਸਤੇ ਬ੍ਰਹਮ ਗਜਾਨ ਹੁਇ ਉਰ ਕੋ।
ਜਨਮ ਮਰਨ ਕੋ ਕਸ਼ਟ ਬਡੇਰਾ।
ਬਹੁਰ ਨ ਜਗ ਮੈਂ ਹੁਇ ਕਬਿ ਫੇਰਾ ॥੨੯॥

(ਤੇ) ਗੁਰਾਂ ਦਾ ਦਰਸ, ਪ੍ਰਾਪਤ ਹੋਵੇ, ਇਸ ਤਰ੍ਹਾਂ ਦਾ (ਮੈਨੂੰ) ਵਰ ਦਿਓ, ਜਿਸ ਤੇ ਬ੍ਰਹਮ ਦਾ ਗਿਆਨ ਮੇਰੇ ਰਿਦੇ ਵਿਚ ਹੋ ਆਵੇ, ਤੇ ਜਨਮ ਮਰਨ ਦਾ ਵੱਡਾ ਦੁੱਖ (ਕੱਟਿਆ ਜਾਵੇ) ਤੇ ਜਗਤ ਵਿਚ ਫੇਰਾ ਮੁੜਕੇ ਨਾ ਪਵੇ।

ਜਿਨਹੁਂ ਗੁਰਨਿ ਲਾਖਹੁਂ ਨਿਸਤਾਰੇ।
ਜੁਗ ਲੋਕਨਿ ਸੁਖ ਦਯੋ ਉਦਾਰੇ।
ਮਹਿ ਮਹਿਂ ਮਹਿਮਾ ਮਹਾਂ ਮਹਾਨ।
ਛਪੀ ਨਹੀਂ ਸਭਿ ਲਖਹਿ ਜਹਾਨ ॥੩੦॥

ਜਿਨ੍ਹਾਂ ਗੁਰਾਂ ਨੇ ਲੱਖਾਂ ਹੀ ਨਿਸਤਾਰੇ ਹਨ ਤੇ ਦੋਹਾਂ ਲੋਕਾਂ ਦੇ ਸ੍ਰੇਸ਼ਟ ਸੁਖ ਦਿੱਤੇ ਹਨ (ਫੇਰ ਜਿਨ੍ਹਾਂ ਦੀ) ਪ੍ਰਿਥਵੀ ਵਿਖੇ ਬੜੀ ਤੋਂ ਬੜੀ ਮਹਿਮਾ ਹੈ, ਸਾਰਾ ਜਹਾਨ ਜਾਣਦਾ ਹੈ, ਕਿਤੇ ਛਪੀ ਨਹੀਂ।

(ਓਹ ਸਤਿਗੁਰ ਕੀ ਕਰਦੇ ਹਨ? ਅਗਲੇ ਛੰਦ ਵਿਚ ਦੱਸਦੇ ਹਨ:-)।

---

*ਇਹ ਤਿੰਨੇ ਐਉਂ ਬੀ ਲਗਦੇ ਹਨ:-੧. ਪੜਨਾ=ਪੀਣਾ ਗੰਗਾ ਜਲ ਦਾ। ੨. ਸੁਣਨਾ=ਸ਼ਨਾਨ ਕਰਨਾ ਗੰਗਾ ਜਲ ਵਿਚ। ੩. ਵਿਚਾਰਨਾ=ਸਿਰ ਤੇ ਗੰਗਾ ਜਲ ਧਾਰਨਾ।

ਕਬਿੱਤ: ਸਾਚ ਰੂਪ ਆਪਨੋ ਪਛਾਨਿ ਉਪਦੇਸ਼ ਦੇਤਿ,
ਕੂਰ ਤੇ ਅਹੰਤਾ ਤਾਤਕਾਲ ਬਿਨਸਾਵਈਂ।
ਚੇਤਨ ਬਤਾਇ ਕੈ ਅਚੇਤਨ ਕੌ ਤਜਾਗ ਕਰਿ
ਸੂਖਮ ਸੁਮੱਤਿ ਤੇ ਅਲੱਖ ਕੋ ਲਖਾਵਈਂ।
ਆਨੰਦ ਬਿਲੰਦ ਕੇ ਉਦਧਿ ਮੈਂ ਸਮਾਇ ਕਰਿ
ਸਿੱਖ ਕੋ ਉਧਾਰਿ, ਬੰਧ ਗਾਢੇ ਛੁਟਕਾਵਈਂ।
ਏਕ ਅਸਤਿ ਭਾਂਤਿ ਪ੍ਰਿਯ ਸਰਬਥਾ ਸੰਤੋਖ ਸਿੰਘ
ਨਮੋ ਨਮੋਂ ਗੁਰ ਉਰ ਠੀਕ ਠਹਿਰਾਵਈਂ ॥੩੧॥

ਰੂਪ ਆਪਨੋ=ਸ੍ਵੈ ਸਰੂਪ, ਨਿਜ ਸ੍ਵਰੂਪ। ਅਚੇਤਨ=ਜੋ ਚੇਤਨ ਨਾ। ਹੋਵੇ, ਭਾਵ ਜੜ੍ਹ, ਅੱਗਜਾਨ, ਅਲਖ=ਜੋ ਲਿਖਿਆ ਨਾ ਜਾਵੇ=ਵਾਹਿਗੁਰੂ। ਅਸਤਿ=ਜੋ ਸੱਤ ਹੈ। ਭਾਂਤਿ=ਜੋ ਚੇਤਨ ਹੈ। ਪ੍ਰਿਯ=ਜੋ ਆਨੰਦ ਸ੍ਵਰੂਪ ਹੈ।

ਸਰਬਥਾ=ਸਭ ਤਰ੍ਹਾਂ ਨਾਲ, ਹਰ ਥਾਂ, ਹਰ ਸਮੇਂ। ਉਰਠੀਕ ਠਹਿਰਾਵਈਂ=ਰਿਦੇ ਵਿਚ ਜਿਉਂ ਦਾ ਤਿਉਂ ਟਿਕਾ ਦਿੰਦੇ ਹਨ।

ਅਰਥ: ੧. (ਐਸਾ) ਉਪਦੇਸ਼ ਦਿੰਦੇ ਹਨ ਕਿ (ਜੀਵ) ਆਪਣਾ ਸਤਜ ਸਰੂਪ ਪਛਾਣ (ਲੈਂਦਾ ਹੈ), ਤੇ ਉਸ ਦੀ ਅਹੰਤਾ ਤੇ ਅਸੱਤ (ਵਿਚ ਲਗਨ) ਤਾਤਕਾਲ ਨਾਸ਼ ਕਰ ਦੇਂਦੇ ਹਨ।

੨. ਚੇਤਨ ਨੂੰ ਦੱਸਕੇ ਅਚੇਤਨ (ਜੜ੍ਹ) ਦਾ ਤਿਆਗ ਕਰਾਕੇ ਸੂਖਮ ਬੁੱਧੀ ਕਰਕੇ ਅਲੱਖ (ਵਾਹਿਗੁਰੂ) ਨੂੰ ਲਖਾ ਦਿੰਦੇ ਹਨ।

੩. ਬੜੇ ਆਨੰਦ ਦੇ ਸਾਗਰ ਵਿਚ ਸਮਾਕੇ ਸਿੱਖ ਦਾ ਉਧਾਰ ਕਰਦੇ ਹਨ। (ਐਸਾ, ਕਿ ਸਦਾ ਲਈ ਉਸ ਦੇ) ਕਰੜੇ ਬੰਧਨ ਛੁਡਾ ਦਿੰਦੇ ਹਨ।

੪. ਇਕ ਜੋ ਸਭ ਤਰ੍ਹਾਂ ਨਾਲ ਅਸਤੀ ਭਾਂਤੀ ਪ੍ਰਿਯ ਰੂਪ ਹੈ ਉਸ ਨੂੰ ਰਿਦੇ ਵਿਚ ਠੀਕ ਠਹਿਰਾ ਦਿੰਦੇ ਹਨ, (ਐਸੇ) ਗੁਰੂ (ਜੀ ਨੂੰ) ਕਵੀ ਸੰਤੋਖ ਸਿੰਘ ਬਾਰ ਬਾਰ ਨਮਸਕਾਰ ਕਰਦਾ ਹੈ (ਯਾ ਮਨ ਬਾਣੀ ਕਰਕੇ ਬੰਦਨਾਂ ਕਰਦਾ ਹੈ)।

ਭਾਵ: ਪਹਿਲੀਆਂ ਤਿੰਨਾਂ ਤੁਕਾਂ ਵਿਚ ਦੱਸਿਆ ਹੈ ਕਿ ਮੈਨੂੰ ਸਤ, ਚੇਤਨ, ਆਨੰਦ ਦੀ ਅੰਦਰ ਲੱਖਤਾ ਸਤਿਗੁਰਾਂ ਨੇ ਕਰਾ ਦਿੱਤੀ ਹੈ, ਹੁਣ ਬਾਹਰ ਉਹ ਅਸਤਿ, ਭਾਂਤਿ ਪ੍ਰਿਯ ਹੋਕੇ ਦਿੱਸ ਰਿਹਾ ਹੈ, ਇਹ ਅੰਦਰ ਬਾਹਰ ਦੀ ਲੱਖਤਾ ਸਤਿਗੁਰਾਂ ਨੇ ਉਰ ਵਿਚ ਠਹਿਰਾ ਦਿੱਤੀ ਹੈ ਭਾਵ ਦ੍ਰਿੜ ਕਰਵਾ ਦਿੱਤੀ ਹੈ।

ਆਪਣੇ ਰੂਪ ਦੀ ਪਛਾਣ 'ਜੀਵ ਤੱਤ' ਦੀ ਪਛਾਣ ਹੈ, ਫਿਰ ਇਸ ਆਪੇ ਦਾ ਪਰਮਤੱਤ ਅਥਵਾ 'ਬ੍ਰਹਮ ਤੱਤ' ਵਾਹਿਗੁਰੂ ਜੀ ਨਾਲ ਮੇਲ ਹੈ। ਯਥਾ:-"ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੈ ॥ " ਸ਼ੁਸ਼ਕ ਵੇਦਾਂਤ, ਜਿਸ ਵਿਚ ਪ੍ਰੇਮਾ ਭਗਤੀ ਦੀ ਲੇਸ਼ ਨਹੀਂ, ਗੁਰ ਆਸ਼ੇ ਅਨਕੂਲ ਨਹੀਂ ਹੈ, ਯਥਾ:-"ਜਗਿ ਗਿਆਨੀ ਵਿਰਲਾ ਆਚਾਰੀ ॥ ਜਗ ਪੰਡਿਤੁ ਵਿਰਲਾ ਵੀਚਾਰੀ ॥ " ਵਾਹਿਗੁਰੂ ਜੀ ਦੀ ਪ੍ਰਾਪਤੀ ਨਾਮ ਦੁਆਰਾ ਹੈ। ਅਗਲੇ ਛੰਦ ਵਿਚ ਨਾਮ ਜਪ ਦਾ ਜ਼ਿਕਰ ਕਰਕੇ ਭਗਤੀ ਨੂੰ ਕਲੇਸ਼ ਨਵਿਰਤੀ ਦਾ ਸਾਧਨ ਦੱਸਿਆ ਹੈ।

ਸੂਚਨਾ: ਉਹੀ ਪਿਛਲਾ ਭਾਵ, ਸਤਿਗੁਰ ਜੀ ਸਾਨੂੰ ਕੀ ਕੀ ਬਖਸ਼ਦੇ ਹਨ, ਅਗਲੇ ਛੰਦ ਵਿਚ ਬੀ ਚਲ ਰਿਹਾ ਹੈ।

ਭੇਤ ਨ ਸਜਾਤੀ ਨ ਵਿਜਾਤੀ ਨ ਸੁਗਤਿ ਜਾਂ ਮੈਂ
ਕਲਪਤਿ ਦ੍ਵੈਤ ਕੋ ਸਮੂਲ ਬਿਨਸਾਵਈਂ।
ਰੱਜੁ ਮੈਂ ਸਰਪ ਕੋ ਅਤਜੰਤਾ ਭਾਵ ਤੈਸੇ ਲਖਿ,
ਏਕ ਪਰਮਾਤਮਾਂ ਅਨੇਕਤਾ ਉਠਾਵਈ।
ਸੱਤਿਨਾਮ ਜਾਪ ਦੀਨਿ ਤੀਨ ਤਾਪ ਕੀਨ ਹੀਨ,
ਸ਼੍ਰਵਨਿ ਮਨਨਿ ਨਿੱਧਜਾਸਨਿ ਲੌਂ ਧਜਾਵਈ।
ਗੁਰੂ ਸ਼ਰਨਾਵਈ ਸੁ ਕਜੋਂ ਨ ਗਤਿ ਪਾਵਈ?
ਭਗਤਿ ਜੋ ਕਮਾਵਈ ਕਲੇਸ਼ਨਿ ਮਿਟਾਵਈ ॥੩੨॥

ਸਜਾਤੀ ਭੇਦ=ਇਕੋ ਜਾਤੀ ਦਾ ਆਪੋ ਵਿਚ ਫਰਕ। ਜਿਵੇਂ ਇਕ ਬ੍ਰਿੱਛ ਦੂਸਰੇ ਬ੍ਰਿੱਛ ਨਾਲੋਂ ਫਰਕ ਰਖਦਾ ਹੈ। ਜਿਵੇਂ ਘੋੜੇ ਦੀ ਜਾਤ ਵਿਚ ਅਰਬੀ ਤੇ ਈਰਾਨੀ ਘੋੜੇ ਦਾ ਫਰਕ।

ਵਿਜਾਤੀ ਭੇਦ=ਉਹ ਭੇਦ ਜਿਸ ਵਿਚ ਜਾਤਾਂ ਹੀ ਭਿੰਨ ਹੋਣ, ਜਿਵੇਂ ਬ੍ਰਿੱਛ ਤੇ ਪੱਥਰ ਦਾ ਫਰਕ।

ਸੁਗਤਿ ਭੇਦ=ਇਕ ਸਰੀਰ ਵਿਚ ਅੰਗਾਂ ਦੇ ਭੇਦ ਜਿਵੇਂ, ਸਰੀਰ ਤਾਂ ਇਕੋ ਮਨੁੱਖ ਦਾ ਹੈ, ਪਰ ਹੱਥ, ਮੂੰਹ, ਕੰਨ ਨੱਕ ਦਾ ਫਰਕ ਹੈ। [ਸੰਸ:, ਸ੍ਵਗਤਿ]।

ਸਮੂਲ=ਜੜ੍ਹਾਂ ਸਮੇਤ।

ਅਤਜੰਤਾ ਭਾਵ=ਕਿਸੇ ਸ਼ੈ ਦਾ ਮੂਲੋਂ ਹੀ ਨਾ ਹੋਣਾ, ਜਿਵੇਂ ਰੱਸੀ ਸੱਪ ਕਦੇ ਬੀ ਨਹੀਂ ਹੁੰਦੀ, ਰੱਸੀ ਵਿਚ ਸੱਪ ਦਾ ਅਤਜੰਤਾ ਭਾਵ ਹੈ, ਜਿਸ ਵੇਲੇ ਭ੍ਰਮ ਕਰਕੇ ਸੱਪ ਦਿੱਸਦਾ ਬੀ ਹੈ, ਉਸ ਵੇਲੇ ਬੀ ਰੱਸੀ ਰੱਸੀ ਹੀ ਹੁੰਦੀ ਹੈ।

ਕਲੇਸ਼ਨਿ=ਯੋਗ ਨੇ ਪੰਜ ਕਲੇਸ਼ ਮੰਨੇ ਹਨ:-ਅਵਿਦਜਾ, ਅਸਿਮਤਾ, ਰਾਗ, ਦ੍ਵੈਖ, ਅਭਿਨਿਵੇਸ਼, ਇਨ੍ਹਾਂ ਪੰਜਾਂ ਦੇ ਮਿਟ ਜਾਣ ਤੇ (ਕੈਵਲ=) ਮੁਕਤੀ ਅਵਸਥਾ ਪ੍ਰਾਪਤ ਹੁੰਦੀ ਹੈ, ਸੋ ਕਵੀ ਜੀ ਦਾ ਭਾਵ ਏਥੇ ਪੂਰਨ ਮੁਕਤੀ ਤੋਂ ਹੈ।

ਅਰਥ: (ਗੁਰੂ ਸਾਹਿਬ ਜੀ ਸਾਡੀ ਸਮਝ ਵਿਚੋਂ) ਕਲਪੀ ਹੋਈ ਦ੍ਵੈਤ (ਅਵਿੱਦਜਾ) ਨੂੰ ਜੜ੍ਹਾਂ ਸਮੇਤ ਦੂਰ ਕਰ ਦਿੰਦੇ ਹਨ, (ਇਹ ਅਨੁਭਵ ਕਰਕੇ ਕਿ ਬ੍ਰਹਮ ਵਿਚ) ਨਾਂ ਸਜਾਤੀ, ਨਾਂ ਵਿਜਾਤੀ, ਨਾਂ ਸੁਗਤਿ ਭੇਦ (ਕੋਈ ਬੀ ਨਹੀਂ ਹੈ; ਆਪ ਦੱਸਦੇ ਹਨ ਕਿ ਜਿਵੇਂ) ਰੱਸੀ ਵਿਚ ਸੱਪ ਦਾ ਅਤਜੰਤਾ ਭਾਵ ਹੈ, ਤਿਵੇਂ ਪਰਮਾਤਮਾਂ ਨੂੰ ਹੀ ਇਕ (ਤੱਤ ਸ੍ਵਰੂਪ) ਲਖ ਲਓ (ਤੇ ਇਸ ਵਿਚ ਕੀਤੀ) ਅਨੇਕਤਾ (ਜਗਤ ਦੀ ਕਲਪਨਾ) ਦੂਰ ਕਰ ਦਿਓ। ਇਸ ਪ੍ਰਾਪਤੀ ਲਈ (ਸਤਿਗੁਰਾਂ ਨੇ ਸਾਨੂੰ) ਸਤਿਨਾਮ ਦਾ ਜਾਪ ਬਖਸ਼ਿਆ, (ਜਿਸ ਨੇ ਸਾਡੇ) ਤ੍ਰੈਏ ਤਾਪ ਦੂਰ ਕੀਤੇ (ਅਤੇ) ਸ਼੍ਰਵਨ ਮਨਨ ਤੋਂ ਲੈ ਨਿਧਜਾਸਨ ਤੱਕ ਨਾਮ ਦੇ ਧਿਆਨ (ਵਿਚ) ਲਗਾ ਦਿਤਾ*। (ਐਸੇ) ਗੁਰਾਂ ਦੀ (ਜੋ) ਸ਼ਰਨ ਆਵੇਗਾ, ਉਹ ਕਿਉਂ ਨਾਂ ਮੁਕਤੀ ਪਾਵੇਗਾ, (ਨਿਸ਼ਚੇ ਜੋ ਆਪ ਦੀ) ਭਗਤੀ ਕਰੇਗਾ ਸੋ (ਆਪਣੇ) ਸਾਰੇ ਕਲੇਸ਼ਾਂ ਨੂੰ ਮਿਟਾ ਲਵੇਗਾ।

ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨਾ ਭਿਖਾਰੀ ਦੀਨ
ਤੋ ਸੋ ਨਾ ਦਿਆਲ, ਦੁਖੀ ਮੋ ਸੋ ਨਾ ਅਲਾਈਏ।

---

*'ਲੌ ਧਿਆਵਈ' ਦਾ ਅਰਥ 'ਨਿਧਜਾਸਨ ਤਕ ਧਿਆਓ' ਬੀ ਹੈ, ਇਸ ਦੀ ਵਿਚਾਰ ਲਈ ਦੇਖੋ ਰੁਤ ੫ ਅੰਸੂ, ੫੦, ਅੰਕ ੧੨ ਦੀ ਹੇਠਲੀ ਟੂਕ।

ਮੋ ਸੋ ਨਹੀਂ ਕ੍ਰਿੱਤਘਣ, ਤੋ ਸੋ ਉਪਕਾਰੀ ਨਾਂਹਿ,
ਮੋ ਸੋ ਨ ਅਨਾਥ, ਨਾਥ ਤੋ ਸੋ ਨਾ ਬਤਾਈਏ।
ਔਗੁਨੀ ਨ ਮੋ ਸੋ ਕੋਊ, ਗੁਣਵਾਨ ਤੋ ਸੋ ਨਹੀਂ,
ਜਪ ਤਪ ਬ੍ਰਤ ਮੋ ਮੈਂ ਏਕ ਨਹੀਂ ਪਾਈਏ।
ਕਵਿ ਆਇਓ ਹੈ ਸ਼ਰਨ, ਗਹੇ ਧਾਇਕੇ ਚਰਨ
ਗੁਰ ਤਾਰਨ ਤਰਨ! ਨਿਜ ਹਾਥ ਦੈ ਬਚਾਈਏ* ॥੩੩॥

(ਅਰਥਾਂ ਲਈ ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੧ ਅੰਕ ੨੭ ਜਿੱਥੇ ਇਹ ਛੰਦ ਅੱਗੇ ਆ ਚੁੱਕਾ ਹੈ)।

ਦੋਹਰਾ: ਸਤਿਗੁਰ! ਮਮ ਬੇਰੀ ਕਟੋ, ਨਿਜ ਬੇਰੀ ਪਰ ਚਾਰਿ।
ਇਹ ਬੇਰੀ ਹੁਇ ਭਵ ਸਫਲ, ਬਿਨ ਬੇਰੀ ਕਰਿ ਪਾਰਿ+ ॥੩੪॥

(ਅਰਥਾਂ ਲਈ ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੬੯ ਅੰਕ ੧)

ਕੈਂਥਲ ਦੀ ਲੁੱਟ ਤੇ ਗ੍ਰੰਥ ਸਮਾਪਤੀ ਦਾ ਮਹੀਨਾ ਸੰਮਤ।

ਦੋਹਰਾ: ਸ਼ੂਨ ਸ਼ੂਨ[1] ਗ੍ਰੈਹ[2] ਆਤਮਾ[3], ਸੰਮਤ ਆਦਿ[4] ਪਛਾਨ।
ਮਧੁ ਮਾਸ[5] ਸ਼ੱਤ੍ਰੂਨਿ ਕਰਿ, ਭਾ ਉਤਪਾਤ ਮਹਾਨ ॥੩੫॥

ਸੰਮਤ (ਬ੍ਰਿਕਮੀ) ੧੯੦੦ ਦਾ ਆਦਿ (ਆਰੰਭ) ਪਛਾਣ ਲਓ (ਜਦੋਂ) ਚੇਤ੍ਰ ਦੇ ਮਹੀਨੇ ਵੈਰੀਆਂ ਕਰਕੇ ਬੜਾ ਉਪੱਦ੍ਰਵ ਹੋਇਆ।

ਪਰੀ ਲੂਟ ਕਪਿਥਲ ਵਿਖੇ, ਮਿਲੇ ਚੋਰ ਬਟਪਾਰ।
ਆਪ ਆਪ ਕੋ ਭਜ ਚਲੇ, ਤਜਿ ਪੁਰਿ ਸਭਿ ਇਕ ਬਾਰ ॥੩੬॥

ਕੈਂਥਲ ਵਿਖੇ (ਜਿੱਥੇ ਕਵੀ ਜੀ ਰਹਿੰਦੇ ਸਨ) ਲੁੱਟ ਮਚ ਗਈ, (ਫਿਰ) ਚੋਰ ਤੇ ਧਾੜਵੀ ਬੀ ਲੁੱਟਣ ਲਈ ਨਾਲ ਆ ਮਿਲੇ, (ਲੋਕ) ਸ਼ਹਿਰ ਨੂੰ ਛੱਡ ਇਕੋ ਵੇਰੀ ਆਪਣਾ ਆਪ ਲੈ ਕੇ ਭੱਜ ਨਿਕਲੇ।

ਸਿੰਘ ਫਿਰੰਗੀ ਗਹਿ ਲਏ, ਕੈਦ ਕਰੇ ਵਸੁ ਛੀਨਿ।

---

*ਇਹ ਕਬਿੱਤ ਪਿੱਛੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਆਦਿ ਵਿਚ ਪਹਿਲੇ ਅਧਜਾਯ ਦੇ ਅੰਕ ੨੭ ਵਿਚ ਆ ਚੁੱਕਾ ਹੈ, ੧੯੧੯ ਵਾਲੇ ਨੁਸਖੇ ਵਿਚ ਇਹ ਏਥੇ ਨਹੀਂ ਹੈ ਪਰ ੧੯੧੨ ਵਾਲੇ ਵਿਚ ਹੈ। ਭਾਈ ਗੁਰਦਾਸ ਜੀ ਦਾ ਬੀ ਇਕ ਸਵੱਯਾ ਇਸੇ ਭਾਵ ਦਾ ਹੈ ਜਿਸ ਦਾ ਪਾਠ ਐਉਂ ਹੈ:-'ਤੋ ਸੋ ਨ ਨਾਥ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ। ਮੋ ਸੋ ਨ ਦੀਨ, ਦਇਆਲ ਨ ਤੋ ਸਰ, ਮੋ ਸੋ ਅਗਜਾਨੀ, ਨ ਤੋ ਸੋ ਵਿਚਾਰੀ। ਮੋ ਸੋ ਨ ਪਤਿਤ, ਪਾਵਨ ਤੋ ਸਰ, ਮੋ ਸੋ ਭਿਖਾਰੀ, ਨ ਤੋ ਸੋ ਉਪਕਾਰੀ। ਮੋਰੇ ਹੈਂ ਅਵਗੁਨ ਤੂੰ ਗੁਨ ਸਾਗਰ ਜਾਤ ਰਸਾਤਲ ਓਟ ਤਿਹਾਰੀ' ॥ ੫੨੮ ॥

+ਇਹ ਦੋਹਾ ਬੀ ੧੯੧੯ ਵਾਲੇ ਨੁਸਖੇ ਵਿਚ ਨਹੀਂ ਹੈ, ਪਰ ੧੯੧੨ ਵਾਲੇ ਵਿਚ ਹੈ। ਇਹ ਪਿਛੇ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੬੬ ਅੰਕ ੧ ਵਿਚ ਆ ਚੁੱਕਾ ਹੈ।

[1]ਬਿੰਦੀ, ੦.।

[2]ਗ੍ਰੈਹ ਨੌਂ ਹੁੰਦੇ ਹਨ, ਇਸ ਤੋਂ ੯ ਅੰਕ ਲੀਤਾ।

[3]ਆਤਮਾ ੧ ਹੈ ਇਸ ਤੋਂ ੧ ਅੰਕ ਲੀਤਾ। ਸ਼ੂਨ ਸ਼ੂਨ ਗ੍ਰੈਹ ਆਤਮਾ=੦੦੯੧=ਇਸ ਨੂੰ ਜਦ ਸਿੱਧਾ ਲਿਖੀਏ ਤਾਂ ੧੯੦੦ ਬਣਦਾ ਹੈ।

[4]ਸੰਮਤ ਦਾ ਆਰੰਭ।

[5]ਚੇਤ੍ਰ ਦਾ ਮਹੀਨਾ।

ਸੰਤਨਿ ਕੇ ਅਸਥਾਨ ਭੀ, ਲੂਟਿ ਕੂਟਿ ਭੈ ਦੀਨਿ ॥੩੭ ॥ {ਵਿਸ਼ੇਸ਼ ਟੂਕ}

ਫਿਰੰਗੀਆਂ ਨੇ ਸਿੰਘ ਫੜ ਲਏ, ਉਹਨਾਂ ਦਾ ਧਨ ਧਾਮ ਖੋਹਕੇ ਕੈਦ ਕਰ ਲਏ, ਤੇ ਸੰਤਾਂ ਦੇ ਅਸਥਾਨ ਬੀ ਕੁੱਟ ਦਾ ਡਰ ਦੇ ਦੇ ਕੇ ਲੁੱਟੇ।

ਅਸ ਅਪਦਾ ਕੇ ਦਿਨਨਿ ਮਹਿਂ, ਸਤਿਗੁਰ ਭਏ ਸਹਾਇ।
ਭਯੋ ਨ ਬੰਕੋ ਬਾਰ ਭੀ, ਦੈ ਦੈ ਹਾਥ ਬਚਾਇ ॥੩੮॥

ਐਹੋ ਜੇਹੀ ਵਿਪਦਾ ਦੇ ਦਿਨਾਂ ਵਿਚ ਸਤਿਗੁਰੂ (ਜੀ ਮੇਰੇ) ਸਹਾਈ ਹੋਏ, (ਮੇਰਾ)ਵਾਲ ਬੀ ਵਿੰਗਾ ਨਹੀਂ ਹੋਇਆ (ਗੁਰੂ ਜੀ ਨੇ) ਹੱਥ ਦੇ ਕੇ ਮੈਨੂੰ ਬਚਾ ਲਿਆ।

ਚਹੁਂ ਦਿਸ਼ ਅਪਨ ਬਿਰਾਨ ਨਰ, ਦੁਸ਼ਮਨ ਭੇ ਤਿਸ ਕਾਲ।
ਮਮ ਰੱਛਾ ਸਤਿਗੁਰ ਕਰੀ, ਸਭ ਮਹਿ ਬਿਦਤ ਹਵਾਲ ॥੩੯॥

ਤਿਸ ਵੇਲੇ ਚਹੁੰ ਪਾਸਿਆਂ ਦੇ ਆਪਣੇ ਤੇ ਪਰਾਏ ਨਰ ਦੁਸ਼ਮਣ ਹੋ ਗਏ ਸਨ (ਪਰ) ਮੇਰੀ ਰੱਖਯਾ ਸਤਿਗੁਰੂ ਨੇ (ਆਪ) ਕਰ ਲਈ, ਇਹ ਹਾਲ ਸਭ ਲੋਕਾਂ ਵਿਚ ਪ੍ਰਗਟ ਹੈ।

ਸਾਵਨ ਮਹਿਂ ਇਸ ਗ੍ਰੰਥ ਕੀ[1], ਭਈ ਸਮਾਪਤਿ ਆਇ।
ਬਿਘਨ ਬ੍ਰਿੰਦ ਤੇ ਬਚ ਰਹੇ, ਸ੍ਰੀ ਕਰਤਾਰ ਸਹਾਇ ॥੪੦॥

(ਉਸਤੋਂ ਪਿਛੋਂ) ਸਾਉਣ ਦੇ ਮਹੀਨੇ (ਓਸੇ ਸੰਮਤ ਵਿਚ) ਇਸ (ਗੁਰ ਪ੍ਰਤਾਪ ਸੂਰਜ ਗ੍ਰੰਥ) ਦੀ ਸਮਾਪਤੀ ਹੋਈ। ਸ੍ਰੀ ਕਰਤਾਰ ਨੇ ਸਹਾਇਤਾ ਕੀਤੀ (ਜਿਸ ਕਰਕੇ) ਸਮੂਹ ਬਿਘਨਾਂ ਤੋਂ (ਮੈਂ) ਬਚਿਆ ਰਿਹਾ।

ਦਾਸ ਜਾਨ ਕਰਿ ਆਪਨੋ, ਜੁਗ ਲੋਕਨਿ ਸੁਖ ਦੈਨ।
ਰਾਖੇ ਦੇ ਕਰਿ ਹਾਥ ਗੁਰ, ਭਈ ਕੁਸ਼ਲ ਸਭਿ ਚੈਨ ॥੪੧॥

ਦੋਹਾਂ ਜੁਗਾਂ ਦੇ ਸੁਖ ਦੇਣ ਹਾਰੇ ਗੁਰੂ ਜੀ ਨੇ (ਮੈਨੂੰ) ਆਪਣਾ ਦਾਸ ਜਾਣਕੇ (ਅਪਣਾ) ਹੱਥ ਦੇ ਕੇ ਰੱਖ ਲਿਆ, ਸਭ ਤਰ੍ਹਾਂ ਕੁਸ਼ਲ ਤੇ ਆਰਾਮ ਹੋ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ ਗ੍ਰੰਥ ਸਮਾਪਤੀ ਬਰਨਨੰ ਕਵਿ ਸੰਤੋਖ ਸਿੰਘ ਬ੍ਰਿਚਤਾਯਾਂ ਭਾਖਾਯਾਂ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥ ਇਤਿ ॥

ਵਿਸ਼ੇਸ਼ ਟੂਕ:- ਕੈਂਥਲ ਵਿੱਚ ਲੁੱਟ ਪੈਣ ਦਾ ਹਾਲ ਕਵੀ ਜੀ ਨੇ ਦਿੱਤਾ ਹੈ, ਇਹ ਠੀਕ ਹੈ ਕਿ ਲੁੱਟ ਮਚੀ ਸੀ। ਇਸ ਦਾ ਵੇਰਵਾ ਇਹ ਹੈ ਕਿ ਕੈਂਥਲ ਦਾ ਰਾਜ ਭਾਈ ਭਗਤੂ ਦੇ ਵੰਸ਼ਜਾਂ ਨੇ ਬੱਧਾ ਸੀ, ਅੰਤਲੇ ਮਹਾਰਾਜ ਭਾਈ ਉਦੇ ਸਿੰਘ ਜੀ ਸਨ। ਕੈਂਥਲ ਵਾਲੇ ਕਿਸੇ ਵੇਲੇ ਅੰਗ੍ਰੇਜ਼ਾਂ ਦੇ ਸਬ ਸਿਡਿਅਰੀ ਐਲੇ ਬਣ ਗਏ ਸਨ। ਜਿਸ ਦੀ ਇਕ ਸ਼ਰਤ ਇਹ ਸੀ ਕਿ ਜੇ ਕਦੇ ਇਹਨਾਂ ਦੀ ਨਰੀਨਾ ਉਲਾਦ ਨਾ ਰਹੇ ਤਦ ਰਾਜ ਅੰਗ੍ਰੇਜ਼ ਸਾਂਭ ਲੈਣ ਤੇ ਪੰਜਵਾਂ ਹਿੱਸਾ ਦੂਜੇ ਵਾਰਸਾਂ ਪਾਸ ਰਹੇ। ਮਹਾਂਰਾਜ ਭਾਈ ਉਦੇ ਸਿੰਘ ਜੀ ਚੜ੍ਹਾਈ ਸਮੇਂ ਅਪੁੱਤ੍ਰ ਸੇ। ਉਹਨਾਂ ਦੇ ਚਲਾਣੇ ਪਰ ਅੰਗ੍ਰੇਜ਼ ਕਬਜ਼ਾ ਲੈਣ ਆਏ ਤਾਂ ਲੁੱਟ ਮਚ ਗਈ ਤੇ ਕਈ ਖੇਦ ਪੁੱਜੇ। ਏਹ ਗੱਲ ਅੰਗ੍ਰੇਜ਼ ਲੇਖਕਾਂ ਨੇ ਆਪ ਮੰਨੀ ਹੈ। ਲਾਰਡ ਐਲਨਬਰੋ

[1]ਸਾਵਣ ੧੯੦੦ ਬਿ: ਵਿਚ ਕਵੀ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਮੁਕਾਇਆ।

*ਪਹਿਲੀ ਮੁਠਭੇੜ ੧੦ ਅਪ੍ਰੈਲ ੧੯੪੩ ਈ: ਨੂੰ ਹੋਈ ਸੀ।

ਆਪਣੇ ਖਤ ਵਿਚ ਜੋ ਉਹ ੨੦ ਅਪ੍ਰੈਲ ੧੮੪੩ ਨੂੰ ਕ੍ਵੀਨ ਵਿਕਟੋਰੀਆ ਵੱਲ ਘੱਲਦਾ ਹੈ ਕੈਂਥਲ ਦੀ ਲੜਾਈ ਦਾ ਹਾਲ ਐਉਂ ਲਿਖਦਾ ਹੈ:-

"ਸੁਰੱਖਤ ਸਿੱਖ ਰਿਆਸਤ ਕੈਂਥਲ, ਜੋ ਕਰਨਾਲ ਤੋਂ ੩੦ ਮੀਲ ਦੀ ਵਿੱਥ ਤੇ ਹੈ, ਦਾ ਰਾਜਾ ਜਦ ਸੰਤਤ ਹੀਨ ਗੁਜ਼ਰ ਗਿਆ ਤਦ ਉਸਦੀ ਰਿਜਾਸਤ ਦਾ ੪/੫ ਹਿੱਸਾ ਬ੍ਰਿਟਿਸ਼ ਗੌਰਿਮੰਟ ਦਾ ਹੋ ਗਿਆ, ਬਾਕੀ ਪੰਜਵਾਂ ਹਿੱਸਾ ਉਸੇ ਦੀ ਕੁਲ ਦੀ ਇਕ ਹੋਰ ਸ਼ਾਖ ਦੀ ਮਲਕੀਅਤ ਹੋ ਗਿਆ। ਇਕ ਪੋਲੀਟੀਕਲ ਅਫਸਰ ਥੋੜੀ ਜਿਹੀ ਫੌਜ, ਜੋ ਪਿੱਛੋਂ ੩੦੦ ਆਦਮੀਆਂ ਤੱਕ ਵਧਾਈ ਗਈ, ਦੇਕੇ ਕੈਂਥਲ ਦੇ ਉਸ ਹਿੱਸੇ ਦਾ, ਜਿਸ ਦਾ ਕਿ ਗੌਰਮਿੰਟ ਦਾ ਹੱਕ ਸੀ ਕਬਜ਼ਾ ਲੈਣ ਲਈ ਭੇਜਿਆ ਗਿਆ, ਤਦ ਉਸ ਨੂੰ ਅੱਗੋਂ ਰਿਆਸਤ ਦੇ ਵਜ਼ੀਰਾਂ ਤੇ ਖਾਨਦਾਨ ਦੀ ਇਸਤ੍ਰੀ ਸੰਬੰਧੀਆਂ ਵਲੋਂ ਸ਼ਾਂਤ ਮਈ ਰੋਕ (Passive Resistance) ਵਾਪਰੀ। ਰਜਾਸਤ ਦੀ ਫੌਜ ਕੈਂਥਲ ਤੇ ਕੱਠੀ ਹੋਈ ਅਤੇ ਸਾਡੇ ਛੋਟੇ ਜਿਹੇ ਰਸਾਲੇ ਦੇ ਦਸਤੇ ਦੇ ਇਕ ਹਿੱਸੇ ਵਲੋਂ ਕੋਤਹ ਅੰਦੇਸ਼ੀ ਵਾਲਾ ਰੁਖ ਜ਼ਾਹਰ ਹੋਇਆ, ਮਾਨੋ ਹਮਲੇ ਨੂੰ ਨੇਉਤਾ ਦਿੱਤਾ ਗਿਆ, ਨਤੀਜਾ ਇਹ ਹੋਇਆ ਕਿ ਪੁਲੀਟੀਕਲ ਅਫਸਰ ਸਣੇ ਸਾਰੀ ਫੌਜ ਕੁਛ ਨੁਕਸਾਨ ਉਠਾਕੇ ਪਸਪਾ ਹੋਕੇ ਕਰਨਾਲ ਮੁੜ ਆਇਆ।

"ਲਾਰਡ ਐਲਨਬਰੋ ਨੇ ਜਦ ਕਿ ਉਸਨੂੰ ਇਹ ਦੱਸਿਆ ਗਿਆ ਸੀ ਕਿ ਫੌਜ ਦੀ ਲੋੜ ਪੈਣੀ ਹੈ ਉਸ ਨੇ ਇਹ ਆਗਿਆ ਦੇ ਦਿੱਤੀ ਸੀ ਕਿ ਇਕ ਭਾਰੀ ਫੌਜ ਨਾਲ ਲਿਜਾਈ ਜਾਵੇ ਤਾਂ ਜੋ ਕਿਸੇ ਮੁਕਾਬਲੇ ਹੋ ਪੈਣ ਦਾ ਖਤਰਾ ਹੀ ਚੁੱਕ ਜਾਵੇ। ਬਦਕਿਸਮਤੀ ਨਾਲ ਕੈਂਥਲ ਗਏ ਅਫਸਰ ਦੀ ਕੋਤਹ ਅੰਦੇਸ਼ੀ ਨਾਲ (ਲਾਰਡ ਐਲਨਬਰੋ ਦੀ) ਆਗਿਆ ਤੇ ਅਮਲ ਕਰਨ ਤੋਂ ਪਹਿਲੋਂ ਮੁਕਾਬਲਾ ਹੋ ਪਿਆ। (ਫਿਰ) ੧੪ ਤ੍ਰੀਕ* ਨੂੰ ੧੯੦੦ ਸਿਪਾਹੀ ਥਾਨੇਸਰ ਕੱਠੇ ਹੋਏ ਤੇ ਉਨ੍ਹਾਂ ਦੇ ੧੬ ਤ੍ਰੀਕ ਨੂੰ ਕੈਂਥਲੋਂ ੮ ਮੀਲ ਦੀ ਵਿੱਥ ਤੇ ਪੁੱਜਣ ਤੇ ਪਤਾ ਲਗਾ ਕਿ ੧੫ ਤ੍ਰੀਕ ਨੂੰ ਕੈਂਥਲ ਦੀ ਫੌਜ ਨੇ ਕਿਲ੍ਹਾ ਤੇ ਸ਼ਹਿਰ ਖਾਲੀ ਕਰ ਦਿੱਤਾ ਹੈ। ਵਜ਼ੀਰ ਤੇ ਓਥੋਂ ਦੇ ਸ਼ਾਹੂਕਾਰ ਬ੍ਰਿਟਿਸ਼ ਕੈਂਪ ਵਿਚ ੧੪ ਨੂੰ ਆ ਗਏ।"

[ਪੰਨਾ ੭-੭੬

ਬਾਸਵਰਥ ਸਮਿਥ ਨੇ ਲਾਰਡ ਲਾਰੰਸ ਦੇ ਜੀਵਨ (ਪੰਨਾ ੧੬੭) ਵਿੱਚ ਵੀ ਕੈਂਥਲ ਲੁਟੀ ਦੱਸੀ ਹੈ ਪਰ ਦੋਸ਼ ਦਿੰਦਾ ਹੈ ਕਿ ਕੈਂਥਲ ਦੇ ਰਾਜਾ ਦੇ ਰੀਟੇਨਰਾਂ (ਨੌਕਰਾਂ ਨੇ) ਆਪਣੀ ਫੌਜ ਨੂੰ ਮੁਕਾਬਲੇ ਲਈ ਉਕਸਾਇਆ, ਜਿਨ੍ਹਾਂ ਨੇ ਹੱਲਾ ਕਰ ਕੇ ਅੰਗ੍ਰੇਜ਼ੀ ਫੌਜ ਨੂੰ ਪਿੱਛੇ ਹਟਾਇਆ।

ਸਰ ਹਰਬਰਟ ਐਡਵਰਡਜ਼ ਆਪਣੇ ਸਰ ਹੈਨਰੀ ਲਾਰੰਸ ਦੇ ਜੀਵਨ (ਪੰਨਾ ੪੩੨) ਉਤੇ ਲਿਖਦਾ ਹੈ ਕਿ (ਰਾਜ ਕੈਂਥਲ ਦੇ ਖਾਨਦਾਨ ਦੇ ਕੁਛ) ਮੁਲਾਜ਼ਮਾ ਨੇ ਜੋ ਆਪਣੇ ਮਾਲਿਕ ਦਾ ਖਜ਼ਾਨਾ ਲੁਟਿਆ ਚਾਹੁੰਦੇ ਸਨ, ਸਿਪਾਹੀਆਂ ਨੂੰ ਉਕਸਾਇਆ ਕਿ ਰਿਆਸਤ ਦੇ ਕਬਜ਼ਾ ਦਿੱਤੇ ਜਾਣ ਦੀ ਰੁਕਾਵਟ ਕਰਨ। ਕੈਂਥਲ ਫੌਜ ਨੇ ਸਰਕਾਰੀ ਫੌਜ ਤੇ ਹੱਲਾ ਕਰਕੇ ਉਨ੍ਹਾਂ ਨੂੰ ਮੈਦਾਨੋ ਭਜਾ ਦਿੱਤਾ... ਲੁਟ ਸ਼ੁਰੂ ਹੋ ਗਈ ਤੇ ਜਿਹੜੀ ਫੌਜ ਇਹ ਰੋਕਣ ਆਈ ਸੀ ਉਸਨੂੰ ਛੂਤ ਲੱਗ ਗਈ, ਭਾਵੇਹ ਕਿ ਉਹ ਅੰਗ੍ਰੇਜ਼ੀ ਫੌਜ ਬੀ ਲੁਟਣ ਲੱਗ ਪਈ। ਹੈਨਰੀ ਲਾਰੰਸ ਨੂੰ ਹੁਕਮ ਹੋਇਆ ਕਿ ਕੈਂਥਲ ਅੱਪੜੇ। ਇਸ ਨੇ ਲੁਟ

ਅਪਣੀ ਅੱਖੀਂ ਦੇਖੀ ਅਤੇ ਲਿਖਿਆ ਕਿ 'ਜੇ ਅਫਸਰ ਹੀ ਲੁਟਣ ਲੱਗ ਪੈਣ ਤਾਂ ਸਿਪਾਹੀਆਂ ਤੇ ਬਾਲਗੀਰਾਂ ਨੂੰ ਲੁਟ ਤੋਂ ਰੋਕ ਸਕਣਾ ਅਸੰਭਵ ਹੈ।' ਪਿੱਛੋਂ ਦੀ ਗੱਲ ਇਹ ਹੈ ਕਿ ਹੈਨਰੀ ਲਾਰੰਸ ਨੇ ਇਕ ਅੰਗ੍ਰੇਜ਼ ਅਫਸਰ ਤੇ ਮੁਕੱਦਮਾ ਬਣਾਇਆ, ਜਿਸਨੇ ਕਿ ਜਿਸ ਖਜ਼ਾਨੇ ਦੀ ਰਾਖੀ ਤੇ ਉਹ ਲਾਇਆ ਗਿਆ ਸੀ ਉਸੇ ਨੂੰ ਭੰਨਿਆਂ ਸੀ। ਇੱਕ ਲੰਮਾ ਤੇ ਪੀੜ ਵਾਲਾ ਕੋਰਟ ਮਾਰਸ਼ਲ ਹੋਇਆ ਜਿਸ ਵਿੱਚ ਵੱਡਾ ਗਵਾਹ ਲਾਰੰਸ ਆਪ ਸੀ। ਉਹ ਅਫਸਰ ਇੱਜ਼ਤ ਨਾਲ ਬਰੀ ਹੋਇਆ।

ਪਰ ਇਸ ਵੇਲੇ ਅੰਗ੍ਰੇਜ਼ੀ ਸਰਕਾਰ ਦਾ ਇੱਕ ਬੜਾ ਮੁਅਤਬਿਰ ਕਾਰਕੁਨ ਜਿਸਦਾ ਨਾਮ ਖਾਨ ਬਹਾਦਰ ਸੱਯਦ ਰੱਜਬ ਅਲੀ ਖਾਂ ਸੀ, ਮੌਕੇ ਤੇ ਮੌਜੂਦ ਸੀ ਤੇ ਉਸਨੇ ਆਪਣੀ ਅੱਖੀਂ ਡਿੱਠਾ ਹਾਲ ਆਪਣੀ ਕਲਮੀ ਲਿਖੀ ਪੋਥੀ ਵਿੱਚ ਲਿਖਿਆ ਹੈ:- ਕਿ ਮਿ. ਹਾਰਵੇ ਐਚ; ਗਰੇਟ ਹੈਡ ਸਾਹਬ ਨੇ ਕੈਂਥਲ ਦੀ ਗੁੰਝਲ ਸੁਲਝੌਣ ਲਈ ਚਿੱਠੀ ਦੇ ਕੇ ਮੈਨੂੰ ਭੇਜਿਆ ਤੇ ਕਿਹਾ ਕਿ:-

"ਆਜ ਕੀ ਮੁਹਲਤ ਹੈ ਕੱਲ ਸਭ ਅਹਿਕਾਮ ਉਨਕੋ ਕਬੂਲ ਕਰਾ ਦੋ ਔਰ ਕੁੰਜੀਆਂ ਕਿਲ੍ਹੇ ਕੀ ਹਾਜ਼ਰ ਕਰਾ ਦੋ। ਚਾਰ ਬਜੇ ਥੇ, ਮੈਂ ਉਸੀ ਵਕਤ ਰਵਾਨਾ ਹੋਕਰ ਤੀਸ ਕੋਸ ਚਲ ਕਰ ਸੁਬਹ ਕੋ ਕੈਂਥਲ ਪਹੁੰਚਾ, ਔਰ ਉਸ ਵਕਤ ਮਾਈ ਸਾਹਿਬਾ ਕੇ ਪਾਸ ਗਿਆ, ਜਬ ਮੈਂ ਦਰਵਾਜ਼ਾ ਹਾਏ ਕਿਲਅ ਕੈਂਥਲ ਪਰ ਪਹੁੰਚਾ ਤੋ ਸਦਹਾ ਬੰਦੂਕ ਤਜਾਰ ਥੀ, ਔਰ ਕੋਤਹ ਅੰਦੇਸ਼ ਮੁਸਤਇਦ ਫਸਾਦ ਥੇ। ਅੰਗ੍ਰੇਜ਼ੀ ਨੌਕਰ ਕਿਲ੍ਹਾ ਖਾਲੀ ਬਤਾਤਾ ਥਾ, ਮੈਂ ਉਨਕੋ ਸਮਝਾਇਆ ਕਿ ਮੈਂ ਲੜਾਈ ਕੋ ਨਹੀਂ ਆਇਆ, ਮਾਈ ਸਾਹਿਬਾ ਕੋ ਕੁਛ ਕਹਿਨੇ ਅਇਆ ਹੂੰ। ਜਬ ਮਾਈ ਸਾਹਿਬਾ ਮੁਤਲਿਅ ਹੁਈਂ, ਮੁਝੇ ਤਲਬ ਕਰ ਲੀਆ ਔਰ ਵੋਹ ਪਸੇ ਪਰਦਹ ਆਈਂ, ਮੈਨੇ ਸਭ ਹਾਲਾਤ ਵ ਉਜ਼ਰਾਤ ਉਨ ਕੋ ਤਮਾਮ ਸਮਝਾਇਆ ਔਰ ਉਨ ਕੋ ਯਕੀਨ ਕਰਾ ਦੀਆ ਕਿ ਹਜ਼ੂਰ ਕਲਾਰਕ ਸਾਹਿਬ ਬਹਾਦਰ ਕੀ ਇਤਾਇਤ ਮੇਂ ਜੋ ਕੁਛ ਹੋਨਾ ਹੋਗਾ ਹੋ ਜਾਏਗਾ ਵਰਨਾ ਕੁਛ ਨਹੀਂ। ਮਾਈ ਸਾਹਿਬਾ ਨੇ ਫੁਰਮਾਇਆ ਕਿ ਮੈਂ ਹਾਜ਼ਰ ਹੂੰ ਜਿਸ ਤਰਹ ਕਹੋ, ਚੂੰਕਿ ਗਰੇਟ ਹੈਡ ਸਾਹਿਬ ਬਹਾਦਰ ਭੀ ਵਹਾਂ ਫਰੋਕਸ਼ ਥੇ ਔਰ ਗੋਇਆ ਮੁਹਾਸਰਹ ਭੀ ਥਾ, ਮੈਂ ਨੇ ਕਹਾ ਸਾਹਿਬ ਕੇ ਪਾਸ ਕੁੰਜੀਆਂ ਲੇ ਚਲੋ, ਮੁਅਤਮਿਦ ਕੁੰਜੀਆਂ ਲਾਨੇ ਲਗੇ ਮੈਂ ਮੁਹਾਸਰਾ ਕੇ ਉਠਵਾਨੇ ਕੋ ਭੀ ਗਿਆ। ਇਸ ਅਸਨਾ ਮੇਂ ਏਕ ਘਾਸ ਕੇ ਗਡਾ ਪਰ ਜੋ ਅੰਦਰ ਜਾਤਾ ਥਾ ਮੁਹਾਸਰਹ ਕੇ ਸਿਪਾਹੀਓਂ ਨੇ ਰੋਕ ਟੋਕ ਕੀ, ਵਹਾਂ ਬੰਦੂਕ ਚਲੀ।"

ਇਸ ਹਾਲ ਤੋਂ ਪਤਾ ਲੱਗਾ ਕਿ ਜੇ ਮੁਹਾਸਰੇ ਵਾਲੇ ਘਾਹ ਦੇ ਗਡੇ ਦੀ ਰੋਕ ਨਾ ਕਰਦੇ ਤਾਂ ਮਾਮਲਾ ਜੋ ਸੁੱਖ ਸਾਂਦ ਨਾਲ ਮਾਈ ਸਾਹਿਬਾ ਨੇ ਸਭ ਕੁਛ ਮੰਨਕੇ ਨਜਿੱਠ ਲਿਆ ਸੀ ਸ਼ਾਂਤੀ ਨਾਲ ਨਿਭ ਜਾਂਦਾ। ਮਾਈ ਸਾਹਿਬਾ ਬੇਦੋਸ਼ ਸਨ, ਜਿਨ੍ਹਾਂ ਨੇ ਸਭ ਕੁਛ ਮੰਨ ਲਿਆ ਸੀ। ਮੁਹਾਸਰੇ ਵਾਲਿਆਂ ਨੇ ਘਾਹ ਦੀ ਰੋਕ ਕਰਕੇ ਨਾਹਕ ਗੱਲ ਛੇੜ ਲਈ। ਲਾਰਡ ਐਲਨਬਰੋ ਨੇ ਬੀ ਖਤ ਵਿਚ ਇਹੋ ਇਸ਼ਾਰਾ ਕੀਤਾ ਹੈ ਕਿ ਸਾਡੇ ਆਦਮੀਆਂ ਨੇ ਮਾਨੋਂ ਹਮਲੇ ਨੂੰ ਆਪ ਨਿਉਤਾ ਦਿੱਤਾ। ਹਰ ਹਾਲ ਸ਼ਹਿਰ ਦੀ ਪਰਜਾ ਦਾ ਲੁੱਟੇ ਜਾਣਾ ਜੋ ਕਵੀ ਜੀ ਨੇ ਲਿਖਿਆ ਹੈ

ਠੀਕ ਹੈ ਤੇ ਇਹ ਮੁਹਾਸਰੇ ਵਾਲੀ ਫੌਜ ਨੂੰ ਕਿਸੇ ਤਰ੍ਹਾਂ ਜਾਇਜ਼ ਨਹੀਂ ਸੀ ਕਿ ਸ਼ਹਿਰ ਨੂੰ ਲੁੱਟੇ।

[ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਸੰਪੂਰਨ ਹੋਈ]

## ਬਿਨਯ!

ਗੁਰ ਪ੍ਰਤਾਪ ਸੂਰਜ ਅਤੇ,
ਗੁਰ ਨਾਨਕ ਪਰਕਾਸ਼।
ਲਿਖੇ ਜੁ ਕਵਿ ਸੰਤੋਖ ਸਿੰਘ,
ਧਰਿ ਗੁਰ ਚਰਨਨਿ ਆਸ।
ਸਮਾਂ ਪਾਇ ਛਾਦੇ ਗਏ,
ਮੇਘ ਅਵਿੱਦਯਾ ਨਾਲ।
ਤ੍ਰਿਖ ਵੇਗੀ ਬਿਨ ਪੌਣ ਦੇ,
ਟਲੇ ਨ ਮੇਘਾ ਮਾਲ।
ਟੀਕਾ, ਟਿੱਪਣਿ, ਟੂਕ ਤੇ;
ਭਾਵ, ਉਧਾਰ, ਪ੍ਰਯਾਯ।
ਖੋਜ ਇਤਿਹਾਸਿਕ ਨਾਲ ਰਲਿ,
ਝੁਲੀ ਪੌਣ ਬਡ ਆਇ।
ਮੇਘ ਅਵਿੱਦਯਾ ਦੇ ਉਡੇ,
ਨਿਕਲ ਆਯਾ ਫਿਰ ਸੂਰ।
ਉਹਲਾ ਉਹਲੇ ਹੋ ਗਿਆ,
ਚਮਕ ਪਿਆ ਮੁੜ ਨੂਰ।
ਸੇਵਾ ਇਹ ਗੁਰ ਪੰਥ ਦੀ,
ਗੁਰੂ ਕਰਾਈ ਆਨਿ।
ਗੁਰ ਬਖਸ਼ੀ, ਅਰਪਣ ਗੁਰੂ,
ਗੁਰ ਦਰ ਹੁਇ ਪਰਵਾਨ।
ਭੁੱਲ ਚੁੱਕ ਜੋ ਰਹਿ ਗਈ,
ਬਖਸ਼ ਲਵੇ ਗੁਰ ਆਪ।
ਅਵਗੁਣਿਆਰੇ ਨਾਪਦਾ,
ਜੋ ਮਿਹਰਾਂ ਦੀ ਨਾਪ।
ਗਗਨ ਅੰਕ ਗ੍ਰੈਹ ਆਤਮਾ,
ਸੰਮਤ ਬਿੱਕ੍ਰਮ, ਜੇਠ[1]।

---

[1]ਇਹ 'ਸੰਪਾਦਿਤ ਗੁਰ ਪ੍ਰਤਾਪ ਸੂਰਜ' (ਪਹਿਲੀ ਐਡੀਸ਼ਨ) ੧੯੯੦ ਜੇਠ ਮਹੀਨੇ ਸਮਾਪਤ ਹੋਇਆ [ਗਗਨ=੯, ਅੰਕ=੦, ਗ੍ਰਹ=੯, ਆਤਮਾ ੧। ]

ਭਿਆ ਸਮਾਪਤ ਗ੍ਰੰਥ ਇਹ,
ਰਹਿਮਤ ਅਰਸ਼ੀ ਹੇਠ।
ਅਛਲ 'ਨਾਮ' ਭਵ ਤਾਰਣਾ
ਹਿਰਦੇ ਕਰੇ ਨਿਵਾਸ।
ਧੁਰ ਤੋਂ ਬਖਸ਼ਿਸ਼ ਇਹ ਮਿਲੇ,
ਗੁਰ ਚਰਨੀਂ ਅਰਦਾਸ।

ਸ੍ਰੀ ਅੰਮ੍ਰਿਤਸਰ ਜੀ।
ਜੇਠ ਵਦੀ ੮, ਮਿਤੀ ਜੇਠ ਦੀ ੪
ਸੰਮਤ ਗੁ: ਨਾ: ਸਾ: ੪੬੩ ਗੁਰਪੁਰਬ
ਗੱਦੀ ਨਸ਼ੀਨੀ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ।

ਸੰਪਾਦਿਕ

ਇਸ ਗ੍ਰੰਥ ਦੀ ਦੂਜੀ ਵੇਰ ਦੀ ਛਪਾਈ!

ਦੁਤਿਯ ਵਾਰ ਇਹ ਗ੍ਰੰਥ ਹੈ,
ਸੁਧਿਆ ਛਪਿਆ ਫੇਰ।
ਮੱਘਰ ਅਠ ਦਸ ਦਿਨ ਬਿਤੇ,
ਤਿਥਿ ਅਸ਼ਟਮਿ ਸੁਦਿ ਹੇਰਿ।
ਉੱਨੀ ਸੌ ਤੇ ਬਾਨਵੇਂ,
ਸੰਮਤ ਬਿੱਕ੍ਰਮ ਜਾਨਿ।
ਗੁਰੂ ਕ੍ਰਿਪਾ ਤੇ ਕਾਜ ਇਹ,
ਭਇਆ ਸਮਾਪਤ ਆਨਿ।

ਸ੍ਰੀ ਅੰਮ੍ਰਿਤਸਰ ਜੀ।
ਮੱਘਰ ਸੁਦੀ ੮ ਸੰ: ਗੁ: ਨਾ: ਸਾ:
੪੬੭, ਦਿਨ ਮੰਗਲਵਾਰ

ਸੰਪਾਦਿਕ
੩ ਦਸੰਬਰ ੧੯੩੫ ਈ:।